# ਰੰਗਲੇ ਸੱਜਣ

ੴ
ਏਕੋ ਜਪਿ ਏਕੋ ਸਾਲਾਹਿ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ਭਾਈ ਸਾਹਿਬ
ਰਣਧੀਰ ਸਿੰਘ

# ਰੰਗਲੇ ਸੱਜਣ

ਲਿਖਤ: ਭਾਈ ਸਾਹਿਬ ਰਣਧੀਰ ਸਿੰਘ

## ਸੂਚੀ ਪੱਤਰ


- ਕਰਤਾ ਰਚਿਤ ਪੁਸਤਕਾਂ ਦੀ ਸੂਚੀ
- ਪੁਸਤਕ ਸੰਬੰਧੀ ਸੂਚਨਾ

| | |
|---|---|
| 1. ਬਾਬਾ ਰਾਮ ਸਿੰਘ ਜੀ (ਫੱਲੇਵਾਲ) | 11 |
| 2. ਮਹੰਤ ਸੁੰਦਰ ਸਿੰਘ ਜੀ ਖੰਜਰਵਾਲ | 25 |
| 3. ਸੂਰਨ-ਰੰਗੀ ਭਾਈ ਸਰਵਣ ਸਿੰਘ ਜੀ | 30 |
| 4. ਵੀਰ ਨਿਰਭੈ ਸਿੰਘ ਜੀ ਲਲਤੋਂ | 35 |
| 5. ਨਿਕੜੇ ਵੀਰ ਜਸਵੰਤ ਸਿੰਘ ਜੀ ਲਲਤੋਂ | 39 |
| 6. ਭਾਈ ਸੋਹਨ ਸਿੰਘ ਜੀ ਜਾਂਗਪੁਰ | 42 |
| 7. ਭਾਈ ਲਾਲ ਸਿੰਘ ਜੀ ਸਰਬਲੋਹੀ (ਧਾਂਦਰਾ) | 46 |
| 8. ਜਥੇਦਾਰ ਭਾਈ ਰਾਮ ਸਿੰਘ ਜੀ (ਗੁੱਜਰਵਾਲ) | 52 |
| 9. ਭਾਈ ਕਰਤਾਰ ਸਿੰਘ ਜੀ (ਨਵਾਂ ਚੰਦ) | 58 |
| 10. ਡਾਕਟਰ ਬਸੰਤ ਸਿੰਘ ਜੀ (ਸੇਖਵਾਂ) | 64 |
| 11. ਬੀਬੀ ਹਰਬੰਸ ਕੌਰ ਜੀ | 74 |
| 12. ਭਾਈ ਹੀਰਾ ਸਿੰਘ ਜੀ ਦਾਊਦਪੁਰੀ | 79 |
| 13. ਭਾਈ ਅਰਜਨ ਸਿੰਘ ਜੀ (ਪੰਜੋਖਰਾ) | 85 |
| 14. ਹੀਰਾ ਹਰਿਬਚਨ ਸਿੰਘ ਜੀ | 102 |
| 15. ਭਾਈ ਗੁਰਬਖ਼ਸ਼ ਸਿੰਘ ਜੀ ਕਮਾਲਪੁਰਾ | 112 |
| 16. ਭਾਈ ਹਰਬੰਸ ਸਿੰਘ ਜੀ ਮੁਨੀਸ਼੍ਵਰ | 134 |
| 17. ਇਆਣੇ ਵੀਰ ਭਾਈ ਪ੍ਰੀਤਮ ਸਿੰਘ ਜੀ 'ਨਿਆਣਾ' | 140 |
| 18. ਭਾਈ ਪ੍ਰਭਾਕਰ ਸਿੰਘ ਜੀ | 146 |
| 19. ਭਾਈ ਸਰਵਣ ਸਿੰਘ ਜੀ (ਫੱਲੇਵਾਲ) | 151 |
| 20. ਸਿਰੀ ਭਾਈ ਜੋਗਿੰਦਰ ਸਿੰਘ ਜੀ (ਰਾਇਪੁਰ ਨਿਵਾਸੀ) | 169 |
| 21. ਬੀਬੀ ਜੋਗਿੰਦਰ ਕੌਰ ਜੀ | 186 |
| 22. ਡਾਕਟਰ ਗੁਰਦੀਪ ਸਿੰਘ ਜੀ | 198 |
| 23. ਕਾਕਾ ਪ੍ਰੇਮ ਸਿੰਘ 'ਬਿਹਬਲ' | 208 |

### ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

1. ਜੇਲ੍ਹ ਚਿੱਠੀਆਂ
2. ਰੰਗਲੇ ਸੱਜਣ
3. ਅਣਡਿੱਠੀ ਦੁਨੀਆ
4. ਗੁਰਮਤਿ ਬਿਬੇਕ
5. ਗੁਰਮਤਿ ਲੇਖ
6. ਗੁਰਮਤਿ ਪ੍ਰਕਾਸ਼
7. ਗੁਰਮਤਿ ਵਿਚਾਰ
8. ਸਚਖੰਡ ਦਰਸ਼ਨ
9. ਗੁਰਮਤਿ ਗੌਰਵਤਾ
10. ਸੰਤ ਪਦ ਨਿਰਣੈ
11. ਕਥਾ ਕੀਰਤਨ
12. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
13. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ?
14. ਗੁਰਮਤਿ ਨਾਮ ਅਭਿਆਸ ਕਮਾਈ
15. ਗੁਰਮਤਿ ਸੱਚ ਨਿਰਣੈ
16. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
17. ਅਨਹਦ ਸ਼ਬਦ ਦਸਮ ਦੁਆਰ
18. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
19. ਚਰਨ ਕਮਲ ਕੀ ਮਉਜ
20. ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣਯ
21 ਜੋਤਿ ਵਿਗਾਸ (ਮਹਾਂ ਕਾਵਿ)
22. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
23. Autobiography of Bhai Sahib Randhir Singh (ਜੇਲ੍ਹ ਚਿੱਠੀਆਂ ਦਾ ਅੰਗ੍ਰੇਜ਼ੀ ਅਨੁਵਾਦ)

### ਛੋਟੇ ਟਰੈਕਟ-

24. ਅੰਮ੍ਰਿਤ ਕੀ ਹੈ ?
25. ਅੰਮ੍ਰਿਤ ਕਲਾ
26. ਗੁਰਮਤਿ ਰਮਜ਼ਾਂ
27. ਸਿਖ ਕੌਣ ਹੈ ?
28. ਵਾਹਿਗੁਰੂ ਸਿਮਰਨ
29. ਸੱਚੀਆਂ ਦਾੜ੍ਹੀਆਂ
30. ਸੁਪਨਾ
31. ਆਸਤਕ ਤੇ ਨਾਸਤਕ
32. ਸ਼ੰਕਿਆਂ ਦੇ ਉੱਤਰ
33. ਨਾਮ ਸੰਬੰਧੀ ਵਿਚਾਰ
34. ਤਿਮਰ ਅਗਿਆਨ ਤੋਂ ਉਜਿਆਰਾ
35. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
36. ਸਿੰਘਾਂ ਦਾ ਪੰਥ ਨਿਰਾਲਾ
37. ਬਾਬਾ ਵੈਦ ਰੋਗੀਆਂ ਦਾ
38. ਕੋ ਵਿਰਲਾ ਗੁਰਮਤਿ ਚਲੈ ਜੀਉ
39. ਹਉਮੈ ਨਾਵੈ ਨਾਲਿ ਵਿਰੋਧੁ ਹੈ
40. ਨਾਮ ਦਾ ਦਾਤਾ ਸਤਿਗੁਰੂ
41. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
42. ਸਿੱਖੀ ਸਿਦਕ ਤੇ ਧਰਮ ਰੱਖਿਆ
43. ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ

## ਪੁਸਤਕ ਸੰਬੰਧੀ ਸੂਚਨਾ

ਕਦੇ ਕਦੇ ਗੱਲਬਾਤ ਕਰਦਿਆਂ ਭਗਤਾਂ ਦੇ ਪੁਰਾਤਨ ਚਮਤਕਾਰੀ ਪ੍ਰਸੰਗਾਂ ਬਾਰੇ ਲੋਕ ਇਹ ਸਵਾਲ ਕਰਿਆ ਕਰਦੇ ਹਨ ਕਿ ਅੱਜ ਕਲ੍ਹ ਉਸ ਤਰ੍ਹਾਂ ਦੇ ਅਲੌਕਿਕ ਚਮਤਕਾਰ ਵਰਤਦੇ ਨਜ਼ਰ ਨਹੀਂ ਆਉਂਦੇ, ਜਿਸ ਕਰਕੇ ਲੋਕ ਪੁਰਾਣੇ ਪ੍ਰਸੰਗਾਂ ਨੂੰ ਝੂਠੇ ਸਮਝਣ ਲਗ ਪੈਂਦੇ ਹਨ, ਯਾ ਉਨ੍ਹਾਂ ਬਾਰੇ ਸ਼ਕ ਵਿਚ ਪੈ ਜਾਂਦੇ ਹਨ। ਸਾਇੰਟਿਫ਼ਿਕ ਖੋਜੀ ਕਹਾਉਣ ਵਾਲੇ ਤਾਂ ਆਤਮਕ ਅਲੌਕਿਕ ਚਮਤਕਾਰਾਂ (ਜਿਨ੍ਹਾਂ ਨੂੰ ਕਰਾਮਾਤਾਂ ਵੀ ਕਿਹਾ ਜਾਂਦਾ ਹੈ) ਨੂੰ ਨਾਮੁਮਕਿਨ ਦਸ ਕੇ ਗ਼ਲਤ ਕਹਿ ਦਿੰਦੇ ਹਨ। ਉਨ੍ਹਾਂ ਦੇ ਖ਼ਿਆਲ ਵਿਚ ਓਹੋ ਗੱਲ ਸੱਚੀ ਹੋ ਸਕਦੀ ਹੈ ਤੇ ਸਾਇੰਟਿਫ਼ਿਕ ਖੋਜ ਦੀ ਕਸੌਟੀ ਪਰ ਚੜ੍ਹ ਸਕਦੀ ਹੈ, ਜੋ ਮਨ, ਬੁਧੀ ਤੇ ਇਨ੍ਹਾਂ ਅੱਖਾਂ ਗੋਚਰੇ ਹੋ ਸਕੇ; ਏਦੂੰ ਬਿਨਾਂ ਇਨ੍ਹਾਂ ਖੋਜੀਆਂ ਦੀ ਪਰਖ ਵਿਚ ਸਭ ਗਲਤ ਹੈ।

ਉਪਰ ਦਸੇ ਇਨ੍ਹਾਂ ਸ਼ੰਕਿਆਂ ਦਾ ਜਵਾਬ ਇਹ ਪੁਸਤਕ 'ਰੰਗਲੇ ਸੱਜਣ' ਹੈ, ਜਿਸ ਵਿਚ ਪਿਛਲੇ ਪੰਜਾਹ ਬਰਸ ਅੰਦਰ ਹੋ ਬੀਤੇ ਕੁਝ ਸੱਜਣਾਂ ਦੇ ਜੀਵਨਾਂ ਵਿਚ ਵਰਤੀਆਂ ਅਚਰਜ ਆਤਮਿਕ ਘਟਨਾਵਾਂ ਦਾ ਵਰਨਣ ਹੈ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਪਿਛਲੇ ਭਗਤਾਂ ਵਾਂਗ ਅੱਜ ਵੀ ਆਤਮਿਕ ਗੁਪਤ ਖੇਡ ਵਰਤਦੀ ਹੈ।

ਇਸ ਪੁਸਤਕ ਵਿਚ ਜਿਨ੍ਹਾਂ ਦੇ ਜੀਵਨ ਦਿਤੇ ਹਨ, ਉਨ੍ਹਾਂ ਦੀ ਜ਼ਿੰਦਗੀ ਦਾ ਉਹੋ ਹਿੱਸਾ ਦਰਜ ਹੈ, ਜਿਸ ਦਾ ਸੰਬੰਧ ਪ੍ਰਮਾਰਥ ਨਾਲ ਹੈ। ਜੀਵਨ ਵਿਚ ਕਈ ਉਤਾਰ ਚੜ੍ਹਾਉ ਆਉਂਦੇ ਹਨ। ਸਦਾ ਇਕ-ਰਸ ਆਤਮ-ਜੀਵਨ ਤਾਂ ਕਿਸੇ ਵਿਰਲੇ ਸੱਜਣ ਦਾ ਹੀ ਨਿਭਦਾ ਹੈ। ਅੱਜ ਕੋਈ ਵਿਰਲਾ ਵਡਭਾਗਾ ਪਿਛਲੇ ਜਨਮਾਂ ਦੀ ਪੂਰਬਲੀ ਭਗਤਿ-ਕਮਾਈ ਦੇ ਸਦਕੇ ਤੇ ਗੁਰੂ ਕਰਤਾਰ ਦੀ ਮਿਹਰ ਦਾ ਸਦਕਾ ਹੀ ਐਸਾ ਨਿਰਮਲ ਜੀਵਨ ਬਤੀਤ ਕਰਦਾ ਹੈ। ਨਹੀਂ ਤਾਂ ਸੰਸਾਰ ਦੇ ਗੇੜ ਵਿਚ ਥਾਂ ਥਾਂ ਥਿੜਕਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸੇ ਲਈ ਕਬੀਰ ਜੀ ਦਾ ਸਲੋਕ ਹੈ:

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ ਮਹਿ ਕਿਆ ਜਾਨਉ ਕਿਆ ਹੋਇ॥੩੯॥

ਪ੍ਰਮਾਰਥੀ ਰੰਗਾਂ ਦੀ ਅਵਸਥਾ ਨੂੰ ਪ੍ਰਾਪਤ ਕਰ ਕੇ ਇਨ੍ਹਾਂ ਨੂੰ ਜਰਨਾ ਤੇ ਬਰਕਰਾਰ ਰਖਣਾ ਕੋਈ ਸੌਖੀ ਗੱਲ ਨਹੀਂ, ਭਾਈ ਸਰਵਣ ਸਿੰਘ ਜੀ ਫੱਲੇਵਾਲ ਦੇ ਜੀਵਨ ਤੋਂ ਇਹ ਗੱਲ ਸਾਫ਼ ਸਿਧ ਹੋ ਜਾਂਦੀ ਹੈ ਕਿ ਉਚ ਅਵਸਥਾ ਨੂੰ ਪਹੁੰਚ ਕੇ ਵੀ ਗਿਰਾਵਟ ਹੋ ਸਕਦੀ ਹੈ। ਇਸ ਲਈ ਕੋਈ ਦਮ ਨਹੀਂ ਮਾਰ ਸਕਦਾ ਕਿ ਉਸ ਦਾ ਜੀਵਨ ਭੁਲਣ ਤੋਂ ਰਹਿਤ ਹੋ ਕੇ ਇਕ-ਰਸ ਨਿਭ ਸਕੇਗਾ। ਇਸੇ ਲਈ ਅਰਦਾਸੇ ਵਿਚ ਆਉਂਦਾ ਹੈ :

"ਜਿਨ੍ਹਾਂ ਅਜਰ ਨੂੰ ਜਰਿਆ, ਦੇਖ ਕੇ ਅਣਡਿਠ ਕੀਤਾ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ਵਾਹਿਗੁਰੂ।"

ਅਜਰ ਨੂੰ ਜਰਨਾ ਤੇ ਅਣਡਿਠ ਕਰਨਾ ਕਿਸੇ ਕਮਾਈ ਵਾਲੇ ਗੰਭੀਰ ਸੱਜਣ ਦਾ ਕੰਮ ਹੈ। ਨਹੀਂ ਤੇ ਲੋਕੀਂ ਥੋੜ੍ਹੀ ਜਿਹੀ ਦੁਨਿਆਵੀ ਤਾਕਤ ਹਾਸਲ ਕਰ ਕੇ ਹੀ ਹੰਕਾਰ ਵਿਚ ਆ ਜਾਂਦੇ ਹਨ। ਆਤਮ-ਸ਼ਕਤੀ ਪਾ ਕੇ ਤਾਂ ਜਰਨੀ ਬੜੀ ਹੀ ਕਠਨ ਗੱਲ ਹੈ। ਇਸੇ ਲਈ ਗੁਰੂ ਘਰ ਵਿਚ ਕਰਾਮਾਤੀ ਚੇਟਕਾਂ ਵਿਚ ਪੈਣ ਨੂੰ ਮੋਹ ਕਰਕੇ ਦਸਿਆ ਹੈ।

ਇਸ ਪੁਸਤਕ ਦਾ ਮਨੋਰਥ ਇਹੋ ਹੈ ਕਿ ਨਾਮ ਗੁਰਬਾਣੀ ਦੇ ਜਾਪ ਸਿਮਰਨ ਤੋਂ ਕਿਸ ਤਰ੍ਹਾਂ ਆਤਮ-ਕਲਾ ਵਰਤਦੀ ਹੈ ਤੇ ਜਗਿਆਸੂ ਕਿਵੇਂ ਨਾਮ ਵਿਚ ਰਤ ਕੇ ਰੰਗੁਲਾ ਬਣ ਜਾਂਦਾ ਹੈ। ਇਸੇ ਕਰਕੇ ਪੁਸਤਕ ਦਾ ਨਾਮ 'ਰੰਗਲੇ ਸੱਜਣ' ਰਖਿਆ ਹੈ। ਇਹ ਪੁਸਤਕ ੧੯੫੨-੫੪ ਵਿਚ 'ਕੁਮਾਰ ਹੱਟੀ' ਬੈਠ ਕੇ ਲਿਖੀ ਗਈ।

ਭਾਈ ਸਾਹਿਬ ਰਣਧੀਰ ਸਿੰਘ ਜੀ ੧੯੦੧ ਤੋਂ ਸਿੱਖੀ ਮੰਡਲ ਵਿਚ ਗੁਰਬਾਣੀ ਦੇ ਕੀਰਤਨ ਦਾ ਅਨੰਦ ਮਾਣਦੇ ਚਲੇ ਆ ਰਹੇ ਹਨ। ਆਪ ਦੇ ਕੀਰਤਨ ਦੀ ਖਿਚ ਦੇ ਸਦਕੇ ਹੀ ਅਨੇਕਾਂ ਸੱਜਣ ਆਪ ਦੇ ਪ੍ਰੇਮੀ ਬਣੇ। ਜਿਨ੍ਹਾਂ ਵਿਚੋਂ ਸੰਸਾਰ-ਯਾਤਰਾ ਸਫਲ ਕਰ ਚੁੱਕੇ ੨੩ ਸੱਜਣਾਂ ਦੇ ਪ੍ਰਸੰਗ ਇਸ ਪੁਸਤਕ ਵਿਚ ਦਰਜ ਹਨ ਤੇ ਕਈਆਂ ਦੇ ਜੀਵਨ ਅਜੇ ਲਿਖਣੇ ਬਾਕੀ ਹਨ, ਜੋ ਅਗਲੀ ਐਡੀਸ਼ਨ ਵਿਚ ਛਪਣਗੇ। ਸੰਸਾਰ ਤੋਂ ਵਿਦਾ ਹੋ ਚੁਕੇ ਸੱਜਣਾਂ ਦੇ ਆਤਮ-ਕੌਤਕ ਲਿਖਣੇ ਹੀ ਯੋਗ ਸਮਝੇ ਗਏ ਹਨ, ਕਿਉਂਕਿ ਉਨ੍ਹਾਂ ਦੀ ਜਗਤ-ਯਾਤਰਾ ਪੂਰੀ ਹੋ ਚੁਕੀ ਹੈ। ਜੀਉਂਦੇ ਪ੍ਰਾਣੀ ਦਾ ਪਤਾ ਨਹੀਂ ਹੁੰਦਾ ਕਿ ਕਲ੍ਹ ਨੂੰ ਕੀ ਹੋ ਜਾਵੇ।

ਪੁਸਤਕ ਵਿਚ ਬੜੀਆਂ ਅਚਰਜ ਗੱਲਾਂ ਦਰਜ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪਾਠਕਾਂ ਦੇ ਮਨ ਪਰ ਅਚਰਜਤਾ ਦਾ ਭਾਵ ਪਵੇਗਾ ਤੇ ਉਨ੍ਹਾਂ ਨੂੰ ਪ੍ਰਮਾਰਥੀ ਰੰਗਾਂ ਵਲ ਲਗਣ ਦੀ ਪ੍ਰੇਰਨਾ ਹੋਵੇਗੀ। ਇਹ ਪੁਸਤਕ ਇਸ ਮਾਦਾ-ਪ੍ਰਸਤੀ ਤੇ ਨਾਸਤਕਤਾ ਦੇ ਜ਼ਮਾਨੇ ਵਿਚ ਇਕ ਨਿਰਾਲੀ ਚੀਜ਼ ਹੈ, ਜੋ ਰੂਹਾਨੀ ਜ਼ਿੰਦਗੀ ਦੇ ਮਾਰਗ ਦੇ ਖੋਜੀਆਂ ਲਈ ਚਾਨਣ-ਮੁਨਾਰੇ ਦਾ ਕੰਮ ਦੇਵੇਗੀ। ਆਸ ਹੈ ਕਿ ਜੋ ਪੜ੍ਹੇਗਾ, ਉਹ ਨਿਹਾਲ ਹੋਵੇਗਾ।

**ਨਾਹਰ ਸਿੰਘ ਗਯਾਨੀ ਗੁਜਰਵਾਲ**

੧੪ ਜਨਵਰੀ ੧੯੫੬
ਮਾਘ ਦੀ ਸੰਗ੍ਰਾਂਦ ਸੰਮਤ ੨੦੧੨

WWW.AKJ.ORG

**ਮਾਰੂ ਮਹਲਾ ੫ ॥**

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੈ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮ ਪਛਾਤਾ ॥੪॥੫॥
(ਪੰਨਾ ੧੦੦੦)

ੴ ਸਤਿਗੁਰ ਪ੍ਰਸਾਦਿ ॥

# ਚਮਤਕਾਰੀ ਦੁਨੀਆ

ਅਰਥਾਤ

# ਰੰਗਲੇ ਸੱਜਣ

WWW.AKJ.ORG

ੴ ਵਾਹਿਗੁਰੂ ਜੀ ਕੀ ਫਤਹ॥

ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ॥
ਭਗਤੀ ਰੰਗੁ ਨ ਉਤਰੈ ਸਹਜੇ ਰਹੈ ਸਮਾਇ॥੨॥੮॥
-ਮ. ੩, ਪੰਨਾ ੮੫

# ਗੁਰਪੁਰੀ ਗਮਨ ਕਰ ਗਏ ਪਿਆਰਿਆਂ ਦੀਆਂ

# ਪ੍ਰੇਮ ਯਾਦਾਂ

ਜੱਥੇ ਵਿਚ ਅਨੇਕ ਆਏ, ਅਨੇਕਾਂ ਗਏ; ਅਜਿਹੇ ਝੜਿ ਝੜਿ ਪਵਦੇ ਕੱਚੇ ਬਿਰਹੀਆਂ ਦਾ ਕੱਚਾ ਚਿੱਠਾ ਕੀ ਲਿਖਣਾ ਹੈ।

ਇਸ ਸਾਰ ਸੰਸਾਰ ਤੋਂ ਪਾਰ ਪਏ, ਪ੍ਰਲੋਕ ਨੂੰ ਪਧਾਰ ਗਏ ਪਿਆਰਿਆਂ, ਗੁਰਮੁਖ ਜਨਾਂ, ਜੱਥੇ ਦੇ ਉਘੇ ਰੁਕਨਾਂ ਦੀ ਪ੍ਰੇਮ ਯਾਦ ਵਿਚ ਸੰਖੇਪ ਮਾਤ੍ਰ ਜੀਵਨ ਬਿਰਤਾਂਤ ਅੰਕਿਤ ਕੀਤੇ ਜਾਂਦੇ ਹਨ।

ਸਭ ਤੋਂ ਪਹਿਲਾਂ ਸ੍ਰੀ ਭਾਈ ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ ਦੰਪਤਿ ਜੋੜੀ ਦਾ ਹਾਲ ਲਿਖਦੇ ਹਾਂ।

੧

## ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ ਫੱਲੇਵਾਲ (ਲੁਧਿਆਣਾ)

ਇਹ ਦੋਵੇਂ ਗੁਰਮੁਖ ਪਿਆਰੜੀਆਂ ਰੂਹੜੀਆਂ ਜਿੰਦਾਂ ਪਿੰਡ ਫੱਲੇਵਾਲ ਦੇ ਵਸਨੀਕ ਸਨ, ਜੋ ਨਾਰੰਗਵਾਲ ਤੋਂ ਤਿੰਨ ਮੀਲ ਦੇ ਫ਼ਾਸਲੇ ਤੇ ਦੱਖਣ ਵਲ ਹੈ। ਸਿਰੀ ਬਾਬਾ ਰਾਮ ਸਿੰਘ ਜੀ ਫ਼ੌਜ ਵਿਚ ਮੁਲਾਜ਼ਮ ਸਨ। ੩੩ ਸਾਲ ਦੀ ਉਮਰ ਵਿਚ ਹੀ ਮੁਲਾਜ਼ਮਤ ਛੱਡ ਆਏ। ਉਹਨਾਂ ਨੂੰ ਮੁਢ ਤੋਂ ਹੀ ਪ੍ਰਮਾਰਥ ਦਾ ਪ੍ਰੇਮ-ਵੈਰਾਗ ਬੜੀ ਪ੍ਰਬਲ ਦਸ਼ਾ ਵਿਚ ਰਹਿੰਦਾ ਸੀ। ਚਿਰ ਤੋਂ ਇਨ੍ਹਾਂ ਦਾ ਖ਼ਿਆਲ ਸੀ ਕਿ ਕਿਸੇ ਨਾਮ ਬਾਣੀ ਦੇ ਰਸੀਏ, ਗੁਰਮੁਖ ਪੰਜਾਂ ਪਿਆਰਿਆਂ ਦੇ ਜੱਥੇ ਤੋਂ, ਜੋ ਗੁਰਮਤਿ ਰਹਿਣੀ ਬਹਿਣੀ ਦੇ ਪੂਰੇ ਸੂਰੇ ਹੋਣ, ਅੰਮ੍ਰਿਤ ਪਾਨ ਕੀਤਾ ਜਾਵੇ ਅਤੇ ਗੁਰਮੰਤ੍ਰ ਗੁਰਦੀਖਿਆ ਲੈ ਕੇ ਨਾਮ ਅਭਿਆਸ ਵਿਚ ਹਮਾਤਨ ਹੋ ਕੇ ਜੁਟਿਆ ਜਾਵੇ। ਮੁਲਾਜ਼ਮਤ ਛੱਡਣ ਤੋਂ ਕੁਛ ਦਿਨ ਪਹਿਲਾਂ ਇਨ੍ਹਾਂ ਨੂੰ ਸੁਪਨ-ਸਾਰਖਾ ਚਮਤਕਾਰ (vision) ਹੋਇਆ ਕਿ "ਜਿਸ ਲੋਚਾ ਨੂੰ ਤੁਸੀਂ ਲੋਚਦੇ ਹੋ, ਉਹ ਤੁਹਾਡੀ ਲੋਚਾ (ਇੱਛਾ) ਨਿਰਬਾਣ ਕੀਰਤਨੀ, ਨਾਮ ਅਭਿਆਸੀ ਜਥੇ ਵਿਚ ਪੂਰੀ ਹੋਵੇਗੀ। ਉਥੇ ਖ਼ੂਬ ਗਹਿਗਹੇ ਰੰਗ ਚੜ੍ਹਨਗੇ। ਓਥੇ ਜਾਓ! ਖ਼ੂਬ ਸੇਵ ਕਮਾਓ!! ਜਥੇ ਵਿਚ ਰਲ ਕੇ ਘੁਲ ਮਿਲ ਘਿੱਚ ਹੋ ਜਾਓ।"

ਸਿਰੀ ਬਾਬਾ ਰਾਮ ਸਿੰਘ ਜੀ ਨੂੰ ਇਸ ਚਮਤਕਾਰਕ ਖੇਡ ਦਾ ਵਰਤਣਾ ਹੀ ਸੀ ਕਿ ਇਹ ਫ਼ੌਰਨ ਸਰਕਾਰੀ ਨੌਕਰੀ ਤਲਾਂਜਲੀ ਦੇ ਕੇ ਘਰ ਆ ਗਏ। ਘਰ ਵੀ ਇਹ ਪਿੰਡ ਵਿਚ ਗੁਜ਼ਾਰੇ ਜੋਗੀ ਜ਼ਮੀਨ ਦੇ ਮਾਲਕ ਸਨ। ਇਨ੍ਹਾਂ ਦੀ ਇਕੋ ਇਕ ਪਤਨੀ ਹੀ ਇਨ੍ਹਾਂ ਦਾ ਪਰਵਾਰ ਸੀ। ਪਤਨੀ ਬੜੀ ਆਗਿਆਕਾਰ ਸੀ। ਦੋਵਾਂ ਨੇ ਪ੍ਰਸਪਰ ਸਹਿਮਤ ਹੋ ਕੇ ਜਹਾਜ਼ੇ ਚੜ੍ਹਨਾ ਮਿਥ ਲਿਆ। ਸੋ ਸ਼ੁਭ ਅਵਸਰ ਜੁੜਨ ਪਰ, ਇਨ੍ਹਾਂ ਦੋਹਾਂ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ। ਸਿਰੀ ਬਾਬਾ ਰਾਮ ਸਿੰਘ ਦਾ ਨਾਉਂ ਤਾਂ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਰਖਿਆ ਹੋਇਆ ਸੀ, ਇਸ ਲਈ ਇਨ੍ਹਾਂ ਦਾ ਨਾਉਂ ਇਹੀ ਰਹਿਆ। ਇਨ੍ਹਾਂ ਦੀ ਪਤਨੀ ਦਾ ਨਾਉਂ ਮਾਈ ਪ੍ਰੇਮ ਕੌਰ ਹੋ ਗਿਆ।

WWW.AKJ.ORG


ਫੇਰ ਆਯੂ ਪਰਯੰਤ ਮਾਈ ਪ੍ਰੇਮ ਕੌਰ ਨਾਮ ਨਾਲ ਪ੍ਰਸਿੱਧ ਰਹੇ। ਜੱਥੇ ਦੇ ਅਸੂਲਾਂ ਅਨੁਸਾਰ ਇਨ੍ਹਾਂ ਦੇ ਫੇਰੇ ਘੇਰੇ ਉਧੇੜ ਕੇ ਗੁਰਮਤਿ ਅਨੁਸਾਰ ਪੁਨਰ ਆਨੰਦ-ਵਿਵਾਹ ਦੋਹਾਂ ਦਾ  ਕੀਤਾ ਗਿਆ। ਇਸ ਸਮੇਂ ਤੋਂ ਲੈ ਕੇ ਇਹ ਦੰਪਤਿ ਜੋੜੀ, ਸੰਗਤਾਂ ਦੀ ਸੇਵਾ-ਭਾਵ ਆਨੰਦ ਵਿਚ ਸਦੀਵੀ ਹੀ ਤਤਪਰ ਰਹੀ। ਨਾਮ ਜਪਣ, ਹੱਥੀਂ ਸੇਵਾ ਕਰਨ, ਵੰਡ ਛਕਣ, ਲੰਗਰ ਚਲਾਵਣ ਵਿਚ ਇਹ ਜੋੜੀ ਆਪਣੀ ਮਿਸਾਲ ਆਪ ਹੀ ਸਨ। ਦੋਹਾਂ ਦਾ ਸ਼ਾਂਤ-ਸਤੋ-ਗੁਣੀ ਸੁਭਾਵ, ਸਤ ਸੰਤੋਖ ਵਿਚ ਨਿਪੁੰਨ। ਪੂਰੀ ਭਾਉ ਭਾਵਨੀ ਸਹਿਤ ਸੰਗਤਾਂ ਦੀ ਹਥੀਂ ਸੇਵਾ ਕਰਨ ਵਿਚ ਆਯੂ ਪ੍ਰਯੰਤ ਜੁਟੇ ਰਹੇ। ਕਦੇ ਅੱਕਣ ਨਹੀਂ, ਕਦੇ ਥੱਕਣ ਨਹੀਂ, ਸੀਲ ਸੁਭਾਵ ਐਸਾ ਕਿ ਸਭਨਾਂ ਦੇ ਬੋਲ ਕੁਬੋਲ ਝਲਣੇ, ਅਗੋਂ ਉਫ਼ ਨਹੀਂ ਕਰਨੀ। ਬਰਸਾਂ ਬੱਧੀ ਅਖੰਡ ਪਾਠ ਸਮਾਗਮਾਂ ਤੇ ਅਤੁੱਟ ਲੰਗਰ ਸਜਾਉਣਾ, ਵਰਤਾਉਣਾ, ਸੰਗਤਾਂ ਨੂੰ ਛਕਾਉਣਾ ਇਨ੍ਹਾਂ ਦਾ ਪ੍ਰੇਮ-ਭੂਸ਼ਨੀ-ਆਹਰ ਰਿਹਾ। ਕਦੇ ਵੀ ਲੰਗਰ ਵਿਚ ਤੋਟ ਨਾ ਆਈ, ਚਾਹੇ ਕਿਤਨੀਆਂ ਸੰਗਤਾਂ ਫ਼ੌਜਾਂ ਆ ਕੇ ਗਫੇ ਲਾਵਣ। ਇਨ੍ਹਾਂ ਦੇ ਨਿਮਰੀ ਸੁਭਾ ਦਾ ਸਦਕਾ ਛਕਣਹਾਰਿਆਂ ਦੇ ਅੰਦਰ ਇਕ ਆਕਰਖਣ ਸ਼ਕਤੀ ਨਾਲ ਨਿਮ੍ਰਤਾ ਪ੍ਰਵੇਸ਼ ਹੋ ਜਾਂਦੀ ਸੀ। ਅੰਮ੍ਰਿਤ ਬਚਨ ਵਾਲਿਆਂ ਦੇ ਹੱਥੋਂ ਅੰਮ੍ਰਿਤ ਭੋਜਨ ਛਕਣ ਦਾ ਅੰਮ੍ਰਿਤੀ ਪ੍ਰਭਾਵ ਹੀ ਪ੍ਰਭਾਵਤ ਹੁੰਦਾ ਰਿਹਾ। ਇਕ ਛਿਨ ਵੀ ਇਨ੍ਹਾਂ ਦੀ ਨਾਮ ਅਭਿਆਸ ਸਿਮਰਨ ਤੋਂ ਖ਼ਾਲੀ ਨਹੀਂ ਜਾਂਦੀ ਸੀ। ਲੰਗਰ ਦੀ ਸੇਵਾ ਨਿਭਾਉਂਦੇ ਹੋਏ, ਨਾਲ ਨਾਲ ਨਾਮ ਦਾ ਖੰਡਾ ਵੀ ਖੜਕਾਉਂਦੇ ਰਹਿੰਦੇ ਸਨ। ਕਈ ਸਮੇਂ ਐਸੇ ਦੇਖੇ ਗਏ ਕਿ ਲੰਗਰ ਵਿਚ ਬੈਠੇ ਬਿਠਾਇਆਂ ਇਨ੍ਹਾਂ ਨੇ ਸਮਾਧ-ਸਥਿਤ ਹੋ ਜਾਣਾ। ਹਮੇਸ਼ਾ ਖ਼ਾਸ ਖ਼ਿਆਲ ਰੱਖ ਕੇ ਅਖੰਡ ਪਾਠ ਅਤੇ ਅਖੰਡ-ਕੀਰਤਨ-ਮੰਡਲ ਦੇ ਨਿਕਟ ਹੀ ਇਨ੍ਹਾਂ ਦਾ ਲੰਗਰ-ਅਸਥਾਨ ਹੋਇਆ ਕਰਦਾ ਸੀ। ਅੰਮ੍ਰਿਤ ਬਾਣੀ ਸੇਵਾ ਕਰਦਿਆਂ ਹੋਇਆਂ ਇਨ੍ਹਾਂ ਦੀ ਕੰਨੀਂ ਪੈਂਦੀ ਰਹਿਣੀ, ਜਿਸ ਕਰਕੇ ਅੰਮ੍ਰਿਤ-ਕਲਾ ਐਸੀ ਵਰਤਣੀ ਕਿ ਇਨ੍ਹਾਂ ਦੇ ਅੰਮ੍ਰਿਤ ਬੁਰੱਕੜੇ ਨੂਰਾਨੀ ਚੇਹਰੇ ਤਕ ਤਕ ਹੀ ਦ੍ਰਿਸ਼ਟੇ ਜਨਾਂ ਦੀ ਰੁਮਾਵਲੀ ਅੰਦਰ ਜੀਵਨ-ਅਨੰਦ ਦੀ ਲਹਿਰ ਫਿਰ ਜਾਂਦੀ ਸੀ। ਵਾਧਾ ਇਹ ਕਿ ਇਹ "ਏਕ ਜੋਤਿ ਦੁਇ ਮੂਰਤੀ"† ਵਾਲੀ ਧੰਨ-ਪਿਰੀ ਜੋੜੀ ਅਖਰਾਂ ਵਲੋਂ ਅਨਪੜ੍ਹ ਹੀ ਸੀ, ਗੁਰਬਾਣੀ ਦਾ ਪਾਠ ਗੁਟਕੇ ਤੋਂ ਵੀ ਨਹੀਂ ਕਰ ਸਕਦੇ ਸੀ। ਪ੍ਰੰਤੂ:

ਜੋ ਪ੍ਰਾਣੀ ਗੋਵਿੰਦੁ ਧਿਆਵੈ ॥
ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥*

ਗੁਰਵਾਕ ਦੇ ਭਾਵ ਅਨੁਸਾਰ, ਅਨਪੜ੍ਹ-ਪੜ੍ਹਿਆਂ ਦੀ ਇਹ ਨਾਮ

---

†ਮ: ੩, ਵਾਰ ਸੂਹੀ, ਪੰਨਾ ੭੮੮ *ਗਉੜੀ ਮ: ੫, ਪੰਨਾ ੧੯੭



ਅਭਿਆਸੀ ਜੋੜੀ ਅਨੇਕਾਂ ਪੜ੍ਹਿਆਂ ਨਾਲੋਂ ਅਧਿਕ ਗੁਰ-ਗੰਮਿਤ ਤੱਤ ਵਾਲਾ ਆਤਮ-ਪਰਮਾਤਮੀ ਗਿਆਨ ਰਖਦੀ ਸੀ, ਹਰ ਵਕਤ ਹੀ ਮਗਨ-ਅਨੰਦ ਰਹਿਣਾ, ਜਿਸ ਕਿਸੇ ਨੇ ਲੰਗਰ ਦੇ ਵਿਚ ਆ ਕੇ ਇਨ੍ਹਾਂ ਦੇ ਪਾਸੋਂ ਕੋਈ ਸ਼ੈ ਤਲਬ ਕਰਨੀ, ਇਨ੍ਹਾਂ ਨੇ ਬੜੀ ਮਿੱਠੀ ਧੁਨੀ ਵਿਚ ਸਵੀਕਾਰਤਾ ਸਹਿਤ ਆਗਿਆ ਪਾਲਨ ਕਰਨੀ। ਐਸਾ ਸਬਰ ਸੰਤੋਖ ਅਤੇ ਸਹਿਨ-ਸ਼ੀਲਤਾ ਵਾਲਾ ਗੁਣ ਵਿਰਲੇ ਗੁਰਸਿੱਖਾਂ ਵਿਚ ਹੀ ਅਜ ਤਾਈਂ ਪੇਖਨ ਵਿਚ ਆਇਆ ਹੈ। ਘਰ ਦੀ ਕਮਾਈ, ਖੇਤੀ ਬਾੜੀ ਸਭ ਜੋਖੋਂ, ਇਨ੍ਹਾਂ ਨੇ ਸੁਲੇਖੇ (ਗੁਰੂ ਲੇਖੇ) ਲਾ ਕੇ ਸੰਗਤਾਂ ਨੂੰ ਸਮਰਪਨ ਕਰ ਦੇਣੀ। ਇਨ੍ਹਾਂ ਨੂੰ ਸਤਿਗੁਰੂ ਨੇ ਇਕ ਐਸੀ ਲਵੇਰੀ ਗਊ ਬਖ਼ਸ਼ੀ ਹੋਈ ਸੀ ਜਿਸ ਨੇ ਸਾਰਾ ਸਾਲ ਸਮੁੰਦਰ (ਦੁੱਧ) ਦੇਂਦੇ ਰਹਿਣਾ; ਜਦੋਂ ਚਾਹੋ ਅਤੇ ਜਿਸ ਵੇਲੇ ਲੋੜ ਪਵੇ ਧਾਰ ਚੋ ਲੈਣੀ, ਚਾਹੇ ਅੱਧੀ ਰਾਤ ਗਈ ਤੇ ਘਰ ਪ੍ਰਾਹੁਣੇ ਆ ਜਾਣ ਓਦੋਂ ਹੀ ਇਸ ਗਊ ਨੇ ਮਿਲ ਪੈਣਾ ਅਤੇ ਦੁੱਧ ਦੇ ਦੇਣਾ। ਇਸ ਗਊ ਦਾ ਨਾਉਂ ਅਸੀਂ ਸਾਰਿਆਂ ਜਥੇ ਵਾਲਿਆਂ ਨੇ 'ਸੁਰਾ ਗਊ' ਰਖਿਆ ਹੋਇਆ ਸੀ। ਨਾਮ ਜਪਦੇ ਜਪਦੇ ਮਾੜੀਆਂ ਜਿਹੀਆਂ ਕਣੀਆਂ ਪੈਣ ਤੇ ਹੀ ਆਪਣੀ (ਧਰਤੀ ਵਿਚ) ਜਿਸ ਫ਼ਸਲ ਦਾ ਬੀਜ ਬੋਣਾ, ਨਾਲ ਦੇ ਖੇਤਾਂ ਵਾਲਿਆਂ ਨਾਲੋਂ ਦੁਗਣਾ ਚੌਗਣਾ ਹੋ ਕੇ ਉਗਣਾ, ਐਸੀ ਬਰਕਤ ਸੀ -ਇਨ੍ਹਾਂ ਦੀ ਕਮਾਈ ਵਿਚ। ਇਨ੍ਹਾਂ ਦੀ ਖੇਤੀ-ਬਾੜੀ ਤੋਂ ਉਗਵੇ ਹੋਏ ਸਾਬਤ ਮਾਂਹ ਸੰਗਤ ਵਿਚ ਮਸ਼ਹੂਰ ਸਨ। ਸਾਬਤੇ ਮਾਂਹ ਦਾ ਦਾਲਾ ਸਰਬ ਲੋਹ ਦੇ ਕੜਾਹਿਆਂ ਵਿਚ ਰਿੰਨ੍ਹ ਕੇ ਨਾਮ ਅਭਿਆਸੀ ਸੁਰਤੀ ਬਿਰਤੀ ਨਾਲ ਵਿੰਨ੍ਹ ਕੇ, ਤਿਆਰ ਕਰ ਕੇ ਸੰਗਤਾਂ ਨੂੰ ਪ੍ਰਸ਼ਾਦੇ ਨਾਲ ਛਕਾਉਣਾ, ਦਾਲਾ ਮੂੰਹੋਂ ਨਾ ਲਹਿਣਾ। ਬੜਾ ਹੀ ਸਵਾਦਲਾ, ਰਸ ਬਿਸਮਾਦ ਚਖਾਉਣਾ ਇਹ ਮਾਂਹ ਦਾ ਦਾਲਾ ਹੋਇਆ ਕਰਦਾ ਸੀ। ਰੱਜ ਰੱਜ ਕੇ ਸੰਗਤਾਂ ਨੇ ਛਕਣਾ, ਕਦੇ ਤੋਟ ਨਾ ਆਉਣੀ, ਚਾਹੇ ਪੂਰਾਂ ਦੇ ਪੂਰ ਸੰਗਤਾਂ ਦੇ ਆ ਜਾਣ।

ਮਾਈ ਪ੍ਰੇਮ ਕੌਰ ਜੀ ਤਾਂ ਸਧਾਰਨ ਬਿਰਤੀ ਵਾਲੀ, ਐਸੀ ਨਾਮ ਅਭਿਆਸਣੀ ਗੁਰਮੁਖ ਮਾਈ ਸੀ ਕਿ ਲਗਾਤਾਰ ਇਸ ਬਿਧ ਸੇਵਾ ਨਿਬਾਹੁੰਦਿਆਂ ਨਿਬਾਹੁੰਦਿਆਂ ਇਸ ਮਾਈ ਜੀ ਨੂੰ ਆਗਮ ਨਿਗਮ ਦੀ ਸੋਝੀ ਹੋ ਗਈ ਸੀ। ਉਹ ਅਸਾਨੂੰ ਇਸ ਤਰ੍ਹਾਂ ਪਤਾ ਲਗਾ ਕਿ ਅਸੀਂ ਜਦੋਂ ਭੀ, ਜਿਸ ਦਿਨ ਨਾਰੰਗਵਾਲ ਤੋਂ ਫੱਲੇਵਾਲ ਜਾਣਾ, ਚਾਹੇ ਕਿਸੇ ਵੇਲੇ ਜਾਈਏ, ਅਗੋਂ ਮਾਈ ਜੀ ਨੇ ਸਾਡੇ ਛਕਣ ਲਈ ਲੱਸੀ ਅਤੇ ਮਿਸੇ ਪ੍ਰਸ਼ਾਦੇ ਤਿਆਰ ਕਰ ਦੇਣੇ। ਇਸੇ ਪ੍ਰਕਾਰ ਅਨੇਕਾਂ ਵਾਰ ਐਸਾ ਹੀ ਹੋਇਆ! ਇਕ ਵਾਰ ਅਸੀਂ ਪ੍ਰੇਮ ਗੁਫ਼ਤਾਰ ਕਰਦੇ ਕਰਦੇ ਮਾਈ ਜੀ ਤੋਂ ਪੁਛ ਬੈਠੇ ਕਿ ਜਦੋਂ ਵੀ ਅਸੀਂ ਏਥੇ ਆਉਂਦੇ ਹਾਂ, ਚਾਹੇ ਕਿਸੇ ਵੇਲੇ ਆਈਏ, ਤੁਸੀਂ ਸਾਡੇ ਆਇਆਂ ਨੂੰ ਸੱਜਰਾ ਆਹਾਰ ਰਖਦੇ ਹੋ, ਤੁਹਾਨੂੰ ਇਹ ਕਿਵੇਂ ਪਤਾ ਲਗਦਾ ਹੈ। ਤਾਂ ਮਾਈ ਜੀ ਨੇ ਹਸਦੇ

WWW.AKJ.ORG

ਹਸਦੇ ਭਾਈ ਸਰਵਣ ਸਿੰਘ ਜੀ ਦੇ ਉਪਰ ਗੱਲ ਟਾਲ ਦਿਤੀ ਅਤੇ ਉਨ੍ਹਾਂ ਦੇ ਹੀ ਮੱਥੇ ਮੜ੍ਹ ਦਿਤੀ। (ਭਾਈ ਸਰਵਣ ਸਿੰਘ ਜੀ ਪਾਸ ਹੀ ਬੈਠੇ ਸਨ)। ਮਾਈ ਕਹਿਣ ਲੱਗੀ, "ਬਾਈ, ਮੈਨੂੰ ਤਾਂ ਸਰਵਣ ਸਿੰਘ ਹੀ ਦਸ ਦਿੰਦੇ ਹਨ ਕਿ ਮਾਈ ਪ੍ਰਸ਼ਾਦੇ ਆਦਿ ਤਿਆਰ ਕਰੋ, ਬਾਈ ਜੀ ਆ ਰਹੇ ਹਨ (ਓਦੋਂ ਮੈਨੂੰ ਸਾਰੇ ਜਥੇ ਵਾਲੇ ਸਿੰਘ ਪ੍ਰਸਪਰ ਬਾਈ ਜੀ ਦੇ ਨਾਮ ਨਾਲ ਮੁਖ਼ਾਤਬ ਕਰਕੇ ਪੁਕਾਰਿਆ ਕਰਦੇ ਸਨ)। ਓਦੋਂ ਹੀ ਮੈਨੂੰ ਭਾਈ ਸਰਵਣ ਸਿੰਘ ਹੋਰੀਂ ਦਸ ਦਿੰਦੇ ਹਨ ਕਿ ਹੁਣ ਬਾਈ ਜੀ ਨਾਰੰਗਵਾਲ ਤੋਂ ਤੁਰ ਪਏ ਹਨ। ਇਤਨੇ ਸਿੰਘ ਉਹਨਾਂ ਦੇ ਨਾਲ ਹਨ। ਉਨ੍ਹਾਂ ਦੇ ਮੋਢੇ ਤੇ ਸਫ਼ਾਜੰਗ ਹੈ ਅਤੇ ਇਸ ਪ੍ਰਕਾਰ ਖ਼ਾਲਸਈ ਬਾਣਾ ਉਨ੍ਹਾਂ ਨੇ ਸਜਾਇਆ ਹੋਇਆ ਹੈ। ਇਹਨਾਂ ਦੇ ਦੱਸਣ ਸਾਰ ਹੀ ਮੈਂ ਓਦੋਂ ਹੀ ਆਹਰ ਵਿਚ ਜੁਟ ਜਾਂਦੀ ਹਾਂ।" ਮੈਂ ਭਾਈ ਸਰਵਣ ਸਿੰਘ ਜੀ ਨੂੰ ਕੈਰੀ ਨਿਗ੍ਹਾ ਨਾਲ ਡਾਂਟ ਕੇ ਆਖਿਆ ਕਿ ਤੈਨੂੰ ਰਿਧੀ ਸਿਧੀ ਫੁਰਨ ਲਗ ਪਈ ਹੈ, ਹਜ਼ਮ ਨਹੀਂ ਹੁੰਦੀ, ਅਜਰ ਨੂੰ ਜਰਨਾ ਚਾਹੀਦਾ ਹੈ। ਅਗੋਂ ਭਾਈ ਸਰਵਣ ਸਿੰਘ ਜੀ ਹੱਸ ਕੇ ਬੋਲੇ : "ਕਾਹਨੂੰ ਜੀ, ਮੈਂ ਕਦੇ ਕਾਹਨੂੰ ਮਾਈ ਜੀ ਨੂੰ ਦਸਿਆ ਹੈ, ਇਹ ਸਭ ਕੁਛ ਮਾਈ ਜੀ ਨੂੰ ਆਪੇ ਹੀ ਸੁਫੁਰਨ ਹੁੰਦਾ ਹੈ। ਹੁਣ ਮੇਰੇ ਤੇ ਗੱਲ ਟਾਲਦੇ ਹਨ।"

ਇਸ ਪ੍ਰਕਾਰ ਕਈ ਵਾਰ ਐਸੀ ਵਾਰਤਾ-ਲਾਪ ਹੋਈ। ਇਹ ਸਭ ਨਿਸ਼ਕਾਮ ਸੇਵਾ ਦਾ ਸਿੱਟਾ ਸੀ। ਅੱਜ ਦੀ ਡਾਂਟ ਫਾਂਟ ਪਿਛੋਂ ਫੇਰ ਕਦੇ ਘਟ ਵਧ ਹੀ ਮਾਈ ਜੀ ਵਲੋਂ ਆਪਣੀ ਅਵੱਸਥਾ ਦਾ ਜਣਾਵਣਾ ਹੋਇਆ। ਅਜਰ ਨੂੰ ਵਿਚੇ ਵਿਚ ਹੀ ਜਰਦੇ ਰਹੇ। ਫੇਰ ਵੀ ਸਾਡੀ ਜੇਲ੍ਹ-ਯਾਤਰਾ ਤੋਂ ਥੋੜਾ ਚਿਰ ਪਹਿਲਾਂ ਕਈ ਵਾਰ ਆਪ-ਮੁਹਾਰੇ ਇਉਂ ਆਖਿਆ ਭਾਖਿਆ ਕਰਦੇ ਸਨ : "ਬਾਈ, ਲੰਮੇ ਵਿਛੋੜੇ ਪੈਣੇ ਹਨ, ਸੁਖ ਹੋਵੇ।" ਦਾਸ ਨੇ ਇਹ ਕਹਿ ਕੇ ਉਹਨਾਂ ਨੂੰ ਚੁਪ ਕਰਾ ਦੇਣਾ ਕਿ ਜੋ ਭਾਣਾ ਕਰਤਾਰ ਦਾ ਹੈ ਸੋ ਹੋ ਕੇ ਰਹਿਣਾ ਹੈ। ੧੯੧੪ ਤਾਈਂ ਇਸ ਦੰਪਤਿ ਜੋੜੀ ਨੇ ਖ਼ੂਬ ਸੇਵਾ-ਸੁਰਤ ਨਿਭਾਈ। ਦਿਨੋ ਦਿਨ ਚੜ੍ਹਦੀ ਕਲਾ ਵਿਚ ਨਿਭਾਈ।

ਬਾਬਾ ਰਾਮ ਸਿੰਘ ਜੀ ਗੰਭੀਰਤਾ ਤੇ ਸਹਿਨ-ਸ਼ੀਲਤਾ ਤਾਂ ਹਦ ਦਰਜੇ ਦੀ ਪੁਜੀ ਹੋਈ ਸੀ। ਮੇਰੇ ਨਾਲ ਉਨ੍ਹਾਂ ਦਾ ਐਸਾ ਗੂੜ੍ਹਾ ਪਿਆਰ ਸੀ ਕਿ ਇਕ ਦਿਨ ਵੀ, ਛਿਨ ਮਾਤਰ, ਮੇਰੇ ਬਾਝੋਂ ਨ ਰਹਿ ਸਕਣ। ਜੋੜ-ਮੇਲ, ਸਤਿਸੰਗ, ਅਖੰਡ ਕੀਰਤਨ ਸਮਾਗਮ ਅਕਸਰ ਹੁੰਦੇ ਹੀ ਰਹਿੰਦੇ ਸਨ। ਜਦੋਂ ਕਦੀ ਇਨ੍ਹਾਂ ਸਮਾਗਮਾਂ ਵਿਚ ਨਾਗ਼ਾ ਪੈ ਜਾਣਾ ਅਤੇ ਸਮਾਗਮ ਨਾ ਹੋਵੇ ਤਾਂ ਝਟ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਨਾਰੰਗਵਾਲ ਪੁਜ ਜਾਣਾ। ਨਾਮ ਸਿਮਰਨ ਦੇ ਖੰਡੇ ਖੜਕਾਉਣੇ। ਸਭ ਨੇ ਮਿਲ ਕੇ ਕੀਰਤਨ ਆਰੰਭ ਕਰ ਦੇਣੇ। ਕੀਰਤਨ ਕਰਨ ਸੁਣਨ ਦੇ ਬੜੇ ਧਨੀ ਸਨ, ਚਾਹੇ ਸਾਜ ਕੋਈ ਭੀ ਨਹੀਂ ਵਜਾ ਸਕਦੇ ਸਨ।

ਸਿਰੀ ਬਾਬੂ ਮੱਲ ਸਿੰਘ ਜੀ ਦੇ ਪਿੰਡ ਸਰਾਲੀ ਜ਼ਿਲਾ ਅੰਮ੍ਰਿਤਸਰ ਵਿਖੇ ਇਕ



ਵਾਰ ਸਾਰਾ ਜੱਥਾ ਗਿਆ ਅਤੇ ਕੀਰਤਨ ਕਰਦਾ ਹੀ ਗਿਆ। ਬਾਬਾ ਰਾਮ ਸਿੰਘ ਜੀ ਦੀ, ਕੀਰਤਨ ਕਰਦਿਆਂ ਤੁਰਿਆਂ ਜਾਂਦਿਆਂ ਹੀ, ਲੋਟ-ਪੋਟ ਦਸ਼ਾ ਹੋ ਗਈ। ਸਿਰੀ ਬਾਬੂ ਜੀ ਦੇ ਗ੍ਰਿਹਿ ਜਾਣ ਸਾਰ ਹੀ ਅਖੰਡ ਪਾਠ ਸਮਾਗਮ ਦੇ ਤਿਆਰੇ ਆਰੰਭ ਕਰ ਦਿਤੇ। ਇਸ ਦੰਪਤਿ ਜੋੜੀ ਨੇ ਲੰਗਰ ਦੀ ਸੇਵਾ ਸਾਂਭ ਲਈ। ਪਾਸ ਹੀ ਉਧਰ ਅਖੰਡ ਪਾਠ ਹੋਵੇ ਤੇ ਇਧਰ ਇਹ ਸੇਵਾ ਵਿਚ ਮਗਨ-ਅਨੰਦ ਜੁਟੇ ਰਹਿਣ। ਸਿਰੀ ਬਾਬੂ ਜੀ ਦੇ ਵਡੇ ਭਰਾਤਾ ਸਿਰੀ ਭਾਈ ਵਰਿਆਮ ਸਿੰਘ ਜੀ ਨੇ ਜਦੋਂ ਵੀ ਲੰਗਰ ਵਿਚ ਆ ਕੇ ਪੁਛਣਾ ਕਿ ਕਿਸੇ ਸ਼ੈ ਦੀ ਲੋੜ ਤਾਂ ਨਹੀਂ, ਰਸਦ ਆਦਿ ਦੀ ਥੁੜ ਤਾਂ ਨਹੀਂ ? ਤਾਂ ਅਗੋਂ ਸਿਰੀ ਬਾਬਾ ਰਾਮ ਸਿੰਘ ਜੀ ਨੇ ਇਹ ਉਤਰ ਦੇਣਾ, "ਸਭ ਬਿਅੰਤ ਗਫੇ ਹਨ, ਕਿਸੇ ਸ਼ੈ ਦੀ ਕੋਈ ਕਮੀ ਨਹੀਂ।" ਸਚ-ਮੁਚ ਇਨ੍ਹਾਂ ਸੰਤੋਖੀਆਂ ਦੇ ਹੁੰਦਿਆਂ ਲੰਗਰ ਵਿਚ ਥੁੜ ਆਉਂਦੀ ਹੀ ਨਹੀਂ ਸੀ।

ਭਾਣੇ ਦੇ ਚੱਕਰ ਅੰਦਰ ਅਸੀਂ ਹੋਰ ਸਜਣਾਂ ਸਮੇਤ, ਲੁਧਿਆਣੇ ਜੇਲ੍ਹ ਵਿਚ ਆ ਨਜ਼ਰਬੰਦ ਹੋਏ, ਪਿਛੋਂ ਜਰਵਾਣਿਆਂ ਨੇ ਭਾਈ ਰਾਮ ਸਿੰਘ ਨੂੰ ਭੀ ਫੜ ਕੇ ਲਿਆਂਦਾ, ਉਹ ਅਗੋਂ ਹੀ ਅਰਦਾਸਾ ਸੋਧੀ ਬੈਠੇ ਸਨ। ਜੇਲ੍ਹ ਵਿਚ ਆਉਣ ਕਰਕੇ ਉਨ੍ਹਾਂ ਦੇ ਸਰੀਰ ਨੂੰ ਬੜੀ ਕਠਨਾਈ ਹੋਈ, ਕਿਉਂਕਿ ਇਕ ਤਾਂ ਉਨ੍ਹਾਂ ਦੀ ਅਵੱਸਥਾ ਬ੍ਰਿਧ ਸੀ, ਦੂਜੇ ਬਿਬੇਕ ਸਰਬ ਲੋਹ ਦਾ ਪਹਿਰਾ ਸੀ ਉਨ੍ਹਾਂ ਦਾ। ਅਨਿਆਈ ਗੋਰਾ ਗੌਰਮਿੰਟ ਦੀ ਜ਼ਾਲਮ ਅਦਾਲਤ ਨੇ ਇਕ ਵਾਰ ਤਾਂ ਸਾਰੇ ਜਥੇ ਨੂੰ ਉਮਰ ਕੈਦਾਂ ਸੁਣਾ ਦਿਤੀਆਂ। ਪਿਛੋਂ ਬਾਬਾ ਰਾਮ ਸਿੰਘ ਜੀ ਦੀ ਸਿਰਫ਼ ਦੋ ਸਾਲ ਦੀ ਹੀ ਕੈਦ ਰਹਿ ਗਈ, ਉਹ ਕੱਟ ਕੇ ਸਾਥੋਂ ਬਹੁਤ ਚਿਰ ਪਹਿਲਾਂ ਬਾਹਰ ਆ ਗਏ। ਬਾਹਰ ਆਉਣ ਪਰ ਇਨ੍ਹਾਂ ਨੂੰ ਪਰਮ ਬੈਰਾਗ ਉਪਰਾਮਤਾ ਉਪਜੀ ਅਤੇ ਹਮੇਸ਼ਾ ਉਪਜਦੀ ਰਹੀ।

ਸਾਡੀਆਂ ਉਡੀਕਾਂ ਸਿੱਕਾਂ ਭਰੀਆਂ ਸਦਾ ਹੀ ਕਰਦੇ ਰਹੇ। ਉਡੀਕਾਂ ਕਰਦੇ ਕਰਦੇ ਹੀ ਅਸਾਡੇ ਰਿਹਾ ਹੋ ਕੇ ਬਾਹਰ ਆਵਣ ਤੋਂ ਚਾਰ ਮਹੀਨੇ ਪਹਿਲੇ ਪਰਲੋਕ ਨੂੰ ਪਿਆਨੇ ਕਰ ਗਏ। ਪਿਆਨੇ ਕਰਦਿਆਂ ਕਰਦਿਆਂ ਇਨ੍ਹਾਂ ਦੀ ਰੂਹ ਇਨ੍ਹਾਂ ਦੇ ਜਿਸਮ ਵਿਚੋਂ ਪਰਵਾਜ਼ ਕਰ ਕੇ ਸਾਨੂੰ ਜੇਲ੍ਹ ਵਿਚ ਬੈਠਿਆਂ ਨੂੰ ਫ਼ਤਹ ਬੁਲਾ ਕੇ ਗੁਰਪੁਰੀ ਸਿਧਾਰ ਗਈ।

ਭਾਣੇ ਦੀ ਕਾਰ ਹੀ ਐਸੀ ਸੀ, ਪਰ ਬੜੀ ਖ਼ੁਸ਼ੀ ਵਾਲੀ ਗੱਲ ਇਹ ਹੈ ਕਿ ਸਾਰੀ ਉਮਰ ਹੀ ਕਰਤਾਰ ਦੇ ਰੰਗਾਂ ਵਿਚ ਇਨ੍ਹਾਂ ਦੀ ਵਿਹਾਈ। ਪਿਛੋਂ ਮਾਈ ਪ੍ਰੇਮ ਕੌਰ ਜੀ ਆਪਣੇ ਪੂਜ-ਪਤੀ ਦੇ ਬੈਰਾਗ ਵਿਚ ਹਾਲੋਂ ਬੇਹਾਲ ਹੋ ਗਏ। ਅਸਾਡੇ ਰਿਹਾ ਹੋ ਕੇ ਬਾਹਰ ਆਉਂਦਿਆਂ ਨੂੰ ਚਾਹੇ ਮਾਈ ਪ੍ਰੇਮ ਕੌਰ ਜੀ ਜੀਉਂਦੇ ਸਨ, ਪਰ ਹੋਸ਼ ਹਵਾਸ ਉਨ੍ਹਾਂ ਦੇ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਭੀ ਕਿਸੇ ਹੋਰ ਅਰੂਪ ਰੂਪੀ ਮੰਡਲ (sphere) ਵਿਚ ਮਜਜ਼ੂਬ ਰਹਿੰਦੇ ਸਨ। ਸਾਨੂੰ ਜੇਲ੍ਹ ਵਿਚੋਂ ਰਿਹਾ ਹੋ ਕੇ ਆਉਂਦਿਆਂ

ਨੂੰ ਬਿਹਬਲ ਹੋ ਕੇ ਮਿਲੇ, ਪ੍ਰਸਪਰ ਪ੍ਰੇਮ-ਕਹਾਣੀਆਂ ਕੀਤੀਆਂ। ਔਰ ਤਿੰਨਾਂ ਸਾਲਾਂ ਪਿਛੋਂ ਉਹ ਵੀ ਚਲ ਬਸੇ। ਉਸ ਗੁਰਪੁਰੀ ਵਿਚ ਹੀ ਜਾਇ ਵਸੇ, ਜਿਥੇ ਬਾਬਾ ਰਾਮ ਸਿੰਘ ਜੀ ਸਿਧਾਰੇ ਸਨ।

ਬਾਬਾ ਰਾਮ ਸਿੰਘ ਜੀ ਦੀ ਉਪਕਾਰ-ਉਦਾਰਤਾ ਅਤੇ ਕਰਣਾ ਰਸ ਦੀ ਵਾਰਤਾ ਦਾ ਇਕ ਉਦਾਹਰਣ ਏਥੇ ਵਰਨਣ ਕਰਨ ਯੋਗ ਹੈ। ਸਿਰੀ ਬਾਬਾ ਰਾਮ ਸਿੰਘ ਦੇ ਸ਼ਰੀਕ ਭਾਈਆਂ ਵਿਚੋਂ ਇਕ ਸ਼ਰੀਕ ਪਰਵਾਰ ਮੁਢ ਤੋਂ ਹੀ ਸਿਰੀ ਬਾਬਾ ਜੀ ਦੇ ਨਾਲ ਅਣਹੋਇਆ ਵੈਰ ਵਿਰੋਧ ਰਖਦਾ ਆਇਆ ਸੀ। ਐਸੀ ਨੇਤ ਹੋਈ ਕਿ ਨਿਕਟੀ ਪਰਵਾਰ ਦਾ ਇਕ ਮਾਇਆ-ਖੱਟੂ ਨੌਜਵਾਨ ਚੀਨ, ਮਲਾਇਆ ਟਾਪੂਆਂ ਵਲੋਂ ਮਾਇਆ ਦੇ ਬੋਹਲ ਖਟ ਕੇ ਕਈਆਂ ਬਰਸਾਂ ਪਿਛੋਂ ਵਾਪਸ ਪਿੰਡ ਫੱਲੇਵਾਲ ਆਇਆ , ਤੇ ਬੜੀ ਭਿਆਨਕ ਬੀਮਾਰੀ ਨਾਲ ਬੀਮਾਰ ਹੋ ਕੇ ਆਇਆ। ਉਸ ਦਾ ਸਾਰਾ ਸਰੀਰ ਬੜਾ ਰਿਸ਼ਟ ਪੁਸ਼ਟ ਸੀ, ਛੇ ਫੁਟ ਲੰਮਾ ਜਵਾਨ, ਡੇਢ ਫੁਟ ਚੌੜੀ ਛਾਤੀ। ਉਸ ਨੂੰ ਅਨਾਚਿਤ ਐਸੀ ਬੀਮਾਰੀ ਲਗੀ ਕਿ ਉਸ ਦਾ ਸਰੀਰ ਤਖ਼ਤੇ ਵਾਂਗੂੰ ਹੋ ਗਿਆ; ਨਾ ਹਿਲ ਸਕੇ, ਨਾ ਸਿੱਧਾ ਬੈਠ ਸਕੇ, ਨਾ ਤੁਰ ਫਿਰ ਸਕੇ, ਨਾ ਉਸ ਦੇ ਅੰਗ ਮੁੜ ਸਕਣ; ਸਿੱਧਾ ਸਤੋਰ ਪਿਆ ਰਹੇ ਤਾਂ ਪਿਆ ਰਹੇ, ਜੇ ਖੜਾ ਹੈ ਤਾਂ ਖੜਾ ਰਹੇ। ਬੜਾ ਭਾਰੀ ਜਵਾਨ ਸੀ, ਇਸ ਨੂੰ ਤਿੰਨ ਤਿੰਨ ਚਾਰ ਚਾਰ ਆਦਮੀ ਸਾਂਭ ਸਕਦੇ ਸੀ। ਚੀਨ ਮਲਾਇਆ ਦੇ ਨੇੜੇ ਤੇੜੇ ਡਾਕਟਰਾਂ ਹਕੀਮਾਂ ਪਾਸੋਂ ਇਲਾਜ ਕਰਾਏ, ਪਰ ਉਸ ਦੀ ਇਹ ਬੀਮਾਰੀ ਨਾ ਹਟੀ। ਬੜਾ ਪਰਮ ਦੁਖੀ ਹੋ ਕੇ, ਡਾਕਟਰਾਂ ਹਕੀਮਾਂ ਦੇ ਇਲਾਜਾਂ ਤੋਂ ਨਿਰਾਸ ਹੋ ਕੇ ਟਾਪੂਆਂ ਤੋਂ ਮੁੜ ਕੇ ਘਰ (ਫੱਲੇਵਾਲ) ਆ ਗਿਆ। ਆਉਂਦੇ ਨੇ ਹੀ ਬਾਬਾ ਰਾਮ ਸਿੰਘ ਨੂੰ ਯਾਦ ਕੀਤਾ ਕਿ ਮੈਨੂੰ ਦਰਸ਼ਨ ਦੇ ਜਾਣ, ਖ਼ੁਦ ਚਲ ਕੇ ਨਹੀਂ ਆ ਸਕਦਾ ਸੀ। ਜਦ ਉਸ ਦੀ ਭਿਅੰਕਰ ਬੀਮਾਰੀ ਦਾ ਹਾਲ ਬਾਬਾ ਜੀ ਨੇ ਸੁਣਿਆ ਤਾਂ ਕਰਣਾ ਰਸ ਨਾਲ ਢਲ ਕੇ ਐਸੇ ਨਰਮ ਹੋਏ ਕਿ ਸਭ ਘਰੋਗੀ ਖ਼ਾਨਦਾਨੀ ਵੈਰ ਵਿਰੋਧ ਭੁਲ ਗਏ। ਐਸਾ ਮੌਕਾ ਹੋਇਆ ਕਿ ਓਦੋਂ ਸਾਰੀ ਸੰਗਤ ਕੀਰਤਨੀ ਬੈਰਾਗੀ ਜਥਾ ਸਿਰੀ ਬਾਬਾ ਜੀ ਦੇ ਘਰ ਆ ਜੁੜਿਆ ਹੋਇਆ ਸੀ। ਜਥੇ ਤੋਂ ਆਗਿਆ ਲੈ ਕੇ ਚਲੇ ਗਏ। ਬਾਬਾ ਰਾਮ ਸਿੰਘ ਜੀ ਦੇ ਪਾਸ ਪਰਮ ਰੋਗੀ ਵੀਰ ਰੋ ਰੋ ਕੇ ਬੇਨਤੀ ਕਰਨ ਲਗਾ, ਉਹਨੇ ਸਾਰੀ ਬੀਮਾਰੀ ਦੀ ਪਿਛਲੀ ਹਾਲਤ ਦਸੀ ਅਤੇ ਆਖਿਆ:

"ਮੈਨੂੰ ਸਾਰੇ ਡਾਕਟਰ ਹਕੀਮ, ਜਵਾਬ ਦੇ ਚੁਕੇ ਹਨ ਅਤੇ ਕਹਿ ਚੁਕੇ ਹਨ ਕਿ ਇਹ ਲਾ-ਇਲਾਜ ਬੀਮਾਰੀ ਹੈ। ਸੋ ਹੁਣ ਮੈਂ ਮਰ ਤਾਂ ਜਾਣਾ ਹੀ ਹੈ, ਐਸਾ ਉਪਕਾਰ ਕਰੋ ਕਿ ਮੇਰੇ ਨਮਿਤ ਇਕ ਅਖੰਡ ਪਾਠ ਸਿਰੀ ਗੁਰੂ ਗ੍ਰੰਥ ਸਾਹਿਬ ਦਾ ਕਰਨਾ ਅਰੰਭ ਕਰਾ ਦਿਉ। ਮੇਰੇ ਭਾਗਾਂ ਨੂੰ ਸਾਰਾ ਜਥਾ ਤੁਹਾਡੇ ਘਰ ਆਇਆ



ਹੋਇਆ ਹੈ, ਰੋਗ ਬਿਦਾਰਨੀ ਸਚੇ ਵੈਦਾਂ ਸੰਦਾ ਸੰਗ ਇਕੱਠਾ ਹੋਇਆ ਹੋਇਆ ਹੈ। ਸਿਰੀ ਅਖੰਡ ਪਾਠ ਦੀ ਇਹ ਦਾਰੂ ਹਰ ਸੂਰਤ ਵਿਚ ਮੇਰੇ ਰਾਸ ਆਵੇਗੀ। ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ ਜੇ ਸਰੀਰ ਚਲ ਗਿਆ ਤਾਂ ਕਲਿਆਣ ਹੋ ਜਾਏਗੀ, ਜੇ ਬਚ ਗਿਆ ਤਾਂ ਮੈਂ ਸਣੇ ਪਰਵਾਰ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਵਾਂਗਾ ਅਤੇ ਆਪਣਾ ਜਨਮ ਸਫਲਾ ਕਰਾਂਗਾ।"

ਸਿਰੀ ਬਾਬਾ ਜੀ ਉਸ ਦੀ ਇਹ ਗੱਲ ਸੁਣ ਕੇ ਸਜਲ ਨੇਤਰੀਂ ਹੁੰਦੇ ਹੋਏ ਸੰਗਤ ਪਾਸ ਆਏ ਤੇ ਬਿਰਹੋਂ-ਬੇਧਵੀਂ ਬੇਨਤੀ ਕੀਤੀ ਕਿ ਉਸ ਦਾ ਭਲਾ ਕਰੋ, ਸੰਗਤ ਸਭਨੀਂ ਗੱਲੀਂ ਸਮਰੱਥ ਹੈ। ਭਲਾ ਬਾਬਾ ਜੀ ਦੇ ਬਚਨਾਂ ਨੂੰ ਕੌਣ ਮੋੜੇ। ਅਖੰਡ ਪਾਠ ਦੇ ਤਿਆਰੇ ਬਜਾਉਣ ਲਈ ਦੂਸਰੇ ਦਿਨ ਹੀ ਸਭ ਸਰੰਜਾਮ ਹੋ ਗਿਆ। ਸਾਰੇ ਪਰਵਾਰ ਨੇ ਹਾਵ ਭਾਵ ਨਾਲ ਅਖੰਡ ਪਾਠ ਮੰਡਪ ਸਜਾਇਆ, ਸਿਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ, ਉਸ ਅਸਾਧ ਰੋਗ ਦੇ ਰੋਗੀ ਸਜਣ ਨੂੰ ਚਹੁੰ ਜਣਿਆਂ ਨੇ ਫੜ ਕੇ ਪੇਸ਼ ਹੋਣ ਲਈ ਖੜਾ ਕੀਤਾ। ਬਾਬਾ ਰਾਮ ਸਿੰਘ ਜੀ ਖੜੇ ਚੌਰ ਕਰ ਰਹੇ ਸਨ। ਅਭਿਆਸ-ਖਿੜਾਉ ਵਿਚ ਚੌਰ ਕਰਦੇ ਕਰਦੇ ਉਸ ਨੂੰ ਮੁਖ਼ਾਤਬ ਹੋ ਕੇ ਬੋਲੇ, "ਤੈਥੋਂ ਇਕ ਭਾਰੀ ਅਵੱਗਿਆ ਹੋਈ ਹੈ, ਪਰ ਤੈਨੂੰ ਹੁਣ ਚਿਤ ਚੇਤੇ ਵੀ ਨਹੀਂ। ਤੂੰ ਦਸ ਕਿ ਜਦੋਂ ਮਾਇਆ ਖੱਟਣ ਲਈ ਦੇਸੀਂ ਪ੍ਰਦੇਸੀਂ ਇਥੋਂ ਅਰਦਾਸਾ ਸੋਧ ਕੇ ਤੁਰਿਆ ਸੀ, ਓਦਣ ਕੋਈ ਪ੍ਰਣ-ਪ੍ਰਤੱਗਿਆ ਵੀ ਕੀਤੀ ਸੀ ?" ਬਾਬਾ ਜੀ ਦੇ ਇਹ ਬਚਨ ਸੁਣ ਕੇ ਓਹ ਬੋਲ ਉਠਿਆ, "ਹਾਂ ਜੀ! ਮੈਂ ਪ੍ਰਤੱਗਿਆ ਜ਼ਰੂਰ ਕੀਤੀ ਸੀ ਅਤੇ ਇਹ ਕੀਤੀ ਸੀ ਕਿ ਮੈਂ ਆਪਣੀ ਖੱਟੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦਿਆ ਕਰਾਂਗਾ, ਪਰ ਮੈਂ ਪਾਪੀ ਤੋਂ ਅਜ ਤਾਈਂ ਦੇ ਨਹੀਂ ਹੋਇਆ। ਦਸਾਂ ਬਾਰ੍ਹਾਂ ਵਰ੍ਹਿਆਂ ਵਿਚ ਹਜ਼ਾਰਾਂ ਰੁਪਏ ਮੈਂ ਕਮਾਏ। ਦਸਵੰਧ ਮੇਰੇ ਸਿਰ ਚੜ੍ਹਦਾ ਗਿਆ, ਮਾਇਆਵੀ ਐਸ਼-ਪ੍ਰਸਤੀ ਵਿਚ ਮੈਨੂੰ ਦਸਵੰਧ ਦੇਣ ਦਾ ਖ਼ਿਆਲ ਉੱਕਾ ਹੀ ਵਿਸਰ ਗਿਆ। ਇਹ ਬੜੀ ਭਾਰੀ ਅਵੱਗਿਆ ਹੋ ਗਈ ਹੈ। ਇਸੇ ਅਵੱਗਿਆ ਦੇ ਕਾਰਨ ਇਹ ਅਸਾਧ ਰੋਗ ਮੈਨੂੰ ਲਗਿਆ ਹੈ।" ਸੁਣ ਕੇ ਸੰਗਤ ਨੇ ਹੁਕਮ ਦਿਤਾ ਕਿ ਪਹਿਲਾਂ ਸਾਰਾ ਦਸਵੰਧ ਕੌਡੀ ਕੌਡੀ ਗਿਣ ਕੇ (ਜੋ ਦਮੜੇ ਬਣਦੇ ਹਨ) ਸਿਰੀ ਹਜ਼ੂਰ ਸਾਹਿਬ ਨੂੰ ਭੇਜ ਦਿਓ। ਫੇਰ ਤੇਰੇ ਨਮਿਤ ਸ੍ਰੀ ਅਖੰਡ ਪਾਠ ਆਰੰਭ ਕੀਤਾ ਜਾਵੇਗਾ। ਉਸਨੇ ਉਸੇ ਵਕਤ ਹੀ ਦਸਵੰਧ ਦੇ ਰੁਪਏ ਕਢ ਕੇ ਆਪਣੇ ਇਕ ਸਕੇ ਭਾਈ ਦੇ ਹੱਥ ਸ੍ਰੀ ਹਜ਼ੂਰ ਸਾਹਿਬ ਭੇਜ ਦਿਤੇ। ਫਿਰ ਉਸ ਦੇ ਨਮਿਤ ਸ੍ਰੀ ਅਖੰਡ ਪਾਠ ਦਾ ਉਦਮ-ਉਪਕਾਰ ਆਰੰਭ ਹੋਇਆ। ਸਿਰੀ ਬਾਬਾ ਜੀ ਨੇ ਹੁਕਮ ਦਿਤਾ ਕਿ ਸਾਰਾ ਅਖੰਡ ਪਾਠ ਅਤੇ ਅਖੰਡ ਕੀਰਤਨ ਆਰੰਭ ਤੋਂ ਅੰਤ ਤਾਈਂ ਸੁਣਨਾ ਹੋਵੇਗਾ। ਉਸ ਨੇ ਸਾਰੀਆਂ ਗੱਲਾਂ ਕਬੂਲ ਕੀਤੀਆਂ। ਨਾਲੇ ਇਹ ਬੇਨਤੀ ਵੀ ਕੀਤੀ ਕਿ ਮੈਥੋਂ ਬੈਠ ਤੇ ਹੋਣਾ ਨਹੀਂ, ਲੰਮਾ ਪੈ ਕੇ ਸੁਣ ਸਕਾਂਗਾ,

ਭੂਮ-ਆਸਣ ਕਰਨ ਦੀ ਆਗਿਆ ਦੇ ਦਿਤੀ ਜਾਵੇ। ਸੰਗਤ ਨੇ ਖ਼ੁਸ਼ੀ ਨਾਲ ਆਗਿਆ ਦੇ ਦਿਤੀ। ਬਾਬਾ ਰਾਮ ਸਿੰਘ ਜੀ ਕਹਿਣ ਲਗੇ, "ਤਕੜੇ ਹੋਵੋ, ਦੇਖ ਕੀ ਭਾਣਾ ਵਰਤਦਾ ਹੈ!" ਅੰਮ੍ਰਿਤ ਵੇਲੇ ਹੀ ਚਾਰ ਬਜੇ ਸਿਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਗਿਆਰਾਂ ਬਜੇ ਅਖੰਡ ਕੀਰਤਨ ਦਾ ਭੋਗ ਪਿਆ। ਕੀਰਤਨ ਦੇ ਭੋਗ ਤੇ ਅਖੰਡ ਪਾਠ ਆਰੰਭ ਕਰਨ ਲਈ ਅਰਦਾਸਾ ਹੋਣ ਲਗਾ, ਤਾਂ ਉਸ ਨੂੰ ਚਹੁੰ ਜਣਿਆਂ ਨੇ ਫੜ ਕੇ ਅਰਦਾਸੇ ਵਿਚ ਖੜਾ ਕੀਤਾ, ਤਖ਼ਤੇ ਵਾਂਗੂੰ ਆਕੜਿਆ ਹੋਇਆ ਤੇ ਫੜਿਆ ਹੋਇਆ ਖੜਾ ਹੋ ਗਿਆ। ਅਰਦਾਸੇ ਵਿਚ ਐਸੀ ਕਲਾ ਵਰਤੀ ਕਿ ਅਰਦਾਸੇ ਦੀ ਸਮਾਪਤੀ ਤੇ ਓਹ ਸਿੱਧਾ ਸਤੋਰ ਡੰਡੌਤ ਬੰਦਨਾ ਵਿਚ ਮੂਧੇ ਮੂੰਹ ਛਪਾਲ ਲੰਮਾ ਪੈ ਗਿਆ, ਪਰ ਆਪ ਹੀ ਉਠ ਕੇ ਬੈਠ ਗਿਆ, ਹੁਕਮ ਲਿਆ ਗਿਆ ਤੇ ਅਖੰਡ ਪਾਠ ਆਰੰਭ ਹੋ ਗਿਆ। ਸਿਰੀ ਜਪੁਜੀ ਦੇ ਪਾਠ ਦੇ ਭੋਗ ਤੇ ਦੇਗ ਵਰਤਾਈ ਗਈ। ਦੇਗ ਕੜਾਹ ਪ੍ਰਸ਼ਾਦ ਦੀ ਬਾਬਾ ਰਾਮ ਸਿੰਘ ਜੀ ਨੇ ਆਪਣੀ ਹੱਥੀਂ ਸਜਾਈ ਸੀ ਅਤੇ ਵਰਤਾਈ ਵੀ ਉਨ੍ਹਾਂ ਨੇ। ਪੰਜਾਂ ਪਿਆਰਿਆਂ ਨੂੰ ਛਾਂਦਾ ਦੇ ਕੇ ਪਹਿਲਾਂ ਉਸ ਦੇ ਹੱਥਾਂ ਤੇ ਕੜਾਹ ਪ੍ਰਸ਼ਾਦ ਦਾ ਗੱਫਾ ਧਰ ਕੇ ਬਾਬਾ ਜੀ ਨੇ ਆਖਿਆ, "ਇਹ ਪੰਚਾ-ਅੰਮ੍ਰਿਤ ਹੈ, ਔਖਧੀਆਂ ਸਿਰ ਸੱਚੀ ਔਖਧੀ ਹੈ, ਇਸ ਨੂੰ ਛਕੋ।" ਛਕਣ ਦੀ ਦੇਰ ਹੀ ਸੀ ਕਿ ਉਸ ਦੇ ਸਰੀਰ ਵਿਚ ਸਾਵਧਾਨਤਾ ਹੋ ਗਈ ਅਤੇ ਕਹਿਣ ਲਗਾ ਕਿ ਮੈਨੂੰ ਹੁਣ ਪਕੜੋ ਨਹੀਂ, ਮੈਂ ਆਪ ਬੈਠ ਸਕਦਾ ਹਾਂ। ਸਤਿਗੁਰੂ ਜੀ ਦੀ ਐਸੀ ਅਪਾਰ ਕਿਰਪਾ ਹੋਈ ਕਿ ਅਖੰਡ ਪਾਠ ਦੇ ਭੋਗ ਉਪਰ ਬਿਲਕੁਲ ਨਵਾਂ ਨਰੋਆ ਹੋ ਗਿਆ ਅਤੇ ਤੁਰਨ ਫਿਰਨ ਲਗ ਪਿਆ। ਲੋਕੀਂ ਦੇਖ ਕੇ ਦੰਗ ਰਹਿ ਗਏ। ਡਾਕਟਰ ਹਕੀਮ ਵੀ ਸੁਣ ਕੇ ਦੰਗ ਹੋ ਗਏ। ਗੱਲ ਕੀ, ਸਾਰੇ ਪਰਵਾਰ ਨੇ ਮਿਲ ਕੇ ਅੰਮ੍ਰਿਤ ਛਕਿਆ।

"ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥"*

ਇਸ ਸ਼ਬਦ ਦਾ ਕੀਰਤਨ ਉਨ੍ਹਾਂ ਸਾਰਿਆਂ ਨੇ ਮਿਲ ਕੇ ਕੀਤਾ। ਇਸ ਖ਼ੁਸ਼ੀ ਵਿਚ ਉਸ ਨੇ ਲੰਗਰ ਚਲਾਏ ਅਤੇ ਰਾਜ਼ੀ ਬਾਜ਼ੀ ਹੋ ਮੁੜ ਟਾਪੂਆਂ ਨੂੰ ਚਲਾ ਗਿਆ, ਤੇ ਬਾਬਾ ਰਾਮ ਸਿੰਘ ਜੀ ਦੀ, ਖ਼ਾਸ ਕਰ ਸਾਰੇ ਜਥੇ ਦੀ ਆਮ ਤੌਰ ਤੇ ਧੰਨ ਧੰਨ ਹੋਣ ਲਗ ਪਈ। ਬਾਬਾ ਜੀ ਨੇ ਸਲਾਹ ਦਿਤੀ ਕਿ ਚਲੋ ਅਸੀਂ ਏਥੋਂ ਹੁਣ ਚਲੀਏ, ਇਹ ਧੰਨ ਧੰਨ ਕੰਨੀਂ ਨਹੀਂ ਸੁਣਨੀ। ਇਹ ਇਕ ਵੰਨਗੀ ਹੈ, ਉਨ੍ਹਾਂ ਦੇ ਉਦਾਰ-ਚਿਤ ਦੀ ਤੇ ਉਸਤਤ ਨਿੰਦਾ ਤੋਂ ਅਲੇਪ ਰਹਿਣ ਦੇ ਜੀਵਨ ਦੀ।

ਇਸ ਜੋੜੀ ਦੇ ਪਿਛਲੇ ਸਮੇਂ ਦੀ ਵਾਰਤਾ (ਜਦੋਂ ਅਸੀਂ ਜੇਲ੍ਹ ਅੰਦਰ ਸਾਂ)

---

* ਗਉੜੀ ਕਬੀਰ ਜੀ, ਪੰਨਾ ੩੩੭



ਅਨੇਕ ਪ੍ਰਕਾਰੀ ਸਾਡੀ ਸੁਪਤਨੀ ਕਰਤਾਰ ਕੌਰ ਆਪਣੀ ਜ਼ਬਾਨੀ ਵਰਨਣ ਕਰ ਕੇ ਜਦੋਂ ਦਸਦੀ ਸੀ, ਤਾਂ ਅਸੀਂ ਵਜਦ ਵਿਚ ਆ ਜਾਂਦੇ ਸਾਂ। ਉਹ ਬ੍ਰਿਹੋਂ-ਕਹਾਣੀਆਂ ਵੀ ਜੇ ਅੰਕਿਤ ਕੀਤੀਆਂ ਜਾਣ ਤਾਂ ਬੜਾ ਵਿਸਥਾਰ ਹੋ ਜਾਂਦਾ ਹੈ। ਇਸ ਲਈ ਏਥੇ ਬਸ ਕੀਤਾ ਜਾਂਦਾ ਹੈ:-

**ਜੋੜੀ ਪਰਮ ਅਨੂਪ ਗੁਰ ਸੇਵਕਾਂ ਦੀ-**

ਸੇਵਾ ਪ੍ਰੇਮ ਮੂਰਤ ਮਾਈ ਪ੍ਰੇਮ ਕੌਰਾਂ,
ਬਾਬਾ ਰਾਮ ਸਿੰਘ ਰੂਪ ਸਿਵਕੋਲਿਆਂ ਦਾ।
ਜੋੜੀ ਪਰਮ ਅਨੂਪ ਗੁਰ ਸੇਵਕਾਂ ਦੀ,
ਨਕਸ਼ਾ ਪੁਰਾਤਨੀ ਸੇਵ ਪ੍ਰੇਮੋਲਿਆਂ ਦਾ।
ਨਾਮ ਜਪਣਾ ਕ੍ਰਿਤ ਕਰ ਵੰਡ ਛਕਣਾ,
ਨਿਭਿਆ ਨੇਮ ਦੰਪਤਿ ਬਜ਼ੁਰਗੋਲਿਆਂ ਦਾ।।੩੬੬॥
ਘਰੋਂ ਗਰੀਬ ਗੁਜ਼ਰਾਨ ਸੰਤੋਖੀਆਂ ਦੀ,
ਸਬਰ ਸ਼ੁਕਰ ਨਿਰਇੱਛ ਫ਼ਕਰੋਲਿਆਂ ਦਾ।
ਰਾਜ਼ਕ ਰਿਜ਼ਕ ਰੱਜੇ ਰਾਜੇ ਬੇਮੁਥਾਜੇ,
ਘਰ ਹਰਿਨਾਮ ਧਨ ਗੁਰ ਨਿਧਾਨੋਲਿਆਂ ਦਾ।
ਸੱਚੀ ਪਾਦਸ਼ਾਹੀ ਬੇਪ੍ਰਵਾਹੀਆਂ ਦੀ,
ਸੱਚਾ ਸੁਖ ਬੇਫ਼ਿਕਰ ਸ਼ਾਹੋਲਿਆਂ ਦਾ।
ਸੱਚੀ ਪੂੰਜੜੀ ਨਾਮ ਨਿਧਾਨ ਕੇਰੀ,
ਖ਼ਤਰਾ ਖ਼ੌਫ਼ ਨਾ ਡਰ ਤਸਕਰੋਲਿਆਂ ਦਾ।। ੩੬੭॥
ਸਚੇ ਸ਼ਾਹ ਧਨਵੰਤ ਸਚੁ ਪੂੰਜੀਆਂ ਦੇ,
ਨਾਮ ਸਚੜਾ ਧਨ ਨਿਰਧਨੋਲਿਆਂ ਦਾ।
ਨਿਰਧਨ ਨਾਹਿ ਜਿਨ ਸੰਚਿਆ ਨਾਮ ਸਚਾ,
ਹਰਿ ਜਨ ਸ਼ਾਹੁ ਸਚਾ ਸਰਧਨੋਲਿਆਂ ਦਾ।
ਥੱਕੀ ਗੱਲ ਨਿਰਧਨਾਂ ਸਰਧਨਾਂ ਵਾਲੀ,
ਨਿਆਰਾ ਅੰਗ ਧਨੀ ਹਰਿ-ਜਨੋਲਿਆਂ ਦਾ।
ਸਗਲ ਸ੍ਰਿਸ਼ਟ ਦੇ ਧਨਾਂ ਦੇ ਧਨੀ ਸਚੇ,
ਹੀਰਾ ਹੱਥ ਜਿਨ ਨਾਮ ਨਿਰਮੋਲਿਆਂ ਦਾ॥ ੩੬੮॥
ਘਾਲ ਗਾਖੜੀ ਨਾਮ ਕਮਾਈਆਂ ਦੀ,
ਮੇਵਾ ਨਾਮ ਸੇਵਾ ਘਾਲੜੋਲਿਆਂ ਦਾ।
ਕਰੜੀ ਸੇਵ ਕੀਨੀ ਗੁਰੂ ਸੰਗਤਾਂ ਦੀ,

ਤਰਿਆ ਬਿਰਧ ਜੋੜਾ ਦੰਪਤੋਲਿਆਂ ਦਾ।
ਮਾਈ ਪ੍ਰੇਮ ਕੌਰ ਨਿਮ੍ਰਤਾ ਪ੍ਰੇਮ ਖੀਵੀ,
ਸੀਤਲ ਹਿਰਦ ਦੁਹਿ ਸਾਂਤ ਬਿਰਧੋਲਿਆਂ ਦਾ।
ਲਾਲ ਗੁਰੂ ਕੇ ਰੰਗਲੇ ਫੁਲ ਬਾਂਕੇ,
ਕਰਨਾ ਜ਼ਿਕਰ ਮੁਹਾਲ ਫੁਲਝੋਲਿਆਂ ਦਾ॥ ੩੬੯॥

(ਜੋਤਿ ਵਿਗਾਸ)

-0-

## ਬਾਬਾ ਜੀ ਦੇ ਜੀਵਨ ਦੇ ਹੋਰ ਸਮਾਚਾਰ*

ਬਾਬਾ ਰਾਮ ਸਿੰਘ ਜੀ ਖਾਲਸਾ ਪੰਥ ਦੇ ਉਨ੍ਹਾਂ ਪ੍ਰੇਮੀ ਤੇ ਸਿਦਕੀ ਸਿੰਘਾਂ ਵਿਚੋਂ ਸਨ, ਜੋ ਇਸ ਰੰਗ-ਭੂਮੀ ਵਿਚ ਗੁਰੂ ਸਾਹਿਬ ਦੇ ਭਰੋਸੇ, ਸੇਵਾ ਭਾਵ, ਨਾਮ ਜਪਣ ਤੇ ਜੇਲ੍ਹਾਂ ਦੇ ਕਸ਼ਟ ਸਹਾਰਨ ਆਦਿ ਦੇ ਪੂਰਨੇ ਪਾ ਕੇ ਆਪਣੀ ਜੀਵਨ-ਯਾਤਰਾ ਸਫਲ ਕਰ ਗਏ, ਪਰ ਉਨ੍ਹਾਂ ਨੇ ਮਾਣ ਵਡਿਆਈ ਤੇ ਜਗਤ ਪ੍ਰਸਿਧੀ ਦਾ ਕਦੇ ਖ਼ਿਆਲ ਤਕ ਨ ਕੀਤਾ। ਅਜਿਹੇ ਗੁਰਮੁਖਾਂ ਪ੍ਰਥਾਇ ਹੀ ਏਹ ਗੁਰਵਾਕ ਘਟਦਾ ਹੈ:-

"ਕੋਇ ਨ ਜਾਨੈ ਕੋਇ ਨਾ ਮਾਨੈ ਸੇ ਪਰਗਟੁ ਹਰਿਦੁਆਰੇ॥"

ਬਾਬਾ ਜੀ ਇਸ ਸੰਸਾਰ ਵਿਚ ਨਹੀਂ, ਪਰ ਜਿਸ ਤਰ੍ਹਾਂ ਉਨ੍ਹਾਂ ਨੇ ਰਹਿਤ ਬਹਿਤ ਦੀ ਧਾਰਨਾ ਵਿਚ ਪਰਪੱਕ ਰਹਿ ਕੇ ਪੰਥ, ਦੇਸ਼, ਕੌਮ ਦੀ ਸੇਵਾ ਕਰਦੇ ਤੇ ਜੇਲ੍ਹਾਂ ਦੇ ਕਸ਼ਟ ਸਹਾਰਦੇ ਹੋਏ ਆਪਣਾ ਜੀਵਨ ਸਫਲ ਕੀਤਾ, ਉਹ ਇਸ ਗੱਲ ਦੀ ਮੰਗ ਕਰਦਾ ਹੈ ਕਿ ਆਪ ਦੇ ਜੀਵਨ ਦੇ ਤਰਦੇ ਤਰਦੇ ਹਾਲਾਤ ਲਿਖਤ ਵਿਚ ਲਿਆ ਕੇ ਪ੍ਰਕਾਸ਼ਤ ਕੀਤੇ ਜਾਣ, ਤਾਂਕਿ ਅਜਿਹੇ ਗੁਰਮੁਖਾਂ ਦੀ ਸ਼ੁਭ ਕਰਣੀ ਦੀ ਇਤਿਹਾਸਕ ਮਿਸਾਲ ਕਾਇਮ ਰਹੇ।

ਬਾਬਾ ਰਾਮ ਸਿੰਘ ਜੀ ਪਿੰਡ ਫਲੇਵਾਲ ਤਸੀਲ ਤੇ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਜੀ ਦਾ ਨਾਮ ਭਾਈ ਸਾਹਿਬ ਸਿੰਘ ਸੀ। ਆਪ ਪਹਿਲੀ ਉਮਰ ਵਿਚ ਆਪਣੇ ਪਿਤਾ ਨਾਲ ਘਰ ਖੇਤੀ ਬਾੜੀ ਦਾ ਕੰਮ ਕਰਦੇ ਰਹੇ। ੧੮ ਸਾਲ ਦੀ ਉਮਰ ਵਿਚ ਰਿਆਸਤ ਜੀਂਦ ਦੀ ਰਾਜਧਾਨੀ ਸ਼ਹਿਰ ਸੰਗਰੂਰ ਵਿਚ ਰਸਾਲੇ ਵਿਚ ਭਰਤੀ ਹੋ ਗਏ। ਪੰਦਰ੍ਹਾਂ ਸਾਲ ਫ਼ੌਜ ਵਿਚ ਨੌਕਰੀ ਕੀਤੀ ਤੇ ਅਸਤੀਫ਼ਾ ਦੇ ਕੇ ਘਰ ਆ ਗਏ। ਆਪ ਗੱਤਕੇ ਦੇ ਅੱਵਲ ਦਰਜੇ ਦੇ ਖਿਲਾੜੀ ਸਨ। ਇਕ ਵਾਰ ਪਲਟਣਾਂ ਤੇ ਰਸਾਲਿਆਂ ਦਾ ਹੋਰ ਖੇਡਾਂ ਦੇ ਨਾਲ ਗੱਤਕੇ-ਬਾਜ਼ੀ ਦਾ ਮੈਚ ਭੀ ਹੋਇਆ। ਆਪ ਏਸ ਖੇਡ ਵਿਚ ਸਭ ਤੋਂ ਵਧ ਕੇ ਰਹੇ। ਆਪ ਨੂੰ ਇਕ ਤਲਵਾਰ ਤੇ ਛੱਤੀ (੩੬) ਰੁਪਏ ਨਕਦ ਇਨਾਮ ਮਿਲੇ।

* ਬਾਬਾ ਜੀ ਦੇ ਜੀਵਨ ਦੇ ਹੋਰ ਸਮਾਚਾਰ ਗਯਾਨੀ ਨਾਹਰ ਸਿੰਘ ਜੀ ਨੇ ਅੰਕਤ ਕੀਤੇ ਹਨ।



## ਜੀਉਣ ਮੌੜ ਨਾਲ ਟਾਕਰਾ ਤੇ ਡੋਗਰ ਦੀ ਮੌਤ ਦੇ ਅੱਖੀਂ ਡਿੱਠੇ ਹਾਲ-

ਜੀਉਣਾ ਨਾਮੇ ਇਕ ਡਾਢਾ ਬਹਾਦਰ ਧਾੜਵੀ ਮਾਲਵੇ ਵਿਚ ਹੋ ਚੁਕਾ ਹੈ। ਇਸ ਦਾ ਪਿੰਡ ਮੌੜ ਰਿਆਸਤ ਜੀਂਦ ਵਿਚ ਸੰਗਰੂਰਾਂ ਤੋਂ ਥੋੜੀ ਦੂਰ ਹੈ। ਮੌੜ ਪਿੰਡ ਦਾ ਵਸਨੀਕ ਤੇ ਗੋਤ ਮੌੜ ਹੋਣ ਕਰਕੇ ਜੀਉਣਾ ਮੌੜ ਕਰਕੇ ਪ੍ਰਸਿੱਧ ਹੋਇਆ। ਇਸ ਦੀ ਸੂਰਮਗਤੀ, ਉਦਾਰਤਾ, ਖੁਲ੍ਹ-ਦਿਲੀ ਤੇ ਹੋਰ ਕਈ ਖ਼ੂਬੀਆਂ ਸੰਬੰਧੀ ਬਹੁਤ ਕਹਾਣੀਆਂ ਦੇਸ਼ ਵਿਚ ਪ੍ਰਚਲਤ ਹਨ। ਆਮ ਸਾਧਾਰਨ ਕਵੀਆਂ ਨੇ ਬਹੁਤ ਸਾਰੇ ਕਿੱਸੇ ਜੀਉਣੇ ਮੌੜ ਸੰਬੰਧੀ ਬਣਾਏ ਹੋਏ ਹਨ, ਜਿਨ੍ਹਾਂ ਵਿਚ ਜੀਉਣੇ ਮੌੜ ਦੇ ਹਾਲਾਤ ਨੂੰ ਐਵੇਂ ਅਟਕਲ-ਪੱਚੂ ਗੱਲਾਂ ਦੇ ਆਧਾਰ ਪਰ ਲਿਖਿਆ ਹੈ, ਖ਼ਾਸ ਕਰ ਡੋਗਰ ਦੀ ਮੌਤ ਦੇ ਹਾਲਾਤ ਨੂੰ ਤਾਂ ਹੋਰ ਹੀ ਰੰਗ ਦਿਤਾ ਗਿਆ ਹੈ। ਜੀਉਣੇ ਦੀ ਸੰਖੇਪ ਵਿਥਿਆ ਇਉਂ ਹੈ ਕਿ ਜੀਉਣੇ ਦਾ ਵਡਾ ਭਾਈ ਕਿਸ਼ਨਾ ਧਾੜਵੀ ਸੀ ਤੇ ਉਸਦੀ ਡੋਗਰ ਨਾਮੇ ਇਕ ਚਲਤੇ ਪੁਰਜ਼ੇ ਆਦਮੀ ਨਾਲ ਮਿਤਰਾ-ਚਾਰੀ ਸੀ। ਡੋਗਰ ਨੇ ਵਿਸਾਹ-ਘਾਤ ਕਰਕੇ ਕਿਸ਼ਨੇ ਨੂੰ ਗ੍ਰਿਫ਼ਤਾਰ ਕਰਾ ਦਿਤਾ ਤੇ ਇਉਂ ਮਿਤਰ-ਧਰੋਹੀ ਬਣਿਆ। ਕਿਸ਼ਨਾ ਕੈਦ ਦੀ ਸਜ਼ਾ ਪਾ ਕੇ ਕਾਲੇ ਪਾਣੀ ਪਹੁੰਚ ਗਿਆ। ਉਥੋਂ ਉਸ ਨੇ ਆਪਣੇ ਭਾਈ ਜੀਉਣੇ ਨੂੰ ਡੋਗਰ ਤੋਂ ਬਦਲਾ ਲੈਣ ਲਈ ਚਿੱਠੀ ਵਿਚ ਪ੍ਰੇਰਨਾ ਕੀਤੀ। ਇਸੇ ਸਬੱਬ ਕਰਕੇ ਜੀਉਣਾ ਤੇ ਕਿਸ਼ਨੇ ਦਾ ਪੁਤਰ ਵੀ ਧਾੜਵੀ ਬਣੇ। ਉਹ ਉਂਞ ਸੁਭਾਵਕ ਤੌਰ ਪਰ ਧਾੜਵੀ ਨਹੀਂ ਸਨ।

ਜੀਉਣੇ ਦੀ ਬਾਬਤ ਮਸ਼ਹੂਰ ਹੈ ਕਿ ਉਹ ਆਮ ਲੋਕਾਂ ਤੇ ਗਰੀਬਾਂ ਨੂੰ ਸਤਾਇਆ ਨਹੀਂ ਕਰਦਾ ਸੀ। ਉਸਦਾ ਮੁਖ ਪ੍ਰਯੋਜਨ ਡਾਕੇ ਮਾਰਨਾ ਨਹੀਂ ਸੀ, ਸਿਰਫ਼ ਡੋਗਰ ਨੂੰ ਮਾਰ ਕੇ ਆਪਣੇ ਭਾਈ ਕਿਸ਼ਨੇ ਦਾ ਬਦਲਾ ਲੈਣਾ ਸੀ। ਜਿਸ ਤਰ੍ਹਾਂ ਡੋਗਰ ਮਾਰਿਆ ਗਿਆ ਤੇ ਜਿਵੇਂ ਇਹ ਘਟਨਾ ਵਾਪਰੀ, ਉਸ ਦੀ ਵਿਥਿਆ ਬਾਬਾ ਰਾਮ ਸਿੰਘ ਜੀ ਨੇ ਲਿਖਾਰੀ ਪਾਸ ਆਪਣੇ ਅੱਖੀਂ ਡਿਠੇ ਹਾਲ ਦੇ ਆਧਾਰ ਪਰ ਇਉਂ ਬਿਆਨ ਕੀਤੀ:-

"ਜਿਨ੍ਹੀਂ ਦਿਨੀਂ ਮਾਲਵੇ ਵਿਚ ਜੀਉਣੇ ਮੌੜ ਤੇ ਹੋਰ ਦੂਲੋ ਆਦਿ ਧਾੜਵੀਆਂ ਦਾ ਬਾਂਗਰ ਦੇਸ਼ ਇਲਾਕਾ ਘੱਗਰ ਵਿਚ ਜ਼ੋਰ ਸੀ, ਉਨ੍ਹੀਂ ਦਿਨੀਂ ਮਿਸਟਰ ਵਾਰਬਰਟਨ ਨਾਮੇ ਅੰਗਰੇਜ਼ ਪਟਿਆਲੇ ਵਿਚ ਪੁਲਿਸ ਜਰਨੈਲ ਸੀ ਤੇ ਖ਼ਾਸ ਕਰ ਅੰਗਰੇਜ਼ੀ ਤੇ ਰਿਆਸਤੀ ਇਲਾਕੇ ਦੇ ਨਾਮੀ ਨਾਮੀ ਧਾੜਵੀਆਂ ਦੀ ਤਫ਼ਤੀਸ਼, ਖੋਜ ਤੇ ਗ੍ਰਿਫ਼ਤਾਰੀ ਲਈ ਤਈਨਾਤ ਕੀਤਾ ਹੋਇਆ ਸੀ।

"ਜੀਉਣੇ ਦੀ ਗ੍ਰਿਫ਼ਤਾਰੀ ਲਈ ਪੁਲਿਸ ਅਫ਼ਸਰਾਂ ਨਾਲ ਰਿਆਸਤ ਜੀਂਦ ਦੇ ਰਸਾਲੇ ਦੇ ਸਵਾਰ ਦਸ ਦਸ ਪੰਦਰ੍ਹਾਂ ਪੰਦਰ੍ਹਾਂ ਦੀਆਂ ਟੋਲੀਆਂ ਵਿਚ ਵੰਡੇ ਹੋਏ ਸਨ। ਵਾਰਬਰਟਨ ਪਿੰਡ ਮੌੜ ਦੇ ਦਰਵਾਜ਼ੇ ਦੇ ਉੱਪਰ ਚੁਬਾਰੇ ਵਿਚ ਰਿਹਾ ਕਰਦਾ ਸੀ, ਦਰਵਾਜ਼ੇ ਦੇ ਇਰਦ ਗਿਰਦ ਬੜੇ ਬੜੇ ਝਾਫੇ ਲਾ ਕੇ ਵਾੜ ਕੀਤੀ ਹੋਈ ਸੀ ਤੇ ਸਖ਼ਤ ਪੁਲਿਸ ਪਹਿਰਾ ਰਹਿੰਦਾ ਸੀ, ਤਾਂਕਿ ਜੀਉਣਾ ਆ ਕੇ ਹਮਲਾ ਨਾ ਕਰ ਜਾਵੇ। ਪਿੰਡ ਦੇ ਉਦਾਲੇ ਵੀ ਸਖ਼ਤ ਪਹਿਰਾ ਰਖਿਆ ਜਾਂਦਾ ਸੀ। ਫੇਰ ਭੀ ਪਿੰਡ ਦੇ ਲੋਕ ਜੀਉਣੇ ਨਾਲ ਮੇਲ ਰਖਦੇ ਸਨ। ਉਹ ਕਈ ਵਾਰ ਆਪਣੇ ਘਰ ਆ ਜਾਇਆ ਕਰਦਾ ਤੇ ਪੁਲੀਸ ਦੇ ਪਹਿਰੇ ਦੇ ਹੁੰਦਿਆਂ ਸਾਰੀ ਰਾਤ ਪਿੰਡ ਵਿਚ ਰਹਿ ਕੇ ਸਵੇਰੇ ਹੀ ਚਲਿਆ ਜਾਂਦਾ।

"ਜਿਸ ਥਾਣੇਦਾਰ ਨਾਲ ਅਸੀਂ ਦਸ ਸਵਾਰ ਲਗੇ ਹੋਏ ਸੀ, ਉਹ ਇਕ ਚੰਗਾ ਪ੍ਰੇਮੀ ਭਜਨੀਕ ਚਿਟੇ ਦਾੜ੍ਹੇ ਵਾਲਾ ਢਲਦੀ ਉਮਰ ਦਾ ਸਿਖ ਥਾਣੇਦਾਰ ਸੀ। ਮਾਲਾ ਹਮੇਸ਼ਾ ਉਸ ਦੇ ਕੋਲ

WWW.AKJ.ORG


ਹੁੰਦੀ ਸੀ। ਇਕ ਦਿਨ ਡੋਗਰ ਨੇ ਆ ਕੇ ਉਸ ਪਾਸ ਰਪੋਟ ਕੀਤੀ ਕਿ ਅੱਜ ਫ਼ਲਾਣੇ ਥਾਂ ਉੱਚੀ ਦੈੜ ਪਰ ਜੰਗਲ ਵਿਚ ਜੀਉਣਾ ਮੌੜ ਉਤਰਿਆ ਹੋਇਆ ਹੈ, ਤੁਸੀਂ ਆਪਣੇ ਸਾਥੀਆਂ ਸਮੇਤ ਉਸ ਨੂੰ ਫੜਨ ਲਈ ਚਲੋ ਤੇ ਮੈਂ ਤੁਹਾਡੇ ਨਾਲ ਚਲਦਾ ਹਾਂ। ਥਾਣੇਦਾਰ ਨੇ ਕਿਹਾ ਕਿ ਸਾਡੇ ਪਾਸ ਤਾਕਤ ਨਹੀਂ, ਆਦਮੀ ਘਟ ਹਨ, ਪਿਛੋਂ ਕੁਮਕ ਮੰਗਵਾਏ ਬਿਨਾਂ ਉਸ ਦਾ ਮੁਕਾਬਲਾ ਠੀਕ ਨਹੀਂ। ਪਰ ਡੋਗਰ ਨੇ ਹਠ ਕੀਤਾ, ਥਾਣੇਦਾਰ ਨੂੰ ਜਾਣਾ ਪਿਆ ਤੇ ਅਸੀਂ ਰਸਾਲੇ ਦੇ ਸਵਾਰ ਉਸ ਦੇ ਨਾਲ ਗਏ।

"ਡੋਗਰ ਘੋੜੇ ਪਰ ਸਾਡੇ ਅਗੇ ਅਗੇ ਜਾ ਰਿਹਾ ਸੀ। ਜਦ ਅਸੀਂ ਉਸ ਦੈੜ ਪਾਸ ਪਹੁੰਚੇ ਤਾਂ ਜੀਉਣਾ, ਉਸ ਦਾ ਭਤੀਜਾ ਤੇ ਇਕ ਹੋਰ ਆਦਮੀ ਤਿੰਨੇ ਬੈਠੇ ਸਨ। ਉਨ੍ਹਾਂ ਦੀਆਂ ਘੋੜੀਆਂ ਚਰ ਰਹੀਆਂ ਸਨ। ਜੀਉਣੇ ਨੇ ਸਾਨੂੰ ਦੇਖ ਕੇ ਆਪਣੇ ਭਤੀਜੇ ਨੂੰ ਕਿਹਾ:-

"ਹੁਣ ਕੀ ਦੇਖਦਾ ਹੈਂ, ਉਹ ਤਾਂ ਆ ਗਏ।"

"ਇਤਨੀ ਗੱਲ ਸੁਣਦੇ ਸਾਰ ਉਸ ਦੇ ਭਤੀਜੇ ਨੇ ਡੋਗਰ ਵਲ ਸ਼ਿਸ਼ਤ ਬੰਨ੍ਹ ਕੇ ਗੋਲੀ ਚਲਾਈ। ਏਧਰੋਂ ਸਾਡੇ ਵਲੋਂ ਭੀ ਇਕ ਸਵਾਰ ਨੇ ਪਹਿਲਾਂ ਹੀ ਗੋਲੀ ਚਲਾ ਦਿਤੀ। ਪਰ ਸਾਡੀਆਂ ਬੰਦੂਕਾਂ ਨਿਕੰਮੀਆਂ ਹੋਈਆਂ ਹੋਈਆਂ ਸਨ, ਕਿਉਂਕਿ ਸਫ਼ਰ ਵਿਚ ਕਿਸੇ ਨੇ ਸਾਫ਼ ਭੀ ਨਹੀਂ ਕੀਤੀਆਂ ਸਨ। ਸਾਡੇ ਸਵਾਰ ਦੀ ਗੋਲੀ ਨਿਸਫਲ ਹੀ ਗਈ, ਪਰ ਜੀਉਣੇ ਦੇ ਭਤੀਜੇ ਦੀ ਗੋਲੀ ਆਪਣਾ ਕੰਮ ਕਰ ਗਈ ਤੇ ਡੋਗਰ ਨੂੰ ਪਰਲੋਕ ਦੇ ਰਸਤੇ ਤੋਰ ਗਈ। ਉਨ੍ਹਾਂ ਗੋਲੀ ਦਾ ਇਕੋ ਫ਼ਾਇਰ ਕੀਤਾ ਤੇ ਡੋਗਰ ਨੂੰ ਡਿਗਦੇ ਦੇਖ ਕੇ ਆਪੋ ਆਪਣੀਆਂ ਘੋੜੀਆਂ ਪਰ ਚੜ੍ਹ ਪਤਰਾ ਵਾਚ ਗਏ। ਸਾਨੂੰ ਥਾਣੇਦਾਰ ਨੇ ਕਿਹਾ, "ਅਸੀਂ ਏਸ ਅੱਲ੍ਹੜ ਨੂੰ ਬਥੇਰਾ ਸਮਝਾ ਰਹੇ ਕਿ ਮੌਕਾ ਠੀਕ ਨਹੀਂ, ਪਰ ਇਹ ਨ ਮੰਨਿਆ, ਓੜਕ ਆਪਣੀ ਜਾਨ ਖੋ ਬੈਠਾ। ਹੁਣ ਤੁਸੀਂ ਏਧਰ ਝਾੜਾਂ ਵਿਚ ਗੇੜਾ ਖਾ ਕੇ ਡੋਗਰ ਦੇ ਪਿੰਡ ਨੂੰ ਵਾਪਸ ਆਓ ਤੇ ਏਸ ਦੀ ਲੋਥ ਨੂੰ ਪਿੰਡ ਪੁਚਾਓ। ਮੈਂ ਪਿੰਡ ਜਾ ਕੇ ਅਫ਼ਸਰਾਂ ਪਾਸ ਰਪੋਟ ਕਰਦਾ ਹਾਂ।"

ਇਸ ਤੋਂ ਪਿਛੋਂ ਜੀਉਣਾ ਨੈਣਾਂ ਦੇਵੀ ਦੇ ਮੇਲੇ ਪਰ ਫੜਿਆ ਗਿਆ ਤੇ ਹਿਸਾਰ ਜੇਲ੍ਹ ਵਿਚ ਫਾਂਸੀ ਦਿਤਾ ਗਿਆ। ਉਸ ਦਾ ਭਤੀਜਾ ਵੀ ਕੈਦ ਹੋਇਆ।

## ਸਤਿਸੰਗ-ਭਜਨ, ਪੰਥ ਸੇਵਾ-

ਪਿੰਡ ਆ ਕੇ ਬਾਬਾ ਜੀ ਖੇਤੀ ਬਾੜੀ ਦੀ ਕਿਰਤ ਭੀ ਕਰਦੇ ਰਹੇ, ਪਰ ਆਪ ਦੀ ਨਿਤ ਕ੍ਰਿਆ ਇਹ ਸੀ ਕਿ ਸਦਾ ਤੜਕੇ (ਅੰਮ੍ਰਿਤ ਵੇਲੇ) ਬਾਣੀ ਦੇ ਪਾਠ ਤੇ ਨਾਮ ਅਭਿਆਸ ਦਾ ਅਨੰਦ ਲੈਂਦੇ। ਆਪ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਖ਼ਾਸ ਪ੍ਰੇਮੀਆਂ ਵਿਚੋਂ ਸਨ। ਅਖੰਡ ਪਾਠਾਂ ਤੇ ਦੀਵਾਨਾਂ ਦੇ ਸਮਾਗਮਾਂ ਵਿਚ ਸਦਾ ਭਾਈ ਸਾਹਿਬ ਦੇ ਨਾਲ ਰਹਿੰਦੇ। ਲੰਗਰ ਦਾ ਪ੍ਰਬੰਧ ਆਪ ਦੇ ਹੱਥ ਹੁੰਦਾ ਸੀ ਤੇ ਆਪ ਇਹ ਸੇਵਾ ਬੜੇ ਪ੍ਰੇਮ ਨਾਲ ਨਿਬਾਹੁੰਦੇ। ਕਦੇ ਅੱਕਦੇ ਨਹੀਂ, ਚਾਹੇ ਕਿਤਨੀ ਖੇਚਲ ਹੋਵੇ, ਸਦਾ ਪ੍ਰਸੰਨ-ਚਿਤ ਸੇਵਾ ਕਰਦੇ। ਸਰੀਰ ਭਾਵੇਂ ਬ੍ਰਿਧ ਸੀ, ਪਰ ਬੜੇ ਪੌਰਖੀ ਤੇ ਹਿੰਮਤੀ ਸਨ। ਤਬੀਅਤ ਨਰਮ, ਸੁਭਾਉ ਬੜਾ ਠੰਡਾ ਤੇ ਮਿੱਠਾ, ਹਰ ਇਕ ਗੱਲ ਨੂੰ ਲੰਬੀ ਸੋਚ ਨਾਲ ਵਿਚਾਰਨ ਵਾਲੇ ਸੀ। ਆਪ ਦਾ ਸਰੀਰ ਮਧਰਾ, ਅੰਗ ਪਤਲੇ, ਦਾੜ੍ਹਾ ਲੰਬਾ ਸੀ, ਚੇਹਰਾ ਸ਼ਾਂਤੀ ਤੇ ਗੰਭੀਰਤਾ ਦਾ ਅਸਰ ਪਾਉਂਦਾ ਸੀ ਤੇ ਗੱਲ ਬਾਤ ਵਿਚ ਬੜਾ ਪ੍ਰੇਮ ਤੇ ਰਸ ਸੀ।

## ਜੇਲ੍ਹ-ਯਾਤਰਾ -

ਅਖੰਡ ਪਾਠਾਂ, ਕੀਰਤਨ ਸਮਾਗਮਾਂ, ਦੀਵਾਨਾਂ ਦੇ ਲਾਹੇ ਲੈਣ ਤੇ ਸੇਵਾ ਵਿਚ ਦਸ ਬਰਸ



ਦਾ ਸਮਾਂ ਲੰਘ ਗਿਆ। ਫੇਰ ਉਹ ਸਮਾਂ ਆ ਗਿਆ ਜਦ ਆਪ ਨੂੰ ਦੇਸ਼-ਸੇਵਾ ਤੇ ਗੁਰਦੁਆਰਾ ਰਕਾਬ ਗੰਜ ਦੇ ਸੰਬੰਧ ਵਿਚ ਪਿਛਲੀ ਉਮਰੇ ਜੇਲ੍ਹ-ਯਾਤਰਾ ਕਰਨੀ ਪਈ। ੧੯੧੪ ਈ: ਵਿਚ ਗੁਰਦੁਆਰਾ ਰਕਾਬ ਗੰਜ ਦਾ ਸਵਾਲ ਛਿੜਿਆ ਤੇ ਇਸੇ ਸਾਲ ਬਹੁਤ ਸਾਰੇ ਕੈਨੇਡੀਅਨ ਤੇ ਅਮਰੀਕਨ ਸਜਣ ਦੇਸ਼-ਸੇਵਾ ਨਮਿਤ ਪ੍ਰਦੇਸਾਂ ਤੋਂ ਆਏ, ਜਿਨ੍ਹਾਂ ਵਿਚੋਂ ਬਹੁਤ ਸਾਰੇ ਨਜ਼ਰਬੰਦ ਕੀਤੇ ਗਏ, ਬਹੁਤ ਸਾਰਿਆਂ ਨੂੰ ਉਸ ਜ਼ਮਾਨੇ ਦੇ ਪਹਿਲੇ, ਦੂਜੇ, ਤੀਜੇ ਮੁਕੱਦਮਾ ਸਾਜ਼ਸ਼ ਲਾਹੌਰ ਤੇ ਹੋਰ ਸਾਜ਼ਸ਼ ਦੇ ਮੁਕੱਦਮਿਆਂ ਵਿਚ ਗ੍ਰਿਫ਼ਤਾਰ ਹੋ ਕੇ ਫਾਂਸੀ, ਉਮਰ-ਕੈਦ ਆਦਿ ਦੀ ਸਜ਼ਾ ਹੋਈ। ਇਸ ਸਿਲਸਿਲੇ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ੧੯ ਮਈ, ੧੯੧੫ ਈ: ਨੂੰ ਨਾਭੇ ਨਜ਼ਰਬੰਦ ਹੋਏ ਤੇ ੧੪ ਜੂਨ ਨੂੰ ਲੁਧਿਆਣੇ ਲਿਆ ਕੇ ਗ੍ਰਿਫ਼ਤਾਰ ਕੀਤੇ ਗਏ। ਭਾਈ ਸਾਹਿਬ ਦੇ ਨਾਲ ਹੀ ਹੋਰ ਭੀ ਬਹੁਤ ਸਾਰੇ ਸਜਣ ਗ੍ਰਿਫ਼ਤਾਰ ਕੀਤੇ ਗਏ। ਪਹਿਲਾਂ ਆਪ ਨੂੰ ਲੁਧਿਆਣੇ ਕੋਤਵਾਲੀ ਵਿਚ ਤੇ ਫਿਰ ਜੇਲ੍ਹ ਵਿਚ ਰਖਿਆ ਗਿਆ। ਲੁਧਿਆਣਾ ਜੇਲ੍ਹ ਵਿਚ ਆਪ ਚਾਰ ਮਹੀਨੇ ਰਹੇ। ਇਸ ਸਮੇਂ ਵਿਚ ਮਹੀਨਾ ਭਰ ਆਪ ਸੰਗ੍ਰਹਿਣੀ ਨਾਲ ਬੀਮਾਰ ਰਹੇ। ਭਾਵੇਂ ਆਪ ਡਾਢੇ ਲਾਚਾਰ ਸਨ, ਪਰ ਫੇਰ ਭੀ ਆਪ ਨੂੰ ਜੇਲ੍ਹ ਹਸਪਤਾਲ ਵਿਚ ਭੇਜਣ ਦੀ ਥਾਂ ਕੋਠੀ ਵਿਚ ਰਖਿਆ ਗਿਆ। ਉਹ ਜ਼ਮਾਨਾ ਐਸਾ ਹੀ ਸੀ ਕਿ ਜੇਲ੍ਹਾਂ ਵਿਚ ਬੜੀ ਸਖਤੀ ਦਾ ਵਰਤਾਉ ਹੁੰਦਾ ਸੀ। ਰਾਜਸੀ ਮੁਕੱਦਮਿਆਂ ਦੇ ਹਵਾਲਾਤੀਆਂ ਨੂੰ ਬੀਮਾਰੀ ਦੀ ਹਾਲਤ ਵਿਚ ਭੀ ਹਸਪਤਾਲ ਨਹੀਂ ਭੇਜਦੇ ਸਨ। ਆਪ ਦੇ ਕੈਦ ਹੋਣ ਦੇ ਸਮੇਂ ਦੀ ਹਾਲਤ ਸੰਬੰਧੀ 'ਜੇਲ੍ਹ ਚਿੱਠੀਆਂ' ਦੇ ਦੂਜੇ ਹਿੱਸੇ ਵਿਚ ਜ਼ਿਕਰ ਹੈ।

੨੭ ਅਕਤੂਬਰ ੧੯੧੫ ਈ: ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਹੋਰ ਸਾਥੀਆਂ ਸਮੇਤ ਆਪ ਨੂੰ ਲੁਧਿਆਣੇ ਤੋਂ ਲਾਹੌਰ ਸੈਂਟ੍ਰਲ ਜੇਲ੍ਹ ਵਿਚ ਲੈ ਜਾਇਆ ਗਿਆ ਤੇ ਇਨ੍ਹਾਂ ਸਭਨਾਂ ਪਰ, ਜਿਨ੍ਹਾਂ ਦੀ ਗਿਣਤੀ ਸੌ ਦੇ ਲਗ ਭਗ ਸੀ, ਸੈਂਟ੍ਰਲ ਜੇਲ੍ਹ ਵਿਚ ਦੂਜਾ ਮੁਕੱਦਮਾ ਸਾਜ਼ਸ਼ ਲਾਹੌਰ ਤਿੰਨ ਜੱਜਾਂ ਦੀ ਅਦਾਲਤ ਵਿਚ ਸ਼ੁਰੂ ਹੋਇਆ, ਜਿਸ ਦਾ ਫ਼ੈਸਲਾ ੩੦ ਮਾਰਚ ੧੯੧੬ ਈ: ਨੂੰ ਸੁਣਾਇਆ ਗਿਆ। ਆਪ ਨੂੰ ਦਫ਼ਾ ੧੨੧ (ਓ) ਅਨੁਸਾਰ ਉਮਰ ਕੈਦ, ਕਾਲਾ ਪਾਣੀ ਤੇ ਜ਼ਬਤੀ ਜਾਇਦਾਦ ਦੀ ਸ਼ਜਾ ਹੋਈ। ੪ ਅਪ੍ਰੈਲ ੧੯੧੬ ਨੂੰ ਆਪ ਨੂੰ ਦਸ ਹੋਰ ਸਾਥੀਆਂ ਸਮੇਤ ਮਿੰਟਗੁਮਰੀ ਸੈਂਟ੍ਰਲ ਜੇਲ੍ਹ ਵਿਚ ਬਦਲ ਦਿਤਾ ਗਿਆ। ਆਪ ਅਕਸਰ ਕੋਠੀ-ਬੰਦ ਹੀ ਰਹੇ, ਪਰ ਸਦਾ ਆਪਣੇ ਸਾਥੀਆਂ ਨੂੰ ਦ੍ਰਿੜ੍ਹਤਾ ਤੇ ਅਡੋਲ ਰਹਿਣ ਦਾ ਉਪਦੇਸ਼ ਹੀ ਦਿੰਦੇ ਰਹੇ। ਆਪ ਨੇ ਆਪਣੀ ਕੈਦ ਦੇ ਦਿਨ ਬੜੇ ਹੌਂਸਲੇ ਤੇ ਹਿੰਮਤ ਨਾਲ ਗੁਜ਼ਾਰੇ। ਇਕ ਵਾਰ ਆਪ ਨੂੰ ਨਮੂਨੀਏ ਦਾ ਸਖ਼ਤ ਹਮਲਾ ਹੋਇਆ, ਪਰ ਬਚ ਗਏ। ਬ੍ਰਿਧ ਉਮਰ ਦੇ ਕਾਰਨ ਆਪ ਦੀ ਸਜ਼ਾ ਉਮਰ ਕੈਦ ਦੀ ਥਾਂ ਦੋ ਸਾਲ ਵਿਚ ਬਦਲ ਦਿਤੀ ਗਈ ਸੀ। ੧੯੧੮ ਈ: ਦੀਆਂ ਸਰਦੀਆਂ ਵਿਚ ਆਪ ਨੂੰ ਰਿਹਾ ਕਰ ਦਿਤਾ ਗਿਆ। ਪਰ ਰਿਹਾਈ ਸਮੇਂ ਆਪ ਨੂੰ ਆਪਣੇ ਕਿਸੇ ਸਾਥੀ ਨੂੰ ਮਿਲਣ ਦਾ ਮੌਕਾ ਨਾ ਦਿਤਾ ਗਿਆ।

## ਜੇਲ੍ਹ ਤੋਂ ਪਿਛੋਂ -

ਜੇਲ੍ਹ ਤੋਂ ਬਾਅਦ ਆਪ ਆਪਣੇ ਨਗਰ ਆ ਕੇ ਪਹਿਲਾਂ ਵਾਂਗ ਹੀ ਪੰਥ ਸੇਵਾ ਵਿਚ ਲਗ ਗਏ। ਦੀਵਾਨਾਂ ਵਿਚ ਜਾਂਦੇ ਤੇ ਸੇਵਾ ਕਰਦੇ ਰਹੇ। ਜਦ ਪਹਿਲੇ ਸ਼ਹੀਦੀ ਜਥੇ ਪਰ ਜੈਤੋ ਵਿਚ ਗੋਲੀ ਚਲੀ ਤਾਂ ਆਪ ਦੂਜੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਲਈ ਸ੍ਰੀ ਅੰਮ੍ਰਿਤਸਰ ਪਹੁੰਚੇ। ਆਪ ਨੂੰ ਸ਼ਰੋਮਣੀ ਕਮੇਟੀ ਨੇ ਜਥੇ ਵਿਚ ਭੇਜਣ ਤੋਂ ਨਾਂਹ ਕਰ ਦਿਤੀ। ਉਸ ਸਮੇਂ ਆਪ ਨੇ ਇਹ ਬਚਨ ਕਹੇ:-

"ਕੀ ਆਪ ਮੈਨੂੰ ਬ੍ਰਿਧ ਹੋਣ ਕਰਕੇ ਜਥੇ ਨਾਲ ਨਹੀਂ ਭੇਜਦੇ? ਆਪ ਦੇ ਕਈਆਂ ਜਵਾਨਾਂ

WWW.AKJ.ORG

ਨਾਲੋਂ ਮੈਂ ਤਕੜਾ ਹਾਂ। ਮੈਂ ਪੰਜ ਮੀਲ ਦੌੜ ਸਕਦਾ ਹਾਂ, ਦੋ ਮਣ ਭਾਰ ਚੁੱਕ ਸਕਦਾ ਹਾਂ, ਜੇਲ੍ਹ ਵਿਚ ਭੀ ਰਿਹਾ ਹਾਂ ਤੇ ਕਦੇ ਭੀ ਮਾਫ਼ੀ ਮੰਗ ਕੇ ਰਿਹਾ ਨਹੀਂ ਹੋਇਆ ਤੇ ਸਿੱਖੀ ਦੇ ਨਾਮ ਨੂੰ ਲਾਜ ਨਹੀਂ ਲਾਈ। ਮੈਨੂੰ ਭੀ ਸ਼ਹੀਦੀ ਪ੍ਰਾਪਤ ਕਰਨ ਵਾਸਤੇ ਜਾਣ ਦਿਓ। ਬਥੇਰਾ ਚਿਰ ਜੀਉ ਲਿਆ ਹੈ।"

ਆਪ ਦਾ ਇਹ ਬਿਆਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਸ ਸਮੇਂ ਦੇ ਛਪੇ ਹੋਏ ਟਰੈਕਟ 'ਜੈਤੋ ਸਮਾਚਾਰ' ਵਿਚ ਦਰਜ ਹੈ। ਆਪ ਨੂੰ ਸ਼ਰੋਮਣੀ ਕਮੇਟੀ ਨੇ ਜੈਤੋ ਤੇ ਗੁਰੂ ਕੇ ਬਾਗ ਦੇ ਮੋਰਚਿਆਂ ਲਈ ਸੇਵਾ ਪੇਸ਼ ਕਰਨ ਸੰਬੰਧੀ ਪਰਸੰਸਾ ਪੱਤ੍ਰ ਦਿਤੇ।

**ਚਲਾਣਾ -**

ਆਪ ਜੀ ਦੀ ਭਾਈ ਸਾਹਿਬ ਰਣਧੀਰ ਸਿੰਘ ਦੇ ਦਰਸ਼ਨ ਤੇ ਮਿਲਾਪ ਲਈ ਤੀਬਰ ਇੱਛਾ ਸੀ। ਜਦੋਂ ਆਪ ਨੇ ਭਾਈ ਸਾਹਿਬ ਦਾ ਲਾਹੌਰ ਜੇਲ੍ਹ ਵਿਚ (ਮਈ ੧੯੩੦) ਆਉਣਾ ਸੁਣਿਆ ਤੇ ਇਹ ਪਤਾ ਲਗਾ ਕਿ ਆਪ ਰਿਹਾ ਹੋਣ ਵਾਲੇ ਹਨ ਤਾਂ ਆਪ ਬੜੇ ਪ੍ਰਸੰਨ ਹੋਏ। ਪਰ ਭਾਣਾ ਐਸਾ ਵਰਤਿਆ ਕਿ ਆਪ ਦਾ ਭਾਈ ਸਾਹਿਬ ਨਾਲ ਮਿਲਾਪ ਨ ਹੋ ਸਕਿਆ। ਕਿਉਂਕਿ ਆਮ ਬੁਖ਼ਾਰ ਨਾਲ ਬੀਮਾਰ ਸਨ। ਤਿੰਨ ਚਾਰ ਮਹੀਨੇ ਬੀਮਾਰ ਰਹੇ। ਓੜਕ ਉਹ ਦਿਨ ਆ ਪੁਜਾ ਕਿ ਆਪ ਲਈ ਧੁਰ ਦਾ ਸੱਦਾ ਆ ਗਿਆ। ਆਪ ੬੭ ਸਾਲ ਦੀ ਉਮਰ ਵਿਚ ੧੧ ਜੂਨ ੧੯੩੦ ਈ: ਨੂੰ ਸਵੇਰੇ ੪ ਵਜੇ ਗੁਰਪੁਰੀ ਨੂੰ ਸਿਧਾਰ ਗਏ। ਪਿੰਡ ਫਲੇਵਾਲ ਦੀ ਸੰਗਤ ਨੇ 20 ਜੂਨ ਨੂੰ ਆਪ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ।

ਆਪ ਦੇ ਘਰ ਵਾਲੀ ਮਾਈ ਪ੍ਰੇਮ ਕੌਰ ਭੀ ਬਾਬਾ ਜੀ ਵਾਂਗ ਹੀ ਬੜੇ ਸ਼ਰਧਾ ਸਿਦਕ ਵਾਲੇ ਸਨ ਤੇ ਸਦਾ ਸੇਵਾ ਭਾਵ ਵਿਚ ਬਾਬਾ ਜੀ ਦਾ ਹੱਥ ਵਟਾਉਂਦੇ ਰਹੇ ਤੇ ਬਾਬਾ ਜੀ ਦੇ ਚਲਾਣੇ ਤੋਂ ਤਿੰਨ ਸਾਲ ਬਾਅਦ ਮਾਈ ਜੀ ਭੀ ਚਲਾਣਾ ਕਰ ਗਏ। ਇਹ ਦੰਪਤੀ ਸਿੱਖੀ ਸਿਦਕ ਸ਼ਰਧਾ ਭਾਵਨੀ ਤੇ ਸੁਚੇ ਜੀਵਨ ਦੀ ਅਮਲੀ ਮਿਸਾਲ ਸੀ, ਜੋ ਹੋਰਨਾਂ ਲੋਕਾਂ ਲਈ ਸਿਖਿਆਦਾਇਕ ਹੈ। ਗ੍ਰਿਹਸਤ ਮਾਰਗ ਵਿਚ ਪਵਿਤਰ ਜੀਵਨ ਦੇ ਪੂਰਨੇ ਪਾ ਗਏ। ਇਨ੍ਹਾਂ ਦੀ ਔਲਾਦ ਕੋਈ ਨਹੀਂ ਸੀ।

ਆਪ ਜੀ ਦੀ ਉਮਰ ਦੇ ਪਿਛਲੇ ਦਿਨਾਂ ਵਿਚ ਆਪ ਦੀ ਪੱਤੀ ਦੀ ਨੰਬਰਦਾਰੀ ਨੰਬਰਦਾਰ ਦੇ ਗੁਜ਼ਰ ਜਾਣ ਕਰਕੇ ਖ਼ਾਲੀ ਹੋ ਗਈ। ਇਹ ਹੱਕ ਖ਼ਾਨਦਾਨੀ ਤੌਰ ਪਰ ਆਪ ਨੂੰ ਪਹੁੰਚਦਾ ਸੀ। ਨੰਬਰਦਾਰੀ ਆਪ ਨੂੰ ਪੇਸ਼ ਕੀਤੀ ਗਈ, ਪਰ ਆਪ ਨੇ ਅਦਾਲਤ ਵਿਚ ਜਾ ਕੇ ਲਿਖਤੀ ਤੌਰ ਪਰ ਨੰਬਰਦਾਰੀ ਤੋਂ ਦਸਤਬਰਦਾਰੀ ਦੇ ਦਿੱਤੀ ਤੇ ਨੰਬਰਦਾਰੀ ਆਪਣੇ ਭਤੀਜੇ ਨੂੰ ਦੇ ਦਿਤੀ। ਆਪ ਦਾ ਸਭਾਉ ਤਿਆਗੀ ਤੇ ਵੈਰਾਗੀ ਸੀ। ਅਦਾਲਤ ਨੇ ਜ਼ੋਰ ਭੀ ਦਿਤਾ ਕਿ "ਬਾਬਾ ਨੰਬਰਦਾਰੀ ਕਿਉਂ ਛਡਦਾ ਹੈਂ ? ਤੂੰ ਆਪਣੀ ਜ਼ਮੀਨ ਭਤੀਜੇ ਨੂੰ ਕਿਉਂ ਦਿੰਦਾ ਹੈਂ, ਜੇ ਇਸਨੇ ਤੇਰੀ ਸੇਵਾ ਨਾ ਕੀਤੀ ਤਾਂ ਕੀ ਬਣੇਗਾ ?" ਬਾਬਾ ਜੀ ਨੇ ਕਿਹਾ ਕਿ ਫੇਰ ਭੀ ਇਨ੍ਹਾਂ ਨੇ ਹੀ ਸਭ ਕੁਝ ਸਾਂਭਣਾ ਹੈ, ਹੁਣੇ ਹੀ ਕਿਉਂ ਨਾ ਜੀਉਂਦੇ ਹੀ ਸੰਭਾਲ ਦੇਵਾਂ। ਜੇ ਮੇਰਾ ਭਤੀਜਾ ਸੇਵਾ ਨਾ ਕਰੇਗਾ ਤਾਂ ਉਹ ਜਾਣੇ। ਇਸ ਤਰ੍ਹਾਂ ਦੇ ਉਦਾਰ, ਗੰਭੀਰ-ਚਿੱਤ, ਪ੍ਰੇਮ ਮੂਰਤ ਸਜਣ ਬਾਬਾ ਜੀ ਸਨ, ਜਿਨ੍ਹਾਂ ਦੀ ਯਾਦ ਹੁਣ ਭੀ ਆਪ ਦੇ ਪ੍ਰੇਮੀਆਂ ਨੂੰ ਸਰੂਰ ਦਾ ਹਲੂਣਾ ਦੇ ਜਾਂਦੀ ਹੈ। ਆਪ ਮਿੰਟਗੁਮਰੀ ਜੇਲ੍ਹ ਵਿਚ ਦਾਸ ਦੇ ਨਾਲ ਹੀ ਰਹੇ ਹਨ।

**(ਨਾਹਰ ਸਿੰਘ ਗਯਾਨੀ)**

੨

# ਖੰਜਰ ਵਾਲੀਏ ਸੰਤ ਸਰੂਪ ਮਹੰਤ ਸੁੰਦਰ ਸਿੰਘ ਜੀ

ਜਦੋਂ ਅਸੀਂ ਅਖੰਡਪਾਠੀ ਅਤੇ ਅਖੰਡ ਕੀਰਤਨੀ ਜਥੇ ਸਮੇਤ ਗੁਰਮੁਖ ਪਿਆਰੇ ਸਿਰੀ ਭਾਈ ਬਾਬੂ ਮੱਲ ਸਿੰਘ ਜੀ ਅਤੇ ਪਿਆਰਾਨਾ-ਪਿਆਰ ਭਾਈ ਪਿਆਰਾ ਸਿੰਘ ਜੀ ਦੇ ਖਿੱਚੇ ਹੋਏ ਅੰਬਾਲਾ ਛਾਉਣੀ ੧੯੧੦ ਵਿਚ ਗਏ ਹਾਂ, ਅਤੇ ਅਖੰਡ ਪਾਠਾਂ ਅਤੇ ਅਖੰਡ ਕੀਰਤਨਾਂ ਦੇ ਪਰਵਾਹ ਉਥੇ ਚਲੇ ਹਨ, ਤਾਂ ੧੯ ਨੰਬਰ ਰਸਾਲੇ ਵਿਚ ਇਹ ਭਾਈ ਸੁੰਦਰ ਸਿੰਘ ਜੀ ਗਰੰਥੀ ਸਨ। ਅਜੇ ਥੋੜਾ ਥੋੜਾ ਦਾੜ੍ਹਾ ਚਾਰ ਚੁਫੇਰੇ ਸੁਡੌਲ ਚੇਹਰੇ ਤੇ ਉਤਰ ਰਿਹਾ ਸੀ। ਜਥੇ ਦੇ ਕੀਰਤਨ ਅਖੰਡ ਪਾਠ ਦੇ ਫੱਟੇ ਹੋਏ ਇਹ ਵੀਰ ਸੁੰਦਰ ਸਿੰਘ ਜੀ ਗਰੰਥੀ ਭੀ ਨਵਯੁਗ ਵੀਰ ਅਰਜਨ ਸਿੰਘ (ਜੋ ਪਿਛੋਂ ਭੂਰੀ ਵਾਲੇ ਸੰਤ ਦੇ ਨਾਮ ਤੇ ਪ੍ਰਸਿੱਧ ਹੋਏ) ਦੇ ਨਾਲ ਨਾਲ ਹੀ ਬੈਰਾਗੀ ਬੌਰੇ ਹੋਏ ਹੋਏ ਨਾਮ ਰਸੀਅੜਿਆਂ ਦੇ ਪਿਛੇ ਪਿਛੇ ਫਿਰਦੇ ਸਨ। ਪੁਜ ਕੇ ਵੈਰਾਗ ਅੰਦਰੋਂ ਉਪਜਿਆ ਹੋਇਆ ਸੀ, ਨੀਰੋ-ਨੀਰ ਪ੍ਰੇਮ-ਤੀਰਾਂ ਦੇ ਬੇਧੇ ਹੋਏ ਦਿਨ ਰਾਤ ਨਹੀਂ ਸਵੇਂ। ਇਕੋ ਲਿੱਲ ਇਸ ਪ੍ਰੇਮ-ਪ੍ਰਬੇਧੇ ਵੈਰਾਗੀਅੜੇ ਵੀਰ ਸੁੰਦਰ ਸਿੰਘ ਜੀ ਨੂੰ ਲੱਗੀ ਹੋਈ ਸੀ ਕਿ ਕਦੋਂ ਇਸ ਗੁਰਮੁਖ ਜਥੇ ਪਾਸੋਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਜਿਆ ਜਾਵੇ ਤੇ ਨਾਮ ਦੇ ਰੰਗਾਂ ਵਿਚ ਰੰਗੀਜਿਆ ਜਾਵੇ।

ਗੁਰਮਤਿ ਮਰਯਾਦਾ ਪਰਸ਼ੋਤਮ ਸਿਰੀ ਭਾਈ ਪਿਆਰਾ ਸਿੰਘ ਜੀ ਨੇ (ਜੋ ਅੱਜ ਕਲ੍ਹ ਗੁਰਪੁਰ-ਵਾਸੀ ਹੋ ਗਏ ਹਨ) ਅਸਾਡੇ ਪਾਸ ਬੜੇ ਉਤਸ਼ਾਹ ਪੂਰਵਕ ਇਹ ਸਿਫ਼ਾਰਸ਼ ਕੀਤੀ ਕਿ ਗਰੰਥੀ ਸੁੰਦਰ ਸਿੰਘ ਜੀ ਨੂੰ ਭੀ ਅਖੰਡ ਪਾਠੀਆਂ ਵਿਚ ਲਿਆ ਜਾਵੇ, ਇਨ੍ਹਾਂ ਦਾ ਪਾਠ ਬੜਾ ਹੀ ਸ਼ੁਧ ਅਤੇ ਚਲੰਤ ਹੈ। ਅਸੀਂ ਉਤਰ ਵਿਚ ਪ੍ਰੇਮ-ਭਿੰਨੀ ਬੇਨਤੀ ਕੀਤੀ ਕਿ ਇਹ ਵੀਰ ਤਾਂ ਅੰਮ੍ਰਿਤ-ਅਭਿਲਾਖੀ ਬਣਿਆ ਫਿਰਦਾ ਹੈ, ਨਾਮ ਅੰਮ੍ਰਿਤ ਦਾ ਅਜੇ ਮੁਤਲਾਸ਼ੀ ਹੀ ਹੈ, ਤਿਆਰ ਬਰ ਤਿਆਰ ਸਿੰਘ ਨਹੀਂ ਸਜਿਆ, ਇਸ ਨੂੰ ਕਿਸ ਪ੍ਰਕਾਰ ਬਤੌਰ ਅਖੰਡ ਪਾਠੀ ਦੇ ਲਿਆ ਜਾ ਸਕਦਾ ਹੈ ? ਕਿਉਂਕਿ ਜਥੇ ਦਾ ਅਸੂਲ ਹੈ, ਤਿਆਰ ਬਰ ਤਿਆਰ ਸਿੰਘ ਸਜੇ ਬਿਨਾਂ ਕਿਸੇ ਨੂੰ ਭੀ ਅਖੰਡ ਪਾਠੀਆਂ ਵਿਚ ਨਹੀਂ ਲਿਆ ਜਾ ਸਕਦਾ। ਆਪ ਨੂੰ ਇਹ ਸ਼ੌਕ ਪ੍ਰਬਲ ਹੈ ਕਿ ਇਸ ਦੇ ਮੁਖੋਂ ਗੁਰਬਾਣੀ ਦਾ ਅਖੰਡ ਪਾਠ ਸੁਣਿਆ ਜਾਵੇ ਤਾਂ ਸਤਿਗੁਰੂ ਆਪ ਦੀ

WWW.AKJ.ORG


ਇਹ ਹੁੱਬ ਜ਼ਰੂਰ ਪੂਰੀ ਕਰਨਗੇ, ਤਿਆਰ ਬਰ ਤਿਆਰ ਸਿੰਘ ਸਜ ਕੇ ਇਹ ਅਖੰਡ ਪਾਠ ਸੁਣਾ ਜ਼ਰੂਰ ਨਿਹਾਲ ਕਰਨਗੇ। ਅਜੇ ਇਨ੍ਹਾਂ ਦਾ ਪ੍ਰੇਮ ਵੈਰਾਗ ਵਧਣ ਦਿਓ। ਇਹ ਸੁਣ ਕੇ ਸ੍ਰੀ ਮਾਨ ਭਾਈ ਪਿਆਰਾ ਸਿੰਘ ਜੀ ਮਸ਼ਟ ਹੋ ਰਹੇ। ਪਿਛੇ ਬੈਠੇ ਭਾਈ ਸੁੰਦਰ ਸਿੰਘ ਇਨ੍ਹਾਂ ਗੱਲਾਂ ਨੂੰ ਸੁਣ ਰਹੇ ਸਨ। ਉਨ੍ਹਾਂ ਨੇ ਬੜੇ ਨਿਮਰੀ-ਭੂਤ ਹੋ ਕੇ ਦੋਏ ਕਰ ਜੋੜ ਬੇਨਤੀ ਕੀਤੀ, "ਸਚ ਮੁਚ ਮੈਂ ਅਜੇ ਇਸ ਜਥੇ ਦਾ ਅਖੰਡ ਪਾਠੀ ਬਣਨ ਦੇ ਯੋਗ ਨਹੀਂ, ਮੈਂ ਤਾਂ ਦਰ ਤੇ ਖਲੋਤਾ ਭਿਖਾਰੀ ਹਾਂ। ਮੈਂ ਬੜੇ ਬੜੇ ਅਖੰਡ ਪਾਠ ਵੇਖੇ ਸੁਣੇ ਤੇ ਅਨੇਕਾਂ ਅਖੰਡ ਪਾਠਾਂ ਵਿਚ ਸ਼ਾਮਲ ਹੋਇਆ, ਖ਼ੁਦ ਬੜੀ ਤੋਂ ਬੜੀ ਤੇਜ਼ ਰਫ਼ਤਾਰ ਨਾਲ ਅਖੰਡ ਪਾਠ ਕੀਤੇ, ਸੁਣਾਏ; ਜੋ ਅਨੰਦ ਇਥੋਂ ਅਖੰਡ ਪਾਠ ਸੁਣਨ ਦਾ ਆ ਰਿਹਾ ਹੈ, ਉਹ ਕਦੇ ਨਹੀਂ ਆਇਆ। ਇਕ ਇਕ ਅਖੰਡ ਪਾਠੀ ਦੇ ਮੁਖਾਰਬਿੰਦ ਵਿਚੋਂ ਗੁਰਬਾਣੀ ਸਚ ਮੁਚ ਬਾਣ ਹੋ ਕੇ ਨਿਕਲਦੀ ਹੈ। ਐਸੇ ਹਿਰਦੇ-ਬੇਧਵੇਂ ਤੀਰ ਲਗ ਰਹੇ ਹਨ, ਜਿਨ੍ਹਾਂ ਨੇ ਮੇਰਾ ਖ਼ੁਸ਼ਕ ਜੀਵਨ ਹੀ ਪਲਟਾ ਕੇ ਰਖ ਦਿੱਤਾ ਹੋਇਆ ਹੈ। ਐਸਾ ਜਾਪਦਾ ਹੈ ਕਿ ਮੇਰਾ ਤੱਤ ਗੁਰਮਤਿ ਅੰਮ੍ਰਿਤਾ ਜੀਵਨ ਦਾ ਛੇਤੀ ਨਵ-ਜਨਮਾ ਪਲਟਾ ਹੋਣ ਵਾਲਾ ਹੈ।"

ਵੀਰ ਭਾਈ ਸੁੰਦਰ ਸਿੰਘ ਗਰੰਥੀ ਨੇ ਆਪਣੇ ਹੁਦਰੋਂ ਹੀ ਪੇਖ ਪਰਖ ਕੇ ਜਥੇ ਦੇ ਸਾਰੇ ਤੱਤ ਗੁਰਮਤਿ ਅਸੂਲ ਵਾਚ ਲਏ ਅਤੇ ਧਾਰਨੀ ਹੋਣ ਦਾ ਪੱਕਾ ਇੰਦੀਆ ਕਰ ਲਿਆ। ਦੋ ਚਾਰ ਅਖੰਡ ਪਾਠ ਸਮਾਗਮਾਂ ਪਿਛੋਂ ਇਨ੍ਹਾਂ ਦੀ ਵੀ ਅੰਮ੍ਰਿਤ ਛਕਣ ਦੀ ਪਿਉਂਦ ਚੜ੍ਹਨ ਦੀ ਵਾਰੀ ਆ ਗਈ। ਅੰਮ੍ਰਿਤ ਸੰਚਾਰ ਸਮਾਗਮ ਤਾਂ ਹਰ ਇਕ ਅਖੰਡ ਪਾਠ ਸਮਾਗਮ ਤੇ ਹੋਇਆ ਕਰਦਾ ਸੀ ਅਤੇ ਜਥੇ ਦੇ ਅੰਬਾਲਾ ਛਾਉਣੀ ਵਿਖੇ ਫੇਰੇ ਪੈਂਦੇ ਹੀ ਰਹਿੰਦੇ ਸਨ। ਜਦੋਂ ਗਰੰਥੀ ਸੁੰਦਰ ਸਿੰਘ ਜੀ ਦਾ ਸੰਜੋਗ ਸਾਹਾ ਅੰਮ੍ਰਿਤ ਛਕਣ ਦਾ ਆ ਜੁੜਿਆ ਤਾਂ ਇਸ ਹੋਣਹਾਰ ਗਰੰਥੀ ਜੀ ਨੇ, ਇਸ ਤੋਂ ਪਹਿਲਾਂ ਹੀ ਬਿਬੇਕ ਸਰਬ ਲੋਹ ਦੇ ਅਸੂਲਾਂ ਦੀ ਧਾਰਨਾ ਦ੍ਰਿੜ੍ਹ ਕਰਕੇ ਧਾਰ ਲਈ ਸੀ। ਮੁਬਾਰਕ ਮੌਕਾ ਜਦੋਂ ਅੰਮ੍ਰਿਤ ਦਾ ਆਇਆ, ਭਾਈ ਸੁੰਦਰ ਸਿੰਘ ਜੀ ਨੂੰ ਅੰਮ੍ਰਿਤ ਛਕਣ ਦੇ ਅਧਿਕਾਰੀਆਂ ਵਿਚ ਚੁਣ ਲਿਆ ਗਿਆ। ਇਸ ਵੀਰ ਦੀਆਂ ਖ਼ੁਸ਼ੀਆਂ ਦੀ ਕੋਈ ਹੱਦ ਨ ਰਹੀ। ਪਾਹ ਪੂਰਾ ਚੜ੍ਹ ਚੁਕਿਆ ਸੀ, ਪਾਣ ਚੜ੍ਹਨ ਵਿਚ ਵੀ ਕੋਈ ਕਸਰ ਨਾ ਰਹੀ। ਬਾਣ ਲਗਣ ਦੀ ਦੇਰ ਹੀ ਸੀ ਕਿ ਨਿਸ਼ਾਨਾ ਐਨ ਗੁਲਜ਼ਰੀ ਤੇ ਪਿਆ।

ਪੰਜਾਂ ਪਿਆਰਿਆਂ ਦੁਆਰਾ ਜਦੋਂ ਖੰਡੇ ਦੇ ਅੰਮ੍ਰਿਤ ਦੀ ਬੂੰਦ ਚਾਤ੍ਰਿਕ ਵਤ ਪਿਆਸੇ ਮੁਖਾਰਬਿੰਦ ਵਿਚ ਪਈ -ਜੋ ਗੁਰਮੰਤਰ ਦੀਖਿਆ ਦੀ ਕਣੀ ਪ੍ਰਾਪਤ ਹੋਈ, ਐਸੇ ਅਣੀਆਲੇ ਤੀਰ ਵੱਜੇ ਕਿ ਵੱਜਣ ਸਾਰ ਹੀ ਬੇੜਾ ਪਾਰ ਕਰ ਗਏ। ਐਸੇ ਰੰਗ ਚਲੂਲੇ ਚੜ੍ਹੇ ਕਿ ਵੀਰ ਪਿਆਰੇ ਸੁੰਦਰ ਸਿੰਘ ਜੀ ਦੇ ਮਸਤਕ ਦੀ ਝਾਲ ਝਲੀ ਨਾ



ਜਾਵੇ। ਸੁੰਦਰ ਸਜੀਲਾ ਚੇਹਰਾ, ਅੰਮ੍ਰਿਤ ਕਲਾ ਨਾਲ ਭਿਜ ਕੇ ਅਤਿਅੰਤ ਰੰਗੀਲਾ ਹੋ ਗਿਆ। ਕੀਰਤਨ ਦੀ ਲੈਅ ਪਹਿਲੇ ਹੀ ਕਾਫ਼ੀ ਸੀ, ਜਦੋਂ ਅੰਮ੍ਰਿਤ ਛਕ ਕੇ ਨਾਮ ਬਾਣੀ ਵਿਚ ਲਿਵ ਜੁੜੀ ਤਾਂ ਹੋਰ ਹੀ ਅਦਭੁਤ ਖੇੜੇ ਖੇੜ ਗਈ। ਇਸ ਵੀਰ ਦੇ ਹਿਰਦੇ ਵਿਚੋਂ ਕੀਰਤਨ-ਮਈ-ਸ਼ਬਦ ਬਾਣ ਨਿਕਸਿਆ ਹੋਇਆ, ਅਨੇਕਾਂ ਹੀਰਿਆਂ ਨੂੰ ਬੇਧ ਜਾਇਆ ਕਰੇ। ਗਰੰਥੀ ਹੋਣ ਦਾ ਮਾਣ ਵਿਸਰ ਗਿਆ, ਫ਼ੌਜੀ ਗਰੰਥੀ ਦੇ ਹੁੱਦੇ ਦੀਆਂ ਸਾਰੀਆਂ ਵਡਿਆਈਆਂ ਭੁਲ ਗਈਆਂ। ਦਾਸਨ ਦਾਸ ਹੋਇ ਕੇ ਸੰਗਤ ਦੀ ਰੇਣਕਾ ਹੋਣ ਦਾ ਚਾਉ ਹੀ ਐਨ ਹਿਰਦੇ ਅੰਦਰ ਭਰਿਆ ਰਹੇ। ਗੁਰੂ ਘਰ ਦੇ ਪੂਰੇ ਸੂਰੇ ਸਚੇ ਸੇਵਕ ਬਣ ਗਏ। ਗਰੰਥੀ ਤੋਂ ਗੁਰ ਸੇਵਕ, ਸੱਚੇ ਗੁਰ ਸੇਵਕ ਸਜਣ ਦਾ ਅੰਗੂਰ, ਜੋ ਪੂਰਬਲੇ ਜਨਮ ਤੋਂ ਹੀ ਮਸਤਕ ਤੇ ਲਿਖਿਆ ਹੋਇਆ ਸੀ, ਐਸਾ ਸੁਫੁਟ ਹੋਇਆ ਕਿ ਫੌਜੀ ਗਰੰਥੀ ਬਾਬਾ ਸਦਾਉਣ ਦੀਆਂ ਸੱਤੇ ਸੁਧਾਂ ਭੁਲ ਗਈਆਂ। ਨਾਮ ਦੇ ਨਸ਼ੇ ਨਾਲ ਮਖ਼ਮੂਰ ਹੋਈਆਂ ਅੱਖੀਆਂ ਅਠੋ ਪਹਿਰ ਅਦ੍ਰਿਸ਼ਟ ਰੰਗਾਂ ਵਿਚ ਹੀ ਰੰਗੀਜੀਆਂ ਰਹਿਣ, ਮਾਨੋ ਦ੍ਰਿਸ਼ਟਮਾਨ ਵਿਚ ਦੇਖਦੀਆਂ ਹੀ ਨਹੀਂ, ਕਿਸੇ ਅਗੰਮੀ ਰੰਗਾਂ ਦੀ ਸਾਖ਼ਸ਼ਾਤਕਾਰਤਾ ਦਾ ਅਖੰਡ ਅਨੰਦ ਮਾਣ ਰਹੀਆਂ ਹਨ। ਖਾਣ ਪੀਣ ਦੀ ਸੁਧ ਬੁਧ ਭੁਲ ਗਈ, ਪੁਸ਼ਾਕੇ ਸਜਾਣ ਦੀਆਂ ਸਾਰੀਆਂ ਸ਼ੁਕੀਨੀਆਂ ਵਿਸਰ ਗਈਆਂ, ਗੁਰਮੁਖੀ ਸਿੰਘਤ ਬਾਣਾ ਹੀ ਸਜਿਆ ਰਹੇ। ਤੇੜ ਕਛਹਿਰਾ, ਗਲ ਵਿਚ ਸੁਰਮਈ ਕਮੀਜ਼, ਉਪਰ ਦੀ ਗਾਤਰੇ ਵਾਲੀ ਕ੍ਰਿਪਾਨ, ਸੀਸ ਤੇ ਗੁਰਮੁਖੀ ਦੂਹਰਾ ਦਸਤਾਰਾ, ਹੇਠਲਾ ਦਸਤਾਰਾ ਬਸੰਤੀ, ਉਪਰਲਾ ਕਾਲ਼ੇ ਰੰਗ ਦਾ ਊਨੀ ਦਸਤਾਰਾ ਹੀ ਹਰ ਵਕਤ ਸਜਾਈ ਰਖਣ। ਗਰੰਥੀਆਂ ਬਾਬਿਆਂ ਵਾਲੇ ਸਰਦਾਰੀ ਚੋਗੇ ਤੇ ਚੂੜੀਦਾਰ ਪਜਾਮੇ ਸਭ ਵਿਸਰ ਗਏ। ਪ੍ਰੰਤੂ ਦੇਖਣ ਵਾਲਿਆਂ ਨੂੰ ਇਸ ਗੁਰਮੁਖੀ ਬਾਣੇ ਵਾਲੇ ਦਰਸ਼ਨੀ ਸੁੰਦਰ ਸਿੰਘ ਦੀ ਸੁੰਦਰਤਾ ਅਜਬ ਅਦੁਤੀ ਅਤਿ ਅਦਭੁਤੀ ਪ੍ਰਤੀਤ ਹੁੰਦੀ ਹੈ।

ਅੱਜ ਇਨ੍ਹਾਂ ਦਾ ਅਖੰਡ ਪਾਠ, ਜੋ ਸਰੋਤਿਆਂ ਨੂੰ ਅਨੰਦ-ਲਹਿਰੇ ਬਖ਼ਸ਼ ਰਿਹਾ ਹੈ, ਅਤੀ ਅਪਰ ਅਪਾਰ ਮਹਿਮਾ ਮਈ ਹੈ। ਅਖੰਡ ਪਾਠ ਕੀ, ਮੁਖਾਰਬਿੰਦ ਤੋਂ ਫੁਲ ਕਿਰ ਰਹੇ ਹਨ ਅਤੇ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਤੇਜ਼ ਤੋਂ ਤੇਜ਼ ਅਖੰਡ ਪਾਠ ਕਰਨ ਵਾਲਾ ਇਹ ਪਹਿਲਾ ਅਖੰਡ ਪਾਠੀ ਗੁਰਮੁਖ ਜਨ ਇਸ ਮੰਡਲ ਵਿਚ ਆਇਆ ਹੈ। ਤੇਜ਼ ਰਫ਼ਤਾਰ ਦੇ ਹੁੰਦਿਆਂ ਹੋਇਆਂ ਪਾਠ ਦਾ ਅਤੀ ਸ਼ੁਧ ਹੋਦਾ ਅਤੇ ਸਾਰੇ ਸਰੋਤੇ ਜਨਾਂ ਦੀ ਸਮਝ ਵਿਚ ਆਉਣਾ, ਗੁਰਮਤਿ-ਭਿੰਨੜੇ ਅਖੰਡ ਪਾਠ ਦੇ ਇਸ ਅਖੰਡਪਾਠੀ ਦਾ ਕੰਵਲ ਜਲਾਲ ਕਮਾਲ ਸੀ। ਘੰਟਿਆਂ ਬੱਧੀ ਇਕੋ ਲੈਅ-ਤਾਰ ਵਿਚ ਅਖੰਡ ਪਾਠ ਕਰੀ ਜਾਣਾ, ਕਦੇ ਥੱਕਣਾ ਨਹੀਂ, ਕਦੇ ਅੱਕਣਾ ਨਹੀਂ। ਜਿਉਂ ਜਿਉਂ ਪਾਠ ਕਰਨਾ ਤੇ ਜ਼ੋਰ ਜ਼ੋਰ ਕਰੀ ਜਾਣਾ, ਤਿਉਂ ਤਿਉਂ ਮੁਖਾਰਬਿੰਦ ਚੋਂ ਅਨੰਦ ਜੋਤੀ ਕਿਰਨਾਂ ਦੀ ਕਿਰਨਾਰ ਭੀ ਜ਼ੋਰੋ ਜ਼ੋਰ ਬਰਸਦੀ ਰਹਿਣੀ। ਚੇਹਰੇ ਤੇ ਆਈ ਲਾਲੀ ਇਸ

WWW.AKJ.ORG

WWW.AKJ.ORG


ਨਾਮ ਜਪੰਦੜੇ, ਅਖੰਡ ਪਾਠ ਕਰੰਦੜੇ ਗੁਰਮੁਖ ਵੀਰ ਦੀ ਝਾਲ ਝੱਲੀ ਨ ਜਾਣੀ। ਅਖੰਡ ਪਾਠ ਕਰਦਿਆਂ ਨਾਲੋ ਨਾਲ ਨਾਮ ਦਾ ਖੰਡਾ ਵੀ ਅੰਦਰਗਤੀ ਬੜੇ ਜ਼ੋਰਾਂ ਤੇ ਖੜਕਦਾ ਰਹਿਣਾ। ਇਸੇ ਕਰਕੇ ਮਹਿਤਾਬ ਮੁਖੜੇ ਦੀ ਸ਼ਾਦਾਬੀ ਸਦਾ ਸਰਸ਼ਾਰ ਅਤੇ ਸਰਸਬਜ਼ ਰਹਿਣੀ, ਜਿਸ ਨੇ ਸਮੂਹ ਸਰੋਤੇ ਜਨਾਂ ਨੂੰ ਸਰਸਬਜ਼ ਤੇ ਸਾਵਧਾਨ ਕਰੀ ਰਖਣਾ।

ਇਕ ਬੜਾ ਹੀ ਅਦਭੁਤ ਲਾਲ, ਅਮੋਲ ਲਾਲ ਜਥੇ ਵਿਚ ਆ ਜੁੜਿਆ। ਅਜਬ ਹੀ ਸ਼ਾਨ ਸੀ। ੧੯ ਨੰਬਰ ਦੇ ਰਸਾਲੇ ਅੰਦਰ ਇਕ ਚੜ੍ਹਦੀਆਂ ਕਲਾਂ ਵਾਲਾ ਅਖੰਡ ਕੀਰਤਨੀ ਅਖੰਡਪਾਠੀ ਅਤੇ ਅੰਮ੍ਰਿਤ ਸੰਚਾਰੀਆ ਨਾਮ ਨਿਰੰਕਾਰੀ ਦੇ ਅਹਾਰੀਆਂ ਦਾ ਬਣਿਆ ਤਣਿਆ ਜਥਾ ਅਮਰੋਂ ਹੀ ਜੁੜ ਗਿਆ। ਅੰਬਾਲਾ ਛਾਉਣੀ ਦੀ ਦੈਵੀ ਬਹਾਰ ਉਸ ਸਮੇਂ ਐਸੀ ਬਣੀ, ਜਿਸ ਨੂੰ ਨਿਹਾਰ ਨਿਹਾਰ ਕੇ ਦੇਵ-ਲੋਕ ਵੀ ਤਰਸਦੇ ਹੋਣਗੇ। ਸਿੱਖਾਂ ਦੀਆਂ ਪਲਟਨਾਂ, ਰਸਾਲੇ, ਰਜਮੈਂਟਾਂ, ਤੋਪਖ਼ਾਨੇ ਐਸੇ ਸੰਜੋਗ ਨਾਲ ਇਸ ਛਾਉਣੀ ਵਿਚ ਆ ਜੁੜੇ ਸਨ ਕਿ ਜਿਸ ਨੂੰ ਪੇਖ ਕੇ ਸ਼ਾਇਦ ਸੰਜੋਗੀ ਨਛੱਤਰਾਂ ਨੂੰ ਰਸ਼ਕ ਹੀ ਆਇਆ ਹੋਣਾ ਹੈ ਕਿ ਅਨੰਦ-ਮੰਗਲੀ ਮੰਡਲ ਥੋੜਾ ਚਿਰ ਹੀ ਇਸ ਛਾਉਣੀ ਵਿਖੇ ਜੁੜੇ ਰਹੇ। ਸਮੇਂ ਦੇ ਫੇਰ ਅਨੁਸਾਰ ਕੁਝ ਕਾਲ ਪਿਛੋਂ ਏਥੇ ਜੁੜੀਆਂ ਸਾਰੀਆਂ ਪਲਟਨਾਂ, ਰਜਮੈਂਟਾਂ ਦੀਆਂ ਤਬਦੀਲੀਆਂ ਹੋ ਗਈਆਂ। ਸਾਡੇ ਫੇਰੇ ਭੀ ਇਸ ਛਾਉਣੀ ਦੇ ਘੇਰ ਨਜ਼ਾਰੜੇ ਵਿਚੋਂ ਪਰੇਡੇ ਹੋ ਗਏ। ਫ਼ੌਜੀ ਪ੍ਰੇਮੀ ਜਨਾਂ ਦੀਆਂ ਬਦਲੀਆਂ ਦੇ ਨਾਲ ਹੀ ਜਥੇ ਦੇ ਪ੍ਰੇਮ-ਅਘਾਵਨੀ-ਆਗਮਨ ਵੀ ਏਥੋਂ ਰਹਿ ਖੜੋਤੇ, ਫਿਰ ਜੋ ਕੁਝ ਬਤੀਤਿਆ, ਉਹ ਭਾਣੇ ਦੇ ਚੱਕਰ ਅੰਦਰ ਬਤੀਤਿਆ।

ਜੇਲ੍ਹ ਯਾਤਰਾ ਤੋਂ ਵਾਪਸ ਆਉਣ ਪਰ, ਕੇਵਲ ਇੰਨੀ ਕੁ ਸੁੰਧਕ ਕੰਨਾਂ ਵਿਚ ਪਈ ਕਿ ਖੰਜਰ ਵਾਲੀਆ ਵੀਰ ਸੁੰਦਰ ਸਿੰਘ ਹੁਣ ਫੌਜ ਵਿਚ ਗਰੰਥੀ ਨਹੀਂ ਰਿਹਾ, ਬਲਕਿ ਰਾਇਕੋਟ ਦੇ ਪਾਸ ਲੋਹਗੜ੍ਹ ਨਾਮੇ ਪਿੰਡ ਵਿਚ ਇਕ ਨਿਰਮਲ ਅਖਾੜੇ ਦਾ ਮਹੰਤ ਬਣ ਗਿਆ ਹੈ। ਇਹ ਜੱਦੀ ਮਹੰਤਤਾ ਇਨ੍ਹਾਂ ਦੇ ਵਿਰਸੇ ਵਿਚ ਆਈ ਤੇ ਖ਼ੂਬ ਗੁਰਮਤਿ ਤੰਤ ਪ੍ਰਚਾਰੀ ਮਹੱਤ ਵਿਚ ਸੰਤ ਵੀਰ ਮਹੰਤ ਸੁੰਦਰ ਸਿੰਘ ਜੀ ਨੇ ਨਿਬਾਹੀ। ਲੋਹਗੜ੍ਹ ਤੋਂ ਪਿੰਡ 'ਲੋਹਟ ਵਦੀ' ਵਿਖੇ ਇਹਨਾਂ ਗੁਰਮਤਿ ਅਖਾੜੇ ਆ ਜਮਾਏ। ਏਥੇ ਪਿੰਡ 'ਲੋਹਟ ਵਦੀ' ਵਿਚ ਦੂਰ ਨੇੜਿਓਂ ਬੜੀਆਂ ਹੀ ਸੰਗਤਾਂ ਜੁੜਿਆ ਕਰਨ ਅਤੇ ਅੰਮ੍ਰਿਤ-ਅਨੰਦ-ਭੌਰਿਆਂ ਦੇ ਅਲੌਕਿਕ ਇਕੱਠ ਹੋਣ ਲਗੇ। ਸਾਲਾਨਾ ਸਮਾਗਮਾਂ ਦੀ ਲਹਿਰ ਬਹਿਰ ਨੇ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਲਹਿਰ ਬਹਿਰ ਵੀ ਬੜੀ ਗੰਭੀਰਤਾ ਸਹਿਤ ਕਾਇਮ ਕੀਤੀ, ਅਣ-ਗਿਣਤ ਰੂਹਾਂ ਵਰੋਸਾਈਆਂ।

ਅਸਾਡੇ ਜੇਲ੍ਹ ਯਾਤਰਾ ਤੋਂ ਵਾਪਸ ਆਉਣ ਪਰ ਨਾਰੰਗਵਾਲ ਵਿਖੇ ਲਗਾਤਾਰ ਅਣਗਿਣਤ ਸੰਗਤਾਂ ਆਉਂਦੀਆਂ ਰਹੀਆਂ ਅਤੇ ਸਤਿਸੰਗ ਮੰਡਲ ਜੁੜਦੇ



ਰਹੇ। ਓਦੋਂ ਲੋਹਟ ਵਦੀ ਤੋਂ ਚਲ ਕੇ ਇਕ ਜਲਾਲ ਕੀਰਤਨੀ ਜਥੇ ਨਾਲ ਬੜੀ ਸ਼ਾਨ ਸਹਿਤ ਕੀਰਤਨ ਕਰਦੇ ਹੋਏ ਵੀਰ ਭਾਈ ਸੁੰਦਰ ਸਿੰਘ ਜੀ ਭੀ ਆ ਜੁੜੇ। ਉਹੋ ਕ੍ਰਾਂਤ, ਉਹੋ ਸ਼ਾਂਤ, ਉਹੋ ਜਲਵਾਤ ਤੇ ਚੇਹਰੇ ਦੇ ਚਾਰ ਚੁਫ਼ੇਰੇ ਗੁਰਮੁਖੀ ਕਾਲਾ ਦਾੜ੍ਹਾ ਘਟਾਂ ਬੰਨ੍ਹ ਕੇ ਆਇਆ ਹੋਇਆ ਸੀ, ਸਰੀਰ ਅਗੇ ਵਰਗਾ ਸਡੌਲ ਨਹੀਂ ਰਿਹਾ ਸੀ, ਪੇਟ ਵਧ ਕੇ ਬੜੀ ਗੋਗੜ ਦੀ ਸ਼ਕਲ ਵਿਚ ਹੋਇਆ ਹੋਇਆ ਸੀ। ਚਿਰੀ ਵਿਛੁੰਨੀਆਂ ਰੂਹਾਂ ਗਲ-ਵੱਕੜੀਆਂ ਪਾ ਪਾ ਕੇ ਮਿਲੀਆਂ, ਮਿਲ ਕੇ ਫੇਰ ਵਿਛੜ ਗਈਆਂ। ਵਿਛੜਨ ਸਮੇਂ ਦੇ ਇਹ ਬਚਨ ਮੈਨੂੰ ਹੁਣ ਤਾਈਂ ਯਾਦ ਹਨ ਜੋ ਸਿਰੀ ਵੀਰ ਪਿਆਰੇ ਭਾਈ ਸੁੰਦਰ ਸਿੰਘ ਜੀ ਦੇ ਮੁਖੋਂ ਸਹਿਜ ਸੁਭਾ ਹੀ ਨਿਕਲੇ : "ਕੋਈ ਦਿਨ ਦਾ ਹੀ ਚਮਤਕਾਰ ਹੈ, ਹੁਣ ਤਾਂ ਸੰਜੋਗੀ ਮੇਲੇ ਹੀ ਹੋਣਗੇ।" ਇਹ ਬਚਨ ਕਰ ਕੇ ਵਾਪਸ ਲੋਹਟ ਵਦੀ ਨੂੰ ਚਲੇ ਗਏ। ਅਖੰਡਾਕਾਰ ਅਭਿਆਸ-ਆਸਣ ਅਠੋ ਪਹਿਰ ਜਮਾਈ ਰਖਣ ਦੇ ਕਾਰਨ ਉਨ੍ਹਾਂ ਨੂੰ ਬਵਾਸੀਰ ਲਾਹੱਕ ਹੋ ਗਈ ਸੀ। ਓੜਕ ਏਸੇ ਸਰੀਰਕ ਰੋਗ ਦੇ ਵਧ ਜਾਣ ਕਰਕੇ ਉਨ੍ਹਾਂ ਨੇ ਇਕ ਦਿਨ ਸਰੀਰ ਛੱਡ ਹੀ ਦਿਤਾ ਅਤੇ ਅਨੰਦ ਪ੍ਰਸੰਨ ਇਸ ਲੋਕ ਨੂੰ ਛੱਡ ਕੇ, ਪਾਰ ਲੋਕ ਗੁਰਪੁਰੀ ਜਾ ਪਧਾਰੇ।

"ਆਇਆ ਸਫਲੁ ਤਾਹੂ ਕੋ ਗਨੀਐ ॥ ੧੩ ॥"

(ਗਉੜੀ ਬਾਵਨ ਅਖਰੀ ਮ: ੫, ੨੫੨)

**ਨੋਟ**:- ਭਾਈ ਸੁੰਦਰ ਸਿੰਘ ਪਿੰਡ ਖੰਜਰਵਾਲ, ਜ਼ਿਲਾ ਲੁਧਿਆਣਾ ਦੇ ਵਸਨੀਕ ਸਨ। ਦਾਸ ਨੇ ਆਪ ਤੋਂ ਹੀ ਭੱਟਾਂ ਦੇ ਸਵੱਯਾਂ ਦੇ ਪਾਠ ਦੀ ਧਾਰਨਾ, ਲੈਅ ਤੇ ਸੁਰ ਆਪ ਦੇ ਅਖੰਡ ਪਾਠ ਕਰਨ ਵੇਲੇ ਨਾਰੰਗਵਾਲ ਦੇ ਇਕ ਅਖੰਡ ਪਾਠ ਸਮਾਗਮ ਸਮੇਂ ਸਿੱਖੀ ਸੀ। ਆਪ ਦਾ ਇਕ ਭਤੀਜਾ ਭਰਪੂਰ ਸਿੰਘ ਅੱਜ ਕਲ੍ਹ ਫ਼ੌਜ ਵਿਚ ਭਰਤੀ ਹੈ।

**(ਨਾਹਰ ਸਿੰਘ ਗਯਾਨੀ)**

WWW.AKJ.ORG

WWW.AKJ.ORG

੩

# ਸੂਰਨ-ਰੰਗੀ ਭਾਈ ਸਰਵਣ ਸਿੰਘ

ਇਨ੍ਹਾਂ ਦੇ ਸਾਰੇ ਸਰੀਰ ਦਾ ਰੰਗ ਤਾਂ ਨਿਰੋਲ ਸੁਰਮਈ 'ਸਿਆਹ ਫ਼ਾਮ' ਸੀ, ਪ੍ਰੰਤੂ ਇਨ੍ਹਾਂ ਦੇ ਨਾਮ-ਰੰਗਾਂ ਨਾਲ ਦਗ ਦਗ ਕਰਦੇ ਮਸਤਕ ਅਤੇ ਚਿਹਰੇ ਵਿਚੋਂ ਸੂਰਨ (ਸੋਨੇ) ਦੇ ਰੰਗਾਂ ਦੀਆਂ ਕਿਰਨਾਂ ਹਰ ਵਕਤ ਪੈਂਦੀਆਂ ਰਹਿੰਦੀਆਂ ਸਨ। ਇਸ ਕਰਕੇ ਇਸ ਵੀਰ ਦਾ ਨਾਮ ਦਾਸ ਨੇ ਸੂਰਨ-ਰੰਗੀ ਭਾਈ ਸਰਵਣ ਸਿੰਘ ਪਾ ਲਿਆ ਸੀ। ਫੱਲੇਵਾਲੀਏ ਭਾਈ ਸਰਵਣ ਸਿੰਘ ਤੋਂ ਭਿੰਨ ਇਹ ਇਕ ਹੋਰ ਭਾਈ ਸਰਵਣ ਸਿੰਘ ਹੋਏ ਹਨ, ਜਿਨ੍ਹਾਂ ਦੇ ਥਾਨ ਮੁਕਾਮ ਅਤੇ ਨਿਵਾਸ ਥਾਨ ਦਾ ਕੋਈ ਪਤਾ ਨਹੀਂ। ਕਿਸੇ ਅਗਮ ਗੜ੍ਹ ਵਿਚੋਂ ਹੀ ਪਰਗਟ ਹੋ ਕੇ ਸਾਡੇ ਜੇਲ੍ਹ ਜਾਣ ਤੋਂ ਕੁਝ ਸਾਲ ਪਹਿਲਾਂ ਜਥੇ ਵਿਚ ਆ ਸ਼ਾਮਲ ਹੋਏ। ਆਵਣ ਸਾਰ ਹੀ ਅੰਮ੍ਰਿਤ ਛਕ ਲਿਆ ਅਤੇ ਅੰਮ੍ਰਿਤ ਛਕਣ ਸਾਰ ਹੀ ਅਮਰ ਅਟਾਰੀਆਂ ਤੇ ਜਾ ਚੜ੍ਹੇ। ਗੁਰਮੁਖੀ ਦਾ ਇਕ ਅੱਖਰ ਨਹੀਂ ਜਾਣਦੇ ਸਨ। ਗੁਰਬਾਣੀ ਦਾ ਕੋਈ ਸ਼ਬਦ ਵੀ ਉਨ੍ਹਾਂ ਦੇ ਕੰਠਾਗਰ ਨਹੀਂ ਸੀ। ਇਹ ਵੀਰ ਉੱਕਾ ਹੀ ਅਨਪੜ੍ਹ ਸੀ, ਪ੍ਰੰਤੂ ਗੁਰਬਾਣੀ ਦੇ ਇਸ ਵਾਕ ਅਨੁਸਾਰ:

"ਜੋ ਪ੍ਰਾਨੀ ਗੋਵਿੰਦ ਧਿਆਵੈ ॥
ਪੜਿਆ ਅਣਪੜਿਆ ਪਰਮ ਗਤਿ ਪਾਵੈ ॥"*

ਇਸ ਨੂੰ ਬੜੀ ਅਗਮ ਗੁਰਮਤਿ ਬਿਵਸਥਾ ਦੀ ਗੰਮਤਾ ਪ੍ਰਾਪਤ ਸੀ। ਸੇਵਾ ਦਾ ਪੁਤਲਾ ਸੀ, ਮਾਨੋ ਸੇਵਾ ਦਾ ਸਰੂਪ ਹੀ ਬਣ ਕੇ ਅਵਤਰਿਆ ਹੋਇਆ ਹੈ। ਅਜੇ ਚੇਹਰੇ ਉਤੇ ਲੂਈ ਨਹੀਂ ਫੁਟੀ ਸੀ, ਅਨਦਾੜ੍ਹੀਆ ਹੀ ਸੀ। ਜਿਉਂ ਆ ਕੇ ਸੇਵਾ ਵਿਚ ਜੁਟਿਆ ਹੈ, ਦਿਨੇ ਰਾਤ ਜੁਟਿਆ ਹੀ ਰਿਹਾ ਕਰੇ। ਨਾਮ ਅਭਿਆਸ ਦਾ ਬੜਾ ਹੀ ਧਨੀ ਸੀ, ਸਵਾਸ ਸਵਾਸ ਨਾਮ ਕਲਾ ਵਿਚ ਨਿਪੁੰਨ ਸੀ। ਅਖੰਡ ਪਾਠ ਤੇ ਅਖੰਡ ਕੀਰਤਨੀ ਸਮਾਗਮਾਂ ਵਿਚ ਹਰ ਪਰਕਾਰ ਦੀ ਸੇਵਾ ਨਿਸ਼ਕਾਮਤਾ ਸਹਿਤ ਸਿਰ ਤੇ ਚੁਕੀ ਹੋਈ ਸੀ। ਸਾਰੀ ਸੰਗਤ ਦੇ ਲੰਗਰ ਸਜਾਵਣੇ, ਚਾਹੇ ਕਿਤਨੀਆਂ ਹੀ ਸੰਗਤਾਂ ਆ ਜਾਣ, ਹਥੀਂ ਸਾਰੀ ਸੰਗਤ ਦੀ ਸੇਵਾ ਹਰ ਪਰਕਾਰ ਕਰਨੀ। ਸਾਰੀ ਸੰਗਤ ਦੇ ਜੂਠੇ ਭਾਂਡੇ ਮਾਂਜਣੇ, ਮਜਾਲ ਹੈ ਕੋਈ ਹੋਰ ਮਾਂਜ ਜਾਵੇ। ਲੰਗਰ ਦੇ ਸਰਬ-ਲੋਹੀ

* ਗਉੜੀ ਮ: ੫, ਪੰਨਾ ੧੯੭





ਬਰਤਨਾਂ ਨੂੰ ਮਾਂਜ ਸਵਾਰ ਕੇ ਚਮਕਾ ਕੇ ਰਖਣਾ। ਹਰ ਇਕ ਸਮਾਗਮੀ ਅਸਥਾਨ ਉਤੇ ਬਰਤਨਾਂ ਦੀ ਬੋਰੀ ਸਿਰ ਤੇ ਚੁਕ ਕੇ ਲੈ ਜਾਣੀ, ਜੋੜੀ ਵਾਜੇ ਨੂੰ ਭੀ ਗਹੇ ਮਾਰ ਲੈਣਾ, ਮੋਢੇ ਤੇ ਹੋਰ ਸਾਰਾ ਸਮਾਨ ਵੀ ਚੁਕ ਤੁਰਨਾ। ਕਿਸੇ ਨੂੰ ਕੱਖ ਵੀ ਖੜਨ ਨ ਦੇਣਾ। ਇਸ ਦੀ ਪਰਮ ਅਧੀਨਗੀ ਸਹਿਤ ਬੇਨਤੀ ਅਨੁਸਾਰ ਅਖੰਡ ਪਾਠ ਸਮਾਗਮਾਂ ਦੇ ਐਨ ਨਿਕਟ ਹੀ ਲੰਗਰ-ਅਸਥਾਨ ਰਖਿਆ ਹੋਇਆ ਹੁੰਦਾ ਸੀ, ਜਿਥੇ ਕਿ ਅਖੰਡ ਪਾਠ ਦੀ ਧੁੰਨੀ ਸੁਗਮਤਾ ਸਹਿਤ ਹੀ ਇਸ ਵੀਰ ਦੇ ਕੰਨਾਂ ਵਿਚ ਪੈਂਦੀ ਰਹਿੰਦੀ। ਬਸ ਇਸ ਵੀਰ ਦਾ ਇਹੋ ਇਕੋ ਇਕ ਪ੍ਰੇਮ ਭਰਿਆ ਸ਼ੌਕ ਸੀ ਕਿ ਨਾਲੇ ਅਖੰਡ ਪਾਠ ਸੁਣੇ, ਨਾਲੇ ਹੀ ਲੰਗਰ ਦੀ ਸੇਵਾ ਨਿਬਾਹੇ।

ਸਾਲਾਂ ਬੱਧੀ ਇੰਞ ਨਿਭਦੀ ਰਹੀ ਕਿ ਸਾਰੀ ਸੰਗਤ ਵਿਖੇ ਇਹ ਸੱਜਣ ਗੁਪਤ ਲੁਪਤ ਹੀ ਵਰਤਦਾ ਰਿਹਾ। ਕਿਸੇ ਨੂੰ ਵੀ ਇਸ ਦੀ ਗੂੜ੍ਹ ਆਤਮ ਬਿਰਤੀ ਦੀ ਅਪਾਰ ਪਹੁੰਚ ਦਾ ਕੁਝ ਪਤਾ ਨਹੀਂ ਸੀ, ਪਰੰਤੂ ਜਿਨ੍ਹਾਂ ਨੂੰ ਇਸ ਦੇ ਨਾਲ ਗਹਿਰ ਗੰਭੀਰਾ ਵਾਹ ਪਿਆ ਸੀ ਉਹੀ ਜਾਣਦੇ ਸਨ। ਇਸ ਦੀ ਸਾਰ ਨਿਰਮਾਣ ਅਤੇ ਨਿਸ਼ਕਾਮ ਅਤੁਟ ਸੇਵਾ ਦਾ ਸੁਤੇ ਸੁਭਾਵ ਹੀ ਫਲ ਇਸ ਨੂੰ ਇਹ ਪ੍ਰਾਪਤ ਹੋਇਆ ਕਿ ਨਾਮ-ਰੰਗਾਂ ਵਿਚ ਇਸ ਦੀ ਬਿਰਤੀ ਐਸੀ ਅਰੂੜ੍ਹ ਹੋਈ ਕਿ ਬੜੇ ਬੜੇ ਗਿਆਨੀਆਂ ਗੁਣੀਆਂ ਦੀ ਵੀ ਨਹੀਂ। ਆਗਮ ਨਿਗਮ ਦੀਆਂ ਗੱਲਾਂ ਇਸ ਨੂੰ ਸੁਤੇ ਸੁਭਾਵ ਹੀ ਸੁਫੁਰਨ ਹੋਣ ਲਗ ਪਈਆਂ। ਉਠਦਾ ਬੈਠਦਾ, ਤੁਰਦਾ ਫਿਰਦਾ ਹਰ ਛਿਨ ਹੀ ਇਹ ਪਿਆਰਾ ਅਖੰਡਾਕਾਰ ਅਭਿਆਸ ਦੇ ਰੰਗਾਂ ਵਿਚ ਸੰਧੂਰਤ ਰਹਿੰਦਾ ਸੀ। ਕਿਸੇ ਨੂੰ ਜਣਾਉਣ ਦਾ ਕੁਛ ਖ਼ਿਆਲ ਨਹੀਂ ਸੀ। ਨਾ ਕੋਈ ਇਸ ਦੀ ਵਡਿਆਈ ਉਪਮਾ ਕਰਦਾ ਸੀ ਅਤੇ ਨਾ ਹੀ ਇਸ ਨੂੰ ਵਡਿਆਈ ਉਪਮਾ ਕਰਾਉਣ ਦਾ ਭੁਸ ਹੀ ਸੀ। ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਸਾਰੇ ਸਿੰਘਾਂ ਨੂੰ ਇਸ਼ਨਾਨ ਕਰਵਾਣੇ ਪਿਛੋਂ ਆਪ ਇਸ਼ਨਾਨ ਕਰਨਾ। ਫੇਰ ਇਕ ਗੁਠੇ ਬੈਠ ਕੇ ਗੁਪਤੋ ਗੁਪਤ ਹੀ ਗੁਰਬਾਣੀ ਦਾ ਨਿਤਨੇਮ ਸੁਣਨਾ, ਨਾਲੋ ਨਾਲ ਹੀ ਸਵਾਸ ਸਵਾਸ ਨਾਮ ਅਭਿਆਸ ਕਰੀ ਜਾਣਾ, ਇਹ ਇਸ ਦਾ ਨਿਤ ਦਾ ਕੰਮ ਸੀ। ਅਸੀਂ ਕਦੇ ਇਸ ਨੂੰ ਸੌਂਦਾ ਨਹੀਂ ਦੇਖਿਆ। ਸਤ ਸੰਗਤ ਬਿਨਾਂ ਕੁਸੰਗਤ ਵਿਚ ਭੌਂਦਾ ਨਹੀਂ ਦੇਖਿਆ। ਇਕੋ ਵਿਹਾਰ ਇਸ ਦਾ ਨਾਮ ਸੇਵਾ ਦੀ ਕਾਰ ਹੀ ਸੀ। ਅਖੰਡ ਪਾਠ ਸਮਾਗਮਾਂ ਅੰਦਰ ਜਿੰਨਾ ਚਿਰ ਲੰਗਰ ਦੀ ਸੇਵਾ ਰਹਿਣੀ, ਉੱਨਾ ਚਿਰ ਲੰਗਰ ਵਿਚ ਹੀ ਇਸ ਨੇ ਰਹਿਣਾ। ਹੱਥ ਪੈਰ ਸੇਵਾ ਵਿਚ ਲਗੇ ਰਹਿਣ, ਸ੍ਰਵਣਾਂ ਕਰਕੇ ਸਰੋਤ ਸੁਰਤੀ ਅਖੰਡ ਪਾਠ ਦੇ ਸੁਣਨ ਵਿਚ ਹੀ ਲਗੀ ਰਹਿਣੀ। ਜਦੋਂ ਲੰਗਰ ਦਾ ਕੰਮ ਕਾਜ ਮੁਕ ਜਾਣਾ ਤਾਂ ਨਿਰੋਲ ਸਮਾਧ-ਸਥਿਤ ਹੋ ਕੇ ਅਖੰਡ ਪਾਠ ਮੰਡਲ ਦੇ ਸਰੋਤਿਆਂ ਵਿਚ ਜੁੜ ਕੇ ਬੈਠ ਜਾਣਾ; ਬੈਠਣਾ ਐਸੀ ਜਗ੍ਹਾ 'ਤੇ, ਜਿਥੇ ਆਮ ਜਨਤਾ ਦੀ ਨਿਗਾਹ ਨਾ ਪੈ ਸਕੇ। ਆਮ ਲੋਕਾਂ ਦੀਆਂ ਨਜ਼ਰਾਂ

WWW.AKJ.ORG

ਵਿਚ ਇਹ ਐਵੇਂ ਔਲਾ ਮੌਲਾ ਸਿਖ ਹੀ ਜਾਪਦਾ ਸੀ। ਰਤਨਾਂ ਜਵਾਹਰਾਂ ਦੀ ਸਾਰ ਜੌਹਰੀ ਹੀ ਜਾਣਦੇ ਹਨ, ਆਮ ਅਣਜਾਣਾਂ ਨੂੰ ਕੀ ਪਤਾ। ਨਿਹਕਾਮ ਹੋ ਕੇ ਸੇਵਾ ਕਰਨ ਦਾ ਅਤੇ ਨਿਹਕਾਮ ਸੇਵਾ ਦੇ ਕਾਰਨ, ਨਾਮ ਦੀਆਂ ਅਤਿ ਚੜ੍ਹਦੀਆਂ ਕਲਾਂ ਦੇ ਹੋਣ ਦਾ ਪਰਤਾਪ ਇਹ ਵਰਤਿਆ ਕਿ ਰਿਧੀ ਸਿਧੀ ਫੁਰਨ ਦਾ ਨਾ ਹੀ ਇਸ ਗਰਬ ਗੁਮਾਨ ਸੀ, ਨਾ ਹੀ ਕਿਸੇ ਹੋਰ ਨੂੰ ਕੁਝ ਪਤਾ ਸੀ। ਹੋਰ ਤਾਂ ਹੋਰ, ਇਸ ਦਾਸਰੇ ਨੂੰ ਵੀ ਕੁਝ ਪਤਾ ਨਹੀਂ ਸੀ ਕਿ ਇਹ ਕਿਹੜੀਆਂ ਗੁਪਤ ਖੇਡਾਂ ਵਿਚ ਖੇਡਦਾ ਸੀ।

ਇਕ ਦਿਨ ਇਸ ਦੀ ਗੁਪਤ ਖੇਡ ਦਾ ਸੁਤੇ ਹੀ ਪਤਾ ਲਗ ਗਿਆ ਅਤੇ ਉਹ ਇਉਂ ਲਗਾ, ਕਿ ਜੇਠ ਹਾੜ ਦੇ ਦਿਨਾਂ ਵਿਚ ਸਾਰੇ ਜੱਥੇ ਨੇ ਨਾਭੇ ਤੋਂ ਹੋ ਕੇ ਇਕ ਪਿੰਡ ਵਿਖੇ ਕਿਸੇ ਗੁਰਮੁਖ ਦੇ ਗ੍ਰਹਿ ਵਿਚ ਰਖੇ ਅਖੰਡ ਪਾਠ ਤੇ ਜਾਣ ਦੀ ਤਿਆਰੀ ਕੀਤੀ। ਨਾਲ ਇਹ ਵੀਰ ਭਾਈ ਸਰਵਣ ਸਿੰਘ ਸੂਰਨ-ਰੰਗੀ ਵੀ ਤਿਆਰ ਹੋ ਪਿਆ। ਦਾਸ ਦੇ ਦਸਤਾਰਾ ਸਜਾਂਵਦੇ ਸਜਾਂਵਦੇ ਇਹ ਮੰਜੇ ਤੇ ਬੈਠਾ ਬੈਠਾ ਠੋਸਾਂ ਲਾਣ ਲਗ ਪਿਆ, ਐਵੇਂ ਤੁਰਦਾ ਫਿਰਦਾ ਹੀ ਕਿਧਰੇ ਅੱਖ ਲਾ ਜਾਂਦਾ ਸੀ। ਅਜੇ ਪੰਜ ਦਸ ਮਿੰਟ ਹੀ ਹੋਏ ਸਨ ਕਿ ਵਾਹਿਗੁਰੂ ਵਾਹਿਗੁਰੂ ਕਰਦਾ ਅਬੜਵਾਹੇ ਉਠਿਆ ਤੇ ਉਠ ਖਲੋਤਾ ਹੋਇਆ। ਇਸ ਦੇ ਚੇਹਰੇ ਉਤੇ ਹੈਰਾਨਗੀ ਅਤੇ ਪਰੇਸ਼ਾਨਗੀ ਦੇ ਚਿੰਨ੍ਹ ਦੇਖ ਕੇ ਦਾਸ ਨੇ ਇਸ ਨੂੰ ਪੁਛਿਆ ਕਿ ਭਾਈ ਸਰਵਣ ਸਿੰਘ ਜੀ ਕੀ ਕੋਈ ਚਮਤਕਾਰ ਦੇਖਿਆ ਹੈ ? ਤਾਂ ਉਤਰ ਵਿਚ ਭੋਲੇ-ਭਾ ਹੀ ਇਉਂ ਆਖਣ ਲਗਾ, "ਕੀ ਦਸਾਂ ਜੀ, ਐਸਾ ਚਮਤਕਾਰ ਦੇਖਿਆ ਹੈ ਕਿ ਇਕ ਜਗ੍ਹਾ ਅਖੰਡ ਪਾਠ ਹੋ ਰਿਹਾ ਹੈ। ਮੈਂ ਵੀ ਲੰਗਰ ਦੇ ਅਸਥਾਨ ਤੇ ਲੰਗਰ ਦੀ ਸੇਵਾ ਕਰ ਰਿਹਾ ਹਾਂ ਕਿ ਇਤਨੇ ਨੂੰ ਇਕ ਅਖੰਡਪਾਠੀ ਸੱਜਣ ਲੰਗਰ ਵਲ ਆਉਂਦੇ ਹੀ ਇਕ ਕੁੱਤੇ ਨੇ ਉਸ ਦੀ ਟੰਗ ਫੜ ਲਈ, ਐਸਾ ਦੰਦ ਖੁਭੋਇਆ ਕਿ ਲਹੂ ਦੀ ਤਤੀਰੀ ਹੀ ਵਗਣ ਲਗ ਗਈ। ਮੈਂ ਹੀ ਕੁੱਤੇ ਨੂੰ ਲੱਕੜ ਮਾਰ ਕੇ ਹਟਾਇਆ। ਇਹ ਦੇਖਣ ਸਾਰ ਹੀ ਮੇਰੀ ਅੱਖ ਖੁਲ੍ਹ ਗਈ। ਮੈਨੂੰ ਇਹ ਭਾਸਿਆ ਕਿ ਜਿਵੇਂ ਇਹ ਪਰਤੱਖ ਹੀ ਵਰਤਿਆ ਹੁੰਦਾ ਹੈ।"

ਅਸੀਂ ਇਹ ਗੱਲ ਕਰਦੇ ਹੀ ਤੁਰ ਪਏ। ਸਾਰਾ ਜਥਾ ਹੀ ਪੈਦਲ ਤੁਰ ਪਿਆ। ਨਾਭੇ ਤੋਂ ਛੇ ਸੱਤ ਕੋਸ ਦੇ ਫ਼ਾਸਲੇ ਤੇ ਉਹ ਪਿੰਡ ਸੀ, ਜਿਥੇ ਜਥੇ ਨੇ ਅਖੰਡ ਪਾਠ ਕਰਨ ਜਾਣਾ ਸੀ। ਜਾਣ ਸਾਰ ਅਖੰਡ ਪਾਠ ਦੇ ਤਿਆਰੇ ਅਰੰਭ ਦਿਤੇ, ਅਖੰਡ ਕੀਰਤਨ ਅੰਮ੍ਰਿਤ ਵੇਲੇ ਹੋਏ। ਦੂਜੇ ਦਿਨ ਸਵੇਰੇ ਹੀ ਅਖੰਡ ਪਾਠ ਆਰੰਭ ਹੋ ਗਏ। ਮੈਂ ਖੁਦ ਅਖੰਡ ਪਾਠ ਕਰ ਰਿਹਾ ਸਾਂ। ਦੂਜੇ ਪਾਠੀ ਨੇ ਆ ਕੇ ਮੈਨੂੰ ਬਦਲ ਦਿਤਾ। ਲੰਗਰ ਵਿਚ ਕੁਛ ਗਫੇ ਲਾਉਣ ਲਈ ਜਾਣ ਦਾ ਮੈਨੂੰ ਇਸ਼ਾਰਾ ਹੋਇਆ। ਬਾਣੀ ਦੇ ਰੰਗ ਚਲੂਲੇ ਚੜ੍ਹੇ ਹੋਏ ਸਨ। ਨਾਮ ਦੀ ਲਟਕ ਵਿਚ ਝੂਲਦਾ ਹੋਇਆ ਅਧ-ਮੀਟੀਆਂ ਅੱਖਾਂ ਨਾਲ ਪਊਏ ਪਾ ਕੇ ਮੈਂ ਲੰਗਰ ਵਲ ਜਾ ਰਿਹਾ ਸਾਂ। ਅਗੇ ਲੰਗਰ ਦੇ ਐਨ



ਕਰੀਬ ਹੀ ਇਕ ਪੱਕਾ ਥਮਲਾ ਸੀ। ਥਮਲੇ ਦੇ ਉਹਲੇ ਇਕ ਕੁੱਤਾ ਬੈਠਾ ਹੋਇਆ ਸੀ, ਜਿਸ ਦਾ ਮੈਨੂੰ ਕੁਛ ਪਤਾ ਨਹੀਂ ਸੀ। ਅਜਾਣੇ ਹੀ ਮੇਰੇ ਪੈਰ ਦਾ ਪਊਆ ਉਸ ਦੇ ਪੌਂਚੇ ਉਪਰ ਟਿਕ ਗਿਆ ਅਤੇ ਕੁੱਤੇ ਨੇ ਮੇਰਾ ਗਿੱਟਾ ਮੂੰਹ ਨਾਲ ਆ ਫੜਿਆ, ਐਸੇ ਦੱਬ ਕੇ ਦੰਦ ਮਾਰੇ ਕਿ ਲਹੂ ਦੀ ਤਤੀਰੀ ਵਗ ਤੁਰੀ। ਚੁਲ੍ਹੇ ਕੋਲ ਬੈਠੇ ਲੰਗਰ ਸਜਾ ਰਹੇ ਉਸੇ ਭਾਈ ਸਰਵਣ ਸਿੰਘ ਨੇ ਲੱਕੜੀ ਚੁੱਕ ਕੇ ਕੁੱਤੇ ਦੇ ਮਾਰੀ ਤਾਂ ਕੁੱਤੇ ਮੇਰੀ ਟੰਗ ਛੱਡੀ। ਪਰ ਮੈਨੂੰ ਕੋਈ ਦਰਦ ਨਹੀਂ ਜਾਪਿਆ, ਕੁਛ ਦੁਖ ਦਰਦ ਨਹੀਂ ਪ੍ਰਤੀਤ ਹੋਇਆ। ਉਧਰ ਲਹੂ ਦੀ ਤਤੀਰੀ ਪੈਂਦੀ ਹੈ, ਉਧਰ ਮੇਰੀ ਜ਼ਬਾਨ ਤੋਂ ਵਾਹੋ ਦਾਹ ਇਹ ਅਵਾਜ਼ੇ ਨਿਕਲ ਰਹੇ ਹਨ ਤੇ ਬੜੀ ਖ਼ੁਸ਼ੀ ਭਰੇ ਵਾਜੇ ਨਿਕਲ ਰਹੇ ਹਨ:

'ਸਿੰਘ ਦਾ ਸੁਪਨਾ ਪੂਰਾ ਹੋ ਗਿਆ, ਵਾਹ! ਵਾਹ! ਖ਼ੂਬ ਚਮਤਕਾਰ ਪੂਰਾ ਹੋਇਆ!!' ਕਿਉਂਕਿ ਕਲ੍ਹ ਵਾਲੀ ਸੱਜਰੀ ਵਾਰਤਾ ਮੈਨੂੰ ਯਾਦ ਸੀ, ਮੈਂ ਪੁਕਾਰਨੋਂ ਨ ਰਹਿ ਸਕਿਆ। ਪਰ ਬੜੇ ਅਨੂਪਮ ਭਾਣੇ ਦੀ ਗੱਲ ਇਹ ਹੋਈ ਕਿ ਭਾਈ ਸਰਵਣ ਸਿੰਘ ਨੂੰ ਇਹ ਵਾਰਤਾ ਉੱਕੀ ਹੀ ਵਿਸਰ ਗਈ। ਸਿੰਘ ਮੈਨੂੰ ਪੁਛਣ ਕਿ ਕਿਹੜਾ ਸੁਪਨਾ ਸੱਚ ਹੋ ਗਿਆ, ਕੀ ਚਮਤਕਾਰ ਦੇਖਿਆ ਪੂਰਾ ਹੋਇਆ ਦਸਦੇ ਹੋ ? ਮੈਂ ਉਤਰ ਦਿਤਾ ਕਿ ਕਹਿਣ ਕਥਨ ਦੀ ਗੱਲ ਹੀ ਕੁਛ ਨਹੀਂ ਹੈ। ਚਲੋ ਵਖਰੇ ਚਲ ਕੇ ਦਸਦੇ ਹਾਂ। ਨਾਲੇ ਤੇ ਮੇਰਾ ਜ਼ਖ਼ਮ ਬੰਨ੍ਹਣ ਵਾਸਤੇ ਸਿੰਘ ਤੁਰ ਪਏ, ਨਾਲੇ ਵਖਰੇ ਹੋ ਕੇ ਮੇਰੇ ਪਾਸੋਂ ਅਸਲ ਗੱਲ ਪੁਛਣ ਲਈ ਤਤਪਰ ਹੋ ਗਏ। ਭਾਈ ਸਰਵਣ ਸਿੰਘ ਜੀ ਤੋਂ ਲਾਂਭੇ ਹੋ, ਮੈਂ ਸਾਰੀ ਗੱਲ ਦਸੀ ਤੇ ਇਹ ਵੀ ਨਾਲੇ ਤਾਕੀਦ ਕਰ ਦਿਤੀ ਕਿ ਇਸ ਭੋਲੇ ਵੀਰ ਨੂੰ ਪਤਾ ਨਾ ਲਗੇ, ਇਹ ਭੋਲੇ-ਭਾ ਹੀ ਰਹੇ ਤਾਂ ਠੀਕ ਹੈ। ਇਸ ਦੇ ਮੂੰਹ ਤੇ ਕੋਈ ਗੱਲ ਨਹੀਂ ਕਰਨੀ। ਇਸ ਨੂੰ ਗੁਪਤ ਰੰਗ ਵਿਚ ਹੀ ਖੇਡਣ ਦਿਓ।

ਸ਼ੋਰਮ ਸ਼ੋਰੀ ਇਸ ਗੱਲ ਦਾ ਹੌਲੀ ਹੌਲੀ ਸਾਰੇ ਜਥੇ ਨੂੰ ਪਤਾ ਲਗ ਗਿਆ। ਫਿਰ ਤਾਂ ਲੱਗੇ ਉਨ੍ਹਾਂ ਦੀ ਸਾਰੇ ਕਦਰ ਕਰਨ। ਪਰ ਕਿਸੇ ਦੀ ਇਹ ਜੁਰਅਤ ਨਹੀਂ ਪਈ ਕਿ ਵੀਰ ਸਰਵਣ ਸਿੰਘ ਜੀ ਨੂੰ ਅਸਲੀ ਗੱਲ ਦਾ ਪਤਾ ਦੇਣ। ਗੁਰੂ ਘਰ ਦੀ ਇਹੀ ਤਾਂ ਗੌਰਵਤਾ ਹੈ ਕਿ ਗਹਿਰ ਗੰਭੀਰ ਆਤਮ-ਅਵਸਥਾ ਨੂੰ ਅਪੜੇ ਹੋਏ ਵੀ ਅਜਰ ਨੂੰ ਜਰਨ ਦੀ ਜੀਰਾਂਦ ਰਖਦੇ ਹਨ। ਸੁਤੇ ਹੀ ਜਾਣਕਾਰੀਆਂ ਦੀ ਇਹ ਜਾਣਤਾ ਬਣਾਉਂਦੀ ਹੈ। ਉਹ ਬਫਾਵਣੇ ਹੀ ਨਹੀਂ ਪਾਉਂਦੇ, ਨਾ ਹਉਮੈ ਦੇ ਪਠੇ ਉਨ੍ਹਾਂ ਨੂੰ ਪੈਂਦੇ ਹਨ, ਨਾ ਉਹ ਹਉਮੈ ਵਿਚ ਆਫਰਦੇ ਹਨ। ਇਸ ਔਲੇ ਮੌਲੇ ਸੂਧੇ ਸਾਧੇ ਵੀਰ ਸਰਵਣ ਸਿੰਘ ਨੂੰ ਦੇਖ ਕੇ ਕਿਸੇ ਨੂੰ ਵੀ ਇਹ ਯਕੀਨ ਨਹੀਂ ਆ ਸਕਦਾ ਸੀ ਕਿ ਐਸੇ ਉਤਮ ਪੌੜੇ ਨੂੰ ਪਹੁੰਚੇ ਹੋਏ ਹਨ। ਸਹਿਜ ਸਰਲਤਾ ਇਹ ਲਖਸ਼ ਗੁਰੂ ਘਰ ਦੇ ਨਿਰਮਾਣ ਤੇ ਨਿਰਬਾਣ ਪਦ ਨੂੰ ਪਹੁੰਚੇ ਹੋਏ ਗੁਰਮੁਖ ਸਜਨ ਅੰਦਰ ਪੇਖਣ ਵਿਚ ਆਇਆ ਹੈ। ਬਸ ਨਮੂਨੇ ਮਾਤਰ ਇਸ ਵੀਰ ਪਰਥਾਇ ਇਹੀ ਉਦਾਹਰਣ ਕਾਫ਼ੀ ਹੈ।

ਗੁਪਤ ਗੌਝਿਆਂ ਦੇ ਗੁਪਤ ਗੋਝ ਗੁਣਾਂ ਦਾ ਪਾਰਾਵਾਰ ਕੀ ਪਾਇਆ ਜਾ ਸਕਦਾ ਹੈ।

ਥੋੜੇ ਦਿਨਾਂ ਪਿਛੋਂ ਹੀ ਅਸੀਂ ਤਾਂ ਜੇਲ੍ਹਾਂ ਅੰਦਰ ਡੱਕੇ ਗਏ ਤੇ ਅਜਿਹੇ ਗੁਰ ਸੱਜਣਾਂ ਨੂੰ ਅਸੀਂ ਪਿਛੇ ਹੀ ਛੱਡ ਗਏ, ਸਾਨੂੰ ਪਤਾ ਨਹੀਂ ਕਿਥੇ ਕਿਥੇ ਤਿੱਤਰ ਬਿੱਤਰ ਹੋ ਗਏ, ਤੇ ਸੂਰਨ-ਰੰਗੀ ਭਾਈ ਸਰਵਣ ਸਿੰਘ ਜੀ ਕਿਧਰ ਪਧਾਰ ਗਏ। ਤਦ ਪਸਚਾਤ ਸਾਨੂੰ ਉਹ ਅੱਜ ਤਾਈਂ ਨਹੀਂ ਮਿਲੇ। ਐਸਾ ਹੀ ਜਾਪਦਾ ਹੈ ਕਿ ਉਹ ਪਰਲੋਕ ਨੂੰ ਪਧਾਰ ਗਏ ਹੋਣਗੇ, ਨਹੀਂ ਤਾਂ ਜ਼ਰੂਰ ਮਿਲਦੇ। ਨਾ ਹੀ ਸਾਨੂੰ ਉਨ੍ਹਾਂ ਦੇ ਹੋਰ ਕਿਸੇ ਨਸਬ ਦਾ ਹੀ ਪਤਾ ਹੈ। ਬਸ ਕੇਵਲ ਉਪਰ ਅੰਕਰੀ ਯਾਦ ਹੀ ਸਾਡੇ ਸੀਨੇ ਅੰਦਰ ਉਕਰੀ ਰਹਿ ਗਈ ਹੈ। ਸੋ ਸਮਾਪਤੰ ਸੁਭਮ ਸਤ ਹੈ।

੪

# ਲਲਤੋਂ ਨਿਵਾਸੀ ਵੀਰ ਨਿਰਭੈ ਸਿੰਘ ਜੀ

ਅਸੀਂ ਹਜ਼ਾਰੀ ਬਾਗ ਜੇਲ੍ਹ ਅੰਦਰ ਉਮਰ ਕੈਦਾਂ ਭੁਗਤ ਰਹੇ ਹਾਂ। ਸ਼ਾਇਦ ੧੯੨੦ ਈ: ਵਾਲਾ ਸਾਲ ਹੋਣਾ ਹੈ। ਭਾਈ ਨਿਰਭੈ ਸਿੰਘ ਜੀ ਕਾਂਗਰਸ ਦਾ ਕਲਕੱਤੇ ਵਿਚ ਹੋਇਆ ਖ਼ਾਸ ਸਮਾਗਮ ਦੇਖਣ ਲਈ ਕਲਕੱਤੇ ਨੂੰ ਜਾ ਰਹੇ ਸਨ। ਇਹ ਉਹ ਖ਼ਾਸ ਕਾਂਗਰਸ ਸਮਾਗਮ ਹੈ, ਜਿਸ ਵਿਖੇ ਕਿ ਨਾ-ਮਿਲਵਰਤਣ ਦਾ ਮਤਾ ਪਾਸ ਹੋਇਆ ਸੀ। ਵੀਰ ਨਿਰਭੈ ਸਿੰਘ ਜੀ ਧੁਰੋਂ ਇਹ ਧਾਰਨਾ ਧਾਰ ਕੇ ਤੁਰੇ ਸਨ ਕਿ ਕਲਕੱਤੇ ਪਿਛੋਂ ਪੁਜਣਾ ਹੈ, ਪਹਿਲਾਂ ਹਜ਼ਾਰੀ ਬਾਗ ਜੇਲ੍ਹ ਵਿਚ ਜਾ ਕੇ ਮੈਂ ਅਜਿਹੇ ਜੇਲ੍ਹ-ਯਾਤਰੂਆਂ ਨੂੰ ਮਿਲਣਾ ਹੈ, ਪਰ ਜ਼ਰੂਰੀ ਮਿਲਣਾ ਹੈ। ਇਸ ਹਜ਼ਾਰੀ ਬਾਗ ਜੇਲ੍ਹ ਨੂੰ ਹਜ਼ਾਰੀ ਬਾਗ ਰੋਡ ਨਾਮੇ ਸਟੇਸ਼ਨ ਲਗਦਾ ਸੀ, ਜੋ ਐਨ ਕਲਕੱਤੇ ਨੂੰ ਜਾਣ ਵਾਲੀ ਲਾਈਨ ਤੇ ਸੀ। ਇਸ ਹਜ਼ਾਰੀ ਬਾਗ ਰੋਡ ਸਟੇਸ਼ਨ ਤੋਂ ਚਾਲੀ ਮੀਲ ਦੀ ਵਿਥ ਤੇ ਹਜ਼ਾਰੀ ਬਾਗ ਜੇਲ੍ਹ ਵਾਕਿਆ ਹੈ। ਇਸ ਦੇ ਆਲੇ ਦੁਆਲੇ ਚਾਰ ਚੁਫੇਰੇ ਚਾਲੀ ਮੀਲ ਤਾਈਂ ਜੰਗਲ ਹੀ ਜੰਗਲ ਸਨ। ਬਿਹਾਰ ਸੂਬੇ ਦੇ ਅੰਦਰ ਇਹ ਇਕ ਸਦਾ ਬਹਾਰੀ ਸਰਦ ਅਸਥਾਨ ਹੈ।

ਵੀਰ ਨਿਰਭੈ ਸਿੰਘ ਜੀ ਹਜ਼ਾਰੀ ਬਾਗ ਸ਼ਹਿਰ ਅੱਪੜ ਕੇ ਉਥੋਂ ਅੰਮ੍ਰਿਤ ਵੇਲੇ ਹੀ ਤੁਰ ਕੇ ਹਜ਼ਾਰੀ ਬਾਗ ਜੇਲ੍ਹ ਵਲ ਆ ਰਹੇ ਹਨ। ਆਪਣੇ ਵੈਰਾਗ-ਰੰਗਾਂ ਵਿਚ ਹੀ ਖਰਾਮਾਂ ਖਰਾਮਾਂ ਜਾ ਰਹੇ ਹਨ। ਅਜੇ ਪਹੁ-ਫੁਟਾਲੇ ਦਾ ਵੇਲਾ ਹੈ, ਇਰਦ ਗਿਰਦ ਸਭ ਚੁਪ ਚਾਂਤ ਛਾ ਰਹੀ ਹੈ ਅਤੇ ਤਰੇਲ (ਸ਼ਬਨਮ) ਦੀ ਭਿੰਨੀ ਭਿੰਨੀ ਨਮੀ ਨਮੂਦਾਰ ਹੋ ਰਹੀ ਹੈ। ਮਿੰਨ੍ਹੀ ਮਿੰਨ੍ਹੀ ਫੁਹਾਰ ਪੈ ਰਹੀ ਹੈ। ਬਿਰਹੋਂ ਵਿਜੋਗੀ ਵੀਰ ਨਿਰਭੈ ਸਿੰਘ ਜੀ ਵੀਰ-ਮਿਲਾਵੇ ਦੇ ਅਨੁਰਾਗ ਅਤੇ ਚਿਰਾਂ ਦੇ ਵਿਛੋੜੇ ਦੇ ਵੈਰਾਗ ਵਿਚ ਮਨੂਰ ਹੋਏ ਹੋਏ, ਅੰਤਰਗਤੀ ਗੁਪਤੋ ਗੁਪਤ ਬਾਣੀ ਪੜ੍ਹਦੇ ਹੋਏ, ਜੇਲ੍ਹ ਵਲ ਜਾ ਰਹੀ ਸੜਕੇ ਸੜਕ ਸਿਰ ਸੁਟੀ ਤੁਰੇ ਜਾ ਰਹੇ ਹਨ ਕਿ ਦੂਰ ਤੋਂ ਇਕ ਵੈਰਾਗ ਭਰੀ ਸੁਰ ਨਾਲ ਉਚਾਰੀ ਜਾ ਰਹੀ ਨੌਵੇਂ ਮਹਲੇ ਦੇ ਬਾਣੀ ਦੇ ਸਲੋਕਾਂ ਦੀ ਧੁਨੀ ਵੀਰ ਨਿਰਭੈ ਸਿੰਘ ਜੀ ਦੇ ਕੰਨਾਂ ਵਿਚ ਪਈ। ਉਹ ਬੜੇ ਅਚੰਭੇ ਨਾਲ ਚਾਰ ਚੁਫੇਰੇ ਕੰਨ ਤੇ ਅੱਖੀਆਂ ਫੇਰ ਫੇਰ ਤੱਕਣ ਕਿ ਕਿਧਰੋਂ ਇਹ ਧੁਨੀ ਆ ਰਹੀ ਹੈ। ਇਸ ਉਜਾੜ ਬੀਆਬਾਨ ਵਿਚ, ਜਿਥੇ ਸਿੱਖਾਂ ਦੀ ਉੱਕੀ ਹੀ ਕੋਈ ਵਸੋਂ ਨਹੀਂ, ਗੁਰਬਾਣੀ ਪੜ੍ਹਨ ਵਾਲਾ ਐਸਾ ਕਿਹੜਾ

WWW.AKJ.ORG



ਪ੍ਰੇਮੀ ਹੈ, ਜੋ ਅੰਮ੍ਰਿਤ ਵੇਲੇ ਹੀ ਜਾਗ ਕੇ ਅਤੀ ਵੈਰਾਗ ਵਿਚ ਵੈਰਾਗ-ਮਈ ਸਲੋਕਾਂ ਦਾ ਪਾਠ ਕਰੀ ਆਉਂਦਾ ਹੈ। ਧਿਆਨ ਦੇਣ ਪਰ ਪਤਾ ਲਗਾ ਕਿ ਜੇਲ੍ਹ ਦੇ ਪਾਸੇ ਵਲੋਂ ਹੀ ਇਹ ਧੁਨੀ ਆ ਰਹੀ ਹੈ। ਵੀਰ ਵੈਰਾਗੀ ਦੀ ਹੋਰ ਵੀ ਹੈਰਾਨਗੀ ਵਧ ਗਈ ਕਿ ਜੇਲ੍ਹ ਦੇ ਇਰਦ ਗਿਰਦ ਹੀ ਬਿਹਾਰੀ ਵਸੋਂ ਵਿਚੋਂ ਕਿਹੜਾ ਐਸਾ ਸਜਣ ਵੈਰਾਗੀ ਪੈਦਾ ਹੋ ਗਿਆ, ਜਿਸ ਦੇ ਮੁਖੋਂ ਨਿਕਸੀ ਦੂਰੋਂ ਭਿਣਕ ਪਈ ਬਾਣੀ ਦੀ ਧੁਨੀ ਮੈਨੂੰ ਵੀ ਗੜੂੰਦ ਕਰਦੀ ਜਾ ਰਹੀ ਹੈ। ਉਹ ਏਸੇ ਹਾਲਤ ਵਿਚ ਦੋਏ ਕਰ ਜੋੜ ਕੇ ਇਕ ਥਾਵੇਂ ਟਿਕ ਕੇ ਖੜੋ ਗਏ ਕਿ ਏਸੇ ਸੜਕ ਤੇ ਜੇਲ੍ਹ ਵਲੋਂ ਆ ਰਹੇ ਵੈਰਾਗੀਅੜੇ ਸਜਣ ਏਥੋਂ ਦੀ ਹੀ ਗੁਜ਼ਰਨਗੇ ਅਤੇ ਚੁਪ ਚੁਪਾਤੇ ਹੀ ਦਰਸ਼ਨ ਕਰ ਲਵਾਂਗੇ।

ਵੈਰਾਗ ਅਨੁਰਾਗ ਵਿਚ ਮਸਤ ਹੋਏ ਹੋਏ ਇਕ ਬਿਹਾਰੀ (ਬਿਹਾਰ ਦੇਸ ਦਾ ਨਿਵਾਸੀ) ਜੇਲ੍ਹ-ਸਿਪਾਹੀ ਜੇਲ੍ਹ-ਵਰਦੀ ਵਿਚ ਪੁਸ਼ਾਕਤ ਹੋਏ ਹੋਏ, ਮਧੁਰ ਤੇ ਲੰਮੀ ਵੈਰਾਗ-ਧੁਨੀ ਨਾਲ ਨੌਂਵੇਂ ਮਹਲੇ ਦੇ ਸਲੋਕਾਂ ਦਾ ਪਾਠ ਕਰਦੇ ਹੋਏ ਆ ਰਹੇ ਸਨ, ਅੱਖੀਆਂ ਤੋਂ ਛਮਾ ਛਮ ਵੈਰਾਗ ਨੀਰ ਵਹਿ ਰਿਹਾ ਸੀ। ਜਦੋਂ ਉਹ ਆਪਣੀ ਵੈਰਾਗ-ਧੁਨੀ ਵਿਚ ਮਸਤ ਹੋਇਆ ਸਿਪਾਹੀ ਐਨ ਉਸ ਜਗ੍ਹਾ ਦੇ ਨਿਕਟ ਅਪੜਿਆ ਜਿਥੇ ਕਿ ਬੁੱਤ ਦੀ ਨਿਆਈਂ ਖੜਾ ਹੋਇਆ ਵੀਰ ਵੈਰਾਗੀਅੜਾ ਨਿਰਭੈ ਸਿੰਘ ਬਿਹਬਲ ਹੋ ਰਿਹਾ ਸੀ, ਨਾ ਜੇਲ੍ਹ ਵਲੋਂ ਆ ਰਹੇ ਸਿਪਾਹੀ ਨੂੰ ਕੋਈ ਸੁਧ ਬੁਧ ਸੀ, ਨਾ ਇਸ ਬੁੱਤ ਬਣੇ ਰਾਹੀ ਨੂੰ, ਨਿਕਟ ਆਈ ਧੁਨੀ ਨੂੰ ਵੈਰਾਗ ਪੁਲਕ੍ਰਿਤ ਗਲੇ ਵਿਚ ਅਤੀ ਲਲਿਤਾ ਵਿਚ ਧੁਨਿਤ ਹੋਈ ਸੁਣ ਕੇ ਖ਼ਾਮੋਸ਼ ਖੜੇ ਵੀਰ ਨਿਰਭੈ ਸਿੰਘ ਜੀ ਚੌਂਕ ਉਠੇ ਅਤੇ ਉਸ ਸਿਪਾਹੀ ਨੂੰ ਦੇਖਣ ਸਾਰ ਧੜੰਮ ਦੇ ਕੇ ਉਸ ਦੇ ਚਰਨਾਂ ਤੇ ਜਾ ਡਿਗੇ। ਉਠਾਏ ਉੱਠਣ ਨਾ, ਸਿਪਾਹੀ ਦੇ ਨੀਰ-ਜਲ ਵਗਦੇ ਨੇਤਰਾਂ ਦੇ ਟੇਪੇ ਵੀਰ ਭਾਈ ਨਿਰਭੈ ਸਿੰਘ ਜੀ ਦੀ ਗਰਦਨ ਤੇ ਛਮਾ ਛਮ ਪੈਣ ਅਤੇ ਬਿਹਬਲ ਹੋ ਰਹੇ ਭਾਈ ਨਿਰਭੈ ਸਿੰਘ ਜੀ ਦੇ ਨੇਤਰਾਂ ਵਿਚੋਂ ਜੋ ਜਲ ਜਾਰੀ ਸੀ, ਉਸ ਨੇ ਉਸ ਬਿਹਾਰੀ ਸਿਪਾਹੀ ਦੇ ਚਰਨਾਂ ਨੂੰ ਭਿਉਂ ਭਿਉਂ ਕੇ ਤਰ-ਬ-ਤਰ ਕਰ ਦਿਤਾ। ਇਕ ਸਿਖ ਦਾ ਚੇਹਰਾ ਦੇਖ ਕੇ ਬਿਹਾਰੀ ਸਿਪਾਹੀ ਨਿਹਾਲੋ ਨਿਹਾਲ ਵੀ ਹੋਏ ਅਤੇ ਕਰੁਣਾ ਰਸ ਨਾਲ ਸਿਰ ਤੋਂ ਲੈ ਕੇ ਪੈਰਾਂ ਤਾਈਂ ਭਿੱਜ ਗਏ।

ਉਹ ਬਿਹਾਰੀ ਸਿਪਾਹੀ ਚਾਹੇ ਪੂਰਨ ਸਿਖ ਤਾਂ ਨਹੀਂ ਜਾਪਦਾ ਸੀ, ਪਰ ਉਸ ਦੇ ਮੁਖੜੇ ਤੇ ਆਈ ਸਫੁਟ ਹੋਈ ਦਾੜ੍ਹੀ ਦੀ ਲੂਈਂ ਬਿਲਕੁਲ ਨਰਮ ਸੀ, ਜਿਸ ਨੂੰ ਕਦੇ ਉਸਤਰਾ ਕੈਂਚੀ ਲੱਗੀ ਨਹੀਂ ਜਾਪਦੀ ਸੀ। ਸੀਸ ਉੱਤੇ ਲੰਮੇ ਲੰਮੇ ਪਟਿਆਂ ਦੀ ਸ਼ਕਲ ਦੇ ਕੇਸ ਸਨ, ਜਿਨ੍ਹਾਂ ਦਾ ਅਜੇ ਜੂੜਾ ਨਹੀਂ ਸੀ ਹੁੰਦਾ। ਐਸਾ ਜਾਪਦਾ ਸੀ ਕੇਸ ਆਪਣੀ ਕੁਦਰਤੀ ਵਧਣੀ ਵਿਚ ਵਧੇ ਜਾਂਦੇ ਹੋਏ ਵਧੇ ਹੀ ਚਲੇ ਜਾ ਰਹੇ ਹਨ। ਜਦੋਂ ਦੀ ਕੋਈ ਨਵੀਨ ਖਾਲਸਾਈ ਵੇਸ ਦੀ ਸੂਝ ਬੂਝ ਪਈ ਹੈ ਉਦੋਂ ਦਾ ਇਨ੍ਹਾਂ



ਪਟਿਆਂ ਨੂੰ ਵੀ ਕੋਈ ਕੈਂਚੀ ਉਸਤਰਾ ਨਹੀਂ ਲਗਾਇਆ ਜਾਪਦਾ। ਬੜੇ ਜ਼ੋਰਾਂ ਨਾਲ ਸਿਪਾਹੀ ਨੇ ਆਪਣੇ ਪੈਰਾਂ ਉਤੇ ਪਏ ਵੈਰਾਗੜੀਏ ਸਿੱਖ ਦਾ ਸੀਸ ਚੁਕਿਆ। ਅੱਖੀਆਂ ਦੋ ਚਾਰ ਹੋਈਆਂ, ਪ੍ਰਸਪਰ ਇਹੀ ਪੁਛ ਗਿਛ ਦੋਹਾਂ ਮੁਖਾਂ ਤੋਂ ਇਕੋ ਵਾਰ ਨਿਕਲੀ- 'ਤੁਸੀਂ ਕੌਣ ਤੇ ਕਿਥੋਂ ਆਏ ਤੇ ਕਿਥੇ ਜਾਣਾ ਹੈ?' ਪਹਿਲਾਂ ਉਸ ਬਿਹਾਰੀ ਸਿਪਾਹੀ ਨੇ ਉਤਰ ਦਿਤਾ ਕਿ ਮੈਂ ਤਾਂ ਹਜ਼ਾਰੀ ਬਾਗ ਜੇਲ੍ਹ ਵਿਚ ਮੁਲਾਜ਼ਮ ਸਿਪਾਹੀ ਹਾਂ। ਪੈਂਦੀ ਸੱਟ ਹੀ ਭਾਈ ਨਿਰਭੈ ਸਿੰਘ ਨੇ ਦੂਜਾ ਸਵਾਲ ਕਰ ਦਿਤਾ, 'ਇਹ ਗੁਰਬਾਣੀ ਤੁਹਾਨੂੰ ਕੀਹਨੇ ਦਸੀ ਤੇ ਕਿਥੋਂ ਸਿੱਖੀ?' ਉਸ ਨੇ ਉਤਰ ਦਿਤਾ ਕਿ ਸਾਡੀ ਜੇਲ੍ਹ ਵਿਚ ਪੁਲੀਟੀਕਲ ਕੈਦੀ ਬਣ ਕੇ ਜਟਾ-ਧਾਰੀ ਸਿੱਖ ਸਾਧ ਆਏ ਹੋਏ ਹਨ। ਵਿਚੋਂ ਹੀ ਅਟਕਾ ਕੇ ਭਾਈ ਨਿਰਭੈ ਸਿੰਘ ਜੀ ਨੇ ਫੇਰ ਇਹ ਸਵਾਲ ਕੀਤਾ ਕਿ ਭਾਈ ਰਣਧੀਰ ਸਿੰਘ ਜੀ ਭੀ ਏਨ੍ਹਾਂ ਹੀ ਪੁਲੀਟੀਕਲ ਕੈਦੀਆਂ ਵਿਚੋਂ ਹਨ? ਇਹ ਨਾਮ ਸੁਣ ਕੇ ਤਾਂ ਉਹ ਬਿਹਾਰੀ ਸਿਪਾਹੀ ਧੜੰਮ ਕਰ ਕੇ ਵੀਰ ਨਿਰਭੈ ਸਿੰਘ ਜੀ ਦੇ ਚਰਨਾਂ ਤੇ ਜਾ ਡਿਗਾ ਤੇ ਰੋ ਰੋ ਕੇ ਪੁਕਾਰਨ ਲਗਾ ਕਿ ਏਸੇ ਆਪ ਦੇ ਨਾਮ ਲਏ ਸਾਧੂ ਭਾਈ ਸਾਹਿਬ ਦੀ ਸੰਗਤ ਦੇ ਪਰਤਾਪ ਨਾਲ ਹੀ ਦਾਸ ਨੂੰ ਏਨ੍ਹਾਂ ਸਲੋਕਾਂ ਦਾ ਗਫਾ ਮਿਲਿਆ ਹੈ ਤੇ ਸਾਰੀ ਗੁਰਬਾਣੀ ਦਾ ਪਤਾ ਲਗਾ ਹੈ। ਵੀਰ ਨਿਰਭੈ ਸਿੰਘ ਜੀ ਨੇ ਉਸ ਸਤਿਸੰਗੀ ਵੈੱਰਾਗੀਅੜੇ ਦਾ ਸੀਸ ਆਪਣੇ ਪੈਰਾਂ ਤੋਂ ਚੁਕਦੇ ਹੋਏ ਆਖਿਆ ਕਿ ਮੈਂ ਉਨ੍ਹਾਂ ਦੀ ਮੁਲਾਕਾਤ ਕਰਨ ਨੂੰ ਹੀ ਜੇਲ੍ਹ ਵਲ ਜਾ ਰਿਹਾ ਹਾਂ। "ਮੇਰੇ ਲਾਇਕ ਕੋਈ ਸੇਵਾ ਦਸੋ", ਵੈਰਾਗੀ ਬਿਹਾਰੀ ਸਿਪਾਹੀ ਨੇ ਰੋ ਰੋ ਕੇ ਬੇਨਤੀ ਕਰੀ ਕਿ ਇਹ ਸਾਰਾ ਤਨ ਮਨ ਧਨ ਉਨ੍ਹਾਂ ਦਾ ਹੀ ਹੈ, ਮੈਨੂੰ ਕਹੋ ਮੈਂ ਕੀ ਕੁਛ ਨਿਛਾਵਰ ਕਰਾਂ।

ਗੱਲ ਕੀ, ਇਸ ਪਰਕਾਰ ਦੀ ਪ੍ਰੇਮ ਮਈ ਵੈਰਾਗ ਦੀ ਵਾਰਤਾ ਨੂੰ ਸਮਾਪਤ ਕਰ ਕੇ ਵੀਰ ਭਾਈ ਨਿਰਭੈ ਸਿੰਘ ਜੀ ਮੁਲਾਕਾਤ ਕਰਨ ਲਈ ਜੇਲ੍ਹ ਦੇ ਗੇਟ ਕੋਲ ਆ ਪਹੁੰਚੇ। ਮੈਨੂੰ ਵੀ ਮੁਲਾਕਾਤ ਕਰਵਾਉਣ ਵਾਲੇ ਜੇਲ੍ਹਰ ਨੇ ਅੰਦਰੋਂ ਬੁਲਾ ਲਿਆ। ਮੁਲਾਕਾਤ ਕਰਨ ਲਈ ਮੈਨੂੰ ਦੇਖਣ ਸਾਰ ਹੀ ਵੀਰ ਭਾਈ ਨਿਰਭੈ ਸਿੰਘ ਜੀ ਛਮਾ ਛਮ ਰੋ ਪਏ। ਐਸੇ ਰੋਏ ਕਿ ਰੋਣੋਂ ਹਟਣ ਨਾ। ਨਾ ਮੇਰੇ ਹਟਾਏ ਹਟਣ ਨਾ ਜੇਲ੍ਹਰ ਦੇ ਹਟਾਏ ਹਟਣ। ਬਸ ਰੋਈ ਹੀ ਜਾਣ, ਕੋਈ ਗੱਲਬਾਤ ਨਾ ਕਰਨ। ਜੇਲ੍ਹਰ ਨੇ ਇਸ ਰੁਦਨ ਦਾ ਕਾਰਨ ਪੁਛਿਆ। ਵੀਰ ਨਿਰਭੈ ਸਿੰਘ ਜੀ ਡਡਿਆ ਕੇ ਬੋਲੇ: "ਅਸੀਂ ਅਭਾਗੇ ਤਾਂ ਐਵੇਂ ਹੀ ਰਹਿ ਗਏ, ਸਾਡੇ ਨਾਲੋਂ ਤਾਂ ਬਿਹਾਰੀ ਸਿਪਾਹੀ ਹੀ ਵਡਭਾਗੇ ਹਨ, ਜਿਨ੍ਹਾਂ ਦਾ ਅਜ ਸੁਤੇ ਨਿਸਤਾਰਾ ਇਨ੍ਹਾਂ ਦੇ ਦਰਸ਼ਨਾਂ ਨਾਲ ਹੋ ਰਿਹਾ ਹੈ। ਸਾਡੇ ਇਥੇ ਬੋਲਣ ਦੀ ਕੀ ਜਾ ਹੈ।" ਇੰਨਾ ਕਹਿ ਕੇ ਫਿਰ ਜ਼ਾਰੋ ਜ਼ਾਰ ਰੋਵਣ ਲਗ ਪਏ। ਕੇਵਲ ਇਤਨਾ ਹੀ ਮੇਰੇ ਸਨਮੁਖ ਉਚਾਰਨ ਕੀਤਾ, "ਮੈਂ ਓਹੀ ਨਿਰਭੈ ਸਿੰਘ ਹਾਂ ਜਿਸ ਦੇ ਮਥੇ ਉਤੇ ਅੰਮ੍ਰਿਤ ਸੰਚਾਰ ਸਮੇਂ ਆਪ ਨੇ ਲਾਡ ਨਾਲ ਸਰਬ ਲੋਹ ਦੀ ਮਾਲਾ ਮਾਰ

WWW.AKJ.ORG

ਕੇ ਛੁਹਾਈ ਸੀ ਤੇ ਮੇਰੇ ਕਪਾਟ ਖੁਲ੍ਹ ਗਏ ਸਨ। ਬਸ ! ਉਸ ਕਪਾਟ ਖੁਲ੍ਹਣ ਸਮੇਂ ਚਮਤਕਾਰ ਮਾਤਰ ਜੋ ਕੁਝ ਦੇਖਿਆ ਸੋ ਦੇਖਿਆ, ਉਸਦੇ ਪਿਛੋਂ ਨਾ ਮੈਥੋਂ ਕਮਾਈ ਹੋਈ ਅਤੇ ਨਾ ਮੈਂ ਕੋਈ ਆਤਮ-ਝਲਕਾਰਾ ਦੇਖਿਆ। ਆਪ ਤਾਂ ਜੇਲ੍ਹਾਂ ਅੰਦਰ ਆ ਬਿਰਾਜੇ ਹੋ ਅਤੇ ਅਸੀਂ ਸਿਆਸਤ ਦੀ ਦੌੜ ਧੁਪ ਵਿਚ ਧੱਕੇ ਖਾ ਰਹੇ ਹਾਂ।" ਇਹ ਕਹਿ ਕੇ ਫਿਰ ਉਚੀ ਉਚੀ ਰੋਣ ਲਗ ਪਏ। ਮੁਲਾਕਾਤ ਦਾ ਸਮਾਂ ਖ਼ਤਮ ਹੋ ਗਿਆ ਤੇ ਅਸੀਂ ਦੋਏ ਮੁਲਾਕਾਤੀ ਜੁਦਾ ਜੁਦਾ ਕਰ ਦਿਤੇ ਗਏ। ਮੈਨੂੰ ਅੰਦਰ ਨੂੰ ਤੋਰ ਦਿਤਾ ਤੇ ਉਸ ਨੂੰ ਬਾਹਰਵਾਰ ਵਿਛੋੜ ਦਿਤਾ। ਹਸਰਤ ਦੀਆਂ ਨਿਗਾਹਾਂ ਨਾਲ ਮੁੜ ਮੁੜ ਅਤੇ ਖੜ੍ਹ ਖੜ੍ਹ ਪਿਛੇ ਤੱਕਦਾ ਜਾਵੇ, ਮੈਂ ਵੀ ਮੁਰਛਤ-ਮੂਰਤੀ ਹੋ ਕੇ ਖੜ੍ਹ ਕੇ ਤੱਕਣ ਲਗ ਪਿਆ, ਮੈਨੂੰ ਕੌਣ ਮੋੜੇ ਹੋੜੇ। ਪਰ ਜਰਵਾਣਿਆਂ ਸਿਪਾਹੀਆਂ ਓੜਕ ਨਿਰਭੈ ਸਿੰਘ ਨੂੰ ਅੱਖੀਓਂ ਓਹਲੇ ਕਰ ਦਿਤਾ। ਜਾਂਦਿਆਂ ਜਾਂਦਿਆਂ ਜ਼ੋਰ ਦੀ ਆਵਾਜ਼ ਨਾਲ ਇਹ ਕਹਿ ਗਏ ਕਿ ਕਲਕੱਤੇ ਕਾਂਗਰਸ ਕਾਨਫਰੰਸ ਤੋਂ ਮੁੜ ਕੇ ਆਉਂਦਾ ਹੋਇਆ ਫਿਰ ਮਿਲ ਕੇ ਜਾਵਾਂਗਾ। ਪਰ ਕੀਹਨੇ ਮੁੜਨਾ ਹੈ ਤੇ ਕੀਹਨੇ ਮਿਲਣਾ ਹੈ! ਬਹੁੜ ਦਰਸ਼ਨ ਨਹੀਂ ਹੋਏ, ਹੋਣ ਕਿਵੇਂ ਅਤੇ ਕਿਸ ਦੇ, ਬੀਰ ਵੈਰਾਗੀ ਨਿਰਭੈ ਸਿੰਘ ਜੀ ਤਾਂ ਚਿਰੋਕਣੇ ਗੁਰਪੁਰੀ ਨੂੰ ਪਧਾਰ ਗਏ ਹੋਏ ਸਨ। ਬਸ ਇਥੇ ਹੀ ਖ਼ਤਮ ਹੋਇਆ। ਅਗਾਂਹ ਕੁਝ ਹੋਰ ਲਿਖ ਨਹੀਂ ਹੁੰਦਾ।

੫

# ਲਲਤੋਂ ਨਿਵਾਸੀ ਇਕ ਹੋਰ ਨਿਕੜੇ ਵੀਰ ਨੌਨਿਹਾਲ ਜਸਵੰਤ ਸਿੰਘ ਜੀ

ਅਸੀਂ ਅਜੇ ਜੇਲ੍ਹ ਨਹੀਂ ਗਏ ਸਾਂ ਕਿ ਕੁਝ ਸਾਲ ਪਹਿਲਾਂ ਲੁਧਿਆਣੇ ਭੁਝੰਗੀ ਸਭਾ ਦੇ ਰਚੇ ਹਫ਼ਤੇਵਾਰੀ ਤੇ ਗੁਰਪੁਰਬਾਂ ਦੇ ਸਮਾਗਮਾਂ ਤੇ ਸਾਰਾ ਜਥਾ ਕੀਰਤਨ ਨਮਿਤ ਭੁਝੰਗੀ ਸਭਾ ਦੇ ਗੁਰਦੁਆਰੇ ਜਾਇਆ ਕਰਦਾ ਸੀ, ਖ਼ਾਸ ਕਰ ਗੁਰੂ ਨਾਨਕ ਸਾਹਿਬ ਤੇ ਗੁਰੂ ਦਸਮੇਸ਼ ਸਾਹਿਬ ਜੀ ਦੇ ਗੁਰਪੁਰਬਾਂ ਤੇ ਸਤਿਸੰਗ ਸਮਾਗਮੀ ਰੌਣਕ ਹੋਇਆ ਕਰਦੀ ਸੀ। ਭੁਝੰਗੀ ਸਭਾ ਦੇ ਸਕੱਤਰ ਭਾਈ ਲਾਲ ਸਿੰਘ ਜੀ (ਅਜ ਕਲ੍ਹ ਸਰਦਾਰ ਬਹਾਦਰ ਲਾਲ ਸਿੰਘ ਜੀ) ਅਤੇ ਗਿਆਨੀ ਨਾਹਰ ਸਿੰਘ ਜੀ ਦੇ ਉਦਮੀ ਪੁਰਸ਼ਾਰਥ ਨਾਲ ਲੁਧਿਆਣਾ ਸ਼ਹਿਰ ਦੇ ਆਨਮਤੀ ਆਸ਼ਰਮਾਂ ਵਿਚੋਂ ਗਿਣਤੀ ਮਿਣਤੀ ਦੇ ਨਾਮ-ਧਰੀਕ ਸਿਖ ਵਿਦਿਆਰਥੀ ਭੀ ਬੁਲਾਏ ਜਾਇਆ ਕਰਦੇ ਸਨ। ਇਸ ਪ੍ਰੇਮ-ਸਦ-ਬੁਲਾਵੇ ਦਾ ਬੁਲਾਇਆ ਹੋਇਆ ਮਿਸ਼ਨ ਹਾਈ ਸਕੂਲ ਲੁਧਿਆਣੇ ਦੇ ਨਾਮ-ਧਰੀਕ ਸਿਖ ਵਿਦਿਆਰਥੀਆਂ ਦਾ ਜਰਗਾ ਭੀ ਭੁਝੰਗੀ ਸਭਾ ਦੇ ਰਚੇ ਹੋਏ ਗੁਰਪੁਰਬ ਕੱਤਕ ਪੂਰਨਮਾਸ਼ੀ ਦੇ ਸਮਾਗਮ ਤੇ ਆ ਜੁੜਿਆ। ਜਥੇ ਦਾ ਲੋਟ ਪੋਟੀ ਕੀਰਤਨ ਸੁਣ ਕੇ ਅਨੇਕਾਂ ਅਸੂਝ ਨਵ-ਯੁਵਕ ਸਿਖ ਰੂਹੜੀਆਂ ਰੁਮਕ ਉਠੀਆਂ।

ਇਸ ਮਿਸ਼ਨ ਸਕੂਲ ਦੇ ਵਿਦਿਆਰਥੀਆਂ ਚਿਵੋਂ ਸਮਾਗਮਾਂ ਤੇ ਆਇਆ ਨਿਕੜਾ ਵੀਰ ਜਸਵੰਤ ਸਿੰਘ ਜੀ ਵੀ ਸੀ। ਉਂਞ ਤਾਂ ਬੜੇ ਗਰੀਬ ਘਰਾਣੇ ਦਾ ਸੀ ਅਤੇ ਬੜੀ ਛੋਟੀ ਉਮਰ ਦਾ ਸੀ, ਪਰ ਦਿਲ ਦਿਮਾਗ ਦੀ ਨੇਅਮਤ ਨਾਲ ਮਾਲਾ ਮਾਲ ਸੀ। ਬਾਲਕ-ਪੁਣੇ ਤੋਂ ਹੀ ਅਨਾਮਤੀ ਮਿਸ਼ਨ ਸਕੂਲ ਦਾ ਪੜ੍ਹਾਕੂ ਹੋਣ ਕਰਕੇ ਇਸ ਨੇ ਕੇਸ ਕਟਾ ਦਿਤੇ ਹੋਏ ਸਨ, ਗੁਰੂ ਘਰ ਦੀ ਅਤੇ ਗੁਰਮਤਿ ਦੇ ਅਸੂਲਾਂ ਦੀ ਇਸ ਨੂੰ ਕੁਝ ਵੀ ਖ਼ਬਰ ਨਹੀਂ ਸੀ। ਗੁਰਪੁਰਬ ਦੇ ਉਕਤ ਸਮਾਗਮ ਦਾ ਅਨੰਦ ਮਾਣ ਕੇ ਤਾਂ ਇਸ ਦੀ ਕਾਇਆਂ ਹੀ ਪਲਟ ਗਈ। ਵੈਰਾਗੀ ਤਿਆਗੀ ਹੋ ਕੇ ਭੁਝੰਗੀ ਸਭਾ ਦੀ ਵੈਰਾਗੀ ਸੰਗਤ ਨਾਲ ਪ੍ਰਭਾਵਤ ਹੋ ਕੇ ਖਾਲਸਾ ਹਾਈ ਸਕੂਲ ਵਿਚ ਹੀ ਆ ਦਾਖ਼ਲ ਹੋਇਆ। ਪੁੱਜ ਕੇ ਹੁਸ਼ਿਆਰ ਹੋਣ ਕਰਕੇ ਮਿਸ਼ਨ ਹਾਈ ਸਕੂਲ ਵਿਚ ਤਕੜਾ ਵਜ਼ੀਫ਼ੇ-ਖ਼ਾਰ ਸੀ, ਵਜ਼ੀਫ਼ੇ ਦੀ ਪ੍ਰਵਾਹ ਨਾ ਕਰਦਾ ਹੋਇਆ ਇਹ ਖ਼ਾਲਸਾ ਹਾਈ ਸਕੂਲ ਬੋਰਡਿੰਗ ਵਿਚ ਆ ਦਾਖ਼ਲ ਹੋਇਆ। ਇਹ ਮੈਨੂੰ ਯਾਦ ਨਹੀਂ ਕਿ ਖ਼ਾਲਸਾ ਹਾਈ

WWW.AKJ.ORG


ਸਕੂਲ ਦੇ ਕਰਮਚਾਰੀਆਂ ਨੇ ਇਸ ਦੀ ਮਾਇਕ ਸਹਾਇਤਾ ਕੀਤੀ ਕਿ ਨਹੀਂ, ਪਰ ਏਤਨਾ ਖ਼ਿਆਲ ਪੈਂਦਾ ਹੈ ਕਿ ਇਸ ਦਾ ਵਜ਼ੀਫ਼ਾ ਸ਼ਾਇਦ ਮੁੜ ਕੇ ਕਾਇਮ ਦਾਇਮ ਕਰਾ ਦਿਤਾ ਤੇ ਫ਼ੀਸ ਆਦਿ ਸਾਰੀ ਮਾਫ਼ ਕਰਾ ਦਿਤੀ। ਕਿਤਾਬਾਂ ਦਾ ਖ਼ਰਚ ਵੀ ਪ੍ਰੇਮੀ ਸਿੰਘ ਭੁਝੰਗੀਆਂ ਨੇ ਆਪਣੇ ਪਾਸੋਂ ਦੇਣਾ ਆਰੰਭ ਕਰ ਦਿੱਤਾ। ਇਸ ਨਿਕੜੇ ਵੀਰ ਨੂੰ ਕੋਈ ਇਸ ਪ੍ਰਕਾਰ ਦਾ ਲਾਲਚ ਨਹੀਂ ਸੀ, ਨਾ ਹੀ ਉਹ ਲਾਲਚ ਕਾਰਨ ਮਿਸ਼ਨ ਸਕੂਲ ਛੱਡ ਕੇ ਖ਼ਾਲਸਾ ਸਕੂਲ ਦਾਖ਼ਲ ਹੋਇਆ। ਗੁਰਮਤਿ ਦੀ ਗੂੜ੍ਹੀ ਲਾਗ ਲਗਣ ਕਰਕੇ ਅਜ਼ ਖ਼ੁਦ ਹੀ ਇਸਦੇ ਉਪਰ ਇਹ ਕਾਇਆਂ-ਪਲਟਵੀਂ ਦਸ਼ਾ ਵਾਪਰੀ। ਆਪਣੇ ਆਪ ਹੀ ਉਸ ਨੇ ਮੁੜ ਕੇ ਸਿੱਖੀ ਮੁਹਰ 'ਕੇਸਾਂ' ਨੂੰ ਕਾਇਮ ਦਾਇਮ ਕਰਨ ਦਾ ਪ੍ਰਣ ਕਰ ਲਿਆ।

ਦਿਨਾਂ ਵਿਚ ਹੀ ਇਸ ਦੇ ਸੁੰਦਰ ਕੇਸ ਸੀਸ ਤੇ ਜੂੜੇ ਸੰਜੁਗਤ ਸਸ਼ੋਭਿਤ ਹੋ ਗਏ। ਫਿਰ ਤਾਂ ਏਸ ਤੋਂ ਅਗਲੇ ਹੀ ਗੁਰਪੁਰਬ ਪੋਹ ਸੁਦੀ ਸੱਤਮੀ ਦੇ ਸਿਰੀ ਦਸਮੇਸ਼ ਜੀ ਦੇ ਸਮਾਗਮ ਉਤੇ ਇਸ ਨੇ ਅੰਮ੍ਰਿਤ ਛਕ ਲਿਆ ਤੇ ਤਿਆਰ ਬਰ ਤਿਆਰ ਹੋ ਗਿਆ। ਐਸਾ ਤਿਆਰ ਬਰ ਤਿਆਰ ਹੋਇਆ ਕਿ ਬੜੇ ਬੜੇ ਮੁਦੱਬਰ ਸਿਖ ਪ੍ਰਚਾਰਕਾਂ ਦੇ ਦਿਮਾਗ਼ ਇਸ ਭੁਝੰਗੀ ਦੀ ਪ੍ਰਮਾਰਥਕ ਅਤੇ ਗੁਰਮਤਿ-ਗੀਧੀ ਆਤਮ-ਅਵਸਥਾ ਨੂੰ ਦੇਖ ਕੇ ਚਕ੍ਰਿਤ ਰਹਿ ਗਏ। ਬੜੀ ਹੀ ਭੋਲੀ ਭਾਲੀ ਸੂਰਤ, ਅਤਿਅੰਤ ਗੁਰਮਤਿ ਉਚ-ਖ਼ਿਆਲੀ ਸੀਰਤ, ਦਗ ਦਗ ਲਾਲੀ ਮੁਖ ਉਤੇ ਦਮਕੇ। ਕਿਉਂਕਿ ਅੰਮ੍ਰਿਤ ਛਕਣ ਸਾਰ ਹੀ ਨਾਮ ਦੇ ਜੋਤਿ-ਵਿਗਾਸੀ-ਰੰਗ ਇਸ ਨਿਕੜੀ ਜਿੰਦੜੀ ਦੇ ਅੰਦਰ ਬਾਹਰ ਘਰ ਕਰ ਗਏ ਸਨ, ਬੜੇ ਹੀ ਆਤਮ ਲਟਕਾਂ ਵਿਚ ਕੀਰਤਨ ਕਰਿਆ ਕਰੇ। ਵਾਧਾ ਇਹ ਕਿ ਇਨ੍ਹਾਂ ਹੀ ਉਚ ਆਤਮ ਪ੍ਰਮਾਰਥਕ ਰੰਗਾਂ ਵਿਚ ਰੰਗੀਜਿਆ ਹੋਇਆ ਇਹ ਸੰਸਾਰਕ ਪੜ੍ਹਾਈਆਂ ਵੀ ਪੜ੍ਹਦਾ ਰਿਹਾ। ਪੜ੍ਹ ਪੜ੍ਹ ਕੇ ਬੀ. ਏ. ਤਕ ਪੜ੍ਹ ਗਿਆ ਅਤੇ ਛੋਟੀ ਉਮਰ ਵਿਚ ਬੀਆ ਬਣ ਗਿਆ।

ਏਸ ਅਵਸਰ ਵਿਚ ਹੀ ਇਸ ਜਥੇ ਦੇ ਜੇਲ੍ਹਾਂ ਵਿਚ ਧਾਈ ਕਰ ਜਾਣ ਦੇ ਸਮੇਂ ਆ ਗਏ। ਗੁਰਦਵਾਰਾ ਰਕਾਬਗੰਜ ਸੰਬੰਧੀ ਐਜੀਟੇਸ਼ਨਾਂ ਵਿਚ ਸਾਰੇ ਵਿਦਿਆਰਥੀਆਂ ਵਿਚੋਂ ਖ਼ਾਸ ਕਰ ਇਸ ਸਿਖ ਨਵ-ਨਵੇਲੇ ਵਿਦਿਆਰਥੀ ਨਿਕੜੂ ਜਸਵੰਤ ਸਿੰਘ ਜੀ ਨੂੰ ਵਰਜ ਵਰਜ ਕੇ ਹਿੱਸਾ ਲੈਣੋਂ ਰੋਕਿਆ ਗਿਆ। ਇਹ ਕਹੇ ਮੈਂ ਜ਼ਰੂਰ ਹੀ ਵੀਰਾਂ ਦੇ ਨਾਲ ਜੇਲ੍ਹਾਂ ਵਿਚ ਜਾਣਾ ਹੈ, ਅਸੀਂ ਬੜੀਆਂ ਹੀ ਚੋਰ-ਭੁਲਾਈਆਂ ਦੇ ਦੇ ਕੇ ਇਸ ਨੂੰ ਪਛਾੜਿਆ। ਪਛੜ ਤਾਂ ਗਿਆ, ਪਰ ਵਿਛੋੜੇ ਦੀ ਚੋਟ ਨਾਲ ਘਾਇਲ ਹੋ ਕੇ ਨੀਮ ਮੁਰਦਾ ਜਿਹਾ ਹੀ ਹੋ ਗਿਆ, ਮੁੜ ਕੇ ਤਾਬ ਨਾ ਆਇਆ। ਬਾਹਰ ਰਹਿ ਗਏ ਵੀਰ ਜਸਵੰਤ ਸਿੰਘ ਜੱਬੋ-ਮਾਜਰੀਏ ਇਸ ਦੇ ਪਰਮ ਸ਼ੈਦਾਈ ਗੁਰਮੁਖ ਵੀਰਾਂ ਨੇ ਇਸ ਨੂੰ ਬਥੇਰਾ ਸਮਝਾਇਆ, ਪਰ ਇਹ ਵਿਛੋੜੇ ਦੀ



ਜੀਵਨੀ ਦੇ ਜੀਵਨ ਦੀ ਤਾਬ ਨਹੀਂ ਲਿਆ ਸਕਿਆ। ਸਾਡੇ ਜੇਲ੍ਹ ਤੋਂ ਵਾਪਸ ਆਉਣ ਤੋਂ ਪਹਿਲਾਂ ਹੀ ਚੜ੍ਹਾਈਆਂ ਕਰ ਚੁਕਾ ਸੀ, ਵਿਜੋਗੀ ਰੂਹਾਂ ਉਡ ਗਈਆਂ। ਰਹਿ ਗਈਆਂ ਦੀ ਸਾਰ ਮੁੜ ਕਿਸੇ ਨਾ ਲਈ। ਹੋਰ ਵਧੇਰੇ ਕੀ ਲਿਖਣਾ ਹੈ। ਅਤਿ ਬਾਲੀ ਉਮਰ ਵਿਚ ਗੁਰਮਤਿ ਅਸੂਲਾਂ ਦੀ ਇਤਨੀ ਗਹਿਰੀ ਘੋਖਨਾ ਤੇ ਸਮਾਲੋਚਨਾ ਹੋਣੀ ਅਤੀ ਹੀ ਅਨੋਖੀ ਜਿਹੀ ਗੱਲ ਹੈ। ਨਾਮ ਜਪਦੇ ਜਪਦੇ ਘੰਟਿਆਂ ਬੱਧੀ ਸਮਾਧੀ ਲਾਈ ਰਖਣੀ, ਕਿਸੇ ਪਾਸੇ ਬਿਰਤੀ ਨਾ ਦੌੜਾਣੀ, ਨਿੱਕੀ ਉਮਰੇ ਜਗਿਆਸੂ ਨਿਕੜੇ ਵੀਰ ਜਸਵੰਤ ਸਿੰਘ ਜੀ ਦਾ ਇਹ ਕਸਬ ਕਮਾਲ ਸੀ। ਬੱਸ ਏਥੇ ਹੀ ਸੰਖੇਪ ਜੀਵਨ ਸਮਾਪਤ ਹੈ।

-0-

**ਨੋਟ:** ਭਾਈ ਜਸਵੰਤ ਸਿੰਘ ਦੇ ਪਿਤਾ ਮਹਿਕਮਾ ਮਾਲ ਵਿਚ ਸ਼ਾਇਦ ਤਹਿਸੀਲਦਾਰ ਜਾਂ ਇਸੇ ਤਰ੍ਹਾਂ ਦੇ ਅਫ਼ਸਰ ਸਨ। ਭਾਣਾ ਐਸਾ ਵਰਤਿਆ ਕਿ ਸਰਦਾਰ ਸਾਹਿਬ ਤੇ ਜਸਵੰਤ ਸਿੰਘ ਜੀ ਦੀ ਮਾਤਾ ਦੋਨੋਂ ਹੀ ਗੁਜ਼ਰ ਗਏ, ਤੇ ਭਾਈ ਜਸਵੰਤ ਸਿੰਘ ਯਤੀਮ ਹੋ ਗਏ। ਇਨ੍ਹਾਂ ਦੇ ਘਰ ਦਾ ਰਸੋਈਆ ਕਾਂਸ਼ੀ ਰਾਮ ਫ਼ੀਲਡਗੰਜ ਵਿਚ ਹੋਟਲ ਦਾ ਕੰਮ ਕਰਿਆ ਕਰਦਾ ਸੀ। ਇਸ ਮਹੱਲੇ ਵਿਚ ਰਹਿਣ ਵਾਲੇ ਸਕੂਲਾਂ ਦੇ ਪੇਂਡੂ ਵਿਦਿਆਰਥੀ ਇਸ ਦੇ ਹੋਟਲ ਪਰ ਰੋਟੀ ਖਾਇਆ ਕਰਦੇ ਸਨ। ਕਾਂਸ਼ੀ ਰਾਮ ਭਾਈ ਜਸਵੰਤ ਸਿੰਘ ਜੀ ਨਾਲ ਬਹੁਤ ਹਮਦਰਦੀ ਰਖਦਾ ਸੀ। ਇਨ੍ਹਾਂ ਦੇ ਪਿਤਾ ਦੀ ਸਨਮਾਨ-ਪੂਰਬਕ ਵਡਿਆਈ ਕਰਦਾ ਸੀ। ਉਸ ਨੇ ਵਫ਼ਾਦਾਰੀ ਦਾ ਪੂਰਾ ਸਬੂਤ ਦਿਤਾ ਤੇ ਭਾਈ ਜਸਵੰਤ ਸਿੰਘ ਜੀ ਨੂੰ ਆਪਣੇ ਹੋਟਲ ਪ੍ਰਸ਼ਾਦ ਮੁਫ਼ਤ ਛਕਾਉਂਦਾ ਰਿਹਾ। ਉਸ ਦੀਆਂ ਗੱਲਾਂ ਸੁਣ ਕੇ ਅਸਾਂ ਸਰੋਤਿਆਂ ਪਰ ਭੀ ਕਰੁਣਾ ਰਸ ਛਾ ਜਾਂਦਾ ਹੈ। ਇਸ ਤਰ੍ਹਾਂ ਦੇ ਵਫ਼ਾਦਾਰ ਨੌਕਰ ਵਿਛੜੇ ਤੇ ਮਰੇ ਹੋਏ ਮਾਲਕਾਂ ਦੀ ਔਲਾਦ ਨਾਲ ਇਸ ਤਰ੍ਹਾਂ ਦਾ ਸਲੂਕ ਕਰਨ ਵਾਲੇ ਸੰਸਾਰ ਪਰ ਵਿਰਲੇ ਹੀ ਹੁੰਦੇ ਹਨ।

(**ਨਾਹਰ ਸਿੰਘ ਗਯਾਨੀ**)

WWW.AKJ.ORG

WWW.AKJ.ORG

੬

# ਜਾਂਗਪੁਰ ਵਾਲੇ ਭਾਈ ਸੋਹਨ ਸਿੰਘ ਜੀ

ਸਮੇਂ ਆਏ ਤੇ ਖਿਸਕ ਗਏ ਅਤੇ ਬੜੀ ਸਰਕਵੀਂ ਵੇਗ ਨਾਲ ਖਿਸਕੇ। ਜੇਲ੍ਹਾਂ ਵਿਚਕਾਰਲੇ ਸਾਡੇ ੧੬ ਸਾਲ ਇਉਂ ਬਤੀਤੇ, ਜਿਵੇਂ ੧੬ ਰਾਤਾਂ ਬੀਤੀਆਂ ਹੁੰਦੀਆਂ ਹਨ। ਸਾਨੂੰ ਤਾਂ ਜੇਲ੍ਹਾਂ ਅੰਦਰ ਐਸਾ ਹੀ ਪ੍ਰਤੀਤ ਹੋਇਆ। ਪਰ ਬਾਹਰਲੇ ਸਾਡੇ ਬਿਰਹਾ ਫ਼ਿਰਾਕ ਵਿਚ ਮਰ ਰਹੇ ਬ੍ਰਿਹੀ ਜਨਾਂ ਨੂੰ ਇਕ ਇਕ ਸਾਲ ਇਕ ਇਕ ਜੁਗ ਦਾ ਬਤੀਤ ਹੋਇਆ। ੧੯੩੦ ਵਿਚ ਜਦੋਂ ਜੇਲ੍ਹੋਂ ਰਿਹਾ ਹੋ ਕੇ ਬਾਹਰ ਆਏ ਤਾਂ ਬ੍ਰਿਹੀ ਜਨਾਂ ਦੇ ਸਮੂਹ ਆਏ, ਧਾਇ ਧਾਇ ਕੇ ਆਇ ਮਿਲੇ। ਸਾਡੇ ਨਿਕਟਵਰਤੀ ਸੰਬੰਧੀਆਂ ਦੇ ਚਾਉ-ਮਲ੍ਹਾਰਾਂ ਦਾ ਅੰਤ ਸ਼ੁਮਾਰ ਹੀ ਕਿਛ ਨਹੀਂ। ਸਾਡੇ ਆਉਂਦਿਆਂ ਨੂੰ, ਨਾਰੰਗਵਾਲ ਦਾਖ਼ਲ ਹੁੰਦਿਆਂ ਨੂੰ, ਨਾਰੰਗਵਾਲ ਦੀਆਂ ਸੰਗਤਾਂ ਨੇ ਉਹ ਸਵਾਗਤ ਕੀਤਾ, ਕਿ ਉਨ੍ਹਾਂ ਦੇ ਸੁਆਗਤੀ ਸ਼ਬਦਾਂ ਦੀਆਂ ਧੁਨੀਆਂ ਨਾਲ ਗਗਨ ਗੂੰਜ ਉਠੇ। ਬ੍ਰਿਹਨੀ ਸ੍ਰੀਮਤੀ ਕਰਤਾਰ ਕੌਰ ਨੇ "ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ"* ਵਾਲੀ ਧੁਨੀ ਉਚਾਰਨ ਕੀਤੀ। ਉਸ ਦੀਆਂ ਖ਼ੁਸ਼ੀਆਂ ਦੀ ਹੱਦ ਕੋਈ ਨਹੀਂ ਸੀ। ਪਰ ਉਸ ਤੋਂ ਵਧੇਰੀ ਖ਼ੁਸ਼ ਇਲਹਾਨੀ ਵਿਆਕੁਲਤਾ ਦਾ ਨਜ਼ਾਰਾ ਉਦੋਂ ਬਝਿਆ, ਜਦੋਂ ਜਾਂਗਪੁਰ ਦੀ ਸੰਗਤ ਬ੍ਰਿਹਾ-ਮਿਲਾਪ ਦੇ ਕੀਰਤਨ ਕਰਦੀ ਆਈ। ਵੀਰ ਭਾਈ ਸੋਹਨ ਸਿੰਘ ਜੀ ਨੇ ਐਨ ਮੌਕੇ ਦਾ ਇਹ ਸ਼ਬਦ ਉਚਾਰਨ ਕਰ ਕੇ, "ਤੁਮ ਘਰਿ ਆਵਹੁ ਮੇਰੇ ਮੀਤ ॥ ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ"** ਸਾਰੀ ਸੰਗਤ ਨੂੰ, ਖ਼ਾਸ ਕਰ ਮੈਨੂੰ ਤੇ ਮੇਰੀ ਬ੍ਰਿਹਨੀ ਪਤਨੀ ਸ੍ਰੀਮਤੀ ਕਰਤਾਰ ਕੌਰ ਨੂੰ ਵਿਲੂੰਦਰ ਛਡਿਆ। ਆਹ! ਸਿਰੀ ਭਾਈ ਸੋਹਨ ਸਿੰਘ ਜੀ ਦੇ ਵਗ ਰਹੇ ਨੈਣਾਂ ਵਲ ਅਤੇ ਜਲਾਲੀ ਚੇਹਰੇ ਵਲ ਤਕਿਆ ਨਾ ਜਾਵੇ। ਜਿਉਂ ਜਿਉਂ ਮਸਤੁਲ-ਮਸਤ ਹੋਏ ਵੇ ਭਾਈ ਸੋਹਨ ਸਿੰਘ ਜੀ ਇਸ ਸ਼ਬਦ ਦੀ ਇਕ ਇਕ ਤੁਕ ਨੂੰ ਮੁਰੈਲੀ ਬਣ ਕੇ ਉਚਾਰਨ ਕਰਨ ਅਤੇ ਪਿਛੇ ਉਨ੍ਹਾਂ ਦੇ ਸਾਰਾ ਆਇਆ ਜਥਾ ਕੀਰਤਨ ਦੀ ਧੁਨੀ ਉਠਾਵੇ, ਤਿਉਂ ਤਿਉਂ ਮੁਕਾਮੀ ਸੰਗਤਾਂ ਜ਼ਾਰੋ ਜ਼ਾਰ ਰੋ ਕੇ ਵੈਰਾਗ ਦੇ ਨੀਰ ਵਹਾਵਣ। ਸ਼ਬਦ ਦੇ

* ਸੂਹੀ ਮ:੧, ਪੰਨਾ ੭੬੪

** ਧਨਾਸਰੀ ਮ: ੫, ਪੰਨਾ ੬੭੮





ਆਰੰਭ ਦੀ ਤੁਕ:

"ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥"

ਜਦੋਂ ਕੀਰਤਨ ਵਿਚ ਭਾਈ ਸੋਹਨ ਸਿੰਘ ਜੀ ਨੇ ਅਰੰਭੀ, ਸਾਰੇ ਸਰੋਤੇ ਸੱਜਣ ਖ਼ੁਸ਼ੀਆਂ ਦੀ ਬਹਾਰ ਨਾਲ ਸਰਸ਼ਾਰ ਹੋ ਗਏ। ਦੂਜੀ ਤੁਕ:

"ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥"

ਐਸੀ ਢੁਕਵੀਂ ਸੀ, ਕਿ ਅੱਜ ਦੀ ਘੜੀ ਤਕ ਢੁਕੀ ਹੀ ਚਲੀ ਆਈ ਹੈ। ਅਨੰਦ ਮੰਗਲ ਦੀਆਂ ਸਹਿਜ-ਧੁਨੀਆਂ ਦੇ ਮੰਗਲਾਚਾਰ ਜਿਉਂ ਉਦੋਂ ਦੇ ਹੋਣ ਲਗੇ ਹਨ, ਅਜ ਤਾਈਂ ਹੁੰਦੇ ਹੀ ਚਲੇ ਆਏ ਹਨ। ਸਿਖ ਸੰਗਤਾਂ ਦੇ ਸਤਿਸੰਗ ਦਾ ਪ੍ਰਵਾਹ ਨਿਤਾਪ੍ਰਤਿ ਐਸਾ ਚਲਿਆ ਕਿ ਪਿਛਲੇ ਵਿਸੂਰੇ ਸਾਰੇ ਭੁਲ ਗਏ ਤੇ ਸਚਮੁਚ ਨਿਹਚਲ ਰਾਜ ਕਮਾਉਣ ਵਾਲੇ ਸਰੂਰੇ, ਆਤਮ ਠਰੂਰੇ, ਨਾਮ ਅਭਿਆਸ ਕਮਾਈਆਂ ਦੇ ਵਿਗਸੂਰੇ ਬੜੀਆਂ ਬੜੀਆਂ ਨਿਹਚਲਤਾਈਆਂ ਨਾਲ ਹਾਜ਼ਰ ਹਜ਼ੂਰ ਹੀ ਹੋਇ ਆਏ। ਫੇਰ ਜਦੋਂ ਸਿਰੀ ਭਾਈ ਸੋਹਨ ਸਿੰਘ ਜੀ ਦੀ ਰਸਨਾ ਤੋਂ:

"ਪ੍ਰਗਟ ਕੀਨੇ ਪ੍ਰਭ ਕਰਨੈਹਾਰੇ ਨਾਸਨ ਭਾਜਨ ਥਾਕੇ ॥"

ਵਾਲੀ ਮੁਸੱਰਤ ਭਰੀ ਅਸੀਸ ਲੋਰੀ ਗਾਇਨ ਹੋਈ, ਤਦ ਤਾਂ ਮਾਨੋ ਨਿਹਚਲ ਰਾਜ ਦਾ ਪਹੁ-ਫੁਟਾਲਾ ਹੋ ਗਿਆ, ਆਹਾ!

"ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥"

ਵਾਲੀ ਅਗਲੀ ਗੁਰ-ਸ਼ਬਦ ਪੰਗਤੀ ਨੇ ਸਾਰੀ ਸੰਗਤ ਦੇ ਮੁਖਾਰਬਿੰਦਾਂ ਵਿਚੋਂ ਮੁੜ ਮੁੜ ਕੇ ਇਹੀ ਧੁਨੀ ਉਚਾਰਨ ਕਰਾਈ। ਖ਼ੁਸ਼-ਮਸਤੀਆਂ ਦੀ ਖੁਮਾਰੀ ਵਿਚ ਇਸ ਖ਼ੁਸ਼-ਇਲਹਾਨੀ-ਪੰਗਤੀ ਦੇ ਉਚਾਰਨ ਕਰਨ ਤੋਂ ਹਟਣ ਦੀ ਕਿਸੇ ਨੂੰ ਸੁਧ ਬੁਧ ਹੀ ਨਾ ਰਹੀ। ਪਤਾ ਨਹੀਂ ਕਿਵੇਂ ਮੋੜੇ ਪਏ ਹੋਣਗੇ।

"ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥

ਜੈ ਜੈਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥"

ਵਾਲੀ ਅਗਲੇਰੀ ਦੋ-ਤੁਕੀ ਜਦੋਂ ਸਿਰੀ ਵੀਰ ਸੋਹਨ ਸਿੰਘ ਜੀ ਦੇ ਸੋਹਣੇ ਮੁਖ ਕਮਲ ਵਿਚੋਂ ਇਸ ਦਾਸਰੇ ਦੇ ਸਨਮੁਖ ਹੋ ਕੇ ਸਿੰਨ੍ਹੀ ਗਈ, ਮਾਨੋ ਐਸਾ ਨਜ਼ਾਰਾ ਜ਼ਹੂਰ ਪਜ਼ੀਰ ਹੋਇਆ ਕਿ ਸਾਰੀਆਂ ਗੁਰ-ਸੰਗਤਾਂ ਵਲੋਂ ਅਤਿਅੰਤ ਹਲਾ-ਸ਼ੇਰੀ ਭਰੀ ਥਾਪਨਾ ਇਸ ਦਾਸਰੇ ਨੂੰ ਦਿਤੀ ਗਈ। ਛੇਕੜਲੀਆਂ ਇਸ ਗੁਰ ਸ਼ਬਦ ਦੀਆਂ ਏਹਨਾਂ ਅਗਲੇਰੀਆਂ ਦੋ ਤੁਕਾਂ:

"ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥

ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥"

ਨੇ ਤਾਂ ਸਚਮੁਚ ਸਤੋਗੁਣੀ ਸ਼ਾਂਤ-ਮੰਡਲ ਨਜ਼ਾਰਾ ਬੰਨ੍ਹ ਦਿਤਾ। ਘੰਟਾ ਡੇਢ ਘੰਟਾ ਭਰ

WWW.AKJ.ORG

WWW.AKJ.ORG



ਇਸੇ ਗੁਰ-ਸ਼ਬਦ ਦਾ ਕੀਰਤਨ ਬੜੀਆਂ ਉਚੇਰੀਆਂ, ਲੰਮੇਰੀਆਂ, ਸਹਿਜ ਸੁਖਨੇਰੀਆਂ ਧੁਨੀਆਂ ਵਿਚ ਉਚਾਰਨ ਹੋਇਆ। ਸਿਰੀ ਭਾਈ ਸੋਹਨ ਸਿੰਘ ਜੀ ਦੀ ਇਸ ਸ਼ਬਦ-ਕੀਰਤਨ ਦੀ ਈਜਾਦੀ ਧੁਨੀ ਵਾਲੀ ਇਹ ਯਾਦਗਾਰ ਇਸ ਦਾਸ ਦੇ ਰੋਮ ਰੋਮ ਵਿਚ ਉਕਰੀ ਗਈ, ਕਦੇ ਭੁਲੀ ਨਹੀਂ, ਹੁਣ ਤਕ ਯਾਦ ਹੈ। ਸਿਰੀ ਭਾਈ ਸੋਹਨ ਸਿੰਘ ਜੀ ਚਲ ਬਸੇ, ਪਰੰਤੂ ਇਹ ਯਾਦ-ਸੁਗਾਤ ਹਿਰਦੇ ਅੰਦਰ ਵਸੀ ਰਸੀ ਹੋਈ ਹੈ। ਆਹ! ਭਾਈ ਸੋਹਨ ਸਿੰਘ ਜੀ ਬਹੁਤੀ ਥੋੜੀ ਉਮਰ ਲਿਖਾ ਕੇ ਆਏ ਸਨ। ਪਰ ਜਿਤਨੀ ਉਮਰ ਵੀ ਉਨ੍ਹਾਂ ਨੇ ਬਿਤਾਈ ਅਤੇ ਜਦੋਂ ਦੀ ਉਨ੍ਹਾਂ ਨੂੰ ਸੋਝੀ ਆਈ, ਸਤਿਸੰਗ-ਰੰਗਾਂ ਵਿਚ ਹੀ ਬਤੀਤ ਹੋਈ।

ਜਾਂਗਪੁਰ ਦੀ ਸੰਗਤ ਨੇ ਭਾਈ ਸੋਹਨ ਸਿੰਘ ਜੀ ਸਮੇਤ ਅਨੇਕਾਂ ਸਤਿਸੰਗ-ਰੰਗੀ-ਫੇਰੀਆਂ ਪਾਈਆਂ, ਹਰੇਕ ਫੇਰੀ ਦੇ ਨਵੇਂ ਤੋਂ ਨਵੇਂ ਆਤਮ-ਰੰਗ ਖਿੜੇ। ਐਸੇ ਖੇੜੇ ਖਿੜੇ ਕਿ ਆਤਮ-ਖੇੜਿਆਂ ਦੀ ਗੁਲਜ਼ਾਰ ਹੀ ਲਗ ਗਈ। "ਨਕਿ ਨਥ ਖਸਮ ਹਥ ਕਿਰਤੁ ਧਕੇ ਦੇ"* ਦੇ ਗੁਰਵਾਕ ਦੇ ਭਾਵ ਅਨੁਸਾਰ ਉਨ੍ਹਾਂ ਨੂੰ (ਸਿਰੀ ਭਾਈ ਸੋਹਨ ਸਿੰਘ ਜੀ) ਫ਼ੌਜ ਦੇ ਗਰੰਥੀ ਦੀ ਪੋਸਟ ਐਸੀ ਖਿਚ ਕੇ ਲੈ ਗਈ, ਕਿ ਫ਼ੌਜ ਤੋਂ ਮੁੜ ਵਾਪਸ ਹੀ ਨਾ ਆਏ। ਉਨ੍ਹਾਂ ਦੀ ਬ੍ਰਿਹੋਂ-ਬਾਵਰੀ ਪਤਨੀ ਸਿਰੀ ਮਤੀ ਬੀਬੀ ਗਿਆਨ ਕੌਰ ਹਰ ਦਮ ਉਨ੍ਹਾਂ ਦੇ ਅੰਗ ਸੰਗ ਰਹੀ, ਬੜੀ ਸੇਵਾ ਘਾਲ ਕਮਾਈ ਤੋੜ ਨਿਬਾਹੀ। ਫ਼ੌਜ ਵਿਚ ਜਾਣ ਤੋਂ ਪਹਿਲਾਂ ਸਿਰੀ ਭਾਈ ਸੋਹਨ ਸਿੰਘ ਜੀ ਦੇ ਪਿੰਡ ਜਾਂਗਪੁਰ ਵਿਖੇ ਹੁੰਦਿਆਂ ਹੀ ਅਸੀਂ ਇਕ ਦੋ ਵਾਰ ਜਥੇ ਦੇ ਸਮੂਹ ਪ੍ਰੇਮੀਆਂ ਸਮੇਤ ਉਨ੍ਹਾਂ ਦੇ ਬੁਲਾਏ ਹੋਏ ਉਨ੍ਹਾਂ ਦੀ ਨਗਰੀ ਵਿਖੇ ਵੀ ਪੁਜੇ। ਜਾਂਗਪੁਰ ਨਿਵਾਸੀ ਸਾਰੀ ਸੰਗਤ ਵੀਰ ਸੋਹਨ ਸਿੰਘ ਜੀ ਦੀ ਪਰਮ ਅਨੁਸਾਰੀ ਤੇ ਹਿਤਕਾਰੀ ਸੀ। ਖ਼ੂਬ ਹਿਤਕਾਰ ਸਤਿਕਾਰ ਭਰੀ ਅਨੁਸਾਰਤਾ ਸਹਿਤ ਨਗਰ-ਨਿਵਾਸੀ ਸਜਣ ਪਿਆਰ ਦਿਖਾਰਦੇ ਰਹੇ। ਕਿਸ ਦਾ ਨਾਮ ਲਈਏ, ਇਕ ਦੂ ਇਕ ਚੜ੍ਹੰਦੇ, ਕੀਰਤਨ ਰਸਨ ਰਸੰਦੇ, ਇਹ ਜਾਂਗਪੁਰੀ ਵੀਰ ਸਨ, ਅਤੇ ਹੁਣ ਤਾਈਂ ਹਨ। ਵੀਰ ਸੋਹਨ ਸਿੰਘ ਜੀ ਦੀ ਵਿਯੋਗਣ ਵਿਧਵਾ ਪਤਨੀ ਦੀ ਯਥਾ ਯੋਗ ਸਰਦੀ ਪੁਜਦੀ ਹਰ ਪ੍ਰਕਾਰੀ ਹਮਦਰਦੀ ਤੇ ਸਹਾਇਤਾ ਕਰਦੇ ਹੀ ਰਹਿੰਦੇ ਹਨ। ਇਹ ਸਭ ਕੁਛ ਸਿਰੀ ਭਾਈ ਸੋਹਨ ਸਿੰਘ ਜੀ ਗੁਰਪੁਰ ਨਿਵਾਸੀ ਦੀਆਂ ਪ੍ਰੇਮ ਯਾਦਾਂ ਦਾ ਸਦਕਾ ਹੀ ਹੈ। ਜਿਥੋਂ ਤਾਈਂ ਅਸਾਡਾ ਵਾਹ ਪਿਆ ਹੈ ਸਿਰੀ ਭਾਈ ਸੋਹਨ ਸਿੰਘ ਜੀ ਨਾਲ, ਤਾਂ ਉਹ ਗੁਰਮਤਿ ਦੀ ਪ੍ਰੇਮ ਕੁਠਾਲੀ ਵਿਚ ਢਲੇ ਹੋਏ ਬੜੇ ਹੀ ਸੁਚੇ ਨਿਸਰੁਚੇ ਭਾਂਡੇ ਸਾਬਤ ਹੋਏ ਹਨ।

* ਮ: ੨, ਸੋਰਠ ਕੀ ਵਾਰ, ਪੰਨਾ ੬੫੩



ਆਪ ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਗਏ। ਆਨਨ ਫ਼ਾਨਨ ਹੀ ਇਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਮਿਲੀ, ਮਿਲਣ ਸਾਰ ਇਨ੍ਹਾਂ ਦੇ ਨਗਰ-ਨਿਵਾਸੀ ਵੀਰਾਂ ਨੇ ਮਿਲ ਕੇ ਇਨ੍ਹਾਂ ਦੇ ਪਥਰਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਸਮਾਗਮ ਕੀਤੇ। ਫੇਰ ਜਥੇ ਦੇ ਚੋਣਵੇਂ ਵੀਰਾਂ ਨੇ ਪਿੰਡ ਜਾਂਗਪੁਰ ਜਾ ਕੇ ਪਿਆਰੇ ਗੁਰਪੁਰੀ ਨਿਵਾਸੀ ਵੀਰ ਸੋਹਨ ਸਿੰਘ ਦੇ ਨਮਿਤ ਅਖੰਡ ਪਾਠ ਕੀਤੇ ਅਤੇ ਉਨ੍ਹਾਂ ਦੀ ਬਿਰਹੀ ਵਿਜੋਗਣ ਸੁਪਤਨੀ ਸ੍ਰੀਮਤੀ ਬੀਬੀ ਗਿਆਨ ਕੌਰ ਦੀ ਯਥਾ ਯੋਗ ਹਮਦਰਦੀ ਕੀਤੀ।

WWW.AKJ.ORG

੭

# ਭਾਈ ਲਾਲ ਸਿੰਘ ਸਰਬਲੋਹੀ (ਧਾਂਦਰਾ)

ਜਥੇ ਦੀਆਂ ਕੀਰਤਨੀ ਵਿਅਕਤੀਆਂ ਵਿਚੋਂ, ਅਖੰਡ ਕੀਰਤਨ ਦੀ ਅਉਧ ਵਾਲੀ ਇਕ ਵਿਅਕਤੀ ਇਹ ਸਿਰੀ ਭਾਈ ਲਾਲ ਸਿੰਘ ਜੀ ਦੀ ਹਸਤੀ ਸੀ। ਕੀਰਤਨ ਕਰਦੇ ਹੋਏ ਮਹੀਨ ਸੁਰ ਦੀਆਂ ਅਖੰਡ ਧੁਨੀਆਂ ਇਸ ਵੀਰ ਦੇ ਮੁਖਾਰਬਿੰਦ ਤੋਂ ਨਿਕਲਦੀਆਂ ਸਨ, ਦਿਲ-ਚੀਰਵੀਆਂ ਨਿਕਲਦੀਆਂ ਸਨ। ਮਹੀਨ ਤੋਂ ਮਹੀਨ ਸੁਰ ਸਪਸ਼ਟ ਅਵਾਜ਼ਿਆਂ ਵਿਚ ਸਾਰੀ ਸੰਗਤ ਨੂੰ ਨਿਖਰਵੀਂ ਤੇ ਨਿਰਾਲੀ ਸੁਣਾਈ ਦੇਂਦੀ ਸੀ। ਐਸੇ ਵਜਦ ਵਿਚ ਕੀਰਤਨ ਕਰਨਾ ਕਿ ਸਰੋਤਿਆਂ ਦੇ ਦਿਲ ਹਿਲਾ ਦੇਣੇ, ਅਥੱਕ ਕੀਰਤਨ ਦੇ ਧਨੀ ਸਨ। ਕੀਰਤਨ ਕਰਦੇ ਕਰਦੇ ਰੱਜਣਾ ਨਾ, ਨਾ ਸਰੋਤਿਆਂ ਨੇ ਰੱਜਣਾ, ਸਾਰੀ ਸਾਰੀ ਰਾਤ ਲਗਾਤਾਰ ਕੀਰਤਨ ਕਰਨ ਵਾਲਿਆਂ ਵਿਰਲੇ ਜਨਾਂ ਵਿਚੋਂ ਇਹ ਪ੍ਰੇਮ-ਮੂਰਤੀ ਇਕ ਵਿਰਲੀ ਸੀ, ਜਿਸ ਨੇ ਪੂਰਨ ਸਵਾਧਾਨਤਾ ਵਿਚ ਕੀਰਤਨ ਸਦਾ ਕਰਨਾ। ਤਾਊਸ (ਮੋਰ) ਦਾ ਸਾਜ਼ ਵਜਾਉਣ ਵਿਚ ਵੀ ਪ੍ਰਬੀਨ ਸਨ। ਇਸ ਕਰਕੇ ਇਨ੍ਹਾਂ ਦਾ ਨਾਮ 'ਮੋਰ ਵਾਲਾ ਭਾਈ ਲਾਲ ਸਿੰਘ ਕੀਰਤਨੀਆ' ਪਿਆ ਹੋਇਆ ਸੀ। ਹਾਰਮੋਨੀਅਮ ਵਾਜਾ ਇਨ੍ਹਾਂ ਦੇ ਹੱਥਾਂ ਵਿਚ ਆਇਆ ਆਪ-ਹੁਦਰੀਆਂ ਸੁਰ-ਤਰੰਗਾਂ ਕੱਢ ਕੱਢ ਕੇ ਵਜਾਉਣਹਾਰੇ ਵੀਰ ਲਾਲ ਸਿੰਘ ਨੂੰ ਹਾਰਮੋਨੀਅਮ ਰੂਪ ਹੀ ਕਰ ਲੈਂਦਾ ਸੀ। ਮਸਤੁਲ-ਮਸਤ ਹੋ ਕੇ ਕੀਰਤਨ ਕਰਦਿਆਂ ਹੋਇਆਂ ਭਾਈ ਲਾਲ ਸਿੰਘ ਜੀ ਨੇ ਲਿਫ ਲਿਫ ਕੇ ਵਾਜੇ ਉਤੇ ਮੇਹਲਣਾ। ਕੁਦਰਤੀ ਇਨ੍ਹਾਂ ਦੀ ਅਵਾਜ਼ ਵੀ ਮਹੀਨ ਹੀ ਸੀ, ਪਰ ਰੰਗਾਂ ਵਿਚ ਆ ਕੇ ਇਨ੍ਹਾਂ ਦੀ ਇਸ ਅਵਾਜ਼-ਮਹੀਨਤਾ ਦੀ ਪ੍ਰਬੀਨਤਾ ਹੋਰ ਵੀ ਵਧੇਰੀ ਹੋ ਜਾਣੀ। ਕੀਰਤਨ ਕਰਦਿਆਂ ਹੋਇਆਂ ਬਾਣੀ ਦੇ ਭਾਵ ਨੂੰ ਖ਼ੂਬ ਸਮਝਣਾ ਤੇ ਸਮਝ ਸਮਝ ਕੇ ਉਪਰ ਨੂੰ ਚੜ੍ਹਨਾ, ਤੇ ਚੜ੍ਹਦੇ ਹੀ ਜਾਣਾ। ਆਪ ਜਦੋਂ ਵੀ ਸ਼ਬਦ ਲੈਂਦੇ ਸਨ, ਨਿਰੇ ਵੈਰਾਗ-ਮਈ ਹੀ ਸ਼ਬਦ ਲੈਂਦੇ ਸਨ ਤੇ ਪ੍ਰੇਮ-ਵੈਰਾਗ ਵਿਚ ਭਿਜ ਭਿਜ ਕੇ ਐਸਾ ਵੈਰਾਗ ਭਰਿਆ ਕੀਰਤਨ ਕਰਨਾ ਕਿ ਇਨ੍ਹਾਂ ਦੀਆਂ ਆਪਣੀਆਂ ਅੱਖੜੀਆਂ ਭੀ ਨੀਰੋ ਨੀਰ ਹੋ ਕੇ ਵੈਰਾਗ ਨਾਲ ਵਹਿ ਤੁਰਨੀਆਂ।

ਇਹ ਵੀਰ ਲਾਲ ਸਿੰਘ ਪਿੰਡ ਧਾਂਦਰਾ ਜ਼ਿਲਾ ਲੁਧਿਆਣਾ ਦੇ ਨਿਵਾਸੀ ਸਨ। ਇਨ੍ਹਾਂ ਦਾ ਪਿਛਾ ਰਹਿਤੀਆਂ ਸਿੰਘਾਂ ਦੀ ਪੁਰਾਤਨ ਸ਼ਰੇਣੀ ਵਿਚੋਂ ਸੀ। ਅੰਮ੍ਰਿਤ ਛਕਣ ਸਾਰ ਹੀ ਆਪਣੀ ਸਿੰਘਣੀ ਸਮੇਤ ਪੱਕੇ ਬਿਬੇਕੀ ਸਰਬਲੋਹੀਏ ਸਿੰਘ ਸਜ ਗਏ। ਸਮੂਹ ਜਥੇ ਨੇ ਇਨ੍ਹਾਂ ਦੀ ਨਗਰੀ ਵਿਚ ਜਾ ਕੇ ਹੀ ਅੰਮ੍ਰਿਤ ਛਕਾਇਆ ਤੇ ਅਭੇਦ ਕਰ ਲੀਤਾ। ਸਾਰੀ ਪੁਰਾਣੀ ਬਰਾਦਰੀ ਵਿਚੋਂ ਨਿਖੜ ਕੇ ਇਹ ਜੋੜੀ ਨਿਰੋਲ





ਅਟੰਕ ਹੋ ਗਈ। ਬਰਾਦਰੀ ਵਿਚੇ ਹੀ ਰਹਿ ਕੇ ਸਭ ਸੰਸਾਰੀ ਸੰਸਕਾਰਾਂ ਤੋਂ ਸਦਾ ਹੀ ਨਿਰਲੇਪ ਰਹੇ। ਇਨ੍ਹਾਂ ਦੇ ਨਾਲ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ, ਜਿਨ੍ਹਾਂ ਨੇ ਸਿਰ ਤਲੀ ਤੇ ਰਖ ਕੇ ਗੁਰਮਤਿ ਰਹਿਣੀ ਬਹਿਣੀ ਦੀ ਤਿਖੀ ਖੰਡੇਧਾਰ ਉਪਰ ਚਲਣਾ ਕਬੂਲ ਕੀਤਾ। ਸਾਰਾ ਧਾਂਦਰਾ ਪਿੰਡ ਇਨ੍ਹਾਂ ਦੇ ਅੰਮ੍ਰਿਤ-ਸਮਾਗਮ ਤੇ ਢਕੋ ਢਕ ਇਕੱਠਾ ਹੋ ਗਿਆ। ਪਰ ਇਨ੍ਹਾਂ ਦੇ ਨਾਲ ਇਕੋ ਅੰਮ੍ਰਿਤ ਦੇ ਬਾਟੇ ਵਿਚ ਅੰਮ੍ਰਿਤ ਛਕਣ ਲਈ ਇਨ੍ਹਾਂ ਦਾ ਸੁਨਹਿਰੀਆ ਸਿੰਘ ਵੀਰ ਸਜਣ ਲਈ ਕਿਸੇ ਦੀ ਹਿੰਮਤ ਨ ਪਈ, ਨ ਹੀ ਕੋਈ ਇਨ੍ਹਾਂ ਵਾਲੀ ਕਸੌਟੀ ਤੇ ਚੜ੍ਹਿਆ। ਲਾਂਭੇ ਚਾਂਭੇ ਦੇ ਨੇੜੇ ਤੇੜੇ ਪਿੰਡਾਂ ਤੋਂ ਹੋਰ ਭੀ ਬਹੁਤ ਸਾਰੀਆਂ ਸੰਗਤਾਂ ਉਮਡ ਉਮਡ ਕੇ ਆਈਆਂ ਤੇ ਕੀਰਤਨ ਕਰਦੀਆਂ ਆਈਆਂ। ਜਥੇ ਦੀ ਦਰਿਆ-ਦਿਲੀ ਦੀਆਂ ਧਾਂਕਾਂ ਤਾਂ ਅਗੇ ਹੀ ਪਈਆਂ ਹੋਈਆਂ ਸਨ, ਇਸ ਸਮੇਂ ਤਾਂ ਖ਼ਾਸ ਅਤੁਟ ਦੇਗ਼ਾਂ ਚਲੀਆਂ, ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਦੀ ਦੇਗ ਵੀ ਬੜੀ ਅਤੁੱਟ ਸੀ। ਸਿਰੀ ਭਾਈ ਲਾਲ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਅਤੇ ਅਭੇਦ ਕਰ ਕੇ ਏਨ੍ਹਾਂ ਦੇ ਹੱਥੋਂ ਹੀ ਕੜਾਹ ਪ੍ਰਸ਼ਾਦ ਦੀ ਦੇਗ ਦੇ ਛਾਂਦੇ ਵਰਤਾਏ ਗਏ। ਇਸ ਬਿਧ ਅਭੇਦ ਵਰਤਾਰਾ ਵਰਤਾਇਆ ਗਿਆ, ਆਈਆਂ ਸੰਗਤਾਂ ਦੇ ਸਮੂਹ ਇਸ ਵਰਤਾਰੇ ਨਾਲ ਵਰੋਸਾਇ ਗਏ। ਹਿੰਦਵੈਣ ਦੀ ਹਰੇਕ ਊਚ ਨੀਚ ਸ਼ਰੇਣੀ ਨੇ ਇਹ ਛਾਂਦੇ ਪ੍ਰਸੰਨ ਹੋ ਕੇ ਛਕੇ। ਅਣ-ਗਿਣਤ ਆਈ ਲੁਕਾਈ ਉਦਾਲੇ-ਪੁਦਾਲੇ ਦੇ ਸਾਰੇ ਪਿੰਡਾਂ ਦੀ ਖ਼ੂਬ ਰਜ ਰਜ ਕੇ ਗਈ। ਪਰੰਤੂ ਲੰਗਰ ਦੀਆਂ ਦੇਗਾਂ ਛਕਣ ਲਈ ਵਿਰਲੇ ਵਿਰਲੇ ਹੀ ਮਾਈ ਦੇ ਲਾਲ ਨਿਤਰੇ।

ਪਿੰਡ ਫੁੱਲਾਂਵਾਲ ਦਾ ਇਕ ਸਿੰਘ ਬਜ਼ੁਰਗ ਭਾਈ ਨੰਦ ਸਿੰਘ ਨਾਮੇ ਸੀ, ਉਸ ਦੀ ਅਸੀਂ ਵਖਰੀ ਪੰਗਤ ਹੀ ਨਾਲ ਹੀ ਲਾ ਦਿਤੀ, ਜਿਸ ਦਾ ਕਾਰਨ ਇਹ ਸੀ ਕਿ ਇਹ ਸਿੰਘ ਸੂਰਬੀਰ ਰੱਜਣ ਵਿਚ ਕਦੇ ਨਹੀਂ ਆਇਆ ਸੀ, ਜਦ ਸਾਰੀ ਸੰਗਤ ਪੰਗਤ ਵਿਚ ਬਿਠਾ ਦਿੰਦੇ ਤਾਂ ਵਿਚਾਰਾ ਭੁੱਖਾ ਹੀ ਉਠਦਾ। ਵਖਰੇ ਬੈਠਣ ਸਾਰ ਹੀ ਹੱਸ ਕੇ ਕਹਿਣ ਲੱਗਾ, "ਇਹ ਤੁਸੀਂ ਖ਼ੂਬ ਬੁੱਝੀ, ਪਰ ਅੱਜ ਮੈਂ ਨਿਰੋਲ ਕੜਾਹ ਪ੍ਰਸ਼ਾਦ ਦੇ ਗਫਿਆਂ ਨਾਲ ਹੀ ਰੱਜਣਾ ਹੈ। ਵੇਖਾਂਗਾ ਮੈਨੂੰ ਰਜਾਂਦੇ ਹੋ ਕਿ ਨਹੀਂ।" ਕੜਾਹ ਪ੍ਰਸ਼ਾਦ ਦੀ ਦੇਗ ਵੀ ਅਤੁੱਟ ਸੀ, ਖ਼ੂਬ ਉਛਲਮੇ ਉਂਜਲ ਭਰ ਭਰ ਕੇ ਸਿਰੀ ਭਾਈ ਨੰਦ ਸਿੰਘ ਜੀ ਨੂੰ ਕੜਾਹ ਪ੍ਰਸ਼ਾਦ ਛਕਾਇਆ, ਉਹ ਵੀ ਗੋਲੇ ਵੱਟ ਵੱਟ ਅੰਦਰ ਸੁਟੀ ਜਾਣ ਤੇ ਵਰਤਾਉਣਹਾਰਾ ਸਿੰਘ ਵੀ ਪਿੰਨੇ ਵੱਟ ਵੱਟ ਕੇ ਉਨ੍ਹਾਂ ਦੇ ਅਗੇ ਧਰੇ ਬਾਟੇ ਵਿਚ ਸੁਟੀ ਜਾਵੇ। ਭਾਈ ਨੰਦ ਸਿੰਘ ਜੀ ਖ਼ੂਬ ਪ੍ਰਸੰਨ-ਚਿਤ ਹੋ ਕੇ ਛਕੀ ਜਾਣ, ਮਸਤੀ ਦੀ ਖ਼ੁਮਾਰੀ ਵਿਚ ਅੱਖੀਆਂ ਨੂਟੀਆਂ ਹੋਈਆਂ ਪਤਾ ਨਹੀਂ ਕਿੰਨੇ ਬਾਟੇ ਪੰਚਾ-ਅੰਮ੍ਰਿਤ (ਕੜਾਹ ਪ੍ਰਸ਼ਾਦ) ਨਾਲ ਭਰੇ ਹੋਏ ਸਮੇਟ ਗਏ। ਛਕਾਉਣ ਵਾਲਿਆਂ ਦਾ ਅਨੁਮਾਨ ਹੈ ਕਿ ਘਟੋ ਘਟ ਧੜੀ ਪੱਕਾ (ਦਸ ਸੇਰ) ਕੜਾਹ ਪ੍ਰਸ਼ਾਦ ਭਾਈ ਨੰਦ ਸਿੰਘ

WWW.AKJ.ORG


ਜੀ ਛਕ ਗਏ ਹੋਣਗੇ। ਜਦੋਂ ਉਨ੍ਹਾਂ ਨੇ ਹੱਥ ਜੋੜ ਕੇ ਨਾਂਹ ਕੀਤੀ, ਤਦੋਂ ਹੀ ਛਕਾਉਣਹਾਰੇ ਹੋਰ ਛਾਂਦਾ ਪਾਣੋਂ ਹਟੇ। ਦਾਸ ਨੂੰ ਯਾਦ ਹੈ ਕਿ ਚੋਜ ਬਿਨੋਦੀ ਭਾਈ ਨੰਦ ਸਿੰਘ ਜੀ ਨੇ ਬੜੀਆਂ ਹੀ ਅਸੀਸਾਂ ਇਸ ਪ੍ਰਸੰਨਤਾਈ ਵਿਚ ਦਿਤੀਆਂ। ਦਾਸ ਨੂੰ ਸਨਮੁਖ ਹੋ ਕੇ ਹੰਸੂ ਹੰਸੂ ਕਰਦੇ ਮੁਖੜੇ ਨਾਲ ਇਉਂ ਉਚਾਰਨ ਕਰਨ ਲਗੇ, "ਭਾਈ ਰਣਧੀਰ ਸਿੰਘਾ, ਅਜ ਮੈਨੂੰ ਕੜਾਹ ਪ੍ਰਸ਼ਾਦ ਛਕ ਕੇ ਪੂਰਾ ਪੂਰਾ ਰੱਜ ਆਇਆ ਹੈ। ਮੈਨੂੰ ਅਜ ਤਾਈਂ ਕਿਸੇ ਨੇ ਨਹੀਂ ਰਜਾਇਆ, ਕੇਵਲ ਇਸ ਭਾਗੀ ਭਰੇ ਜਥੇ ਨੇ ਹੀ ਰਜਾਇਆ ਹੈ। ਸਤਿਗੁਰੂ ਦੇਗ ਤੇਗ ਫ਼ਤਹ ਸਦਾ ਹੀ ਰਖੇ।" ਫੇਰ ਖੜੇ ਹੋ ਕੇ ਖਬੇ ਹੱਥ ਨਾਲ ਭਰਪੂਰ ਹੋਏ ਢਿੱਡ ਨੂੰ ਪਲੋਸਦੇ ਹੋਏ ਅਤੇ ਸੱਜੇ ਹੱਥ ਵਿਚ ਤੀਰ ਉਲਾਰ ਕੇ ਸਾਰੀਆਂ ਦੂਰ ਬੈਠੀਆਂ ਸੰਗਤਾਂ ਸਾਹਵੇਂ ਵੰਗਾਰ ਵੰਗਾਰ ਕੇ ਪੁਕਾਰਨ ਲਗੇ, "ਖੁਆਰ ਹੋਏ ਸਭ ਮਿਲੇਗੀ ਸਭ ਲੱਲੀ ਛੱਲੀ।" ਇਹ ਉਹ ਸਮਾਂ ਸੀ ਜਦੋਂ ਅਜੇ ਆਮ ਅਭੇਦਤਾਈ ਨਹੀਂ ਹੋਣ ਲੱਗੀ ਸੀ।

ਸਿਰੀ ਭਾਈ ਲਾਲ ਸਿੰਘ ਜੀ ਨੂੰ ਸਮੇਤ ਉਨ੍ਹਾਂ ਦੀ ਦਸਤਾਰ ਸਜੀ ਸੁਚੱਜੀ ਸੁਪਤਨੀ ਦੇ ਅਭੇਦ ਕਰਕੇ ਅਤੇ ਅਭੇਦ ਵਰਤਾ ਕੇ ਜਥੇ ਨੇ ਉੱਥੋਂ ਵਹੀਰਾਂ ਵਾਪਸ ਘਤੀਆਂ। ਇਹ ਲਾਲਾਂ ਦੀ ਜੋੜੀ ਸਿੱਖੀ ਸਿਦਕ ਭਰੋਸੇ ਵਿਚ ਐਸੀ ਦ੍ਰਿੜ੍ਹ ਰਹੀ ਕਿ ਸਾਰੀ ਉਮਰ ਕਾਇਮ ਦਾਇਮ ਹੋ ਕੇ ਸਿੱਖੀ ਕੇਸਾਂ ਸਵਾਸਾਂ ਤਕ ਨਿਬਾਹੀ। ਭਾਈ ਲਾਲ ਸਿੰਘ ਜੀ ਦੀ ਦੇਹੀ ਸਰੀਰ ਕਰਕੇ ਬੜੀ ਹਲਕੀ ਫੁਲਕੀ ਦੁਬਲੀ ਪਤਲੀ ਸੀ, ਪਰ ਸੂਰਬੀਰਤਾ ਦਾ ਜੁੱਸਾ ਉਨ੍ਹਾਂ ਦੀ ਰਗੋ ਰੇਸ਼ੇ ਵਿਚ ਐਸਾ ਭਰਿਆ ਹੋਇਆ ਸੀ ਕਿ ਜਿਥੇ ਵੀ ਪਰ-ਉਪਕਾਰ-ਮਈ ਬੀਰਤਾ ਦਾ ਦੰਗਲ ਬੱਝਣਾ, ਤਿਥੇ ਤਿਥੇ ਇਸ ਵੀਰ ਨੇ ਸ਼ੇਰ ਬੱਬਰ ਵਾਂਗੂੰ ਮੂਹਰਲੇ ਮੋਰਚੇ ਤੇ ਗੱਜਣਾ। ਇਕ ਮਿਸਾਲ ਕਾਫ਼ੀ ਹੈ : ਜਦੋਂ ਭਾਣੇ ਅੰਦਰ ਅਸੀਂ ਜਥੇ ਸਮੇਤ ਨਜ਼ਰਬੰਦ ਹੋ ਕੇ ਲੁਧਿਆਣੇ ਜੇਲ੍ਹ ਵਿਚ ਜਾ ਬਿਰਾਜੇ, ਓਦੋਂ ਇਹ ਵੀਰ ਕਿਸੇ ਗੁਪਤ-ਮੰਡਲ ਵਿਚ ਹੀ ਬਿਚਰ ਰਹੇ ਸਨ। ਇਨ੍ਹਾਂ ਨੂੰ ਜਥੇ ਦੇ ਵੀਰਾਂ ਦੀ ਗ੍ਰਿਫ਼ਤਾਰੀ ਦਾ ਪਤਾ ਹੀ ਨਹੀਂ ਲਗਣਾ ਪਾਇਆ ਸੀ। ਜਦੋਂ ਪਤਾ ਲਗਾ ਤਾਂ ਲੂਹਰੀਆਂ ਲੈਣ ਕਿ ਯਾ ਤਾਂ ਖ਼ੁਦ ਜੇਲ੍ਹ ਦੇ ਅੰਦਰ ਜਾ ਵਜੀਏ ਯਾ ਪੁਰਾਤਨ ਸਿੰਘਾਂ ਵਾਂਗੂੰ ਜੇਲ੍ਹ ਤੇ ਧਾਵਾ ਕਰ ਕੇ ਜਾ ਗੱਜੀਏ ਤੇ ਸਾਰੇ ਵੀਰਾਂ ਨੂੰ ਜੇਲ੍ਹੋਂ ਬਾਹਰ ਕਢ ਲਿਆਈਏ। ਗੋਰਾ-ਸ਼ਾਹੀ ਦੀ ਉਸ ਸਮੇਂ ਦੀ ਪੁਲਸ ਅਤੇ ਮਨ-ਖੁਟ ਪੁਲਸ ਅਫ਼ਸਰ ਸਾਡਾ ਜੇਲ੍ਹ ਅੰਦਰ ਭੀ ਬੜਾ ਹੀ ਪਹਿਰਾ ਰਖਦੇ ਸਨ। ਮੁਕੱਦਮਾ ਚਲਾਉਣ ਲਈ ਸਬੂਤਾਂ ਦੇ ਬਾਨਣੂ ਬੰਨ੍ਹਦੇ ਫਿਰਦੇ ਸਨ। ਨਿਤ ਨਵਾਂ ਰੀਮਾਂਡ ਲੈਂਦੇ ਸਨ, ਇਉਂ ਹੀ ਨਜ਼ਰਬੰਦੀ ਦੀ ਮਿਆਦ ਤੇ ਵਕਤ ਵਧਾਈ ਜਾਂਦੇ ਸਨ। ਇਕ ਨਹੀਂ, ਕਈ ਕਈ ਰੀਮਾਂਡਾਂ ਦੀਆਂ ਕਿਸ਼ਤਾਂ ਹੋਈਆਂ ਤੇ ਮਹੀਨਿਆਂ ਬਧੀ ਨਜ਼ਰਬੰਦ ਸਿੱਖਾਂ ਦੀਆਂ ਫ਼ੌਜਾਂ ਜੇਲ੍ਹ ਵਿਚ ਹੀ ਬੰਦ ਰਹੀਆਂ। ਅਤੇ ਰੀਮਾਂਡ ਸੁਣਨ ਲੱਗਿਆਂ ਅਦਾਲਤ ਦਾ



ਕਾਨੂੰਨੀ ਫ਼ਰਜ਼ ਇਹ ਹੁੰਦਾ ਸੀ ਕਿ ਕਸੂਰਵਾਰਾਂ ਨੂੰ ਅਦਾਲਤ ਵਿਚ ਬੁਲਾ ਕੇ ਰੀਮਾਂਡ ਸੁਣਾਇਆ ਜਾਂਦਾ ਸੀ। ਸਾਡੇ ਬਾਰੇ ਗੋਰਾ-ਸ਼ਾਹੀ ਅਦਾਲਤਾਂ ਨੇ ਇਸ ਕਾਨੂੰਨ ਦੀ ਰੰਚਕ ਪਰਵਾਹ ਨਹੀਂ ਕੀਤੀ ਤੇ ਬੇ-ਕਾਨੂੰਨੀਆਂ ਹੀ ਵਰਤੀਆਂ। ਅਦਾਲਤ ਵਿਚੋਂ ਹੀ ਲਿਖਿਆ ਲਿਖਾਇਆ ਹੁਕਮ ਪਠਾ ਕੇ ਸਾਨੂੰ ਜੇਲ੍ਹਾਂ ਵਿਚ ਬੈਠਿਆਂ ਨੂੰ ਹੀ ਰੀਮਾਂਡ ਸੁਣਾਇਆ ਜਾਂਦਾ ਸੀ ਤੇ ਅਗਲੀ ਪੇਸ਼ੀ ਦੀ ਤਾਰੀਖ਼ ਦਿਤੀ ਜਾਂਦੀ ਸੀ।

ਇਕ ਵਾਰ ਦਾ ਜ਼ਿਕਰ ਹੈ ਕਿ ਜੇਲ੍ਹ ਵਾਲਿਆਂ ਕਲਰਕਾਂ ਦੀ ਗ਼ਲਤੀ ਨਾਲ, ਜਾਂ ਨਵੇਂ ਅਦਾਲਤੀ ਅਫ਼ਸਰਾਂ ਦੀ ਨਾਵਾਕਫ਼ੀ ਨਾਲ, ਸਾਨੂੰ ਅਦਾਲਤ ਵਿਚ ਹੀ ਬੁਲਾ ਲੀਤਾ ਗਿਆ। ੨੦ ਸਿੰਘਾਂ ਦਾ ਜਥਾ ਹੱਥਕੜੀਆਂ ਨਾਲ ਸਜਿਆ ਧਜਿਆ ਜੇਲ੍ਹ ਅੰਦਰੋਂ ਪੁਲਸ ਦੀ ਗਾਰਦ ਤਲੇ ਨਿਕਾਲਿਆ ਤੇ ਕਚਹਿਰੀ ਵਲ ਨੂੰ ਤੋਰਿਆ। ਇਕ ਇਕ ਸਿੰਘ ਉਤੇ ਦੋ ਦੋ ਪੁਲਸ ਸਿਪਾਹੀ ਤਾਇਨਾਤ ਕੀਤੇ ਹੋਏ ਸਨ। ਇਸ ਪ੍ਰਕਾਰ ਪੁਲਸ ਸਿਪਾਹੀ ਨਾਲ ਲੱਗੇ ਜਾਂਦੇ ਸਨ, ਜੋ ਤਲਵਾਰਾਂ ਬੰਦੂਕਾਂ ਨਾਲ ਵੀ ਮੁਸੱਲਾ ਸਨ। ਜਿਸ ਪ੍ਰਕਾਰ ਗੁਫਿਆਂ ਅੰਦਰੋਂ ਖੁਲ੍ਹੀ ਹਵਾ ਵਿਚ ਨਿਕਲ ਕੇ ਸ਼ੇਰ ਭੂਸਰ ਉਠਦੇ ਹਨ, ਇਸੇ ਪ੍ਰਕਾਰ ਜਦ ਮਹੀਨਿਆਂ ਬੱਧੀ ਦੇ ਜੇਲ੍ਹ-ਕੋਠੜੀਆਂ ਵਿਚ ਤਾੜੇ ਹੋਏ ਸਿੰਘ ਸੂਰਬੀਰਾਂ ਨੂੰ ਬਾਹਰਲੀ ਹਵਾ ਲਗੀ ਤਾਂ ਉਹ ਲਗ ਪਗ ਸਾਰੇ ਦੇ ਸਾਰੇ ਹੀ ਹਰਨ ਹੋਣ ਲਈ ਸੰਧੂਰਤ ਹੋ ਗਏ। ਸ਼ੋਰਮ-ਸ਼ੋਰੀ ਹੋ ਕੇ ਰਾਹ ਜਾਂਦਿਆਂ ਨੇ ਮਤਾ ਪਕਾਅ ਲਿਆ ਕਿ ਇਨ੍ਹਾਂ ਪਹਿਰੇਦਾਰ ਪੁਲਸੀਆਂ ਨੂੰ ਸੋਧ ਸਾਧ ਕੇ ਹਰਨ ਹੋ ਜਾਵੋ। ਪਰੰਤੂ ਸਾਡੇ ਵਿਚਕਾਰ ਗਿਆਨੀ ਨਾਹਰ ਸਿੰਘ ਸਾਰਖੇ ਕਈ ਦੂਰ-ਅੰਦੇਸ਼ ਸਿੰਘਾਂ ਨੇ ਵਰਜੀ ਰਖਿਆ। ਜੇਲ੍ਹ ਤੋਂ ਅਦਾਲਤ ਦਾ ਬੜਾ ਦੁਰਾਡਾ ਫ਼ਾਸਲਾ ਹੈ। ਸ਼ੇਰਾਂ ਦੀ ਕਤਾਰ ਨੂੰ ਲਈ ਜਾਂਦੇ ਦੁੱਗਣੇ ਚੌਗਣੇ ਪੁਲਸਮੈਨ ਸ਼ਸਤਰਾਂ ਨਾਲ ਸਨੱਦ-ਬਧ ਹੁੰਦੇ ਹੋਏ ਵੀ ਡਰਦੇ ਥਰ ਥਰ ਕੰਬਣ। ਦਰ-ਅਸਲ ਉਨ੍ਹਾਂ ਦੀਆਂ ਪਹਿਨੀਆਂ ਹੋਈਆਂ ਤਲਵਾਰਾਂ ਬੰਦੂਕਾਂ ਉਨ੍ਹਾਂ ਦੀਆਂ ਨਹੀਂ ਸਨ, ਇਕੋ ਹੀ ਭਬਕੀ ਧਮਕੀ ਨਾਲ ਉਨ੍ਹਾਂ ਨੇ ਸਾਰੀਆਂ ਹੀ ਸਿੰਘਾਂ ਦੇ ਸਪੁਰਦ ਕਰ ਦੇਣੀਆਂ ਸਨ ਜਾਂ ਸਿੰਘਾਂ ਨੇ ਹਥੋ ਹਥੀ ਉਨ੍ਹਾਂ ਤੋਂ ਖੋਹ ਲੈਣੀਆਂ ਸਨ। ਚੇਹਰੇ ਉਨ੍ਹਾਂ ਦੇ ਪੀਲੇ ਭੂਕ ਪਏ ਹੋਏ ਸਨ। ਕਦਮ ਕਦਮ ਤੇ ਸਹਿਮ ਸਹਿਮ ਤੇ ਠਠੰਬਰ ਉਠਦੇ ਸਨ। ਅਦਾਲਤ ਤੋਂ ਕੋਈ ਸੌ ਪੰਜਾਹ ਕਦਮਾਂ ਉਰੇਡੇ ਨੂੰ ਇਕ ਸੰਘਣਾ ਰੱਖ (ਬਣ) ਸੀ, ਜੋ ਉਨ੍ਹੀਂ ਦਿਨੀਂ ਸੁੰਨਸਾਨ ਬੀਆਬਾਨ ਹੀ ਪਿਆ ਸੀ। ਉਸ ਦੇ ਵਿਚੋਂ ਹੀ ਰਸਤਾ ਅਦਾਲਤ ਨੂੰ ਲੰਘਣਾ ਸੀ। ਉਸ ਰੱਖ ਵਿਚ ਵੜ ਕੇ ਅਜੇ ਅੱਧ ਵਿਚਾਲੇ ਹੀ ਗਏ ਸਾਂ ਕਿ ਅਸੀਂ ਕੀ ਵੇਖਦੇ ਹਾਂ ਕਿ ਭਾਈ ਲਾਲ ਸਿੰਘ ਜੀ ਸਵਾ ਲੱਖ ਨਾਲ ਹੀ ਮੋਢੇ ਉਤੇ ਸਫਾ-ਜੰਗ (ਟਕੂਆ) ਧਰੀ, ਬੀਰ ਰਸੀ ਨਾਲ ਸੰਧੂਰਤ ਹੋਏ ਸਾਹਮਣੇ ਤੋਂ ਚਲੇ ਆ ਰਹੇ ਹਨ। ਕਈ ਦਿਨਾਂ ਤੋਂ ਉਹ ਬਿਰਹੇ ਬਾਵਰੇ ਹੋ ਕੇ ਸਾਡੀ ਸੂੰਹ ਕਢਣ ਲਈ ਏਵੇਂ ਹੀ ਫਿਰਦੇ ਰਹਿੰਦੇ ਸਨ। ਉਸ

WWW.AKJ.ORG

WWW.AKJ.ORG


ਦਿਨ ਅਚਾਨਕ ਹੀ ਜਦ ਭਾਈ ਲਾਲ ਸਿੰਘ ਜੀ ਨੇ ਸਾਨੂੰ ਪਰਾਈ ਈਨ ਵਿਚ ਵੇੜ੍ਹੇ ਹੋਏ ਵੇਖਿਆ, ਤਾਂ ਉਨ੍ਹਾਂ ਦੀ ਖ਼ੁਸ਼ੀਆਂ ਭਰੀ ਸੂਰਬੀਰਤਾ ਵਾਲੀ ਸੰਧੂਰਤਾ ਹੋਰ ਵੀ ਸੰਧੂਰਤ ਹੋ ਗਈ। ਉਹ ਸਾਡੇ ਨਾਲ ਜਾਂਦੇ ਸਿਪਾਹੀਆਂ ਤੋਂ ਨਿਡਰ ਤੇ ਬੇ-ਖ਼ੌਫ਼ ਹੋ ਕੇ ਸਾਡੇ ਕੋਲ ਹੀ ਆ ਢੁੱਕੇ ਅਤੇ ਸਾਡੇ ਨਾਲ ਬਰੋ ਬਰੋਬਰੀ ਲਗੇ ਤੁਰੇ ਜਾਣ, ਨਾਲੇ ਇਸ਼ਾਰੇ ਕਰਨ ਕਿ ਹੁਣ ਹੁਕਮ ਦਿਓ, ਹੁਣੇ ਹੀ ਛੁਡਾ ਕੇ ਸਾਰਿਆਂ ਨੂੰ ਲੈ ਚਲਦਾ ਹਾਂ। ਸਾਡੀ ਕਤਾਰ ਵਿਚ ਜਾਂਦਿਆਂ ਦੇ ਵਿਚੋਂ ਕਿਸੇ ਕਮਜ਼ੋਰ ਸਿੰਘ ਨੇ ਇਉਂ ਆਖਿਆ ਕਿ ਇਕੱਲੇ ਕੀ ਕਰੋਗੇ ? ਤਾਂ ਸ਼ੇਰ-ਦਿਲ ਭਾਈ ਲਾਲ ਸਿੰਘ ਜੀ ਨੇ ਭਬਕ ਕੇ ਉਤਰ ਦਿਤਾ ਕਿ ਖਾਲਸਾ ਸਵਾ ਲੱਖ ਨਾਲ ਹੈ, ਇਕੱਲਾ ਕਦੇ ਨਹੀਂ ਹੁੰਦਾ। ਇਹ ਭਬਕ ਸੁਣ ਕੇ ਪੁਲਸ ਵਾਲੇ ਪਰੇਸ਼ਾਨ ਹੋ ਗਏ ਤੇ ਭਾਈ ਲਾਲ ਸਿੰਘ ਜੀ ਨੂੰ ਬੇਨਤੀ ਕਰਨ ਲਗੇ ਕਿ ਸਾਨੂੰ ਡਿਊਟੀ ਭੁਗਤਣ ਦਿਓ, ਕਿਰਪਾ ਕਰ ਕੇ ! ਅਸੀਂ ਫ਼ਾਰਗੁਲ-ਬਾਲ ਹੋ ਜਾਵਾਂਗੇ। ਮੁੜਦੇ ਹੋਏ ਹੋਰ ਸਿਪਾਹੀਆਂ ਦੀ ਗਾਰਦ ਇਨ੍ਹਾਂ ਨੂੰ ਵਾਪਸ ਜੇਲ੍ਹ ਨੂੰ ਲੈ ਕੇ ਜਾਏਗੀ। ਏਸੇ ਰੱਖ (ਜੰਗਲ) ਚੀਂ ਹੀ ਇਨ੍ਹਾਂ ਨੇ ਮੁੜਨਾ ਹੈ। ਤੁਸੀਂ ਹੋਰ ਫ਼ੌਜਾਂ ਭੀ ਇਤਨੇ ਨੂੰ ਆਪਣੇ ਨਾਲ ਲੈ ਆਵੋ। ਭਾਈ ਲਾਲ ਸਿੰਘ ਜੀ ਨੇ ਉਨ੍ਹਾਂ ਦੀ ਇਕ ਨਾ ਮੰਨੀ, ਓਦੋਂ ਵੀ ਸਵਾ ਲੱਖ ਨਾਲ ਧਾਵਾ ਬੋਲਣ ਨੂੰ ਤਿਆਰ ਸਨ। ਸਾਡੇ ਵਿਚੋਂ ਦੂਰ-ਅੰਦੇਸ਼ੀ ਲੰਮੀ ਸੋਚ ਵਾਲੇ ਸਿੰਘਾਂ ਨੇ ਮਸਾਂ ਹੱਥ ਜੋੜ ਜੋੜ ਕੇ ਉਨ੍ਹਾਂ ਨੂੰ ਵਰਜੀ ਰਖਿਆ।

ਏਤਨੇ ਚਿਰ ਨੂੰ ਅਦਾਲਤ ਦਾ ਹਾਤਾ ਵੀ ਆ ਗਿਆ। ਉਧਰੋਂ ਅਦਾਲਤ ਵੀ ਬੜੀ ਘਬਰਾਈ ਬੈਠੀ ਸੀ, ਸਾਨੂੰ ਦੇਖ ਕੇ ਹੋਰ ਵੀ ਘਬਰਾ ਗਈ ਤੇ ਤਲ-ਮਲਾਉਣ ਲਗੀ ਕਿ ਇਨ੍ਹਾਂ ਨੂੰ ਤਾਂ ਜੇਲ੍ਹ ਵਿਚ ਹੀ ਰੀਮਾਂਡ ਸੁਣਨ ਦਾ ਹੁਕਮ ਹੈ, ਏਥੇ ਅਦਾਲਤ ਵਿਚ ਲੈ ਕੇ ਕਿਉਂ ਆਏ ? ਗੱਲ ਕੀ, ਸਾਨੂੰ ਪਿਛਲੇ ਪੈਰੀਂ ਹੀ ਤਾਬੜ-ਤੋੜ ਵਾਪਸ ਜੇਲ੍ਹ ਨੂੰ ਹੀ ਤੋਰ ਦਿਤਾ ਗਿਆ। ਫੇਰ ਸਾਨੂੰ ਰੱਖ ਵਾਲੇ ਰਸਤੇ ਨਹੀਂ ਲੈ ਗਏ। ਬੜੀ ਹਿਫ਼ਾਜ਼ਤ ਤੇ ਤਕੜਾਈ ਕਰ ਕੇ ਹੋਰ ਰਸਤੇ ਥਾਣੀਂ ਵਿੰਗ ਪਾ ਕੇ ਸਾਨੂੰ ਜੇਲ੍ਹ ਵਿਚ ਵਾਪਸ ਲੈ ਵੜੇ। ਵਿਚਾਰੇ ਲਾਲ ਸਿੰਘ ਜੀ ਤਿਆਰੀਆਂ ਕਰਦੇ ਹੀ ਰਹਿ ਗਏ। ਨ ਅਸੀਂ ਮੁੜ ਕੇ ਰੱਖ ਵਿਚ ਦੀ ਲੰਘੇ, ਨ ਭਾਈ ਲਾਲ ਸਿੰਘ ਜੀ ਦੀਆਂ ਲੂਹਰਵੀਆਂ ਆਸਾਂ ਪੂਰਨ ਹੋਈਆਂ। ਇਸ ਵਿਚ ਰੰਚਕ ਸੰਦੇਹ ਨਹੀਂ ਸੀ ਕਿ ਜੇ ਅਸੀਂ ਮੁੜ ਕੇ ਉਸੇ ਰਸਤੇ ਵਾਪਸ ਜਾਂਦੇ, ਜਾਂ ਸਾਡੇ ਵਲੋਂ ਜ਼ਰਾ ਵੀ ਇਸ਼ਾਰਾ ਹੋ ਜਾਂਦਾ ਤਾਂ ਭਾਈ ਲਾਲ ਸਿੰਘ ਜੀ ਨੇ ਜ਼ਰੂਰ ਕੁੱਦ ਪੈਣਾ ਸੀ, ਸਾਨੂੰ ਛੁਡਾ ਕੇ ਸਾਰਿਆਂ ਨੂੰ ਹਰਨ ਕਰਾ ਕੇ ਲੈ ਜਾਣਾ ਸੀ। ਇਹ ਉਹ ਸਮਾਂ ਸੀ ਜਦੋਂ ਦੂਰੋਂ ਹੀ ਸਾਨੂੰ ਦੇਖ ਕੇ ਬੰਦਾ ਬਸ਼ਰ ਛਡ ਕੇ ਨਸ ਜਾਂਦਾ ਸੀ। ਕਿਸੇ ਸਿਖ ਦੀ ਪਰੋਖੋਂ ਨਹੀਂ ਸੀ ਕਿ ਸਾਨੂੰ ਫ਼ਤਹ ਵੀ ਬੁਲਾ ਸਕੇ। ਸਾਡੇ ਜੇਲ੍ਹ-ਯਾਤਰਾ ਦੇ ਸਮੇਂ ਵਿਚ ਹੀ ਸਾਡੇ ਆਉਣ



ਤੋਂ ਪਹਿਲਾਂ ਭਾਈ ਲਾਲ ਸਿੰਘ ਜੀ ਚਲਾਣਾ ਕਰ ਗਏ।

-0-

**ਨੋਟ**: ਇਸੇ ਤਰ੍ਹਾਂ ਇਕ ਨੌਜਵਾਨ ਸਿੱਖ ਦੁੱਲਾ ਸਿੰਘ ਡਾਕੇ ਦੇ ਮੁਕੱਦਮੇ ਵਿਚ ਸੀ, ਉਸ ਦੀ ਪੇਸ਼ੀ ਸਾਡੇ ਨਾਲ ਹੀ ਸੀ। ਜਦੋਂ ਅਦਾਲਤ ਤੋਂ ਮੁੜ ਕੇ ਜੇਲ੍ਹ ਵਲ ਆ ਰਹੇ ਸੀ, ਤਾਂ ਉਸ ਨੌਜਵਾਨ ਦੇ ਨਾਲ ਹੀ ਪੁਲਸ ਦਾ ਹੌਲਦਾਰ ਤਲਵਾਰ ਕਮਰ ਵਿਚ ਲਟਕਾਈ ਜਾ ਰਿਹਾ ਸੀ। ਉਸ ਨੇ ਕਈ ਵਾਰ ਤਕਾਇਆ ਕਿ ਇਹ ਤਲਵਾਰ ਖੋਹ ਕੇ ਧਾਵਾ ਬੋਲ ਦੇਵਾਂ, ਪਰ ਭਾਈ ਸਾਹਿਬ ਨੇ ਉਸ ਨੂੰ ਇਸ਼ਾਰੇ ਨਾਲ ਹੀ ਸਮਝਾ ਬੁਝਾ ਕੇ ਵਰਜਿਆ।

(**ਨਾਹਰ ਸਿੰਘ ਗਯਾਨੀ**)

WWW.AKJ.ORG

੮

# ਜਥੇਦਾਰ ਭਾਈ ਰਾਮ ਸਿੰਘ ਜੀ (ਗੁੱਜਰਵਾਲ)

ਜਥੇਦਾਰ ਰਾਮ ਸਿੰਘ ਜੀ ਇਸ ਜਥੇ ਦੀ ਰੂਹੇ ਰਵਾਨ ਸਨ। ਮੁਢ ਤੋਂ ਹੀ ਪਿੰਡ ਗੁੱਜਰਵਾਲ ਵਿਖੇ (ਜੋ ਨਾਰੰਗਵਾਲ ਤੋਂ ਇਕ ਕੋਸ ਦੇ ਫ਼ਾਸਲੇ ਤੇ ਹੈ ) ਭਾਈ ਰਾਮ ਸਿੰਘ ਦੇ ਗ੍ਰਿਹ ਅੰਦਰ ਹਮੇਸ਼ਾ ਹੀ ਗੁਰਮਤਿ ਸਮਾਗਮਾਂ ਦੀ ਚਹਿਲ ਪਹਿਲ ਰਹੀ ਹੈ। ਜਥੇ ਦੇ ਅਸੂਲਾਂ ਦਾ ਨਿੱਗਰ ਪ੍ਰਚਾਰ ਜਥੇਦਾਰ ਰਾਮ ਸਿੰਘ ਜੀ ਦੀ ਜਥੇਦਾਰੀ ਤਲ ਹੀ ਹੁੰਦਾ ਰਿਹਾ ਹੈ। ਜਥੇਦਾਰ ਜੀ ਪੜ੍ਹੇ ਲਿਖੇ ਪੁਰਸ਼ ਨਹੀਂ ਸਨ, ਪਰ ਹਰ ਪਰਕਾਰ ਦੀ ਕੁਰਬਾਨੀ ਦੇ ਪੁੰਜ ਸਨ। ਜਾਤ ਪਾਤ ਤੋੜ ਕੇ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਉਣਾ ਤੇ ਬਗ਼ੈਰ ਜਾਤ ਪਾਤ ਦੀ ਤਮੀਜ਼ ਦੇ ਆਨੰਦ ਵਿਵਾਹ ਕਰਵਾਉਣੇ, ਜਥੇਦਾਰ ਸਾਹਿਬ ਦਾ ਉਪਕਾਰੇ-ਆਜ਼ਿਮ ਗੁਣ ਸੀ। ਅਵਾਇਲ ਉਮਰ ਵਿਖੇ ਹੀ ਜਥੇਦਾਰ ਰਾਮ ਸਿੰਘ ਜੀ ਨੇ ਇਸ ਗੁਣ ਦਾ ਨਮੂਨਾ ਬਜ਼ਾਤੇ ਖ਼ੁਦ ਪੇਸ਼ ਕਰ ਕੇ ਇਸ ਦਾ ਫ਼ੌਰੀ ਰਿਵਾਜ ਸੰਗਤਾਂ ਵਿਖੇ ਜਾਰੀ ਕੀਤਾ।

ਜਿਸ ਜ਼ਮਾਨੇ ਦਾ ਅਸੀਂ ਜ਼ਿਕਰ ਕਰਦੇ ਹਾਂ, ਓਦੋਂ ਪੰਥ ਵਿਖੇ ਬਹੁਤ ਥੋੜੀ ਜਾਗਰਤ ਆਈ ਸੀ। ਜੋ ਆਈ ਸੀ, ਸੋ ਵੀ ਕਾਗ਼ਜ਼ੀ ਪ੍ਰਚਾਰ ਸੀ। ਚਾਹੇ ਪਿੰਡ ਗੁੱਜਰਵਾਲ ਵਿਖੇ ਸਿੰਘ ਸਭਾ ਲਹਿਰ ਦੇ ਮੁਢ ਤੋਂ ਹੀ ਬੜੀ ਪੁਰਾਣੀ ਸਿੰਘ ਸਭਾ ਕਾਇਮ ਹੋਈ ਹੋਈ ਸੀ, ਪਰੰਤੂ ਆਮ ਲੋਕਾ-ਚਾਰੀ ਖ਼ਿਆਲਾਤ ਦਾ ਅਜੇ ਬੜਾ ਜ਼ੋਰ ਸੀ ਤੇ ਲੋਕ ਸਿੰਘ ਸਭਾ ਵਾਲਿਆਂ ਨੂੰ ਸਿੰਘ ਸਫੀਏ ਕਹਿ ਕੇ ਸਖ਼ਤ ਵਿਰੋਧਤਾ ਕਰਦੇ ਸਨ। ਜਥੇਦਾਰ ਰਾਮ ਸਿੰਘ ਜੀ ਨੇ ਲੋਕਾਚਾਰੀ ਪਿਤਾ-ਪੁਰਖੀ ਦੇ ਪ੍ਰਚਾਰ ਨੂੰ ਡੱਕ ਪਾਉਣ ਲਈ ਅਤੇ ਤਕੜੀ ਸੱਟ ਮਾਰਨ ਲਈ ਖ਼ੁਦ ਆਪਣਾ ਅਨੰਦ ਵਿਆਹ ਜਾਤ ਪਾਤ ਤੋੜ ਕੇ ਕੀਤਾ। ਸਾਰੇ ਪਿੰਡ ਗੁਜਰਵਾਲ ਦੀ ਹਿੰਦੂ ਖ਼ਿਆਲਾਂ ਵਾਲੀ ਅਕਸੀਰੀਅਤ ਜਥੇਦਾਰ ਜੀ ਦੇ ਇਸ ਕਦਮ ਚੁਕਣ ਤੇ ਬੜੀ ਵਿਰੁਧ ਸੀ ਤੇ ਭਾਈ ਰਾਮ ਸਿੰਘ ਜੀ ਨੂੰ ਛੇਕ ਦੇਣ ਦਾ ਡਰ ਦੇ ਰਹੀ ਸੀ। ਭਾਈ ਰਾਮ ਸਿੰਘ ਜੀ ਤਨ-ਤਨਹਾ ਚਲ ਕੇ ਸਾਡੇ ਪਾਸ ਨਾਰੰਗਵਾਲ ਆਏ ਤੇ ਸਾਰੀ ਸਰਗੁਜ਼ੱਸ਼ਤ ਆਪਣੀ ਜ਼ਬਾਨੀ ਬਿਆਨ ਕੀਤੀ। ਇਹ ਭਾਈ ਰਾਮ ਸਿੰਘ ਜੀ ਦੀ ਸਾਡੇ ਨਾਲ ਪਹਿਲੀ ਮੁਲਾਕਾਤ ਸੀ।

ਅਸੀਂ ਭਾਈ ਰਾਮ ਸਿੰਘ ਜੀ ਦੇ ਨਿੱਗਰ ਗੁਰਮਤਿ ਖ਼ਿਆਲਾਂ ਨੂੰ ਪੇਖ ਪਰਖ ਕੇ, ਸਿੰਘਾਂ ਦਾ ਜਥਾ ਲੈ ਕੇ ਉਨ੍ਹਾਂ ਦੇ ਨਾਲ ਗੁਜਰਵਾਲ ਨੂੰ ਪਧਾਰ ਉਠੇ। ਅਗੇ





ਉਨ੍ਹਾਂ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਧਾਰਨ ਪਾਠ ਦਾ ਭੋਗ ਪੈਣਾ ਸੀ। ਖ਼ੂਬ ਗੱਜ ਵੱਜ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਸਿਰੀ ਭਾਈ ਰਾਮ ਸਿੰਘ ਜੀ ਨੂੰ, ਸਮੇਤ ਉਨ੍ਹਾਂ ਦੀ ਸੁਪਤਨੀ ਦੇ ਅੰਮ੍ਰਿਤ ਛਕਾ ਕੇ ਤਿਆਰ ਬਰ ਤਿਆਰ ਕੀਤਾ ਗਿਆ ਅਤੇ ਫੇਰੇ ਘੇਰੇ ਤੋੜ ਕੇ ਉਨ੍ਹਾਂ ਦਾ ਗੁਰਮਤਿ ਤੱਤ ਮਰਯਾਦਾ ਅਨੁਸਾਰ ਆਨੰਦ ਵਿਆਹ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਭੇਦ ਵਰਤਾਇਆ ਗਿਆ। ਤਿਆਰ ਬਰ ਤਿਆਰ ਹੋਣ ਸਾਰ ਸਿਰੀ ਭਾਈ ਰਾਮ ਸਿੰਘ ਜੀ ਨੇ ਡੰਕੇ ਦੀ ਚੋਟ ਨਾਲ ਪਿੰਡ ਦੀ ਸਾਰੀ ਹਿੰਦਵੈਣ ਸੁਸਾਇਟੀ ਦੇ ਖ਼ਿਆਲਾਂ ਦੀ ਬਰਾਦਰੀ ਨੂੰ ਬਰਮਲਾ ਬਾਈਕਾਟ ਕਰਨ ਦਾ ਏਲਾਨ ਦੇ ਦਿਤਾ। ਵਾਕਿਆ ਹੀ ਸਾਰੀ ਪੁਰਾਣੀ ਬਰਾਦਰੀ ਨੂੰ ਛੇਕ ਕੇ ਰਖ ਦਿਤਾ। ਸਿੰਘਾਂ ਨਾਲ ਹੀ ਲੇਵਾ ਦੇਵੀ, ਸਿੰਘਾਂ ਨਾਲ ਹੀ ਵਿਵਹਾਰ ਕਾਰ, ਵਰਤੋਂ ਵਿਉਹਾਰ ਰਖਣ ਦੀ ਪਹਿਲੀ ਅਮਲੀ ਬੁਨਿਆਦ ਸਿਰੀ ਭਾਈ ਰਾਮ ਸਿੰਘ ਜੀ ਨੇ ਕਾਇਮ ਕੀਤੀ। ਫੇਰ ਤਾਂ ਗੁਜਰਵਾਲ ਦੀ ਸਿੰਘ ਸਭਾ ਦੇ ਸਾਰੇ ਚੀਦਾ ਚੀਦਾ ਮੈਂਬਰ ਸਿਰੀ ਭਾਈ ਰਾਮ ਸਿੰਘ ਜੀ ਦੇ ਹਾਮੀ ਹੋ ਗਏ। ਸਿਰੀ ਭਾਈ ਰਾਮ ਸਿੰਘ ਜੀ ਦੀ ਇਸ ਦਲੇਰਾਨਾ ਕਾਰਜ-ਸੋਧਣੀ ਦੇ ਕਾਰਨ ਹੀ ਉਹ ਜਥੇਦਾਰ ਦੇ ਨਾਮ ਨਾਲ ਪ੍ਰਸਿਧ ਹੋ ਗਏ। ਸਚਮੁਚ ਭਾਈ ਰਾਮ ਸਿੰਘ ਜੀ ਨੂੰ ਕਿਸੇ ਆਨਮਤ ਖ਼ਿਆਲੀਏ ਦੀ ਰੰਚਕ ਮਾਤਰ ਵੀ ਪ੍ਰਵਾਹ ਨਹੀਂ ਸੀ, ਜਿਥੇ ਗਜਦੇ ਸਨ, ਸ਼ੇਰ ਵਾਂਗੂੰ ਗਜਦੇ ਸਨ। ਉਨ੍ਹਾਂ ਦੇ ਜਾਹੋ-ਜਲਾਲ ਅਗੇ ਕੋਈ ਨਹੀਂ ਖਲੋਂਦਾ ਸੀ। ਬੜੇ ਬੜੇ ਪੁਰਾਣੇ ਪਾਪੀਆਂ ਦੇ ਦਮ-ਗਜੇ ਉਨ੍ਹਾਂ ਦੇ ਅਗੇ ਦਮਨ ਹੋ ਜਾਂਦੇ ਸਨ। ਸਰੀਰ ਦੀ ਰਿਸ਼ਟ-ਪੁਸ਼ਟਤਾ ਪਹਿਲਾਂ ਹੀ ਕੁਦਰਤੀ ਜਨਮ ਤੋਂ ਗੋਂਦਵੀ ਡੀਲ-ਡੌਲ ਵਾਲੀ ਅਤੇ ਕਵੀ-ਹੈਕਲੀ ਸੀ। ਪਿਛੇ ਦਸੇ ਕੁਲ-ਕੁਲਾਂ ਭੇਦਤ ਸਮਾਗਮ ਤੇ ਸਾਵਧਾਨ ਹੋਣ ਪਰ ਇਨ੍ਹਾਂ ਦੇ ਚੇਹਰੇ ਦਾ ਜਲਾਲ ਐਸਾ ਦਮਕਾਂ ਮਾਰਨ ਲਗ ਪਿਆ, ਜਿਸ ਦੀ ਝਾਲ ਝਲਣੀ ਬੜੀ ਹੀ ਮੁਹਾਲ ਸੀ। ਉਨ੍ਹਾਂ ਨੇ ਆਪਣੇ ਪਹਿਲੇ ਆਨਮਤੀ ਗੁਆਂਢ ਦੀ ਖਲਜਗਣ ਨੂੰ ਤਿਲਾਂਜਲੀ ਦੇ ਕੇ ਇਕ ਨਿਵੇਕਲੀ ਅਸਥਾਨ ਤੇ ਆਪਣਾ ਰਿਹਾਇਸ਼ੀ ਮਕਾਨ ਸਾਜ ਲਿਆ। ਇਸ ਮਕਾਨ ਵਿਖੇ ਸੰਗਤਾਂ ਅਤੇ ਸੰਤ-ਸਮਾਗਮਾਂ ਦੀ ਇਤਨੀ ਬਹੁਲਤਾ ਹੋਈ ਕਿ ਸਾਰੀ ਲੁਕਾਈ ਉਲਟ ਕੇ ਇਨ੍ਹਾਂ ਦੀ ਹਮਦਰਦ ਬਣ ਗਈ। ਪਰ ਇਨ੍ਹਾਂ ਨੂੰ ਕਿਸੇ ਦੀ ਕੀ ਪ੍ਰਵਾਹ ਸੀ ਕਿ ਜਦ ਤਾਈਂ ਤਿਆਰ ਬਰ ਤਿਆਰ ਸਜ ਕੇ ਸਾਰਾ ਪ੍ਰਵਾਰ ਗੁਰ ਕੀ ਸ਼ਰਨੀ ਨਾ ਆਵੇ, ਉਸ ਵਕਤ ਤਾਈਂ ਇਨ੍ਹਾਂ ਦਾ ਕਿਸੇ ਨਾਲ ਕੋਈ ਵਾਸਤਾ ਨਹੀਂ ਸੀ। ਪਰ ਤੱਤ ਗੁਰਮਤਿ ਅਸੂਲਾਂ ਅਨੁਸਾਰ ਤਿਆਰ ਬਰ ਤਿਆਰ ਸਜਣਾ ਕਿਹੜਾ ਖਾਲਾ ਜੀ ਦਾ ਘਰ ਸੀ, ਵਿਰਲੇ ਹੀ ਇਸ ਕਸੌਟੀ ਤੇ ਚੜ੍ਹਨ ਲਈ ਅਗੇ ਵਧੇ, ਜੋ ਚੜ੍ਹੇ ਸੋ ਜਥੇਦਾਰ ਦੀ ਪੇਸ਼-ਕਦਮੀ ਦੇ ਤੁਫ਼ੈਲ ਹਮੇਸ਼ਾ ਅਗੇ ਹੀ ਅਗੇ ਬੜ੍ਹੇ, ਅਤੇ ਬੜ੍ਹੇ, ਅਤੇ ਬੜ੍ਹਦੇ ਹੀ ਗਏ।

WWW.AKJ.ORG


ਗੁੱਜਰਵਾਲ ਇਕ ਤਕੜਾ ਖ਼ਾਸਾ ਕਸਬਾ ਹੈ, ਜਿਸ ਵਿਚ ਕੋਈ ਅਨਮਤੀ ਅਨਸਰ ਭੀ ਗੁਰਮਤਿ ਵਿਰੁੱਧ ਦਮ ਖ਼ਮ ਨਹੀਂ ਮਾਰਦਾ ਸੀ। ਕੋਈ ਵੀ ਕਿਸੇ ਪ੍ਰਕਾਰ ਅੜਿੱਕਾ ਨਹੀਂ ਡਾਹ ਸਕਦਾ ਸੀ। ਇਨ੍ਹਾਂ ਦੇ ਹੁੰਦਿਆਂ ਸਾਰੇ ਪਿੰਡ ਵਿਚ ਸਿੱਖੀ ਦੀ ਪਰਪੰਚ ਸ਼ਕਲ ਦਾ ਧਾਰਨੀ ਬਣ ਕੇ ਪੰਥ ਨੂੰ ਕਿਸੇ ਪ੍ਰਕਾਰ ਦਾ ਧੋਖਾ ਦੇਣ ਦਾ ਹੀਆ ਨਹੀਂ ਕਰ ਸਕਦਾ ਸੀ। ਨਾਸਤਕਾਂ ਦਹਿਰੀਆਂ ਦੀ ਉੱਕੀ ਹੀ ਦਾਲ ਨਹੀਂ ਗਲਦੀ ਸੀ।

ਤੱਤ ਪਰਉਪਕਾਰ ਗੁਰਮਤਿ ਕਾਰਜ-ਬਿਉਹਾਰਾਂ ਲਈ ਤਾਂ ਆਪਣੀ ਜਾਨ ਵੀ ਵਾਰ ਦਿੰਦੇ ਸਨ। ਇਨ੍ਹਾਂ ਦਾ ਨਵਲ ਨਿਵੇਕਲਾ ਘਰ ਅਸਥਾਨ ਤੱਤ ਕੀਰਤਨ ਅਖੰਡ ਸਮਾਗਮਾਂ ਦਾ ਕੇਂਦਰ ਬਣਿਆ ਹੋਇਆ ਸੀ। ਦੂਰੋਂ ਦੂਰੋਂ ਗੁਰਮੁਖ ਜਨਾਂ ਦੀਆਂ ਸੰਗਤਾਂ ਦੀ ਆਵਾਜਾਈ ਅਤੇ ਰੌਣਕ ਇਨ੍ਹਾਂ ਦੇ ਗ੍ਰਿਹਿ ਵਿਖੇ ਬਣੀ ਰਹਿੰਦੀ ਸੀ। ਸਾਰੇ ਪਿੰਡ ਵਿਚੋਂ ਪ੍ਰਗਟ ਪਾਹਾਰੇ (ਇਲਾਨੀਆਂ ਤੌਰ ਤੇ) ਇਨ੍ਹਾਂ ਦੇ ਗੁਰਮਤਿ ਖ਼ਿਆਲਾਂ ਦੇ ਬਹੁਤ ਵਿਰਲੇ ਹੀ ਸਿੰਘ ਸਨ। ਫੱਲੇਵਾਲ ਅਤੇ ਨਾਰੰਗਵਾਲ ਵਿਚਾਲੇ ਇਨ੍ਹਾਂ ਦਾ ਗੁਜਰਵਾਲ ਵਿਖੇ ਨਵਾਂ ਵਸਾਇਆ ਗ੍ਰਿਹਿ ਮਾਨੋ ਤੱਤ ਗੁਰਮਤਿ ਦਾ ਗੜ੍ਹ ਬਣਿਆ ਹੋਇਆ ਸੀ। ਆਹ! ਉਹ ਜ਼ਮਾਨਾ ਸਾਨੂੰ ਯਾਦ ਆਉਂਦਾ ਹੈ ਜਦੋਂ ਕਿ ਇਨ੍ਹਾਂ ਦੇ ਇਸ ਗ੍ਰਿਹਿ ਵਿਖੇ ਸਜੇ ਸਮਾਗਮਾਂ ਤੇ ਬੜੀਆਂ ਬੜੀਆਂ ਗੁਰਮਤਿ ਗੌਰਵੀ ਰੂਹਾਂ ਸੁਰਜੀਤ ਹੋ ਕੇ ਗੁਰਮਤਿ ਮੰਡਲਾਂ ਵਿਖੇ ਪੁੰਗਰਦੀਆਂ ਰਹੀਆਂ। ਜ਼ਮੀਨ ਦੀ ਵਾਹੀ (ਖੇਤੀ ਬਾੜੀ) ਆਪਣੇ ਬਾਹੂ-ਬਲ ਨਾਲ ਕਰਿਆ ਕਰਦੇ ਸਨ। ਦਾਣਾ ਫੱਕਾ ਗੁਜ਼ਾਰੇ ਜੋਗਾ ਆ ਹੀ ਜਾਇਆ ਕਰਦਾ ਸੀ। ਸਤਿਸੰਗ ਸਮਾਗਮਾਂ ਤੇ ਲੱਛਮੀ ਵੀ ਹੁਮ-ਹੁਮਾ ਕੇ ਵਰ੍ਹਿਆ ਕਰਦੀ ਸੀ। ਇਥੇ ਇਸ ਗ੍ਰਿਹਿ ਵਿਖੇ ਬੜੇ ਬੜੇ ਯਾਦਗਾਰੀ ਅੰਮ੍ਰਿਤ-ਸੰਚਾਰ ਸਮਾਗਮ ਹੋਏ, ਇਨ੍ਹਾਂ ਦਾ ਵਿਸਥਾਰ ਸਹਿਤ ਵਰਨਣ ਕਰਨਾ ਅਤੀ ਅਸੰਭਵ ਹੈ।

ਆਖ਼ਰੀ ਅਖੰਡਪਾਠ ਸਮਾਗਮ, ਜੋ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਦੇ ਗ੍ਰਿਹਿ ਵਿਖੇ ਹੀ ਹੋਇਆ, ਬੜਾ ਮਾਅਰਕੇ ਦਾ ਸਮਾਗਮ ਸੀ। ਭਾਈ ਰਾਮ ਸਿੰਘ ਜਥੇਦਾਰ ਸਰਕਾਰੀ ਪਲਟਨ ਦੇ ਰੀਜ਼ਰਵ ਸਿਪਾਹੀ ਸਨ। ਸਾਰੇ ਰੀਜ਼ਰਵ ਸਿਪਾਹੀਆਂ ਨੂੰ ਸਰਕਾਰ ਨੇ ਹੁਕਮਨ ਲੜਾਈ ਚਿ ਮੋਰਚੇ ਤੇ ਬੁਲਾ ਲਿਆ ਸੀ। ਇਨ੍ਹਾਂ ਦੇ ਗ੍ਰਿਹਿ ਵਿਖੇ ਹੋਏ ਇਸ ਸਾਰੇ ਧਾਰਮਕ ਸਤਿਸੰਗ-ਸਮਾਗਮ ਨੂੰ ਕਈਆਂ ਅਣ-ਹੋਏ ਸੀ. ਆਈ. ਡੀ. ਵਾਲੇ ਪੁਰਸ਼ਾਂ ਦੀ ਰਿਪੋਰਟ ਤੇ ਇਕ ਰਾਜਸੀ ਸਮਾਗਮ ਹੋਇਆ ਗਰਦਾਨ ਲਿਆ ਗਿਆ ਸੀ। ਭਾਈ ਰਾਮ ਸਿੰਘ ਜੀ ਚੂੰਕਿ ਫ਼ੀਲਡ ਸਰਵਿਸ ਤੇ ਗਏ ਹੋਏ ਸਨ, ਇਸ ਕਰਕੇ ਉਨ੍ਹਾਂ ਉਤੇ ਤਾਂ ਗੌਰਮਿੰਟ ਦਾ ਕੋਈ ਜ਼ੋਰ ਨਾ ਚਲਿਆ, ਨਾ ਮੁਕੱਦਮਾ ਚਲਾ ਸਕੇ। ਇਸ ਸਮਾਗਮ ਤੇ ਹਾਜ਼ਰ ਹੋਏ ਬਹੁਤ ਸਾਰੇ



ਸਜਣ ਗ੍ਰਿਫ਼ਤਾਰ ਹੋ ਕੇ ਜੇਲ੍ਹ ਅੰਦਰ ਚਲੇ ਗਏ। ਜਦ ਜੇਲ੍ਹ ਅੰਦਰ ਇਨ੍ਹਾਂ ਦੇ ਮੁਕੱਦਮੇ ਚਲ ਰਹੇ ਸਨ, ਉਸ ਸਮੇਂ ਭਾਈ ਰਾਮ ਸਿੰਘ ਜੀ ਜਥੇਦਾਰ ਫ਼ੀਲਡ ਸਰਵਿਸ ਤੋਂ ਘਰ ਆ ਗਏ ਸਨ। ਇਨ੍ਹਾਂ, ਸਿਰੀ ਭਾਈ ਰਾਮ ਸਿੰਘ ਜੀ ਨੇ ਇਸ ਸਮੇਂ ਤਨ ਮਨ ਧਨ ਕਰਕੇ ਜੋ ਸੇਵਾ ਅਸਾਡੀ ਜੇਲ੍ਹ ਅੰਦਰਲਿਆਂ ਦੀ ਕੀਤੀ, ਸੁਨਹਿਰੀ ਅੱਖਰਾਂ ਨਾਲ ਲਿਖਣ ਵਾਲੀ ਹੈ। ਸਫ਼ਾਈ ਦੇ ਗਵਾਹ ਭੁਗਤਾਉਣ ਵਿਚ ਅਤੇ ਸਾਰੀਆਂ ਸਹੂਲਤਾਂ ਬਹੱਮ ਪਹੁੰਚਾਉਣ ਵਿਚ ਇਨ੍ਹਾਂ ਨੇ ਦਿਨ ਰਾਤ ਇਕ ਕਰ ਦਿਤਾ ਹੋਇਆ ਸੀ, ਬੜੇ ਨਿਰਭੈ ਹੋ ਕੇ ਸੇਵਾ ਨਿਬਾਹੀ। ਇਨ੍ਹਾਂ ਦਾ ਇਕ ਬੜਾ ਭਾਈ ਜਗਤ ਸਿੰਘ, ਜੋ ਅਮਰੀਕਾ ਤੋਂ ਆਇਆ ਸੀ, ਉਸ ਨੂੰ ਵੀ ਇਸ ਮੁਕੱਦਮੇ ਵਿਚ ਲਪੇਟ ਲਿਆ ਗਿਆ ਸੀ। ਚਾਹੇ ਉਹ ਸ਼ਖ਼ਸ ਜਗਤ ਸਿੰਘ, ਭਾਈ ਰਾਮ ਸਿੰਘ ਜੀ ਦੇ ਨਾਲ ਅੰਦਰੋਂ ਨਾਰਾਜ਼ਗੀ ਰਖਿਆ ਕਰਦਾ ਸੀ, ਇਸ ਲਾਇਕ ਨਹੀਂ ਸੀ ਜੋ ਇਸ ਦੀ ਮਦਦ ਕੀਤੀ ਜਾਵੇ, ਤਾਂ ਵੀ ਸਿਰੀ ਮਾਨ ਭਾ: ਰਾਮ ਸਿੰਘ ਜੀ ਦੇ ਪਰਉਪਕਾਰੀ ਸੁਭਾ ਨੇ ਇਸ ਬੁਰੇ ਦਾ ਵੀ ਭਲਾ ਕੀਤਾ। ਆਪਣਾ ਸਾਰਾ ਤਾਣ ਲਾ ਕੇ ਓੜਕ ਭਾਈ ਜਗਤ ਸਿੰਘ ਜੀ ਨੂੰ ਉਮਰ-ਕੈਦ ਤੋਂ ਬਚਾ ਹੀ ਲਿਆ। ਇਹ ਥੋੜੇ ਹੀ ਸਾਲਾਂ ਦੀ ਕੈਦ ਕੱਟ ਕੇ ਬਾਹਰ ਆ ਗਿਆ। ਭਾਈ ਸੁਰਜਨ ਸਿੰਘ ਇਨ੍ਹਾਂ ਦੇ ਨਗਰ ਨਿਵਾਸੀ ਗੁੱਜਰਵਾਲੀਏ ਸਿੰਘ ਦੀ ਵੀ ਪੂਰੀ ਪੂਰੀ ਮਦਦ ਕੀਤੀ। ਭਾਈ ਸੁਰਜਨ ਸਿੰਘ ਦੇ ਘਰੋਂ ਗੁਰਮੁਖ ਬੀਬੀ ਜੁਗਿੰਦਰ ਕੌਰ ਦੀ ਵੀ ਬੜੀ ਮਦਦ ਕੀਤੀ। ਭਾਈ ਸੁਰਜਨ ਸਿੰਘ ਤਾਂ ਜੇਲ੍ਹ ਅੰਦਰ ਸਨ, ਉਸ ਦੇ ਪਿਛੋਂ ਇਸ ਦੇ ਸਿਰ ਤੇ ਜੋ ਕਸ਼ਟ ਆਏ, ਭਾਈ ਰਾਮ ਸਿੰਘ ਨੇ ਪੂਰੀ ਤੌਰ ਤੇ ਨਵਿਰਤ ਕੀਤੇ।

ਭਾਈ ਰਾਮ ਸਿੰਘ ਜੀ ਦੇ ਉਪਕਾਰਾਂ ਦੇ ਦੇਣੀਏ ਅਸੀਂ ਕਿਤੇ ਵੀ ਨਹੀਂ ਦੇ ਸਕਦੇ। ਸਾਨੂੰ ਤਾਂ ਉਮਰ-ਕੈਦ ਦੀ ਸਜ਼ਾ ਹੋ ਗਈ ਤੇ ਜਾਇਦਾਦ ਸਾਰੀ ਇਸ ਦਾਸਰੇ ਦੀ ਜ਼ਬਤ ਹੋ ਗਈ। ਸਾਡੀ ਸੁਪਤਨੀ ਸਿਰੀ ਮਤੀ ਕਰਤਾਰ ਕੌਰ ਜੀ ਦੀ ਨਿਕੜੀ ਜਿੰਦੜੀ ਤੇ ਦੁਖਾਂ ਦੇ ਭਾਰ ਟੁੱਟ ਪਏ, ਘਰ ਘਾਟ ਧਨ ਧਾਮ ਤੇ ਸਾਰੀ ਜਾਇਦਾਦ ਤੋਂ ਵਾਂਝੀ ਗਈ। ਸਿਰੀ ਮਤੀ ਕਰਤਾਰ ਕੌਰ ਦੇ ਪੇਕਿਆਂ ਤੋਂ ਆਏ ਹੋਏ ਸਾਰੇ ਬਸਤਰ ਆਦਿਕ ਨਿਲਾਮ ਹੋ ਜਾਣੇ ਸਨ, ਭਾਈ ਰਾਮ ਸਿੰਘ ਨੇ ਬੜੀ ਮਰਦਾਂ ਵਾਲੀ ਹਿੰਮਤ ਕਰਕੇ ਸਾਰਾ ਸਾਮਾਨ ਤੇ ਲੋੜੀਂਦਾ ਲਕਾ ਤੁਕਾ ਨਾਰੰਗਵਾਲ ਸਾਡੇ ਗ੍ਰਿਹਿ ਵਿਚੋਂ ਰਾਤੋ ਰਾਤ ਢੋਹ ਕੇ ਗੁੱਜਰਵਾਲ ਫਲੇਵਾਲ ਆਦਿਕ ਮਹਿਫ਼ੂਜ਼ ਥਾਵਾਂ ਤੇ ਜਾ ਰਖਿਆ। ਹੋਰ ਬੇਅੰਤ ਪ੍ਰਕਾਰ ਦੀ ਸਹਾਇਤਾ ਜੋ ਇਸ ਬਿਪਤ-ਕਾਲ ਸਮੇਂ ਭਾਈ ਰਾਮ ਸਿੰਘ ਨੇ ਸਾਡੀ ਸੁਪਤਨੀ ਦੀ ਕੀਤੀ ਹੈ, ਉਹ ਬੜੀ ਅਮੁਲ ਗੁਣੀ ਹੈ, ਜੋ ਸਿਰਫ਼ ਭਾਈ ਰਾਮ ਸਿੰਘ ਜੀ ਹੀ ਕਰ ਸਕਦੇ ਸਨ, ਹੋਰ ਕੋਈ ਨਹੀਂ ਕਰ ਸਕਦਾ ਸੀ। ਸਿਰੀ ਮਤੀ ਕਰਤਾਰ ਕੌਰ ਜੀ ਨੇ ਜ਼ਬਾਨੀ ਜੋ ਇਸ ਸੂਰਬੀਰ ਮਰਦ-ਬਾਂਕੜੇ ਸਿੰਘ ਸਾਹਿਬ ਭਾਈ

WWW.AKJ.ORG

WWW.AKJ.ORG



ਰਾਮ ਸਿੰਘ ਜੀ ਦੀ ਅਥੱਕ ਤੇ ਨਿਰਬਾਣ ਸੇਵਾ ਦੀਆਂ ਹੱਡ-ਬੀਤੀਆਂ ਕਹਾਣੀਆਂ ਸੁਣਾਈਆਂ, ਕਦੇ ਭੁਲਣ ਵਾਲੀਆਂ ਨਹੀਂ ਹਨ। ਸਿਰੀ ਮਾਨ ਜਥੇਦਾਰ ਭਾਈ ਰਾਮ ਸਿੰਘ ਜੀ ਸਾਡੇ ਜੇਲ੍ਹ-ਯਾਤਰਾ ਤੋਂ ੧੬ ਸਾਲ ਵਾਪਸ ਆਉਣ ਤਾਈਂ ਸਰੀਰ ਕਰਕੇ ਸੁਰਜੀਤ ਅਤੇ ਕਾਇਮ ਰਹੇ। ਜੋ ਖ਼ੁਸ਼ੀ ਭਾਈ ਰਾਮ ਸਿੰਘ ਜੀ ਨੂੰ ਸਾਡੇ ਰਿਹਾ ਹੋਣ ਦੀ ਹੋਈ, ਉਹ ਸਾਡੇ ਹੋਰ ਕਿਸੇ ਵਿਰਲੇ ਮਿੱਤਰ ਨੂੰ ਹੀ ਹੋਈ ਹੋਵੇਗੀ।

ਸਾਡੇ ਵਾਪਸ ਘਰ ਆਉਣ ਪਰ ਅਣਗਿਣਤ ਸੰਗਤਾਂ ਦੀ ਆਵਾਜਾਈ ਨਾਰੰਗਵਾਲ ਸਾਡੇ ਗ੍ਰਿਹਿ ਵਿਖੇ ਰੋਜ਼ ਰੋਜ਼ ਹੋਇਆ ਕਰਦੀ ਸੀ ਤੇ ਬਰਸਾਂ ਬੱਧੀ ਹੁੰਦੀ ਰਹੀ। ਆਈਆਂ ਸੰਗਤਾਂ ਦੇ ਸਾਂਭਣ ਦਾ ਭਾਰੀ ਪ੍ਰੀਸ਼ਰਮ ਭਾਈ ਰਾਮ ਸਿੰਘ ਜੀ ਦੇ ਹੀ ਜ਼ਿੰਮੇ ਸੀ, ਸੋ ਉਨ੍ਹਾਂ ਨੇ ਖ਼ੂਬ ਪ੍ਰੇਮ ਤੇ ਤਨੋਂ ਮਨੋਂ ਤੋੜ ਨਿਬਾਹਿਆ ਤੇ ਸਾਡੇ ਚਹੁੰਆਂ-ਪੰਜਾਂ ਪਿੰਡਾਂ ਵਿਚ ਭਾਈ ਰਾਮ ਸਿੰਘ ਜੀ ਜਥੇਦਾਰ ਇਕ ਮੰਨੇ ਦੰਨੇ ਜਲਾਲੀ ਸਿੰਘ ਸਨ। ਇਨ੍ਹਾਂ ਦੀ ਕੀਤੀ ਹੋਈ ਕੋਈ ਨਹੀਂ ਮੋੜਦਾ ਸੀ। ਨਿਰਬਾਣ ਤੇ ਨਿਰਤਾਣ ਸੇਵਾ ਦੇ ਪੁਤਲੇ ਜਥੇਦਾਰ ਰਾਮ ਸਿੰਘ ਜੀ ਦਿਨੇ ਰਾਤ ਸੇਵਾ ਵਿਚ ਜੁਟੇ ਰਹਿੰਦੇ ਸਨ। ਗਰੀਬਾਂ ਨਿਰਧਨਾਂ ਦੀ ਸੇਵਾ ਦਾ ਬੀੜਾ ਇਨ੍ਹਾਂ ਨੇ ਹੀ ਚੁੱਕ ਕੇ ਉਨ੍ਹਾਂ ਦੇ ਸਭ ਦੁੱਖ ਦਲਿੱਦਰ ਦੂਰ ਕੀਤੇ। ਗੁਰਮਤਿ ਸਤਿਸੰਗ ਸਮਾਗਮਾਂ ਤੇ ਤਾਂ ਇਨ੍ਹਾਂ ਦਾ ਨਿਤ ਦਾ ਵਿਹਾਰ ਹੀ ਸੀ ਤੇ ਸਮੁੰਦਰ (ਦੁੱਧ) ਦੀਆਂ ਭਰੀਆਂ ਬਾਲਟੀਆਂ, ਵਲਟੋਹੀਆਂ ਖ਼ੁਦ ਸਿਰ ਤੇ ਚੁੱਕ ਲਿਆਵਣੀਆਂ ਤੇ ਸੰਗਤਾਂ ਵਿਚ ਆਪਣੀ ਹੱਥੀਂ ਵਰਤਾਉਣੀਆਂ। ਸਰੀਰ ਦੇ ਬੜੇ ਰਿਸ਼ਟ-ਪੁਸ਼ਟ ਸਨ ਤੇ ਨਿਰਭੈ ਜੋਧੇ ਸਨ। ਸਾਡੇ ਅੱਖਾਂ ਦੇ ਅਗੇ ਉਨ੍ਹਾਂ ਦੇ ਜਭੇ ਵਾਲੇ ਚਿਹਰੇ ਦੀ ਤਸਵੀਰ ਹੁਣ ਤਾਈਂ ਫਿਰਦੀ ਹੈ। ਜਿਹੜੀਆਂ ਸੰਗਤਾਂ ਦੂਰੋਂ ਦੂਰੋਂ ਪੈਦਲ ਚਲ ਕੇ ਸਮਾਗਮਾਂ ਤੇ ਆਉਂਦੀਆਂ ਸਨ, ਉਨ੍ਹਾਂ ਦੀ ਆਪਣੇ ਹੱਥਾਂ ਨਾਲ ਸਾਰੀ ਸਾਰੀ ਰਾਤ ਮੁਠੀ ਚਾਪੀ ਕਰਨੀ ਤੇ ਕਿਸੇ ਨੂੰ ਪਤਾ ਨਹੀਂ ਲਗਣ ਦੇਣਾ, ਇਹੋ ਹੀ ਨਿਰਮਾਣ ਸੇਵਾ ਦਾ ਬਿਰਦ ਸੀ। ਇਸੇ ਤਰ੍ਹਾਂ ਹੀ ਸਾਰੀ ਉਮਰ ਸੂਰਬੀਰ ਸਿੰਘਾਂ ਵਾਲੀਆਂ ਘਾਲਾਂ ਘਾਲਦੇ ਹੋਏ ਲੇਖੇ ਲਾਈ, ਅਤੇ ਕਿਸੇ ਪਾਸੋਂ ਆਪਣੀ ਸੇਵਾ ਨਹੀਂ ਕਰਾਈ। ਅਸਾਥੋਂ ਕਿਸੇ ਦਿਨ ਵੀ ਇਕ ਖਿਨ ਮਾਤਰ ਦੂਰ ਨਹੀਂ ਰਹਿੰਦੇ ਸਨ, ਨਿਤਾਪ੍ਰਤਿ ਗੁੱਜਰਵਾਲ ਤੋਂ ਨਾਰੰਗਵਾਲ ਆ ਕੇ ਸਾਨੂੰ ਮਿਲਣਾ ਤੇ ਮਿਲਦੇ ਹੀ ਰਹਿਣਾ, ਵਾਪਸੀ ਜਾਣ ਦਾ ਨਾਂ ਨਹੀਂ ਲੈਣਾ। ਜਦੋਂ ਅੰਤੀ ਚਾਲੇ ਪਾਉਣ ਲਗੇ ਤਾਂ ਸਾਡੀ ਬਾਤ ਵੀ ਨਹੀਂ ਪੁਛੀ, ਨਾ ਹੀ ਸਾਡੇ ਨਾਲ ਕੋਈ ਮਤਾ ਪਕਾਇਆ। ਕਿਸੇ ਨੂੰ ਵੀ ਆਸ ਨਹੀਂ ਸੀ ਕਿ ਸਿਹਤ ਦੀ ਐਸੀ ਰਿਸ਼ਟ-ਪੁਸ਼ਟ ਹਾਲਤ ਵਿਚ ਐਡੀ ਛੇਤੀ ਚਲਾਣੇ ਕਰ ਜਾਣਗੇ। ਆਪ ਤਾਂ ਜਾਇ ਗੁਰਪੁਰੀ ਵਿਚ ਆਸਣ ਜਮਾ ਦਿਤੇ ਤੇ ਸਾਨੂੰ ਬ੍ਰਿਹੀਆਂ ਵਿਜੋਗੀਆਂ ਨੂੰ ਪਿੱਛੇ ਛੱਡ ਗਏ। ਇਹ ਸੰਖੇਪ ਮਾਤਰ ਬਿਰਤਾਂਤ ਉਨ੍ਹਾਂ ਦੀ ਯਾਦ ਵਜੋਂ ਅੰਕਤ ਕੀਤਾ ਗਿਆ ਹੈ।



**ਨੋਟ:** ਇਸ ਤਰ੍ਹਾਂ ਦੇ ਗੁਰਸਿੱਖੀ ਦੇ ਪ੍ਰੇਮੀ ਜਥੇਦਾਰ ਰਾਮ ਸਿੰਘ ਜੀ ਪਿੰਡ ਗੁੱਜਰਵਾਲ ਜ਼ਿਲਾ ਲੁਧਿਆਣਾ ਦੇ ਸਨ, ਜੋ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਬਾਬਾ ਰਾਮ ਸਿੰਘ ਜੀ ਦੇ ਸੰਗੀ ਸਨ। ਆਪ ਦੇ ਪਿਤਾ ਦਾ ਨਾਮ ਬਾਬਾ ਦੇਵਾ ਸਿੰਘ ਸੀ। ਆਪ ਜਵਾਨੀ ਦੀ ਉਮਰ ਵਿਚ ਪਲਟਨ ਨੰਬਰ ੧੦੫ ਮਰਹਟਾ ਇਨਫ਼ੈਂਟਰੀ ਵਿਚ ਨੌਕਰ ਰਹੇ। ਫੇਰ ਪੈਨਸ਼ਨ ਆਉਣ ਪਿਛੋਂ ਪਿੰਡ ਆਪਣੀ ਕ੍ਰਿਤ ਬ੍ਰਿਤ ਕਰਨ ਤੋਂ ਬਿਨਾਂ ਸਤਿਸੰਗ ਮੰਡਲਾਂ ਦੀਵਾਨਾਂ ਵਿਚ ਸ਼ਾਮਲ ਹੋ ਕੇ ਪੰਥ-ਸੇਵਾ ਵਿਚ ਹਿੱਸਾ ਲੈਂਦੇ ਰਹੇ। ਜੈਤੋ ਦੇ ਮੋਰਚੇ ਵੇਲੇ ਆਪ ਦੂਜੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਏ। ਜੈਤੋ ਵਿਚ ੧੦੧ ਅਖੰਡ ਪਾਠਾਂ ਦੇ ਭੋਗ ਪੈਣ ਪਰ ਜਦੋਂ ਸਾਰੇ ਸ਼ਹੀਦੀ ਜਥੇ ਅਗਸਤ ੧੯੨੫ ਵਿਚ ਰਿਹਾ ਹੋਏ, ਤਾਂ ਆਪ ਭੀ ਜਥਿਆਂ ਦੇ ਨਾਲ ਰਿਹਾ ਹੋ ਕੇ ਘਰ ਪਹੁੰਚੇ। ਆਪ ਸੰਗਤ ਦੀ ਸੇਵਾ, ਲੰਗਰ ਆਦਿ ਦੀ, ਬੜੀ ਹਿੰਮਤ ਨਾਲ ਕਰਿਆ ਕਰਦੇ ਸਨ। ਅਰਦਾਸਾ ਬੜੇ ਪ੍ਰੇਮ ਤੇ ਉੱਚੀ ਆਵਾਜ਼ ਨਾਲ ਕਰਦੇ ਤੇ ਜੈਕਾਰਾ ਗੱਜ ਕੇ ਗਜਾਉਂਦੇ ਹੁੰਦੇ ਸਨ। ਸਰੀਰ ਬੜਾ ਨਰੋਆ, ਚੇਹਰਾ ਭਾਰਾ, ਸਜੀਲਾ ਦਾੜ੍ਹਾ ਸੀ, ਤਕੜੇ ਜਬਰਜੰਗ ਸਿੰਘ ਸਨ। ਬੁਢੇਪੇ ਵਿਚ ਭੀ ਬੜੇ ਹਿੰਮਤ ਤੇ ਸਾਹਸ ਵਾਲੇ ਸੱਜਣ ਸਨ। ੧੯੧੫-੧੬ ਵਿਚ ਆਪ ਦੇ ਵਡੇ ਭਰਾ, ਭਾਈ ਜਗਤ ਸਿੰਘ (ਜੂਨ ੧੯੪੦ ਵਿਚ ੭੨ ਸਾਲ ਦੀ ਉਮਰ ਵਿਚ ਚਲਾਣਾ ਕਰ ਗਏ) ਅਮਰੀਕਾ ਤੋਂ ਵਾਪਸ ਆ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਹੀ ਮੁਕੱਦਮਾ ਸਾਜਸ਼ ਲਾਹੌਰ ਵਿਚ ਕੈਦ ਹੋਏ ਸਨ। ਉਸ ਸਮੇਂ ਜਥੇਦਾਰ ਜੀ ਮੁਕੱਦਮੇ ਦੀ ਪੈਰਵੀ ਵਿਚ ਕਾਫ਼ੀ ਉਦਮ ਕਰਦੇ ਤੇ ਹਿਸਾ ਲੈਂਦੇ ਰਹੇ। ਉਹਨੀਂ ਦਿਨੀਂ ਲਾਹੌਰ ਸੈਟਰਲ ਜੇਲ੍ਹ ਪਰ ਆਪ ਦੀ ਪਲਟਨ ਦੇ ਸਿਪਾਹੀਆਂ ਦਾ ਹੀ ਪਹਿਰਾ ਸੀ। ਆਪ ਦਾ ਜ਼ਿਕਰ ਭਾਈ ਸਾਹਿਬ ਰਣਧੀਰ ਸਿੰਘ ਰਚਿਤ ਜੇਲ੍ਹ ਚਿੱਠੀਆਂ ਦੇ ਦੂਜੇ ਹਿਸੇ ਵਿਚ ਆਉਂਦਾ ਹੈ। ਆਪ ਪੰਥਕ ਸੇਵਕਾਂ ਦੀ ਸ਼ਰੇਣੀ ਵਿਚ ਇਕ ਲੋੜੀਂਦੇ ਸੱਜਣ ਸਨ, ਪਰ ਸੰਸਾਰ ਵਿਚ ਸਦਾ ਲਈ ਕੋਈ ਥਿਰ ਨਹੀਂ ਰਿਹਾ। ਓੜਕ ਆਪ ੧੬ ਦਸੰਬਰ ੧੯੩੬ ਈ: ਨੂੰ ਤਿੰਨ-ਚਾਰ ਮਹੀਨੇ ਬੁਖ਼ਾਰ ਦੀ ਬੀਮਾਰੀ ਦੇ ਕਾਰਨ ੬੮ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਆਪ ਦੇ ਨਮਿਤ ਅਖੰਡ ਪਾਠ ਦੇ ਭੋਗ ਸਮਾਗਮ ਪਰ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਸੰਗਤ ਸਮੇਤ ਕੀਰਤਨ ਕੀਤਾ। ਬਾਬਾ ਰਾਮ ਸਿੰਘ ਜੀ ਤੇ ਜਥੇਦਾਰ ਰਾਮ ਸਿੰਘ ਜੀ ਉਸ ਇਲਾਕੇ ਦੇ ਸਿੰਘਾਂ ਦੀ ਸ਼ਰੇਣੀ ਦੇ ਖ਼ਾਸ ਸੱਜਣ ਸਨ ਜਿਨ੍ਹਾਂ ਦੇ ਚਲਾਣੇ ਦਾ ਘਾਟਾ ਸਦਾ ਹੀ ਮਹਿਸੂਸ ਹੁੰਦਾ ਰਹੇਗਾ। ਜਿਸ ਤਰ੍ਹਾਂ ਜਥੇਦਾਰ ਰਾਮ ਸਿੰਘ ਜੀ ਸੇਵਾ ਕਰਿਆ ਕਰਦੇ ਸਨ, ਉਸ ਪਰਥਾਇ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਜੋ ਕਵਿਤਾ ਜੇਲ੍ਹ ਵਿਚ ਜਥੇ ਦੇ ਸਿੰਘਾਂ ਸੰਬੰਧੀ ਲਿਖੀ ਹੈ, ਉਸ ਵਿਚ ਇਉਂ ਅੰਕਿਤ ਹੈ -

'ਰਾਮ ਸਿੰਘ ਜਥੇਦਾਰ ਗੁਜਰਵਾਲੀ,
ਸਾਂਭੂ ਸਭ ਸਤਿਸੰਗ ਮੰਡੋਲਿਆਂ ਦਾ।'

**(ਨਾਹਰ ਸਿੰਘ ਗਯਾਨੀ)**

WWW.AKJ.ORG

੯

# ਭਾਈ ਕਰਤਾਰ ਸਿੰਘ ਜੀ ਕੈਨੇਡੀਅਨ

## (ਨਵਾਂ ਚੰਦ)

ਇਹ ਵੀਰ ਛੋਟੀ ਉਮਰ ਵਿਚ ੧੭ ਸਾਲ ਦੀ ਉਮਰੇ ਹੀ ਕੈਨੇਡਾ ਨੂੰ ਚਲੇ ਗਏ ਸਨ। ਪੂਰਬਲੇ ਜਨਮਾਂ ਦੇ ਹੀ ਸਤਿਸੰਗੀ ਸੁਭਾਅ ਵਾਲੇ ਮਰਜੀਵੜੇ ਸਨ। ਕੈਨੇਡਾ ਜੈਸੇ ਬਦੇਸ਼ਾਂ ਵਿਚ ਪਹੁੰਚ ਕੇ ਭੀ ਇਨ੍ਹਾਂ ਨੂੰ ਗੁਰਦਵਾਰਾ ਵੈਨਕੋਵਰ ਦੇ ਭਾਈ ਵਰਿਆਮ ਸਿੰਘ ਸਾਰਖੇ ਅਨਿੰਨ ਗੁਰਮੁਖ ਸਿੰਘਾਂ ਦਾ ਸਤਿਸੰਗ ਪ੍ਰਾਪਤ ਰਿਹਾ। ਇਸ ਕਰਕੇ ਆਪਣੇ ਪ੍ਰਮਾਰਥੀ ਔਜ ਤੋਂ ਇਕ ਨਿਮਖ ਭੀ ਢਿਲੇ ਨਹੀਂ ਹੋਏ, ਹਰ ਦਮ ਚੜ੍ਹਦੀ ਕਲਾ ਵਿਚ ਹੀ ਰਹੇ। ਪਰਉਪਕਾਰ ਤੇ ਧਾਰਮਿਕ ਕੰਮਾਂ ਵਿਚ ਸਭ ਤੋਂ ਮੂਹਰੇ ਹੋ ਕੇ ਹਿੱਸਾ ਲਿਆ ਕਰਦੇ ਸਨ। ਜਦੋਂ ਕਾਮਾਗਾਟਾ ਮਾਰੂ ਜਹਾਜ਼ ਵੈਨਕੋਵਰ ਨੂੰ ਗਿਆ ਹੈ, ਸੈਂਕੜੇ ਹੀ ਸਿੰਘਾਂ ਨੂੰ ਸਵਾਰ ਕਰਾ ਕੇ, ਤਾਂ ਇਸ ਜਹਾਜ਼ ਨੂੰ ਕੈਨੇਡੀਅਨ ਗੋਰੀ ਸਰਕਾਰ ਦੇ ਜਰਵਾਣਿਆਂ ਨੇ ਕਿਨਾਰੇ ਨਹੀਂ ਲੱਗਣ ਦਿਤਾ, ਮਹੀਨਿਆਂ ਬੱਧੀ ਹੀ ਕਿਨਾਰੇ ਤੋਂ ਦੂਰ ਸਮੁੰਦਰ ਵਿਚ ਹੀ ਖੜਾ ਰਿਹਾ, ਤਾਂ ਉਸ ਸਮੇਂ ਜੋ ਭਾਈ ਕਰਤਾਰ ਸਿੰਘ ਨੇ ਅਣ-ਥੱਕ ਸੇਵਾ ਕੀਤੀ ਹੈ, ਓਹ ਬੜੀ ਅਨੋਖੀ ਹੈ।

ਵੈਨਕੋਵਰ ਖ਼ਾਲਸਾ ਦੀਵਾਨ ਤੇ ਗੁਰਦਵਾਰੇ ਦੇ ਰੁਕਨਾਂ ਵਿਚ ਗੰਭੀਰ ਤੇ ਗੁੱਝਾ ਹਿੱਸਾ ਲੈਣ ਵਾਲੇ ਇਹ ਵੀਰ ਸਨ। ਵੈਨਕੋਵਰ ਦੇ ਸਤਸੰਗੀ ਸੱਜਣਾਂ ਵਿਚੋਂ ਅੰਗਰੇਜ਼ੀ ਜ਼ਬਾਨ ਜਾਨਣ ਵਾਲੇ ਤੇ ਬੋਲਣ ਵਾਲੇ ਭਾਈ ਕਰਤਾਰ ਸਿੰਘ ਜੀ ਖ਼ਾਸੇ ਮਾਹਿਰ ਸਨ। ਦੁਭਾਸ਼ੀਏ ਮਿਸਟਰ ਹਾਪਕਿਨਸਨ ਨੂੰ ਆਪਣੀ ਬੋਲ-ਚਾਲ ਵਿਚ ਐਸਾ ਕਾਇਲ ਕਰ ਲਿਆ ਕਰਦੇ ਸਨ ਕਿ ਹਾਪਕਿਨਸਨ ਕਦੇ ਬੋਲਣ ਜੋਗਾ ਨਹੀਂ ਰਹਿੰਦਾ ਸੀ। ਜੋ ਜੋ ਉਪਕਾਰ ਭਾਈ ਕਰਤਾਰ ਸਿੰਘ ਜੀ ਨੇ ਵੈਨਕੋਵਰ ਵਿਚ ਰਹਿ ਕੇ ਕੀਤੇ, ਉਹ ਕਿਸੇ ਨੂੰ ਦਿਖਾ ਕੇ ਨਹੀਂ ਕੀਤੇ, ਨਿਰੋਲ ਗੁਰੂ ਦੀਆਂ ਖ਼ੁਸ਼ੀਆਂ ਲੈਣ ਕਰਕੇ ਕੀਤੇ। ਹਾਪਕਿਨਸਨ ਨੇ ਵੈਨਕੋਵਰ ਨਿਵਾਸੀ ਬੜੇ ਬੜੇ ਉਪਕਾਰੀ ਸਿੰਘਾਂ ਤੇ ਮੁਕੱਦਮੇ ਚਲਾਏ ਤੇ ਉਨ੍ਹਾਂ ਨੂੰ ਕਤਲ ਕਰਵਾਇਆ। ਭਾਈ ਕਰਤਾਰ ਸਿੰਘ ਜੀ ਐਸੇ ਸਰਕਾਰ ਦੇ ਮੂੰਹ ਲਗੇ ਸੂਹੀਆਂ ਨੂੰ ਸੋਧਣੋਂ ਕਦੇ ਵੀ ਝਿਜਕਦੇ ਨਹੀਂ ਸਨ, ਨਿਰਭੈਤਾ ਉਨ੍ਹਾਂ ਦੇ ਸੁਭਾਉ ਦਾ ਉੱਘਾ ਅੰਗ ਸੀ, ਸੋਧਣ ਲਗੇ ਕਿਸੇ ਦਾ ਲਿਹਾਜ਼ ਮੁਲਾਹਜ਼ਾ ਨਹੀਂ ਰਖਦੇ ਸਨ। ਓੜਕ ਇਹ ਨਜ਼ਰਬੰਦਾਂ ਦੇ ਵਿਚ ਬੰਦ ਹੋਣ ਕਾਰਨ ਦੇਸ਼ ਪੰਜਾਬ





ਵਿਚ ਵਾਪਸ ਆ ਗਏ, ਹੋਰਨਾਂ ਵੀਰਾਂ ਸਮੇਤ। ਇਥੇ ਆਵਣ ਸਾਰ ਹੀ ਇਨ੍ਹਾਂ ਉਤੇ ਪਿਛਲਾ ਕੈਨੇਡਾ ਦਾ ਹੀ ਕੋਈ ਮੁਕੱਦਮਾ ਚਲਾ ਦਿਤਾ ਅਤੇ ਤੀਜੇ ਲਾਹੌਰ ਸਾਜਸ਼ ਕੇਸ ਵਿਚ ਭਾਈ ਕਰਤਾਰ ਸਿੰਘ ਅਤੇ ਬਲਵੰਤ ਸਿੰਘ ਦੁਆਬਾ ਨਿਵਾਸੀ ਆਦਿ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਭਾਈ ਬਲਵੰਤ ਸਿੰਘ ਜੀ ਆਦਿ ਪੰਜ ਸੱਜਣ ਤਾਂ ਫ਼ਾਂਸੀ ਲਾ ਹੀ ਦਿਤੇ ਗਏ। ਭਾਈ ਕਰਤਾਰ ਸਿੰਘ ਜੀ ਦੀ ਫਾਂਸੀ ਟੁੱਟ ਕੇ ਉਮਰ-ਕੈਦ ਰਹਿ ਗਈ। ਸਾਨੂੰ ਆ ਕੇ ਹਜ਼ਾਰੀ ਬਾਗ ਜੇਲ੍ਹ ਵਿਚ ਹੀ ਮਿਲੇ ਸਨ। ਮੁਲਾਕਾਤ ਹੋਣ ਸਾਰ ਇਹ ਐਸੇ ਮਿਲੇ, ਮਿਲ ਕੇ ਫੇਰ ਵਿਛੜੇ ਨਹੀਂ। ਕੋਈ ਵਿਛੜੀ ਹੋਈ ਰੂਹ ਹੀ ਸੀ, ਜਿਸ ਦੇ ਪਹਿਲੇ ਦਰਸ਼ਨ ਹਜ਼ਾਰੀ ਬਾਗ ਜੇਲ੍ਹ ਵਿਚ ਹੀ ਹੋਏ ਸਨ, ਗੁਰਮਤਿ ਖ਼ਿਆਲਾਂ ਦੀ ਅਵਧੀ ਹੋਣ ਕਰਕੇ ਭਾਈ ਕਰਤਾਰ ਸਿੰਘ ਜੀ ਦਾ ਸਾਡੇ ਨਾਲ ਛੇਤੀ ਹੀ ਗੁਰਮਤਿ ਸਨੇਹ ਹੋ ਗਿਆ। ਐਸਾ ਹੋਇਆ ਕਿ ਹੋਇਆ ਹੀ ਰਿਹਾ।

ਇਨ੍ਹਾਂ ਦੀ ਜਨਮ-ਭੂਮੀ ਵਾਲੇ ਪਿੰਡ ਦਾ ਨਾਉਂ ਨਵਾਂ ਚੰਦ, ਜ਼ਿਲ੍ਹਾ ਫ਼ੀਰੋਜ਼ਪੁਰ ਹੈ। ਸਰਾਭੇ ਵਾਲੇ ਸ: ਕਰਤਾਰ ਸਿੰਘ ਹੋਰ ਹਨ, ਜੋ ਪਹਿਲੇ ਸਾਜ਼ਸ਼ ਕੇਸ ਵਿਚ ਫਾਂਸੀ ਲੱਗ ਚੁਕੇ ਹਨ। ਇਹ ਨਵੇਂ ਚੰਦ ਵਾਲੇ ਵੀਰ ਕਰਤਾਰ ਸਿੰਘ ਛੋਟੀ ਅਵਸਥਾ ਵਿਚ ਹੀ ਵੈਨਕੋਵਰ ਨੂੰ ਪਧਾਰ ਗਏ ਸਨ। ਇਨ੍ਹਾਂ ਦੇ ਜਾਣ ਤੋਂ ਪਹਿਲਾਂ ਇਨ੍ਹਾਂ ਦੀ ਮੰਗਣੀ ਹੋ ਚੁਕੀ ਸੀ, ਪਰ ਵੈਨਕੋਵਰ ਪੁਜ ਕੇ ਇਨ੍ਹਾਂ ਨੇ ਆਪਣੇ ਘਰ ਵਾਲਿਆਂ ਨੂੰ ਲਿਖ ਦਿਤਾ ਕਿ ਅਸੀਂ ਵਿਆਹ ਨਹੀਂ ਕਰਵਾਉਣਾ, ਮੇਰੀ ਮੰਗ ਦੀ ਸ਼ਾਦੀ ਮੇਰੇ ਵੀਰ ਨਾਲ ਕਰ ਦਿਓ। ਸੋ ਉਨ੍ਹਾਂ ਕਰ ਦਿਤੀ ਹੋਈ ਸੀ। ਸਾਰੀ ਉਮਰ ਹੀ ਬਾਲ-ਜਤੀ ਰਹੇ ਅਤੇ ਤਿਆਰ-ਬਰ-ਤਿਆਰ ਸਿੰਘ ਸਜੇ ਰਹੇ। ਪਰਉਪਕਾਰ ਦਾ ਮਾਦਾ ਕੁਟ ਕੁਟ ਕੇ ਇਨ੍ਹਾਂ ਦੇ ਰਗੋ ਰੇਸ਼ੇ ਵਿਚ ਭਰਿਆ ਹੋਇਆ ਸੀ, ਦੇਸ਼-ਭਗਤੀ ਵਿਚ ਪੂਰੇ ਸੂਰੇ ਸਨ। ਅੰਦਰਲਾ ਤਬੀਅਤੀ ਮੈਲਾਨ (ਝੁਕਾਉ) ਇਸ ਵੀਰ ਦਾ ਨਿਰੋਲ ਪ੍ਰਮਾਰਥ-ਮਈ ਗੁਰਮਤਿ ਨਿਸਚੇ ਅਸੂਲਾਂ ਵਲ ਸੀ। ਏਸੇ ਕਰਕੇ ਜੋ ਕੁਝ ਵੀ ਭਗਤੀ ਭਾਵ ਤੇ ਦੇਸ਼-ਭਗਤੀ ਦਾ ਕੰਮ ਕਾਜ ਕਰਦੇ ਸਨ, ਉਹ ਨਿਰੋਲ ਗੁਰੂ ਪ੍ਰਾਇਣ ਹੋ ਕੇ ਕਰਦੇ ਸਨ; ਆਪਾ ਨਹੀਂ ਜਣਾਉਂਦੇ ਸਨ। ਸਾਡਾ ਇਸ ਵੀਰ ਕਰਤਾਰ ਸਿੰਘ ਜੀ ਦੇ ਨਾਲ ਜਦੋਂ ਵਾਹ ਪਿਆ, ਫਿਰ ਪੈ ਕੇ ਪਿਆ ਹੀ ਰਿਹਾ, ਤੋੜ ਤਾਈਂ ਨਿਭਾਈ ਤੇ ਖ਼ੂਬ ਨਿਭਾਈ। ਹਜ਼ਾਰੀ ਬਾਗ ਜੇਲ੍ਹ ਵਿਚੋਂ ਅਸਾਡੇ ਨਾਲ ਹੀ ਇਸ ਵੀਰ ਦਾ ਚਲਾਨ ਰਾਜ ਮੰਦਰੀ (ਸੂਬਾ ਮਦਰਾਸ) ਜੇਲ੍ਹ ਵਿਚ ਹੋ ਗਿਆ। ਰਾਜ ਮੰਦਰੀ ਤੋਂ ਨਾਗਪੁਰ ਜੇਲ੍ਹ ਵਿਚ ਭੀ ਸਾਡਾ ਇਕੱਠਿਆਂ ਦਾ ਹੀ ਚਲਾਨ ਹੋਇਆ। ਨਾਗਪੁਰ ਤੋਂ ਵਾਪਸ ਲਾਹੌਰ ਜੇਲ੍ਹ ਵਿਚ ਚਾਹੇ ਅਸੀਂ ਅਗੜ ਪਿਛੜ ਹੀ ਪੁਜੇ, ਪਰ ਜਿਤਨਾ ਚਿਰ ਉਥੇ ਰਹੇ, ਇਕੱਠੇ ਹੀ ਰਹੇ। ਜੇਲ੍ਹ ਚਿੱਠੀਆਂ ਵਿਚ ਇਸ ਵੀਰ ਦਾ ਜ਼ਿਕਰ ਬਹੁਤ ਆਇਆ ਹੈ।

ਗੁਰਬਾਣੀ ਇਨ੍ਹਾਂ ਦੇ ਬਹੁਤ ਕੰਠਾਗਰ ਸੀ। ਸ੍ਰੀ ਸੁਖਮਨੀ ਸਾਹਿਬ, ਸੁਖਮਨਾ

WWW.AKJ.ORG


ਸਾਹਿਬ ਦਾ ਪਾਠ ਸਾਨੂੰ ਸੁਣਾਂਵਦੇ ਸੁਣਾਂਵਦੇ ਹੀ ਸਮਾਧ-ਸਥਿਤ ਹੋ ਜਾਂਦੇ ਸਨ। ਸਾਡੇ ਘਰ-ਬਾਰੀ ਤਲਕਾਤ ਦੇ ਗੂੜ੍ਹੇ ਵਾਕਫ਼ਕਾਰ ਸਨ ਅਤੇ ਸਾਡੇ ਸਾਰੇ ਪਰਵਾਰ ਜਨਾਂ ਜਥੇ ਦੇ ਅਣਡਿਠੇ ਸਜਣਾਂ ਮਿਤਰਾਂ ਨਾਲ ਇਉਂ ਪਿਆਰ ਦਾ ਇਜ਼ਹਾਰ ਕਰਿਆ ਕਰਦੇ ਸਨ, ਜਿਵੇਂ ਚਿਰਾਂ ਤੋਂ ਹੀ ਇਨ੍ਹਾਂ ਦੇ ਵਾਕਫ਼ ਹੁੰਦੇ ਹਨ। ਇਨ੍ਹਾਂ ਦੇ ਪ੍ਰਮਾਰਥੀ ਹੇਲ ਮੇਲ ਨੇ, ਜਿੰਨਾ ਚਿਰ ਵੀ ਅਸੀਂ ਇਨ੍ਹਾਂ ਦੇ ਸੰਗ ਸਾਥ ਜੇਲ੍ਹ ਵਿਚ ਰਹੇ, ਬੜਾ ਹੀ ਗੂੜ੍ਹਾ ਨਿਕਟਵਰਤੀ ਰੰਗ ਲਾਈ ਰਖਿਆ। ਭਾਣੇ ਅੰਦਰ ੧੯੩੦ ਵਿਚ ਅਸੀਂ ਤਾਂ ਲਾਹੌਰ ਜੇਲ੍ਹ ਵਿਚੋਂ ਰਿਹਾ ਹੋ ਕੇ ਬਾਹਰ ਆ ਗਏ, ਇਹ ਅਜੇ ਹੋਰ ਕਈ ਸਾਲ ਜੇਲ੍ਹਾਂ ਅੰਦਰ ਹੀ ਰਹੇ। ਪਰ ਜੇਲ੍ਹਾਂ ਅੰਦਰ ਰਹਿੰਦੇ ਹੋਏ ਵੀ ਇਨ੍ਹਾਂ ਦੀ ਆਤਮਾ ਅਸਾਡੇ ਨਾਲ ਹੀ ਬਾਹਰ ਰਹਿੰਦੀ ਸੀ। ਓੜਕ ਮਿੰਟਗੁਮਰੀ ਜੇਲ੍ਹ ਵਿਚੋਂ ਰਿਹਾ ਹੋ ਕੇ ਇਹ ਸਾਨੂੰ ਸਾਮਰਤਖ ਹੀ ਬਾਹਰ ਆ ਮਿਲੇ। ਮਿੰਟਗੁਮਰੀ ਜੇਲ੍ਹ ਤੋਂ ਕੁਝ ਚਿਰ ਇਹ ਬਾਹਰ ਨਜ਼ਰਬੰਦ ਦੇ ਤੌਰ ਤੇ ਭੀ ਰਹੇ। ਖੁਲ੍ਹੀ ਮੁਲਾਕਾਤ ਤੇ ਬਾਹਰਵਾਰ ਆਵਾਜਾਈ ਖੁਲ੍ਹੀ ਹੋ ਜਾਂਦੀ ਹੈ। ਸਾਡੇ ਭਤੀਜੇ ਭਾਈ ਸੱਜਣ ਸਿੰਘ ਜੀ ਅਤੇ ਉਨ੍ਹਾਂ ਦੇ ਪਰਵਾਰ ਨਾਲ ਭਾਈ ਕਰਤਾਰ ਸਿੰਘ ਜੀ ਦੀਆਂ ਪੀਡੀਆਂ ਪਿਆਰ-ਗੰਢਾਂ ਮਿੰਟਗੁਮਰੀ ਰਹਿੰਦਿਆਂ ਹੀ ਪੈ ਗਈਆਂ ਸਨ, ਐਸੀਆਂ ਪਈਆਂ ਕਿ ਜੇਲ੍ਹ ਤੋਂ ਪੂਰੀ ਆਜ਼ਾਦੀ ਵਾਲੀ ਰਿਹਾਈ ਪਾਣ ਪਰ, ਫੇਰ ਭੀ ਇਹ ਭਤੀਜ ਸੱਜਣ ਸਿੰਘ ਦੇ ਪਾਸ ਹੀ ਮਿੰਟਗੁਮਰੀ ਰਹੇ ਤੇ ਇਨ੍ਹਾਂ ਦੇ ਪਰਵਾਰ ਨਾਲ ਖ਼ੂਬ ਸ਼ੀਰ ਸ਼ਕਰ ਹੋ ਕੇ ਰਹੇ। ਵੀਰ ਕਰਤਾਰ ਸਿੰਘ ਜੀ ਦੀ ਹੈਸੀਅਤ ਪਰ ਭਤੀਜ ਸੱਜਣ ਸਿੰਘ ਜੀ ਦੇ ਸਾਰੇ ਪਰਵਾਰ ਨੂੰ ਐਸਾ ਯਕੀਨ ਨਿਸਚਾ ਆ ਗਿਆ ਹੋਇਆ ਸੀ ਕਿ ਘਰ ਦੇ ਸਾਰੇ ਕਾਰੋਬਾਰ ਦੇ ਪ੍ਰਬੰਧ ਦਾ ਕੁੱਲੀ ਮੁਖ਼ਤਿਆਰ ਭਾਈ ਕਰਤਾਰ ਸਿੰਘ ਜੀ ਨੂੰ ਹੀ ਬਣਾ ਦਿਤਾ ਗਿਆ ਸੀ, ਇਕ ਮਿੰਟ ਵੀ ਪਰਸਪਰ ਵਿਸਾਹ ਨਹੀਂ ਕਰਦੇ ਰਹੇ। ਉਥੇ ਬੈਠਿਆਂ ਹੀ ਅੰਤਰ ਆਤਮੇ ਸਾਡੇ ਨਾਲ ਜੁੜੇ ਰਹਿੰਦੇ ਸਨ, ਪਲ ਪਲ ਖਿਚ ਪੈਣ ਤੇ ਜਦੋਂ ਸਾਡੇ ਪਾਸ ਹੀ ਢੁਕ ਕੇ ਆ ਜੁੜੇ, ਫਿਰ ਜੁੜ ਕੇ ਕਦੇ ਵਿਛੜੇ ਨਹੀਂ।

ਸਾਡੇ ਇਸ ਜਥੇ ਦੇ ਉਘੇ ਉਘੇ ਸਜਣ ਵੀਰਾਂ ਨਾਲ ਇਨ੍ਹਾਂ ਦਾ ਸਾਂਝਾ ਵਾਸਤਾ ਐਸਾ ਪੈ ਗਿਆ ਕਿ ਸਭ ਸਜਣ ਹੀ ਇਸ ਵੀਰ ਕਰਤਾਰ ਸਿੰਘ ਜੀ ਨੂੰ ਆਪਣਾ ਵੀਰ ਹੀ ਜਾਣਿਆ ਕਰਦੇ ਸਨ। ਬਾਹਰ ਆਪਣੇ ਵੀਰ ਕਰਤਾਰ ਸਿੰਘ ਜੀ ਦੀ ਬਹੁਤੀ ਪਰਉਪਕਾਰੀ ਕਾਰ ਗੁਰਮਤਿ ਸੰਬੰਧੀ ਵਿਚਾਰਾਂ ਨਾਲ ਹੀ ਰਹੀ, ਪਰਲੇ ਦਰਜੇ ਦੇ ਵਿਚਾਰਵਾਨ ਅਤੇ ਗੁਰਮਤਿ ਲਿਖਾਰੀ ਜਨ ਰਹੇ ਹਨ। ਗੁਰਮਤਿ ਨਾਮ ਦੇ ਬੜੇ ਹੀ ਗੁਪਤ ਅਭਿਆਸੀ ਰਹੇ ਹਨ। ਦਸਮ ਦੁਆਰ ਅਨਹਦ ਸ਼ਬਦ ਦੀਆਂ ਗੁਪਤ ਲੁਪਤ ਖੇਡਾਂ ਖੇਡਣ ਵਿਚ ਬੜਾ ਹੀ ਅੰਤਰੀਵੀ ਸ਼ੌਕ ਰਖਦੇ ਸਨ। ਦੂਜਿਆਂ ਦੀਆਂ ਅੰਤਰੀਵੀ ਗੱਲਾਂ ਨੂੰ ਬੁਝਣਾ ਇਨ੍ਹਾਂ ਦੇ ਖੱਬੇ ਹੱਥ ਦੀ ਖੇਡ ਸੀ। ਪਰੰਤੂ ਬੜੀ ਚੰਗੀ ਗੱਲ



ਇਹ ਸੀ ਕਿ ਖੁਲ੍ਹ-ਖੇਡ ਨਹੀਂ ਵਰਤਾਉਂਦੇ ਸਨ।

ਜੇਲ੍ਹੋਂ ਬਾਹਰ ਆ ਕੇ ਇਨ੍ਹਾਂ ਨੇ ਹੋਮੋਪੈਥਿਕ ਦਾ ਕੰਮ ਸੁਤੇ ਸੁਭਾਵ ਹੀ ਸਿਖ ਲਿਆ। ਹੋਮੋਪੈਥਿਕ ਦਾ ਇਲਾਜ ਅਕਸਰ ਮੁਫ਼ਤ ਹੀ ਕਰਿਆ ਕਰਦੇ ਸਨ। ਇਨ੍ਹਾਂ ਦੇ ਮੁਬਾਰਕ ਹੱਥਾਂ ਵਿਚ ਮਰੀਜ਼ ਦੇ ਇਲਾਜ ਦੀ ਸ਼ਫ਼ਾ ਬੜੀ ਸੀ। ਜਿਸ ਨੂੰ ਹੱਥ ਪਾਉਂਦੇ ਸਨ, ਰਾਜ਼ੀ ਹੀ ਕਰ ਦਿੰਦੇ ਸਨ। ਹੁਣ ਇਨ੍ਹਾਂ ਦਾ ਨਾਉਂ ਜੱਥੇ ਵਿਚ ਡਾਕਟਰ ਕਰਤਾਰ ਸਿੰਘ ਪ੍ਰਸਿਧ ਹੋ ਗਿਆ ਸੀ। ਡਾਕਟਰ ਕਰਤਾਰ ਸਿੰਘ ਦੀ ਤਬੀਅਤ ਵਿਚ ਇਕ ਇਹ ਬੜਾ ਨੁਕਸ ਸੀ ਕਿ ਕਦੇ ਕਦੇ ਉਸ ਨੂੰ ਵਹਿਮ-ਮਈ ਝੱਲ ਐਸਾ ਉਠਦਾ ਸੀ ਕਿ ਉਸ ਦੇ ਅਧੀਨ ਹੋ ਕੇ ਬਉਰਾਨਾ ਹੋ ਜਾਂਦਾ ਸੀ। ਹੋਮੋਪੈਥਿਕ ਡਾਕਟਰੀ ਇਲਾਜ ਇਨ੍ਹਾਂ ਦਾ ਬੜਾ ਹੀ ਸ਼ਫ਼ਾ-ਜਨਕ ਸੀ। ਇਨ੍ਹਾਂ ਨੂੰ ਯੂਨਾਨੀ ਇਲਾਜ ਦੇ ਨੁਸਖੇ ਵਰਤਣ ਦਾ ਵੀ ਮੇਨੀਆ ਹੋ ਜਾਂਦਾ ਸੀ। ਅਸੀਂ ਇਨ੍ਹਾਂ ਨੂੰ ਬਥੇਰਾ ਵਰਜਿਆ ਕਿ ਧਾਤੂਆਂ ਦੇ ਮਾਰਨ ਦੇ ਨੁਸਖੇ ਨਾ ਵਰਤਿਆ ਕਰੇ। ਇਤਨਾ ਵਰਜਣ ਤੇ ਵੀ ਇਸ ਝੱਲ ਤੋਂ ਟਲਦੇ ਨਹੀਂ ਸਨ। ਇਸ ਵਹਿਮ-ਬਾਜ਼ੀ ਦੇ ਅਧੀਨ ਹੋ ਕੇ ਮਿੱਤਰਾਂ ਨੂੰ ਸ਼ੱਤਰੂ ਤੇ ਸ਼ੱਤਰੂਆਂ ਨੂੰ ਮਿਤਰ ਬਨਾਵਣ ਦਾ ਕੋਝਾ ਢੰਗ ਇਨ੍ਹਾਂ ਦੇ ਗਲ ਪੈ ਗਿਆ ਸੀ। ਪਰ ਇਨ੍ਹਾਂ ਦੇ ਗੰਭੀਰ ਮਿਤਰ, ਇਨ੍ਹਾਂ ਦੀ ਇਸ ਕਮਜ਼ੋਰੀ ਤੋਂ ਜਾਣੂ ਸਨ, ਇਸ ਕਰਕੇ ਉਹ ਗੌਲਦੇ ਕੁਝ ਨਹੀਂ ਸਨ, ਇਨ੍ਹਾਂ ਦੀ ਸਿਆਹੀ ਸਫ਼ੈਦੀ ਤੇ ਕਿੰਤੂ ਨਹੀਂ ਕਰਦੇ ਸਨ। ਮੈਂ ਤਾਂ ਇਸ ਵੀਰ ਨੂੰ ਘੂਰ ਵੀ ਲੈਂਦਾ ਸਾਂ ਤੇ ਖਾਸਾ ਡੱਕਰ ਕੇ ਇਸ ਨੂੰ ਆਪਣੀ ਹੂੜ ਮਤ ਤੋਂ ਹੋੜ ਵੀ ਲੈਂਦਾ ਸਾਂ। ਮੇਰੇ ਕਹੇ ਤੇ ਭਾਈ ਕਰਤਾਰ ਸਿੰਘ ਜੀ ਦਬ ਵੀ ਜਾਂਦੇ ਸਨ।

ਇਸ ਨੁਕਸ ਤੋਂ ਬਿਨਾਂ ਭਾਈ ਕਰਤਾਰ ਸਿੰਘ ਜੀ ਨਿਰਾ ਕੁੰਦਨ ਤੇ ਪਾਰਸ-ਰਸਾਇਣੀ ਵੀਰ ਸੀ। ਪ੍ਰਮਾਰਥ ਦੀ ਗੂੜ੍ਹੀ ਤੋਂ ਗੂੜ੍ਹੀ ਖੋਜ ਕਰਨ ਵਿਚ ਭਾਈ ਕਰਤਾਰ ਸਿੰਘ ਐਸੇ ਪ੍ਰਬੀਨ ਸਨ ਕਿ ਬੜੇ ਬੜੇ ਗੁਰਮਤਿ ਖੋਜੀ ਇਨ੍ਹਾਂ ਦੀ ਖੋਜ ਅੱਗੇ ਹੱਕੇ ਬੱਕੇ ਰਹਿ ਜਾਂਦੇ ਸਨ। ਜਿਸ ਸਬਰ ਤੇ ਸ਼ੁਕਰ ਨਾਲ ਭਾਈ ਕਰਤਾਰ ਸਿੰਘ ਜੀ ਨੇ ਆਪਣੀ ਉਮਰ ਕੈਦ ਦੇ ਦਿਹਾੜੇ ਗੁਜ਼ਾਰੇ, ਉਹ ਕਿਸੇ ਵਿਰਲੇ ਨੇ ਹੀ ਗੁਜ਼ਾਰਨੇ ਹਨ। ਵਾਧਾ ਇਹ ਕਿ ਇਸ ਵੀਰ ਨੂੰ ਨਾਹੱਕ ਹੀ ਫਾਂਸੀ ਦੀ ਸ਼ਜਾ ਹੋ ਗਈ ਸੀ, ਤੇ ਫੇਰ ਫਾਂਸੀ ਤੋਂ ਟੁੱਟ ਕੇ ਉਮਰ-ਕੈਦ ਰਹਿ ਗਈ ਸੀ। ਜੋ ਇਲਜ਼ਾਮ ਇਨ੍ਹਾਂ ਤੇ ਲਗਾਇਆ ਗਿਆ ਸੀ, ਉਸ ਤੋਂ ਇਹ ਵੀਰ ਨਿਰੇ ਹੀ ਦੁੱਧ ਧੋਤੇ ਨਿਰਦੋਸ਼ ਸਨ। ਇਸ ਨਿਰਦੋਸ਼ਤਾ ਦੇ ਹੁੰਦੇ ਹੋਏ ਭੀ ਆਪਣੇ ਆਪ ਨੂੰ ਅਜਿਹੇ ਪਾਕ-ਦਾਮਨ ਤੇ ਬੇਕਸੂਰਾ ਨਹੀਂ ਸਮਝਦੇ ਸਨ। ਮੇਰੇ ਪਾਸ ਗੁਹਜ ਜ਼ਿਕਰ ਕਰਿਆ ਕਰਦੇ ਸਨ ਕਿ ਅਸਾਡੇ ਪਾਸੋਂ ਇਕ ਅਚੇਤ ਹੀ ਪ੍ਰਮਾਰਥੀ ਪਾਪ ਹੋ ਗਿਆ ਸੀ ਤੇ ਏਸੇ ਜਨਮ ਵਿਚ ਹੀ ਹੋਇਆ ਸੀ, ਜਿਸ ਦੀ ਸਜ਼ਾ ਸਾਨੂੰ ਅਵੱਸ਼ ਹੀ ਭੁਗਤਣੀ ਪਈ ਤੇ ਏਸੇ ਜਨਮ ਵਿਚ ਹੀ ਭੁਗਤਣੀ ਪਈ।

WWW.AKJ.ORG

WWW.AKJ.ORG



ਗੁਰਮਤਿ ਇਤਿਹਾਸ ਲਿਖਣ ਲਈ ਬੜਾ ਹੀ ਉੱਚਾ ਇਰਾਦਾ ਰਖਦੇ ਸਨ ਤੇ ਕੈਨੇਡਾ ਵੈਨਕੋਵਰ ਸੰਬੰਧੀ ਕਾਮਾਗਾਟਾ ਮਾਰੂ ਜਹਾਜ਼ ਦੇ ਵੈਨਕੋਵਰ ਵਿਖੇ ਰੋਕੇ ਰੱਖਣ ਦੀ ਵਿਥਿਆ ਉਤੇ ਕੁਛ ਸੰਖੇਪ ਇਤਿਹਾਸ ਕਲਮ-ਬੰਦ ਵੀ ਕਰਨ ਲਗੇ ਸਨ ਕਿ ਛੋਟੀ ਅਵਸਥਾ ਵਿਚ ਹੀ ਧੁਰੋਂ ਸੱਦੜੇ ਆ ਗਏ। ਜਿਸ ਬਾਰੇ ਮੇਰੇ ਪਾਸ ਕਈ ਵਾਰ ਆਪਣੇ ਅਕਾਲ ਚਲਾਣੇ ਹੋਣ ਤੋਂ ਕਿਤਨੀ ਦੇਰ ਪਹਿਲੋਂ ਇਹ ਭੇਦ ਉਚਾਰ ਵੀ ਚੁਕੇ ਸਨ ਕਿ ਬਾਕੀ ਰਹਿੰਦੀ ਅਵਧੀ ਦੇ ਦਿਨ ਥੋੜੇ ਹਨ, ਪਤਾ ਨਹੀਂ ਕਦੋਂ ਸਦੜੇ ਆ ਪੈਣੇ ਹਨ, ਅੰਦਰਲਾ ਵਲਵਲਾ ਇਹੋ ਹੀ ਹੈ ਕਿ ਤੁਸਾਡੇ ਹੱਥਾਂ ਵਿਚ ਹੀ ਚਲਾਣੇ ਹੋ ਜਾਣ। ਤੇ ਚਲਾਣੇ ਕਰਨ ਲਗਿਆਂ ਕਿਸੇ ਦੀ ਬਾਤ ਵੀ ਨਹੀਂ ਪੁੱਛੀ। ਚਲਾਣੇ ਦੀ ਖ਼ਬਰ ਸੁਣਨ ਸਾਰ ਉਨ੍ਹਾਂ ਦੇ ਸਮੁਚੇ ਨਿਕਟ ਮੁਹੱਬਤੀ ਜਨ, ਧਾਈ ਕਰ ਕੇ ਉਥੇ ਪੁਜੇ (ਜਿਥੇ ਇਨ੍ਹਾਂ ਨੇ ਚਲਾਣਾ ਕੀਤਾ ਸੀ)। ਪੁੱਜਣ ਤੋਂ ਪਹਿਲਾਂ ਇਨ੍ਹਾਂ ਦੀ ਕੰਚਨ ਦੇਹ ਦਾ ਸਸਕਾਰ ਹੋ ਚੁਕਾ ਸੀ। ਸਸਕਾਰ ਇਨ੍ਹਾਂ ਦੇ ਪਿੰਡ ਵਿਚ ਹੀ ਹੋਇਆ, ਜਿਥੇ ਇਨ੍ਹਾਂ ਨੇ ਚਲਾਣੇ ਕੀਤੇ। ਸਸਕਾਰ ਕਰਨ ਵਿਚ ਇਨ੍ਹਾਂ ਦੇ ਕੁਟੰਬ ਨੇ ਬੜੀ ਹੀ ਕਾਹਲੀ ਕੀਤੀ।

ਵੀਰ ਕਰਤਾਰ ਸਿੰਘ ਜੀ ਦੀ ਆਤਮ-ਅਵਸਥਾ ਦੇ ਬਹੁਤ ਨੇੜੇ ਨੇੜੇ ਵਰਤਣ ਵਾਲੇ ਪ੍ਰੇਮੀ ਤੇ ਭੇਦ-ਜਾਣੂ ਸਜਣਾਂ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਭਾਈ ਕਰਤਾਰ ਸਿੰਘ ਜੀ ਦੇ ਸਵਾਸ ਦਸਵੇਂ ਦੁਆਰ ਚੜ੍ਹੇ ਹੋਏ ਸਨ, ਵਾਸਤਵ ਵਿਚ ਉਨ੍ਹਾਂ ਨੇ ਚਲਾਣਾ ਨਹੀਂ ਕੀਤਾ ਸੀ। ਪਰੰਤੂ ਮੂੜ੍ਹ ਅੰਜਾਣਾਂ ਨੇ ਜਾਣੇ ਅਜਾਣੇ ਹੀ ਉਨ੍ਹਾਂ ਦੇ ਸਰੀਰ ਨੂੰ ਚੰਡੀ ਦੀ ਭੇਟਾ ਕਰ ਦਿਤਾ। ਸਾਡੇ ਦੱਸੇ ਤੇ ਇਨ੍ਹਾਂ ਜਲਦ-ਬਾਜ਼ਾਂ, ਸੰਸਾਰੀ ਸੰਬੰਧੀਆਂ ਦੇ ਹਿਰਦਿਆਂ ਅੰਦਰ ਵੀ ਇਹ ਸ਼ੱਕ ਸੁਬਕ ਉਠਿਆ ਸੀ ਕਿ ਦਸਵੇਂ ਦੁਆਰ ਵਿਖੇ ਸੁਆਸ ਹੁੰਦਿਆਂ ਹੀ ਭਾਈ ਕਰਤਾਰ ਸਿੰਘ ਦਾ ਸਸਕਾਰ ਕਰ ਦਿਤਾ ਗਿਆ। ਉਹ ਦਸਦੇ ਸਨ ਕਿ ਚਾਹੇ ਅਸੀਂ ਭਾਈ ਕਰਤਾਰ ਸਿੰਘ ਦੇ ਸਰੀਰ ਨੂੰ ਮਿਰਤੂ ਹੀ ਸਮਝਦੇ ਸਾਂ, ਪਰ ਉਸ ਸਮੇਂ ਉਨ੍ਹਾਂ ਦੇ ਚੇਹਰੇ ਤੇ ਆਈ ਲਾਲੀ ਝੱਲੀ ਨਹੀਂ ਜਾਂਦੀ ਸੀ। ਹੱਛਾ! ਜੋ ਹੋਣਾ ਸੀ ਹੋ ਗਿਆ! ਸਦਾ ਲਈ ਛਿਪਨ ਹੋ ਗਏ! ਝੂਰਨ ਵਾਲੇ ਉਨ੍ਹਾਂ ਦੇ ਗੁਣਾਂ ਨੂੰ ਝੂਰਦੇ ਹੀ ਰਹਿਣਗੇ। ਮੁੜ ਇਹੋ ਜਿਹਾ ਗੁਰਮੁਖ ਹੀਰਾ, ਲਾਲ ਰਤਨ ਹੱਥ ਨਹੀਂ ਆਉਣਾ।

ਗੁਰਸਿਖ ਕੌਮ ਨੂੰ ਤੇ ਗੁਰਮਤਿ ਧਰਮ ਨੂੰ ਪੁਜ ਕੇ ਉਜਲ ਕਰਨ ਵਾਲਾ ਇਹ ਵੀਰ ਕਰਤਾਰ ਸਿੰਘ ਕੈਨੇਡੀਅਨ ਸੀ। ਜਿਤਨੀ ਵੀ ਆਯੂ ਭੁਗਤੀ, ਸੰਸਾਰੀ ਸੁਆਰਥੀ ਅਨੀਤੀ ਵਾਲੇ ਉਪੱਦਰਾਂ ਤੋਂ ਨਿਰਲੇਪ ਅਛੇਪ ਹੋ ਕੇ ਹੀ ਭੁਗਤੀ। ਵੀਰ ਕਰਤਾਰ ਸਿੰਘ ਜੀ ਦੇ ਹਮਦਮਾਂ, ਹਮਰਾਜ਼ ਦਿਲਬਰ ਜਾਨੀਆਂ ਨੂੰ ਉਹ ਕਦੇ ਵੀ ਨਹੀਂ ਭੁਲਣੇ, ਹਮੇਸ਼ਾ ਉਨ੍ਹਾਂ ਦੀ ਯਾਦ ਤਾਜ਼ਾ ਤੇ ਸਰਸਬਜ਼ ਰਹੇਗੀ। ਸਾਨੂੰ ਵੀ ਉਨ੍ਹਾਂ ਦਾ ਘਾਟਾ ਬਹੁਤ ਪਿਆ ਹੋਇਆ ਹੈ, ਪਰ ਇਹ ਘਾਟਾ ਪ੍ਰਤੀਤ ਨਹੀਂ ਹੁੰਦਾ। ਕਈ ਵਾਰ ਉਨ੍ਹਾਂ



ਦੀ ਰੂਹੇ ਰੂਹਾਨ, ਨਾ ਖੁਲ੍ਹਣ ਵਾਲੀਆਂ ਘੁੰਡੀਆਂ ਨੂੰ ਖੋਲ੍ਹਣ ਲਈ ਗੁਹਜ ਰਮਜ਼ਾਂ ਰਮਜ਼ਾਈ ਜਾਂਦੀ ਹੈ।

-0-

**ਨੋਟ:** ਭਾਈ ਸਾਹਿਬ ਕਰਤਾਰ ਸਿੰਘ ਜੀ ੧੯੦੭ ਈ: ਵਿਚ ਵੈਨਕੋਵਰ ਕੈਨੇਡਾ ਗਏ। ਓਥੇ ਆਪਣੇ ਕਾਰ ਵਿਹਾਰ ਦੇ ਨਾਲ ਹੀ ਪੰਥਕ ਕੰਮਾਂ ਵਿਚ ਵਧ ਚੜ੍ਹ ਕੇ ਹਿਸਾ ਲੈਂਦੇ ਰਹੇ। ਹਿੰਦੁਸਤਾਨ ਵਿਚ ਕੋਲੰਬੂ ਦੇ ਰਸਤੇ ਹਿੰਦੁਸਤਾਨ ਨੂੰ ਆਏ, ਆਪ ਦੀ ਡੀਊਟੀ ਜਰਮਨੀ ਦੇ ਜਰਨੈਲ ਵੇਡੀ ਨਾਲ ਰਲ ਕੇ ਹਿੰਦੁਸਤਾਨ ਵਿਚ ਆਜ਼ਾਦੀ ਸੰਬੰਧੀ ਕੰਮ ਕਰਨ ਦੀ ਸੀ। ਕੋਲੰਬੂ ਤੋਂ ਹੀ ਸੀ. ਆਈ. ਡੀ. ਆਪ ਦੇ ਮਗਰ ਲਗ ਪਈ। ਲੁਧਿਆਣੇ ਪਹੁੰਚਣ ਪਰ ਆਪ ਨੂੰ ਨਜ਼ਰਬੰਦ ਕਰ ਕੇ ਕੈਂਬਲਪੁਰ ਜੇਲ੍ਹ ਵਿਚ ਭੇਜਿਆ ਗਿਆ। ਫੇਰ ਤੀਜੇ ਮੁਕੱਦਮੇ ਸਾਜ਼ਸ਼ ਲਾਹੌਰ ਵਿਚ ਪੰਜ ਜਨਵਰੀ ੧੯੧੭ ਨੂੰ ਫਾਂਸੀ ਦੀ ਸਜ਼ਾ ਹੋਈ, ਜੋ ਪਿਛੋਂ ਉਮਰ-ਕੈਦ ਵਿਚ ਬਦਲ ਗਈ। ਆਪ ਕੈਂਬਲਪੁਰ, ਲਾਹੌਰ, ਹਜ਼ਾਰੀ ਬਾਗ, ਰਾਜਮੰਦਰੀ ਤੇ ਨਾਗਪੁਰ ਜੇਲ੍ਹਾਂ ਵਿਚ ਰਹੇ। ਹਜ਼ਾਰੀ ਬਾਗ ਜੇਲ੍ਹ ਵਿਚ ਹੀ ਆਪ ਦਾ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਮੇਲ ਹੋਇਆ। ਆਪ ਪੂਰੇ ੨੦ ਸਾਲ ਬਾਅਦ ਰਿਹਾ ਹੋਏ। ਬਾਹਰ ਆ ਕੇ ਗੁਰਬਾਣੀ ਦੀਆਂ ਲਿਖਤੀ ਪੋਥੀਆਂ ਤੇ ਬੀੜਾਂ ਦੀ ਖੋਜ ਸ਼ੁਰੂ ਕੀਤੀ। 'ਅੰਮ੍ਰਿਤ ਕੀ ਹੈ ?' 'ਉਮਰ ਕੈਦੀ ਦਾ ਸੁਪਨਾ', ਇਹ ਦੋ ਪੁਸਤਕਾਂ ਆਪ ਦੀ ਲਿਖਤੀ ਛਪੀਆਂ ਹੋਈਆਂ ਹਨ। ਤੀਜੀ ਪੁਸਤਕ ਇਨ੍ਹਾਂ 'ਹਿੰਦੁਸਤਾਨੀ ਕੈਨੇਡਾ ਦੇ ਵਿਚ' ਨਾਮ ਦੀ ਲਿਖੀ, ਜਿਸ ਦਾ ਨਾਮ ਨਵੀ ਦੁਨੀਆ ਹੈ, ਏਹ ਅਣ-ਛਪੀ ਖਰੜੇ ਦੀ ਸ਼ਕਲ ਵਿਚ ਹੀ ਹੈ। ਤੇ ਇਹ 'ਪੰਜਾਬੀ ਰਤਨ' ਅਖ਼ਬਾਰ ਲੁਧਿਆਣਾ ਵਿਚ ੬੨ ਨੰਬਰਾਂ ਤਕ ਛਪ ਚੁਕੀ ਹੈ। ਆਪ ਬੜੇ ਪ੍ਰੇਮੀ, ਤਿਆਗੀ, ਅਤੀਤ ਬੈਰਾਗੀ, ਨਾਮ ਅਭਿਆਸੀ ਗੁਰਮੁਖ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ, ਖ਼ਾਸ ਕਰ ਜੇਲ੍ਹ ਚਿੱਠੀਆਂ ਦੇ ਸੰਬੰਧ ਵਿਚ ਸਲਾਹ ਦੇਣ, ਫ਼ੁਟ ਨੋਟ ਲਿਖਾਵਣ ਤੇ ਨਕਲ ਆਦਿ ਕਰਨ ਬਾਰੇ ਦਾਸ ਦੀ ਸਦਾ ਹੀ ਸਹਾਇਤਾ ਕਰਦੇ ਰਹੇ। ਅਜੇ ਆਪ ਦੇ ਗੁਰਬਾਣੀ ਦੀ ਖੋਜ ਤੇ ਹੋਰ ਪੁਸਤਕ-ਰਚਨਾ ਆਦਿ ਦੇ ਕਈ ਕੰਮ ਕਰਨ ਵਾਲੇ ਸਨ ਕਿ ਆਪ ਆਪਣੇ ਸੰਬੰਧੀਆਂ ਤੇ ਪ੍ਰੇਮੀ ਜਨਾਂ ਨੂੰ ਸਦਾ ਲਈ ਫ਼ਤਹ ਗਜਾ ਗਏ। ੪ ਅਪ੍ਰੈਲ ੧੯੪੪ ਨੂੰ ਗੁਰਪੁਰੀ ਜਾ ਬਿਰਾਜੇ।

**(ਨਾਹਰ ਸਿੰਘ ਗਯਾਨੀ)**

WWW.AKJ.ORG

WWW.AKJ.ORG

੧੦

# ਸੇਖਵਾਂ ਜ਼ਿਲਾ (ਸਿਆਲਕੋਟ) ਨਿਵਾਸੀ

# ਸੰਤ ਸਰੂਪ ਡਾਕਟਰ ਬਸੰਤ ਸਿੰਘ ਜੀ

ਸਾਡੇ ਜੇਲ੍ਹ ਗਏ ਪਿਛੋਂ ਡਾਕਟਰ ਬਸੰਤ ਸਿੰਘ ਜੀ ਨੇ ਛੋਟੀ ਹੀ ਉਮਰ ਵਿਚ ਜਥੇ ਨਾਲ ਸੰਬੰਧਤ, ਬਾਰ ਨਿਵਾਸੀ ਗੁਰਮੁਖ ਵੀਰਾਂ ਪਾਸੋਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਸਾਰ ਹੀ ਤਿਆਰ-ਬਰ-ਤਿਆਰ ਸਜ ਗਏ। ਬਹੁਤਾ ਲਾਇਲਪੁਰ ਦੀ ਬਾਰ ਵਿਚ ਹੀ ਵਿਚਰਿਆ ਕਰਦੇ ਸਨ। ਸਮੂਹ ਜਥੇ ਨਾਲ ਇਨ੍ਹਾਂ ਦਾ ਬੜਾ ਗੂੜ੍ਹਾ ਪਿਆਰ ਸੀ। ਦਾਸ ਦੇ ਨਾਲ ਤਾਂ ਇਸ ਵੀਰ ਦਾ ਅਣਡਿਠਾ ਹੀ ਪ੍ਰੇਮ ਪਿਆਰ ਐਸੇ ਗਹਿ-ਗਹੇ ਪੇਚਾਂ ਵਾਲਾ ਪੈ ਗਿਆ ਸੀ ਕਿ ਕਥਨ ਕਹਿਣ ਤੋਂ ਬਾਹਰਾ ਹੈ। ਸੋਆਂ ਸੁਣ ਸੁਣ ਕੇ ਹੀ ਸ਼ੈਦਾਈ ਹੋ ਗਏ ਸਨ। ਸਰੀਰ ਕਰਕੇ ਮੈਨੂੰ ਅਜੇ ਡਿਠਾ ਹੀ ਨਹੀਂ ਸੀ ਕਿ ਮੇਰੇ ਅਣਡਿਠੇ ਵਜੂਦ ਨਾਲ ਇਨ੍ਹਾਂ ਦੀ ਬਗ਼ੈਰ ਅਨੁਮਾਨੀ ਹੀ ਸੰਧੀ ਜੁੜ ਗਈ ਸੀ। ਜੁੜੀ ਵੀ ਐਸੀ ਕਿ ਦਿਨੇ ਰਾਤ ਮੇਰੇ ਮਿਲਾਪ ਦੇ ਹੀ ਸੁਪਨੇ ਇਸ ਨੂੰ ਆਉਂਦੇ ਰਹਿਣ। ਜੂਨ ੧੯੨੩ ਵਿਚ ਸ੍ਰੀ ਅੰਮ੍ਰਿਤ ਸਰੋਵਰ ਦੀ ਜਦੋਂ ਕਾਰ-ਸੇਵਾ ਹੋਈ ਹੈ, ਓਦੋਂ ਅਸੀਂ ਤਾਂ ਜੇਲ੍ਹਾਂ ਅੰਦਰ ਹੀ ਡੱਕੇ ਹੋਏ ਸਾਂ, ਸਮੂਹ ਜਥੇ ਨੇ ਜੁੜ ਕੇ ਅਤੇ ਸੈਂਕੜਿਆਂ ਦੀ ਤਦਾਦ ਵਿਚ ਸ੍ਰੀ ਅੰਮ੍ਰਿਤਸਰ ਪੁਜ ਕੇ ਦਾਸ ਨਮਿਤ ਕਾਰ ਸੇਵਾ ਦਾ ਸਰਦਾ ਵਰਦਾ ਸ਼ਰਧਾ ਪੂਰਤ ਅਰਦਾਸਾ ਸੋਧਿਆ। ਮੈਨੂੰ ਦੱਸਣ ਵਾਲੇ ਦਸਦੇ ਹਨ (ਜੋ ਕਿ ਉਸ ਕਾਰ-ਸੇਵਾ ਵਿਚ ਨਾਲ ਸਨ) ਖ਼ਾਸ ਕਰ ਗੁਰਮੁਖ ਪਿਆਰੇ ਵੀਰ ਭਾਈ ਮੱਲ ਸਿੰਘ ਜੀ ਅਤੇ ਨਿਜ ਸੁਪਤਨੀ ਸਿਰੀ ਮਤੀ ਕਰਤਾਰ ਕੌਰ ਦੀ ਜ਼ਬਾਨੀ ਜੋ ਕੁਝ ਸੁਣਿਆ ਅਤੇ ਉਨ੍ਹਾਂ ਨੇ ਦਸਿਆ, ਉਹ ਪੱਥਰ ਤੇ ਲਕੀਰ ਵਾਂਗੂੰ ਮੇਰੇ ਹਿਰਦੇ ਤੇ ਉਕਰਿਆ ਹੋਇਆ ਹੈ। ਉਹ ਦਸਦੇ ਹਨ ਕਿ ਲਾਇਲਪੁਰ ਦੀ ਬਾਰ ਵਾਲਾ ਜਥਾ ਭੀ ਉਸ ਸਮੇਂ ਅਣਗਿਣਤ ਗਿਣਤੀ ਵਿਚ ਕਾਰ-ਸੇਵਾ ਸਮਾਗਮ ਤੇ ਆਇਆ ਹੋਇਆ ਸੀ, ਉਹ ਵੀ ਉਸ ਸੇਵਾ ਵਿਚ ਸ਼ਾਮਲ ਹੋਏ। ਅਰਦਾਸਾ ਸਮੂਹ ਸੰਗਤ ਦੀ ਆਗਿਆ ਅਨੁਸਾਰ, ਮੋਗੇ ਵਾਲੇ ਗੁਰਮੁਖ ਵੀਰ ਭਾਈ ਆਤਮਾ ਸਿੰਘ ਜੀ ਵਲੋਂ ਸੋਧਿਆ ਗਿਆ। ਅਰਦਾਸੇ ਵਿਚਕਾਰ ਜਦੋਂ ਦਾਸ ਦਾ ਜ਼ਿਕਰ ਆਇਆ ਤਾਂ ਇਹ ਨਵ-ਯੁਵਕ ਵੀਰ ਡਾ: ਬਸੰਤ ਸਿੰਘ ਮੂਰਛਤ ਹੋ ਕੇ ਡਿਗ ਪਿਆ। ਬਿਸਮਲ ਦੀ ਦਸ਼ਾ ਇਸ ਉਤੇ ਤਾਰੀ ਹੋ ਗਈ। ਅਰਦਾਸਾ ਸਮਾਪਤ ਹੋਣ ਪਿਛੋਂ ਇਸ ਨੂੰ ਸਾਵਧਾਨ ਕੀਤਾ ਗਿਆ। ਬਸ ਉਸ





ਘੜੀ ਤੋਂ ਇਸ ਵੀਰੜੇ ਦੀ ਐਸੀ ਪੀਡੀ ਪ੍ਰੇਮ-ਗੰਢ ਇਸ ਅਣਡਿਠੇ ਵਜੂਦ ਨਾਲ ਪਏ ਗਈ ਕਿ ਮੁੜ ਛੁੱਟੀ ਨਹੀਂ। "ਤੋਰੀ ਨ ਤੂਟੈ ਛੋਰੀ ਨ ਛੂਟੈ"* ਵਾਲੀ ਗੱਲ ਹੋ ਗਈ। ਮੇਰੇ ਜੇਲ੍ਹੋਂ ਬਾਹਰ ਆਉਣ ਦੀ ਉਮੈਦ ਵਿਚ ਜਿਤਨੇ ਵੀ ਅਖੰਡਪਾਠ ਜਥੇ ਵਲੋਂ ਹੁੰਦੇ ਰਹੇ, ਲਗ ਪਗ ਉਨ੍ਹਾਂ ਸਾਰੇ ਸਮਾਗਮਾਂ ਵਿਚ ਹੀ ਇਹ ਵੀਰੜਾ ਸ਼ਾਮਲ ਹੁੰਦਾ ਰਿਹਾ । ਗੁਪਤੀ ਅਰਦਾਸਾਂ ਮੈਂਡੇ ਮਿਲਣ ਦੀਆਂ ਹਰ ਦਮ ਕਰਦਾ ਹੀ ਰਹਿੰਦਾ ਸੀ।

ਓੜਕ ਉਹ ਦਿਨ ਆ ਗਏ ਕਿ ੧੯੩੦ ਸੰਨ ਵਿਚ ਮੇਰੀ ਬਦਲੀ ਨਾਗਪੁਰ ਦੀ ਜੇਲ੍ਹ ਤੋਂ ਇਕ-ਦਮ ਲਾਹੌਰ ਸੈਂਟਰਲ ਜੇਲ੍ਹ ਵਿਚ ਹੋ ਗਈ। ਲਾਇਲਪੁਰ ਬਾਰ ਵਿਚ ਬੈਠੇ ਡਾਕਟਰ ਵੀਰੜੇ ਬਸੰਤ ਸਿੰਘ ਜੀ ਨੂੰ ਪੱਕਾ ਯਕੀਨ ਹੋ ਗਿਆ ਕਿ ਹੁਣ ਮੇਲੇ ਹੋਣੇ ਅਵੱਸ਼ ਨੇੜੇ ਹੀ ਹਨ। ਮੇਰੇ ਰਿਹਾ ਹੋ ਕੇ ਜੇਲ੍ਹੋਂ ਬਾਹਰ ਆਉਣ ਦੀਆਂ ਉਡੀਕਾਂ ਕੌਣ ਕਰੇ, ਵੀਰ ਬਸੰਤ ਸਿੰਘ ਦੇ ਸਬਰ ਦਾ ਪਿਆਲਾ ਲਬਰੇਜ਼ ਹੋ ਗਿਆ। ਅਰਦਾਸਾ ਸੋਧਿਆ ਕਿ ਮੈਂ ਛੇਤੀ ਜੇਲ੍ਹ ਵਿਚ ਖ਼ੁਦ ਜਾ ਮਿਲਾਂ। ਉਨ੍ਹੀਂ ਦਿਨੀਂ ਅੰਗਰੇਜ਼ੀ ਗੌਰਮਿੰਟ ਦੇ ਬਰਖ਼ਿਲਾਫ਼ ਅਕਾਲੀਆਂ ਦੀ ਅਤੇ ਕਾਂਗਰਸ ਦੀ ਸਮਿਲਤ ਲਹਿਰ ਬੜੇ ਜ਼ੋਰਾਂ ਤੇ ਸੀ। ਐਸੀ ਸੁਤੇ ਬਿਧ ਬਣੀ ਕਿ ਇਕ ਕਾਂਗਰਸੀ-ਅਕਾਲੀ ਮਿਸਰਤ ਸਮਾਗਮ ਵਿਚ ਇਸ ਵੀਰੜੇ ਡਾਕਟਰ ਨੇ ਬੇਸੁਧੇ ਹੋ ਕੇ ਐਵੇਂ ਅਟਕਲ-ਪਚੂ ਹੀ ਜਾ ਲੈਕਚਰ ਦਿਤਾ। ਉਸ ਲੈਕਚਰ ਦੇ ਕਾਰਨ ਗੌਰਮਿੰਟ ਨੇ ਅੰਨ੍ਹੇਵਾਹ ਹੀ ਇਸ ਵੀਰੜੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਛੇ ਮਹੀਨੇ ਦੀ ਸ਼ਜਾ ਦੇ ਕੇ ਜੇਲ੍ਹ ਅੰਦਰ ਕਰ ਦਿਤਾ। ਸਤਿਗੁਰੂ ਦੀ ਨੇਤ ਐਸੀ ਹੋਈ ਕਿ ਗ੍ਰਿਫ਼ਤਾਰ ਹੋਣ ਸਾਰ ਹੀ ਵੀਰੜੇ ਬਸੰਤ ਸਿੰਘ ਜੀ ਦਾ ਚਲਾਨ ਸੈਂਟਰਲ ਜੇਲ੍ਹ ਲਾਹੌਰ ਵਿਚ ਹੀ ਆ ਹੋਇਆ। ਸੈਂਟਰਲ ਜੇਲ੍ਹ ਦੇ ਜਿਸ ਵਾਰਡ ਵਿਚ ਅਸੀਂ ਸਾਰੇ ਪੁਲੀਟੀਕਲ ਕੈਦੀ ਬੰਦ ਕੀਤੇ ਹੋਏ ਸੀ, ਉਸੇ ਵਾਰਡ ਵਿਚ ਹੀ ਇਸ ਵੀਰੜੇ ਨੂੰ ਦਾਖ਼ਲ ਕਰ ਦਿਤਾ। ਵੀਰ ਬਸੰਤ ਸਿੰਘ ਜੀ ਦੀਆਂ ਖ਼ੁਸ਼ੀਆਂ ਦੀ ਹੱਦ ਕੋਈ ਨਾ ਰਹੀ। ਧਾਈ ਕਰ ਕੇ ਆਇਆ, ਅਤੇ ਆਉਂਦਾ ਹੀ ਧਾ ਕੇ ਮੇਰੇ ਖੁਰੜਿਆਂ ਤੇ ਆ ਡਿੱਗਾ। ਮੈਨੂੰ ਪਤਾ ਹੀ ਨਾ ਕਿ ਇਹ ਵੀਰ ਕੌਣ ਹੈ। ਮੇਰੇ ਪਰਮ ਸਾਥੀਅੜੇ, ਜੇਲ੍ਹ ਨਿਵਾਸਾਂ ਦੇ ਹਰ ਦਮ ਸਾਥੀਅੜੇ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਨੇ ਬੜੀਆਂ ਮੁਸ਼ਕਲਾਂ ਨਾਲ, ਪ੍ਰੰਤੂ ਬੜੇ ਪਿਆਰ ਹਿਤਕਾਰ ਨਾਲ ਜੱਫਾ ਪਾ ਕੇ, ਇਸ ਮੇਰੇ ਖੁਰੜਿਆਂ ਤੇ ਢਠੜੇ, ਮੇਰੇ ਅਣਡਿਠੇ ਵੀਰ ਨੂੰ ਚੁੱਕ ਕੇ ਸਾਵਧਾਨ ਕੀਤਾ। ਚੁੱਕੇ ਵੀਰ ਦਾ ਚਿਹਰਾ ਜਦੋਂ ਸਾਡੇ ਸਨਮੁਖ ਸਾਂਗੋ ਪਾਂਗ ਹੋਇਆ, ਤਾਂ ਅਸੀਂ ਪੇਖਣ ਸਾਰ ਹੀ ਪਛਾਣ ਲਿਆ ਕਿ ਇਹ ਕੋਈ ਚਿਰਾਂ ਦਾ ਵਿਛੜਿਆ ਹੋਇਆ ਅਰੂੜਾ ਆਪਣੇ

* ਬਿਲਾਵਲੁ ਮ: ੫, ਪੰਨਾ ੮੨੭

WWW.AKJ.ORG

WWW.AKJ.ORG


ਜਥੇ ਵਿਚੋਂ ਹੀ ਹੈ। ਕੇਵਲ ਇਤਨੀ ਪਛਾਣ ਹੀ ਉਸ ਸਮੇਂ ਹੋਈ। ਫੇਰ ਤਾਂ ਜਦੋਂ ਇਸ ਵੀਰੜੇ ਨੇ ਨਿਜ ਸਿਰ-ਬੀਤੀ ਵਾਰਤਾ ਵਰਨਣ ਕੀਤੀ ਤਾਂ ਪਰਸਪਰ ਪਰਲੇ ਦਰਜੇ ਦੀ ਪ੍ਰਸੰਨਤਾ ਪ੍ਰਾਪਤ ਹੋਈ। ਐਸੇ ਜੁੜੇ, ਜੁੜ ਕੇ ਇਕ ਮਿੱਕ ਹੋ ਗਏ। ਗੁਰਮਤਿ ਇਕ, ਅਸੂਲ ਇਕ, ਇਕੋ ਆਸ਼ਾ ਇਸ਼ਟ ਉਪਾਸ਼ਨਾ, ਇਕੋ ਹੀ ਮਾਰਗ ਦੇ ਪਾਂਧੀ, ਇਕੋ ਹੀ ਇਸ਼ਕ ਹਕੀਕੀ ਦੇ ਆਸ਼ਕ, ਕੈਸੇ ਇਕੱਠੇ ਹੋਏ, ਕੈਸੇ ਅਗੰਮੀ ਮੇਲ ਮਿਲਾਉਣੀ ਵਿਚ ਮਿਲੇ ਕਿ ਬਸ ਫਿਰ ਮਿਲੇ ਹੀ ਰਹੇ।

ਮੈਂ ਤਾਂ ਭਾਣੇ ਅੰਦਰ ਦੋ ਚਾਰ ਮਹੀਨੇ ਪਿਛੋਂ ਜੇਲ੍ਹੋਂ ਰਿਹਾ ਹੋ ਕੇ ਬਾਹਰ ਆ ਗਿਆ, ਇਹ ਵੀਰ ਦੋ ਕੁ ਮਹੀਨੇ ਹੋਰ ਜੇਲ੍ਹ ਅੰਦਰ ਰਿਹਾ। ੬ ਮਹੀਨੇ ਦੀ ਕੈਦ ਪੂਰੀ ਹੋਣ ਪੁਰ ਇਹ ਵੀ ਬਾਹਰ ਆ ਗਿਆ, ਐਸਾ ਆਇਆ ਤੇ ਆ ਕੇ ਸਾਡੇ ਸੰਗ ਰਹਾਇਆ, ਕਿ ਫਿਰ ਦੂਰ ਹੋਇਆ ਹੀ ਨਹੀਂ। ਜਿਤਨੇ ਵੀ ਸਤਿਸੰਗ ਸਮਾਗਮ ਜੁੜੇ, ਤਿਨ੍ਹਾਂ ਵਿਚ ਇਹ ਵੀਰੜਾ ਖ਼ਾਸ ਸਮਾਗਮੀਆਂ ਵਿਚੋਂ ਇਕ ਸੀ। ਛੋਟੀ ਜਿਹੀ ਉਮਰ, ਅਜੇ ਦਾੜ੍ਹਾ ਉਤਰਿਆ ਨਹੀਂ ਸੀ, ਪਰ ਪ੍ਰੇਮ ਦਾ ਪਲੀਤਾ ਇਸ ਦੇ ਘਟ ਅੰਦਰ ਐਸਾ ਦਗਿਆ ਕਿ ਅਠੇ ਪਹਿਰ ਪ੍ਰੇਮ ਹਵਾਈ ਵਾਯੂ ਮੰਡਲ ਵਿਚ ਹੀ ਗਲਤਾਨ ਰਹੇ। ਘਰ ਜਾਣ ਦੀ, ਆਪਣੇ ਸੰਸਾਰੀ ਪਰਵਾਰ ਕੁਟੰਬ ਵਿਚ ਰਹਿਣ ਦੀ ਕੋਈ ਸੁਰਤ ਸਮ੍ਹਾਲ ਹੀ ਨਾ ਰਹੀ। ਗੁਰਮਤਿ ਅਸੂਲਾਂ ਵਿਚ ਅਤੇ ਗੁਰੂ ਦਸਮੇਸ਼ ਦ੍ਰਿੜ੍ਹਾਈ ਰਹਿਤ-ਰਹਿਣੀ ਵਿਚ ਐਸਾ ਪਰਪੱਕ ਗੁਰਮੁਖ ਜੀਵੜਾ ਵਿਰਲਾ ਹੀ ਵੇਖਣਾ ਹੈ। ਨਿਕੜੀ ਆਰਬਲਾ ਦੇ ਗੁਰਮਤਿ ਗੁਣ ਅਤਿ ਵਡੇਰੜੇ ਜਿਵੇਂ ਅਜ਼ਲ ਤੋਂ ਹੀ ਕੁਟ ਕੁਟ ਕੇ ਇਸ ਦੀ ਕ੍ਰਾਂਤ ਵਿਚ ਭਰੇ ਹੋਏ ਸਨ, ਅਤੇ ਗੁਰਮਤਿ ਕ੍ਰਾਂਤ ਅਭਿਆਸ ਦਾ ਡਾਢਾ ਧਨੀ ਸੀ, ਆਤਮ-ਕਣੀ ਇ ਨੰਨ੍ਹੀ ਜਿਹੀ ਜਿੰਦੜੀ ਦੇ ਰਗੋ-ਰੇਸ਼ੇ ਵਿਚ ਸਮਾਈ ਹੋਈ ਸੀ।

ਸਿਵਾਏ ਸਤਸੰਗ-ਰੰਗਾਂ ਦੇ ਅਤੇ ਨਾਮ-ਤਰੰਗਾਂ ਦੇ ਹੋਰ ਕੋਈ ਰੰਗ-ਤਰੰਗ ਇਸ ਦੇ ਨੇੜ ਕਦੇ ਨਹੀਂ ਢੁਕਿਆ। ਸ੍ਰੀ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸਾਡੇ ਜੇਲ੍ਹੋਂ ਬਾਹਰ ਆਉਣ ਸਮੇਂ ਹੀ ੧੯੩੧ ਵਿਚ ਹੋਈ ਹੈ। ਉਸ ਕਾਰ ਸੇਵਾ ਦੇ ਸਮਾਗਮ ਉਤੇ ਇਸ ਕੀਰਤਨੀ ਜਥੇ ਦੇ ਸਮੂਹ ਸੱਜਣ ਢੁਕ ਢੁਕ ਕੇ ਆ ਜੁੜੇ ਹੋਏ ਸਨ, ਜਿਨ੍ਹਾਂ ਵਿਚ ਡਾਕਟਰ ਵੀਰੜਾ ਬਸੰਤ ਸਿੰਘ ਭੀ ਨਵੀਨ ਚੰਦ ਦੇ ਚੜ੍ਹਨ ਵਾਂਗੂੰ ਚਮਕਦਾ ਦਮਕਦਾ ਹੀ ਜਥੇ ਵਿਚ ਨਜ਼ਰੀਂ ਆਉਂਦਾ ਸੀ, ਹਰ ਛਿਨ ਹਰ ਘੜੀ ਪ੍ਰੇਮ-ਮਗਨਤਾ ਵਿਚ ਹੀ ਮਗਨ ਦਿਸਦਾ ਸੀ। ਕਿਸੇ ਨਾਲ ਗੱਲ ਨਹੀਂ, ਕਿਸੇ ਨਾਲ ਵਾਦ ਵਿਵਾਦ ਨਹੀਂ, ਕਿਸੇ ਨਾਲ ਹੋਰ ਕੋਈ ਵਾਸਤਾ ਨਹੀਂ, ਕੇਵਲ ਇਕੋ ਲਿਵ ਪ੍ਰਮਾਰਥ-ਪ੍ਰੇਮ ਦੀ ਇਸ ਨੂੰ ਹਰ ਦਮ ਲਗੀ ਰਹਿੰਦੀ ਸੀ। ਨਿਸ਼ਕਾਮ ਸੇਵਾ ਦਾ ਮਾਦਾ ਇਸ ਸਾਦਾ ਲੋਹ ਯੁਵਕੜੇ ਦੇ ਰੋਮ ਰੋਮ ਅੰਦਰ ਅਜ਼ਗੈਬੋਂ ਹੀ ਭਰਿਆ ਹੋਇਆ ਸੀ। ਇਸ ਕਾਰ-ਸੇਵਾ-ਸਮਾਗਮ ਉਤੇ ਸਾਰੀ ਜੁੜੀ ਸੰਗਤ ਦੀ ਇਸ ਸੇਵਾ-ਪੁੰਜ



ਵੀਰੜੇ ਨੇ ਯਥਾ ਸ਼ਕਤਿ ਰਜ ਪੁਜ ਕੇ ਸੇਵਾ ਕੀਤੀ, ਲਗਾਤਾਰ ਜਥੇ ਦੇ ਨਾਲ ਹੀ ਸਾਰਿਆਂ ਸਮਾਗਮਾਂ ਤੇ ਰਿਹਾ ਕਰੇ, ਆਪਣੇ ਨਿਜ ਸੰਸਾਰਕ ਘਰ ਬਾਰ ਦੀ ਸਾਰ ਹੀ ਨਾ ਲਵੇ, ਨ ਉਥੇ ਜਾਵੇ। ਇਸ ਦਾ ਸਾਰਾ ਪਰਵਾਰ ਇਸ ਦੇ ਨਾਲ ਬੜਾ ਹੀ ਪੁੱਜ ਕੇ ਪਿਆਰ ਕਰਦਾ ਸੀ, ਇਸ ਦੇ ਮਾਤਾ ਪਿਤਾ ਭੈਣ ਭਾਈ ਸਾਰੇ ਦੇ ਸਾਰੇ ਹੀ ਗੁਰਮਤਿ ਦੇ ਅਨੁਸਾਰੀ ਪਹਿਲਾਂ ਹੀ ਸਨ। ਵੀਰ ਬਸੰਤ ਸਿੰਘ ਜੀ ਦੇ ਪ੍ਰਭਾਵ ਨਾਲ ਹੋਰ ਵੀ ਪਰਮ ਪ੍ਰੇਮੀ ਅਧਿਕਾਰੀ ਜਨ ਬਣ ਗਏ। ਦਿਨਾਂ ਵਿਚ ਹੀ ਸਾਰੇ ਪਰਵਾਰ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ ਤੇ ਤੱਤ ਗੁਰਮਤਿ ਦੇ ਅਸੂਲਾਂ ਤੇ ਦ੍ਰਿੜ੍ਹ ਹੋ ਗਏ। ਇਕ ਦਿਨ ਡਡਿਆ ਕੇ ਸਾਰੇ ਪਰਵਾਰ ਨੇ ਪ੍ਰੇਮ-ਫ਼ਰਿਆਦੀ ਹੋ ਕੇ ਫ਼ਰਿਆਦ ਕੀਤੀ ਸਾਰੀ ਸੰਗਤ ਅੱਗੇ, ਕਿ ਇਸ ਨੂੰ ਜਥੇ ਵਲੋਂ ਆਗਿਆ ਪੂਰਤ ਹੁਕਮਨ ਇਜਾਜ਼ਤ ਦਿਤੀ ਜਾਵੇ ਕਿ ਸਾਡਾ ਇਹ ਅਜ਼ੀਜ਼ ਸੇਖਵਾਂ ਵਿਚ ਹੀ ਰਹੇ ਸਹੇ, ਸਾਡੀਆਂ ਅੱਖੀਆਂ ਤੋਂ ਓਹਲੇ ਨਾ ਹੋਵੇ, ਸੰਸਾਰਕ ਕਾਰ ਵਿਹਾਰ ਨਿਸੰਗ ਕੁਝ ਨ ਕਰੇ, ਨਿਰੋਲ ਸਤਿਸੰਗ ਨਾਮ-ਤਰੰਗੀ-ਅਨੰਦ ਵਿਚ ਹੀ ਰਹੇ। ਅਸੀਂ ਸਾਰੇ ਇਸ ਨੂੰ ਦੇਖ ਕੇ ਜੀਵਾਂਗੇ ਤੇ ਨਗਰ ਨਿਵਾਸੀ ਹੋਰ ਸਾਰਿਆਂ ਜੰਤਾਂ ਸਮੇਤ ਸਤਿਸੰਗ-ਪ੍ਰੇਮ ਪਿਆਲੇ ਪੀਵਾਂਗੇ ਅਤੇ ਪੀਂਦੇ ਰਹਾਂਗੇ। ਇਸ ਅਜ਼ੀਜ਼ ਦੇ ਤੁਫ਼ੈਲ ਸੇਖਵਾਂ ਨਗਰੀ ਵਿਚ ਹੀ ਸਾਰੇ ਜਥੇ ਦੇ ਦਰਸ਼ਨ ਹੋਣ ਅਤੇ ਅਖੰਡ ਕੀਰਤਨ ਦੇ ਅਨੰਦ ਮੰਗਲ ਬੱਝਣ। ਇਹ ਸਾਡੀ ਜਿਗਰੀ ਕਾਮਨਾ ਹੈ।

ਗੱਲ ਕੀ, ਇਸ ਖ਼ਾਲਸ ਗੁਰਮਤਿ ਭਿੰਨੀ ਬਿਨੈ ਜੋਦੜੀ ਦੇ ਅਧੀਨ ਪ੍ਰਾਇਣ ਹੋ ਕੇ ਇਸ ਵੀਰੜੇ ਬਸੰਤ ਸਿੰਘ ਜੀ ਨੂੰ ਸੇਖਵੀਂ ਨਿਜ ਪਰਵਾਰ ਦੇ ਨਾਲ ਹੀ ਨਿਵਾਸ ਰੱਖਣ ਦੀ ਤਾਕੀਦੀ ਆਗਿਆ ਕੀਤੀ ਗਈ। ਆਗਿਆ ਨੂੰ ਸਿਰ ਮਥੇ ਤੇ ਮੰਨ ਕੇ ਵੀਰ ਜੀ ਪਰਵਾਰ ਦੇ ਨਾਲ ਤੁਰ ਪਏ। ਤੁਰੇ ਜਾਂਦੇ ਜਦ ਤਾਈਂ ਦ੍ਰਿਸ਼ਟੀ ਗੋਚਰ ਰਹੇ, ਪਿਛਲ-ਖੋਰੀ ਹੀ ਤੁਰੇ ਜਾਣ, ਪ੍ਰੇਮ-ਮਤਵਾਲੇ ਹੋਏ ਵੇ ਕਿਸੇ ਓਰ ਤਕਣ ਹੀ ਨਾ। ਏਨ੍ਹਾਂ ਨੂੰ ਪਿਛਲੇ ਪਾਸਿਓਂ ਏਨ੍ਹਾਂ ਦੇ ਨਗਰ-ਪ੍ਰੇਮੀ ਇਉਂ ਫੜੀ ਜਾਣ ਜਿਵੇਂ ਕਿਸੇ ਸੁਧੋਂ ਬੇਸੁਧ ਹੋਏ ਮਸਤ ਮਤਵਾਲੇ ਨੂੰ ਫੜੀ ਜਾਂਦੇ ਹਨ। ਮੁਕਦੀ ਗੱਲ, ਇਹ ਘਰ ਪਹੁੰਚ ਗਏ। ਏਨ੍ਹਾਂ ਦੀ ਪਰਮ ਇਛਾ ਦੇ ਅਨਕੂਲ ਹੁੰਦੇ ਹੋਏ, ਇਨ੍ਹਾਂ ਦੇ ਗੁਰਮੁਖ ਮਾਤਾ ਪਿਤਾ ਅਤੇ ਸਭ ਪਰਵਾਰੀਆਂ ਨੇ ਇਸ ਵੀਰ ਦੇ ਨਮਿਤ, ਇਨ੍ਹਾਂ ਦੇ ਆਪਣੇ ਖੇਤ ਵਿਚ ਹੀ (ਜੋ ਪਿੰਡ ਤੋਂ ਚਾਰ ਪੰਜ ਫ਼ਰਲਾਂਗ ਦੇ ਫ਼ਾਸਲੇ ਤੇ ਸੀ) ਇਕ ਪ੍ਰੇਮ-ਕੁਟੀਆ ਭਜਨ ਲਈ ਬਣਵਾ ਦਿਤੀ, ਜਿਥੇ ਇਹ ਦਿਨ ਰਾਤ ਭਜਨ ਭਗਤੀ ਭਾਵ ਵਿਚ ਹੀ ਹਰ ਛਿਨ ਮਸਤੁਲ-ਮਸਤ ਰਿਹਾ ਕਰਨ। ਇਸ ਵੀਰ ਡਾਕਟਰ ਬਸੰਤ ਸਿੰਘ ਜੀ ਨੇ ਡਾਕਟਰੀ ਦਾ ਪ੍ਰੋਫ਼ੈਸ਼ਨ (ਕਿੱਤਾ) ਤਾਂ ਚਿਰੋਕਣਾ ਛਡ ਦਿਤਾ ਹੋਇਆ ਸੀ, ਜਥੇ ਵਾਲੇ ਸੱਜਣ ਅਕਸਰ ਏਨਾਂ ਨੂੰ ਡਾਕਟਰ ਬਸੰਤ ਸਿੰਘ ਕਰਕੇ ਹੀ ਅਲਾਇਆ

WWW.AKJ.ORG

ਪੁਕਾਰਿਆ ਕਰਦੇ ਸਨ। ਪਰ ਇਸ ਵੀਰ ਦੀ ਅਟੱਲ ਭਾਉ ਭਗਤੀ, ਭਜਨ ਅਭਿਆਸ ਦੇ ਪ੍ਰਭਾਵ ਕਾਰਨ ਸੇਖਵਾਂ ਪਿੰਡ ਦੇ ਨੇੜੇ ਤੇੜੇ ਦੇ ਸਾਰਿਆਂ ਨਗਰਾਂ ਵਿਚ, ਇਹ ਸੰਤ ਬਸੰਤ ਸਿੰਘ ਕਰਕੇ ਹੀ ਮਸ਼ਹੂਰ ਤੇ ਪ੍ਰਸਿੱਧ ਸਨ। ਫਿਰ ਤਾਂ ਉਹ ਭਜਨ-ਕੁਟੀਆ ਇਕ ਤਕੜੇ ਡੇਰੇ ਦੇ ਸਰੂਪ ਵਿਚ ਵਿਸਥਾਰਤ ਹੋ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਛੋਟਾ ਜਿਹਾ ਗੁਰਦਵਾਰਾ ਵਖਰਾ ਤੇ ਨਿਵੇਕਲਾ ਸਜ ਗਿਆ ਅਤੇ ਸੰਗਤ ਦੇ ਸਮਾਗਮ ਜੁੜਨ ਲਗ ਪਏ। ਅਖੰਡ ਕੀਰਤਨਾਂ ਦੀ ਬੜੀ ਹੀ ਅਖੰਡ ਪ੍ਰਤਾਪੀ ਕਲਾ ਵਰਤੀ। ਬਿਅੰਤ ਹੀ ਪਰਵਾਰਾਂ ਦੇ ਪਰਵਾਰ ਸਿੰਘ ਸਜ ਕੇ ਤਿਆਰ-ਬਰ-ਤਿਆਰ ਹੋ ਗਏ। ਨਵਨਿਧੀਆਂ ਰਿਧੀਆਂ ਸਿਧੀਆਂ ਅਗੇ ਪਿਛੇ ਫਿਰਨ ਲਗ ਪਈਆਂ, ਪਰ ਏਨ੍ਹਾਂ ਚੇਟਕਾਂ ਵਿਚ ਅਸਾਡਾ ਪਿਆਰਾ ਵੀਰ ਪਿਆ ਹੀ ਨਹੀਂ। ਸਦਾ ਹੀ ਨਿਰਲੇਪ ਰਿਹਾ। ਸਾਰੀ ਉਮਰ ਬਾਲ-ਜਤੀ ਹੀ ਰਹੇ। ਇਲਮੁਲ ਗ਼ਾਇਬ ਨਾਲ ਇਹ ਪਤਾ ਲਗ ਗਿਆ ਸੀ ਕਿ ਤਿਲ ਥੋਥੜੇ ਹੀ ਹਨ, ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਜਾਣਾ ਹੈ। ਇਸ ਕਰਕੇ ਸ਼ਾਦੀ ਕਰਾਉਣ ਦੇ ਅਡੰਬਰ ਕਾਹਨੂੰ ਕਰਨੇ ਹਨ, ਕਦੇ ਸੰਕਲਪ ਵੀ ਨਹੀਂ ਫੁਰਿਆ ਸੀ। ਖ਼ੁਦ ਇਕ ਅਕਾਲ ਪੁਰਖ ਨਾਲ ਆਪਣਾ ਵਿਆਹ ਕਰਵਾਇਆ ਹੋਇਆ ਸੀ। ਦੁਨੀਆਦਾਰੀ ਨਰੜ ਕਰਕੇ ਸੁਤੰਤਰਤਾ ਵਿਚ ਫ਼ਰਕ ਆਉਂਦਾ ਸੀ। ਗੁਰਮਤਿ ਅਸੂਲ ਪੂਰਨ ਤੌਰ ਤੇ ਦ੍ਰਿੜ੍ਹ ਸੀ। ਪਰ ਆਪਣੀ ਥੋੜੀ ਹਯਾਤ ਦੀ ਅਜ਼ਗ਼ੈਬੀ ਗਿਆਤ ਹੋਣ ਕਰਕੇ ਸ਼ਾਦੀ ਕਰਨ ਦੇ ਝਮੇਲੇ ਵਿਚ ਕਦੇ ਪਏ ਹੀ ਨਹੀਂ ਸਨ। ਇਨ੍ਹਾਂ ਦੇ ਮਾਤਾ ਪਿਤਾ ਆਦਿਕ ਬਜ਼ੁਰਗਵਾਰ ਰਿਸ਼ਤੇਦਾਰਾਂ ਦੇ ਕਦੇ ਹੀਆ ਨਹੀਂ ਪਿਆ ਸੀ ਕਿ ਇਨ੍ਹਾਂ ਨੂੰ ਕੋਈ ਜਬਰੀ ਪ੍ਰੇਰਨਾ ਕਰ ਸਕਣ।

ਸਿਆਲਕੋਟ ਦੇ ਸਾਰੇ ਇਲਾਕੇ ਵਿੱਚ, ਖ਼ਾਸ ਕਰ ਨਾਰੋਵਾਲ ਦੀ ਤਸੀਲ ਵਿੱਚ ਗੁਰਮਤਿ ਤੱਤ ਅਸੂਲਾਂ ਦਾ ਪ੍ਰਚਾਰ ਇਨ੍ਹਾਂ ਦੇ ਰਾਹੀਂ ਏਤਨਾ ਸੀ ਕਿ ਪਿੰਡ ਪਿੰਡ ਵਿੱਚ ਤਿਆਰ-ਬਰ-ਤਿਆਰ ਸਿੰਘਾਂ ਦੇ ਜਥੇ ਸਜੇ ਹੋਏ ਸਨ। ਜਦੋਂ ਕਦੀ ਭੀ ਅਸੀਂ ਜਥੇ ਸੰਯੁਕਤ ਇਨ੍ਹਾਂ ਦੇ ਪਿੰਡ ਸੇਖਵਾਂ ਜਾਣਾ, ਤਾਂ ਪਹਿਲਾਂ ਹੀ ਸਾਰਾ ਪ੍ਰਬੰਧ ਉਨ੍ਹਾਂ ਦਾ ਕੀਤਾ ਹੋਣਾ। ਬਾਹਰ ਡੇਰੇ ਵਿਚ ਤੰਬੂ ਕਨਾਤਾਂ ਸ਼ਾਮਿਆਨੇ ਲਗੇ ਹੋਏ ਹੋਣੇ। ਜੰਗਲ ਵਿਚ ਮੰਗਲ ਬਣੇ ਹੋਏ ਸਨ, ਬੜਾ ਇਕਾਂਤ ਸਥਾਨ ਸੀ। ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਨੇ ਆ ਇਕੱਤਰ ਹੋਣਾ। ਕੀਰਤਨ-ਸਮਾਗਮ ਤਾਂ ਨਿਤਾਪ੍ਰਤਿ ਹੀ ਹੁੰਦੇ ਰਹਿੰਦੇ ਸਨ। ਜਥੇ ਦੇ ਅਸੂਲਾਂ ਦਾ ਨਿੱਗਰ ਪ੍ਰਚਾਰ ਜੋ ਇਸ ਇਲਾਕੇ ਵਿਚ ਡਾਕਟਰ ਬਸੰਤ ਸਿੰਘ ਜੀ ਦੇ ਪ੍ਰਭਾਵ ਕਰਕੇ ਹੋਇਆ ਹੈ, ਉਹ ਹੋਰ ਕਿਸੇ ਵਿਰਲੇ ਵਿਅਕਤੀ ਨੇ ਹੀ ਕੀਤਾ ਹੋਣਾ ਹੈ। ਜਦ ਅਸੀਂ ਕਸ਼ਮੀਰ ਨੂੰ ਜਾਣਾ, ਤਾਂ ਇਨ੍ਹਾਂ ਨੇ ਸਾਨੂੰ ਏਥੇ ਜ਼ਰੂਰ ਅਟਕਾਵਣਾ। ਇਸੇ ਪਾਸੇ ਵਲ ਜਾਣ ਦੀ ਪ੍ਰੇਰਨਾ ਵੀਰ ਵੱਲੋਂ ਬੜੀ ਪ੍ਰਬਲ ਹੋਇਆ ਕਰਦੀ ਸੀ। ਏਧਰਲੀਆਂ ਸੰਗਤਾਂ ਵਿੱਚ ਏਨ੍ਹਾਂ ਦਾ ਬੜਾ ਹੀ ਪ੍ਰਭਾਵ-



ਸ਼ਾਲੀ ਰੁਹਬ ਸੀ। ਜਿਤਿੰਦੇ ਹੋਣ ਕਰਕੇ ਅਤੇ ਗੁਰਮਤਿ ਨਾਮ ਦੇ ਤੱਤ ਅਭਿਆਸੀ ਹੋਣ ਕਰਕੇ ਏਨ੍ਹਾਂ ਦੀ ਨਿਸ਼ਕਾਮ ਤਪੱਸਿਆ ਦਾ ਹੀ ਪ੍ਰਤਾਪ ਸੀ। ਸੁਤੇ-ਸੁਭਾਵ ਹੀ ਸਾਰੇ ਸਿੰਘਾਂ ਵਿੱਚ ਏਨ੍ਹਾਂ ਦੇ ਆਗਿਆਕਾਰੀ ਰਹਿਣ ਦਾ ਬੜਾ ਹੀ ਬੇਨਜ਼ੀਰ ਡਿਸਿਪਲਿਨ (ਜ਼ਬਤ) ਬਣਿਆ ਹੋਇਆ ਸੀ। ਕੀ ਬੜੇ, ਕੀ ਛੋਟੇ, ਬਜ਼ੁਰਗ ਵੱਡੀ ਉਮਰ ਵਾਲੇ ਸਿੰਘ ਸੱਜਣ ਇਨ੍ਹਾਂ ਦਾ ਪੁਜ ਕੇ ਸਤਿਕਾਰ ਕਰਿਆ ਕਰਦੇ ਸਨ। ਪਰ ਸੰਤ ਵੀਰ ਡਾ: ਬਸੰਤ ਸਿੰਘ ਜੀ ਨੂੰ ਸਤਿਕਾਰ ਕਰਾਉਣ ਦਾ ਉੱਕਾ ਹੀ ਮੇਨੀਆ ਨਹੀਂ ਸੀ। ਕਈ ਥੋੜੀ ਅਕੀਦਤ ਦੇ ਕਜ-ਖ਼ਿਆਲੀ ਪੁਰਸ਼ ਇਹ ਵੀ ਖ਼ਿਆਲ ਕਰ ਲੈਂਦੇ ਸਨ ਕਿ ਸ਼ਾਇਦ ਏਥੇ ਸੰਤ-ਡੰਮ ਦਾ ਪਹਿਰਾ ਪਹਾਰਾ ਹੋਣਾ ਹੈ। ਪਰ ਇਹ ਖ਼ਿਆਲ ਉਨ੍ਹਾਂ ਦਾ ਨਿਰਾ ਹੀ ਨਿਰਮੂਲ ਸੀ, ਆਪੋ ਵਿਚ ਹੀ ਉਨ੍ਹਾਂ ਦੀ ਆਪ-ਹੁਦਰੀ ਭਰਾਂਤੀ ਸੀ। ਡਾ: ਬਸੰਤ ਸਿੰਘ ਜੀ ਨੂੰ ਇਸ ਗੱਲ ਦਾ ਲੇਪ ਛੇਪ ਵੀ ਹੈ ਨਹੀਂ ਸੀ।

ਗੁਰਮਤਿ ਲੰਗਰ ਸੇਖਵਾਂ ਦੇ ਡੇਰੇ ਵਿਚ ਚਲਦਾ ਹੀ ਰਹਿੰਦਾ ਸੀ, ਜਿਸ ਵਿਚ ਡਾ: ਬਸੰਤ ਸਿੰਘ ਦੀ ਆਪਣੀ ਛੋਟੀ ਭਰਜਾਈ ਬੀਬੀ ਪ੍ਰੀਤਮ ਕੌਰ ਜੀ ਦੀ ਮੁਖ ਪ੍ਰਧਾਨਤਾ ਸੀ। ਇਸ ਸੀਸ ਤੇ ਦਸਤਾਰ-ਸਜੀ-ਬੀਬੀ ਦਾ ਏਤਨਾ ਜਬ੍ਹਾ ਸੀ ਕਿ ਕਿਸੇ ਦੀ ਮਜਾਲ ਨਹੀਂ ਸੀ ਕਿ ਲੰਗਰ ਦੇ ਮੰਡਲ ਵਲ ਕੋਈ ਅੱਖ ਫਰਕ ਕੇ ਵੀ ਝਾਕ ਸਕੇ। ਇਹ ਬੀਬੀ ਪ੍ਰੀਤਮ ਕੌਰ ਅਤਿਅੰਤ ਸੁਸ਼ੀਲ ਅਤੇ ਸ੍ਵਾਸ ਸ੍ਵਾਸ ਨਾਮ ਜਪਣ ਵਾਲੀ ਪੁਰਾਤਨ ਦੇਵੀ ਸੀ, ਜਿਸ ਦੇ ਦੈਵੀ ਸੁਭਾਵ ਅਤੇ ਪ੍ਰਭਾਵ-ਸ਼ਾਲੀ ਪ੍ਰਬੰਧ ਕਰਕੇ ਜੋ ਜੋ ਬੀਬੀਆਂ ਭੁਜੰਗਣਾਂ ਲੰਗਰ ਵਿਚ ਸੇਵਾ ਕਰਦੀਆਂ ਸਨ, ਉਨ੍ਹਾਂ ਦੇ ਗੁਰਮਤਿ ਜੀਵਨ ਨਾਮ ਅਭਿਆਸ ਕੁਠਾਲੀ ਵਿਚ ਢਲੇ ਹੋਏ ਸਨ। ਸੇਵਾ ਕਰਦਿਆਂ ਉਨ੍ਹਾਂ ਦੀਆਂ ਮਖ਼ਮੂਰ ਅੱਖੀਆਂ ਕਦੇ ਨਹੀਂ ਉਘੜਦੀਆਂ ਸਨ। ਡਾ: ਬਸੰਤ ਸਿੰਘ ਜੀ ਦੇ ਸੁੰਦਰ ਸੁਡੌਲ ਯੁਵਾ ਅਵਸਥਾ ਵਾਲੀ ਸ੍ਰੀਰਕ ਕ੍ਰਾਂਤੀ ਤੇ ਆਮ ਨੌਜਵਾਨ ਜ਼ਨਾਨੀਆਂ ਬਥੇਰੀਆਂ ਮੋਹਤ ਹੋ ਜਾਂਦੀਆਂ ਸਨ, ਪ੍ਰੰਤੂ ਡਾਕਟਰ ਜੀ ਹਮੇਸ਼ਾ ਹੀ ਨਾਮ-ਰੰਗ ਦੀ ਉੱਚੀ ਔਜ ਮੌਜ ਵਿਚ ਹੀ ਮਸਤ ਰਹਿੰਦੇ ਸਨ। ਉਨ੍ਹਾਂ ਦੇ ਗੁਰਮਤਿ-ਗੀਧੇ-ਫੁਰਨਿਆਂ ਅਗੇ ਕਿਸੇ ਵਿਕਾਰੀ ਸੰਕਲਪ ਦਾ ਕੀ ਦਮ ਖ਼ਮ ਸੀ, ਕਿ ਟਿਕ ਸਕੇ। ਭੈੜਾ ਵੇਖਣ ਵਾਲਿਆਂ ਦੀ ਆਪਣੀ ਦ੍ਰਿਸ਼ਟੀ-ਕੋਨ ਵਿਚ ਹੀ ਭੈੜ ਹੁੰਦਾ ਹੈ।

ਡਾ: ਬਸੰਤ ਸਿੰਘ ਜੀ ਅਕਸਰ ਸਾਡੇ ਨਾਲ ਹੀ ਕਸ਼ਮੀਰ ਜਾਇਆ ਕਰਦੇ ਸਨ ਅਤੇ ਜੇਹਲਮ ਦਰਿਆ ਦੇ ਇਕ ਹੈਡ-ਵਰਕੀ-ਇਕਾਂਤ-ਅਸਥਾਨ ਤੇ ਸਾਨੂੰ ਹਮੇਸ਼ਾ ਹੀ ਲੈ ਜਾਇਆ ਕਰਦੇ ਸਨ। ਵਗਦੇ ਦਰਿਆ ਦੇ ਕਿਨਾਰੇ ਦੀਆਂ ਉੱਚੀਆਂ ਚਟਾਨਾਂ ਉਤੇ ਸਾਰਾ ਸਾਰਾ ਦਿਨ ਵਖੋ ਵਖ ਥਾਵੀਂ ਅਭਿਆਸ-ਆਸਣ ਜਮਾ ਕੇ ਬੈਠੇ ਰਹਿਣਾ ਤੇ ਅਡੋਲ ਅਨੰਦ ਮਾਨਣੇ। ਕਈ ਕਈ ਰਾਤਾਂ ਅਭਿਆਸ-ਲਹਿਰਾਂ

WWW.AKJ.ORG


ਵਿਚ ਹੀ ਗੁਜ਼ਾਰਨੀਆਂ। ਸਾਲ ਦਰ ਸਾਲ ਨਾਰੰਗਵਾਲ ਵਿਖੇ ਗੁਰਪੁਰਬ ਪੋਹ ਸੁਦੀ ਸੱਤਵੀਂ ਦੇ ਸਮਾਗਮਾਂ ਉਤੇ ਸਾਰਾ ਜਥਾ ਲੈ ਕੇ ਆਉਣਾ ਅਤੇ ਕੀਰਤਨ ਕਰਦੇ ਰਹਿਣਾ। ਕਈ ਕਈ ਵਾਰ ਕਿਲ੍ਹਾ ਰਾਏਪੁਰ ਸਟੇਸ਼ਨ ਤੋਂ ਉਤਰ ਕੇ ਅੱਧੀ-ਅੱਧੀ ਰਾਤੀਂ ਪੈਦਲ ਤੁਰ ਤੁਰ ਕੇ ਅੱਪੜਨਾ। ਸੀਸ-ਦਸਤਾਰ-ਸਜੀਲੀਆਂ ਬੀਬੀਆਂ ਭੁਝੰਗਣਾਂ ਦਾ ਜਥਾ ਵੀ ਨਾਲ ਹੋਇਆ ਕਰਦਾ ਸੀ। ਕੀਰਤਨ ਦੇ ਖ਼ੂਬ ਧਨੀ ਸਨ। ਸੰਗਤਾਂ ਸਮੇਤ ਭੂਮ-ਆਸਨੀ-ਉਤਾਰੇ ਲੈਣੇ। ਰੁੱਖਾ ਸੁੱਖਾ ਭੋਜਨ ਛਕ ਕੇ ਹੀ ਸੰਤੁਸ਼ਟ ਰਹਿਣਾ। ਗੁਰੂ ਕੇ ਲੰਗਰ ਲਈ ਰਾਸ਼ਨ ਸੀਸ ਤੇ ਚੁਕ ਕੇ ਲਿਆਵਣਾ। "ਅਪਨਾ ਬਿਗਾਰਿ ਬਿਰਾਨਾ ਸਾਂਢੈ"* ਦੇ ਗੁਰਵਾਕ ਅਨੁਸਾਰ ਪਰਉਪਕਾਰ ਹਿਤ ਆਪਣਾ ਸਾਰਾ ਸਰਬੰਸ ਵੀ ਵਾਰਨ ਤਾਈਂ ਜਾਂਦੇ ਸਨ, ਆਪਣੇ ਧਨ ਧਾਮ ਘਰ ਘਾਟ ਵੀ। ਇਕੋ ਮਿਸਾਲ ਕਾਫ਼ੀ ਹੈ, ਉਦਾਹਰਣ ਲਈ :

**ਘੱਲੂਘਾਰੇ ਦੇ ਦਿਨਾਂ ਦੀ ਸੇਵਾ -**

੧੯੪੭ ਵਿਚ ਜਦੋਂ ਮੁਸਲਮ ਲੀਗੀ-ਪਾਕਿਸਤਾਨੀ ਵੱਡਾ ਘੱਲੂਘਾਰਾ ਹੋਇਆ, ਜ਼ਿਲਾ ਸਿਆਲਕੋਟ ਸਾਰੇ ਦਾ ਸਾਰਾ ਪਾਕਿਸਤਾਨੀ ਵੰਡ ਵਿਚ ਆ ਗਿਆ ਸੀ। ਡਾਕਟਰ ਸਾਹਿਬ ਨੂੰ ਆਪਣੇ ਪਰਵਾਰ ਦੀ ਪਰਵਾਹ ਨਹੀਂ ਰਹੀ, ਪਹਿਲਾਂ ਹੋਰ ਪਰਵਾਰਾਂ ਦੀ ਰਖਸ਼ਾ ਵਿਚ ਤਤਪਰ ਹੋ ਗਏ। ਸਿਆਲਕੋਟ ਦੇ ਇਤਿਹਾਸਕ ਗੁਰਦਵਾਰਿਆਂ, ਗੁ: ਬੇਰ ਸਾਹਿਬ, ਗੁ: ਬਾਵਲੀ ਸਾਹਿਬ ਆਦਿਕ ਦੁਆਲੇ ਬੇ-ਪ੍ਰਵਾਹ ਪਹਿਰਾ ਦੇ ਕੇ ਹਿਫ਼ਾਜ਼ਤ ਕੀਤੀ। ਜਦੋਂ ਸਿਆਲਕੋਟ ਦੇ ਜ਼ਿਲੇ ਦੇ ਸਿੱਖਾਂ ਉੱਪਰ ਭੀੜ ਪਈ, ਤਾਂ ਉਸ ਭੀੜ ਵਿਚੋਂ ਗੁਰਸਿੱਖ ਪਰਵਾਰਾਂ ਨੂੰ ਕੱਢਣ ਲਈ ਸਿਰ ਧੜ ਦੀ ਬਾਜ਼ੀ ਲਾ ਕੇ ਪੂਰੇ ਪੂਰੇ ਯਤਨ ਕੀਤੇ। ਸ: ਹਰਨਾਮ ਸਿੰਘ ਉਬਰਾਏ ਦੇ ਸਾਰੇ ਪਰਵਾਰ ਨੂੰ ਸ਼ਹਿਰ ਸਿਆਲਕੋਟ ਵਿਚੋਂ ਜ਼ਰੂਰੀ ਸਮਾਨ ਸਮੇਤ ਆਪਣੇ ਸਾਥ ਲਿਆ ਕੇ ਰੋਪੜ ਦੇ ਪਾਸ ਮੀਰਾਂ ਮੀਰ ਪਿੰਡ ਵਿਚ ਜਾ ਵਸਾਇਆ। ਦਾਸ ਨੇ ਇਨ੍ਹਾਂ ਨੂੰ ਖ਼ਾਸ ਤਾਕੀਦ ਕੀਤੀ ਕਿ ਪਹਿਲਾਂ ਆਪਣੇ ਨਿਜ ਪਰਵਾਰ ਨੂੰ ਇਸ ਘਲੂਘਾਰੇ ਦੇ ਗੇੜੇ ਵਿਚੋਂ ਕੱਢ ਕੇ ਕਿਸੇ ਸੁਰੱਖਿਅਤ ਅਸਥਾਨ ਉਤੇ ਇਸ ਪਾਸੇ ਛੱਡ ਜਾਓ। ਇਸ ਪ੍ਰੇਰਨਾ ਦੀ ਤਾਮੀਲ ਕਰਨ ਲਈ ਡਾਕਟਰ ਸਾਹਿਬ ਧਾ ਕੇ ਆਪਣੇ ਪਿੰਡ ਸੇਖਵਾਂ ਵਲ ਗਏ। ਪਿੰਡ ਅਜੇ ਪਹੁੰਚੇ ਹੀ ਨਹੀਂ ਸਨ ਕਿ ਨਾਰੋਵਾਲ ਤਸੀਲ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਪਰਵਾਰ ਸਮੇਤ ਉਜੜ ਨਿਕਲੀਆਂ ਚਲੀਆਂ ਆਉਣ, ਉਨ੍ਹਾਂ ਨੂੰ ਕਿਸੇ ਪਾਸੇ ਟਿਕਾਣੇ ਲਗਣ ਦਾ ਪਤਾ ਨਹੀਂ ਸੀ। ਉਹ ਡਾਕਟਰ ਸਾਹਿਬ ਦੀ ਅਗਵਾਈ ਚਾਹੁੰਦੇ ਹੀ ਸਨ। ਡਾ: ਬਸੰਤ ਸਿੰਘ ਜੀ ਨੇ ਆਪਣੇ ਨਿਜ ਪਰਵਾਰ ਦੀ ਪ੍ਰਵਾਹ ਨਹੀਂ ਕੀਤੀ। ਸਾਰਾ ਪਰਵਾਰ ਕੁਰਬਾਨ ਕਰਵਾ ਲਿਆ। ਪਰਵਾਰ

* ਗੋਂਡ ਰਵਿਦਾਸ ਜੀਉ, ਪੰਨਾ ੮੭੫



ਦਾ ਬੱਚਾ ਬੱਚਾ ਸ਼ਹੀਦ ਹੋ ਗਿਆ, ਪਰ ੬੦ ਲੱਖ ਸਿੰਘਾਂ ਦੇ ਕਾਫ਼ਲੇ ਨੂੰ ਆਪਣੀ ਸਰਕਰਦਗੀ ਵਿਚ ਸੁਰੱਖਿਅਤ ਬਚਾਅ ਕੇ ਰਾਵੀਓਂ ਪਾਰ ਲੈ ਆਏ। ਸਾਵਣ ਭਾਦਰੋਂ ਦੇ ਦਿਨ ਸਨ, ਉਪਰੋਂ ਲਗਾਤਾਰ ਬਰਖਾਵਾਂ ਹੋ ਰਹੀਆਂ ਸਨ। ਹਫ਼ਤਿਆਂ ਬੱਧੀ ਦਿਨ ਰਾਤ ਭੁੱਖੇ ਰਹਿ ਕੇ ਸਰੀਰ ਤੇ ਕਸ਼ਟ ਝੱਲੇ, ਹੁੱਸੜ ਦੀਆਂ ਗਰਮੀਆਂ ਝਲੀਆਂ, ਪਰ ਸਚੇ ਪਰਉਪਕਾਰ ਦੇ ਪੂਰਨੇ ਪਾਏ, ਪਿੱਛਾ ਨਹੀਂ ਛਡਿਆ। ਆਪਣੀ ਗਹਿਣ ਗਤਿ ਤੋੜ ਨਿਬਾਹੀ। ਸਰੀਰਕ ਸਿਹਤ ਐਸੀ ਨਿਰਬਲ ਹੋਈ ਕਿ ਮੁੜ ਤਾਬ ਨਹੀਂ ਆਈ। ਲਹੂ ਸਰੀਰ ਦਾ ਸਾਰਾ ਸੁੱਕ ਗਿਆ, ਨਵਾਂ ਖ਼ੂਨ ਬਣਨੋਂ ਬੰਦ ਹੋ ਗਿਆ। ਜਦੋਂ ਫਿਰਨੋਂ ਤੁਰਨੋਂ ਵੀ ਰਹਿ ਖੜੋਤੇ, ਓਦੋਂ ਸਾਡੇ ਬਾਰੰਬਾਰ ਪ੍ਰੇਮ-ਸੱਦੇ ਭੇਜਣ ਪਰ ਕੁਮਾਰ ਹੱਟੀ ਸਾਡੇ ਪਾਸ ਆ ਗਏ। ਆ ਤਾਂ ਗਏ, ਪਰ ਨਿਬੜੇ ਹੋਏ ਹੀ ਆਏ। ਉਨ੍ਹਾਂ ਨੂੰ ਇਹ ਤਾਂ ਪਤਾ ਸੀ ਕਿ ਅੰਤ ਕਾਲ ਨੇੜੇ ਹੈ, ਹਿਰਦੇ ਦੀ ਤੀਬਰ ਇੱਛਾ ਇਹੋ ਸੀ ਕਿ ਸੰਗਤਾਂ ਵਿਚ ਖੇਡਦਿਆਂ ਹੋਇਆਂ ਅਤੇ ਸਾਡੀ ਨਿਕਟਤਾ ਵਿਚ ਸਨਮੁਖ ਰਹਿੰਦਿਆਂ ਹੋਇਆਂ ਸਾਡੇ ਪਾਸ ਹੀ ਸਰੀਰ ਛੁਟੇ। ਮਹੀਨਿਆਂ ਬੱਧੀ ਅਕਸਰ ਇਹ ਤੁਕਾਂ ਮੁਖੋਂ ਉਚਾਰਦੇ ਰਹਿੰਦੇ ਸਨ :

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥ ੬੧ ॥

(ਸਲੋਕ ਕਬੀਰ ਜੀ, ਪੰਨਾ ੧੩੬੭)

ਸੋ ਉਨ੍ਹਾਂ ਦਾ ਇਹ ਚਾਉ ਪੂਰਾ ਹੋ ਕੇ ਹੀ ਰਿਹਾ।

**ਛੇਵੇਂ ਪਾਤਸ਼ਾਹ ਦੇ ਦਰਸ਼ਨ, ਬੱਬਰ ਸ਼ੇਰ - ਭਵਿੱਖ ਦੀਆਂ ਗੱਲਾਂ-**

ਕੁਮਾਰ ਹੱਟੀ ਪਹਾੜੀ ਦੀਆਂ ਨੇੜੇ ਤੇੜੇ ਦੀਆਂ ਟਿੱਬੀਆਂ ਤੇ ਕੰਦਰਾਵਾਂ ਵਿਚ ਬੈਠ ਕੇ ਗੁਰਮਤਿ ਅਭਿਆਸ ਜਪ ਭਿੰਨੜੇ ਉਗਰ ਤਪ ਕੀਤੇ ਅਤੇ ਅਜਿਹੀ ਬਾਲੀ ਬਰੇਸ ਵਿਚ ਕੀਤੇ ਕਿ ਕਿਸੇ ਨੇ ਕਰਨੇ ਹੀ ਨਹੀਂ, ਨਾ ਹੋਣਗੇ। ਕਸ਼ਮੀਰ ਦੇ ਵਗਦੇ ਆਬਸ਼ਾਰਾਂ ਦੀਆਂ ਗੁੰਜਾਰਾਂ ਵਿਚ ਹੁਣ ਤਾਈਂ ਇਸ ਜਪੀ ਤਪੀ ਗੁਰਮੁਖ ਪਿਆਰੇ ਦੀਆਂ ਗੂੰਜਾਂ ਹੀ ਗੂੰਜਦੀਆਂ ਹਨ। ਸਿਰੀ ਨਗਰ ਅਤੇ ਬਾਰਾਮੂਲੇ ਦੇ ਵਿਚਕਾਰ ਇਕ ਬੜੀ ਇਕਾਂਤ ਵਿਚ, ਦਰਿਆ ਜੇਹਲਮ ਦਾ ਹੈੱਡ ਵਰਕਸ ਵਾਕਿਆ ਹੈ। ਉਸ ਹੈੱਡ-ਵਰਕਸ ਉਤੇ ਉਨ੍ਹਾਂ ਦੇ ਇਕ ਮਿੱਤਰ ਓਵਰਸੀਅਰ ਨੇ ਉਨ੍ਹਾਂ ਦੇ ਨਮਿਤ ਇਕ ਭਜਨ-ਕੁਟੀਆ ਬਣਾਈ ਹੋਈ ਸੀ। ਉਹ ਉਸ ਭਜਨ-ਕੁਟੀਆ ਵਿਚ ਰਾਤ ਨੂੰ ਭਜਨ ਕਰਿਆ ਕਰਦੇ ਸਨ ਅਤੇ ਦਿਨੇ ਵਗਦੇ ਜੇਹਲਮ ਦੇ ਕਿਨਾਰੇ ਉਤੇ। ਉਸ ਹੈੱਡ-ਵਰਕਸ ਦੇ ਘਾਟਾਂ ਵਿਚ ਬੜੇ ਬੜੇ ਉਚੇ ਉਚੇ, ਲੰਬੇ ਚੌੜੇ ਪੱਥਰ ਗੱਡੇ ਪਏ ਹਨ, ਜੋ ਕੁਦਰਤ ਦੀ ਜੜਤ ਨਾਲ ਹੀ ਕਈ ਜ਼ਮਾਨਿਆਂ ਦੇ ਜੜੇ ਹੋਏ ਚਲੇ ਆਉਂਦੇ

WWW.AKJ.ORG

WWW.AKJ.ORG


ਹਨ। ਉਨ੍ਹਾਂ ਪੱਥਰਾਂ ਦੀ ਸਿਖਰ ਚੌੜਾਨ ਵਿਚ ਬੈਠ ਕੇ ਜੁੜ ਜਾਇਆ ਕਰਦੇ ਸਨ। ਲਾਗੇ ਹੀ ਜੇਹਲਮ ਦਰਿਆ ਦੀਆਂ ਵਗਦੀਆਂ ਲਹਿਰਾਂ ਦੀਆਂ ਝੁਨਕਾਰਾਂ ਉਠਣੀਆਂ ਅਤੇ ਅੰਤਰ-ਆਤਮੇ ਅਭਿਆਸ-ਖੰਡੇ ਖੜਕਾਰਾਂ ਦੀਆਂ ਗੂੰਜਾਂ ਪੈਣੀਆਂ। ਅਸਾਨੂੰ ਵੀ ਕਈ ਵਾਰ ਉਨ੍ਹਾਂ ਪੱਥਰਾਂ ਦੀਆਂ ਸਮਾਧ-ਸਥਿਤ ਬੈਸਕੀ ਅਨਿੰਨ ਮੌਜੀ ਬਹਾਰਾਂ ਪਿਆਰੇ ਆਤਮ ਔਜੀ ਡਾਕਟਰ ਬਸੰਤ ਸਿੰਘ ਜੀ ਨੇ ਦਿਖਾਈਆਂ ਅਤੇ ਮਾਣਾਈਆਂ। ਸਾਡਾ ਉਥੋਂ ਉਠਣ ਨੂੰ ਜੀਅ ਨਾ ਕਰਨਾ। ਘੰਟਿਆਂ ਬੱਧੀ ਬੈਠਿਆਂ ਹੀ ਰਹਿਣਾ। ਜਦੋਂ ਉਥੋਂ ਉਠ ਕੇ ਕਿਸੇ ਓਰ ਜਾਣਾ, ਉਧਰੇ ਤੇ ਉਸੇ ਪਾਸੇ ਹੀ ਇਹੋ ਗੂੰਜਾਂ ਗੂੰਜਦੀਆਂ ਸੁਣਦੀਆਂ ਹੀ ਰਿਹਾ ਕਰਨ। ਹੁਣ ਤਾਈਂ ਕੁਮਾਰ ਹੱਟੀ ਦੀਆਂ ਵੇਗ ਪੌਣਾਂ ਵਿਚ ਆਤਮ ਗੌਣੀ ਚੁਭੇ ਮਾਰਦੇ ਹੋਏ ਭੀ, ਉਨ੍ਹਾਂ ਗੂੰਜਾਰਾਂ ਦੀਆਂ ਸਾਥ ਹੀ ਗੂੰਜਾਂ ਪੈਂਦੀਆਂ ਪ੍ਰਤੀਤ ਹੁੰਦੀਆਂ ਹਨ।

ਹੈੱਡ ਵਰਕੀ ਓਵਰਸੀਅਰ ਡਾ: ਬਸੰਤ ਸਿੰਘ ਜੀ ਦੇ ਮਿੱਤਰ ਦਾ ਇਕ ਸੱਕਾ ਭਾਈ ਏਥੇ ਉਨ੍ਹਾਂ ਦੇ ਨਾਲ ਰਿਹਾ ਕਰਦਾ ਸੀ। ਇਹ ਸੱਜਣ ਇਕ ਜਮਾਂਦਰੂ ਭਗਤ ਜਨ ਸੀ, ਬੜੇ ਹੀ ਗਰੀਬੀ ਵੇਸ ਵਿਚ ਰਿਹਾ ਕਰਦਾ ਸੀ। ਆਤਮ-ਖੇਡਾਂ ਦੀਆ ਅਜਰ ਜਰਨੀਆਂ ਜਿਸ ਨੇ ਪੁਜ ਕੇ ਜਰੀਆਂ ਹੋਈਆਂ ਸਨ, ਜਦੋਂ ਵੀ ਇਸ ਨੂੰ ਮੌਜ ਉਠਣੀ, ਤਾਂ ਇਸ ਹੈੱਡ-ਵਰਕਸ ਅਸਥਾਨ ਤੋਂ ਉਠ ਕੇ ਇਸ ਸੱਜਣ ਨੇ ਗੁਪਤੋ ਗੁਪਤੀ ਹੀ 'ਊਰੀ' ਦੇ ਇਤਿਹਾਸਕ ਗੁਰਦੁਆਰੇ ਵਿਖੇ ਜਾ ਬਿਰਾਜਣਾ। 'ਊਰੀ' ਵਾਸੀਆਂ ਅਤੇ ਉਦਾਲੇ ਛਪਾਲੇ ਦੇ ਨਗਰ-ਨਿਵਾਸੀਆਂ ਵਿਖੇ ਇਹ ਆਮ ਕਹਾਵਤ ਹੈ ਕਿ ਇਸ ਊਰੀ ਦੇ ਇਤਿਹਾਸਕ ਗੁਰਦੁਆਰੇ ਵਿਖੇ ਜਾਂ ਇਸ ਦੇ ਨੇੜੇ ਤੇੜੇ ਰਾਤ ਨੂੰ ਕੋਈ ਬੰਦਾ ਬਸ਼ਰ ਨਹੀਂ ਰਹਿ ਸਕਦਾ, ਕਿਉਂਕਿ ਆਮ ਤੌਰ ਤੇ ਉਹ ਕਹਿੰਦੇ ਹਨ ਕਿ ਇਥੇ ਬੱਬਰ ਸ਼ੇਰ ਆਉਂਦਾ ਹੈ, ਤਕਰੀਬਨ ਹਰ ਇਕ ਰਾਤ੍ਰੀ ਫੇਰਾ ਪਾਉਂਦਾ ਹੈ। ਇਹ ਗੁਰਦੁਆਰਾ ਜੇਹਲਮ ਦਰਿਆ ਉਤੇ ਅਗਲੇ ਪਾਰ ਦੇ ਕੰਢੇ ਤੇ ਬੜੀ ਹੀ ਇਕਾਂਤ ਨਿਰਜਨ ਅਸਥਾਨ ਤੇ ਵਾਕਿਆ ਹੈ। ਅਸਾਡੇ ਨਾਲ ਵੀ ਇਸ ਸੱਜਣ ਦਾ ਬੜਾ ਸਹਿਚਾਰ ਸੀ। ਮੈਨੂੰ ਅਤੇ ਡਾਕਟਰ ਬਸੰਤ ਸਿੰਘ ਜੀ ਨੂੰ ਇਹ ਸੱਜਣ ਨਿਜ ਹੱਡ-ਬੀਤੀਆਂ ਗੁਹਜ ਗੱਲਾਂ ਦਸ ਦਿਆ ਕਰਦਾ ਸੀ, ਜੋ ਨਿਹਾਇਤ ਹੀ ਕਾਬਲੇ ਯਕੀਨ ਗੱਲਾਂ ਸਨ। ਇਕ ਰਾਤ੍ਰੀ ਦਾ ਜ਼ਿਕਰ ਉਹ ਦਸਦਾ ਹੈ ਕਿ ਰਾਤ ਨੂੰ ਮੈਂ ਇਕ ਪੱਥਰ ਤੇ (ਗੁਰਦਵਾਰੇ ਤੋਂ ਬਾਹਰ) ਬੈਠਾ ਬਿਠਾਇਆ ਅਭਿਆਸ-ਲੀਨ ਹੋ ਗਿਆ, ਐਸਾ ਲੀਨ ਹੋਇਆ ਕਿ ਉਸ ਨੂੰ ਆਪਣੇ ਸਰੀਰ ਦੀ ਸੁਧ ਬੁਧ ਹੀ ਨਾ ਰਹੀ। ਇਸ ਅਭਿਆਸ-ਲੀਨਤਾ ਵਿਚ ਸ਼ੇਰ-ਬੱਬਰ ਨੇ ਆ ਕੇ ਇਸ ਦੇ ਸਾਹਮਣੇ ਭਬਕ ਮਾਰੀ। ਕੁਝ ਸਮੇਂ ਲਈ ਡਰ ਕੇ ਇਸ ਦੇ ਸਰੀਰ ਦੇ ਰੌਂਗਟੇ ਖੜੇ ਹੋ ਗਏ। ਪਰ ਤਤਕਾਲ ਹੀ ਸੁਰਤ ਆਉਣ ਪਰ "ਚਉਗਿਰਦ ਹਮਾਰੈ ਰਾਮ ਕਾਰ"* ਵਾਲਾ ਸ਼ਬਦ ਉਚਾਰਨ



ਕਰਨ ਲਗ ਪਏ। ਐਸੀ ਪਰਤੱਖ ਹੋਇ ਬੀਤੀ ਕਿ ਅਭਿਆਸ ਵਿਚ ਬੈਠਿਆਂ ਅਨੰਦੀ ਜਨ ਦੇ ਚਾਰ ਚੁਫੇਰੇ (ਚੌਗਿਰਦੇ) ਲੋਹੇ ਦੀ ਦੀਵਾਰ ਸਾਰਖੀ ਕਾਰ ਉਸਰ ਗਈ, ਜਿਸ ਦੇ ਅੰਦਰ ਉਹ ਸ਼ੇਰ ਆ ਹੀ ਨਾ ਸਕਿਆ। ਫੇਰ ਤਾਂ ਨਿਰਭਉ ਹੋ ਕੇ ਅਨਿੰਨ ਨਿਸਚੇ ਨਾਲ ਨਾਮ ਅਭਿਆਸ ਅਨੰਦੀ ਜਨ ਹੋਰ ਵੀ ਗਹਿਗਹੇ ਹੋ ਕੇ ਅਭਿਆਸ ਦੀਆਂ ਮੌਜਾਂ ਮਾਣਨ ਲਗੇ। ਇਤਨੇ ਨੂੰ ਅਚਾਨਕ ਹੀ ਗੁਪਤੋਂ ਪ੍ਰਗਟ ਹੋ ਕੇ ਛੇਵੇਂ ਗੁਰੂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤਿ-ਝਲਕਾਰਨੀ, ਅਤਿ ਮਲਗਾਰਨੀ ਦਰਸ਼ਨ ਆਏ ਦਿਤੇ। ਜਿਸ ਜੋਤਿ ਮਲਗਾਰਨੀ ਨਜ਼ਾਰੇ ਵਿਚ ਇਹ ਕੌਤਕ ਦੇਖਿਆ ਗਿਆ, ਉਹ ਅਨੇਕਾਂ ਹੀ ਅਤੇ ਅਗਿਣਤ ਹੀ ਗੁਪਤ ਖ਼ਜ਼ਾਨੇ ਮਾਇਆ ਦੇ ਹੀਰੇ, ਲਾਲਾਂ, ਜਵਾਹਰ ਮਾਣਕਾਂ ਦੇ ਪਰਤੱਖ ਦਰਸਾਏ ਗਏ ਤੇ ਇਹ ਵੀ ਉਚਾਰਨ ਕੀਤਾ ਗਿਆ ਕਿ ਸਮਾਂ ਆਏਗਾ, ਜਦੋਂ ਗੁਪਤ ਖ਼ਜ਼ਾਨਿਆਂ ਨੂੰ ਵਰਤਣ ਲਈ ਸ੍ਰੀ ਦਸਮੇਸ਼ ਜੀ ਦੇ ਖ਼ਾਸੁਲ ਖ਼ਾਸ ਸੂਰਬੀਰ ਸਿੰਘ ਇਥੇ ਆ ਕੇ ਇਨ੍ਹਾਂ ਗੁਪਤ ਖ਼ਜ਼ਾਨਿਆਂ ਨੂੰ ਕਢਣਗੇ। ਜਿਨ੍ਹਾਂ ਨੂੰ ਏਨ੍ਹਾਂ ਖ਼ਜ਼ਾਨਿਆਂ ਦੇ ਧੁਰੋਂ ਦਰਗਾਹੋਂ ਕੱਢਣ ਦਾ ਹੁਕਮ ਹੈ, ਉਹੀ ਜਨ ਹੀ ਇਨ੍ਹਾਂ ਗੁਪਤ ਖ਼ਜ਼ਾਨਿਆਂ ਦੀ ਪੇਖ ਪੜਤਾਲ ਕਰ ਸਕਣਗੇ। ਪਤਾ ਨਹੀਂ ਉਹ ਸਮਾਂ ਕਦੋਂ ਆਉਂਦਾ ਹੈ ਅਤੇ ਕਿਸ ਕਿਸ ਸੱਜਣ ਦੇ ਵਿਰਸੇ ਵਿਚ ਉਨ੍ਹਾਂ ਅਸਥਾਨਾਂ ਦੇ ਪੇਖਣ ਪੜਤਾਲਣ ਦਾ ਅਵਸਰ ਨਸੀਬ ਹੁੰਦਾ ਹੈ। ਡਾਕਟਰ ਬਸੰਤ ਸਿੰਘ ਜੀ ਤਾਂ ਚਲ ਬਸੇ, ਅਸੀਂ ਕਦੇ ਉਨ੍ਹਾਂ ਅਸਥਾਨਾਂ ਦੇ ਪੇਖਣ ਪੜਤਾਲਣ ਦਾ ਗਹੁ ਗੁਮੇਹ ਹੀ ਨਹੀਂ ਕੀਤਾ। ਡਾਕਟਰ ਬਸੰਤ ਸਿੰਘ ਜੀ ਭੀ ਇਸ ਖ਼ਿਆਲ ਤੋਂ ਨਿਰਲੇਪ ਹੀ ਰਹਿੰਦੇ ਸਨ। ਬਲਕਿ ਉਹ ਕਿਹਾ ਕਰਦੇ ਸਨ ਜਦੋਂ ਸਤਿਗੁਰੂ ਨੇ ਨਾਮ ਰੂਪੀ ਸੱਚੀ ਦੌਲਤ ਦੇ ਖ਼ਜ਼ਾਨੇ ਸਾਡੇ ਪੱਲੇ ਪਾ ਦਿਤੇ ਹਨ ਤਾਂ ਇਸ ਕੂੜਾਵੀ ਦੌਲਤ ਦੇ ਕੂੜੇ ਖ਼ਜ਼ਾਨਿਆਂ ਦਾ ਕੀ ਖ਼ਿਆਲ ਕਰਨਾ ਹੈ। ਸਚਮੁਚ ਸੱਚੇ ਨਾਮ ਰੂਪੀ ਖ਼ਜ਼ਾਨੇ ਦੀ ਖੇਪ ਲਦ ਕੇ ਤੁਰਦੇ ਲਗੇ ਅਤੇ ਪੱਲੇ ਪਏ ਖ਼ਜ਼ਾਨਿਆਂ ਨੂੰ ਨਾਲੇ ਲੈ ਕੇ ਪਧਾਰ ਗਏ, ਸਦਾ ਲਈ ਪਧਾਰ ਗਏ। ਉਨ੍ਹਾਂ ਦੇ ਪਧਾਰਨ ਸਮੇਂ ਇਕ ਉਨ੍ਹਾਂ ਦੇ ਟਹਿਲੀਏ ਨਾਜ਼-ਬਰਦਾਰ ਨੂੰ ਡਾਕਟਰ ਸਾਹਿਬ ਦੇ ਸਰੀਰੋਂ ਨਿਕਲੀ ਜੋਤਿ-ਝਲਕਾਰਨੀ-ਝਮਕਾਰ ਦੇ ਖ਼ਾਸ ਦੀਦਾਰੇ ਹੋਏ। ਉਹ ਕਈ ਦਿਨਾਂ ਤੇ ਹਫ਼ਤਿਆਂ ਬੱਧੀ ਗੁੰਮ ਸੁੰਮ ਹੋ ਕੇ ਇਸ ਚਮਤਕਾਰ ਦਾ ਅਨੰਦ ਅੰਦਰੋ ਅੰਦਰ ਹੀ ਮਾਣਦੇ ਰਹੇ ਅਤੇ ਹੁਣ ਤਾਈਂ ਮਾਣ ਰਹੇ ਹਨ।

ਇਤਿ ਪਿਆਰੇ ਬਸੰਤ ਸਿੰਘ ਸੰਬੰਧੀ ਸੰਖੇਪ ਸਮਾਚਾਰ ਸਮਾਪਤ!

**ਨੋਟ:** ਡਾਕਟਰ ਸਾਹਿਬ ਦਾ ਚਲਾਣਾ ਕੁਮਾਰ ਹੱਟੀ ਭਾਈ ਸਾਹਿਬ ਦੇ ਪਾਸ ੧੯੪੭ ਦੇ ਸਤੰਬਰ ਅਕਤੂਬਰ ਦੇ ਮਹੀਨਿਆਂ ਵਿਚ ਹੋਇਆ ਸੀ। (**ਸੰਪਾਦਿਕ**)

* ਬਿਲਾਵਲੁ ਮ: ੫, ਅੰਕ ੧॥੧੫॥੭੯, ਪੰਨਾ ੮੧੯

WWW.AKJ.ORG

WWW.AKJ.ORG

੧੧

# ਸਿਰੀ ਬੀਬੀ ਹਰਬੰਸ ਕੌਰ

ਇਹ ਹੈ ਅਸਾਡੇ ਗੁਰਪੁਰੀ ਨਿਵਾਸੀ ਧਰਮ-ਧੁਰੰਧਰੀ ਵੀਰ ਸ੍ਰੀ ਮਾਨ ਸਰਦਾਰ ਜੋਗਿੰਦਰ ਸਿੰਘ ਜੀ ਰਾਏਪੁਰੀਏ ਦੀ ਸੁਪਤਨੀ ਦਾ ਸੰਖੇਪ ਜੀਵਨ ਚਰਿਤ੍ਰ।

ਇਹ ਬੀਬੀ ਦਾਉਦਪੁਰ ਵਿਖੇ ਪੁਸ਼ਤੋ ਪੁਸ਼ਤੀ ਸਿੱਖ ਘਰਾਣੇ ਵਿਚ ਪੈਦਾ ਹੋਈ। ਇਨ੍ਹਾਂ ਦੇ ਚਾਚਾ ਜੀ - ਸ੍ਰੀ ਮਾਨ ਸੰਤ ਹੀਰਾ ਸਿੰਘ ਜੀ, ਜੋ ਇਸ ਜਥੇ ਦੇ ਧਰਮੱਗ ਰੁਕਨ ਰਹੇ ਹਨ, ਬੜੇ ਹੀ ਉਚ ਕਮਾਈਆਂ ਵਾਲੇ, ਗੁਰਮਤਿ ਭਗਤੀ ਭਾਉ ਦੇ ਖ਼ਾਸ ਨਮੂਨੇ ਸਨ। ਉਨ੍ਹਾਂ ਦੇ ਹੱਥਾਂ ਵਿਚ ਹੀ ਇਹ ਹੋਣਹਾਰ ਭੁਝੰਗਣ ਜਨਮੀ, ਪਲੀ ਤੇ ਉਨ੍ਹਾਂ ਦੀ ਧਾਰਮਿਕ ਜੀਵਨੀ ਦਾ ਆਤਮ ਔਜੀ ਸਤਿਸੰਗ ਵਾਲਾ ਗੂੜ੍ਹਾ ਅਸਰ ਬਾਲਪਨ ਤੋਂ ਹੀ ਇਸ ਭੁਝੰਗਣ ਦੇ ਜੀਵਨ ਤੇ ਪੈਂਦਾ ਰਿਹਾ। ਭੁਝੰਗਣ ਦੇ ਜਨਮ ਲੈਣ ਸਾਰ ਹੀ ਸੰਤ ਸਰੂਪ ਇਸੇ ਭਾਈ ਹੀਰਾ ਸਿੰਘ ਜੀ ਦੇ ਮੁਖਾਰਬਿੰਦ ਤੋਂ ਸੁਤੇ ਸੁਭਾ ਹੀ ਇਹ ਬਚਨ ਸਫ਼ੁਰਨ ਹੋਇਆ, "ਇਹ ਬੱਚੀ ਬੜੇ ਹੀ ਧਰਮੱਗ ਜੀਵਨ ਵਾਲੀ ਹੋਵੇਗੀ ਤੇ ਸਿੱਖੀ ਸਿਦਕ ਦਾ ਖ਼ਾਸ ਨਮੂਨਾ ਹੋਵੇਗੀ।"

ਜਦੋਂ ਇਹ ਭੁਝੰਗਣ ਯੁਵਕ ਅਵਸਥਾ ਨੂੰ ਪ੍ਰਾਪਤ ਹੋਈ ਤਾਂ ਸੰਤ ਭਾਈ ਹੀਰਾ ਸਿੰਘ ਜੀ ਦੀ ਸ਼ਫਾਇਤ ਨਾਲ ਇਸ ਭੁਝੰਗਣ ਦਾ ਅਨੰਦ ਕਾਰਜ ਪੂਰਨ ਗੁਰਮਤਿ ਅਨੁਸਾਰ ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਨਾਲ ਹੋਇਆ। ਭਾਈ ਜੋਗਿੰਦਰ ਸਿੰਘ ਜੀ ਜਿਸ ਨਮੂਨੇ ਦੇ ਪ੍ਰੇਮ ਪੁਤਲੇ ਤੇ ਗੁਰਮਤਿ ਜੀਵਨ ਵਾਲੇ ਹੋਏ ਹਨ, ਇਹ ਸਮਾਚਾਰ ਤਾਂ ਉਨ੍ਹਾਂ ਦੇ ਜੀਵਨ ਬ੍ਰਿਤਾਂਤ ਵਿਚ ਲਿਖਿਆ ਜਾਵੇਗਾ। ਸ੍ਰੀ ਮਤੀ ਭੈਣ ਹਰਬੰਸ ਕੌਰ ਜੀ ਦੇ ਬੜੇ ਉਤਮ ਭਾਗ ਸਨ ਕਿ ਉਨ੍ਹਾਂ ਦਾ ਸੰਜੋਗ ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਨਾਲ ਹੋਇਆ। ਗੁਰਮਤਿ ਸੰਜੋਗਿਤ ਇਸ ਦੰਪਤੀ ਦਾ ਮਾਇਆ ਕਰਕੇ ਚਾਹੇ ਬੜੀ ਹੀ ਗਰੀਬੀ ਵਾਲਾ ਹਾਲ ਸੀ, ਪ੍ਰੰਤੂ ਨਾਮ ਰੂਪੀ ਸੱਚੇ ਧਨ ਨਾਲ ਮਾਲਾ ਮਾਲ ਤੇ ਨਿਹਾਲੋ ਨਿਹਾਲ ਸਨ। ਪ੍ਰਮਾਰਥਕ ਹਰਿਆ ਭਰਿਆ ਜੀਵਨ ਜੈਸਾ ਕਿ ਇਸ ਸੁਭਾਗ ਜੋੜੀ ਨੇ ਬਤੀਤ ਕੀਤਾ ਹੈ, ਉਹ ਆਪਣੀ ਨਜ਼ੀਰ ਇਕ ਆਪ ਹੀ ਸੀ। ਗੁਰੂ ਘਰ ਵਿਚ ਆਵਣ ਸਾਰ ਹੀ, ਖੰਡੇ ਦਾ ਅੰਮ੍ਰਿਤ ਛਕਣ ਸਾਰ ਹੀ ਇਨ੍ਹਾਂ ਦੋਹਾਂ (ਨਾਰ ਭਤਾਰ) ਦੀ ਬ੍ਰਿਤੀ ਅਖੰਡਾਕਾਰ ਹੋ ਗਈ ਸੀ ਅਤੇ ਅਖੰਡਾਕਾਰ ਹੀ ਰਹੀ। ਨਿਰੰਕਾਰੀ ਨਾਮ ਦੀ ਪ੍ਰਾਇਣਤਾ ਤੇ ਪ੍ਰਬਲਤਾ ਤਲੇ ਸੰਸਾਰੀ





ਕਾਰ ਬ੍ਰਿਤੀ ਸੁਰਤੀ ਇਨ੍ਹਾਂ ਨੂੰ ਕਦੇ ਉਪਜਦੀ ਹੀ ਨਹੀਂ ਸੀ। ਭੈਣ ਸਿਰੀ ਹਰਬੰਸ ਕੌਰ ਜੀ ਨੇ ਗੁਰਮਤਿ ਸੰਜੋਗੀ ਜੀਵਨ ਧਾਰਨ ਕਰਨ ਸਾਰ ਹੀ ਹਰ ਪ੍ਰਕਾਰ ਘਰੋਗੀ ਪ੍ਰਬੰਧ ਨੂੰ ਐਸਾ ਸੰਭਾਲਿਆ ਕਿ ਦਿਨਾਂ ਵਿਚ ਹੀ ਨੌਂ ਨਿਧਾਂ, ਬਾਰ੍ਹਾਂ ਸਿਧਾਂ ਹੋ ਗਈਆਂ। ਸਕੀਮੀ ਤੇ ਗਰੀਬੀ ਪਲਟ ਕੇ ਰਾਜ ਭਾਗ ਦੀ ਲਹਿਰ ਬਹਿਰ ਵਰਤ ਗਈ। ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਪਤੀ ਜੋਗਿੰਦਰ ਸਿੰਘ ਜੀ ਪਟਿਆਲੇ ਰਿਆਸਤ ਵਿਚ ਬੜਿਆਂ ਬੜਿਆਂ ਅਹੁਦਿਆਂ ਤੇ ਮੁਮਤਾਜ਼ ਰਹੇ। ਮਾਇਕ ਗਰੀਬੀ ਭਾਵੇਂ ਦੂਰ ਹੋ ਗਈ ਸੀ, ਪ੍ਰੰਤੂ ਦਿਲ ਦੀ ਗਰੀਬੀ "ਗੁਰਮਤਿ ਰਿਦੈ ਗਰੀਬੀ ਆਵੈ"† ਦੇ ਮਹਾਂਵਾਕ ਅਨੁਸਾਰ ਐਸ਼੍ਵਰਜ ਦੇ ਹੁੰਦਿਆਂ ਵੀ ਸਦਾ ਕਾਇਮ ਰਹੀ। ਸਿਰੀ ਭੈਣ ਹਰਬੰਸ ਕੌਰ ਜੀ ਰਹਿਤ ਬਹਿਤ ਗੁਰਸਿੱਖੀ ਵਾਲੀ ਰਹਿਣੀ ਬਹਿਣੀ ਕਹਿਣੀ ਦੇ ਖ਼ਾਸ ਨਮੂਨੇ ਸਨ। ਸੀਸ ਉਤੇ ਸੁਰਮਈ ਰੰਗ ਦੀ ਦਸਤਾਰ ਸਜਾਣ ਦਾ ਭਰੋਸਾ ਭਰਿਆ ਸਿਦਕ ਨਮੂਨਾ, ਸਾਰੀਆਂ ਸੰਗਤਾਂ ਵਿਚ ਉਨ੍ਹਾਂ ਦਾ ਪ੍ਰਸਿੱਧ ਸੀ। ਸਰੀਰਕ ਡੌਲ ਰਿਸ਼ਟ ਪੁਸ਼ਟ ਸਿੰਘਣੀਆਂ ਵਾਲੀ ਸੀ, ਸੀਸ-ਸ਼ੋਭ-ਸਜੀ-ਦਸਤਾਰ ਨਾਲ ਉਨ੍ਹਾਂ ਦਾ ਖ਼ਾਲਸਾਈ ਰੁਹਬ ਵਾਲਾ ਚੇਹਰਾ ਉੱਚ ਧਰਮੱਗਤਾ ਦਾ ਨਜ਼ਾਰਾ ਪੇਸ਼ ਕਰਦਾ ਸੀ।

ਘਰ ਬਾਹਰ ਦਾ ਸਾਰਾ ਕਾਰਜ ਆਪ ਨਿਬਾਹੁਣਾ ਅਤੇ ਆਪਣੀ ਨਿਗਰਾਨੀ ਵਿਚ ਨਜਿੱਠਣਾ। ਹਰ ਛਿਨ ਨਾਮ ਬਾਣੀ ਦੀ ਧੁਨੀ ਕੰਮ ਕਾਜ ਕਰਦਿਆਂ, ਤੁਰਦਿਆਂ ਫਿਰਦਿਆਂ ਸੁਤੇ ਹੀ ਮੁਖੋਂ ਧੁਨੀਅਤ ਹੁੰਦੀ ਰਹਿਣੀ। ਗੁਰਮਤਿ ਰਹਿਣੀ ਬਹਿਣੀ ਦਾ ਇਤਨਾ ਪ੍ਰਬਲ ਸਿਦਕ-ਭਰੋਸਾ ਗੁਰੂ ਘਰ ਦੀ ਕਿਸੇ ਹੋਰ ਬੀਬੀ ਭੈਣ ਪੁਰ ਅਸੀਂ ਨਹੀਂ ਦੇਖਿਆ। ਹਮੇਸ਼ਾ ਸੁਕੇਸ਼ੀ ਇਸ਼ਨਾਨ ਕਰਦੇ ਹੁੰਦੇ ਸਨ, ਇਸ਼ਨਾਨ ਦਾ ਨਿਯਮ ਤਾਂ ਉਨ੍ਹਾਂ ਨੇ ਪ੍ਰਸੂਤ ਸਮੇਂ (ਸੰਤਾਨ ਉਤਪਤੀ ਸਮੇਂ) ਵੀ ਨਹੀਂ ਛੱਡਿਆ। ਬੱਚਾ ਬੱਚੀ ਪੈਦਾ ਹੋਣ ਸਾਰ ਹੀ ਉਸੇ ਦਿਨ ਇਸ਼ਨਾਨ ਕਰ ਲੈਣਾ। ਡਾਕਟਰ ਆਦਿਕ ਚਾਹੇ ਕਿਤਨਾ ਹੀ ਕਹਿਣ, ਉਨ੍ਹਾਂ ਨੇ ਕਦੇ ਆਪਣਾ ਨਿਯਮ ਨਿਬਾਹੁਣ ਤੋਂ ਨਾ ਟਲਣਾ। ਇਸ ਸਿਦਕ ਭਰੋਸੇ ਦਾ ਇਹ ਪ੍ਰਤਾਪ ਸੀ ਕਿ ਉਨ੍ਹਾਂ ਦੀ ਸਿਹਤ ਨੂੰ ਕਦੇ ਵੀ ਤੱਤੀ ਵਾਉ ਦਾ ਝੋਲਾ ਝਮਕਾ ਨਹੀਂ ਵੱਜਿਆ। ਸੰਗਤ ਦੀ ਸੇਵਾ ਦਾ ਚਾਉ ਪਰਲੇ ਦਰਜੇ ਦਾ ਸੀ, ਲੰਗਰ ਹਰ ਵਕਤ ਚਲਦਾ ਰਹਿੰਦਾ ਸੀ। ਆਪਣੇ ਹੱਥੀਂ ਲੰਗਰ ਸਜਾਣਾ ਵਰਤਾਉਣਾ, ਸਾਰੇ ਪਰਵਾਰ ਨੂੰ ਵੀ ਸਰਚਾਉਣਾ, ਆਈਆਂ ਸੰਗਤਾਂ ਨੂੰ ਭੁੰਚਾਇ ਕੇ ਸੰਤੁਸ਼ਟ ਕਰ ਦੇਣਾ। ਉਸ ਮੁਬਾਰਕ ਹੱਥੋਂ ਵਰਤੇ ਵਰਤਾਏ ਭਾਂਡੇ ਵਿਚ ਕਦੇ ਤੋਟ ਨਹੀਂ ਆਉਂਦੀ ਸੀ।

ਭਜਨ ਅਤੇ ਭਜਨੀਕ ਸਿੰਘ ਦੀਆਂ ਰਮਜ਼ਾਂ ਪਛਾਨਣ ਵਿਚ ਬੜੇ ਹੀ

---

†ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੪

WWW.AKJ.ORG

WWW.AKJ.ORG


ਪ੍ਰਬੀਨ ਸਨ। ਇਕ ਵਾਰ ਦਾ ਜ਼ਿਕਰ ਹੈ ਕਿ ਸਹਿਜ ਜੋਗੀ ਅਵਧੂਤ ਬਿਰਤੀਸ਼ਰ ਗੁਰਮੁਖ ਪਿਆਰੇ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਨੂੰ ਆਪਣੇ ਹੱਥੀਂ ਸਜਾਇਆ ਅੰਮ੍ਰਿਤ ਦਾ ਭੋਜਨ ਭੁੰਚਾ ਰਹੇ ਸਨ, ਕਿ ਭੋਜਨ ਛਕਦੇ ਛਕਦੇ ਸਿਰੀ ਭਾਈ ਆਤਮਾ ਸਿੰਘ ਜੀ ਦੀ ਸੁਰਤੀ ਐਸੀ ਟਿਕੀ ਕਿ ਉਹ ਭੋਜਨ ਭੁੰਚਣਾ ਹੀ ਭੁੱਲ ਗਏ। ਮੁਖ ਵਿਚ ਗਰਾਹੀ ਪਾਉਣ ਹੀ ਨਾ ਅਤੇ ਐਵੇਂ ਮਚਾਕੇ ਮਾਰੀ ਜਾਣ। ਅੱਖੀਆਂ ਟਟਾਰੇ ਲੱਗੀਆਂ ਹੋਈਆਂ, ਚਿਹਰੇ ਤੇ ਨੂਰ ਦਾ ਖਿੜਾਓ ਛਾਇਆ ਹੋਇਆ। ਪਾਸ ਬੈਠੇ ਭਾਈ ਜੋਗਿੰਦਰ ਸਿੰਘ ਜੀ ਨੇ ਹੈਰਾਨ ਹੋ ਕੇ ਸਿਰੀ ਭੈਣ ਹਰਬੰਸ ਕੌਰ ਜੀ, ਨਿਜ ਸੁਪਤਨੀ ਤੋਂ ਪੁਛਿਆ ਕਿ ਇਹ ਗੁਰਮੁਖ ਪਿਆਰੇ ਕੀ ਕੌਤਕ ਵਰਤਾ ਰਹੇ ਹਨ ਕਿ ਮੁਖ ਵਿਚ ਪ੍ਰਸ਼ਾਦ ਪਾਉਂਦੇ ਹੀ ਨਹੀਂ, ਪਰੰਤੂ ਐਸਾ ਪ੍ਰਤੀਤ ਹੁੰਦਾ ਹੈ ਕਿ ਅਜ਼ਗ਼ੈਬੀ ਛਾਂਦਾ ਭੁੰਚ ਰਹੇ ਹਨ। ਸਿਰੀ ਭੈਣ ਹਰਬੰਸ ਕੌਰ ਨੇ ਉਤਰ ਵਿਚ ਆਖਿਆ, "ਹੈਰਾਨੀ ਵਾਲੀ ਕਿਹੜੀ ਗੱਲ ਹੈ, ਨਾਰੰਗਵਾਲ ਬੈਠੇ ਭਾਈ ਰਣਧੀਰ ਸਿੰਘ ਜੀ ਇਨ੍ਹਾਂ ਨੂੰ ਗੱਫੇ ਛਕਾ ਰਹੇ ਹਨ।" ਇਹ ਬਚਨ ਸੁਣ ਕੇ ਭਾਈ ਜੋਗਿੰਦਰ ਸਿੰਘ ਜੀ ਨੇ ਉਹ ਵੇਲਾ ਨੋਟ ਕਰ ਲਿਆ।

ਐਨ ਉਸੇ ਸਮੇਂ ਇਧਰ ਨਾਰੰਗਵਾਲ ਇਹ ਵਰਤਾਰਾ ਵਰਤਿਆ ਕਿ ਸਾਡੀ ਸਾਥਣ ਸਿਰੀ ਮਤੀ ਕਰਤਾਰ ਕੌਰ ਜੀ ਨੇ ਪ੍ਰੇਮ ਭੋਜਨ ਪ੍ਰਸ਼ਾਦ ਸਾਡੇ ਛਕਣ ਲਈ ਅਗੇ ਰਖਿਆ। ਮੈਂਡੇ ਮੁਖ ਵਿਖੇ ਇਕ ਦੋ ਗਰਾਹੀਆਂ ਹੀ ਗਈਆਂ ਹੋਣਗੀਆਂ ਕਿ ਨਿਜ ਛਕਣ ਛਕਾਈ ਵਲੋਂ ਤਾਂ ਮੁਖ ਮੁੜ ਗਿਆ, ਹੱਥ-ਹਿਲਾਈ ਅਜੇ ਹੋਈ ਜਾਵੇ। ਇਹ ਕੌਤਕ ਵੇਖ ਕੇ ਮੈਂਡੀ ਮਾਈ (ਜੋ ਪਾਸ ਬੈਠੀ ਸੀ) ਕਰਤਾਰ ਕੌਰ ਜੀ ਤੋਂ ਪੁੱਛਣ ਲਗੀ, ਕਿ ਕੀ ਵਰਤਾਰਾ ਵਰਤ ਰਿਹਾ ਹੈ, ਮੇਰੀ ਸਮਝ ਵਿਚ ਨਹੀਂ ਆਉਂਦਾ। ਸਿਰੀ ਭੈਣ ਹਰਬੰਸ ਕੌਰ ਸਮਾਨ ਗੁਹਜ-ਰਮਜ਼ਾਂ ਬੁਝਣਹਾਰੀ ਸਿਰੀ ਮਤੀ ਕਰਤਾਰ ਕੌਰ ਜੀ ਨੇ ਤਤਕਾਲ ਹੀ ਉਤਰ ਦੇ ਕੇ ਮਾਈ ਜੀ ਦੀ ਨਿਸ਼ਾ ਕਰ ਦਿਤੀ, "ਹੈਰਾਨੀ ਵਾਲੀ ਕਾਹਦੀ ਗੱਲ ਹੈ, ਇਹ ਤਾਂ ਇਸ ਸਮੇਂ ਆਪਣੇ ਸਰਬਲੋਹੀ-ਬਾਟੇ ਦੇ ਸਾਂਝੀਵਾਲ ਭਾਈ ਆਤਮਾ ਸਿੰਘ ਜੀ ਨੂੰ, ਜੋ ਪਟਿਆਲੇ ਵਿਖੇ ਸਃ ਜੋਗਿੰਦਰ ਸਿੰਘ ਦੇ ਘਰ ਭੈਣ ਹਰਬੰਸ ਕੌਰ ਜੀ ਪਾਸ ਬੈਠੇ ਹਨ, ਗਫੇ ਛਕਾ ਰਹੇ ਹਨ।" ਸਾਡੀ ਅੱਖ ਉਘੜੀ ਤੇ ਅਸੀਂ ਵੀ ਟਾਈਮ ਨੋਟ ਕਰ ਲਿਆ।

ਕੁਛ ਦਿਨ ਪਿਛੋਂ ਸਿਰੀ ਭੈਣ ਹਰਬੰਸ ਕੌਰ ਜੀ, ਸੰਤ ਹੀਰਾ ਸਿੰਘ ਜੀ, ਪਰਮ ਪਿਆਰੇ ਅਵਧੂਤ ਰਿਸ਼ੀ ਭਾਈ ਆਤਮਾ ਸਿੰਘ ਜੀ ਸਣੇ ਭਾਈ ਜੋਗਿੰਦਰ ਸਿੰਘ ਜੀ ਦੇ ਨਾਰੰਗਵਾਲ ਆ ਦਰਸ਼ਨ-ਪਜ਼ੀਰ ਹੋਏ। ਦੋਹਾਂ ਪਾਸਿਆਂ ਦੀਆਂ ਰਮਜ਼ਨੀ ਬੁਝਾਰਤਾਂ ਮਿਲਾਈਆਂ ਤਾਂ ਮਿਲ ਗਈਆਂ।

ਸਿਰੀ ਬੀਬੀ ਹਰਬੰਸ ਕੌਰ ਜੀ ਐਸੀ ਮਹੱਤਤਾ ਵਾਲੀ ਜਬਰ-ਜੰਗ ਸਿੰਘਣੀ



ਹੋ ਗੁਜ਼ਰੀ ਹੈ ਕਿ ਉਨ੍ਹਾਂ ਦੇ ਧਾਰਮਕ ਰੁਹਬ ਦਾਬ ਦਾ ਸਿੱਕਾ ਪਟਿਆਲਾ ਨਿਵਾਸੀ ਸਮੂਹ ਅਹਿਲਕਾਰਨੀ ਸਰਦਾਰਨੀਆਂ ਦੇ ਉਪਰ ਬੜੀ ਪ੍ਰਭਤਾ ਨਾਲ ਬੈਠਾ ਹੋਇਆ ਸੀ, ਵਜ਼ੀਰਾਂ ਕਬੀਰਾਂ ਦੀਆਂ ਵਜ਼ੀਰਨੀਆਂ ਤੇ ਰਾਜ ਮਹੱਲਾਂ ਦੀਆਂ ਰਾਣੀਆਂ ਸਭ ਇਨ੍ਹਾਂ ਤੋਂ (ਸਿਰੀ ਬੀਬੀ ਹਰਬੰਸ ਕੌਰ ਜੀ ਤੋਂ) ਕਾਂਪ ਖਾਂਦੀਆਂ ਸਨ। ਹੋਰ ਸਭ ਸਰਦਾਰਨੀਆਂ ਨੂੰ ਮਹਿਲਾਂ ਵਿਚ ਬੁਲਾ ਲੈਂਦੀਆਂ ਸਨ, ਪ੍ਰੰਤੂ ਸਿਰੀ ਬੀਬੀ ਹਰਬੰਸ ਕੌਰ ਜੀ ਨੂੰ ਸੱਦਾ ਭੇਜਣ ਦੀ ਵੀ ਕਿਸੇ ਨੂੰ ਜੁਰਅਤ ਨਹੀਂ ਪੈਂਦੀ ਸੀ। ਪਤੀ-ਬ੍ਰਤ ਧਰਮ ਨੂੰ ਨਿਬਾਹੁਣ ਵਿਚ ਇਹ ਭੈਣ ਹਰਬੰਸ ਕੌਰ ਲਾਸਾਨੀ ਸੀ।

ਸਿਰੀ ਭਾਈ ਜੋਗਿੰਦਰ ਸਿੰਘ ਜੀ ਉਸ ਸਮੇਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਜਦੋਂ ਉਹ ਮੈਂਬਰ ਚੁਣੇ ਗਏ, ਗੌਰਮਿੰਟ ਗੋਰਾਸ਼ਾਹੀ ਦੇ ਬਰ-ਖ਼ਿਲਾਫ਼ ਅਕਾਲੀ-ਪੰਥ ਦੀ ਐਜੀਟੇਸ਼ਨ ਬੜੇ ਜ਼ੋਰਾਂ ਤੇ ਸੀ। ਸ਼੍ਰੋਮਣੀ ਕਮੇਟੀ ਵਿਚ ਲਗ ਪਗ ਸਾਰੇ ਹੀ ਮੈਂਬਰਾਂ ਨੂੰ ਇਸ ਐਜੀਟੇਸ਼ਨ ਵਿਚ ਜੇਲ੍ਹਾਂ ਅੰਦਰ ਜਾਣਾ ਪਿਆ। ਉਨ੍ਹੀਂ ਦਿਨੀਂ ਸਰਦਾਰ ਜੋਗਿੰਦਰ ਸਿੰਘ ਜੀ ਦੀ ਸਰੀਰਕ ਸਿਹਤ ਬਹੁਤ ਕਮਜ਼ੋਰ ਸੀ। ਪਰੰਤੂ ਸਿਰੀ ਭੈਣ ਹਰਬੰਸ ਕੌਰ ਜੀ ਨੇ ਉਨ੍ਹਾਂ ਨੂੰ ਉਭਾਰਿਆ ਅਤੇ ਅਨਿੰਨ-ਪਤਨੀਆਂ ਵਾਲੀ ਹਲਾ-ਸ਼ੇਰੀ ਦੇ ਕੇ ਆਪਣੇ ਹੱਥੀਂ ਜੇਲ੍ਹ ਨੂੰ ਤੋਰਿਆ। ਤੋਰਨ ਲਗਿਆਂ ਸੁਤੇ-ਸੁਭਾਵ ਹੀ ਭੈਣ ਹਰਬੰਸ ਕੌਰ ਜੀ ਦੇ ਨੇਤਰਾਂ ਵਿਚੋਂ ਹੰਝੂ ਵਹਿ ਤੁਰੇ। ਸਿਰੀ ਭਾਈ ਸਃ ਜੋਗਿੰਦਰ ਸਿੰਘ ਜੀ ਨੇ ਇਹ ਦ੍ਰਿਸ਼ ਦੇਖ ਕੇ ਬੜੀ ਹੈਰਾਨਗੀ ਨਾਲ ਪੁਛਿਆ ਕਿ ਡੋਲਣ ਦਾ ਕੀ ਕਾਰਨ ਹੈ, ਏਨੀ ਬਹਾਦਰੀ ਦਿਖਾ ਕੇ ਹੁਣ ਕਿਉਂ ਦ੍ਰਵੀਭੂਤ ਹੋ ਰਹੇ ਹੋ ? ਸਿਰੀ ਭੈਣ ਹਰਬੰਸ ਕੌਰ ਜੀ ਨੇ ਹੱਸ ਕੇ ਉੱਤਰ ਦਿਤਾ ਕਿ ਬਹੁਤ ਛੇਤੀ ਮੇਲੇ ਹੋਣ ਦੀ ਕੋਈ ਸੰਭਾਵਨਾ ਨਹੀਂ, ਲੰਮੇ ਵਿਛੋੜੇ ਪੈਂਦੇ ਦਿਸਦੇ ਹਨ। ਸਰਦਾਰ ਜੋਗਿੰਦਰ ਸਿੰਘ ਜੀ ਨੇ ਬੜੀ ਦ੍ਰਿੜਤਾ ਨਾਲ ਉਤਰ ਦਿਤਾ ਕਿ ਸਾਡੀ ਸਿਹਤ ਬੜੀ ਰਿਸ਼ਟ ਪੁਸ਼ਟ ਹੈ, ਤੁਹਾਡੀਆਂ ਅਸੀਸਾਂ ਨਾਲ ਹੀ ਤਕੜੀ ਹੋ ਗਈ ਹੈ, ਤੁਸੀਂ ਸਾਡਾ ਕੀ ਫ਼ਿਕਰ ਕਰਦੇ ਹੋ ?

ਅਸਲ ਵਿਚ ਸਿਰੀ ਭੈਣ ਹਰਬੰਸ ਕੌਰ ਜੀ ਨੂੰ ਆਪਣੇ ਅਕਾਲ ਚਲਾਣੇ ਦਾ ਭਵਿਖਤ ਚਮਤਕਾਰ ਦਿਸਿਆ ਸੀ, ਚਾਹੇ ਉਨ੍ਹਾਂ ਨੇ ਉਨ੍ਹਾਂ ਨੂੰ ਕਹਿ ਕੇ ਨਹੀਂ ਸੁਣਾਇਆ। ਪਰ ਜਦੋਂ ਸਰਦਾਰ ਜੋਗਿੰਦਰ ਸਿੰਘ ਜੀ ਜੇਲ੍ਹ ਤੋਂ ਰਿਹਾ ਹੋ ਕੇ ਵਾਪਸ ਘਰ ਆਏ, ਤਾਂ ਭੈਣ ਸਿਰੀ ਹਰਬੰਸ ਕੌਰ ਜੀ ਪਿਆਨੇ ਕਰ ਚੁਕੇ ਸਨ। ਸਰਦਾਰ ਜੋਗਿੰਦਰ ਸਿੰਘ ਜੀ ਨੂੰ ਆਪਣੀ ਅਨਿੰਨ ਪਤੀਬ੍ਰਤਾ ਪਤਨੀ ਦੇ ਵਿਛੋੜੇ ਦਾ ਸਦਮਾ ਬੜਾ ਅਸਹਿ ਹੋ ਕੇ ਗੁਜ਼ਰਿਆ, ਜਿਸ ਨੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਿਹਤ ਤੇ ਬੜਾ ਡੂੰਘਾ ਅਸਰ ਕੀਤਾ। ਤਦ ਪਸਚਾਤ ਉਹ ਜਿੰਨਾ ਚਿਰ ਜੀਂਵਦੇ ਰਹੇ, ਸਰੀਰਕ ਸਿਹਤ ਕਰਕੇ ਘਟਦੇ ਹੀ ਗਏ। ਸਿੱਖੀ ਸਿਦਕ ਦੀ ਪੁਤਲੀ ਸਿਰੀ

WWW.AKJ.ORG

ਹਰਬੰਸ ਕੌਰ ਤਾਂ ਪੂਰੀ ਹੋ ਗਈ, ਪਰ ਗੁਰਮੁਖ ਪਰਵਾਰ ਦੇ ਸਾਰੇ ਕਾਰੋਬਾਰ ਅਧੂਰੇ ਰਹਿ ਗਏ। ਭਾਣਾ ਮਿੱਠਾ ਕਰ ਮੰਨਣ ਦੀ ਸ਼ਕਤੀ ਜੈਸੀ ਗੁਰੂ ਮੇਹਰਬਾਨ ਨੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੂੰ ਬਖ਼ਸ਼ੀ ਹੋਈ ਸੀ, ਉਹ ਵਿਰਲਿਆਂ ਹੀ ਸਿੱਖਾਂ ਦੇ ਨਸੀਬਾਂ ਵਿਚ ਆਈ ਹੈ। (ਸਿਰੀ ਭਾਈ ਜੋਗਿੰਦਰ ਸਿੰਘ ਸੰਬੰਧੀ ਵੱਖਰਾ ਸਮਾਚਾਰ ਲਿਖਿਆ ਜਾਵੇਗਾ, ਕਿਉਂਕਿ ਉਹ ਵੀ ਅਕਾਲ ਚਲਾਣਾ ਕਰ ਚੁਕੇ ਹਨ।)

੧੨

# ਸਿਰੀ ਮਾਨ ਸੰਤ ਭਾਈ ਹੀਰਾ ਸਿੰਘ ਜੀ ਦਾਊਦਪੁਰੀਏ

ਇਹ ਗੁਰਮੁਖ ਪਿਆਰੇ ਸਿਰੀ ਭੈਣ ਹਰਬੰਸ ਕੌਰ ਜੀ ਦੇ ਸੱਕੇ ਚਾਚੇ ਸਨ। ਜੈਸੇ ਕਿ ਅਗੇ ਵੀ ਜ਼ਿਕਰ ਆ ਚੁਕਿਆ ਹੈ। ਮੁੱਢ ਜਨਮ ਤੋਂ ਹੀ ਇਹ ਗੁਰਮੁਖ ਸਜਣ ਸੀਲ ਸੁਭਾਵੀ ਸੰਤ ਸਰੂਪ ਸਨ। ਖੰਡੇ ਦਾ ਅੰਮ੍ਰਿਤ ਛਕਣ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਭਜਨ ਅਭਿਆਸ ਵਿਚ ਐਸੇ ਅਰੂੜ੍ਹ ਹੋਏ ਕਿ ਸਾਰੀ ਸਾਰੀ ਰਾਤ ਦੋਇ ਕਰ ਜੋੜ ਗਲ ਵਿਚ ਪੱਲਾ ਪਾ ਕੇ ਅਤੇ ਇਕ ਟੰਗ ਖੜੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਖੰਡਾਕਾਰ ਬਿਰਤੀ ਵਿਚ ਸਾਵਧਾਨ ਹੋ ਕੇ ਅਨਿੰਨ ਅਭਿਆਸ ਕਮਾਈਆਂ ਕਰਨੀਆਂ, ਇਨ੍ਹਾਂ ਦਾ ਨਿਤ ਦਾ ਗੁਰਮਤਿ ਉਦਮੀ ਕਰਮ ਸੁਕਰਮ ਸੀ। ਅਕਾਲ ਪੁਰਖ ਦੀ ਜੋਤਿ ਪ੍ਰਕਾਸ਼ ਦੇ ਦਰਸ਼ਨਾਂ ਦਾ ਜੋ ਚਾਉ ਉਮਾਹ ਇਨ੍ਹਾਂ ਦੇ ਹਿਰਦੇ ਅੰਦਰ ਸੀ, ਉਹ ਵਿਰਲਿਆਂ ਹੀ ਅਭਿਆਸੀ ਜਨਾਂ ਦੇ ਅੰਦਰ ਦੇਖਿਆ ਪਾਖਿਆ ਗਿਆ ਹੈ। ਘੰਟਿਆਂ ਬੱਧੀ ਹੀ ਵੈਰਾਗ ਅੰਦਰ ਪੂਰਤ ਹੋ ਕੇ ਇਕਾਂਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਰਹਿਣਾ। ਪਾਠ ਕਰਦਿਆਂ ਅੰਤਰੀਵੀ ਜੋਦੜੀਆਂ ਜੋਤਿ ਵਿਗਾਸੀ ਦਰਸ਼ਨਾਂ ਦੀਆਂ ਹੀ ਰੋਮ ਰੋਮ ਹੁੰਦੀਆਂ ਰਹਿਣੀਆਂ ਸਿਰੀ ਭਾਈ ਸੰਤ ਹੀਰਾ ਸਿੰਘ ਜੀ ਬੜੇ ਉਦਮ ਅਤੇ ਸ਼ੁਧ ਅਖੰਡ ਪਾਠੀ ਹੋਏ ਹਨ। ਸ਼ੁਧ ਪਾਠ ਤੇ ਅਖੰਡ ਪਾਠ ਕਰਦਿਆਂ ਹੋਇਆਂ ਨਾਲੋ ਨਾਲ ਹੀ ਅਖੰਡ ਭਜਨ ਅਭਿਆਸ ਲਗਾਤਾਰੀ ਲਿਵ ਅਭਿਆਸ ਵਿਚ ਹੀ ਹੁੰਦਿਆਂ ਰਹਿਣਾ।

ਇਕ ਦਿਨ ਦਾ ਜ਼ਿਕਰ ਹੈ ਕਿ ਗੁਰਦੁਆਰੇ ਦੇ ਸਾਰੇ ਬੂਹੇ ਅੰਦਰੋਂ ਬੰਦ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਦਿਆਂ ਨੂੰ ਹੀ ਉਹ ਅਗੰਮੀ ਝਰਨਾਟ ਭਜਨ-ਪਿਆਰ ਦੀ ਛਿੜੀ ਕਿ ਉਨ੍ਹਾਂ ਨੂੰ ਕੋਈ ਸੁਧ ਬੁਧ ਨਾ ਰਹੀ। ਛੇਤੀ ਹੀ ਆਪਣਾ ਆਪ ਸੰਭਾਲ ਕੇ ਗੁਪਤ ਅਰਦਾਸ ਵਿਚ ਜੁਟ ਗਏ। ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਉਤਾਰ ਕੇ ਪਾਠ ਕਰਨਾ ਹੀ ਅਰੰਭਿਆ ਸੀ ਕਿ ਇਕ-ਦਮ ਹੀ ਅੰਤਰ-ਆਤਮੇ ਜੋਤਿ ਵਿਗਾਸ ਦਾ ਉਘਾੜ ਹੋ ਗਿਆ, ਜੋ ਉਨ੍ਹਾਂ ਤੋਂ ਝਲਿਆ ਨਾ ਜਾਵੇ। ਸਾਰਾ ਸਰੀਰ ਹਲਕਾ ਫੁਲਕਾ ਅਮਿਓ ਰਸਾਇਣੀ ਉਡਣ-ਖਟੋਲਾ ਬਣ ਗਿਆ। ਅਮਿਓ ਰਸ ਰਸਾਇਣੀ ਲਿਵ ਵਿਚ ਮਗਨਾਰ ਹੋ ਕੇ ਨਾਭੀ ਵਿਚ ਸ੍ਵਾਸ

ਅਭਿਆਸੀ ਖੰਡੇ ਨੂੰ ਜਦੋਂ ਦਬਾਇਆ ਤਾਂ ਦੂਜੀ ਛਿਨ ਵਿਚ ਸਹਿਜ ਸੁਭਾ ਹੀ ਤਾਬਿਆ ਵਿਚ ਬੈਠੇ ਐਸੇ ਉਛਲੇ ਕਿ ਸਰੀਰ ਸਮੇਤ ਹੀ ਗੁਰਦਵਾਰਾ ਸਾਹਿਬ ਜੀ ਦੀ ਛੱਤ ਨੂੰ ਜਾ ਲੱਗੇ। ਅਜਰ ਨੂੰ ਜਰਨ ਦੀ ਸ਼ਕਤਿ ਸੁਤੇ ਸੁਭਾਵ ਹੀ ਗੁਰਮੁਖ ਪਿਆਰੇ ਸੰਤ ਭਾਈ ਹੀਰਾ ਸਿੰਘ ਜੀ ਨੂੰ ਗੁਰੂ ਵਲੋਂ ਹੀ ਪਰਦਾਨ ਸੀ। ਬੜੀ ਸੁਚੇਤਤਾ ਸਹਿਤ ਅਜਰ ਸਾਵਧਾਨਤਾ ਵਾਲੀਆਂ ਅਰਦਾਸਾਂ ਬੇਨਤੀਆਂ ਵਿਚ ਲੀਨ ਹੋ ਗਏ। ਬੜੀ ਹੀ ਸਹਿਜ ਆਤਮ ਉਮਕਾਰ ਦੀ ਰਫ਼ਤਾਰ ਵਿਚ ਸਣੇ ਸਣੇ ਹੇਠਾਂ ਉਤਰ ਆਏ, ਜਿਵੇਂ ਕੋਈ ਉਡਣ-ਪੰਖੇਰੂ ਉਤਰਿਆ ਕਰਦਾ ਹੈ। ਉਤਰਨ ਸਾਰ ਹੀ ਸ੍ਰੀ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡੌਤ ਪਰਨੇ ਲੰਮੇ ਪੈ ਗਏ। ਤਕੜਾ ਚਿਰ ਪਏ ਪਏ ਹੀ ਬੇਨਤੀਆਂ ਕਰਨ ਵਿਚ ਜੁਟੇ ਰਹੇ: "ਹੇ ਪਾਤਸ਼ਾਹ, ਇਸ ਅਜਰ ਨੂੰ ਆਪ ਹੀ ਜਰਾਈਂ।" ਗੁਰੂ ਦੀ ਕਿਰਪਾ ਅਨੁਸਾਰ ਓਦੂੰ ਪਿਛੋਂ ਐਸਾ ਅਜਰ ਜਰਿਆ, ਕਿਸੇ ਨੂੰ ਲਖਾਇਆ ਨਹੀਂ। ਨਾਮ-ਵਿਗਾਸੀ-ਲਿਵ-ਮਗਨ-ਦਸ਼ਾ ਵਿਚ ਹੀ ਸੰਗਤਾਂ ਅੰਦਰ ਵਿਚਰਦੇ ਰਹੇ। ਅਜਿਹੇ ਰੰਗ-ਰੱਤੜੇ ਰੰਗਲੇ ਗੁਰਮੁਖ ਸੱਜਣਾਂ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਲਿਆ ਜਾਂਦਾ ਸੀ। ਇਹ ਇਸ ਜਥੇ ਦਾ ਸਦੀਵੀ ਬਿਰਦ ਰਿਹਾ ਹੈ।

ਹੁਕਮ ਅੰਦਰ, ਪਿੰਡ ਦਾਊਦਪੁਰ ਜ਼ਿਲਾ ਲੁਧਿਆਣਾ ਤੋਂ "ਨਕਿ ਨਥ ਖਸਮ ਹਥ"† ਦੀ ਕਾਰ ਅਨੁਸਾਰ ਵਿਦਾ ਹੋ ਕੇ ੩੬੧ ਚੱਕ, ਜ਼ਿਲਾ ਲਾਇਲਪੁਰ ਵਿਖੇ ਵਸਨੀਕ ਹੋਏ, ਜਿਥੇ ਕਿ ਉਨ੍ਹਾਂ ਨੂੰ ਮੁਰੱਬੇ ਮਿਲੇ ਹੋਏ ਸਨ। ੩੬੧ ਚੱਕ ਅੰਦਰ ਜਾਣ ਦੀ ਦੇਰ ਹੀ ਸੀ ਕਿ ਇਸ ਗੁਰਮੁਖ ਹੰਸਲੇ ਵੀਰ ਸੰਤ ਭਾਈ ਹੀਰਾ ਸਿੰਘ ਜੀ ਦੀ ਸੰਗਤ ਦੇ ਪ੍ਰਭਾਵ ਕਰਕੇ ਅਨੇਕਾਂ ਅਧਿਕਾਰੀ ਜਨ ਜੀਵੜਿਆਂ ਦੇ ਘਟਾਂ ਅੰਦਰ ਜੋਤਿ ਜਗਮਗੀ ਦੀਵੜੇ ਲਟ ਲਟ ਬਲ ਉੱਠੇ। ੩੬੧ ਚੱਕ ਲਗ ਪਗ ਸਾਰਾ ਹੀ ਇਸ ਲਹਿਰ ਨਾਲ ਰੁਮਕ ਉਠਿਆ। ਅੰਮ੍ਰਿਤ-ਧਾਰੀ ਜੋਤਿ ਵਿਗਾਸੀਆਂ ਦਾ ਇਕ ਅਨੂਪਮ ਖੇੜਾ ਖਿੜ ਉਠਿਆ। ਸਾਰੇ ਗੁਰਮੁਖ ਜਨ ਖੇਤੀ ਬਾੜੀ ਦੀ ਕਾਰ ਭੀ ਕਰਨ ਅਤੇ ਨਾਮ ਅਭਿਆਸ ਦੀ ਸੱਚੀ ਕਾਰ ਵਿਚ ਭੀ ਹਮਾਤਨ ਹੋ ਕੇ ਜੁਟੇ ਰਹਿਣ। ਸਾਰਿਆਂ ਨੂੰ ਐਸਾ ਪ੍ਰਤੀਤ ਹੋਵੇ ਕਿ ਸਭ ਦੇ ਕਾਰਜ ਸਤਿਗੁਰ ਆਪ ਹੀ ਸਵਾਰ ਰਿਹਾ ਹੈ। ਇਹ ਕਦੇ ਅੱਕਣ ਥੱਕਣ ਹੀ ਨਾ। ਖੇਤੀ ਬੀਜਦੇ ਹੋਏ, ਗੁਡਦੇ ਹੋਏ, ਗੁਡਾਈ ਕਰਦੇ ਹੋਏ ਬੜੀ ਸੁਬਕਤਾ ਅਤੇ ਸੁਗਮਤਾ ਸਹਿਤ ਸਾਰੇ ਕਾਰਜ ਨਿਬਾਹੀ ਜਾਣ ਅਤੇ ਸਹਿਜੇ ਹੀ ਨਿਬਾਹੀ ਜਾਣ। ਵਢਾਈ ਕਰਦੇ ਹਨ ਤਾਂ ਪਹਿਰ ਪਹਿਰ ਕਰਦੇ ਹੀ ਰਹਿਣ, ਕੋਈ ਅਗੰਮੀ ਕਲਾ ਉਨ੍ਹਾਂ ਤੋਂ ਇਹ ਕਾਰ ਕਰਾਂਦੀ ਸੀ। ਢੁਆਈ ਕਰਦੇ ਹਨ ਤਾਂ ਸੀਸ ਦੇ ਉਪਰ ਭਰੀਆਂ ਲੈ ਕੇ ਘਰਾਂ ਨੂੰ ਇਉਂ ਉੜੇ ਜਾਂਦੇ ਹਨ, ਜਿਵੇਂ ਉਨ੍ਹਾਂ ਦੇ ਪੈਰ ਧਰਤੀ

† ਮ:੨, ॥੨॥੨੮॥ਪੰਨਾ ੬੫੩



ਤੇ ਲਗਦੇ ਹੀ ਨਹੀਂ। ਕਈ ਦਾਨੇ ਬੀਨੇ ਸੱਜਣਾਂ ਨੇ ਆਪਣੇ ਅੱਖੀਂ ਵੇਖ ਕੇ ਇਹ ਸ਼ਾਹਦੀ ਦਿਤੀ ਕਿ ਭਾਰ ਦੀਆਂ ਭਰੀਆਂ, ਲਈ ਜਾਂਦੇ ਇਨ੍ਹਾਂ ਗੁਰਮੁਖ ਸਿੰਘਾਂ ਦੇ, ਸਿਰਾਂ ਤੋਂ ਦੋ ਦੋ ਗਿੱਠ ਉੱਚੀਆਂ ਹੀ ਰਹਿੰਦੀਆਂ ਸਨ।

੩੬੧ ਚੱਕ ਵਿਚ ਜਥੇ ਵਲੋਂ ਕਈ ਵਾਰ ਅਖੰਡ ਪਾਠ ਸਮਾਗਮ ਹੋਏ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਏ, ਜਿਨ੍ਹਾਂ ਅੰਦਰ ਐਸੇ ਐਸੇ ਕੌਤਕ ਵਰਤੇ ਕਿ ਵਰਨਣ ਨਹੀਂ ਕੀਤੇ ਜਾ ਸਕਦੇ। ੩੬੧ ਚੱਕ ਨਿਵਾਸੀ ਸਾਰੇ ਨਾਮ ਅਭਿਆਸੀ ਗੁਰਮੁਖ ਸਿੰਘ ਅਕਸਰ ਇਕ ਮੰਡਲੀ ਵਿਚ ਹੀ ਇਕੱਤਰ ਹੋ ਕੇ ਅਭਿਆਸ ਕਰਿਆ ਕਰਦੇ ਸਨ। ਨਾਮ ਦੇ ਖੰਡੇ ਦੀਆਂ ਗੂੰਜਾਰਾਂ ਐਸੀਆਂ ਪੈਣੀਆਂ ਕਿ ਸਾਰਾ ਨਗਰ ਹੀ ਵਜਦ ਵਿਚ ਆ ਜਾਣਾ।

ਇਕ ਗੰਗਾ ਸਿੰਘ ਨਾਮੇ ਮਸਖ਼ਰਾ ਪੁਰਸ਼ ਮਸਖ਼ਰੀ ਵਜੋਂ ਇਕ ਦਿਨ ਉਸ ਅਭਿਆਸ-ਮੰਡਲ ਦੇ ਬੂਹੇ ਅਗੇ ਜਾ ਖਲੋਤਾ। ਕੀ ਵੇਖਦਾ ਹੈ ਕਿ ਦਰਜਨਾਂ ਦੀਆਂ ਦਰਜਨਾਂ ਸਿੰਘ ਅਭਿਆਸੀ ਜਨ ਮਿਲ ਕੇ ਜ਼ੋਰੋ ਜ਼ੋਰ ਅਭਿਆਸ ਕਰ ਰਹੇ ਹਨ, ਉਨ੍ਹਾਂ ਦੇ ਹੱਥਾਂ ਵਿਚ ਸਰਬ ਲੋਹ ਦੇ ਮਾਲਾ-ਸਿਮਰਨੇ ਸਸ਼ੋਭਿਤ ਹਨ। ਉਨ੍ਹਾਂ ਉਚੀ ਉਚੀ ਅਭਿਆਸ ਕਰਦਿਆਂ ਸਿੰਘਾਂ ਦੀ ਨਕਲ ਕਰਨ ਲਈ ਉਸ ਮਸਖ਼ਰੇ ਪੁਰਸ਼ ਨੇ ਸਣ ਦੀ ਸੁਬੀ (ਰੱਸੀ) ਨੂੰ ਗੰਢਾਂ ਦੇ ਕੇ ਮਾਲਾ ਬਣਾ ਲਈ, ਅਤੇ ਬੂਹੇ ਅਗੇ ਖੜਾ ਖੜੋਤਾ ਉਸ ਨਕਲੀ ਮਾਲਾ ਨੂੰ ਫੇਰਨ ਲਗਾ ਅਤੇ ਅਸਲੀ ਅਭਿਆਸੀ ਜਨਾਂ ਦੀ ਨਕਲ ਵਿਚ ਉਹ ਉਚੀ ਉਚੀ ਅਭਿਆਸ ਕਰਨ ਲਗ ਪਿਆ। ਪੰਦਰ੍ਹਾਂ ਮਿੰਟ ਹੀ ਮਸਾਂ ਇਸ ਨਕਲੀ ਰੀਸ ਨੂੰ ਕਰਦਿਆਂ ਹੋਏ ਸੀ ਕਿ ਕਰਦਾ ਕਰਦਾ ਧੜੰਮ ਦੇ ਕੇ ਧਰਤੀ ਤੇ ਜਾ ਡਿੱਗਾ। ਉਸ ਦੀਆਂ ਕਿਲਕਾਰੀਆਂ ਨਿਕਲ ਗਈਆਂ। ਜ਼ੋਰੋ ਜ਼ੋਰ ਦੁਹਾਈਆਂ ਦੇਣ ਲੱਗਾ। ਸੁਣ ਕੇ, ਸਾਰਾ ਪਿੰਡ ਇਕੱਠਾ ਹੋ ਗਿਆ। ਦੁਹਾਈਆਂ ਸੁਣ ਕੇ ਆਏ ਕਈ ਪ੍ਰਤਿਸ਼ਟੇ ਪੁਰਸ਼ਾਂ ਨੇ ਪੁਛਿਆ, "ਓ ਗੰਗਾ ਸਿੰਘਾ, ਤੈਨੂੰ ਕੀ ਹੋਇਆ ?" ਉੱਤਰ ਵਿਚ ਬਹੁੜੀਆਂ ਪਾ ਕੇ ਪੁਕਾਰਨ ਲਗਾ, "ਮੈਂ ਪਾਪੀ ਨੂੰ ਇਨ੍ਹਾਂ ਸਿੰਘਾਂ ਤੋਂ ਬਖ਼ਸ਼ਵਾ ਦੇਵੋ।" ਨਾਲੇ ਧਰਤੀ ਤੇ ਲੇਟੀ ਜਾਵੇ ਨਾਲੇ ਲੇਲ੍ਹੜੀਆਂ ਕਢੇ। ਅਭਿਆਸ-ਮੰਡਲੀ ਅੰਦਰਲੇ ਗੁਰਮੁਖ ਜਨਾਂ ਨੇ ਸੁਚੇਤ ਸਾਵਧਾਨ ਹੋ ਕੇ ਉਸ ਹਾਲੋਂ ਬੇਹਾਲ ਹੋਏ ਧਰਤੀ ਨਾਲ ਸਿਰ ਪਟਕਦੇ ਗੰਗਾ ਸਿੰਘ ਨੂੰ ਚੁਕਿਆ। ਓਸੇ ਦਿਨ ਹੀ ਸੰਗਤ ਅਗੇ ਪ੍ਰਾਸਚਿਤ ਪਸਚਾਤਾਪ ਕਰ ਕੇ ਗੰਗਾ ਸਿੰਘ ਨੇ ਆਪਣੇ ਬੱਜਰ ਪਾਪਾਂ ਮਈ ਭੁਲਾਂ ਬਖ਼ਸ਼ਵਾਈਆਂ, ਅਤੇ ਅੰਮ੍ਰਿਤ ਛਕ ਕੇ ਅਜਰ ਜਰਨ ਵਾਲਾ ਤਿਆਰ-ਬਰ-ਤਿਆਰ ਸਿੰਘ ਸਜ ਗਿਆ। ਇਸ ਪਿਆਰੇ ਗੰਗਾ ਸਿੰਘ ਨੇ ਪ੍ਰੇਮ-ਪੁਲਕਤਾ ਵਾਲੇ ਸਰਸ਼ਾਦ ਰਾਗ ਵਿਚ ਜ਼ਾਰੋ-ਕਤਾਰ ਰੋ ਕੇ ਖ਼ੁਦ ਅਸਾਨੂੰ ਆਪਣੀ ਨਿਜ ਬੀਤੀ ਹੱਡ-ਬੀਤੀ ਸੁਣਾਈ ਹੈ। ਬਰਸਾਂ ਬੱਧੀ ੩੬੧ ਚੱਕ ਨਾਮੇ ਨਗਰੀ ਅੰਦਰ ਇਸ ਅਨੰਦ-ਭਗਤੀ ਦੀ ਇਹ

WWW.AKJ.ORG


ਅਗੰਮੀ ਲਹਿਰ ਐਸੀ ਚਲੀ ਕਿ ਕਈ ਹੋਰ ਚੱਕ ਵੀ ਤਿਆਰ-ਬਰ-ਤਿਆਰ ਸਿੰਘ ਸਜ ਗਏ।

**ਦਸ਼ਾ ਦਾ ਪਲਟਾ ਖਾਣਾ** -

ਫੇਰ ਇਹ ਅਨੂਠਾ, ਪਰੰਤੂ ਉਲਟਾ ਕੌਤਕ ਵਰਤਿਆ ਕਿ ਗੁਰਮੁਖ ਪਿਆਰੇ ਸੰਤ ਸਰੂਪ ਭਾਈ ਹੀਰਾ ਸਿੰਘ ਜੀ ਨਾਮ-ਜੋਤਿ-ਜਗੰਨੀ ਕਲਾ ਵਲੋਂ ਠਰ੍ਹੰਮੇ ਪੈ ਗਏ। ਐਸੇ ਠਰੇ ਕਿ ਜੋਤਿ-ਕ੍ਰਿਸ਼ਮਣੀ ਅੰਦਰਲੇ ਘਟ ਅੰਦਰਲੇ ਚਮਤਕਾਰ ਸਾਰੇ ਹੀ ਮੱਧਮ ਪੈ ਗਏ। ਉਹ ਦੁਹਾਈਆਂ ਦੇਣ ਅਤੇ ਸੰਗਤਾਂ ਦੇ ਜੋੜਿਆਂ ਵਿਚ ਲਿਟਦੇ ਫਿਰਨ। ਇਹੋ ਪੁਕਾਰਨ ਕਿ ਅਗੰਮੀ ਠੰਢ ਅਤੇ ਘਟ ਅੰਤਰ ਜੋਤਿ ਪ੍ਰਚੰਡ ਦੀ ਕਲਾ ਵਲੋਂ ਉਹ ਉੱਕੇ ਹੀ ਸੱਖਣੇ ਹੋ ਗਏ ਹਨ। ਬਥੇਰੇ ਵਾਹ ਤਰਲੇ ਲਏ, ਅਨੇਕਾਂ ਉੱਦਮ ਕੀਤੇ, ਪਰ ਉਸ ਤਾੜੇ ਉਨ੍ਹਾਂ ਦੀ ਆਤਮ-ਬਿਰਤੀ ਨਾ ਹੀ ਆਈ, ਜਿਥੇ ਕਿ ਉਹ ਅਕਸਰ ਹਮੇਸ਼ਾ ਹੀ ਖੇਲਿਆ ਕਰਦੇ ਸਨ। ਸਾਰੀ ਸਾਰੀ ਰਾਤ ਉਦਿਆਨ ਵਿਚ ਜਾਗ ਕੇ ਖੂਹਾਂ ਦੀਆਂ ਮਣਾਂ ਉਤੇ ਇਕ ਟੰਗ ਖੜੇ ਹੋ ਕੇ ਅਭਿਆਸ ਕੀਤੇ, ਬਥੇਰੇ ਅਜਪਾ ਜਾਪ ਸਾਧੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜੇ ਹੋ ਕੇ ਅਨੇਕਾਂ ਹੀ ਅਠੋਤਰੀਆਂ ਪੱਕੀਆਂ ਮਾਲਾਂ ਫੇਰੀਆਂ, ਪਰ ਕੁਛ ਨਾ ਬਣਿਆ। ਤਰਲੋ-ਮੱਛੀ ਲਗੀ ਹੀ ਰਹੀ, ਵਿਆਕੁਲਤਾ ਨਾ ਹੀ ਦੂਰ ਹੋਈ। ਕੀਰਤਨ-ਮੰਡਲਾਂ ਵਿਚ ਆਉਣ ਪਰ ਪਾਗ਼ਲਾਂ ਵਾਂਗ ਬਾਹਰ ਖੜੇ ਰਹਿਣ। ਆਪ-ਮੁਹਾਰੇ ਸਾਰੀਆਂ ਸੰਗਤਾਂ ਦੇ ਜੋੜੇ ਝਾੜ ਝਾੜ ਕੇ ਸਰੀਰ ਤੇ ਮੁਖ ਤੇ ਮਲਣ। ਪਰੰਤੂ ਜਿਉਂ ਜਿਉਂ ਜਤਨ ਤੇ ਤਰਲੇ ਕਰਨ, ਤਿਉਂ ਤਿਉਂ ਉਨ੍ਹਾਂ ਦੀ ਤੜਫਨੀ ਵਧਦੀ ਹੀ ਜਾਏ।

ਸਿਰੀ ਭਾਈ ਹੀਰਾ ਸਿੰਘ ਜੀ ਦੀ ਇਹ ਦਸ਼ਾ ਦੇਖ ਕੇ ਸਿਫ਼ਾਰਸ਼ੀਆਂ ਨੇ ਕਈ ਵਾਰ ਸਿਫ਼ਾਰਸ਼ਾਂ ਪਾਈਆਂ ਅਤੇ ਕੀਰਤਨ-ਰੰਗਾਂ ਵਿਚ ਬੇ-ਪ੍ਰਵਾਹ ਨਾਮ-ਰਤੜੇ ਸੰਗਤ ਵਿਚ ਜੁੜੇ ਗੁਰਮੁਖ ਜਨਾਂ ਨੇ ਇਨ੍ਹਾਂ ਸਿਫ਼ਾਰਸ਼ਾਂ ਦੀ ਪ੍ਰਵਾਹ ਹੀ ਨ ਕਰਨੀ। ਜਥੇ ਦੇ ਗੂੜ੍ਹ ਰਮਜ਼ ਪਛਾਣੂ ਪਾਰਖੂ ਜਨ ਅੰਤਰ-ਆਤਮੇ ਸਭ ਕੁਛ ਸਮਝਦੇ ਬੁਝਦੇ ਸਨ ਅਤੇ ਇਹ ਵੀ ਜਾਣਦੇ ਸਨ ਕਿ ਅਜੇ ਭਾਈ ਹੀਰਾ ਸਿੰਘ ਜੀ ਦੇ ਬਖ਼ਸ਼ੇ ਜਾਣ ਦਾ ਸਮਾਂ ਨਹੀਂ ਆਇਆ। ਓੜਕ ਭਾਣੇ ਅੰਦਰ ਜਦੋਂ ਸਮਾਂ ਆਇਆ ਤਾਂ ਅੰਮ੍ਰਿਤ-ਸੰਚਾਰ ਮੰਡਲ ਅੰਦਰ ਪੰਜਾਂ ਪਿਆਰਿਆਂ ਨੇ ਆਪ ਹੀ ਭਾਈ ਹੀਰਾ ਸਿੰਘ ਜੀ ਨੂੰ ਸੱਦ ਬੁਲਾਇਆ। ਦਾਸ ਲਿਖਾਰੀ ਓਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਸੀ ਜਦੋਂ ਭਾਈ ਹੀਰਾ ਸਿੰਘ ਜੀ ਪੰਜਾਂ ਪਿਆਰਿਆਂ ਸਾਹਮਣੇ ਪੇਸ਼ ਹੋਏ। ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਭਾਈ ਹੀਰਾ ਸਿੰਘ ਜੀ ਨੂੰ ਅਸਲ ਹਕੀਕਤ ਵਰਨਣ ਕਰਨ ਲਈ ਪੁਛਿਆ ਗਿਆ। ਉਹ ਰੋ ਰੋ ਕੇ ਵਰਨਣ ਕਰਨ ਲਗੇ ਕਿ ਪਤਾ ਨਹੀਂ ਪਹਿਲੀ ਜੋਤਿ ਵਿਗਾਸੀ ਕਲਾ ਕਿਉਂ ਖੜ ਗਈ ਹੈ, ਆਤਮ



ਵਿਗਾਸ ਮਈ ਸੁਰਤੀ-ਬਿਰਤੀ ਕਿਉਂ ਸਖਣੀ ਹੋ ਗਈ ਹੈ। ਜ਼ਾਹਿਰਾ ਤਾਂ ਮੈਥੋਂ ਕੋਈ ਐਸੀ ਅਵੱਗਿਆ ਹੋ ਗਈ ਨਹੀਂ ਜਾਪਦੀ, ਸੁਪਨ-ਸਾਰਖੀ ਵੀ ਪਤਿਤ-ਕਰਮੀ ਦੁਫੇੜਤਾ ਨਹੀਂ ਵਿਆਪੀ ਅਤੇ ਪਤਾ ਨਹੀਂ ਕੀ ਪੁਠੀ ਭੌਣੀ ਵਗ ਗਈ ਹੈ ਕਿ ਦਸ਼ਾ ਪਹਿਲੇ ਠਿਕਾਣੇ ਆਉਂਦੀ ਹੀ ਨਹੀਂ। ਲੱਖਾਂ ਕਰੋੜਾਂ ਸੰਜਮ ਉਪਾਉ ਕੀਤੇ, ਅਨੇਕਾਂ ਵੇਰਾਂ ਸੰਗਤਾਂ ਦੀਆਂ ਧੂੜੀਆਂ ਵਿਚ ਲਿਟੇ, ਪਰ ਇਹ ਪਤਾ ਨਹੀਂ ਲਗਾ ਕਿ ਕੀ ਐਸੀ ਅਵੱਗਿਆ ਹੋ ਗਈ ਹੈ ਜਿਸ ਕਾਰਨ ਕਰਕੇ ਇਹ ਬੇਮੁਖਤਾ ਵਿਆਪੀ ਹੈ।

ਸੁਤੇ ਸੁਭਾਵ ਹੀ ਪੰਜਾਂ ਪਿਆਰਿਆਂ ਦੇ ਇਸ਼ਾਰੇ ਅਨੁਸਾਰ ਦਾਸ ਵਲੋਂ ਭਾਈ ਹੀਰਾ ਸਿੰਘ ਜੀ ਨੂੰ ਇਹ ਯਾਦ ਦਿਲਵਾਇਆ ਗਿਆ, “ਯਾਦ ਕਰੋ! ੩੬੧ ਚੱਕ ਦੇ ਆਤਮ ਜੋਤਿ ਵਿਗਾਸੀ ਕ੍ਰਿਸ਼ਮਿਆਂ ਨੂੰ! ਕੀ ਉਹ ਕ੍ਰਿਸ਼ਮੇ ਸਤਿਗੁਰੂ ਦੀ ਨਿਜ ਨਦਰ ਮੇਹਰ ਦਵਾਰਾ ਹੀ ਕ੍ਰਿਸ਼ਮਤ ਹੋਏ ਸਨ ਜਾਂ ਤੁਸੀਂ ਆਪਣੇ ਆਪ ਨੂੰ ਹੀ ਇਨ੍ਹਾਂ ਕ੍ਰਿਸ਼ਮ-ਕਲਾ ਦਾ ਮੂਲ ਕਾਰਨ ਹੀ ਸਮਝਦੇ ਹੋ? ਕੀ ਇਹ ਸੂਖਸ਼ਮ ਹੰਕਾਰ ਤਾਂ ਤੁਹਾਨੂੰ ਨਹੀਂ ਹੋ ਗਿਆ ਕਿ ਇਹ ਕ੍ਰਿਸ਼ਮ-ਕਲਾ ਖ਼ੁਦ ਆਪਣੀ ਤਾਕਤ ਨਾਲ ਵਰਤਾਈ ਸੀ?” ਇਹ ਪ੍ਰਸ਼ਨ ਸੁਣ ਕੇ ਉਹ ਠਠੰਬਰ ਗਏ, ਸਿਰ ਤੋਂ ਲੈ ਕੇ ਪੈਰਾਂ ਤਕ ਉਨ੍ਹਾਂ ਦਾ ਸਰੀਰ ਕੰਬਣ ਲਗ ਪਿਆ। ਪੈਂਦੀ ਸੱਟ ਨਾਲ ਹੀ ਦੂਜਾ ਪ੍ਰਸ਼ਨ ਭਾਈ ਹੀਰਾ ਸਿੰਘ ਤੋਂ ਪੁਛਿਆ ਗਿਆ, “ਕੀ ਤੁਸੀਂ ਖ਼ੁਦ ਹੀ ਇਕੱਲੇ ਨਾਮ ਤਾਂ ਨਹੀਂ ਦੇਣ ਲਗ ਪਏ?”

ਇਹ ਸੁਣ ਕੇ ਉਨ੍ਹਾਂ ਨੂੰ ਸੁਰਤ ਆਈ ਅਤੇ ਸੁਰਤ ਵਿਚ ਆ ਕੇ ਬਿਲਲਾ ਉਠੇ, ਕਿ ਹਾਂ ਇਹ ਅਵੱਗਿਆ ਮੈਥੋਂ ਜ਼ਰੂਰ ਹੁੰਦੀ ਰਹੀ ਹੈ। ਕੁਝ ਦਿਨ ਤਾਂ ਇਹ ਕਾਰ ਚਲੀ ਤੇ ਖ਼ੂਬ ਚਲੀ, ਪਰ ਫਿਰ ਇਕ-ਦਮ ਖਲੋ ਗਈ।

ਪੰਜਾਂ ਪਿਆਰਿਆਂ ਨੇ ਉਥੇ ਹੀ ਭਾਈ ਹੀਰਾ ਸਿੰਘ ਜੀ ਨੂੰ ਥੰਮ੍ਹ ਲਿਆ ਅਤੇ ਪਕੜ ਕੇ ਖ਼ੂਬ ਹਲੂਣਿਆ ਕਿ ਬੜੀ ਭਾਰੀ ਤੁਸੀਂ ਅਵੱਗਿਆ ਕੀਤੀ ਹੈ। ਜੋ ਅਧਿਕਾਰ ਗੁਰੂ ਰੂਪ ਪੰਜਾਂ ਪਿਆਰਿਆਂ ਦਾ ਸੀ, ਤੁਸੀਂ ਖ਼ੁਦ ਇਕੱਲੇ ਹੀ ਉਸ ਅਧਿਕਾਰ ਨੂੰ ਵਰਤਣ ਲਗ ਪਏ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਤੁਸੀਂ ਥੋਥੇ ਰਹਿ ਗਏ ਅਤੇ ਨਾਮ ਵਲੋਂ ਉੱਕੇ ਥੋਥੇ ਪੈ ਗਏ। ਭਾਈ ਹੀਰਾ ਸਿੰਘ ਜੀ ਇਹ ਸੁਣ ਕੇ ਡਡਿਆ ਉਠੇ ਕਿ ਮੈਨੂੰ ਬਖ਼ਸ਼ ਲਵੋ, ਬਖ਼ਸ਼ ਲਵੋ!

ਪੰਜਾਂ ਪਿਆਰਿਆਂ ਨੇ ਭਾਈ ਹੀਰਾ ਸਿੰਘ ਨੂੰ ਤਕੜਾ ਡੰਡ ਲਾਇਆ ਅਤੇ ਗੁਰੂ ਪਾਸੋਂ ਬੇਨਤੀਆਂ ਦਵਾਰਾ ਬਖ਼ਸ਼ਵਾਇਆ। ਸਤਿਗੁਰੂ ਦੀਆਂ ਫਿਰ ਮੇਹਰਾਂ ਹੋਈਆਂ, ਉਹ ਤੋਰੇ ਤੁਰ ਪਏ, ਉਹ ਆਤਮ-ਹੁਲਾਰੇ ਮੁੜ ਆਉਣ ਲਗ ਪਏ। ਓਸੇ ਰੰਗ-ਚਲੂਲੀ-ਸੁਰਤੀ ਵਿਚ ਸਰਸ਼ਾਰ ਹੋ ਕੇ ਸਿਰੀ ਭਾਈ ਹੀਰਾ ਸਿੰਘ ਜੀ ਉਜਲ ਮੁਖ ਲੈ ਕੇ ਫਿਰ ਵਿਚਰਨ ਲਗੇ। ਕੁਝ ਕੁ ਨਿਮਰੀ-ਭੂਤ ਚੜ੍ਹਦੀ ਕਲਾ ਮੁੜ ਕੇ ਫਿਰ ਵਰਤ ਗਈ

WWW.AKJ.ORG

ਅਤੇ ਗੁਰੂ ਕੇ ਲਾਲ, ਹੀਰੇ, ਸਿਰੀ ਭਾਈ ਹੀਰਾ ਸਿੰਘ ਜੀ ਫਿਰ ਨਿਹਾਲੋ ਨਿਹਾਲ ਹੋ ਗਏ।

ਓੜਕ ਸਾਡੀ ਜੇਲ੍ਹ ਯਾਤਰਾ ਦੇ ਦਿਨ ਆ ਗਏ। ਸਿਰੀ ਭਾਈ ਹੀਰਾ ਸਿੰਘ ਜੀ ਮੁਹਰਲੇ ਮੋਰਚੇ ਵਿਚ ਜਥੇ ਨਾਲ ਜਾਣ ਨੂੰ ਤਤਪਰ ਸਨ, ਪਰ ਭਾਣੇ ਅਨੁਸਾਰ ਵਰਜੇ ਵਰਜਾਏ ਰਹਿ ਗਏ। ਜੇਲ੍ਹ ਯਾਤਰਾ ਤੋਂ ਵਾਪਸ ਆਉਂਦਿਆਂ ਨੂੰ, ਅੰਦਰੋਂ ਆਏ ਜਥੇ ਨੂੰ ਮਿਲਣ ਦੀਆਂ ਤਿਆਰੀਆਂ ਕਰਨ ਹੀ ਲਗੇ ਸਨ ਕਿ ਇਕ-ਦਮ ਕਾਲ-ਨਗਾਰਾ ਉਨ੍ਹਾਂ ਦੇ ਸਿਰ ਤੇ ਵੱਜਿਆ। ਆਨਨ ਫ਼ਾਨਨ ਹੀ ਅਕਾਲ ਚਲਾਣਾ ਕਰ ਗਏ, ਤੇ ਸਾਨੂੰ ਬ੍ਰਿਹੀ ਵੀਰਾਂ ਨੂੰ ਮੁੜ ਕੇ ਮਿਲਣੇ ਹੀ ਨਾ ਪਾਏ। ਹੁਣ ਅੱਗੇ ਧੁਰ ਦਰਗਾਹੀਂ ਮੇਲੇ ਹੋਣਗੇ।

ਸਿਰੀ ਸੰਤ ਹੀਰਾ ਸਿੰਘ ਜੀ ਦੀ ਇਕੱਲਿਆਂ ਦੀ ਹੀ ਪ੍ਰੇਮ-ਗਾਥਾ ਵਿਸਥਾਰ ਸਹਿਤ ਲਿਖੀ ਜਾਵੇ ਤਾਂ ਤਕੜੀ ਪੁਸਤਕ ਬਣ ਜਾਂਦੀ ਹੈ, ਤਾਂ ਤੇ ਟੂਕ-ਮਾਤਰ ਇਹੋ ਲਿਖ ਕੇ ਸੰਖੇਪ ਕੀਤਾ ਜਾਂਦਾ ਹੈ।

੧੩

# ਭੂਰੀ ਵਾਲੇ ਸੰਤ ਭਾਈ ਗੁਰਮੁਖ ਪਿਆਰੇ ਸਿਰੀ ਮਾਨ ਭਾਈ ਅਰਜਨ ਸਿੰਘ ਜੀ ਪੰਜੋਖਰਾ ਨਿਵਾਸੀ

ਅੰਬਾਲਾ ਛਾਉਣੀ ਵਿਖੇ ਆਤਮ-ਅਨੰਦਾਂ ਨਾਲ ਗਦ ਗਦ ਹੋਈਆਂ ਰੂਹਾਂ ਜੁੜੀਆਂ ਹਨ। ਬੜੇ ਅਖੰਡ ਪਾਠ ਸਮਾਗਮ ਅਤੇ ਅਖੰਡ ਕੀਰਤਨ ਬੜੇ ਚੜ੍ਹਦੇ ਰੰਗਾਂ ਵਿਚ ਹੋਏ। ਸਿਰੀ ਬਾਬੂ ਮੱਲ ਸਿੰਘ ਜੀ ਓਦੋਂ ੩੯ ਨੰਬਰ ਰਸਾਲੇ ਵਿਚ ਅੰਬਾਲਾ ਛਾਉਣੀ ਵਿਖੇ ਹੀ ਅਭਿਆਸ-ਆਤਮੀ-ਜੋਤਾਂ ਜਗਾ ਰਹੇ ਸਨ। ਸਿਰੀ ਭਾਈ ਸਿਦਕ-ਪੁੰਜ ਪਿਆਰੇ ਪਿਆਰਾ ਸਿੰਘ ਜੀ ਭੀ ਓਦੋਂ ਏਸੇ ਛਾਉਣੀ ਵਿਚ ਕਿਸੇ ਪਲਟਨ ਰਸਾਲੇ ਦੇ ਮਿਲਟਰੀ-ਮਾਸਟਰ ਹੋ ਕੇ ਪ੍ਰਮਾਰਥੀ ਰੰਗਾਂ ਵਿਚ ਖੇਡ ਰਹੇ ਸਨ। ਇਨ੍ਹਾਂ ਦੋਹਾਂ ਵੀਰਾਂ ਦੀ ਖਿਚ ਨਾਲ ਖਿਚਿਆ ਹੋਇਆ ਸਾਰਾ ਹੀ ਅਨਿੰਨ ਕੀਰਤਨੀ-ਰੂਹ-ਜੀਵਨੀ ਜਥਾ ਏਥੇ ਅੰਬਾਲਾ ਛਾਉਣੀ ਵਿਖੇ ਆ ਇਕੱਤ੍ਰ ਹੋਇਆ ਸੀ। ਏਸੇ ਇਕੱਤ੍ਰਤਾ ਦਾ ਕਾਰਨ ਕਿਸੇ ਹੋਰ ਜੀਵਨ ਵਿਚ ਸਪੱਸ਼ਟ ਵਰਨਣ ਕੀਤਾ ਜਾਵੇਗਾ।

ਓਦੋਂ ਅੰਬਾਲਾ ਛਾਉਣੀ ਵਿਚ ਸਿੱਖਾਂ ਦੀਆਂ ਰਸਾਲੇ-ਪਲਟਨਾਂ ਅਤੇ ਸਿੱਖਾਂ ਦੇ ਹੀ ਤੋਪਖ਼ਾਨੇ ਦੀਆਂ ਰਜਮੈਂਟਾਂ ਭਾਣੇ ਅੰਦਰ ਜੁੜੀਆਂ ਹੋਈਆਂ ਸਨ। ਹਰ ਇਕ ਰਜਮੈਂਟ ਰਸਾਲੇ ਦੇ ਗੁਰਦਵਾਰੇ ਵਖੋ ਵਖ ਸਨ। ਤੋਪਖ਼ਾਨੇ ਦਾ ਗੁਰਦਵਾਰਾ ਵਖਰਾ ਸੀ, ਇਨ੍ਹਾਂ ਸਾਰਿਆਂ ਗੁਰਦਵਾਰਿਆਂ ਵਿਚ ਇਸ ਸਮੇਂ ਜਥੇ ਦੇ ਅਥਾਹ ਅਖੰਡ ਕੀਰਤਨ ਤੇ ਅਖੰਡ ਪਾਠ ਹੋਏ। ਬੜੇ ਬੜੇ ਅਗੰਮੀ ਕੌਤਕ ਵਰਤੇ ਅਤੇ ਅਨੇਕਾਂ ਗੁਪਤ ਪਾਕ-ਦਾਮਨੀ ਰੂਹਾਂ ਪ੍ਰਗਟ ਹੋਈਆਂ, ਜੋ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹੀਆਂ। ਭਾਈ ਅਰਜਨ ਸਿੰਘ ਜੀ ਭੀ ਓਦੋਂ ੩੯ ਨੰਬਰ ਰਸਾਲੇ ਵਿਚ ਸਿਪਾਹੀ ਨਾਮੇ ਭਰਤੀ ਸਨ, ਅਜੇ ਚਿਹਰੇ ਤੇ ਦਾੜ੍ਹੀ ਫੁਟ ਹੀ ਰਹੀ ਸੀ। ਪਰੰਤੂ ਚਾਹੇ ਛੋਟੀ ਉਮਰਾ ਸੀ, ਪਰ ਬਿਰਹੋਂ ਪ੍ਰਮਾਰਥ ਦਾ ਬੜਾ ਹੀ ਡਾਢਾ ਵੈਰਾਗ ਲਗਾ ਹੋਇਆ ਸੀ। ਪਿਛਲੀਆਂ ਕਮਾਈਆਂ ਵਾਲੀ ਕੋਈ ਉਤਮ ਰੂਹ ਸੀ। ਪ੍ਰਮਾਰਥ ਦੀ ਲਿਲ੍ਹ ਅਤੇ ਦਰਸ਼ਨ ਦੀ ਸਿੱਕ ਐਸੀ ਡਾਢੀ ਲਗੀ ਹੋਈ ਸੀ ਕਿ ਨਿਸਦਿਨ ਨਿਰਬਾਣ ਅਨੰਦੀ ਜਥੇ ਦੇ ਆਲੇ ਦੁਆਲੇ ਵਿਲਕਦੇ ਅਤੇ ਵਿਲਲਾਂਦੇ ਹੀ ਫਿਰਦੇ ਸਨ। ਲੋਚਾ ਇਹ ਸੀ ਕਿ ਛੇਤੀ ਹੀ ਜਹਾਜ਼ੇ ਚੜ੍ਹ ਕੇ ਸਹਿਜ ਸੁਹਾਗ ਭਾਗ ਨੂੰ ਪ੍ਰਾਪਤ ਹੋਇਆ ਜਾਵੇ। ਬ੍ਰਿਹੀ ਭਾਈ ਅਰਜਨ ਸਿੰਘ ਜੀ ਦਾ ਬ੍ਰਿਹਾ ਤਾਂ ਬੜਾ ਕਮਾਲ ਦਾ ਸੀ, ਪ੍ਰੰਤੂ ਚੋਜ-ਅਡੰਬਰੀ-

ਗੁਰਮੁਖ ਪਿਆਰੇ ਅਜੇ ਵੀਰ ਅਰਜਨ ਸਿੰਘ ਜੀ ਨੂੰ ਹੋਰ ਕਸੌਟੀ ਤੇ ਚਾੜ੍ਹਿਆ ਲੋੜਦੇ ਸਨ। ਉਨ੍ਹਾਂ ਦੇ ਬ੍ਰਿਹਾ ਵੈਰਾਗ ਨੂੰ ਪਕਾਉਣ ਲਈ ਹਰ ਸਮਾਗਮ ਤੇ ਅਗਲੇਰੀ ਤਰੀਕ ਪਾ ਦਿੰਦੇ ਸਨ। ਅੰਬਾਲਾ ਛਾਉਣੀ ਵਿਖੇ ਜਿਤਨੇ ਭੀ ਅਖੰਡ ਪਾਠ ਜਥੇ ਦੇ ਹੋਏ, ਇਹ ਪਿਆਰਾ ਅਰਜਨ ਸਿੰਘ ਹਰ ਸਮਾਗਮ ਤੇ ਤਿਆਰ-ਬਰ-ਤਿਆਰ ਸਜਣ ਲਈ ਪਰਤੱਖ ਸੇਵਾ ਕਮਾਉਂਦਾ ਰਿਹਾ। ਕੱਕਰ ਪੈਂਦੀਆਂ ਸਰਦੀਆਂ ਵਿਚ ਅਤੇ ਗਾਖੜੀ ਗਰੀਖਮ ਰੁੱਤ ਵਿਖੇ ਨੰਗੇ ਪੈਰੀਂ ਬਾਵਰਿਆਂ ਵਾਂਗੂੰ ਦੌੜਿਆ ਫਿਰਨਾ। "ਪ੍ਰਭ ਮਿਲਬੇ ਕੀ ਚਾਹ"† ਬਿਨਾਂ ਹੋਰ ਕੋਈ ਚਾਹ (ਖ਼ੁਸ਼ੀ) ਇਸ ਵੈਰਾਗੀਅੜੇ ਦੇ ਹਿਰਦੇ ਵਿਚ ਉੱਕਾ ਹੀ ਨਹੀਂ ਉਪਜਦੀ ਸੀ, ਅੱਖੀਆਂ ਵਿਚੋਂ ਨੀਰ ਵਹੈ ਵਹਿ ਚਲੈ, ਅਤੇ ਕਦੇ ਠਲ੍ਹੇ ਹੀ ਨਾ। ਸੀਸ ਤਲੀ ਤੇ ਰਖ ਕੇ ਪ੍ਰੇਮ ਵਸਤੂ ਵਿਹਾਜਣ ਦੀ ਅਜਿਹੀ ਨਜ਼ੀਰ ਵਿਰਲੇ ਹੀ ਅੰਮ੍ਰਿਤ-ਅਭਿਲਾਖੀ-ਜਗਿਆਸੂ ਵਿਚ ਦੇਖੀ ਗਈ ਹੈ, ਤਨ ਮਨ ਧਨ ਵਾਰ ਕੇ ਸਰਬੰਸ ਅਤੇ ਸਾਰਾ ਐਸ਼ਵਰਜ ਨਸਾਰ ਕਰ ਦੇਣ ਦੀ ਏਥੇ ਕੋਈ ਢਿਲ ਨਹੀਂ ਸੀ, ਇਕ ਡਾਢੀ ਸੋਚ ਸੰਕੋਚ ਇਸ ਦੇ ਹਮਜੋਲੀਆਂ ਨੂੰ ਉਪਜਦੀ ਸੀ ਕਿ ਮਤੇ ਜਹਾਜ਼ੇ ਚੜ੍ਹ ਕੇ ਪ੍ਰਮਾਰਥ ਦੇ ਪਾਂਧੀ ਬਣਨ ਸਾਰ ਸੰਸਾਰ ਵਿਹਾਰ ਤਿਆਗ ਕੇ ਤੇ ਸਰਕਾਰੀ ਨੌਕਰੀ ਨੂੰ ਤਿਲਾਂਜਲੀ ਦੇ ਕੇ ਨਿਰੋਲ ਵਿਰੱਕਤੀ ਨਾ ਹੋ ਜਾਣ। ਭਲੀ ਭਾਂਤ ਗੁਰਮਤਿ ਦੀ ਗੁਰਮੁਖਤਾ ਦੀ ਸਮੁੱਚੀ ਰਹੁਰੀਤ ਬਾਰੰਬਾਰ ਇਸ ਵੀਰ ਬਾਂਕੜੇ ਨੂੰ ਦ੍ਰਿੜ੍ਹਾਈ ਗਈ। ਪਰੰਤੂ ਇਹ ਆਪਣੇ ਵਹਿਣ ਵਿਚ ਵਹੇ ਜਾਣ ਤੇ ਬੈਰਾਗ ਰੰਗਾਂ ਵਿਚ ਗਹੁ ਕਰ ਕੇ ਕੁਝ ਸੁਣਨ ਹੀ ਨਾ। ਰੁਚੀ ਅਰੁਚੀ ਦੀ ਖੋਜ ਤਾਂ ਪ੍ਰਗਟ ਪਹਾਰੇ ਹੀ ਜਾਪਦੀ ਸੀ। ਓੜਕ ਇਸ ਵੀਰ ਦੇ ਪ੍ਰਮਾਰਥੀ ਪ੍ਰਬਲ ਵੈਰਾਗ ਨੇ ਸਮੁੱਚੀ ਸੰਗਤ ਦੇ ਦਿਲ ਦ੍ਰਵੀਭੂਤ ਕਰ ਲਏ। ਡਾਢੀਆਂ ਸਿਫ਼ਾਰਸ਼ਾਂ ਜਹਾਜ਼ੇ ਚਾੜ੍ਹਨ ਦੀਆਂ ਹੋਈਆਂ। ਬਸ, ਉਹ ਸਮਾਂ ਆ ਹੀ ਗਿਆ ਕਿ ਅੰਮ੍ਰਿਤ ਛਕਣ ਦੀ ਮਨਜ਼ੂਰੀ ਪੰਜਾਂ ਪਿਆਰਿਆਂ ਦੀ ਦਰਗਾਹੇ ਪ੍ਰਵਾਨ ਹੋ ਹੀ ਗਈ। ਅੰਮ੍ਰਿਤ ਛਕਣ ਸਾਰ ਹੀ ਅਮਰ-ਆਤਮ-ਅਵਸਥਾ ਅਰੂੜ੍ਹ ਹੋ ਗਈ। ਸੁਰਤੀਆਂ ਬਿਰਤੀਆਂ ਜਾ ਗਗਨੰਤਰ ਚੜ੍ਹੀਆਂ। ਸੁਧੋਂ ਬੇਸੁਧ ਹੋਏ ਵੀਰ ਅਰਜਨ ਸਿੰਘ ਜੀ ਨੂੰ ਅੰਬਾਲੇ ਛਾਉਣੀ ਨਿਵਾਸੀ ਫ਼ੌਜੀ ਵੀਰਾਂ ਗੁਰਮੁਖ ਪਿਆਰਿਆਂ ਦੇ ਸਪੁਰਦ ਕਰ ਕੇ, ਚੁਪਾਤੇ ਹੀ ਅੰਮ੍ਰਿਤ ਜਾਗ ਲਾਉਣ ਵਾਲਾ ਜਥਾ ਵਿਦਾ ਹੋ ਕੇ ਚਲਿਆ ਗਿਆ।

### ਭਾਈ ਅਰਜਨ ਸਿੰਘ ਜੀ ਦੀ ਅਤੀਤ-ਵੈਰਾਗ-ਦਸ਼ਾ -

ਪਿਛੋਂ ਜੋ ਬੇਹਬਲਤਾ ਵੀਰ ਅਰਜਨ ਸਿੰਘ ਜੀ ਦੀ ਦਸ਼ਾ ਤੇ ਵਾਪਰੀ, ਉਸ ਦਾ ਵਰਨਣ ਕਰਨਾ ਬੜਾ ਹੀ ਅਸੰਭਵ ਹੈ। ਬਸ, ਅੰਮ੍ਰਿਤ ਛਕਣ ਪਿਛੋਂ ਥੋੜੇ ਦਿਨ

† ਮਲਾਰ ਮ: ੫, ਰਹਾਉ ॥ ੨੪, ਪੰਨਾ ੧੨੭੨



ਨੌਕਰੀ ਕੀਤੀ ਹੋਣੀ ਹੈ, ਛੱਡ ਕੇ ਚਲੇ ਆਏ। ਸਿਰੀ ਬਾਬੂ ਮੱਲ ਸਿੰਘ ਅਤੇ ਪਿਆਰੇ ਪਿਆਰਾ ਸਿੰਘ ਜੀ ਵਰਗੇ ਸੱਜਣਾਂ ਨੇ ਬਹੁਤ ਸਮਝਾਇਆ, ਪਰ ਉਹ ਕਿਸੇ ਦੀ ਕਾਹਨੂੰ ਮੰਨਦੇ ਸਨ। ਵੀਰ ਅਰਜਨ ਸਿੰਘ ਜੀ ਦੀ ਸ਼ਾਦੀ ਪਹਿਲਾਂ ਹੀ ਹੋ ਚੁੱਕੀ ਸੀ, ਅੰਮ੍ਰਿਤ ਛਕਣ ਸਮੇਂ ਉਹਨਾਂ ਦੀ ਅਰਧੰਗੀ ਭੀ ਅੰਮ੍ਰਿਤ-ਦਾਤਿ ਭੁੰਚਣ ਵਿਚ ਸਾਂਝੀਵਾਲ ਹੋਈ। ਫੇਰੇ ਘੇਰੇ ਉਧੇੜ ਕੇ ਦੋਹਾਂ ਦਾ ਆਨੰਦ ਕਾਰਜ ਰਚਿਆ ਗਿਆ। ਪਰੰਤੂ ਜਨਮ ਤੋਂ ਹੀ ਬਾਲ-ਜਤੀ ਪਿਆਰੇ ਅਰਜਨ ਸਿੰਘ ਜੀ ਦੀ ਰੁਚੀ ਗ੍ਰਹਿਸਤ-ਆਸ਼ਰਮ ਵਿਚ ਪੈਣ ਤੋਂ ਡਾਢੀ ਉਪਰਾਮ ਸੀ। ਸਤਿਸੰਗ ਦੇ ਸਦੀਵੀ ਆਤਮ-ਰੰਗ ਮਾਨਣ ਲਈ ਦਿਨੇ ਰਾਤ ਉਤਾਵਲੇ ਰਹਿੰਦੇ ਸਨ। ਗੁਰਮਤਿ ਨਾਮ ਦਾ ਛਾਂਦਾ ਪ੍ਰਾਪਤ ਹੋਣ ਸਾਰ ਹੀ ਗੁੱਟ ਹੋ ਗਏ। ਜਿਥੇ ਗੁੱਟ ਹੋ ਕੇ ਬੈਠਣਾ, ਘੰਟਿਆਂ ਬਧੀ ਬੈਠੇ ਹੀ ਰਹਿਣਾ, ਹੋਰ ਕਿਸੇ ਕੰਮ ਕਾਜ ਦੀ ਸੁਧ ਬੁਧ ਹੀ ਨਾ ਰਹਿਣੀ। ਅਚੱਲ ਸਮਾਧੀ ਇਸ ਗੁਰਮੁਖ ਨਵ-ਬਾਲੜੇ ਜਾਗਦੇ ਗ੍ਰਹਿਸਤ ਉਦਾਸੀ ਜੋਗੀ ਦੀ ਸਦਾ ਹੀ ਜੁੜੀ ਰਹਿਣੀ। ਕਈ ਕਈ ਹਫ਼ਤੇ ਉਦਿਆਨ ਬੀਆਬਾਨ ਬਨਖੰਡਾਂ ਵਿਚ ਗੁਰੂ ਘਰ ਦੇ ਲੰਗਰ ਲਈ ਲਕੜੀਆਂ ਲਿਆਵਣ ਹਿਤ ਜਾਣਾ ਅਰ ਉਥੇ ਹੀ ਅਭਿਆਸ ਵਿਚ ਜੁਟ ਜਾਣਾ, ਫਿਰ ਕੁਝ ਸੋਝੀ ਨਾ ਰਹਿਣੀ। ਜਿਥੇ ਵੀ ਜਥੇ ਵਲੋਂ ਕੀਰਤਨ-ਮੰਡਲ ਹੋਣ, ਉਥੇ ਹੀ ਧਾ ਕੇ ਪੈਰੀਂ ਜਾ ਪੁੱਜਣਾ ਅਤੇ ਸੰਗਤ ਦੇ ਜੋੜਿਆਂ ਵਿਚ ਬੈਠ ਕੇ ਸਮਾਧੀਆਂ ਲਾ ਲੈਣੀਆਂ। ਇਨ੍ਹਾਂ ਦਾ ਇਹ ਨਿਤਾਪ੍ਰਤਿ ਦਾ ਕਰਮ ਸੀ। ਆਸਾ ਜੀ ਦੇ ਵਾਰ ਦੇ ਅਖੰਡ ਕੀਰਤਨ ਦੇ ਸਮੁਚੇ ਲਾਹੇ ਲੈ ਕੇ ਫਿਰ ਗੁਰੂ ਕੇ ਲੰਗਰ ਲਈ ਲਕੜੀਆਂ ਲਭਣ ਚਲੇ ਜਾਣਾ ਤੇ ਤਕੜੇ ਤਕੜੇ ਭਾਰ ਸਿਰ ਤੇ ਚੁਕ ਕੇ ਲਿਆਵਣੇ ਅਰ ਭਖਦੀ ਲੋਹ ਅਗੇ ਲਿਆ ਸੁਟਣੇ ਤੇ ਆਪਣੀ ਹੱਥੀਂ ਝੋਕੇ ਡਾਹਵਣੇ। ਮਾਈਆਂ ਨੇ ਬਥੇਰਾ ਹਟਾਉਣਾ, ਪਰ ਉਨ੍ਹਾਂ ਨੇ ਆਪਣੀ ਕਾਰ ਵਿਚ ਲਿਵਤਾਰ ਲਾਈ ਰਖਣੀ। ਉੱਤਰ ਵਿਚ ਮੁਖੋਂ ਬੋਲਣੇ ਤਾਂ ਬੜੇ ਮਿੱਠੇ ਬਚਨ ਬੋਲਣੇ, ਜਿਨ੍ਹਾਂ ਨੂੰ ਸੁਣ ਕੇ ਸਰੋਤੇ ਜਨ ਠਰ ਜਾਣ, ਖ਼ਾਸ ਕਰ ਮਾਈਆਂ ਬੀਬੀਆਂ ਤੇ ਬੜੇ ਡੂੰਘੇ ਅਸਰ ਪੈਣੇ। ਇਸ ਛੋਟੀ ਜਿਹੀ ਉਮਰ ਦੀ ਮਹਿਮਾ ਮਹਾਣੀ ਕਹਾਣੀ ਬੜੀ ਅਜਬ ਅਜਬਾਣੀ ਹੈ। ਇਸ ਵੀਰ ਦੇ ਜੀਵਨ ਚਰਿਤਰ ਸੰਬੰਧੀ ਹੱਡ-ਬੀਤੇ ਬਿਰਤਾਂਤ (ਜੋ ਭਾਈ ਸੁਰਜਨ ਸਿੰਘ ਨੇ ਆਪਣੀ ਅੱਖੀਂ ਡਿਠੇ ਹਨ) ਹੇਠਾਂ ਦਰਜ ਕੀਤੇ ਜਾਂਦੇ ਹਨ।

### ਭਾਈ ਅਰਜਨ ਸਿੰਘ ਜੀ ਦੀਆਂ ਚਮਤਕਾਰੀਆਂ ਕਹਾਣੀਆਂ:-

ਭਾਈ ਸੁਰਜਨ ਸਿੰਘ ਜੀ ਦਸਦੇ ਹਨ ਕਿ- ਦਾਸ ਨੂੰ ਪਹਿਲੇ ਪਹਿਲ ਸੰਤ ਜੀ ਦੇ ਦਰਸ਼ਨ ਸੰਨ ੧੯੧੨ ਵਿਚ ਨਾਰੰਗਵਾਲ ਗੁਰੂ ਕੇ ਲੰਗਰ ਵਾਸਤੇ ਲਕੜੀਆਂ ਸਿਰ ਤੇ ਚੁਕੀ ਆਉਂਦੇ ਸਨ, ਓਦੋਂ ਹੋਏ। ਅਖੰਡ ਪਾਠ ਹੋ ਰਿਹਾ ਸੀ, ਸਿਰੀ ਮਾਨ ਸੰਤ

WWW.AKJ.ORG



ਜੀ ਨੇ ਸਾਰਾ ਅਖੰਡ ਪਾਠ ਇਕੋ ਸਮਾਧੀ ਵਿਚ ਧਿਆਨ ਵਿਚ ਜੁੜ ਕੇ ਸੁਣਿਆ ਸੀ। ਜਗ੍ਹਾ ਭੀ ਇਹੋ ਜਿਹੀ ਲਭੀ, ਹੋਰ ਕੋਈ ਵੜ ਨਹੀਂ ਸਕਦਾ ਸੀ। ਪੁਰਾਣੇ ਜ਼ਮਾਨੇ ਦੀ ਸਾਰ ਜਿਹੀ ਬਣੀ ਹੋਈ ਸੀ, ਨਾ ਏਸ ਵਿਚ ਕੋਈ ਪੈ ਸਕਦਾ ਸੀ ਨਾ ਹੀ ਖੜੋ ਸਕਦਾ ਸੀ। ਏਥੇ ਆਪ ਜੀ ਇਕ-ਟਕ ਸਮਾਧੀ ਲਾ ਕੇ ਬੈਠ ਗਏ, ਭੋਗ ਪਏ ਤੇ ਚੌਂਕੜਾ ਖੋਲ੍ਹਿਆ।

ਦੂਜੀ ਵਾਰ ਦਰਸ਼ਨ ਸੰਤ ਜੀ ਦੇ, ਸ੍ਰੀ ਨਨਕਾਣੇ ਸਾਹਿਬ ਜੀ ਦੀ ਯਾਤਰਾ ਪੈਦਲ ਸਾਰਾ ਜਥਾ ਜਾ ਰਿਹਾ ਸੀ, ਓਦੋਂ ਹੋਏ ਸਨ। ਆਪ ਜੀ ਦੇ ਪਾਸ ਇਕ ਡੱਫ ਬਜਾਣ ਵਾਸਤੇ ਰੱਖੀ ਹੋਈ ਸੀ, ਏਸ ਸਾਜ਼ ਨਾਲ ਹੀ ਆਪ ਜੀ ਕੀਰਤਨ ਕਰਦੇ ਹੁੰਦੇ ਸੀ। ਸਾਰੀ ਸਾਰੀ ਰਾਤ ਆਪ ਜੀ ਸ੍ਰੀ ਨਨਕਾਣੇ ਸਾਹਿਬ ਜੀ ਦੇ ਜੰਗਲ ਵਿਚ ਸਮਾਧੀ ਲਾ ਕੇ ਬੈਠੇ ਰਹਿੰਦੇ ਸਨ। ਸੰਨ ੧੯੧੫ ਵਿਚ ਸਾਰਾ ਜਥਾ ਗ੍ਰਿਫ਼ਤਾਰ ਹੋ ਗਿਆ। ਸਿਰੀ ਮਾਨ ਸੰਤ ਅਰਜਨ ਸਿੰਘ ਜੀ ਨੂੰ ਭੀ ਪੁਲਸ ਨੇ ਬੁਲਾ ਕੇ ਖੰਨੇ ਦੇ ਥਾਣੇ ਪੁਛਿਆ: "ਤੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਜਾਣਦਾ ਹੈਂ?" ਏਨ੍ਹਾਂ ਨੇ ਨਿਧੜਕ ਹੋ ਕੇ ਆਖਿਆ-"ਮੈਂ ਅੱਛੀ ਤਰ੍ਹਾਂ ਜਾਣਦਾ ਹਾਂ। ਕਈ ਦਫ਼ਾ ਇਕੱਠਿਆਂ ਨੇ ਪਾਠ ਕੀਤੇ ਹਨ। ਜੇ ਸੱਚ ਪੁੱਛੋ ਤਾਂ ਮੈਂ ਇਹ ਕਹਿ ਸਕਦਾ ਹਾਂ ਕਿ ਤੀਨ ਲੋਕ ਦੀ ਦੁਨੀਆ ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਜਾਣਦੀ ਹੈ।" ਪੁਲਸ ਵਾਲਿਆਂ ਨੇ ਸੰਤ ਜੀ ਨੂੰ ਬਹੁਤ ਕੁਛ ਆਖਿਆ, "ਤੂੰ ਸਰਕਾਰੀ ਗਵਾਹ ਬਣ ਜਾਹ, ਤੈਨੂੰ ਛਡ ਦਿੰਦੇ ਹਾਂ।" ਸੰਤ ਜੀ ਨੇ ਕਿਹਾ: "ਹਮਾਰੇ ਕੋ ਕੌਣ ਬੰਨ੍ਹ ਸਕਦਾ ਹੈ, ਅਸੀਂ ਤਾਂ ਸਦਾ ਹੀ ਆਜ਼ਾਦ ਹਾਂ।" ਪੁਲਸ ਵਾਲਿਆਂ ਨੇ ਕਿਹਾ, "ਐਥੇ ਵੇਹੜੇ ਵਿਚ ਬੈਠ ਜਾਹ।"

ਆਪ ਜੀ ਨੇ ਇਹ ਕੀਤਾ-ਠਾਣੇ ਕੋਲ ਹੀ ਇਕ ਖੁੰਢ ਪਿਆ ਸੀ, ਉਸ ਨੂੰ ਧੱਕ ਕੇ ਅੰਦਰ ਠਾਣੇ ਦੇ ਵੇਹੜੇ ਵਿਚ ਲਿਆਂਦਾ। ਓਸ ਨੂੰ ਅੱਗ ਲਾ ਦਿਤੀ। ਇਕ ਘੜਾ ਪਾਣੀ ਦਾ ਕੋਲ ਰਖ ਲਿਆ, ਇਕ ਬਾਟਾ ਅਗੇ ਹੀ ਓਸ ਪਾਸ ਸੀ। ਮਚਦੇ ਖੁੰਢ ਪਾਸ ਇਕ-ਟਕ ਸਮਾਧੀ ਲਾ ਕੇ ਬੈਠ ਗਏ। ਪੰਜ ਜਾਂ ਛੇ ਘੰਟੇ ਬਾਅਦ ਬਾਟੇ ਵਿਚ ਥੋੜੀ ਜਿਹੀ ਖੁੰਢ ਦੀ ਸਵਾਹ ਪਾ ਕੇ ਪੀ ਜਾਵੇ। ਏਸੇ ਤਰ੍ਹਾਂ ਪੰਜ ਜਾਂ ਛੇ ਦਿਨ ਬੈਠੇ ਨੂੰ ਹੋ ਗਏ। ਸਾਰੇ ਹੀ ਪੁਲਸ ਵਾਲਿਆਂ ਦੇ ਦਿਲ ਕੰਬ ਉਠੇ ਕਿ ਅਸੀਂ ਏਸ ਨੂੰ ਏਥੇ ਕਾਸ ਨੂੰ ਬਿਠਾਉਣਾ ਸੀ। ਇਹ ਤਾਂ ਕੋਈ ਖ਼ੁਦਾ ਦਾ ਪਿਆਰਾ ਬੰਦਾ ਹੈ। ਠਾਣੇਦਾਰ ਸਮੇਤ ਸਾਰੇ ਪੁਲਸ ਵਾਲੇ ਸੰਤ ਜੀ ਦੇ ਪਾਸ ਹੱਥ ਜੋੜ ਕੇ ਚਰਨੀਂ ਆ ਪਏ, "ਸੰਤ ਜੀ, ਮਹਾਰਾਜ, ਸਾਡੇ ਤੇ ਖਿਮਾ ਕਰੋ, ਸਾਡੀ ਅਵੱਗਿਆ ਮੁਆਫ਼ ਕਰੋ! ਅਸੀਂ ਭੁਲ ਕਰ ਕੇ ਆਪ ਜੀ ਨੂੰ ਏਥੇ ਬਿਠਾ ਲਿਆ।" ਮਿਠਿਆਈਆਂ ਤੇ ਫਲ ਸੰਤ ਜੀ ਅਗੇ ਪੇਸ਼ ਕੀਤੇ। ਸਿਰੀ ਮਾਨ ਸੰਤ ਜੀ ਨੇ ਉਨ੍ਹਾਂ ਵਲ ਤਕਿਆ ਭੀ ਨਹੀਂ, ਆਪਣੇ ਹੀ ਅਨੰਦ ਵਿਚ ਬੈਠੇ ਰਹੇ। ਪੁਲਸ ਵਾਲੇ ਸੰਤ ਜੀ ਨੂੰ ਠਾਣੇ ਤੋਂ ਬਾਹਰ ਕਢਣਾ ਚਾਹੁਣ। ਸਿਰੀ



ਮਾਨ ਸੰਤ ਜੀ ਆਪਣੀ ਸਮਾਧੀ ਵਿਚ ਲੀਨ ਹੋਏ ਬੈਠੇ ਸਨ, ਕਿਸੇ ਦੀ ਇਕ ਨਾ ਸੁਨਣ। ਹਾਰ ਕੇ ਖੰਨੇ ਵਾਲੇ ਕਿਸੇ ਮੋਹਤਬਰ ਸਿਖ ਨੂੰ ਲਿਆਏ। ਸੰਤ ਜੀ ਦੇ ਮਿੰਨਤ ਤਰਲੇ ਕੀਤੇ ਤਾਂ ਸਮਾਧੀ ਖੋਲ੍ਹੀ। ਫੇਰ ਆਪਣੇ ਮੁਖਾਰਬਿੰਦ ਤੋਂ ਬੋਲੇ, "ਕਿਆ ਕਹਿਤੇ ਹੋ?" ਪੁਲਸ ਵਾਲਿਆਂ ਨੇ ਕਿਹਾ, "ਸਾਨੂੰ ਮੁਆਫ਼ੀ ਬਖਸ਼ੋ, ਅਸੀਂ ਆਪ ਜੀ ਨੂੰ ਏਥੇ ਬਿਠਾ ਕੇ ਗ਼ਲਤੀ ਕੀਤੀ ਹੈ।" ਫੇਰ ਸੰਤ ਜੀ ਬੋਲੇ, "ਹਮਾਰੀ ਫਿਰ ਏਥੇ ਆਣੇ ਕੀ ਜ਼ਰੂਰਤ ਤੋ ਨਹੀਂ ਹੈ?" ਪੁਲਸ ਵਾਲਿਆਂ ਨੇ ਕਿਹਾ, "ਹੁਣ ਅਸੀਂ ਆਪ ਜੀ ਨੂੰ ਕਦੇ ਭੀ ਨਹੀਂ ਬੁਲਾਵਾਂਗੇ।" ਫੇਰ ਸੰਤ ਜੀ ਠਾਣੇ ਵਿਚੋਂ ਉਠ ਕੇ ਜਿਧਰ ਜੀਅ ਚਾਹਿਆ, ਚਲੇ ਗਏ।

ਫੇਰ ਅਕਾਲੀ ਤਹਿਰੀਕ ਦੇ ਸਮੇਂ ਜਦੋਂ ਸ੍ਰੀ ਅੰਮ੍ਰਿਤਸਰ ਜੀ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਚਾਬੀਆਂ ਡਿਪਟੀ ਕਮਿਸ਼ਨਰ ਲੈ ਗਿਆ, ਤਦੋਂ ਸੰਤ ਅਰਜਨ ਸਿੰਘ ਜੀ ਨੂੰ ਪਤਾ ਲਗਾ। ਇਹ ਸਿਧੇ ਹੀ ਸ੍ਰੀ ਅੰਮ੍ਰਿਤਸਰ ਜੀ ਆ ਕੇ ਡੀ.ਸੀ. ਦੀ ਕੋਠੀ ਜਾ ਵੜੇ-ਕੜਕ ਕੇ ਬੋਲੇ, "ਤੂੰ ਕੌਣ ਹੁੰਦਾ ਹੈਂ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਚਾਬੀਆਂ ਲਿਆਉਣ ਵਾਲਾ?" ਡੀ. ਸੀ. ਘਬਰਾ ਗਿਆ, ਇਹ ਕੌਣ ਹੈ ਜਿਹੜਾ ਸਿੱਧਾ ਹੀ ਮੇਰੀ ਕੋਠੀ ਵਿਚ ਆ ਵੜਿਆ ਹੈ। ਸੰਤ ਜੀ ਦਾ ਪਹਿਰਾਵਾ ਇਹੋ ਜਿਹਾ ਸੀ, ਸਿਰ ਪਰ ਭੀ ਇਕ ਭੂਰੀ ਹੀ ਬਧੀ ਹੁੰਦੀ ਸੀ, ਪੈਰਾਂ ਤੋਂ ਨੰਗੇ ਹੀ ਹੁੰਦੇ ਸਨ। ਜਦ ਨੂੰ ਪੁਲਸ ਆ ਗਈ, ਸੰਤ ਜੀ ਨੂੰ ਬਾਹੋਂ ਫੜ ਕੇ ਬਾਹਰ ਛਡ ਆਏ। ਪੁਲਸ ਵਾਲੇ ਡੀ.ਸੀ. ਨੂੰ ਕਹਿਣ ਲੱਗੇ, "ਇਹ ਤਾਂ ਕੋਈ ਸ਼ੁਦਾਈ ਹੈ, ਏਸ ਨੂੰ ਗ੍ਰਿਫ਼ਤਾਰ ਕਰਨ ਦੀ ਕੋਈ ਲੋੜ ਨਹੀਂ ਹੈ।"

ਜਿਨ੍ਹਾਂ ਦਿਨਾਂ ਵਿਚ ਗੁਰੂ ਪੰਥ ਨੇ ਪੁਜਾਰੀਆਂ ਦੀਆਂ ਕੁਰੀਤੀਆਂ ਨਾ ਸਹਾਰਦੇ ਹੋਏ ਗੁਰਦਵਾਰਿਆਂ ਤੇ ਕਬਜ਼ੇ ਕਰਨੇ ਸ਼ੁਰੂ ਕਰ ਦਿਤੇ, ਸਿਰੀ ਮਾਨ ਸੰਤ ਅਰਜਨ ਸਿੰਘ ਜੀ ਭੀ ਗੁਰਦਵਾਰਿਆਂ ਤੇ ਕਬਜ਼ੇ ਲੈਣ ਵਾਸਤੇ ਨਾਲ ਜਾਂਦੇ ਹੁੰਦੇ ਸੀ। ਜਦੋਂ ਜੈਤੋ ਗੁਰਦੁਆਰਾ ਗੰਗਸਰ ਦਾ ਮੋਰਚਾ ਲਗਾ ਹੋਇਆ ਸੀ ਤਾਂ ਆਪ ਭੀ ਪੰਜ ਸੌ ਦੇ ਜਥੇ ਵਿਚ ਭਰਤੀ ਹੋ ਕੇ ਗੰਗਸਰ ਗੁਰਦੁਆਰੇ ਵਿਚ ਜਾ ਪਹੁੰਚੇ। ਬਹੁਤ ਸਾਰੇ ਸਿੰਘ ਗੋਲੀਆਂ ਨਾਲ ਸ਼ਹੀਦ ਹੋ ਗਏ, ਬਾਕੀ ਦਿਆਂ ਸਿੰਘਾਂ ਨੂੰ ਫੜ ਕੇ ਜੈਤੋ ਦੇ ਕਿਲ੍ਹੇ ਵਿਚ ਲੈ ਗਏ। ਉਸ ਵੇਲੇ ਆਪ ਗ੍ਰਿਫ਼ਤਾਰ ਹੋਏ। ਆਪ ਜੀ ਦੋ ਸਾਲ ਦੇ ਕਰੀਬ ਨਾਭੇ ਦੀਆਂ ਜੇਲ੍ਹਾਂ ਵਿਚ ਹੀ ਰਹੇ। ਫੇਰ ਆਪ ਜੀ ਰਿਹਾ ਹੋ ਕੇ ਪਟਿਆਲੇ ਦੇ ਇਲਾਕੇ ਵਿਚ ਫਿਰਦੇ ਰਹੇ।

ਸੰਤ ਜੀ ਨੇ ਆਪਣੇ ਮੁਖਾਰਬਿੰਦ ਤੋਂ ਆਪਣੀ ਹੱਡ-ਬੀਤੀ ਕਹਾਣੀ ਇਉਂ ਸੁਣਾਈ, "ਮੈਂ ਰੋਪੜ ਦੇ ਆਸ ਪਾਸ ਕਿਸੇ ਪਿੰਡ ਵਿਚ ਪਹੁੰਚ ਗਿਆ। ਇਕ ਗੁਰਦੁਆਰੇ ਵਿਚ ਠਹਿਰ ਗਿਆ। ਮੈਨੂੰ ਅੰਦਰੋਂ ਅੰਦਰ ਕੋਈ ਰੂਹ ਟੁੰਬ ਰਹੀ ਹੈ, ਮੈਨੂੰ

WWW.AKJ.ORG

WWW.AKJ.ORG


ਬੈਠਣ ਨਹੀਂ ਦੇਂਦੀ। ਮੈਂ ਅਪਣੇ ਮਨ ਵਿਚ ਕਹਿ ਰਿਹਾ ਹਾਂ, ਇਹ ਕੀ ਕੌਤਕ ਹੈ। ਏਸੇ ਤਰ੍ਹਾਂ ਰਾਤ ਦੇ ਦਸ ਬਜੇ ਦਾ ਵਕਤ ਹੋ ਗਿਆ ਹੋਵੇਗਾ, ਮੈਨੂੰ ਬਹੁਤ ਹੀ ਬੇਚੈਨੀ ਹੋ ਰਹੀ ਹੈ। ਮੇਰੇ ਪੈਰ ਤੇ ਇਕ ਮਾਮੂਲੀ ਜਿਹਾ ਜ਼ਖ਼ਮ ਸੀ। ਜਦ ਤਾਂ ਮੈਂ ਪਹਾੜ ਦੇ ਰੁਖ ਨੂੰ ਜਾਵਾਂ ਤਾਂ ਜ਼ਖ਼ਮ ਜ਼ਿਆਦਾ ਦੁਖਣ ਲਗ ਜਾਏ, ਜਦ ਮੈਂ ਪਿਛੇ ਨੂੰ ਮੁੜ ਪਵਾਂ ਤਾਂ ਜ਼ਖ਼ਮ ਦਰਦ ਕਰਨੋਂ ਹਟ ਜਾਏ। ਮੈਂ ਵਾਹੋ ਦਾਹੀ ਪਿਛੇ ਦੇ ਰੁਖ਼ ਨੂੰ ਦੌੜ ਪਿਆ, ਸਾਰੀ ਰਾਤ ਹੀ ਦੌੜਦਾ ਆਇਆ। ਤੜਕੇ ਸਾਰ ਹੀ ਕਿਸੇ ਪਿੰਡ ਇਕ ਘਰ ਦੇ ਮੂਹਰੇ ਆ ਖੜੋਤਾ, ਅਗੇ ਨੂੰ ਕਦਮ ਨਾ ਉਠੇ। ਮੈਂ ਏਸੇ ਘਰ ਦਾ ਬੂਹਾ ਖੜਕਾਇਆ ਤਾਂ ਕਿਸੇ ਨੇ ਕੁੰਡਾ ਖੋਲ੍ਹ ਦਿਤਾ। ਜਦੋਂ ਮੈਂ ਅੰਦਰ ਵੜਿਆ ਹੀ ਸੀ ਤਾਂ ਬੀਬੀ ਪੈਰਾਂ ਵਿਚ ਬੇਸੁਧ ਹੋ ਕੇ ਡਿਗ ਪਈ। ਫੇਰ ਮੈਂ ਸਮਝਿਆ, ਏਸੇ ਬੀਬੀ ਨੇ ਹੀ ਮੈਨੂੰ ਖਿਚਿਆ ਹੈ, ਐਸੀ ਮੇਰੇ ਪੈਰਾਂ ਵਿਚ ਏਸ ਬੀਬੀ ਨੇ ਝਰਨਾਟ ਛੇੜੀ ਕਿ ਮੈਂ ਭੀ ਗੜੂੰਦ ਹੋਂਦਾ ਜਾਵਾਂ। ਮੈਨੂੰ ਪਤਾ ਨਹੀਂ, ਅਸੀਂ ਦੋਨੋਂ ਜਣੇ ਏਸ ਹਾਲਤ ਵਿਚ ਕਿੰਨਾ ਕੁ ਚਿਰ ਡਿਗੇ ਪਏ ਰਹੇ ਹਾਂ। ਇਕ ਪੁਰਸ਼ ਨੇ ਸਾਨੂੰ ਦੋਹਾਂ ਨੂੰ ਉਠਾ ਕੇ ਅੱਡ ਅੱਡ ਮੰਜਿਆਂ ਤੇ ਪਾ ਦਿਤਾ। ਏਸੇ ਨਸ਼ੇ ਵਿਚ ਬਹੁਤ ਚਿਰ ਮਗਨ ਪਏ ਰਹੇ।"

ਇਹ ਪਿੰਡ ਕਲੌੜ ਸੀ, ਇਹ ਬੀਬੀ ਗਿਆਨੀ ਗੁਰਬਖ਼ਸ਼ ਸਿੰਘ ਭਦਲ ਪਿੰਡ ਵਾਲੇ ਦੀ ਭਾਣਜੀ ਸੀ। ਕਲੌੜ ਪਿੰਡ ਵਿਚ ਸ: ਮੇਹਰ ਸਿੰਘ ਪਟਿਆਲੇ ਦਾ ਅਹਿਲਕਾਰ ਸੀ, ਏਸ ਨੂੰ ਵਿਆਹੀ ਹੋਈ ਸੀ। ਏਸ ਕਲੌੜ ਵਾਲੀ ਬੀਬੀ ਨੇ ਦੋ ਗਲਾਸ ਦੁੱਧ ਦੇ ਮੇਜ਼ ਤੇ ਰਖ ਕੇ ਪ੍ਰਣ ਧਾਰ ਲਿਆ ਕਿ ਜਦ ਸੰਤ ਅਰਜਨ ਸਿੰਘ ਜੀ ਆ ਕੇ ਦੁੱਧ ਪੀਣਗੇ ਤਾਂ ਮੈਂ ਇਹ ਦੁੱਧ ਪੀਵਾਂਗੀ। ਬੀਬੀ ਜੀ ਸਵੇਰੇ ਹੀ ਸਮਾਧੀ ਲਾ ਕੇ ਬੈਠ ਗਈ। ਆਪ ਜੀ ਨੇ ਸੰਤ ਜੀ ਨੂੰ ਖਿਚ ਹੀ ਲਿਆ ਤੇ ਸੰਤ ਜੀ ਨੂੰ ਦੁੱਧ ਛਕਾ ਕੇ ਫੇਰ ਆਪ ਛਕਿਆ।

ਇਕ ਦਫ਼ਾ ਦਾਸ ਕਿਸੇ ਕੰਮ ਰਾਜਪੁਰੇ ਗਿਆ ਸੀ। ਰਾਜਪੁਰੇ ਸਟੇਸ਼ਨ ਤੇ ਦੋ ਪੁਰਸ਼ ਆਪਸ ਵਿਚ ਗੱਲਾਂ ਕਰਨ ਕਿ ਇਕ ਮਹਾਤਮਾ ਸਾਡੇ ਪਿੰਡ ਪਿਲਕਣੀ ਦੀ ਜੂਹ ਵਿਚ ਤਪ ਕਰ ਰਹੇ ਹਨ। ਮੈਂ ਪੁਛਿਆ, ਸੰਤ ਭਗਵੇਂ ਭੇਸ ਵਿਚ ਹੈ ਜਾਂ ਸਿੱਖੀ ਭੇਸ ਵਿਚ ਹੈ ? ਓਨ੍ਹਾਂ ਨੇ ਕਿਹਾ, ਕੰਬਲੀਆਂ ਵਿਚ ਹੀ ਰਹਿੰਦਾ ਹੈ, ਨਾਲ ਕਛੇ ਭੀ ਪਹਿਨਦਾ ਹੈ। ਮੇਰੇ ਮਨ ਵਿਚ ਖ਼ਿਆਲ ਹੋ ਗਿਆ, ਚਲੋ ਸੰਤਾਂ ਦੇ ਦਰਸ਼ਨ ਕਰੀਏ। ਮੈਂ ਪੁਛਦਾ ਪੁਛਦਾ ਜੰਗਲ ਵਿਚ ਪਹੁੰਚ ਗਿਆ। ਓਸ ਜੰਗਲ ਵਿਚ ਢੱਕ ਪਲਾਹ ਬਹੁਤ ਹੀ ਸੰਘਣਾ ਸੀ। ਜਦ ਮੈਂ ਦੂਰੋਂ ਹੀ ਦੇਖਿਆ ਤਾਂ ਇਕ ਘਾਹ ਫੂਸ ਦੀ ਝੁੱਗੀ ਬਣੀ ਹੋਈ ਹੈ। ਓਸ ਦੇ ਆਸ ਪਾਸ ਕਈ ਪ੍ਰਕਾਰ ਦੇ ਫੁੱਲ ਲਗੇ ਹੋਏ ਹਨ। ਝੁੱਗੀ ਦੇ ਨੇੜੇ ਜਾ ਕੇ ਮੈਂ ਜੋੜਾ ਬਾਹਰ ਹੀ ਖੋਲ੍ਹ ਕੇ ਦਬਵੇਂ ਪੈਰ ਹੌਲੀ ਹੌਲੀ ਝੁੱਗੀ ਦੇ ਬੂਹੇ ਵਲ ਗਿਆ ਤਾਂ ਅਗੋਂ ਕੀ ਵੇਖਦਾ ਹਾਂ, ਸੰਤ ਅਰਜਨ ਸਿੰਘ ਜੀ, ਬੂਹੇ ਵਲ ਨੂੰ ਤਾਂ ਪਿੱਠ ਹੈ, ਪਰੇ ਨੂੰ



ਮੂੰਹ ਹੈ। ਝੁੱਗੀ ਦੇ ਅੰਦਰਵਾਰ ਨੂੰ ਮੋਟਿਆਂ ਕੰਡਿਆਂ ਵਾਲੀਆਂ ਕਿੱਕਰ ਦੀਆਂ ਝਿੰਗਾਂ ਲਾਈਆਂ ਹੋਈਆਂ ਹਨ। ਮੈਂ ਪਿਛਲੇ ਪੈਰ ਹੀ ਹੋ ਕੇ ਥੋੜੀ ਵਿਥ ਤੇ ਬੈਠ ਗਿਆ। ਮੈਂ ਸੋਚਿਆ, ਸਮਾਧੀ ਵਿਚ ਬੈਠੇ ਹਨ, ਜਦੋਂ ਉਠਣਗੇ ਤਾਂ ਮਿਲਾਂਗਾ।

ਮੈਨੂੰ ਬੈਠੇ ਨੂੰ ਅਜੇ ਥੋੜੇ ਹੀ ਮਿੰਟ ਹੋਏ ਸਨ, "ਭਾਈ ਸੁਰਜਨ ਸਿੰਘ ਜੀ, ਥੋਡੇ ਵਾਸਤੇ ਤਾਂ ਮੈਨੂੰ ਮਿਲਣ ਦੀ ਸੰਕੋਚ ਨਹੀਂ ਹੈ, ਆਓ ਹੁਣੇ ਹੀ ਮਿਲੀਏ।" ਬਾਹਰ ਆ ਗਏ, ਖ਼ੂਬ ਮੈਨੂੰ ਗੱਲਵਕੜੀ ਵਿਚ ਲੈ ਕੇ ਮਿਲੇ। "ਮੈਂ ਅਣਜਾਣ ਪੁਰਸ਼ਾਂ ਨੂੰ ਰੋਕਿਆ ਹੋਇਆ ਹੈ, ਐਵੇਂ ਆ ਕੇ ਤੰਗ ਕਰਦੇ ਹਨ।" ਮੈਨੂੰ ਕਹਿਣ ਲਗੇ, "ਤੈਨੂੰ ਵੀ ਇਕ ਝੁੱਗੀ ਬਣਵਾ ਦਿੰਦਾ ਹਾਂ, ਤੂੰ ਭੀ ਏਥੇ ਮੇਰੇ ਕੋਲ ਹੀ ਰਹੁ।" ਮੈਂ ਆਖਿਆ, "ਜਿਸ ਤਰ੍ਹਾਂ ਆਪ ਜੀ ਦੀ ਰਜ਼ਾ।" ਮੇਰੇ ਵਾਸਤੇ ਭੀ ਇਕ ਅਲਹਿਦਾ ਝੁੱਗੀ ਬਣ ਗਈ। ਅਸੀਂ ਦੋਨੋਂ ਏਸ ਜੰਗਲ ਵਿਚ ਰਹਿਣ ਲਗ ਪਏ। ਰਾਤ ਦੇ ਇਕ ਬਜੇ ਉਠਿਆ ਕਰਦੇ ਸਾਂ। ਇਸ਼ਨਾਨ ਕਰ ਕੇ ਆਪੋ ਆਪਣੀਆਂ ਝੁੱਗੀਆਂ ਵਿਚ ਬੈਠ ਜਾਣਾ। ਸੰਤ ਜੀ ਦੀ ਝੁੱਗੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਭੀ ਸੀ। ਗੁਰੂ ਸਾਹਿਬ ਜੀ ਨੂੰ ਉੱਚੀ ਥਾਂ ਤੇ ਬਿਰਾਜਮਾਨ ਕੀਤਾ ਹੋਇਆ ਸੀ। ਆਪ ਜ਼ਮੀਨ ਤੇ ਹੀ ਬਿਰਾਜਮਾਨ ਹੋ ਜਾਂਦੇ ਸਨ। ਇਕ ਦਿਨ ਰਾਤ ਦੇ ਦੋ ਬਜੇ ਉੱਚੀ ਉੱਚੀ ਪੁਕਾਰ ਕੇ ਕਹਿਣ ਲਗੇ, "ਇਨ੍ਹਾਂ ਚੀਜ਼ਾਂ ਦੀ ਲੋੜ ਨਹੀਂ ਹੈ, ਕੇਵਲ ਦਰਸ਼ਨਾਂ ਦੀ ਹੀ ਲੋੜ ਹੈ।" ਮੈਂ ਪੁਛ ਬੈਠਾ, "ਮਹਾਤਮਾ ਜੀ, ਕੀ ਗੱਲ ਹੈ ?" ਕਹਿਣ ਲਗੇ, "ਤਮਾਮ ਸ੍ਰਿਸ਼ਟੀ ਦਾ ਪਸਾਰਾ ਮੇਰੇ ਅੰਦਰ ਆ ਗਿਆ ਹੈ। ਰਿਧੀਆਂ ਸਿਧੀਆਂ ਮੇਰੇ ਅੰਦਰ ਆ ਗਈਆਂ ਹਨ। ਮੈਂ ਬੇਨਤੀਆਂ ਕਰਦਾ ਹਾਂ, ਮੇਰੇ ਪਾਸੋਂ ਇਹ ਸਾਰੀਆਂ ਚੀਜ਼ਾਂ ਦੂਰ ਹੋ ਜਾਣ। ਇਹ ਮੇਰੇ ਪਾਸ ਮੱਲੋ ਮੱਲੀ ਆਉਂਦੀਆਂ ਹਨ। ਮੈਂ ਏਸ ਝਗੜੇ ਵਿਚ ਪਿਆ ਹੋਇਆ ਹਾਂ।" ਮੈਂ ਆਖਿਆ, "ਤੁਹਾਡੀਆਂ ਤੁਸੀਂ ਹੀ ਜਾਣੋ।" ਸੰਤ ਜੀ ਦਾ ਸੰਪਟ ਪਾਠ ਰਖਿਆ ਹੋਇਆ ਸੀ। ਓਸ ਦਾ ਭੋਗ ਸਾਢੇ ਪੰਜ ਮਹੀਨੇ ਵਿਚ ਪੈਣਾ ਸੀ। ਜਿਸ ਵਕਤ ਪਾਠ ਦੀ ਸਮਾਪਤੀ ਹੋ ਗਈ, ਭੋਗ ਪਾਇਆ ਗਿਆ। ਦਾਸ ਭੋਗ ਤੋਂ ਬਾਅਦ ਆਪਣੇ ਪਿੰਡ ਗੁਜਰਵਾਲ ਆ ਗਿਆ।

ਰਾਜਪੁਰੇ ਦੇ ਪਾਸ ਇਕ ਪਿੰਡ ਉਕਸੀ ਹੈ। ਏਥੇ ਭੀ ਸੰਤ ਜੀ ਨੇ ਤਪ ਕੀਤਾ ਹੈ। ਦਾਸ ਭੀ ਏਥੇ ਇਨ੍ਹਾਂ ਦੇ ਦਰਸ਼ਨ ਕਰਨ ਗਿਆ ਸੀ। ਨਗਰ ਤੋਂ ਬਾਹਰ ਸੰਘਣੇ ਜੰਗਲ ਵਿਚ ਆਪ ਜੀ ਏਥੇ ਇਕ ਕੱਖਾਂ ਦੀ ਝੁੱਗੀ ਪਾ ਕੇ ਇਥੇ ਹੀ ਸਮਾਧੀ ਲਾ ਕੇ ਬੈਠ ਗਏ। ਅੱਠੇ ਪਹਿਰ ਨਾਮ ਦੇ ਰੰਗ ਵਿਚ ਰਤੇ ਰਹਿੰਦੇ ਸਨ। ਉਕਸੀ ਪਿੰਡ ਦੀ ਇਕ ਬੀਬੀ ਘਰੋਂ ਜਲ ਗਰਮ ਕਰਕੇ ਰਾਤ ਦੇ ਦੋ ਵਜੇ ਸੰਤ ਜੀ ਦਾ ਇਸ਼ਨਾਨ ਕਰਾਇਆ ਕਰਦੀ ਸੀ। ਦਿਨੇ ਪ੍ਰਸ਼ਾਦਾ ਭੀ ਇਹੋ ਬੀਬੀ ਝੁੱਗੀ ਵਿਚ ਲਿਜਾ ਕੇ ਛਕਾਇਆ ਕਰਦੀ ਸੀ। ਏਸ ਬੀਬੀ ਨੇ ਸੰਤ ਜੀ ਦੀ ਅਤੁੱਟ ਸੇਵਾ ਕੀਤੀ।

WWW.AKJ.ORG

WWW.AKJ.ORG


ਇਕ ਦਿਨ ਦਾ ਜ਼ਿਕਰ ਹੈ, ਏਸ ਬੀਬੀ ਦੇ ਪਿਤਾ ਨੂੰ ਕਿਸੇ ਨਿੰਦਕ ਨੇ ਐਵੇਂ ਝੂਠੀਆਂ ਮੂਠੀਆਂ ਗੱਲਾਂ ਆਖ ਕੇ ਭਖਾ ਦਿੱਤਾ। ਓਸ ਨਿੰਦਕ ਦੇ ਕਹੇ ਕਹਾਏ ਬੀਬੀ ਦੇ ਪਿਤਾ ਨੇ ਬੀਬੀ ਦੀ ਬੱਖੀ ਵਿਚ ਇਕ ਐਸੀ ਲੱਤ ਮਾਰੀ ਕਿ ਬੀਬੀ ਬੇਹੋਸ਼ ਹੋ ਕੇ ਡਿਗ ਪਈ। ਦੂਜੇ ਦਿਨ ਹੀ ਐਸਾ ਭਾਣਾ ਵਰਤਿਆ ਕਿ ਬੀਬੀ ਦੇ ਪਿਤਾ ਦੀ ਓਸੇ ਲੱਤ ਵਿਚ ਹੀ ਦਰਦ ਸ਼ੁਰੂ ਹੋ ਗਿਆ। ਥੋੜੇ ਦਿਨਾਂ ਵਿਚ ਹੀ ਲੱਤ ਵਿਚ ਕੀੜੇ ਪੈ ਗਏ। ਬਹੁਤ ਸਾਰੇ ਪੁਰਸ਼ ਬੀਬੀ ਦੇ ਪਿਤਾ ਨੂੰ ਚੁਕ ਕੇ ਸੰਤ ਜੀ ਪਾਸ ਮੁਆਫ਼ੀ ਮੰਗਣ ਵਾਸਤੇ ਲੈ ਆਏ। ਸੰਤ ਜੀ ਨੂੰ ਏਸ ਗੱਲ ਦਾ ਕੋਈ ਪਤਾ ਨਹੀਂ ਸੀ ਕਿ ਬੀਬੀ ਦੇ ਪਿਤਾ ਨੇ ਬੀਬੀ ਦੇ ਲੱਤ ਮਾਰੀ ਹੈ। ਨਾ ਹੀ ਬੀਬੀ ਜੀ ਨੇ ਸੰਤ ਜੀ ਨੂੰ ਦਸਿਆ ਸੀ ਕਿ ਮੇਰੇ ਪਿਤਾ ਨੇ ਮੇਰੇ ਲੱਤ ਮਾਰੀ ਹੈ। ਸੰਤ ਜੀ ਨੇ ਓਨ੍ਹਾਂ ਸਾਰਿਆਂ ਪੁਰਸ਼ਾਂ ਨੂੰ ਕਿਹਾ, "ਸਾਡੇ ਸਰਾਪ ਨਾਲ ਤਾਂ ਇਹ ਬੀਮਾਰੀ ਨਹੀਂ ਲਗੀ, ਨਾ ਹੀ ਸਾਨੂੰ ਪਤਾ ਹੈ। ਬੀਬੀ ਦੇ ਏਸ ਨੇ ਲੱਤ ਮਾਰੀ ਹੈ, ਏਸ ਭੇਤ ਨੂੰ ਉਹ ਅਕਾਲ ਪੁਰਖ ਹੀ ਜਾਣੇ।" ਆਖ਼ਰ ਇਹੀ ਹੋਇਆ ਕਿ ਬੀਬੀ ਦਾ ਪਿਤਾ ਓਸ ਲੱਤ ਦੀ ਬੀਮਾਰੀ ਨਾਲ ਹੀ ਗੁਜ਼ਰ ਗਿਆ।

ਸੰਤ ਜੀ ਕੁਛ ਅਰਸਾ ਏਥੇ ਠਹਿਰ ਕੇ ਚਲੇ ਗਏ। ਨੰਦਪੁਰ ਕਲੌੜ ਆ ਗਏ। ਨੰਦਪੁਰ ਗੁਰੂ ਨੌਵੇਂ ਪਾਤਸ਼ਾਹ ਜੀ ਨੇ ਆਪਣੇ ਪਵਿੱਤਰ ਚਰਨ ਪਾਏ ਹਨ। ਇਸ ਪਿੰਡ ਵਿਚ ਸੰਤ ਜੀ ਨੇ ਏਥੇ ਦੇ ਗੁਰਦੁਆਰੇ ਦੇ ਪੁਜਾਰੀ ਤੇ ਪੁਜਾਰਨ ਨੂੰ ਕਿਹਾ, "ਹੁਣ ਤੁਸੀਂ ਗੁਰਦੁਆਰਾ ਕਮੇਟੀ ਦੇ ਹਵਾਲੇ ਕਰ ਦੇਵੋ।" ਉਨ੍ਹਾਂ ਨੇ ਮੰਨ ਲਿਆ। ਸੰਤ ਜੀ ਨੇ ਪਿੰਡ ਦੀ ਕਮੇਟੀ ਬਣਾ ਦਿੱਤੀ। ਏਥੇ ਸੰਤ ਜੀ ਨੇ ਖ਼ੁਦ ਆਪਣੀ ਹੱਥੀਂ ਸੇਵਾ ਕੀਤੀ ਸੀ। ਦਾਸ ਭੀ ਇਕ ਦਫ਼ਾ ਦਰਸ਼ਨ ਕਰ ਕੇ ਆਇਆ ਸੀ। ਓਹਨਾਂ ਦਿਨਾਂ ਵਿਚ ਹੀ ਏਸ ਗੁਰਦੁਆਰੇ ਦੀ ਸੇਵਾ ਸੰਤ ਕਰਤਾਰ ਸਿੰਘ ਜੀ ਨੂੰ ਸੌਂਪੀ ਗਈ। ਸੰਤ ਕਰਤਾਰ ਸਿੰਘ ਜੀ ਆਪਣੀ ਹੱਥੀਂ ਵਾਹੀ ਕਰ ਕੇ ਲੰਗਰ ਚਲਾਂਦੇ ਸਨ। ਸੰਤ ਕਰਤਾਰ ਸਿੰਘ ਜੀ ਨੇ ਏਸ ਗੁਰਦੁਆਰੇ ਦੀ ਅਤੁੱਟ ਸੇਵਾ ਕੀਤੀ। ਸੰਤ ਕਰਤਾਰ ਸਿੰਘ ਜੀ ਦਾ ਸਰੀਰ ਏਸ ਸੰਸਾਰ ਤੋਂ ਚਲਾਣਾ ਕਰ ਗਿਆ ਹੈ। ਅੱਜ ਕਲ੍ਹ ਹੁਣ ਸੰਤ ਜੁਆਲਾ ਸਿੰਘ ਜੀ ਏਸ ਗੁਰਦੁਆਰੇ ਸਾਹਿਬ ਦੀ ਸੇਵਾ ਕਰਦੇ ਹਨ। ਆਪ ਜੀ ਭੀ ਬਹੁਤ ਹੀ ਨਾਮ ਦੇ ਰਸੀਏ ਹਨ।

ਏਸ ਤੋਂ ਬਾਅਦ ਸੰਤ ਅਰਜਨ ਸਿੰਘ ਜੀ ਨੇ ਦੂਖ-ਨਿਵਾਰਨ ਪਟਿਆਲੇ ਜਾ ਆਸਣ ਜਮਾਇਆ। ਏਸ ਗੁਰਦੁਆਰੇ ਵਿਚ ਭੀ ਨੌਵੇਂ ਪਾਤਸ਼ਾਹ ਜੀ ਨੇ ਚਰਨ ਪਾਹੇ ਹਨ। ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਏਸ ਗੁਰਦੁਆਰੇ ਦੇ ਬਣਨ ਵਿਚ ਕੁਛ ਵਿਰੁਧ ਸੀ। ਸੰਤ ਅਰਜਨ ਸਿੰਘ ਤੇ ਨਿਹੰਗ ਸਿੰਘ ਰਾਮ ਸਿੰਘ ਜੀ ਆਦਿਕ ਪੁਰਸ਼ਾਂ ਨੇ ਗੁਰੂ ਕੀ ਸੇਵਾ ਆਰੰਭ ਕਰ ਦਿਤੀ। ਸੰਤ ਅਰਜਨ ਸਿੰਘ ਜੀ ਦੇ ਹੁੰਦਿਆਂ ਹੀ ਏਸ ਗੁਰਦੁਆਰੇ ਦੀ ਸੇਵਾ ਕਾਫ਼ੀ ਹੋ ਗਈ ਸੀ। ਕੁਛ ਅਰਸੇ ਤੋਂ ਬਾਅਦ ਸੰਤ



ਅਰਜਨ ਸਿੰਘ ਜੀ ਦੇ ਸਰੀਰ ਦਾ ਅੰਤ ਸਮਾਂ ਏਸ ਗੁਰਦੁਆਰੇ ਦੀ ਸੇਵਾ ਕਰਦੇ ਆ ਗਿਆ ਤੇ ਉਹ ਸਰੀਰ ਕਰਕੇ ਏਸ ਸੰਸਾਰ ਤੋਂ ਗੁੰਮ ਹੋ ਗਏ। (ਦਾਸ -ਸੁਰਜਨ ਸਿੰਘ)

### ਭਾਈ ਅਰਜਨ ਸਿੰਘ ਜੀ ਦੀ ਗੁਰੂ ਘਰ ਦੀ ਸੇਵਾ -

ਸ੍ਰੀ ਭਾਈ ਸੰਤ ਅਰਜਨ ਸਿੰਘ ਜੀ ਨੇ ਚਾਰ ਇਤਿਹਾਸਕ ਗੁਰਦੁਆਰਿਆਂ ਦੀ ਕਮਾਲ ਦੀ ਸੇਵਾ ਕੀਤੀ, ਜੋ ਇਨ੍ਹਾਂ ਦੀ ਯਾਦਗਾਰ ਲਈ ਸਦਾ ਕਾਇਮ ਰਹੇਗੀ। ਸਾਡੇ ਜੇਲ੍ਹ ਜਾਣ ਪਿਛੋਂ ਗੁਰੂ ਨੇਤ ਅਨੁਸਾਰ ਸੰਤ ਭਾਈ ਅਰਜਨ ਸਿੰਘ ਜੀ ਨੂੰ ਇਕ ਐਸੇ ਗੁਰਮੁਖ ਪਿਆਰੇ, ਸਃ ਗੁਰਦਿਤ ਸਿਘੰ ਮੈਜਿਸਟਰੇਟ ਮਿਲੇ, ਜੋ ਮੁਢ-ਕਦੀਮ ਤੋਂ ਹੀ ਗੁਰੂ ਘਰ ਦੇ ਪ੍ਰੇਮੀ ਸਨ। ਇਨ੍ਹਾਂ ਦੇ ਖ਼ਾਨਦਾਨ ਵਿਚ ਹੀ ਸੇਵਾ-ਭਗਤੀ, ਪ੍ਰੇਮ-ਭਾਵਨਾ ਦੀ ਕਲਾ ਚਲੀ ਆਂਵਦੀ ਸੀ। ਮੈਜਿਸਟਰੇਟ ਗੁਰਦਿਤ ਸਿੰਘ ਜੀ ਤਾਂ ਨਿਰੇ ਪ੍ਰੇਮ ਦੇ ਪੁਤਲੇ ਸਨ। ਗੁਰੂ ਘਰ ਦੇ ਇਤਿਹਾਸਕ ਗੁਰਦੁਆਰਿਆਂ ਦੀ ਖੋਜ ਦਾ ਇਨ੍ਹਾਂ ਨੂੰ ਅਤੀਅੰਤ ਚਾਉ ਭਰਿਆ ਪ੍ਰੇਮ ਰਹਿੰਦਾ ਸੀ। ਸੰਤ ਭਾਈ ਅਰਜਨ ਸਿੰਘ ਜੀ ਨਾਲ ਇਨ੍ਹਾਂ ਦਾ ਮੇਲਾ ਕਰਤਾਰ ਦੀ ਅਮਰ ਰਜ਼ਾ ਅਨੁਸਾਰ ਸੁਤੇ ਹੀ ਹੋ ਗਿਆ। ਦੋਹਾਂ ਹੀ ਮਰਜੀਵੜੇ ਜੀਵੜਿਆਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਖੋਜ ਕਰਨ ਲਈ ਕਸ ਕੇ ਲੱਕ ਬੰਨ੍ਹ ਲਿਆ। ਮੈਜਿਸਟਰੇਟ ਸਃ ਗੁਰਦਿਤ ਸਿੰਘ ਜੀ ਰਿਆਸਤ ਪਟਿਆਲਾ ਦੇ ਇਲਾਕੇ ਵਿਚ ਅਹਿਲਕਾਰ ਸਨ। ਇਸ ਇਲਾਕੇ ਵਿਚ ਹੀ ਇਨ੍ਹਾਂ ਖੋਜ ਅਰੰਭ ਕਰ ਦਿਤੀ। ਪੁਰਾਣੇ ਕਾਗ਼ਜ਼ਾਤ ਲੱਭਣ ਖੋਜਣ ਦਾ ਇਨ੍ਹਾਂ ਨੂੰ ਬੜਾ ਹੀ ਸ਼ੌਕ ਸੀ, ਹਰ ਵਕਤ ਇਹੋ ਹੀ ਲਿੱਲ ਲਗੀ ਰਹਿੰਦੀ ਸੀ ਕਿ ਪੁਰਾਣੇ ਇਤਿਹਾਸ ਸੰਬੰਧੀ ਕੋਈ ਸੂੰਹ ਮਿਲੇ।

ਇਕ ਦਿਨ ਸਃ ਗੁਰਦਿਤ ਸਿੰਘ ਜੀ ਤੇ ਸੰਤ ਭਾਈ ਅਰਜਨ ਸਿੰਘ ਜੀ ਅਰਦਾਸਾ ਸੋਧ ਕੇ ਖੋਜ ਲਈ ਚੜ੍ਹੇ। ਕਿਤੋਂ ਇਨ੍ਹਾਂ ਨੂੰ ਸੁਰਾਗ ਲਗਾ ਕਿ ਰਿਆਸਤ ਦੇ ਕਿਸੇ ਪੁਰਾਣੇ ਨਗਰ ਵਿਚ ਇਕ ਪੁਰਾਣਾ ਮੁਸਲਮਾਨੀ ਖ਼ਾਨਦਾਨ ਹੈ, ਜਿਸ ਵਿਚ ਪੀੜ੍ਹੀਆਂ ਤੋਂ ਖ਼ਾਨਦਾਨੀ ਪਟਵਾਰੀ ਹੀ ਲਗ ਕੇ ਚਲੇ ਆਂਵਦੇ ਸਨ। ਇਸ ਖ਼ਾਨਦਾਨੀ ਪਟਵਾਰੀਆਂ ਦੇ ਗ੍ਰਹਿ ਵਿਚ, ਜੋ ਉਸ ਸਮੇਂ ਪਟਵਾਰੀ ਮੁਸਲਮਾਨ ਲਗਾ ਹੋਇਆ ਸੀ, ਉਸ ਦੇ ਘਰੋਂ ਪੁਰਾਣੇ ਕਾਗ਼ਜ਼ਾਤ ਇਨ੍ਹਾਂ ਨੇ ਜਾ ਤਲਾਸ਼ ਕੀਤੇ। ਉਨ੍ਹਾਂ ਵਿਚੋਂ ਸੁਤੇ ਹੀ ਗੁਰੂ ਨੇਤ ਅਨੁਸਾਰ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੇ ਚਾਰ ਲਿਖਤੀ ਪਟੇ ਗੁਰਮੁਖੀ ਵਿਚ ਲਿਖੇ ਹੋਏ ਮਿਲੇ, ਟੀਨ ਦੇ ਪੋਲਰੇ ਵਿਚ ਪਾਏ ਹੋਏ ਹੋਣ ਕਰਕੇ ਬਹੁਤ ਜੀਰਨ ਨਹੀਂ ਸਨ ਹੋਏ ਹੋਏ। ਕਢ ਕੇ ਦੇਖੇ ਤਾਂ ਉਨ੍ਹਾਂ ਦੀਆਂ ਖ਼ੁਸ਼ੀਆਂ ਦਾ ਅੰਤ ਨ ਰਿਹਾ। ਇਹ ਚਾਰ ਪਟੇ ਨੌਵੇਂ ਗੁਰੂ ਪਾਤਸ਼ਾਹ ਦੇ ਚਾਰੇ ਗੁਪਤ ਲੁਪਤ ਗੁਰਦਵਾਰਿਆਂ ਸੰਬੰਧੀ ਸਨ-

WWW.AKJ.ORG

(੧) ਗੁਰਦਵਾਰਾ ਸਾਹਿਬ ਨੰਦਪੁਰ ਕਲੌੜ।
(੨) ਗੁਰਦਵਾਰਾ ਨਥਾਣਾ ਸਾਹਿਬ।
(੩) ਗੁਰਦਵਾਰਾ ਦੂਖ ਨਿਵਾਰਨ ਸਾਹਿਬ।
(੪) ਗੁਰਦਵਾਰਾ ਮੁਕਤਸਰ ਸਾਹਿਬ।

ਇਸ ਇਤਿਹਾਸਕ ਖੋਜ ਲੱਭਣ ਦੀ ਦੇਰ ਹੀ ਸੀ ਕਿ ਸੇਵਾ-ਪੁੰਜ ਦੋਵੇਂ ਜੀਉੜੇ ਸੇਵਾ ਵਿਚ ਜੁਟ ਗਏ। ਪਿਆਰਾ ਸਃ ਗੁਰਦਿਤ ਸਿੰਘ ਤਾਂ ਭਾਣੇ ਅੰਦਰ ਗੁਰਪੁਰੀ ਨੂੰ ਪਧਾਰ ਗਿਆ। ਸੰਤ ਭਾਈ ਅਰਜਨ ਸਿੰਘ ਜੀ ਘਬਰਾਏ ਨਹੀਂ, ਸੇਵਾ ਵਿਚ ਜੁਟ ਗਏ। ਪਹਿਲਾਂ ਗੁਰਦਵਾਰਾ ਨੰਦਪੁਰ ਕਲੌੜ ਦੀ ਸੇਵਾ ਦਾ ਅਰੰਭ ਅਰੰਭਿਆ। ਲਭੇ ਪਟੇ ਦੀ ਖੋਜ ਅਨੁਸਾਰ ਇਸ ਗੁਰਦੁਆਰੇ ਸਾਹਿਬ ਦੀ ਗੁਪਤ ਮੰਜੀ-ਅਸਥਾਨ ਬੜੇ ਡੂੰਘੇ ਥਾਉਂ ਤੇ ਵਾਕਿਆ ਸੀ। ਕੋਈ ਪੁਰਾਤਨ ਨਦੀ ਉਥੋਂ ਦੀ ਵਗਦੀ ਰਹਿਣ ਕਰਕੇ ਚਾਰ ਚੁਫੇਰੇ ਚਿੱਕੜ ਤੇ ਪਾਣੀ ਦਾ ਟੋਭਾ ਹੀ ਲਗਾ ਰਹਿੰਦਾ ਸੀ। ਸਿਰੀ ਭਾਈ ਅਰਜਨ ਸਿੰਘ ਜੀ ਨੇ ਆਪ ਉਦਮ ਬਲ ਧਾਰ ਕੇ ਸਾਰੇ ਪਿੰਡ ਵਿਚ ਢੰਡੋਰਾ ਫੇਰ ਕੇ ਭਰਤ ਪਾਉਣ ਲਈ ਆਪ ਸਿਰ ਤੇ ਮਿੱਟੀ ਦੀਆਂ ਟੋਕਰੀਆਂ ਢੋਈਆਂ। ਚਾਹੇ ਬਹੁਤ ਔਕੜਾਂ ਪੇਸ਼ ਆਈਆਂ, ਪਰ ਇਨ੍ਹਾਂ ਦੀ ਉਦਮ-ਨਜ਼ੀਰ ਨੇ ਓੜਕ ਫਤਹ ਪਾਈ। ਸੈਂਕੜੇ ਹੀ ਗੱਡੇ ਮਿੱਟੀ ਦੇ ਭਰਤ ਲਈ ਪਾਏ ਗਏ ਤੇ ਗੁਰਦਵਾਰਾ ਸਾਹਿਬ ਬੜੀ ਉਚਿਆਣ ਤੇ ਨਵੀਨ ਸਾਜਿਆ ਗਿਆ। ਅੱਜ ਤਾਈਂ ਪੁਰਾਣੀ ਮੰਜੀ ਸਾਹਿਬ ਥਲੇ ਸੁਭਾਇਮਾਨ ਹੈ ਤੇ ਬੜੀ ਮਹਿਫ਼ੂਜ਼ ਹੈ। ਉਪਰ ਗੁਰਦਵਾਰਾ ਸਾਹਿਬ ਬੜੀ ਸੋਹਣੀ ਸਕੇਲ ਤੇ ਉਸਾਰਿਆ ਹੋਇਆ ਹੈ। ਇਸ ਗੁਰਦਵਾਰੇ ਦੀ ਖ਼ਾਨਦਾਨੀ ਜਗੀਰ ਜਾਇਦਾਦ ਦੀ ਕਮਾਈ ਇਨ੍ਹਾਂ ਦੇ ਨਾਉਂ ਤੇ ਲਿਖੀ ਹੋਈ ਸੀ। ਸੰਤ ਭਾਈ ਅਰਜਨ ਸਿੰਘ ਜੀ ਨੇ ਬੜਾ ਉਦਮ ਧਾਰ ਕੇ ਤੇ ਅਨੇਕਾਂ ਯਤਨ ਕਰ ਕੇ ਮੁਕਾਮੀ ਸਰਕਾਰੀ ਅਫ਼ਸਰਾਂ ਨੂੰ ਪ੍ਰੇਰ ਕੇ ਇਸ ਗੁਰਦਵਾਰੇ ਸਾਹਿਬ ਸੰਬੰਧੀ ਨੰਦਪੁਰ ਕਲੌੜ ਪਿੰਡ ਦੀ ਇਕ ਕਮੇਟੀ ਬਣਾਈ ਤੇ ਇਸ ਗੁਰਦਵਾਰੇ ਦਾ ਪ੍ਰਬੰਧ ਉਸ ਕਮੇਟੀ ਦੇ ਸਪੁਰਦ ਕਰਵਾ ਦਿਤਾ, ਜਿਥੇ ਹੁਣ ਤਕ ਉਸ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਚਲਿਆ ਆ ਰਿਹਾ ਹੈ।

## ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਦਾ ਪ੍ਰਬੰਧ -

ਆਪ ਇਥੋਂ ਅਟੰਕ ਤੇ ਸੁਰਖ਼ਰੂ ਹੋ ਕੇ ਫਿਰ ਨਥਾਣਾ ਸਾਹਿਬ ਗੁਰਦੁਆਰੇ ਦੀ ਸੇਵਾ ਵਿਚ ਆ ਜੁਟੇ। ਉਕਤ ਗੁਰਦੁਆਰੇ ਦੀ ਸੇਵਾ ਸਿਰੇ ਚਾੜ੍ਹ ਕੇ ਫਿਰ ਦੂਖ ਨਿਵਾਰਨ ਗੁਰਦੁਆਰੇ ਸਾਹਿਬ ਵਾਲੇ ਲਭੇ ਪਟੇ ਦੀ ਖੋਜ ਅਨੁਸਾਰ ਇਸ ਗੁਰਦੁਆਰੇ ਦੇ ਅਸਲੀ ਅਸਥਾਨ ਨੂੰ ਲਭਣਾ ਅਰੰਭ ਕੀਤਾ। ਇਸ ਪ੍ਰਥਾਇ ਸਾਡੀ ਆਪਣੀ ਵੀ ਹੱਡ ਬੀਤੀ ਬਾਤ ਇਸ ਪ੍ਰਕਾਰ ਹੈ-



ਜੇਲ੍ਹ ਜਾਣ ਤੋਂ ਪਹਿਲਾਂ ਅਸੀਂ ਅਕਸਰ ਹਰ ਸਾਲ ਪਟਿਆਲੇ ਗੁਰਮੁਖ ਪਿਆਰੇ ਸਿਰੀ ਭਾਈ ਗੁਰਪੁਰ ਨਿਵਾਸੀ ਸਃ ਜੋਗਿੰਦਰ ਸਿੰਘ ਜੀ ਪਾਸ ਜਾਇਆ ਕਰਦੇ ਸਾਂ। ਇਨ੍ਹਾਂ ਪਾਸ ਹਫ਼ਤਿਆਂ ਬੱਧੀ ਰਹਿਣਾ ਅਤੇ ਗੁਪਤ ਗੁਹਜ ਪ੍ਰੇਮ-ਕਹਾਣੀਆਂ ਕਰਨੀਆਂ ਸੁਨਣੀਆਂ।

੧੯੧੩ ਦਾ ਜ਼ਿਕਰ ਹੈ ਕਿ ਦਾਸ ਤੇ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਦੋਵੇਂ ਸੈਰ ਕਰਨ ਲਈ ਨਹਿਰੇ ਨਹਿਰ ਪਟਿਆਲੇ ਸ਼ਹਿਰ ਤੋਂ ਬਾਹਰਵਾਰ ਜਾ ਰਹੇ ਸੀ। ਰਹਿਰਾਸ ਦੇ ਸਮੇਂ ਤੋਂ ਪਹਿਲਾਂ ਜੰਗਲ ਮੈਦਾਨ ਦਿਸ਼ਾ ਆਣ ਦੀ ਰੁਚੀ ਫੁਰੀ ਤਾਂ ਭਾਈ ਜੋਗਿੰਦਰ ਸਿੰਘ ਜੀ ਨੇ ਨਹਿਰ ਦੇ ਸਜੇ ਪਾਸੇ ਇਕ ਗੂੜ੍ਹੇ ਢੱਕਾਂ ਬ੍ਰਿਛਾਂ ਦੀ ਬੀੜ ਵਿਚ ਇਸ਼ਾਰਾ ਕੀਤਾ ਕਿ ਇਧਰ ਮੈਦਾਨ ਹੋ ਲਈਏ। ਜਦੋਂ ਅਸੀਂ ਉਧਰ ਨੂੰ ਗਏ, ਥੋੜੀ ਹੀ ਵਿਥ ਤੇ ਇਕ ਬੋਹੜ ਦਾ ਬ੍ਰਿਛ ਸੀ। ਸੋ ਉਸ ਬ੍ਰਿਛ ਦੀ ਸੁਹਾਵਣੀ ਛਾਉਂ ਨੇ ਸਾਨੂੰ ਖਿਚ ਪ੍ਰੇਰਨਾ ਕੀਤੀ ਕਿ ਇਸ ਦੇ ਹੇਠਾਂ ਬੈਠ ਕੇ ਕੁਝ ਅਭਿਆਸ ਕਰੀਏ। ਐਸੀ ਬ੍ਰਿਤੀ ਜੁੜੀ ਕਿ ਉਠਣ ਨੂੰ ਜੀਅ ਨਾ ਕਰੇ। ਜੁਟੇ ਹੀ ਰਹੇ, ਜੁਟੇ ਹੀ ਬੈਠੇ ਰਹੇ। ਉਪਰੋਂ ਰਹਿਰਾਸ ਸਾਹਿਬ ਦਾ ਸਮਾਂ ਆ ਗਿਆ। ਮੈਦਾਨ ਹੋਣਾ ਭੁਲ ਗਿਆ। ਗੁਰਮੁਖ ਪਿਆਰੇ ਸਰਦਾਰ ਜੋਗਿੰਦਰ ਸਿੰਘ ਜੀ ਪ੍ਰਮਾਰਥ ਦੇ ਬੜੇ ਹੀ ਰਮਜ਼-ਸ਼ਨਾਸ ਸਨ, ਉਨ੍ਹਾਂ ਨੇ ਸਮਝ ਲਿਆ ਿ ਇਸ ਅਸਥਾਨ ਤੇ ਜ਼ਰੂਰ ਕੋਈ ਗ਼ੈਬੀ ਕਲਾ ਵਰਤੀ ਹੋਈ ਹੈ। ਪਾਸ ਹੀ 'ਲਹਿਲ' ਨਾਮੇ ਪਿੰਡ ਸੀ। ਇਸ ਪਿੰਡ ਦੇ ਵਾਸੀ ਦੋ ਤਿੰਨ ਬੁੱਢੇ ਆਦਮੀਆਂ ਨੂੰ ਬੁਲਾ ਲਿਆਏ, ਜਿਨ੍ਹਾਂ ਦੀ ਉਮਰ ਵਡੀ ਘਨੇਰੀ ਸੀ। ਇਕ ਬੁੱਢਾ ਬੜੀ ਉਮਰ ਦਾ ਮੁਸਲਮਾਨ ਸੀ ਅਤੇ ਦੋ ਧੋਤੀ-ਪੋਸ਼ ਪੁਰਾਣੇ ਬੁਢੇ ਜੱਟ ਸਿਖ ਸਨ, ਜਿਨ੍ਹਾਂ ਦੀ ਉਮਰ ਅੱਸੀ ਸਾਲ ਤੋਂ ਉਪਰ ਸੀ। ਇਸ ਜਗ੍ਹਾ ਤੇ ਬੁਲਾ ਕੇ ਉਨ੍ਹਾਂ ਨੂੰ ਸਰਦਾਰ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਵਲੋਂ ਪੁਛਿਆ ਗਿਆ, ਕਿ ਭਾਈ ਸਾਨੂੰ ਦਸੋ, ਇਸ ਬੋਹੜ ਤਲੇ ਕੀ ਪੁਰਾਣੇ ਕੌਤਕ ਵਰਤੇ ਹੋਏ ਹਨ?

ਉਹ ਕਹਿਣ ਲਗੇ, "ਜੀ, ਇਸ ਬੋਹੜ ਦਾ ਤਾਂ ਸਾਨੂੰ ਪਤਾ ਨਹੀਂ, ਪਰ ਇਹ ਪਤਾ ਜ਼ਰੂਰ ਹੈ ਕਿ ਉਹ ਜੋ ਜਲ ਦੀ ਛਪੜੀ ਇਸ ਦੇ ਪਾਸ ਹੈ, ਇਸ ਨੂੰ ਅਕਾਲੀਆਂ ਦੀ ਛਪੜੀ ਕਹਿੰਦੇ ਹਨ ਅਤੇ ਬੜੇ ਪੁਰਾਣੇ ਜ਼ਮਾਨੇ ਤੋਂ ਇਹ ਰਵਾਇਤ ਚਲੀ ਆਉਂਦੀ ਹੈ ਕਿ ਇਸ ਛਪੜੀ ਵਿਚ ਬੜੀ ਹੀ ਅਗਾਧ ਗ਼ੈਬੀ ਕਲਾ ਹੈ, ਕੀ ਹਿੰਦੂ ਕੀ ਮੁਸਲਮਾਨ, ਕੀ ਬ੍ਰਿਧ ਕੀ ਬਾਲਕ, ਕੀ ਇਸਤ੍ਰੀ ਕੀ ਪੁਰਸ਼, ਸਭ ਇਸ ਦੀ ਬੜੀ ਭਾਰੀ ਮਾਨਤਾ ਕਰਦੇ ਹਨ। ਅਸੀਂ ਅਜ਼ਮਾ ਕੇ ਖ਼ੁਦ ਦੇਖਿਆ ਹੈ ਕਿ ਸਾਡੀਆਂ ਅੱਖੀਆਂ ਦੇ ਸਾਹਮਣੇ ਅਨੇਕਾਂ ਸੁੱਕੇ ਹੋਏ ਨਵ-ਜਨਮੇ ਬਾਲਕ ਹਿੰਦੂ ਮੁਸਲਮਾਨਾਂ ਦੇ ਹਰੇ ਭਰੇ ਅਤੇ ਜੀਂਵਦੇ ਜਾਗਦੇ ਹੋ ਗਏ। ਬੀਮਾਰ ਡੰਗਰ ਪਸ਼ੂਆਂ ਨੂੰ ਭੀ ਇਸ ਛਪੜੀ ਵਿਚੋਂ ਛੱਟੇ ਮਾਰਨ ਕਰਕੇ ਪੂਰਾ ਸੁਬੇਹਤਾ ਹੁੰਦਾ ਦੇਖਿਆ ਹੈ। ਇਸ ਛਪੜੀ ਦੀ

WWW.AKJ.ORG


ਮਾਨਤਾ ਵਿਚ ਹਰੇਕ ਚਾਨਣੇ ਪੱਖ ਦੀ ਪੰਚਮੀ ਨੂੰ ਬੜੀ ਬੜੀ ਦੂਰੋਂ ਹਿੰਦੂ ਮੁਸਲਮਾਨ ਯਾਤਰੂ ਚਲ ਚਲ ਆਉਂਦੇ ਹਨ ਅਤੇ ਉਨ੍ਹਾਂ ਦੀਆਂ ਮਨੋ-ਕਾਮਨਾਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਅਸੀਂ ਤਾਂ ਏਨਾ ਕੁਛ ਹੀ ਦੇਖਿਆ ਹੈ। ਹੋਰ ਅਜੇ ਇਹ ਛਪੜੀ-ਅਸਥਾਨ ਆਮ ਤੌਰ ਤੇ ਪ੍ਰਸਿੱਧ ਨਹੀਂ ਹੋਈ।"

ਇਹ ਵਾਰਤਾ ਉਨ੍ਹਾਂ ਬਜ਼ੁਰਗਾਂ ਬਿਰਧਾਂ ਤੋਂ ਸੁਣ ਕੇ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਹੋਰ ਤਿੰਨ ਚਾਰ ਗੁਰਮੁਖ ਪਿਆਰਿਆਂ ਸਿੰਘ ਸੱਜਣਾਂ ਨੂੰ ਭੀ ਉਸ ਅਸਥਾਨ ਤੇ ਲੈ ਆਏ। ਪੰਜਾਂ ਸਿੰਘਾਂ ਨੇ ਮਿਲ ਕੇ ਆਰਦਾਸਾ ਸੋਧਿਆ ਕਿ ਸੱਚੇ ਪਾਤਸ਼ਾਹ, ਇਸ ਅਸਥਾਨ ਤੇ ਜੋ ਗ਼ੈਬੀ ਕਲਾ ਵਰਤੀ ਹੋਈ ਹੈ, ਉਹ ਪ੍ਰਸਿਧ ਹੋ ਕੇ ਪ੍ਰਗਟ ਪਹਾਰੇ ਜਾਪਣ ਲਗ ਜਾਵੇ। ਬੜੀ ਸ਼ਰਧਾ-ਭਾਵਨੀ ਨਾਲ ਇਹ ਅਰਦਾਸਾ ਹੋਇਆ। ਬਸ, ਅਰਦਾਸਾ ਕਰ ਕੇ ਫ਼ੌਜਾਂ ਉਥੋਂ ਪਿਛਾਂਹ ਵਹੀਰ ਘਤ ਆਈਆਂ। ਜ਼ਮਾਨੇ ਅਤੇ ਭਾਣੇ ਦੇ ਗੇੜ ਅਨੁਸਾਰ ਅਸੀਂ ਤਾਂ ਅਗਲੇਰੇ ਸਾਲ ੧੯੧੫ ਵਿਚ ਹੀ ਜੇਲ੍ਹ ਦੀਆਂ ਕਾਲ-ਕੋਠੜੀਆਂ ਅੰਦਰ ਚਲੇ ਗਏ। ਸਾਡੇ ਪਿਛੋਂ ਹੀ ਸ਼ਾਇਦ ੧੯੨੭-੨੮ ਦੇ ਦਰਮਿਆਨ ਹੀ ਉਕਤ ਪਟੇ ਲਭਣ ਦੇ ਕੌਤਕ ਵਰਤੇ, ਜਿਨ੍ਹਾਂ ਦਾ ਪਿਛੇ ਜ਼ਿਕਰ ਕੀਤਾ ਗਿਆ ਹੈ। ਉਸ ਪਟੇ ਦੀ ਉਲੀਕੀ ਹੋਈ ਰੌਸ਼ਨੀ ਅਨੁਸਾਰ ਠੀਕ ਉਹੀ ਅਸਥਾਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ-ਕਮਲਾਂ ਦਾ ਸਸ਼ੋਭਤ ਹੋਣ ਦਾ ਸਪੱਸ਼ਟ ਪ੍ਰਸਿੱਧ ਹੋ ਗਿਆ। ਉਸ ਪਟੇ ਦੀ ਸਾਰੀ ਇਬਾਰਤ ਅਸਾਨੂੰ ਯਾਦ ਨਹੀਂ (ਕਿਤੇ ਹੂ-ਬ-ਹੂ ਸਮੁਚੇ ਪਟੇ ਦੀ ਲਿਖਤ ਉਤਾਰੀ ਜਾਏਗੀ), ਪਰ ਇਹ ਮੋਟੀਆਂ ਮੋਟੀਆਂ ਗੱਲਾਂ ਇਸ ਪਟੇ ਵਿਚ ਦਰਜ ਸਨ, "ਉਸ ਬੋਹੜ ਦੇ ਥਲੇ ਗੁਰੂ ਨੌਵੇਂ ਪਾਤਸ਼ਾਹ ਦਿੱਲੀ ਨੂੰ ਜਾਂਦੇ ਹੋਏ ਕੁਛ ਦੇਰ ਟਿਕੇ।" ਉਸ ਅਕਾਲੀਆਂ ਦੀ ਛਪੜੀ ਦੀਆਂ ਬਰਕਤਾਂ ਭੀ ਲਿਖੇ ਪਟੇ ਵਿਚ ਦਰਜ ਹਨ ਅਤੇ ਵਰਤਣਹਾਰ ਭਵਿਖ ਦੀਆਂ ਗੱਲਾਂ ਭੀ ਲਿਖੀਆਂ ਹੋਈਆਂ ਹਨ, ਕਿ : "ਇਸ ਦੇ ਪਾਸ ਹੀ ਕਿਸੇ ਜ਼ਮਾਨੇ ਬੜਾ ਸ਼ਹਿਰ ਵਸੇਗਾ, (ਪਟਿਆਲਾ ਅਜੇ ਓਦੋਂ ਵਸਿਆ ਨਹੀਂ ਸੀ) ਅਤੇ ਛੱਪੜ ਬੜਾ ਸੁੰਦਰ ਸਰੋਵਰ ਬਣੇਗਾ। ਇਸ ਵਿਚ ਇਸ਼ਨਾਨ ਕਰ ਕੇ ਅਨੇਕਾਂ ਰੋਗੀਆਂ ਦੇ ਦੀਰਘ ਰੋਗ ਮਿਟਣਗੇ ਅਤੇ ਬੜਾ ਸ਼ਾਨਦਾਰ ਗੁਰਦਵਾਰਾ ਸਜੇਗਾ।"

ਇਹ ਪਟਾ ਲੈ ਕੇ ਜਦੋਂ ਸੰਤ ਭਾਈ ਅਰਜਨ ਸਿੰਘ ਜੀ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਪਾਸ ਪੁਜੇ ਤਾਂ ਪਟੇ ਦੇ ਦਰਸ਼ਨ ਕਰ ਕੇ ਭਾਈ ਜੋਗਿੰਦਰ ਸਿੰਘ ਜੀ ਦੀਆਂ ਖ਼ੁਸ਼ੀਆਂ ਦੀ ਹੱਦ ਨ ਰਹੀ। ੧੯੧੩ ਵਿਚ ਅਰਦਾਸ ਕੀਤੀ ਹੋਈ ਫਲੀਭੂਤ ਹੋਈ ਦੇਖ ਕੇ ਉਹ ਨਿਹਾਲੋ ਨਿਹਾਲ ਹੋ ਗਏ। ਸਰਦਾਰ ਜੋਗਿੰਦਰ ਸਿੰਘ ਜੀ ਵੀ ਰਿਆਸਤ ਦੇ ਅਹਿਲਕਾਰ ਸਨ, ਪਰ ਅੰਤਰ-ਗਤੀ ਉਨ੍ਹਾਂ ਦਾ ਮੇਲ ਮਿਲਾਪ ਗੁਰਮੁਖ ਪਿਆਰੇ ਪ੍ਰਮਾਰਥੀ ਸੱਜਣਾਂ ਨਾਲ ਹਮੇਸ਼ਾ ਰਹਿੰਦਾ ਸੀ। ਸਿਰੀ ਭਾਈ ਅਰਜਨ



ਸਿੰਘ ਜੀ ਭੀ ਮੁਢੋਂ ਹੀ ਉਨ੍ਹਾਂ ਦੇ ਮਿਲਾਪੀ ਅਤੇ ਸਹਿਚਾਰੀ ਸਨ। ਉਨ੍ਹਾਂ ਨੂੰ ਤਾਂ ਅਮਰੋਂ ਹੀ ਇਸ ਸੇਵਾ ਦਾ ਚਾਉ ਉਪਜਿਆ ਸੀ। ਸਰਦਾਰ ਜੋਗਿੰਦਰ ਸਿੰਘ ਜੀ ਦੀ ਸਹਿਚਾਰਨੀ ਸ਼ਹਿ ਪਾ ਕੇ ਤਾਂ ਸੰਤ ਅਰਜਨ ਸਿੰਘ ਜੀ ਬੜੇ ਉਤਸ਼ਾਹੀ ਹੋ ਗਏ। ਬਸ, ਉਥੇ ਹੀ ਮੋਰਚਾ ਲਾ ਦਿਤਾ, ਦਿਨ ਰਾਤ ਦੀ ਤਪੱਸਿਆ ਅਰੰਭ ਦਿਤੀ, ਮਹੀਨਿਆਂ ਬੱਧੀ ਸਿਆਲੇ ਉਨ੍ਹਾਲੇ ਨੰਗੇ ਰਹਿੰਦੇ, ਉਸ ਉਦਿਆਨ ਅਸਥਾਨ ਉਤੇ ਸਮਾਧੀ ਲਾ ਕੇ ਸਥਿਤ ਹੋ ਗਏ। ਅਭਿਆਸ-ਕਲਾ ਦੀ ਤਪਾਵਸ ਬਰਕਤ ਐਸੀ ਹੋਈ ਕਿ ਦਿਨੋ ਦਿਨ ਇਸ ਇਤਿਹਾਸਕ ਅਸਥਾਨ ਦੀ ਪ੍ਰਸਿਧਤਾ ਹੋਣ ਲਗੀ। ਸਰਦਾਰ ਜੋਗਿੰਦਰ ਸਿੰਘ ਜੀ ਦੇ ਭਾਣਜੇ ਸਰਦਾਰ ਆਤਮਾ ਸਿੰਘ ਜੀ ਇੰਜੀਨੀਅਰ ਭੀ ਇਸ ਇਤਿਹਾਸਕ ਗੁਰਦੁਆਰੇ ਦੀ ਉਸਾਰੀ ਵਿਚ ਇਨ੍ਹਾਂ ਦੇ ਨਾਲ ਜੁਟ ਗਏ। ਗੁਰੂ ਸਾਹਿਬ ਦੀ ਅਗਾਧ ਕਿਰਪਾ ਦੁਆਰਾ ਆਤਮਾ ਸਿੰਘ ਜੀ ਨੂੰ ਜੋ ਨਕਸ਼ਾ ਇਸ ਗੁਰਦੁਆਰੇ ਸਾਹਿਬ ਜੀ ਦੇ ਉਸਾਰਨ ਦਾ ਫੁਰਨਾ ਹੋਇਆ, ਉਹ ਬੜਾ ਅਦਭੁਤ ਹੈ। ਬੜੀ ਹੀ ਦੂਰ ਤਾਈਂ ਕਈਆਂ ਘੁਮਾਵਾਂ ਦੀ ਉਦਾਲੇ ਪੁਦਾਲੇ ਦੀ ਜਗ੍ਹਾ ਇਸ ਨਕਸ਼ੇ ਵਿਚ ਆ ਗਈ, ਜੋ ਮਰਜੀਵੜਿਆਂ ਦੀ ਸਿਰ-ਧੜ ਦੀ ਬਾਜ਼ੀ ਨਾਲ ਨਿਧੜਕ ਹੋ ਕੇ ਰੋਕ ਲਈ ਗਈ।

ਅਸੀਂ ੧੯੩੦ ਵਿਚ ਜੇਲ੍ਹ-ਯਾਤਰਾ ਤੋਂ ਮੁੜ ਜਦੋਂ ਬਾਹਰ ਆਏ ਤਾਂ ਸਾਡੇ ਪ੍ਰਾਣ-ਪਿਆਰੇ ਮਿੱਤਰ ਸਰਦਾਰ ਜੋਗਿੰਦਰ ਸਿੰਘ ਜੀ ਦਾਸ ਨੂੰ ਬੁਲਾ ਕੇ ਪਟਿਆਲੇ ਲੈ ਗਏ। ਉਥੇ ਲਿਜਾ ਕੇ ਪਹਿਲੀ ਖ਼ੁਸ਼ਖ਼ਬਰੀ ਉਨ੍ਹਾਂ ਨੇ ਉਸ ਅਰਦਾਸੇ ਦੇ ਫਲੀਭੂਤ ਹੋਣ ਦੀ ਸੁਣਾਈ। ਉਸ ਅਸਥਾਨ ਦੇ ਦਰਸ਼ਨ ਕਰਾਏ, ਜਿਥੇ ਸੇਵਾ ਅਰੰਭ ਹੋਈ ਸੀ। ਅਖੰਡ ਕੀਰਤਨ ਦੀਆਂ ਧੁਨੀਆਂ ਜੱਥੇ ਵਲੋਂ ਧੁਮਾਈਆਂ ਗਈਆਂ। ਪਹਿਲਾ ਅਖੰਡ ਪਾਠ ਜੱਥੇ ਵਲੋਂ ਉਸ ਅਸਥਾਨ ਤੇ ਖ਼ੂਬ ਗੱਜ ਵੱਜ ਕੇ ਹੋਇਆ। ਬੁੱਢੇ ਦਲ ਦੇ ਪੁਰਾਣੇ ਜਥੇਦਾਰ ਭਾਈ ਰਾਮ ਸਿੰਘ ਜੀ ਵੀ ਆਪਣੇ ਜਥੇ ਦੇ ਸਿੰਘਾਂ ਸਮੇਤ ਸਾਡੇ ਨਾਲ ਹੀ ਆ ਜੁਟੇ। ਜਥੇਦਾਰ ਭਾਈ ਰਾਮ ਸਿੰਘ ਜੀ ਤਾਂ ਤਕੜਾ ਲੱਕ ਬੰਨ੍ਹ ਕੇ ਸੰਤ ਭਾਈ ਅਰਜਨ ਸਿੰਘ ਦੀ ਅਤੁਟ ਸੇਵਾ ਵਿਚ ਸਾਂਝੀਵਾਲ ਹੋ ਗਏ। ਏਹਨਾਂ ਦੋਹਾਂ ਪਰਉਪਕਾਰੀਆਂ (ਸਿਰੀ ਸੰਤ ਅਰਜਨ ਸਿੰਘ ਜੀ ਤੇ ਜਥੇਦਾਰ ਰਾਮ ਸਿੰਘ ਜੀ) ਸੱਜਣਾਂ ਦੀਆਂ ਸਿਰ-ਲੱਥ ਕਮਾਈਆਂ ਦਾ ਸਦਕਾ ਹੀ ਇਸ ਗੁਰਦਵਾਰੇ ਦੂਖ ਨਿਵਾਰਨ ਸਾਹਿਬ ਜੀ ਦੀ ਸ਼ਾਨ ਉਜਲੀ ਹੋ ਰਹੀ ਹੈ। ਬਹੁਤੀਆਂ ਔਕੜਾਂ ਤਾਂ ਇਸ ਕਰਕੇ ਪੇਸ਼ ਹੋਈਆਂ ਕਿ ਇਸ ਰਿਆਸਤ ਦੇ ਪਰਲੋਕ-ਗਾਮੀ ਮਹਾਰਾਜਾ ਭੂਪਿੰਦਰ ਸਿੰਘ ਇਸ ਅਸਥਾਨ ਦੇ ਪੰਥ-ਪ੍ਰਸਿਧ ਹੋਣ ਵਿਚ ਬੜੇ ਹੀ ਵਿਰੋਧੀ ਸਨ, ਪਰ ਜਿਉਂ ਜਿਉਂ ਉਹ ਵਿਰੋਧਤਾ ਕਰਦੇ ਸਨ, ਤਿਉਂ ਤਿਉਂ ਇਸ ਗੁਰਦਵਾਰੇ ਸਾਹਿਬ ਦਾ ਮਹਿਮਾ-ਮਈ ਪ੍ਰਤਾਪ ਦਿਨ ਦੂਣਾ ਤੇ ਰਾਤ ਚੌਗੁਣਾ ਚਮਤਕਾਰ ਹੁੰਦਾ ਸੀ। ਮਹਾਰਾਜਾ ਭੂਪਿੰਦਰ ਸਿੰਘ ਨੇ ਇੰਜੀਨੀਅਰ ਸ: ਆਤਮਾ ਸਿੰਘ ਜੀ ਨੂੰ ਪਟਿਆਲਾ ਤੋਂ ਬਦਲ ਕੇ

WWW.AKJ.ORG

ਦੂਰ ਨਰਵਾਣੇ ਜਾ ਤਾਈਨਾਤ ਕੀਤਾ, ਪਰ ਉਹ ਗੁਪਤੋਂ ਗੁਪਤੀ ਆ ਕੇ ਸੇਵਾ ਕਰ ਜਾਂਦੇ ਸਨ। ਉਨ੍ਹਾਂ ਦੀ ਸਕੀਮ ਅਨੁਸਾਰ ਗੁਰਦਵਾਰਾ ਸਾਹਿਬ ਦੀ ਮੰਜ਼ਲ-ਉਸਾਰੀ ਹੌਲੀ ਹੌਲੀ ਪੂਰੀ ਤਕਮੀਲ ਨੂੰ ਪਹੁੰਚ ਗਈ।

ਅਸੀ ਜਦੋਂ ਜਥੇ ਸਮੇਤ ਅਖੰਡ ਕੀਰਤਨ ਤੇ ਅਖੰਡ ਪਾਠ ਕਰਨ ਲਈ ਏਸ ਪਵਿੱਤਰ ਅਸਥਾਨ ਤੇ ਪੁਜੇ ਤਾਂ ਉਸ ਸਮੇਂ ਸੰਤ ਅਰਜਨ ਸਿੰਘ ਜੀ ਫ਼ਕੀਰ ਵਾਲੀ ਗੋਦੜੀ ਪਹਿਨੇ ਹੋਏ ਸਮਾਧੀ ਲਾਈ ਉਥੇ ਬੈਠੇ ਸਨ। ਕੀਰਤਨ ਵਿਚ ਸਾਡੇ ਨਾਲ ਆ ਜੁਟੇ। ਭੋਗ ਪਏ ਪਿਛੋਂ ਜਦੋਂ ਅਸੀਂ ਗੋਦੜੀ ਵਾਲਾ ਸੰਤ ਦੇਖਿਆ, ਤਾਂ ਅਸੀਂ ਉਸ ਨੂੰ ਬੜੀਆਂ ਝਾੜਾਂ ਪਾਈਆਂ ਕਿ : "ਤੂੰ ਗੁਰੂ ਦਾ ਸਿੰਘ ਹੋ ਕੇ ਭੇਖੀਆਂ ਵਾਲੀ ਗੋਦੜੀ ਪਾਈ ਫਿਰਦਾ ਹੈਂ।" ਸੰਤ ਅਰਜਨ ਸਿੰਘ ਨੇ ਉਦੋਂ ਹੀ ਬਚਨ ਸੁਣਨ ਸਾਰ ਗੋਦੜੀ ਲਾਹ ਦਿਤੀ ਤੇ ਅੰਦਰੋਂ ਗਾਤਰੇ ਦੀ ਕਿਰਪਾਨ ਸਜਾ ਕੇ ਪੂਰੇ ਸਿੰਘਾਂ ਵਾਲੀ ਰਹਿਣੀ ਰਹਿਤ ਵਿਚ ਆਪਣੇ ਆਪ ਨੂੰ ਤਤਪਰ ਸਜਿਆ ਧਜਿਆ ਦਿਖਾਇਆ ਤੇ ਹੱਸ ਕੇ ਬੋਲੇ, ਕਿ : "ਇਸ ਗੋਦੜੀ ਦੀ ਬਰਕਤ ਨਾਲ ਇਸ ਗੁਰਦਵਾਰੇ ਸਾਹਿਬ ਦੀ ਮਾਇਆ ਕਰ ਕੇ ਬੜੀ ਸੇਵਾ ਹੁੰਦੀ ਹੈ ਅਤੇ ਦਿਨੋ ਦਿਨ ਹੋਈ ਜਾਂਦੀ ਹੈ। ਜੇ ਹੁਕਮ ਦਿਓ, ਤਾਂ ਧਾਰਨ ਕਰੀ ਰਖਾਂ, ਪੰਜ ਕਕਾਰਾਂ ਦੇ ਉਪਰ ਦੀ ਪਾਈ ਰੱਖਾਂ?" ਅਸੀਂ ਪ੍ਰਸੰਨ ਹੋ ਕੇ ਉਸ ਨੂੰ ਗੋਦੜੀ ਧਾਰਨ ਦੇ ਖੁਸ਼ੇ ਦਿਤੇ। ਸੰਤ ਜੀ ਨੇ ਲਾਹੀ ਹੋਈ ਗੋਦੜੀ ਫੇਰ ਪਾ ਲਈ। ਅਜੇ ਪਾਈ ਹੀ ਸੀ ਕਿ ਰਾਜ ਮਹਿਲ ਦੀਆਂ ਦੋ ਰਾਣੀਆਂ ਸਿਦਕ ਸ਼ਰਧਾ ਭਰੀਆਂ ਹੋਈਆਂ ਆਈਆਂ, ਦੋਹਾਂ ਨੇ ਪੰਜ ਪੰਜ ਸੌ ਦਮੜੇ ਦੀ ਰਕਮ ਗੁਰਦਵਾਰੇ ਸਾਹਿਬ ਦੀ ਸੇਵਾ ਲਈ ਗੋਦੜੀ ਵਾਲੇ ਸੰਤ ਦੇ ਅਗੇ ਆਇ ਭੇਟਾ ਕੀਤੀ। ਸਾਰੇ ਖਿੜ-ਖਿੜਾ ਕੇ ਹੱਸ ਪਏ। ਸੰਤ ਜੀ ਫੇਰ ਕਹਿਣ ਲਗੇ, ਕਿ ਸਾਰਾ ਕ੍ਰਿਸ਼ਮਾ ਇਸ ਗੋਦੜੀ ਦਾ ਹੀ ਹੈ। ਰਾਣੀਆਂ ਦੇ ਸਾਮ੍ਹਣੇ ਹੀ ਕਹਿਣ ਲਗੇ, "ਸੰਸਾਰੀ ਰਾਜੇ ਰਾਣੀਆਂ ਤੇ ਹੋਰ ਮਾਇਆਧਾਰੀ ਪੁਰਸ਼ ਇਸ ਗੋਦੜੀ ਦੇ ਭੇਖ ਤੇ ਹੀ ਰੀਝ ਕੇ ਪੁਕਾਰਦੇ ਹਨ, ਮਾਇਆ ਦੇ ਬੜੇ ਬੜੇ ਗਫੇ ਆਦਿ ਭੇਟਾ ਕਰਦੇ ਹਨ, ਅਸੀਂ ਗੁਰੂ ਲੇਖੇ ਲਾਈ ਜਾਂਦੇ ਹਾਂ।"

ਸੰਤ ਜੀ ਸਰੋਵਰ ਦੀਆਂ ਚਾਰੇ ਬਾਹੀਆਂ ਦੀ ਸੇਵਾ ਕਰਾਉਣ ਵਿਚ ਜੁਟ ਗਏ ਤੇ ਅਸੀਂ ਗੁਰਦਵਾਰਾ ਸਾਹਿਬ ਦੇ ਸਾਰੇ ਅਦਭੁਤ ਨਜ਼ਾਰੇ ਦੇਖ ਕੇ ਬੜੇ ਹੀ ਗਦ ਗਦ ਹੋਏ। ਪਰ ਇਸ ਗੱਲ ਨੂੰ ਦੇਖ ਕੇ ਸਾਡਾ ਚਿਤ ਬੜਾ ਹੀ ਨਿਮੋਝਾਣਾ ਹੋਇਆ ਕਿ ਜਿਸ ਬੋਹੜ ਦੇ ਬ੍ਰਿਛ ਨੂੰ ਅਸੀਂ ਲਹਿ ਲਹਿ ਕਰਦੇ ਦੇਖਿਆ ਸੀ ਉਥੇ ਬੋਹੜ ਦਾ ਮੁਢ ਹੀ ਬਾਕੀ ਬਹਿ ਗਿਆ ਸੀ। ਪਤਾ ਨਹੀਂ ਕਿਸ ਕਾਰਨ ਕਰਕੇ ਉਪਰਲਾ ਸਾਰਾ ਵਿਸਥਾਰ ਝਾੜ ਝੜ ਗਿਆ। ਐਨ ਉਸੇ ਯਾਦਗਾਰੀ ਅਸਥਾਨ ਉਤੇ ਲਿਖਤੀ ਪਟਾ ਜੜਿਆ ਹੋਇਆ ਦੇਖਿਆ, ਦਰਸ਼ਨ ਕਰਕੇ ਤੇ ਪੜ੍ਹ ਕੇ ਬੜੇ ਹੀ ਗਦ ਗਦ ਹੋਏ ਤੇ



ਵੀਰ ਪਿਆਰੇ ਸੰਤ ਅਰਜਨ ਸਿੰਘ ਜੀ ਨੂੰ ਜੱਫੀ ਵਿਚ ਲੈ ਕੇ ਘੁਟ ਘੁਟ ਕੇ ਪਿਆਰ ਕੀਤੇ। ਉਹ ਬੜੇ ਨਿਮ੍ਰਤਾ ਵਾਲੇ ਸਨ, ਕਹਿਣ ਲਗੇ ਕਿ ਸਾਰਾ ਗੁਰੂ ਸਾਹਿਬ ਦਾ ਪ੍ਰਤਾਪ ਹੈ। ਗੁਰਮੁਖ ਸੰਗਤਾਂ ਦੀ ਮੇਹਰ ਦਾ ਸਦਕਾ ਹੀ ਇਹ ਸਭ ਕੁਝ ਜ਼ਹੂਰ ਵਿਚ ਆਇਆ ਹੈ। ਦਾਸ ਵਰਗੇ ਨਿਮਾਣੇ ਕੀਟ ਕੀ ਹੈਸੀਅਤ ਰਖਦੇ ਹਨ, ਸੇਵਾ ਕਰਨ ਦੀ। ਕਰਣਾ-ਕ੍ਰਿਤਗਤਾ-ਰਸ ਵਿਚ ਆ ਕੇ ਉਨ੍ਹਾਂ ਦਾ ਵੈਰਾਗ ਅੱਖੀਆਂ ਦੇ ਨੀਰ ਥਾਣੀ ਵਹਿ ਤੁਰਿਆ। ਦਿਲ ਦੀ ਗਰੀਬੀ ਤਾਂ ਸੰਤ ਭਾਈ ਅਰਜਨ ਸਿੰਘ ਦੇ ਰੋਮ ਰੋਮ ਵਿਚ ਰਚੀ ਹੋਈ ਸੀ, ਉਹ ਆਪਣੇ ਆਪ ਨੂੰ ਸੰਤ ਕਹਾ ਕੇ ਹਰਗਿਜ਼ ਰਾਜ਼ੀ ਨਹੀਂ ਸਨ। ਸਾਰੀ ਉਮਰ ਗਰੀਬ ਸਿੱਖਾਂ ਵਾਲੇ ਦਾਈਏ ਵਿਚ ਹੀ ਗੁਜ਼ਰੀ। ਜਤੀ ਸਤੀ ਏਸ ਵੀਰ ਅਰਜਨ ਸਿੰਘ ਜੈਸੇ ਹੋਣਾ ਇਕ ਬੜੀ ਹੀ ਨਾਯਾਬ ਗੱਲ ਹੈ।

## ਅੰਬਾਲੇ ਅਚਰਜ ਕਹਾਣੀ-

ਇਕ ਵਾਰ ਅੰਬਾਲੇ ਸ਼ਹਿਰ ਦੇ ਮਸਖ਼ਰੇ ਸਿਆਣਪਾਂ ਦੇ ਪੁਟੇ ਹੋਏ ਪੁਰਸ਼ ਭੋਲੇ ਸੰਤ ਅਰਜਨ ਸਿੰਘ ਜੀ ਨੂੰ ਗੱਲਾਂ ਬਾਤਾਂ ਵਿਚ ਲਾ ਕੇ ਅੰਬਾਲੇ ਸ਼ਹਿਰ ਦੇ ਗਨਕਾ-ਵਾੜੇ ਵਿਚ ਲੈ ਵੜੇ। ਉਥੇ ਸ਼ਹਿਰ ਦੀਆਂ ਸਾਰੀਆਂ ਵੇਸਵਾਵਾਂ ਇਕੱਠੀਆਂ ਹੋਈਆਂ ਹੋਈਆਂ ਸਨ। ਵੇਸਵਾਵਾਂ ਨੇ ਬੜੇ ਹਾਵ ਭਾਵ ਦਿਖਾਏ, ਨੌਜਵਾਨ ਭਾਈ ਅਰਜਨ ਸਿੰਘ ਜੀ ਨੂੰ ਡੁਲਾਵਨ ਲਈ। ਆਪਣੇ ਆਪ ਨੂੰ ਚਾਰ ਚੁਫੇਰਿਓਂ ਕਾਮਣੀਆਂ ਇਸਤ੍ਰੀਆਂ ਨਾਲ ਘਿਰੇ ਹੋਏ ਦੇਖ ਕੇ ਸੰਤ ਜੀ ਆਪਣੇ ਗੌਰਵੀ ਰੋਹ ਵਿਚ ਆ ਕੇ ਲਾਲੋ ਲਾਲ ਹੋ ਗਏ, ਗੱਜਵੀਂ ਅਤੇ ਦਿਲ-ਚੀਰਵੀਂ ਉੱਚੀ ਸੁਰ ਨਾਲ ਇਕੋ 'ਗੁਰ ਸ਼ਬਦ' ਕਰਤਾਰ ਦੇ ਰੰਗਾਂ ਵਿਚ ਮਸਤ ਹੋ ਕੇ ਕੀਰਤਨ ਲੈ ਵਿਚ ਉਚਰਿਆ, ਸਾਰੀਆਂ ਦੇ ਪਾਪ ਕੰਬ ਗਏ, ਕਮਾਤੇ ਪਾਪ ਤਿਨ੍ਹਾਂ ਕਾਮਣੀਆਂ ਦੇ ਅੱਖਾਂ ਅਗੇ ਖੜੇ ਹੋ ਗਏ। ਸਭ ਵਿਸੂਰ ਵਿਸੂਰ ਕੇ ਰੋ ਰੋ ਕੇ ਵਿਰਲਾਵਣ ਲਗੀਆਂ, "ਹੇ ਗੁਰੂ ਨਾਨਕ ਦੇਵ ਦੇ ਦਰੋਂ ਵਰਸਾਏ ਹੋਏ ਗੁਰਮੁਖ ਸੰਤ ਜੀਓ! ਸਾਨੂੰ ਵੀ ਕਰਤਾਰ ਦੇ ਦਵਾਰਿਓਂ ਬਖ਼ਸ਼ਵਾ ਦਿਓ, ਅਗਾਂਹ ਨੂੰ ਅਸੀਂ ਸਭ ਪਾਪ-ਕਰਮ ਛਡ ਦੇਵਾਂਗੀਆਂ।" ਭਾਈ ਅਰਜਨ ਸਿੰਘ ਜੀ ਗਰਜਵੀਂ ਆਵਾਜ਼ ਨਾਲ ਇਹ ਕਹਿ ਕੇ ਨਿਕਲ ਆਏ, ਕਿ ਸਭ ਨੂੰ ਅੰਮ੍ਰਿਤ ਛਕਣਾ ਪਵੇਗਾ, ਨਾਮ ਦੀਆਂ ਕਮਾਈਆਂ ਕਰਕੇ ਕਲਿਆਣ ਹੋਵੇਗੀ। ਰੋਂਦੀਆਂ ਕੁਰਲਾਂਦੀਆਂ ਹੋਈਆਂ ਬਾਹਰ ਸੰਤ ਜੀ ਦੇ ਮਗਰ ਬਾਜ਼ਾਰ ਵਿਚ ਭੱਜੀਆਂ ਆਈਆਂ। ਸੰਤ ਜੀ ਇਕ ਫੋਰੇ ਵਿਚ ਹੀ ਕਿਤੇ ਛਾਈਂ ਮਾਈਂ ਹੋ ਗਏ, ਉਹ ਦੇਖਦੀਆਂ ਹੀ ਰਹਿ ਗਈਆਂ।

ਪਟਿਆਲੇ ਸ਼ਹਿਰ ਦੀਆਂ ਅਨੇਕਾਂ ਯੁਵਤੀਆਂ, ਮਾਈਆਂ ਬੀਬੀਆਂ ਭੂਰੀ ਵਾਲੇ ਭਾਈ ਅਰਜਨ ਸਿੰਘ ਜੀ ਨੂੰ ਪੁਜੇ ਹੋਏ ਸੰਤ ਸਮਝ ਕੇ ਪੂਜਦੀਆਂ ਸਨ। ਪਰ

WWW.AKJ.ORG


ਸੰਤ ਜੀ ਨੇੜੇ ਕਿਸੇ ਨੂੰ ਨਹੀਂ ਢੁਕਣ ਦੇਂਦੇ ਸੀ, ਆਪਣੇ ਚਰਨ ਨਹੀਂ ਪਰਸਣ ਦੇਂਦੇ ਸਨ। ਦੂਰੋਂ ਖੜੀਆਂ ਡੰਡਉਤ ਨਮਸਕਾਰਾਂ ਕਰਦੀਆਂ ਨੂੰ ਬਹੁ ਬਹੁ ਬਿਧ ਭਾਂਤ ਉਪਦੇਸ਼ ਦੇ ਕੇ ਤੇ ਸਿਧੇ ਰਾਹ ਪਾ ਕੇ ਆਪ ਸਦਾ ਨਿਰਲੇਪ ਰਹਿੰਦੇ ਸਨ। ਫਿਰ ਵੀ ਆਪਣੀ ਸੁਰਤੀ ਬਿਰਤੀ ਵਿਚ ਮਗਨ ਤੁਰੇ ਜਾਂਦਿਆਂ ਦੇ ਚਰਨਾਂ ਤੇ ਡਿਗ ਪੈਂਦੀਆਂ ਸਨ। ਓੜਕ ਸੰਤ ਜੀ ਨੇ ਆਪਣੇ ਚਰਨਾਂ ਨੂੰ ਹੀ ਸਰਾਪ ਦੇਣਾ। ਜਦੋਂ ਅੰਤ ਸਮੇਂ ਭੂਰੀ ਵਾਲੇ ਸੰਤ ਅਰਜਨ ਸਿੰਘ ਜੀ ਪੈਰਾਂ ਦੀ ਬੀਮਾਰੀ ਨਾਲ ਆਰੀ ਹੋ ਕੇ ਅਤੇ ਆਤੁਰ ਹੋ ਗਏ ਤਾਂ ਹੰਸੂ ਹੰਸੂ ਕਰਦੇ ਇਹ ਬਚਨ ਕਰਦੇ ਪਰਲੋਕ ਨੂੰ ਪਧਾਰ ਗਏ ਕਿ ਸਾਡੇ ਪੈਰ ਅਸੀ ਆਪਣੇ ਕਦੇ ਨਹੀਂ ਸਮਝੇ। ਪਰਾਏ ਪੈਰ ਸਮਝਦੇ ਹੋਏ ਵੀ ਪੈਰ ਪਰਸਣ-ਹਾਰੀਆਂ ਨੂੰ ਐਵੇਂ ਹੀ ਤਿਸਕਾਰਦੇ ਰਹੇ, ਗੁਰੂ ਸਭ ਦਾ ਭਲਾ ਕਰੇ।

**ਅੰਤ ਸਮਾਂ-**

ਅਜੇ ਛੋਟੀ ਹੀ ਆਰਬਲਾ ਸੀ, ਯੁਵਕ ਅਵਸਥਾ ਵਿਚ ਹੀ ਪਰਲੋਕ ਪਿਆਨੇ ਕਰ ਗਏ। ਪਰ ਪੂਰਨ ਗੁਰਸਿੱਖੀ ਦੇ ਪੂਰਨੇ ਪਾ ਗਏ। ਗੁਰਦਵਾਰਾ ਦੂਖ ਨਿਵਾਰਨ ਸਾਹਿਬ ਦੀ ਧਰਤੀ ਵਿਚ ਹੀ ਇਨ੍ਹਾਂ ਦਾ ਸਸਕਾਰ ਹੋਣਾ ਸੀ। ਉਹ ਖ਼ੁਦ ਹੀ ਪਧਾਰਨ ਤੋਂ ਪਹਿਲਾਂ ਇਹ ਵਸੀਅਤ ਕਰ ਗਏ ਸਨ ਕਿ ਸਾਡੇ ਸਰੀਰ ਦਾ ਸਸਕਾਰ ਓਥੇ ਨਹੀਂ ਕਰਨਾ, ਥੋੜੀ ਮਤ ਵਾਲੀਆਂ ਮਾਈਆਂ ਮਤੇ ਮੜ੍ਹੀ ਬਣਾ ਕੇ ਓਥੇ ਹੀ ਨਾ ਪੂਜਣ ਲਗ ਜਾਵਣ। ਸੰਗਤਾਂ ਫਿਰ ਵੀ ਬਜ਼ਿਦ ਸਨ ਕਿ ਉਨ੍ਹਾਂ ਦੇ ਸਰੀਰ ਨੂੰ ਦੂਖ ਨਿਵਾਰਨ ਸਾਹਿਬ ਦੀ ਪਾਵਨ ਧਰਤੀ ਵਿਚ ਸਸਕਾਰਿਆ ਜਾਵੇ। ਪਰ ਸਤਿਗੁਰੂ ਜੀ ਨੇ ਸੰਤ ਜੀ ਦਾ ਪ੍ਰਣ ਨਿਭਾਵਣ ਲਈ ਉਸ ਵਕਤ ਦੇ ਮੈਨੇਜਰ ਸਰਦਾਰ ਨਿਰਮਲ ਸਿੰਘ ਦੀ ਐਸੀ ਬੁਧ ਫੇਰੀ ਕਿ ਸੰਤ ਜੀ ਦੇ ਸਰੀਰ ਦਾ ਸਸਕਾਰ ਉਥੇ ਨਾ ਹੀ ਕਰਨ ਦਿਤਾ। ਥੋੜਾ ਚਿਰ ਪਿਛੋਂ ਅਸੀਂ ਵੀ ਉਥੇ ਪਹੁੰਚ ਗਏ। ਅਸੀਂ ਸਰਦਾਰ ਨਿਰਮਲ ਸਿੰਘ ਮੈਨੇਜਰ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਨੂੰ ਨਰਮੀ ਨਾਲ ਪੁਛਿਆ ਕਿ ਆਪ ਨੇ ਐਸੀ ਜ਼ਿਦ ਕਿਉਂ ਫੜੀ, ਸੰਗਤਾਂ ਸਭ ਨਾਰਾਜ਼ ਹੋ ਗਈਆਂ ? ਸਰਦਾਰ ਨਿਰਮਲ ਸਿੰਘ ਜੀ ਸੰਤਾਂ ਭਗਤਾਂ ਤੇ ਫ਼ਕੀਰਾਂ ਦੇ ਬੜੇ ਸ਼ਰਧਾਵਾਨ ਸਨ, ਬੜੇ ਨਿਮਰੀਭੂਤ ਹੋ ਕਹਿਣ ਲਗੇ ਕਿ ਅਸੀਂ ਇਸ ਕਰਕੇ ਉਥੇ ਸਸਕਾਰ ਨਹੀਂ ਹੋਣ ਦਿਤਾ, ਗੁਰਮਤਿ ਅਸੂਲ ਤੋਂ ਹੀਣੀਆਂ ਅਨਿ-ਨਿਸਚੇ ਵਾਲੀਆਂ ਮਾਈਆਂ ਨੇ ਉਥੇ ਹੀ ਉਨ੍ਹਾਂ ਦੀ ਮੜ੍ਹੀ ਬਣਾ ਲੈਣੀ ਸੀ ਤੇ ਪੂਜਣ ਲਗ ਜਾਣਾ ਸੀ। ਅਸੀਂ ਇਹ ਸੁਣ ਕੇ ਦਿਲ ਹੀ ਦਿਲ ਵਿਚ ਬੜੇ ਪ੍ਰਸੰਨ ਹੋ ਗਏ ਅਤੇ ਉਨ੍ਹਾਂ ਨੂੰ ਹਲਾ-ਸ਼ੇਰੀ ਦਿਤੀ ਕਿ ਆਪ ਤਾਂ ਸੰਤ ਜੀ ਦੀ ਨਿਜ ਪ੍ਰਤਗਿਆ ਪਾਲਣ ਵਿਚ ਸਹਾਈ ਹੋਏ ਹੋ, ਗੁਰੂ ਜੀ ਦੀਆਂ ਆਪ ਤੇ ਖ਼ੁਸ਼ੀਆਂ ਹੋਣ, ਪਰ ਸੰਗਤਾਂ ਦੀਆਂ ਕ੍ਰੋਪੀਆਂ ਟਲਣੀਆਂ ਨਹੀਂ।



ਥੋੜੇ ਦਿਨਾਂ ਪਿਛੋਂ ਹੀ ਸਰਦਾਰ ਨਿਰਮਲ ਸਿੰਘ ਜੀ ਮੈਨੇਜਰੀ ਤੋਂ ਹਟਾਏ ਗਏ। ਫੇਰ ਉਨ੍ਹਾਂ ਦੇ ਪੈਰ ਕਿਤੇ ਜੰਮੇ ਹੀ ਨਹੀਂ, ਕਿਤੇ ਵੀ ਚੰਗੀ ਗੱਬਰ ਤਨਖ਼ਾਹ ਵਾਲੀ ਮੁਲਾਜ਼ਮਤ ਨਹੀਂ ਲਭੀ। ਜਿਥੇ ਭੀ ਉਹ ਗਏ ਅਤੇ ਰਹੇ, ਪੂਰਨ ਇੱਜ਼ਤ ਆਬਰੂ ਨਾਲ ਹੀ ਰਹੇ। ਇਹ ਸਭ ਸਤਿਗੁਰੂ ਦੀਆਂ ਮੇਹਰਾਂ ਅਤੇ ਅਸੀਸਾਂ ਦਾ ਸਦਕਾ ਸੀ। ਸੰਗਤ ਦੀ ਕ੍ਰੋਪ-ਦ੍ਰਿਸ਼ਟੀ ਨੂੰ ਸਹਿੰਦੇ ਹੋਏ ਗੁਰੂ ਘਰ ਦੀ ਸ਼ਰਧਾ-ਭਾਵਨੀ ਵਿਚ ਕਾਇਮ ਦਾਇਮ ਰਹਿਣਾ ਭੀ ਸਤਿਗੁਰੂ ਦੀ ਨਦਰ ਬਖ਼ਸ਼ਸ਼ ਦਾ ਸਿਲਾ ਹੈ।

WWW.AKJ.ORG

WWW.AKJ.ORG

੧੪

# ਸ੍ਰੀ ਦੂਲੇਸ਼ਰ ਵੀਰ ਹੀਰਾ ਹਰਿਬਚਨ ਸਿੰਘ

੩੬ ਨੰਬਰ ਰਸਾਲੇ ਦੇ ਗੁਰਮੁਖ ਸਜਣ ਸ: ਮਾਨ ਸਿੰਘ ਜੀ ਹੈੱਡ ਕਲਰਕ ਅੰਬਾਲਾ ਛਾਉਣੀ ਵਿਖੇ ਆਪਣੀ ਕੋਠੀ ਵਿਚ ਬਿਰਾਜਦੇ ਹੋਏ ਸਣੇ ਪਰਵਾਰ ਅਨੇਕਾਂ ਵਾਰ ਸਜਲ ਨੇਤ੍ਰ ਹੋਏ ਗੁਰੂ ਅਕਾਲ ਪੁਰਖ ਅਗੇ ਜੋਦੜੀਆਂ ਕਰਨ ਜੁੜ ਜਾਂਦੇ ਸਨ, "ਹੇ ਗੁਰੂ ਕਰਤਾਰ! ਤੈਂ ਸਾਨੂੰ ਹਰ ਪ੍ਰਕਾਰ ਦਾ ਸੁਖ ਦਾ ਸਾਮਾਨ ਅਤੇ ਐਸ਼ਵਰਜ ਬਖ਼ਸ਼ਿਆ ਹੈ, ਸਰਦਾਰੀਆਂ ਦਿਤੀਆਂ, ਅਮੀਰੀਆਂ ਦਿਤੀਆਂ, ਧਨ ਧਾਮ, ਘਰ ਘਾਮ ਵਿਖੇ ਹਰ ਪ੍ਰਕਾਰ ਤੈਂ ਸਾਨੂੰ ਸੁਖੀ ਸੁਹੇਲੇ ਅਨੰਦ ਮਗਨੇਲੇ ਕੀਤਾ। ਛੇਕੜ ਕਿਸੇ ਗੱਲ ਦੀ ਕਮੀ ਨਹੀਂ ਰਹੀ, ਕਿਸੇ ਗੱਲ ਦਾ ਘਾਟਾ ਨਹੀਂ ਰਿਹਾ। ਘਾਟਾ ਹੈ ਤਾਂ ਇਕ ਗੱਲ ਦਾ ਹੈ, ਉਹ ਸਾਨੂੰ ਦਿਨੇ ਰਾਤ ਵਿਸੂਰ ਵਿਸੂਰ ਖਪਾਏ ਰਿਹਾ ਹੈ। ਉਹ ਇਹ ਕਿ ਅਸਾਡਾ ਸਭ ਤੋਂ ਛੋਟਾ ਲੜਕਾ ਹਰਿਬਚਨ ਸਿੰਘ ਪ੍ਰਮਾਰਥ ਦੇ ਪਾਸਿਓਂ ਉੱਕਾ ਹੀ ਮੁਨਕਰ ਹੈ। ਅਸੀਂ ਇਸ ਦੇ ਨਾਲ ਸਾਰੇ ਪੁੱਤਰਾਂ ਤੋਂ ਵਧ ਕੇ ਲਾਡ ਕੀਤੇ, ਪਿਆਰ ਕੀਤੇ, ਅਰ ਜਿਉਂ ਜਿਉਂ ਪਿਆਰ ਲਾਡ ਇਸ ਦੇ ਨਾਲ ਕੀਤੇ, ਤਿਉਂ ਤਿਉਂ ਇਹ ਪ੍ਰਮਾਰਥ ਵਲੋਂ ਨਿਘਰਦੀ ਕਲਾ ਵਲ ਗਿਆ। ਸਾਡਾ ਪਰਵਾਰ ਇਕੱਤ੍ਰ ਹੋ ਕੇ ਦੋਨੋਂ ਵੇਲੇ ਗੁਰਬਾਣੀ ਦਾ ਨਿਤਨੇਮ ਕਰਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਬਿਨਾਂ ਕੋਈ ਅੰਨ ਜਲ ਨਹੀਂ ਕਰਦਾ। ਪਰ ਹਰਿਬਚਨ ਸਿੰਘ ਹੈ ਕਿ ਪ੍ਰਮਾਰਥ ਨੂੰ ਉਲਟੀਆਂ ਟਿਚਕਰਾਂ ਕਰਦਾ ਹੈ, ਗੁਰਮੰਤ੍ਰ ਗੁਰਸਿੱਖੀ ਨੂੰ ਮਖੌਲ ਕਰਦਾ ਰਹਿੰਦਾ ਹੈ। ਇਸ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਨੇ ਪਾਇਆ, ਇਸ ਧਾਰਮਿਕ ਆਸ਼ਾ ਨੂੰ ਜਾਣ ਕੇ ਕਿ ਉਥੇ ਨਿਰਾ ਗੁਰਸਿੱਖੀ ਦਾ ਵਾਯੂ-ਮੰਡਲ ਹੋਵੇਗਾ, ਇਸ ਦਾ ਜੀਵਨ ਅਵੱਸ਼ ਹੀ ਪਲਟਾ ਖਾ ਕੇ ਗੁਰੂ ਘਰ ਵਲ ਆਵੇਗਾ। ਪਰ ਉਥੇ ਤਾਲੀਮ ਪਾ ਕੇ ਵੀ ਇਹ ਗੁਰਮਤਿ ਪ੍ਰਮਾਰਥ ਵਲੋਂ ਨਿਰਾ ਕੋਰੇ ਦਾ ਕੋਰਾ ਹੀ ਰਿਹਾ। ਇਸ ਤੇ ਕੋਈ ਪਾਹ ਨਹੀਂ ਚੜ੍ਹਿਆ, ਸਗੋਂ ਨਿਰਾ ਨਾਸਤਕ ਹੋ ਕੇ ਉਥੋਂ ਨਿਕਲਿਆ ਹੈ। ਹੁਣ ਏਸ ਵਲੋਂ ਅਸੀਂ ਉੱਕੇ ਹੀ ਨਿਰਾਸ਼ ਹੋ ਚੁਕੇ ਹਾਂ। ਹੇ ਗੁਰੂ ਕਰਤਾਰ! ਤੂੰ ਹੀ ਕੋਈ ਐਸਾ ਫੋਹ ਪਾ ਅਤੇ ਐਸਾ ਭਾਣਾ ਵਰਤਾਅ ਕਿ ਇਹ ਸਾਡਾ ਸਭ ਤੋਂ ਅਜ਼ੀਜ਼ ਬੱਚਾ ਗੁਰੂ-ਮਾਰਗ ਉਤੇ ਗੁਰਮਤਿ ਪਾਂਧੀ ਬਣੇ।"

ਇਸ ਪ੍ਰਕਾਰ ਦੀਆਂ ਨਿਤਾਪ੍ਰਤਿ ਦੀਆਂ ਬੇਨਤੀਆਂ ਇਹ ਰੋ ਰੋ ਕਰਿਆ





ਕਰਦੇ ਸਨ। ਓੜਕ ਇਨ੍ਹਾਂ ਦੀ ਭੀ ਸੁਣੀ ਗਈ। ਇਕ ਦਿਨ ਐਸੀ ਹੋਇ ਪਈ ਕਿ ਅਚਾਨਕ ਅਖੰਡਪਾਠੀਆਂ ਦਾ ਇਹ ਨਿਰਬਾਣ ਕੀਰਤਨੀ ਜਥਾ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਤੇ ਪਿਆਰਨੇ-ਪਿਆਰ ਸਰਦਾਰ ਪਿਆਰਾ ਸਿੰਘ ਜੀ ਦੀ ਖਿੱਚ ਪਾ ਕੇ ਅੰਬਾਲਾ ਛਾਉਣੀ ਵਿਚ ਆ ਵਿਚਰਿਆ। ਆਪਣਿਆਂ ਰੰਗਾਂ ਵਿਚ ਇਹ ਜਥਾ ਕੀਰਤਨ-ਧੁਨੀਆਂ ਰੰਗਾਂ ਵਿਚ ਆ ਕੇ ਮਗਨ ਹੋ ਕੇ ਧੁਨਾਏ ਰਿਹਾ ਸੀ, ਕਿ ਰਾਹ ਜਾਂਦੇ ਉਸ ਕੀਰਤਨ-ਮੰਡਲ ਦੇ ਪਾਸ ਦੀ ਗੁਜ਼ਰਦੇ ਹੋਏ ਅਨਭੋਲ ਅਤੇ ਅਚਾਨਕ ਹੀ ਇਸ ਨਵਜੋਬਨੇ ਪੰਖਣੂ ਦੀ ਸਰੋਤ ਵਿਚ ਸ਼ਬਦ-ਬਾਣ ਦੀ ਅਣਿਆਲੀ ਚੋਟ ਵਜੀ, ਸੁਣਨ ਸਾਰ ਉਹ ਉਥੇ ਚੌਰਸਤੇ ਵਿਚ ਹੀ ਧਰਨਾ ਮਾਰ ਕੇ ਬੈਠ ਗਏ। ਜਿਉਂ ਜਿਉਂ ਬਾਣੀ ਦੇ ਕੀਰਤਨ-ਸਰੋਤੀ-ਬਾਣ ਇਨ੍ਹਾਂ ਦੇ ਹਿਰਦੇ ਵਿਚ ਵੱਜਣ, ਤਿਉਂ ਤਿਉਂ ਇਹ ਨਵ ਫਾਥੜੇ ਪੰਖੇਰੂ ਬਿਹਬਲ ਅਤੇ ਵਿਆਕੁਲ ਹੁੰਦੇ ਜਾਣ। ਧਰਤੀ ਉਤੇ ਭੁੰਜੇ ਹੀ ਪਥੱਲਾ ਮਾਰ ਕੇ ਬੈਠ ਗਏ। ਬਸ, ਫਿਰ ਉਠਣ ਦੀ ਸੋਝੀ ਨਹੀਂ ਰਹੀ। ਨਿਰੰਕਾਰੀ ਮੀਰ ਸ਼ਿਕਾਰੀ, ਉਪਕਾਰੀ ਵੀਰ (ਬਾਬੂ ਮੱਲ ਸਿੰਘ) ਨੇ ਮੌਕਾ ਤਾੜ ਕੇ ਇਸ ਨੈਣ-ਮਗਨੀਲੇ ਅਤੇ ਹੋਸ਼-ਮਸਤੀਲੇ ਆਹੂ ਨੂੰ ਉਸੇ ਤਰ੍ਹਾਂ ਚੁੱਕ ਉਠਾ ਕੇ, ਬੈਠੇ ਬਿਠਾਏ ਨੂੰ ਅੰਦਰਵਾਰ ਕੀਰਤਨ-ਮੰਡਲ ਦੇ ਸਨਮੁਖ ਲਿਆ ਇਸਥਿਤ ਕੀਤਾ। ਨੀਰੋ ਨੀਰ ਹੋਏ ਇਸ ਨਵਲ-ਵੈਰਾਗੀ ਵੀਰ ਨੂੰ ਕੀਰਤਨ-ਪ੍ਰੇਮੀ-ਜਨਾਂ ਨੇ ਪ੍ਰੇਮ ਚਾਬਕ ਹੋ ਵੀ ਕਸ ਕਸ ਲਾਏ। ਬਸ, ਸਾਰੇ ਕੀਰਤਨ ਵਿਚ ਉਠਣੇ ਨਹੀਂ ਪਾਏ। ਉਠੇ ਨਹੀਂ, ਹਿਲੇ ਨਹੀਂ, ਜਮ੍ਹਕੇ ਨਹੀਂ। ਪ੍ਰਮਾਰਥ ਸੰਬੰਧੀ ਸੌ ਸੌ ਹੁਜਤਾਂ ਕਰਨ ਵਾਲਾ ਵੀਰ ਹਰਿਬਚਨ ਸਿੰਘ ਜੀ ਅੱਜ ਕਿਸ ਅਨੂਠੜੀ ਬੰਧਨਾਂ ਵਿਚ ਬੰਧੀਜੇ ਹੋਏ ਲੱਟੂ ਹੋ ਬੈਠੇ ਹਨ।

ਅਖੰਡ ਕੀਰਤਨ ਦਾ ਭੋਗ ਪੈ ਗਿਆ, ਨਾਲ ਲਗਦੇ ਹੀ ਅਖੰਡ ਪਾਠ ਅਰੰਭ ਹੋ ਗਿਆ। ਸਾਰੇ ਅਖੰਡ ਪਾਠ ਦੀ ਅੰਮ੍ਰਿਤ ਵਰਖਾ ਦਿਨ ਰਾਤ ਹੁੰਦੀ ਰਹੀ ਅਤੇ ਉਸ ਨਵਲ-ਜੋਬਨੀ ਇਕੋ ਇਕ ਅੰਮ੍ਰਿਤ ਅਭਿਲਾਖੀ ਜਨ ਦੇ ਮੁਖ-ਮਨਸਾਵੀ-ਹਿਰਦੇ ਰੂਪੀ ਛੇਤਰ ਤੇ ਵਰ੍ਹੀ, ਜਿਵੇਂ ਕਿਸੇ ਗੁਲਜ਼ਾਰੀ ਉਤੇ ਚਾਂਦਮਾਰੀ ਹੁੰਦੀ ਹੈ। ਕੀਰਤਨ ਰੂਪੀ ਬਾਣ ਵਾਹੁਣ ਵਾਲੇ ਚੋਜੀ ਜਨਾਂ ਨੇ ਖ਼ੂਬ ਪ੍ਰੇਮ ਭਜਨ ਗੁਲਚਰੀਏ ਬਾਣ ਵਾਹੇ ਅਤੇ ਵਾਹ ਵਾਹ ਕੇ ਇਕੋ ਨਿਸ਼ਾਨੇ ਉਪਰ ਮਾਰੇ। ਇਕ ਵੀ ਬਾਣ ਖ਼ਾਲੀ ਨਹੀਂ ਗਿਆ, ਸਭ ਠਿਕਾਣੇ ਤੇ ਪੈਂਦੇ ਰਹੇ। ਪਹਿਲਾ ਦਿਨ ਗੁਜ਼ਰ ਗਿਆ, ਸਾਰੀ ਰੈਣ ਗੁਜ਼ਰ ਗਈ, ਦੂਜਾ ਦਿਨ ਵੀ ਗੁਜ਼ਰ ਗਿਆ। ਦੂਜੀ ਰੈਣ ਵੀ ਗੁਜ਼ਰ ਚੱਲੀ। ਦੂਜੀ ਰੈਣ ਦੇ ਅੰਮ੍ਰਿਤ ਵੇਲੇ ਸਾਢੇ ਚਾਰ ਵਜੇ ਦੇ ਕਰੀਬ ਅਖੰਡ ਪਾਠ ਦਾ ਭੋਗ ਪਿਆ। ਨਾਲ ਲਗਦੇ ਹੀ ਫਿਰ ਅਖੰਡ ਕੀਰਤਨ ਅਰੰਭ ਹੋ ਗਿਆ। ਬਸ ਚਲੇ ਸੋ ਚਲੇ, ਨਾ ਕੀਰਤਨ ਥੰਮਣ ਵਿਚ ਆਵੇ ਨਾ ਉਸ ਬਾਣਾਂ-ਬੇਧੂ ਆਹੂ ਦੀਆਂ ਅੱਖੀਆਂ ਖੁਲ੍ਹਣ।

WWW.AKJ.ORG

WWW.AKJ.ORG



ਉਤਮ ਜਗਿਆਸੂ ਜਾਣ ਕੇ ਅਤੇ ਪੰਜ ਪਿਆਰਿਆਂ ਵਲੋਂ ਅਰਸ਼ੀ ਇਸ਼ਾਰਾ ਆਇਆ ਸਮਝ ਕੇ, ਅਰਸ਼ੀ ਰਮਜ਼ਾਂ ਦੇ ਬੁਝਾਰਤੀਆਂ ਨੇ ਹੋਸ਼-ਮਸਤੀਨੇ ਨਵ-ਯੋਗ ਲਾਲ ਨੂੰ ਸਾਵਧਾਨ ਕਰ ਕੇ ਸੁਕੇਸ਼ੀ ਇਸ਼ਨਾਨ ਕਰਵਾਇਆ, ਨਵੀਨ ਬਸਤਰ ਪੁਸ਼ਾਕਾ ਸਜਾਇਆ, ਜਿਵੇਂ ਜੋਤਿ ਜਗਦੀਸ਼ਰੀ ਬਹੂ ਵਿਆਹੁਣ ਲਈ ਲਾੜਾ ਬਨਾਉਣ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਇਕੋ ਇਕ ਪ੍ਰਮਾਰਥੀ ਲਿੱਲ ਦਾ ਅਣਮੁੱਲਾ ਮੁਥਾਜੀ ਬਣ ਕੇ ਦੋਇ ਕਰ ਜੋੜ ਪੰਜਾਂ ਪਿਆਰਿਆਂ ਦੇ ਅਗੋਚਰ ਅੰਮ੍ਰਿਤ ਛਕਣ ਲਈ ਤਿਆਰ ਹੋ ਖਲੋਤਾ। ਅਮੋਘ ਦਰਸ਼ਨੀ ਦ੍ਰਿਸ਼ ਦੇਖ ਕੇ ਹੀ ਨਿਹਾਲੋ ਨਿਹਾਲ ਤੇ ਹਾਲੋਂ ਬੇਹਾਲ ਹੋ ਗਿਆ। ਅੰਮ੍ਰਿਤ ਬੂੰਦਾਂ ਦੇ ਦਿੱਬ ਸੰਚਾਰੀ ਛਟੇ ਜਦੋਂ ਨੈਣਾਂ ਤੇ ਪਏ, ਬਸ, ਅੰਮ੍ਰਿਤ ਛਕਣਸਾਰ ਹੀ ਦਿੱਬ ਜੋਤੀਸ਼ ਨਿਰੰਕਾਰ ਵਾਹਿਗੁਰੂ ਦੇ ਦਿੱਬ ਦੀਦਾਰੇ ਹੋ ਗਏ। ਬਸ ਫੇਰ ਕੀ ਸੀ, ਫੇਰ ਤਾਂ ਇਹ ਵਰਤਾਰਾ ਵਰਤ ਗਿਆ, ਜੈਸੀ ਕਿ ਇਸ ਮਹਾਂਵਾਕ ਅਨੁਸਾਰ –

ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ ॥
ਸੁਰਤਿ ਮੈਂ ਨ ਸੁਰਤਿ ਅਉ ਧਯਾਨ ਮੈਂ ਨ ਧਯਾਨ ਰਹਯੋ
ਗਯਾਨ ਮੈਂ ਨ ਗਯਾਨ ਰਹਯੋ ਗਤਿ ਮੈਂ ਨ ਗਤਿ ਹੈ ॥
ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ
ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ ॥
ਅਦਭੁਤ ਪਰਮਦੁਭੁਤ ਬਿਸਮੈ ਬਿਸਮ
ਅਸਚਰਜੈ ਅਸਚਰਜ ਅਤਿ ਅਤਿ ਹੈ ॥੧॥੯॥

(ਕਬਿਤ ਭਾਈ ਗੁਰਦਾਸ ਜੀ)

ਪੂਰੇ ਤਿੰਨ ਦਿਨ ਤਿੰਨ ਰਾਤਾਂ ਹੋ ਗਈਆਂ ਕਿ ਦੂਲੇ ਵੀਰ ਹਰਿਬਚਨ ਸਿੰਘ ਜੀ ਦੀ ਇਕ-ਟੱਕ ਸਹਿਜ-ਸਮਾਧੀ ਲਗੀ ਰਹੀ, ਉਨ੍ਹਾਂ ਦਾ ਸਹਿਜ-ਸਮਾਧਤ-ਚੌਂਕੜਾ ਜੰਮਿਆ ਹੀ ਰਿਹਾ। ਇਧਰੋਂ ਕੀਰਤਨ ਨਾ ਥੰਮੇ, ਓਧਰੋਂ ਪ੍ਰੇਮ-ਕਸਾਈਆਂ ਅਖੜੀਆਂ ਨ ਖੁਲ੍ਹਣ, ਨ ਝਮਕਣ। ਸੰਗਤ ਢਕੋ ਢਕੀ ਜੁੜੀ ਹੋਈ। ਸਾਰੀ ਸੰਗਤ ਦੇ ਪਿਛਵਾੜੇ ਦੂਲਾ ਵੀਰ ਹਰਿਬਚਨ ਸਿੰਘ ਸਹਿਜ-ਰੰਗਾਂ ਵਿਚ ਰੰਗੀਜਿਆ ਹੋਇਆ ਬੈਠ ਰਿਹਾ ਸੀ। ਜਿਥੇ ਅਗੇ ਉਨ੍ਹਾਂ ਦੇ ਪਰਵਾਰ ਨੂੰ ਇਹ ਸਿੱਕ ਲਗੀ ਹੋਈ ਸੀ ਕਿ ਕਿਵੇਂ ਅਤੇ ਕਦੋਂ ਪਿਆਰਾ ਦੂਲਾ ਹਰਿਬਚਨ ਸਿੰਘ ਗੁਰਮੁਖ ਸਿੱਖਾਂ ਦੀ ਸ਼ਰੇਣੀ ਵਿਚ ਆਵੇ, ਓਥੇ ਹੁਣ ਇਹ ਫ਼ਿਕਰ ਵਿਆਪ ਰਿਹਾ ਹੈ ਕਿ ਮੁੜ ਸਾਵਧਾਨ ਹੋ ਕੇ ਆਮ ਸੰਸਾਰੀਆਂ ਵਾਂਗੂ ਪਰਵਾਰ ਵਿਚ ਵਿਚਰੇ। ਕੇਵਲ ਉਨ੍ਹਾਂ ਦੇ ਗੁਰਮੁਖ ਪਿਤਾ ਸ. ਮਾਨ ਸਿੰਘ ਜੀ ਇਸ ਸੰਸੇ ਤੋਂ ਰਹਿਤ ਰਹੇ ਤੇ ਮੂਲੋਂ ਨਹੀਂ ਡੋਲੇ। ਅੱਜ ਉਹ ਆਪਣੇ ਧੰਨ



ਭਾਗ ਸਮਝਦੇ ਹਨ ਕਿ ਸਾਡਾ ਬਚੜਾ ਵੀ ਹੰਸਾਂ ਦੀ ਡਾਰ ਵਿਚ ਇਕ ਉਡਾਰੂ ਹੰਸੜਾ ਬਣ ਗਿਆ ਹੈ। ਕੀਰਤਨ ਕਰਣਹਾਰੇ ਗੁਰਮੁਖ ਜਨ ਆਪਣੇ ਆਤਮ-ਰੰਗਾਂ ਵਿਚ ਕੀਰਤਨ ਦੀ ਵਰਖਾ ਕਰੀ ਜਾ ਰਹੇ ਸਨ ਕਿ ਯਕਾ ਯਕ ਉਹ ਉਡਾਰੂ ਹੰਸੜਾ ਬੜਾ ਪਿਆਰਾ ਵੀਰ ਦੂਲੇਸ਼ਰ ਪਿਛਲਵਾੜੇ ਬੈਠਾ ਬੈਠਾ ਉਡ ਕੇ ਡੰਡਾਉਤ ਪਰਨੇ ਹੋ ਕੇ, ਵਿਚਕਾਰ ਬੈਠੀ ਸਾਰੀ ਸੰਗਤ ਦੇ ਸੀਸਾਂ ਉਪਰ ਦੀ ਤਰਦਾ ਹੋਇਆ, ਇਕੋ ਸੇਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਕਟ ਹਜ਼ੂਰੀ ਵਿਚ, ਸਨਮੁਖ ਹੋ ਕੇ ਮਸਤਕ ਪਰਨੇ ਆਇ ਉਮਡ ਆਇਆ। ਮੱਥਾ ਇਉਂ ਆਇ ਟਿਕਿਆ ਜਿਵੇਂ ਕੰਵਲ ਫੁੱਲ ਜਲ ਵਿਚ ਲਹਿਰਾਉਂਦਾ ਹੁੰਦਾ ਹੈ। ਮਸਤਕ ਸਰਣ ਹਜ਼ੂਰੀ ਦੀ ਧੂੜੀ ਵਿਚ ਸਥਿਤ ਹੋਇਆ ਹੋਇਆ ਤੇ ਹੋਰ ਸਾਰਾ ਸਰੀਰ ਡੰਡਵਤੀ ਲੰਬਾਣ ਵਿਚ ਧਰਤੀਓਂ ਉਪਰ ਹੀ ਉਪਰ ਅਜਬ ਉਡਾਣ ਵਿਚ ਲਹਿਰੇ ਲਵੇ, ਜਿਵੇਂ ਫੰਗਾਂ ਵਾਲੀ ਮਛਲੀ ਅਨਲ ਵਾਉ ਵਿਚ ਤਾਰੀਆਂ ਲਾ ਰਹੀ ਹੁੰਦੀ ਹੈ। ਇਹ ਇਕ ਬੜਾ ਅਨੂਠਾ ਤੇ ਅਜਬ ਅਜਾਬਾ ਦ੍ਰਿਸ਼ ਸੀ, ਜਿਸ ਨੂੰ ਦੇਖਣਹਾਰੇ ਚਕ੍ਰਿਤ ਹੋ ਰਹੇ ਸਨ। ਏਧਰ ਕੀਰਤਨ ਨ ਠਲ੍ਹੇ, ਉਧਰ ਇਹ ਦ੍ਰਿਸ਼ ਨ ਹਿਲੇ। ਰੱਬੀ ਰਮਜ਼ਾਂ ਦੇ ਪੰਧਾਊ ਕੀਰਤਨੀ ਜਨਾਂ ਨੇ ਅਮਰੀ ਰਮਜ਼ ਪਾਇ ਕੇ ਲਾਵਾਂ ਦਾ ਕੀਰਤਨ ਕਰਨਾ ਅਰੰਭ ਦਿਤਾ, ਮਾਨੋ ਇਕ ਅਮਰ ਜਗਿਆਸਣੂ ਸੁਹਾਗਣੀ ਦਾ ਅਕਾਲ ਪੁਰਖ ਨਾਲ ਅਨੰਦ ਵਿਵਾਹ ਹੋ ਰਿਹਾ ਹੈ। ਲਾਵਾਂ ਦਾ ਕੀਰਤਨ ਅਦਿਭੁਤ ਮਗਨਤਾ ਵਿਚ ਹੋਇਆ, ਜੋ ਅੱਜ ਤਾਈਂ ਕਦੇ ਨਹੀਂ ਹੋਇਆ ਸੀ। ਆਤਮ-ਅਭਿਆਸੀਆਂ ਨੂੰ ਬੜੇ ਹੀ ਅਨੰਦ ਕੌਤਕੀ ਹੁਲਾਰੇ ਆਏ। ਜਿਉਂ ਜਿਉਂ ਦੂਲਹਨੀ ਦੂਲਾ ਪ੍ਰੇਮ-ਪੰਘੂੜੇ ਵਿਚ ਝੂਟੇ ਹੂਟੇ ਲਵੇ, ਤਿਉਂ ਤਿਉਂ ਦੇਖਣਹਾਰੇ ਅਤੇ ਅਮਰ ਅਕਾਲੀ ਅਨੰਦ ਕਰਾਉਣਹਾਰੇ ਕੀਰਤਨੀ ਜਨ ਆਪਣੇ ਲੋਰ-ਖੁਮਾਰਾਂ ਵਿਚ ਝੂਲਣ। ਸਮੁੱਚੀਆਂ ਲਾਵਾਂ ਦੇ ਕੀਰਤਨ ਦੀ ਅਉਧੀ ਅੰਦਰ ਦੁਵੱਲਾ ਇਹ ਦ੍ਰਿਸ਼ ਬਣਿਆ ਰਿਹਾ। ਲਾਵਾਂ ਮੁੱਕੀਆਂ ਤਾਂ ਆਰਤੀ ਉਤਾਰਨ ਦੀਆਂ ਕੀਰਤਨ-ਧੁਨੀਆਂ ਉਠੀਆਂ। ਜਿਉਂ ਜਿਉਂ ਆਰਤੀ ਉਤਰੇ, ਤਿਉਂ ਤਿਉਂ ਸ਼ਾਂਤ-ਮਗਨਤਾ ਵਾਪਰਦੀ ਜਾਵੇ। "ਗੋਪਾਲ ਤੇਰਾ ਆਰਤਾ"* ਦੇ ਕੀਰਤਨ ਦੀ ਸਮਾਪਤੀ ਹੋਣ ਪਰ ਦੂਲੇ ਜੀ ਦਾ ਸੀਸ ਪਰਨੇ ਉਪਰ ਨੂੰ ਉਭਰਿਆ ਹੋਇਆ, ਧੜ ਮੁੜ ਧਰਤੀ ਨਾਲ ਆ ਲਗਿਆ ਤੇ ਉਹ ਮਰਜੀਵੜਾ ਛਪਾਲ ਤੇ ਨਿੱਸਲ ਹੋ ਕੇ ਡੰਡਉਤ ਪਰਨੇ ਪਿਆ ਪਿਆ ਹੀ ਸੁੰਨ-ਸਮਾਧੀ ਵਿਚ ਲੀਨ ਹੋ ਗਿਆ।

ਸਾਰੀ ਸੰਗਤ ਵਿਚ ਸੱਨਾਟਾ ਛਾ ਗਿਆ। ਸਭ ਦੀ ਹੈਰਾਨਗੀ ਦੂਰ ਕਰਨ ਲਈ ਗੁਰਮੁਖ ਪੰਚ ਜਨਾਂ ਨੇ ਚੁਕੇ ਕੇ ਦੂਲੜੇ ਵੀਰ ਨੂੰ ਫਿਰ ਸਾਵਧਾਨ ਕੀਤਾ ਅਤੇ ਪ੍ਰੇਮ-ਆਤਮੀ-ਠੰਡੋਲੜੇ ਡੋਲੜੇ ਵਿਚ ਪਾਇ ਕੇ, ਉਸ ਮੰਡਲ ਵਿਚੋਂ ਲਿਜਾ ਕੇ ਵਖਰੇ

---

* ਧਨਾਸਰੀ ਧੰਨਾ ਜੀ, ਪੰਨਾ ੬੯੫

WWW.AKJ.ORG

WWW.AKJ.ORG


ਕਮਰੇ ਵਿਚ ਇਕਾਂਤ-ਸਿੰਘਾਸਨ ਤੇ ਜਾਇ ਬਿਰਾਜਮਾਨ ਕੀਤਾ। ਸਭ ਦੀ ਆਵਾਜਾਈ ਬੰਦ ਕਰ ਦਿਤੀ, ਨਿਜ-ਪਰਵਾਰੀਆਂ ਦੇ ਫ਼ਿਕਰ-ਅੰਦੇਸ਼ੇ, ਦੂਰ ਕਰਨਹਾਰਿਆਂ ਨੇ ਦੂਰ ਕਰ ਦਿਤੇ। ਸਾਰੀ ਰਾਤ ਸਹਿਜ-ਸਿੰਘਾਸਨ ਤੇ ਪਏ ਦੂਲੜੇ ਜਨ ਦੇ ਮੁਖ ਮਸਤਕ ਤੇ ਰੰਗ ਚਲੂਲੇ ਖਿੜੇ ਰਹੇ। ਰੋਮ ਰੋਮ ਅੰਦਰ ਆਤਮ-ਵਿਗਾਸ ਵਾਲਾ ਅਭਿਆਸ-ਖੰਡਾ ਸਹਿਜ ਪ੍ਰੇਮ ਵੇਗ ਅੰਦਰ ਖੜਕਦਾ ਰਿਹਾ। ਅੰਮ੍ਰਿਤ ਵੇਲੇ ਉਠ ਕੇ ਸਾਵਧਾਨਤਾ ਸਹਿਤ ਸਾਰੇ ਗੁਰਮੁਖ ਵੀਰਾਂ ਨਾਲ ਰਲ ਕੇ ਇਸ਼ਨਾਨ ਹੋਏ, ਧਿਆਨ ਹੋਏ, ਨਿਤਨੇਮ ਦੇ ਪ੍ਰੇਮ-ਪਾਠ ਹੋਏ। ਫੇਰ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਅਰੰਭ ਹੋਏ। ਵੀਰ ਹਰਿਬਚਨ ਸਿੰਘ ਜੀ ਭੀ ਆ ਹਾਜ਼ਰ ਹੋਏ, ਜੋੜੀ ਦੀ ਧੁਨਕਾਰ, ਕੀਰਤਨ-ਗੂੰਜਾਰ ਸਹਿਤ ਉਠਣ ਦੀ ਦੇਰ ਹੈ ਕਿ ਹੋਸ਼ ਮਸਤ ਮਰਜੀਵੜਾ ਮਸਤ ਹੋ ਕੇ ਧੜੰਮ ਕਰਦਾ ਆਤਮ ਦੀ ਸੁਧੀ ਵਿਚ ਡੰਡੌਤ ਪਰਨੇ ਡਿਗ ਪਿਆ ਤੇ ਜ਼ੋਰੋ ਜ਼ੋਰ ਅਭਿਆਸ ਵਿਚ ਮਸਤ-ਉਲ-ਮਸਤ ਹੋ ਗਿਆ। ਜਿਉਂ ਜਿਉਂ ਜ਼ੋਰੋ ਜ਼ੋਰ ਕੀਰਤਨ ਹੋਵੇ, ਤਿਉਂ ਤਿਉਂ ਮਸਤੁਲ-ਮਸਤੀਆਂ ਦੀ ਮਸਤੀ ਹੋਰ ਜ਼ੋਰ ਫੜਦੀ ਜਾਵੇ। ਲਗਾਤਾਰ ਜੋ ਆਤਮ-ਅਹਿਲਾਦੀਆਂ ਦੀ ਅਖੰਡ ਧੁਨੀ ਜੁੜੀ ਰਹੀ, ਪਤਾ ਨਹੀਂ ਰਿਹਾ ਕਿ ਕਿਤਨੇ ਸਮੇਂ ਤਕ ਜੁੜੀ ਰਹੀ। ਭੋਗ ਪੈਣ ਪਰ ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਦੇ ਛਾਂਦੇ ਵਰਤੇ ਅਤੇ ਅੰਮ੍ਰਿਤ ਛਾਂਦਿਆਂ ਦੇ ਭੁਖੈੜੇ ਵੀਰ ਹਰਿਬਚਨ ਸਿੰਘ ਜੀ ਨੂੰ ਖ਼ੂਬ ਰੱਜ ਰੱਜ ਛਾਂਦੇ ਛਕਾਏ। 'ਘਰ ਮਾਹੀਂ ਆਇ ਵੁਠੇ ਸਜਣਾ' ਨੇ ਉਥੋਂ ਵਿਦਾ ਹੋ ਕੇ ਚੁਪ-ਚੁਪਾਤੇ ਹੀ ਹੋਰਥੇ ਜਾਇ ਉਡਾਰੀਆਂ ਮਾਰੀਆਂ। ਸੰਗਤ ਵਿਛੜ ਗਈ, ਸਾਰਾ ਸਮਾਗਮ ਵਿਛੜ ਗਿਆ। ਉਕਤ ਪ੍ਰੇਮ-ਬਿਧੀਏ ਦੂਲੇ ਨੂੰ ਆਪਣੇ ਹਾਲਾਂ ਵਿਚ ਛਡ ਕੇ ਥਾਉਂ ਥਾਈਂ ਸਾਰੇ ਚਲੇ ਆਏ। ਤਦ ਪਸਚਾਤ ਜਦੋਂ ਵੀ ਪ੍ਰੇਮੀ ਜਨਾਂ ਦਾ ਜੁੜਨਾ ਹੋਇਆ ਤਦੋਂ ਹੀ ਅਗੰਮ ਤੋਂ ਹਰਿ-ਨਾਮੇ ਕੇ ਜੋੜੀ ਵੀ ਆਇ ਜੁੜਦੇ ਰਹੇ, ਬਸ ਓਹੀ ਹਾਲ ਉਹੋ ਢਾਲ। ਅਜਰ ਅਵਸਥਾ ਨੂੰ ਹੋਰ ਜਰਿਆ, ਜਰ ਜਰ ਕੇ ਸਾਰੀ ਉਮਰ-ਅਵਸਥਾ ਹੀ ਗ੍ਰਿਹਸਤ ਮਾਰਗ ਵਿਚ ਗੁਜ਼ਾਰੀ, ਸਦ ਜਾਗਦੇ ਗੁਰਮੁਖ ਜੋਗੀਆਂ, ਗ੍ਰਿਹਸਤ ਉਦਾਸ ਸਚੜੇ ਜੋਗੀਆਂ ਵਾਂਗ ਗੁਜ਼ਾਰੀ।

ਸਿਰੀ ਵੀਰ ਗੁਰਮੁਖ ਪਿਆਰੇ ਭਾਈ ਹਰਿਬਚਨ ਸਿੰਘ ਜੀ ਦਾ ਹਿਰਦਾ ਬੜਾ ਹੀ ਵਿਸ਼ਾਲ ਸੀ, ਪੁਜ ਕੇ ਉਦਾਰ ਸੀ। ਗੁਪਤ ਦਾਨੀ ਉਨ੍ਹਾਂ ਵਰਗਾ ਕੋਈ ਵਿਰਲਾ ਸਿਖ ਹੀ ਹੋਇਆ ਹੋਵੇਗਾ। ਤਨ ਮਨ ਧਨ ਵਾਰ ਦੇਣਾ ਉਨ੍ਹਾਂ ਲਈ ਇਕ ਸਹਿਜ ਸੁਹੇਲੀ ਖੇਡ ਸੀ। ਅੰਮ੍ਰਿਤ ਸੰਚਾਰ ਦੇ ਸਮਾਗਮਾਂ ਵਿਚ ਵੀਰ ਹਰਿਬਚਨ ਸਿੰਘ ਜੀ ਨੂੰ ਪੰਜਾਂ ਪਿਆਰਿਆਂ ਵਿਚ ਲਏ ਜਾਣ ਦੇ ਜਦੋਂ ਵੀ ਫੁਰਨੇ ਅਤੇ ਚੋਣ ਵਿਚ ਉਕਤ ਵੀਰ ਦੇ ਲਏ ਜਾਣ ਦੀਆਂ ਦਲੀਲਾਂ ਬੱਝੀਆਂ, ਤਦੋਂ ਹੀ ਉਹ ਨਿਮਰੀਭੂਤ ਹੋ ਕੇ ਨਿਰੀ ਨਿਰਮਾਣਤਾ ਵਿਚ ਲੀਨ ਹੋ ਜਾਂਦੇ ਸਨ। ਪਰ ਹੱਠੀਆਂ ਵਾਲਾ ਹੱਠ ਕਦੇ



ਨਹੀਂ ਕਰਦੇ ਸਨ, ਸੰਗਤਾਂ ਦਾ ਹੁਕਮ ਸਿਰ ਮਥੇ ਤੇ ਮੰਨ ਕੇ ਸਦਾ ਸਤਿਗੁਰੂ ਦੀ ਰਜਾਇ ਵਿਚ ਰਹਿੰਦੇ ਸਨ। ਕਦੇ ਵੀ ਉਨ੍ਹਾਂ ਨੂੰ ਕੁਝ ਬਣ ਬੈਠਣ ਦਾ ਅਹਿਸਾਸ ਮਹਿਸੂਸ ਨਹੀਂ ਹੋਇਆ, ਗੁਰੂ ਦੀ ਅਪਾਰ ਕਿਰਪਾ ਦੇ ਸ਼ੁਭ ਲੱਛਣ ਉਨ੍ਹਾਂ ਦੀ ਆਤਮ-ਦਸ਼ਾ ਤੇ ਹਮੇਸ਼ਾ ਵਰਤਦੇ ਰਹਿੰਦੇ ਸਨ। ਢੇਰ ਚਿਰ ਬਰਸਾਂ ਵਧੀ ਅਜਿਹੀ ਹੀ ਇਕ-ਰਸ ਅਵਸਥਾ ਉਨ੍ਹਾਂ ਦੀ ਬੱਝੀ ਰਹੀ।

ਫਿਰ ਭਾਣੇ ਦਾ ਗੇੜ ਐਸਾ ਹੋਇਆ ਕਿ ਉਨ੍ਹਾਂ ਦੀ ਫ਼ੌਜ ਬਦੇਸ਼ਾਂ ਵਿਚ ਹੋ ਰਹੀ ਲੜਾਈ ਵਿਚ ਫ਼ਰਾਂਸ ਆਦਿਕ ਦੇਸ਼ਾਂ ਵਿਚ ਪਧਾਰ ਗਈ ਅਤੇ ਅਸਾਡੇ ੧੯੧੫ ਦੇ ਸਾਕਿਆਂ ਦੇ ਵਰਤਣ ਤੋਂ ਪਹਿਲਾਂ ਹੀ ਪਧਾਰ ਗਈ। ਵਿਚੇ ਹੀ ਪਿਆਰੇ ਦੂਲੇਸ਼ਰ ਹਰਿਬਚਨ ਸਿੰਘ ਜੀ ਜੈਸੇ ਵੀਰ ਵੀ ਜੰਗ ਨੂੰ ਜਾਣ ਕਰਕੇ ਵਿਛੜ ਗਏ, ਸਰਕਾਰੀ ਹੁਕਮ ਦੇ ਬੱਧੇ ਹੋਏ। ਸ਼ੁਕਰ, ਸਦ ਸ਼ੁਕਰ, ਕਿ ਉਹਨਾਂ ਦੇ ਅਤਿ ਪਿਆਰੇ ਲਾਲ ਅਮੋਲੇ ਅਮੁਲ ਗੁਣੀ ਵੀਰ ਬਾਬੂ ਮੱਲ ਸਿੰਘ ਜੀ ਵੀ ਬਦੇਸ਼ੀ ਜੰਗਾਂ ਜੁਧਾਂ ਵਿਚ ਉਨ੍ਹਾਂ ਦੇ ਨਾਲ ਹੀ ਰਹੇ। ਅਸੀਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਭਜਨ-ਅਨੰਦੀ ਉਮਰ ਕੈਦਾਂ ਕਟੀਆਂ, ਉਨ੍ਹਾਂ ਨੇ ਵਿਡਾਣੀ ਚਾਕਰੀ ਦੀ ਕੈਦ ਵਿਚ ਦੇਸੋਂ ਬਦੇਸ਼ ਹੋ ਕੇ ਜੁੱਧਾਂ ਜੰਗਾਂ ਦੀਆਂ ਘਾਲਾਂ ਘਾਲੀਆਂ। ਭਾਣੇ ਅੰਦਰ ਸਿਰੀ ਵੀਰ ਹਰਿਬਚਨ ਸਿੰਘ ਜੀ ਜੈਸੇ ਦੂਲੇ ਜਨ ਅਤੇ ਇਸ ਜਥੇ ਦੇ ਪ੍ਰੇਮ ਅਭਿਆਸੀ ਰੁਕਨ ਸਿਰੀ ਮਾਨ ਬਾਬੂ ਮੱਲ ਸਿੰਘ ਜੀ ਸਾਰਖੇ ਗੁਰਮੁ ਜਨ ਅਤੇ ਸਾਡੇ ਅਣਡਿਠੇ ਨਵ-ਮੁਸ਼ਕੇ ਨਵਯੁਵਕ ਸੰਤ ਮੱਘਰ ਸਿੰਘ ਜੀ ਜੈਸੀਆਂ ਰੂਹਾਂ ਜੰਗੀ ਜੋਧਿਆਂ ਦੀਆਂ ਲੜੀਆਂ ਵਿਚ ਸੁਤੇ ਹੀ ਪ੍ਰੋਤੀਆਂ ਹੋਈਆਂ ਸਨ। ਇਸ ਕਰਕੇ ਗੋਰਿਆਂ ਦੀ ਗੋਰਾਸ਼ਾਹੀ ਗੌਰਮਿੰਟ ਦਾ ਪਲੜਾ ਹਿਠਾਂਹ ਨੂੰ ਨਾ ਹੋਣਾ ਪਾਇਆ, ਨਹੀਂ ਤਾਂ, ਆਤਮ-ਅਭਿਆਸੀਆਂ ਦੀਆਂ ਜੇਲ੍ਹਾਂ ਵਿਚ ਕੀਤੀਆਂ ਨਾਮ ਅਭਿਆਸ ਦੀਆਂ ਅਗਾਧ ਕਮਾਈਆਂ ਤੇ ਅਦੁਤੀ ਕਮਾਈਆਂ ਜ਼ਰੂਰ ਇਸ ਗੋਰਾ-ਸ਼ਾਹੀ ਗੌਰਮਿੰਟ ਨੂੰ ਓਦੋਂ ਹੀ ਗ਼ਾਰਤ ਕਰ ਦਿੰਦੀਆਂ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਵਿਡਾਣੀ ਚਾਕਰੀ ਦੀ ਯੁਧ-ਜੰਗੀ-ਜ਼ੰਜੀਰਾਂ ਵਿਚ ਜਕੜੇ ਹੋਏ ਦੂਲੇ ਵੀਰਾਂ ਨੇ ਜੋ ਬੇਹਦ ਮੁਸੀਬਤਾਂ ਝਾਲੀਆਂ ਤੇ ਘਾਲੀਆਂ, ਉਸ ਦੇ ਮੁਕਾਬਲੇ ਵਿਚ ਅਸਾਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਮੁਕਈਅਦ ਦੇਸ਼-ਭਗਤਾਂ ਅਤੇ ਧਰਮੱਗ ਸੱਜਣਾਂ ਨੇ ਜੋ ਕਸ਼ਟਾਵਲੀਆਂ ਸਹੀਆਂ, ਇਤਨੀਆਂ ਭਿਆਨਕ ਤੇ ਦਰਦਨਾਕ ਨਹੀਂ ਜਾਪਦੀਆਂ, ਜੈਸਾ ਕਿ ਅਸੀਂ ਦੂਲੇ ਵੀਰ ਭਾਈ ਹਰਿਬਚਨ ਸਿੰਘ ਦੀਆਂ ਕਸ਼ਟ-ਕਮਾਈਆਂ ਦੀ ਸੋਇ ਸੁਣੀ ਹੈ। ਇਸ ਪ੍ਰਥਾਇ ਅੱਖੀਂ ਡਿੱਠਾ ਸਮਾਚਾਰ ਤਾਂ ਦੂਲੇ ਵੀਰ ਹਰਿਬਚਨ ਸਿੰਘ ਜੀ ਦੇ ਜੁਧਾਂ ਜੰਗਾਂ ਦੇ ਸਾਥੀਅੜੇ ਸਿਰੀ ਵੀਰ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਹੀ ਵਿਸਥਾਰ ਸਹਿਤ ਵਰਨਣ ਕਰ ਸਕਦੇ ਹਨ। ਪਰ ਇਤਨਾ ਦੱਸੇ ਬਗ਼ੈਰ ਅਸੀਂ ਨਹੀਂ ਰਹਿ ਸਕਦੇ

WWW.AKJ.ORG

WWW.AKJ.ORG



ਕਿ ਯੁਧਾਂ ਜੰਗਾਂ ਤੋਂ ਵਾਪਸ ਆਉਣ ਪਰ ਅਸੀਂ ਦੂਲੇ ਵੀਰ ਹਰਿਬਚਨ ਸਿੰਘ ਜੀ ਦਾ ਦਰਸ਼ਨ ਕੀਤਾ, ਤਾਂ ਉਨ੍ਹਾਂ ਦਾ ਮਸਤਕ ਚੇਹਰਾ ਨੂਰਾਨੀ ਆਤਮ-ਰੰਗਾਂ ਨਾਲ ਅਗੇ ਨਾਲੋਂ ਵੀ ਵਧੇਰੇ ਦਗ ਦਗ ਕਰਦਾ ਸੀ, ਜੈਸੇ ਕਿ ਅਸੀਂ ਜੁਧ ਜੰਗ ਦੇ ਜਾਣ ਤੋਂ ਪਹਿਲਾਂ ਡਿਠਾ ਸੀ। ਚਾਹੇ ਮਿਲਟਰੀ ਡਾਕਟਰ ਅਤੇ ਸਿਵਲ ਮਹਿਕਮੇ ਦੇ ਖ਼ਾਸ ਸਿਰਕਢ ਮਸ਼ਹੂਰ ਮੈਡੀਕਲ ਆਫ਼ੀਸਰ ਇਹ ਫ਼ਤਵਾ ਲਾ ਚੁਕੇ ਸਨ ਕਿ ਇਨ੍ਹਾਂ ਉਤੇ ਇਕ ਸਰੀਰਕ ਬੀਮਾਰੀ ਐਸੀ ਪ੍ਰਬਲ ਹੋ ਕੇ ਨਾਜ਼ਲ ਹੋ ਚੁਕੀ ਹੈ ਕਿ ਕਿਸੇ ਵਕਤ ਵੀ ਇਨ੍ਹਾਂ ਦੇ ਸਰੀਰ ਵਿਚੋਂ ਸਵਾਸ ਇਕ-ਦਮ ਨਿਕਲ ਜਾਣਗੇ, ਪਰ ਫੇਰ ਵੀ ਇਸ ਆਤਮ-ਜਲਾਲੀ ਗੁਰਮੁਖ ਵੀਰ ਨੇ ਰੰਚਕ ਮਾਤ੍ਰ ਗੁਮੇਹ ਨਹੀਂ ਕੀਤਾ ਅਤੇ ਅਤਿਅੰਤ ਚੜ੍ਹਦੀਆਂ ਕਲਾਂ ਵਿਚ ਫਿਰਦੇ ਰਹੇ। ਅੱਜ ਤਾਈਂ ਕਦੇ ਉਹ ਘਬਰਾਏ ਹੋਏ ਨਹੀਂ ਦੇਖੇ, ਕਦੇ ਵੀ ਉਨ੍ਹਾਂ ਦੀ ਬ੍ਰਿਤੀ ਉਤੇ ਤੈਸ਼, ਕ੍ਰੋਧ ਅਤੇ ਫ਼ਿਕਰ ਤਾਰੀ ਨਹੀਂ ਹੋਇਆ। ਸਹਿਨ ਸ਼ੀਲਤਾ ਦੇ ਪੁਤਲੇ ਸਿਰੀ ਦੂਲੇਸ਼ਰ ਵੀਰ ਹਰ ਸਮੇਂ ਪ੍ਰਮਾਰਥੀ ਰੰਗਾਂ ਦੇ ਦੂਲੇ ਹੀ ਬਣੇ ਰਹੇ। ਅਗੇ ਨਾਲੋਂ ਵੀ ਵਡ ਵਡੇਰੇ ਅਤੇ ਵਧੇਰੇ ਆਤਮ-ਔਜਾਂ ਵਿਚ ਖੇਡਦੇ ਰਹੇ।

ਉਨ੍ਹਾਂ ਦੀਆਂ ਆਤਮ ਮੌਜੀ ਘਟਨਾਵਾਂ ਦੇ ਪਵਿਤਰ ਪਾਵਨ ਜ਼ਿਕਰ ਤਾਂ ਉਨ੍ਹਾਂ ਦੇ ਨਿਕਟ-ਵਰਤੀ ਆਤਮ-ਦਰਸੀ ਗੁਰਮੁਖ ਵੀਰ ਬਾਬੂ ਮੱਲ ਸਿੰਘ ਜੀ ਹੀ ਕਰ ਸਕਦੇ ਹਨ। ਉਨ੍ਹਾਂ ਦੇ ਗੁਰਮਤਿ ਗੁਣਾਂ ਦੇ ਵਸਫ਼ ਕੀ ਕੀ ਲਿਖੀਏ, ਲਿਖੇ ਨਹੀਂ ਜਾਂਦੇ, ਬੜੇ ਬੇਅੰਤ ਹਨ, ਗੁਰਸਿੱਖੀ ਕਮਾਉਣਹਾਰੇ ਗੁਰਸਿੱਖਾਂ ਦਾ ਉਹ ਪੂਰਾ ਨਮੂਨਾ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਈਆਂ ਵਿਚ ਜਦ ਅਸੀਂ ਕਰਨੀ ਕਮਾਲ ਵਾਲੇ ਗੁਰਸਿੱਖਾਂ ਦੀ ਮਹਿਮਾ-ਮਈ ਝਾਕੀ ਮਾਤਰ ਸਾਖੀ ਪੜ੍ਹਦੇ ਹਾਂ, ਤਾਂ ਸਾਡੇ ਸਨਮੁਖ ਅਸਾਡੇ ਦੂਲੇ ਵੀਰ ਭਾਈ ਹਰਿਬਚਨ ਸਿੰਘ ਜੀ ਦਾ ਜੀਵਨ ਹੂ-ਬ-ਹੂ ਆ ਖਲੋਂਦਾ ਹੈ। ਉਹ ਇਸ ਅਸਾਰ ਸੰਸਾਰ ਤੋਂ ਚਲਾਣਾ ਤਾਂ ਕਰ ਗਏ, ਪਰ ਸਾਨੂੰ ਕਦੇ ਪ੍ਰਤੀਤ ਨਹੀਂ ਹੋਇਆ, ਅਸਾਥੋਂ ਨਿਖੜ ਗਏ ਹਨ। ਜਲ ਕਮਲ ਵਤ ਗ੍ਰਿਹਸਤ ਵਿਚ ਅਲੇਪ ਰਹਿੰਦੇ ਹੋਏ ਅਤੇ ਮਾਇਆ ਕੁਟੰਬ ਵਲੋਂ ਨਿਰਮੋਹ ਹੁੰਦੇ ਹੋਏ, ਸਰੀਰਕ ਦੁਖਾਂ ਕਸ਼ਟਾਂ ਦੀ ਪਰਵਾਹ ਨ ਕਰਦੇ ਹੋਏ, ਤਨਕ ਮਾਤ੍ਰ ਦੇ ਫੇਰੇ ਵਿਚ ਹੀ ਸਰੀਰ ਨੂੰ ਤਿਆਗ ਕੇ ਗੁਰਪੁਰੀ ਨੂੰ ਪਧਾਰ ਗਏ। ਪਰ ਉਨ੍ਹਾਂ ਦੀ ਆਤਮਾ ਹਰ ਦਮ ਤੇ ਹਰ ਛਿਨ ਉਨ੍ਹਾਂ ਸੇਤੀ ਇਕ ਮਿਕ ਹੋਏ ਗੁਰਮੁਖ ਪਿਆਰਿਆਂ ਵਿਚ ਉਸੇ ਤਰ੍ਹਾਂ ਹਾਜ਼ਰ ਨਾਜ਼ਰ ਵਿਚਰਦੀ ਰਹਿੰਦੀ ਹੈ, ਮਾਨੋ ਉਹ ਕਦੇ ਵਿਛੜੇ ਹੀ ਨਹੀਂ।

## ਸੋਹਣੇ ਸਿਖ ਗੁਰ-ਚਰਨਾਂ ਦੇ ਪਿਆਰ ਵਾਲੇ*

ਸ: ਹਰਿਬਚਨ ਸਿੰਘ ਜੀ ੬੬ ਨੰਬਰ ਪਲਟਨ ਵਿਚ ਸੂਬੇਦਾਰ ਸਨ। ਉਸੇ ਫ਼ੌਜ ਵਿਚ ਭਾਈ

* ਇਸ ਸਿਰਲੇਖ ਹੇਠ ਨੋਟ ਗਯਾਨੀ ਨਾਹਰ ਸਿੰਘ ਜੀ ਲਿਖਿਤ ਹੈ।



ਮਸਤਾਨ ਸਿੰਘ ਪਿੰਡ ਫੁੱਲਾਂਵਾਲ ਜ਼ਿਲਾ ਲੁਧਿਆਣਾ ਹੌਲਦਾਰ ਸਨ। ਏਹ ਦੋਵੇਂ ਸਜਣ ੧੯੧੪-੧੫ ਦੀ ਦੁਨੀਆ ਦੀ ਪਹਿਲੀ ਜੰਗ ਵਿਚ ਫ਼ਰਾਂਸ ਤੇ ਇਰਾਕ ਦੀਆਂ ਲੜਾਈਆਂ ਵਿਚ ਆਪਣੀ ਫ਼ੌਜ ਨਾਲ ਸ਼ਾਮਲ ਰਹੇ। ੨੯ ਅਪ੍ਰੈਲ ੧੯੧੬ ਨੂੰ ਇਰਾਕ ਦੇ ਸ਼ਹਰਿ ਕਿਤਾ-ਉਲ-ਅਮਾਰਾ ਵਿਚ ੧੪ ਹਜ਼ਾਰ ਫ਼ੌਜ, ਅੰਗਰੇਜ਼ੀ ਤੇ ਹਿੰਦੁਸਤਾਨੀ, ਤੁਰਕਾਂ ਦੀ ਕੈਦ ਵਿਚ ਪਈ। ਏਸ ਵਿਚੋਂ ੭ ਹਜ਼ਾਰ ਫ਼ੌਜੀ ਕੈਦ ਵਿਚ ਹੀ ਮਰੇ। ੧੧ ਨਵੰਬਰ ੧੯੧੮ ਨੂੰ ਸੁਲ੍ਹਾ ਹੋ ਕੇ ਜੰਗ ਬੰਦ ਹੋਇਆ ਤੇ ਸਤ ਹਜ਼ਾਰ ਫ਼ੌਜੀ ਕੈਦੋਂ ਰਿਹਾ ਹੋ ਕੇ ਹਿੰਦੁਸਤਾਨ ਪਹੁੰਚੇ। ਏਨ੍ਹਾਂ ਵਿਚ ਹੀ ਸ: ਹਰਿਬਚਨ ਸਿੰਘ ਤੇ ਭਾਈ ਮਸਤਾਨ ਸਿੰਘ ਸਨ। ਏਸ ਮੋਰਚੇ ਵਿਚ ਕੁਲ ਫ਼ੌਜ ਸਤਾਈ ਹਜ਼ਾਰ ਸੀ, ਜਿਸ ਵਿਚੋਂ ੧੩ ਹਜ਼ਾਰ ਕੈਦ ਹੋਣ ਵੇਲੇ ਤਕ ਜੰਗ ਵਿਚ ਮਰੇ ਤੇ ਫਟੜ ਹੋ ਗਏ ਸਨ, ਬਾਕੀ ਸਤ ਹਜ਼ਾਰ ਕੈਦ ਵਿਚ ਮਰ ਗਏ। ੨੭ ਹਜ਼ਾਰ ਵਿਚੋਂ ਸਿਰਫ਼ ਸਤ ਹਜ਼ਾਰ ਜੀਉਂਦੇ ਵਾਪਸ ਆਏ। ਏਹ ਸਾਰੇ ਹਾਲ ਭਾਈ ਮਸਤਾਨ ਸਿੰਘ ਜੀ ਨੇ ਆਪਣੀ ਲਿਖੀ ਕਿਤਾਬ 'ਸੂਰਬੀਰ ਫ਼ੌਜ' ਵਿਚ ਛਾਪੇ ਹਨ। ਏਹ ਸਭ ਸੱਜਣ ਢਾਈ ਸਾਲ ਤੁਰਕਾਂ ਦੀ ਕੈਦ ਵਿਚ ਰਹੇ। ਅਰਬੀ ਲੋਕ ਕੈਦੀਆਂ ਨਾਲ ਬਹੁਤ ਭੈੜਾ ਸਲੂਕ ਕਰਦੇ ਸਨ। ਭਾਈ ਮਸਤਾਨ ਸਿੰਘ ਜੀ ਨੇ ਏਸ ਕਿਤਾਬ ਵਿਚ ਸ: ਹਰਿਬਚਨ ਸਿੰਘ ਜੀ ਦੇ ਗੁਰਮੁਖ ਜੀਵਨ ਬਾਰੇ ਕਵਿਤਾ ਵਿੱਚ ਇਉਂ ਲਿਖਿਆ ਹੈ:

### ਬੈਂਤ

ਸੋਹਣੇ ਸਿਖ ਗੁਰਚਰਨਾਂ ਦੇ ਪਿਆਰ ਵਾਲੇ,
ਨਾਉਂ ਹਰਿਬਚਨ ਸਿੰਘ ਅਖਵਾਉਂਦੇ ਸੀ।
ਜਪੀ ਤਪੀ ਤੇ ਸਿਦਕ ਭਰੋਸੇ ਵਾਲੇ,
ਕੀਰਤਨ ਹਰੀ ਭਗਵਾਨ ਦਾ ਗਾਉਂਦੇ ਸੀ।
ਸਾਡੀ ਫ਼ੌਜ ਦੇ ਹੈੱਡ ਕਲਰਕ ਸਨ ਉਹ,
ਸੋਹਣਾ ਦਫ਼ਤਰ ਦਾ ਕੰਮ ਚਲਾਉਂਦੇ ਸੀ।
ਪਿੰਡ ਗੁਰੂ ਜੰਡਿਆਲਾ ਸੀ ਸੋਹਣਿਆਂ ਦਾ,
ਅੰਮ੍ਰਿਤਸਰ ਅੰਦਰ ਸੋਭਾ ਪਾਉਂਦੇ ਸੀ।
ਖ਼ਾਨਦਾਨ ਦੇ ਉਹ ਸਰਦਾਰ ਬਾਂਕੇ,
ਭਾਈਆਂ ਦੇ ਭਾਈ ਸਦਾਉਂਦੇ ਸੀ।
ਏਹ ਰੈਂਕ ਡਰੈਕਟਰੀ ਆਣ ਲਗੇ,
ਮਾਨ ਤਾਨ ਨ ਜ਼ਰਾ ਵਿਖਾਉਂਦੇ ਸੀ।
ਹੋਰ ਭਾਈ ਸਾਰੇ ਲਗੇ ਪੁਲਸ ਅੰਦਰ,
ਅਫ਼ਸਰ ਵਡੇ ਤੋਂ ਵਡੇ ਸਦਵਾਉਂਦੇ ਸੀ।
ਭਾਵੇਂ ਕਰਨ ਕੀਰਤਨ ਭਾਵੇਂ ਸੁਣਨ ਕੀਰਤਨ,
ਬੈਠ ਚੌਂਕੜਾ ਜਦੋਂ ਜਮਾਉਂਦੇ ਸੀ।

WWW.AKJ.ORG

WWW.AKJ.ORG



ਸੁਰਤ ਫ਼ੌਰਨ ਕਰਤਾਰ ਦੇ ਨਾਲ ਜੁੜਦੀ,
ਝਟ ਆਪਣਾ ਆਪ ਭੁਲਾਉਂਦੇ ਸੀ।
ਦਾਨੀ ਐਸੇ ਮੈਂ ਸਿਫ਼ਤ ਕੀ ਕਰਾਂ ਵੀਰੋ,
ਸਿਖਾਂ ਸੰਤਾਂ ਨੂੰ ਛਕ ਛਕਾਉਂਦੇ ਸੀ।
ਨੰਗਾ ਭੁੱਖਾ ਜੇ ਰੱਬ ਦਾ ਦਿਸੇ ਬੰਦਾ,
ਤਨ ਤੋਂ ਕਪੜੇ ਖੋਲ੍ਹ ਪਹਿਨਾਉਂਦੇ ਸੀ।
ਰੱਬੀ ਸਿਫ਼ਤਾਂ ਜੇ ਖੋਲ੍ਹ ਕੇ ਲਿਖਾਂ ਏਥੇ,
ਸਿਆਹੀ ਕਾਗਜ਼ਾਂ ਅੰਤ ਨਾ ਆਉਂਦੇ ਸੀ।
ਭਾਰੀ ਸਜੇ ਦੀਵਾਨ ਜੇ ਖਾਲਸੇ ਦੇ,
ਸਾਫ਼ ਕਰਨ ਜੋੜੇ ਚਿਤ ਲਾਉਂਦੇ ਸੀ।
ਫੇਰ ਓਥੇ ਹੀ ਚੌਂਕੜਾ ਲਾ ਬਹਿੰਦੇ,
ਨੈਣ ਮੀਟ ਕੇ ਬਿਰਤੀ ਟਿਕਾਉਂਦੇ ਸੀ।
ਦਾੜ੍ਹਾ ਬਰਫ਼ ਸਫ਼ੈਦ ਤੇ ਨੂਰ ਚੇਹਰਾ,
ਪੱਥਰ-ਦਿਲਾਂ ਉਤੇ ਅਸਰ ਪਾਉਂਦੇ ਸੀ।
ਬੰਨ੍ਹ-ਟਾਂਕ ਕੋਹਾਟ ਪਠਾਣ ਬੱਚੇ,
ਸਭੇ ਚਰਨਾਂ ਤੇ ਸੀਸ ਝੁਕਾਉਂਦੇ ਸੀ।
ਤੁਰਕੀ ਕੈਦ ਅੰਦਰ ਬਸਤਰ ਕੈਦੀਆਂ ਦੇ,
ਲਖਾਂ ਕਰੋੜਾਂ ਦੇ ਜਿਹੜੇ ਸਦਾਉਂਦੇ ਸੀ।
ਤੁਰਕੀ ਅਫ਼ਸਰਾਂ ਨੇ ਦਿਤੇ ਹੱਥ ਏਹਨਾਂ,
ਸਾਰੇ ਕੈਦੀਆਂ ਵੰਡਦੇ ਜਾਉਂਦੇ ਸੀ।
ਬਿਪਤਾ ਸਮੇਂ ਨ ਆਪ ਨੂੰ ਲੀਰ ਰਖੀ,
ਇਡੇ ਸਬਰ ਸੰਤੋਖ ਤੇ ਆਉਂਦੇ ਸੀ।
ਮੇਰੇ ਮਿੱਤਰ ਏਹ ਰੱਬ ਦੇ ਰੰਗ ਵਾਲੇ,
ਗੁਰੂ ਪੰਥ ਦੇ ਹੀਰੇ ਅਖਵਾਉਂਦੇ ਸੀ।
ਮੇਰੇ ਨਾਲ ਸਨ ਪਿਆਰ ਅਪਾਰ ਕਰਦੇ,
ਮੇਰੇ ਔਗੁਣ ਨ ਜ਼ਰਾ ਜਤਾਉਂਦੇ ਸੀ।
ਕੇਵਲ ਕੀਰਤਨ ਕਰਤਾਰ ਦਾ ਸੁਣਨ ਖ਼ਾਤਰ,
ਮੇਰੇ ਸਦਕੜੇ ਵਾਰਨੇ ਜਾਉਂਦੇ ਸੀ।
ਮੈਥੋਂ ਕੁਛ ਲੁਕੋ ਨ ਰਖਦੇ ਸੀ,
ਨਾਤਾ ਸਿੱਖੀ ਦਾ ਪੂਰਾ ਨਿਭਾਉਂਦੇ ਸੀ।



ਹਾਇ ਓਏ ਰੱਬਾ ਕਿਉਂ ਅੱਖਾਂ ਤੋਂ ਦੂਰ ਹੋ ਗਏ,
ਰੱਬੀ ਰੰਗ ਅੰਦਰ ਮੈਨੂੰ ਲਿਆਉਂਦੇ ਸੀ।
ਚਰਨਾਂ ਉਨ੍ਹਾਂ ਦੇ ਵਿਚ ਮੈਂ ਮਉਜ ਮਾਣੀ,
ਇਕੱਠੇ ਬੈਠ ਜਸ ਹਰੀ ਦਾ ਗਾਉਂਦੇ ਸੀ।
ਨੇੜੇ ਮਿਲੀ ਉਕਾੜੇ ਜ਼ਮੀਨ ਓਹਨਾਂ,
ਭਾਗ ਜ਼ਿਲੇ ਮਿੰਟਗੁਮਰੀ ਲਾਉਂਦੇ ਸੀ।
ਚੱਕ ਬਵੰਜਾ ਟੂ. ਐਲ. ਸੀ ਸੰਤ ਜੀ ਦਾ,
ਓਥੇ ਵਡੇ ਸਰਦਾਰ ਸਦਾਉਂਦੇ ਸੀ।
ਹੋਏ ਅੱਠ ਨੌਂ ਸਾਲ ਗਏ ਰੱਬ ਕੋਲੇ,
ਭਗਤਾਂ ਵਿਚ ਬੈਠੇ ਸੋਭਾ ਪਾਉਂਦੇ ਸੀ।
ਹੋਇ ਕੇ ਬਾਵਰਾ ਫਿਰਾਂ ਸੰਸਾਰ ਉਤੇ,
ਐਸੇ ਮਿੱਤਰ ਨ ਕਿਤੇ ਦਿਸ ਆਉਂਦੇ ਸੀ।

ਭਾਈ ਮਸਤਾਨ ਸਿੰਘ ਅੱਜ ਕਲ੍ਹ ਪਿੰਡ ਬਾੜੇਵਾਲ ਅਵਾਣਾ ਜ਼ਿਲਾ ਲੁਧਿਆਣਾ ਵਿਚ ਰਹਿੰਦੇ ਹਨ। ਆਪ ਨੇ ਇਹ ਕਿਤਾਬ ੧੯੫੩ ਈ: ਵਿਚ ਛਾਪੀ ਸੀ। ਸ: ਹਰਿਬਚਨ ਸਿੰਘ ੧੯੪੪-੪੫ ਵਿਚ ਚੜ੍ਹਾਈ ਕਰ ਗਏ ਸਨ।

WWW.AKJ.ORG

WWW.AKJ.ORG

੧੫

# ਭਾਈ ਗੁਰਬਖ਼ਸ਼ ਸਿੰਘ ਜੀ 'ਕਮਾਲ ਪੁਰਾ'

ਬਾਲੀ ਬਰੇਸ (ਛੋਟੀ ਉਮਰ) ਵਿਚ ਜੋ ਪ੍ਰਮਾਰਥ ਦੇ ਆਤਮ-ਚਲੂਲੇ ਰੰਗ ਇਸ ਨਵ-ਯੁਵਕ ਨੂੰ ਚੜ੍ਹੇ, ਇਸ ਦੀ ਨਜ਼ੀਰ ਮਿਲਣੀ ਬਹੁਤ ਵਿਰਲੀ ਹੈ। ਲੁਧਿਆਣਾ ਮਾਲਵਾ ਖ਼ਾਲਸਾ ਹਾਈ ਸਕੂਲ ਵਿਚ ਦਸਵੀਂ ਸ਼ਰੇਣੀ ਦੀ ਪੜ੍ਹਾਈ ਕਰਦਿਆਂ ਹੋਇਆਂ ਪ੍ਰਮਾਰਥ ਦਾ ਪਰਮ ਤੀਬਰ ਵੈਰਾਗ ਇਸ ਵੀਰੜੇ ਗੁਰਮੁਖ ਨੂੰ ਐਸਾ ਉਠਿਆ ਕਿ ਝਲਿਆ ਨ ਜਾਵੇ, ਕੋਈ ਪੂਰਬਲੇ ਜਨਮ ਦੇ ਸ਼ੁਭ ਅੰਕੂਰ ਉਗਣੇ ਸਨ। ਇਸ ਵੀਰ ਨੂੰ ਇਸ ਗੱਲ ਦਾ ਪੱਕਾ ਨਿਸਚਾ ਸੀ ਕਿ ਪ੍ਰਮਾਰਥੀ ਰੰਗ ਚਲੂਲੇ ਚਾੜ੍ਹਨ ਵਾਲਾ ਵੈਦਾ ਦਾ ਸੰਗ ਲੁਧਿਆਣੇ ਨੇੜੇ ਹੀ ਇਕੱਠਾ ਹੁੰਦਾ ਰਹਿੰਦਾ ਹੈ। ਐਸੀ ਹੋਇ ਪਰੀ ਕਿ ਪਿੰਡ ਨਾਰੰਗਵਾਲ ਸਃ ਕਿਸ਼ਨ ਸਿੰਘ (ਜੰਗ ਕੇ) ਦੇ ਗ੍ਰਿਹਿ ਵਿਖੇ ਅਖੰਡਪਾਠ ਦਾ ਸਮਾਗਮ ਰਚਿਆ ਹੋਇਆ ਸੀ, ਪੰਜ ਅਖੰਡ ਪਾਠੀ ਗੁਰੂ ਨੇਤ ਅਨੁਸਾਰ ਅਜਿਹੇ ਗੁਰਮੁਖ ਜਨ ਚੁਣੇ ਹੋਏ ਸਨ, ਜੋ ਨਾਮ ਸਿਮਰਨ ਅਭਿਆਸ ਦੇ ਪੁਤਲੇ ਸਨ, ਕਮਾਈ ਅਤਿ ਗਾਖੜੀ ਅਤੇ ਗੂੜ੍ਹੀ ਪੂਰਨ ਗੁਰਮਤਿ ਅਨੁਸਾਰ ਹੋ ਚੁਕੀ ਸੀ। ਅਖੰਡ ਪਾਠ ਬੜੇ ਚੜ੍ਹਦੇ ਰੰਗਾਂ ਵਿਚ ਹੋ ਰਿਹਾ ਸੀ। ਅਜੇ ਅਰੰਭ ਹੋਇਆ ਹੀ ਸੀ ਕਿ ਗਿਆਨੀ ਨਾਹਰ ਸਿੰਘ ਜੀ ਲੁਧਿਆਣਾ ਤੋਂ ਖਾਲਸਾ ਹਾਈ ਸਕੂਲ ਦੇ ਭੁਝੰਗੀਆਂ ਦਾ ਜਥਾ ਲੈ ਕੇ ਆ ਪੁਜੇ, ਜਿਨ੍ਹਾਂ ਵਿਚ ਵੀਰ ਗੁਰਬਖ਼ਸ਼ ਸਿੰਘ ਜੀ 'ਕਮਾਲ ਪੁਰੀਏ' ਭੁਝੰਗੀ ਵੀ ਸਨ। ਇਨ੍ਹਾਂ ਵਿਚੋਂ ਜਿਨ੍ਹਾਂ ਜਿਨ੍ਹਾਂ ਨੇ ਜਹਾਜ਼ੇ ਚੜ੍ਹਨ ਦੀ ਅਭਿਲਾਖਾ ਪ੍ਰਗਟ ਕੀਤੀ, ਤਿਨ੍ਹਾਂ ਨੂੰ ਤਤਕਾਲ ਹੀ ਸਕੇਸ਼ੀ ਇਸ਼ਨਾਨ ਕਰਾਇ ਕੇ ਅਖੰਡ ਪਾਠ ਸਮਾਗਮ ਵਿਚ ਹਾਜ਼ਰ ਕੀਤਾ ਗਿਆ।

ਉਨ੍ਹਾਂ ਦਿਨਾਂ ਵਿਚ ਜਥੇ ਦੀ ਪੱਕੀ ਮਰਯਾਦਾ ਮੁਢ ਤੋਂ ਹੀ ਚਲੀ ਆ ਰਹੀ ਸੀ ਕਿ ਅੰਮ੍ਰਿਤ ਛਕਣ ਦੇ ਵਪਾਰੀਆਂ ਨੂੰ ਮੁਢ ਤੋਂ ਅੰਤ ਤਾਈਂ ਸਾਰਾ ਅਖੰਡ ਪਾਠ ਸੁਣਨ ਲਈ ਤਤਪਰ ਹੋਣਾ ਪੈਂਦਾ ਸੀ। ਅਖੰਡ ਪਾਠ ਦੀ ਸਾਰੀ ਸਮੱਗਰੀ ਤਿਆਰ ਸੀ। ਆਰੰਭ ਦੇ ਅਰਦਾਸੇ ਵਿਚ ਅਖੰਡ ਪਾਠ ਸਰਵਣ ਕਰਨਹਾਰੇ ਹਿਤਕਾਰੀ ਜਨ ਵੀ ਆਏ ਖਲੋਏ। ਵੀਰ ਪਿਆਰੇ ਗੁਰਬਖ਼ਸ਼ ਸਿੰਘ ਜੀ ਭੀ ਖ਼ੁਸ਼ੀਆਂ ਨਾਲ ਗੱਦ ਗੱਦ ਹੋਏ ਹੋਏ ਆਇ ਖਲੋਤੇ। ਅਰਦਾਸ ਹੋ ਕੇ ਅਖੰਡ ਪਾਠ ਆਰੰਭ ਹੋ ਗਿਆ। ਸਰੋਤੇ ਅਧਿਕਾਰੀ ਜਨ ਆਪੋ ਆਪਣੀ ਸਰੋਤ-ਨਿਸ਼ਚਿਤ ਵਿਖੇ ਅਰੂੜ ਹੋ ਗਏ। ਇਨ੍ਹਾਂ





ਸਾਰੇ ਸਰੋਤਿਆਂ ਵਿਚੋਂ ਕੇਵਲ ਵੀਰ ਗੁਰਬਖ਼ਸ਼ ਸਿੰਘ ਜੀ ਹੀ ਐਸੇ ਨਿਤਰੇ, ਕਿ ਜਿਸ ਨੇ ਆਦਿ ਮਧਿ ਅੰਤ ਤਾਈਂ ਇਕੋ ਨਿਸ਼ੱਸਤ ਵਿਚ ਹੀ ਬੈਠਿਆਂ ਅਖੰਡ ਬਿਰਤੀ ਨਾਲ ਸਾਰਾ ਅਖੰਡ ਪਾਠ ਸੁਣਿਆ। ਕੁਝ ਛਕਿਆ ਨਹੀਂ, ਨ ਜਲ ਨ ਪਰਸ਼ਾਦਾ, ਕੜਾਹ ਪ੍ਰਸ਼ਾਦ ਦੀ ਦੇਗ ਦਾ ਛਾਂਦਾ ਪੰਚਾ-ਅੰਮ੍ਰਿਤ ਸਮਝ ਕੇ ਜ਼ਰੂਰ ਛਕਦੇ ਰਹੇ। ਉਠਣ ਦੀ ਰੁਚੀ ਹੀ ਨਹੀਂ ਫੁਰੀ। ਮਨ ਬਚ ਕਰਮ ਕਰਕੇ ਗੁਰਬਾਣੀ ਦੇ ਸਰਵਣ ਕਰਨ ਵਿਚ ਹੀ ਬਿਰਤੀ ਅਰੂੜ ਰਹੀ। ਜਿਉਂ ਜਿਉਂ ਪਾਠ ਸਰਵਣ ਕਰਨ, ਤਿਉਂ ਤਿਉਂ ਚੇਹਰੇ ਦਾ ਰੰਗ ਹੀ ਹੋਰ ਬਦਲਦਾ ਜਾਵੇ। ਐਸਾ ਜਾਪਦਾ ਸੀ ਕਿ ਆਪਣੇ ਗੁਰਮੁਖ ਪਿਤਾ ਦੀ ਸੰਗਤ ਵਿਚ ਸਦੀਵ ਰਹਿਣ ਕਰਕੇ ਬਹੁਤ ਛੋਟੀ ਉਮਰ ਤੋਂ ਹੀ ਵੀਰ ਗੁਰਬਖ਼ਸ਼ ਸਿੰਘ ਜੀ ਦਾ ਸਤਿਸੰਗੀ ਸੁਭਾਵ ਹੀ ਸੀ। ਪਰ ਇਹ ਪਹਿਲਾ ਸਮਾਂ ਹੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੱਗਰ ਬਾਣੀ ਦਾ ਪਾਠ ਸਰਵਣ ਕਰਨ ਦਾ ਅਵਸਰ ਉਸ ਨੂੰ ਨਸੀਬ ਹੋਇਆ। ਪਾਠ ਸੁਣਦੇ ਕੀ ਸਨ, ਪਾਠ ਪੀਂਦੇ ਸਨ। ਜਿਉਂ ਜਿਉਂ ਅਮੋਘ ਬਾਣ ਬਾਣੀ ਦੇ ਲਗਦੇ ਸਨ, ਤਿਉਂ ਤਿਉਂ ਹੋਰ ਤੋਂ ਹੋਰ ਵੈਰਾਗ ਵਿਆਕੁਲਤਾ ਉਹਨਾਂ ਦੀ ਵਧਦੀ ਜਾਂਦੀ ਸੀ। ਓਧਰ ਬਾਣੀ ਦੇ ਬਾਣ ਵਾਹੁਣ ਵਾਲੇ ਅਤੇ ਰਸੀਏ ਨਾਮ ਅਭਿਆਸੀ ਪਾਠੀ ਜਨ ਸਿੰਨ੍ਹ ਸਿੰਨ੍ਹ ਕੇ ਤੀਰ ਚਲਾਉਂਦੇ ਸਨ, ਮਾਨੋ ਵੈਰਾਗੀਅੜੇ ਗੁਰਬਖ਼ਸ਼ ਸਿੰਘ ਜੀ ਦੀ ਬ੍ਰਿਹਨੀ-ਬਿਰਤੀ ਨੂੰ ਬੇਧਨ ਲਈ ਇਹ ਸਾਰਾ ਸਰੰਜਾਮ ਹੋ ਰਿਹਾ ਸੀ। ਇਹ ਪਹਿਲੀ ਨਜ਼ੀਰ ਦੇਖੀ ਤੇ ਵੀਰ ਗੁਰਬਖ਼ਸ਼ ਸਿੰਘ ਦੇ ਨੇੜੇ ਹੋ ਕੇ ਦੇਖੀ ਕਿ ਅਖੰਡ ਪਾਠ ਸੁਣਦਿਆਂ ਸੁਣਦਿਆਂ ਵੀਰ ਦੀ ਸਾਰੀ ਰੋਮਾਵਲੀ ਰੁਮਕ ਉਠੀ। ਐਸਾ ਜਾਪੇ ਕਿ, "ਗੁਰਮੁਖ ਰੋਮਿ ਰੋਮਿ ਹਰਿ ਧਿਆਵੈ"† ਵਾਲੇ ਗੁਰਵਾਕ ਦਾ ਪੂਰਨ ਪ੍ਰਭਾਵ ਬੱਝ ਰਿਹਾ ਸੀ। ਯਾ ਤਾਂ ਪੰਜੇ ਗੁਰਮੁਖ ਅਖੰਡ ਪਾਠੀਆਂ ਦੀ ਬਿਰਹ-ਬੇਧਨੀ-ਅਮਿਓ-ਰਸਾਇਣੀ ਸੇਧ ਵੀਰੜੇ ਦੇ ਹਿਰਦੇ ਰੂਪੀ ਗੁਲਜ਼ਰੀ ਦੇ ਉਪਰ ਸਿਧੀ ਸੱਟ ਵਜਵੀਂ ਪੈਂਦੀ ਰਹੀ, ਇਸ ਕਰਕੇ ਇਹ ਆਕਲ-ਵਿਆਕਲਨੀ ਦਸ਼ਾ ਵਾਪਰ ਗਈ ਹੋਣੀ ਹੈ, ਯਾ ਪਹਿਲਾਂ ਹੀ ਕਿਤੇ ਸੁਣਤੋ ਸੁਣਤੀ ਗੁਰਮਤਿ ਨਾਮ ਵੀਰ ਦੀ ਸਰੋਤ ਵਿਚ ਪੈ ਗਿਆ ਹੋਣਾ ਹੈ। ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅੰਮ੍ਰਿਤ ਰੂਪ ਗੁਰਬਾਣੀ ਦੇ ਨਿਸਬਾਸਰ ਅਧੈਨ ਕਰਕੇ ਅੰਮ੍ਰਿਤ ਕਲਾ ਸੁਤੇ ਹੀ ਸਫੁਰਨ ਹੋ ਗਈ ਹੋਣੀ ਹੈ। ਚੇਹਰੇ ਦਾ ਰੰਗ ਦਮ-ਬ-ਦਮ ਚਲੂਲੀ ਭਾਹ ਵਿਚ ਪਲਟਦਾ ਜਾਵੇ। ਦਰਸ਼ਨ ਕਰਨਹਾਰਿਆਂ ਤੋਂ ਇਹ ਦਰਸ਼ਨ ਸਹਾਰਿਆ ਨਾ ਜਾਵੇ। ਇਕ ਤਾਂ ਬਾਲੀ ਬਰੇਸ ਅਤੇ ਸਰੀਰਕ ਸੁੰਦਰਤਾ ਪਹਿਲਾਂ ਹੀ ਕੁਦਰਤ ਨੇ ਚੋਖੀ ਸਰਲਤਾ ਵਿਚ ਬਖ਼ਸ਼ੀ ਹੋਈ ਸੀ, ਉਪਰੋਂ ਸਤਿਸੰਗ-ਰੰਗਾਂ ਦੀ ਅਮਿਓ-ਰਸ-ਪ੍ਰਗਾਸਨੀ ਭਾਹ ਚੜ੍ਹ ਗਈ। ਅੰਮ੍ਰਿਤ-ਮੱਜਨੀ-ਇਸ਼ਨਾਨ ਤਾਂ ਲਗਾਤਾਰ ਨਿਸਬਾਸਰੀ ਵੇਗ ਵਿਚ ਕਰਦੇ ਹੀ ਰਹੇ

---

†ਰਾਮਕਲੀ ਮਃ ੧, ਸਿਧ ਗੋਸਟਿ, ਪੰਨਾ ੯੪੧

WWW.AKJ.ORG

WWW.AKJ.ORG


ਸਨ, ਹੁਣ ਸਕੇਸ਼ ਇਸ਼ਨਾਨ ਕਰਨ ਦਾ ਫੇਰ ਹੁਕਮ ਪੰਜਾਂ ਪਿਆਰਿਆਂ ਵਲੋਂ ਚੜ੍ਹ ਗਿਆ। ਅੰਮ੍ਰਿਤ-ਸੰਚਾਰ ਦਾ ਸਮਾਗਮ ਅਰੰਭ ਹੋ ਗਿਆ। ਓਹੀ ਪੰਜੇ ਗੁਰਮੁਖ ਪਿਆਰੇ ਪਾਠੀ ਸਜਣ, ਜੋ ਅੰਮ੍ਰਿਤ ਕਲਾ ਵਰਤਾਉਂਦੇ ਰਹੇ ਸਨ, ਜਿਨ੍ਹਾਂ ਦੇ ਰੋਮ ਰੋਮ ਵਿਚੋਂ ਅੰਮ੍ਰਿਤ-ਫੁਹਾਰੇ ਛੁਟਦੇ ਸਨ, ਅੰਮ੍ਰਿਤ-ਸਮਾਗਮੀ-ਪੰਜਾਂ ਪਿਆਰਿਆਂ ਦੀ ਸੇਵਾ ਲਈ ਤੱਤਪਰ ਹੋ ਗਏ। ਅੰਮ੍ਰਿਤ-ਅਧਿਕਾਰੀ ਜਗਿਆਸੂ ਜਨ ਬਾਰੰਬਾਰ ਇਕ ਇਕ ਕਰਕੇ ਪੰਜਾਂ ਪਿਆਰਿਆਂ ਅਗੇ ਪੇਸ਼ ਹੋਣ ਲਗੇ। ਸਾਰੇ ਅੰਮ੍ਰਿਤ-ਅਧਿਕਾਰੀਆਂ ਵਿਚੋਂ ਚਾਰ ਅੰਮ੍ਰਿਤ-ਅਧਿਕਾਰੀ ਸੱਜਣ ਹੀ ਚੁਣੇ ਗਏ।

ਸਭ ਤੋਂ ਪ੍ਰਿਥਮ ਸਾਡੇ ਵੀਰ ਪਿਆਰੜੇ ਵੀਰ ਗੁਰਬਖ਼ਸ਼ ਸਿੰਘ ਜੀ ਨਿਰਸੰਦੇਹ ਚੋਣ ਵਿਚ ਆਏ। ਉਨ੍ਹਾਂ ਦੇ ਅਧਿਕਾਰਾਂ ਵਿਚ ਕੋਈ ਭੀ ਸੰਦੇਹ ਨਹੀਂ ਸੀ। ਪੰਜਾਂ ਪਿਆਰਿਆਂ ਗੋਚਰੀ ਪੜਤਾਲ ਵਿਚ ਕੋਈ ਭੀ ਸੰਦੇਹ ਨਹੀਂ ਸੀ। ਪੰਜਾਂ ਪਿਆਰਿਆਂ ਗੋਚਰੀ ਪੜਤਾਲ ਵਿਚ ਉਹ ਨਰੋਤਮ ਅਤੇ ਪੂਰੇ ਸੂਰੇ ਉਤਰੇ। ਉਸ ਤੋਂ ਦੂਸਰੇ ਦਰਜੇ ਤੇ ਵੀਰ ਲਾਲ ਸਿੰਘ ਜੀ ਸਨ, ਜੋ ਭੁਯੰਗੀ ਸਭਾ ਲੁਧਿਆਣੇ ਦੀ ਸਕੱਤਰੀ ਦੀ ਸੇਵਾ ਭੀ ਕਰਦੇ ਰਹੇ ਸਨ। ਇਹ ਭਾਈ ਗੁਰਬਖ਼ਸ਼ ਸਿੰਘ ਜੀ ਦੀ ਨਿਆਈਂ ਇਕ-ਤਾਰ-ਲਿਵ ਵਿਚ ਅਤੇ ਇਕੇ ਨਿਸ਼ੱਸਤ ਵਿਚ ਬੈਠ ਕੇ ਸਾਰਾ ਅਖੰਡ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਸੁਣ ਸਕੇ ਸਨ। ਫੇਰ ਭੀ ਬਹੁਤ ਹੱਦ ਤਕ ਵਧੇਰੀ ਤੇ ਘਨੇਰੀ ਹਾਜ਼ਰੀ ਪੂਰੀ ਕੀਤੀ। ਗੱਲ ਕੀ, ਇਸ ਵੀਰ ਲਾਲ ਸਿੰਘ ਜੀ ਦੇ ਅੰਮ੍ਰਿਤ-ਅਧਿਕਾਰੀ ਚੁਣਨ ਵਿਚ ਭੀ ਕੋਈ ਇਤਨੀ ਦਿੱਕਤ ਪੇਸ਼ ਨਹੀਂ ਆਈ। ਚੁਣੇ ਜਾਣ ਦਾ ਜਦ ਪੰਜਾਂ ਪਿਆਰਿਆਂ ਵਲੋਂ ਹੁਕਮ ਹੋਇਆ ਤਾਂ ਵੀਰ ਲਾਲ ਸਿੰਘ ਜੀ ਨਿਹਾਲੋ ਨਿਹਾਲ ਤੇ ਗਦ ਗਦ ਹੋ ਗਏ। ਤੀਜੇ ਦਰਜੇ ਤੇ ਵੀਰ ਨਾਹਰ ਸਿੰਘ ਜੀ (ਜੋ ਅੱਜ ਕਲ੍ਹ ਗਿਆਨੀ ਨਾਹਰ ਸਿੰਘ ਕਹਾਉਂਦੇ ਹਨ) ਚੋਣ ਵਿਚ ਕਬੂਲ ਕੀਤੇ ਗਏ। ਚਾਹੇ ਉਨ੍ਹਾਂ ਦੀ ਆਤਮ-ਅਧਿਕਾਰਤਾ-ਬਿਰਤੀ ਹੈਰਾਨ ਹੋਣ ਕਰਕੇ ਖਿੰਡੀ ਖਪਰੀ ਦਸ਼ਾ ਵਿਚ ਹੀ ਸੀ, ਪਰੰਤੂ ਉਨ੍ਹਾਂ ਦੇ ਰਾਹੀਂ ਅਨੇਕਾਂ ਦੀਵਿਆਂ ਨੂੰ ਜਗਾਣ ਵਾਲੀ ਸੇਵਾ ਇਤਨੀ ਪ੍ਰਬਲ ਸੀ ਕਿ ਉਨ੍ਹਾਂ ਨੂੰ ਅੰਮ੍ਰਿਤ-ਅਧਿਕਾਰੀਆਂ ਦੀ ਚੋਣ ਵਿਚ ਅਵੱਸ਼ ਹੀ ਲਿਆ ਗਿਆ। ਚੌਥਾ ਭੁਝੰਗੀ ਜੋ ਚੁਣਿਆ ਗਿਆ, ਉਸ ਦਾ ਨਾਮ ਭਾਈ ਖੇਮ ਸਿੰਘ (ਪਿੰਡ ਰਕਬਾ ਜ਼ਿਲਾ ਲੁਧਿਆਣਾ, ਜੋ ਕਈ ਬਰਸ ਹੋਏ ਚਲਾਣਾ ਕਰ ਚੁਕੇ ਹਨ) ਸੀ।

ਅੰਮ੍ਰਿਤ ਸੰਚਾਰ ਆਰੰਭ ਹੋ ਗਿਆ। ਵੀਰ ਗੁਰਬਖ਼ਸ਼ ਸਿੰਘ ਜੀ ਨੇ ਪਹਿਲਾ ਹੀ ਅੰਮ੍ਰਿਤ ਦਾ ਚੁਲਾ ਛਕਿਆ ਸੀ ਕਿ ਉਹ ਇਕ-ਦਮ ਲੋਟ ਪੋਟ ਦਸ਼ਾ ਵਿਚ ਅਲਮਸਤ ਹੋ ਗਏ। ਵੀਰ ਦੇ ਨੇਤਰਾਂ ਅੰਦਰ ਪਹਿਲਾ ਹੀ ਅੰਮ੍ਰਿਤ ਦਾ ਛੱਟਾ ਵਜਿਆ ਸੀ ਕਿ ਅੱਖੀਆਂ ਟਟਾਰੇ ਜਾ ਲੱਗੀਆਂ। ਦਸਵੇਂ ਦੁਆਰ ਵਿਖੇ ਅੰਮ੍ਰਿਤ-ਅੰਜਲੀਆਂ ਦੇ ਸੰਚਾਰ ਹੋਣ ਸਾਰ ਹੀ ਉਸ ਦੇ ਕਪਾਟ ਖੁਲ੍ਹ ਗਏ। ਗੁਰ-ਦੀਖਿਆ ਜਦੋਂ ਪੰਜਾਂ



ਪਿਆਰਿਆਂ ਦੁਆਰਾ ਮਿਲੀ ਤਾਂ ਉਸ ਵੀਰ ਨੂੰ ਕੋਈ ਸੁਧ ਬੁਧ ਨ ਰਹੀ। ਨਿਰੰਕਾਰੀ ਮੰਡਲਾਂ ਵਿਚ ਜਾ ਖੇਡੇ। ਉਸ ਵੀਰ ਦੇ ਚੇਹਰੇ ਦੀ ਜੋਤਿ-ਝਲਕ ਝਲੀ ਨਾ ਜਾਏ। ਰੋਮ ਰੋਮ ਵਿਖੇ ਗੁਰਮਤਿ ਨਾਮ ਪ੍ਰਵੇਸ਼ ਹੋ ਗਿਆ। ਹਿਰਦੇ ਨਾਭੀ ਕਮਲ ਅੰਦਰ ਅੰਮ੍ਰਿਤੀਸ਼ਰ ਚਸ਼ਮਾ ਐਸਾ ਸਫੁਟ ਹੋਇਆ ਕਿ ਅਮਿਉ-ਰਸਾਇਣੀ-ਜਲਵਾ ਉਛਲ ਉਛਲ ਬਾਹਰ ਨੂੰ ਆਵੇ। ਪਿਆਰੇ ਗੁਰਬਖ਼ਸ਼ ਸਿੰਘ ਦੇ ਆਪ ਮੁਹਾਰੇ ਹੀ ਦੋਨੋਂ ਹੱਥ ਜੁੜ ਗਏ। ਐਸਾ ਪ੍ਰਤੀਤ ਹੋਵੇ ਕਿ ਅਜਰ ਨੂੰ ਜਰਨ ਦੀਆਂ ਅੰਤਰਗਤੀ ਬੇਨਤੀਆਂ ਹੋ ਰਹੀਆਂ ਹਨ। ਐਸਾ ਅਜਰ ਨੂੰ ਜਰਿਆ ਤੇ ਐਸਾ ਰਸ ਗਟਾਕ ਪਿਆਲਾ ਪੀਤਾ ਕਿ ਅੰਦਰੇ ਅੰਦਰ ਹੀ ਘੁਟ ਘੁਟ ਕੇ ਗਟਾਕ ਰਸ ਪੀ ਜਾਣ ਤੇ ਪੀਵੀ ਜਾਣ ਤੇ ਕਿਸੇ ਨੂੰ ਲਖਾਉਣ ਨਹੀਂ। ਇਸ ਵੀਰ ਦੀ ਅਚਰਜ ਦਸ਼ਾ ਦੇਖ ਕੇ ਪੰਜੇ ਪਿਆਰੇ ਭੀ ਅਤਿਅੰਤ ਮਹਿਜੂਜ਼ ਹੋਏ। ਇਹ ਪਹਿਲਾ ਨਜ਼ਾਰਾ ਸੀ ਕਿ ਅੰਮ੍ਰਿਤ ਛਕਣਹਾਰ ਦੀ ਅਜਿਹੀ ਆਤਮ-ਕਲਾ ਪਰਤੱਖ ਪੇਖੀ ਗਈ। ਉਸ ਪਿਆਰੇ ਨੂੰ ਤਾਂ ਖ਼ਬਰ ਨਹੀਂ ਕੀ ਪ੍ਰਤੀਤ ਹੋਇਆ ਹੋਣਾ ਹੈ, ਸਾਨੂੰ ਪੇਖਣਹਾਰਿਆਂ ਨੂੰ ਐਸਾ ਜਾਪੇ ਕਿ ਅਮਰ ਅਟਾਰੇ ਅਰਸ਼ੀ ਮੰਡਲਾਂ ਵਿਚ ਬੈਠੇ ਹਨ, ਇਸ ਸੰਸਾਰ ਨਾਲ ਕੁਝ ਵਾਸਤਾ ਹੀ ਨਹੀਂ। ਸਰੀਰਕ ਦੁਖ ਭੁਖ ਰੋਗ ਸਭ ਦੂਰ ਹੋ ਗਏ, ਖਾਣ ਪੀਣ ਛਕਣ ਛਕਾਉਣ ਦੀ ਰੁਚੀ ਤਾਂ ਉਥੇ ਕੀ ਸਫੁਰ ਹੋਣੀ ਸੀ, ਅਮੀ ਰਸਾਇਣ ਇਉਂ ਅੰਦਰੋਂ ਅਗੰਮੀ ਕਲਾ ਟੁੰਮ ਟੁੰਮ ਕੇ ਜਗਾਵੇ ਕਿ ਉਡ ਉਡ ਕੇ ਪ੍ਰਮਾਤਮਾ ਦੇ ਦੇਸ਼ ਵਿਚ ਹੀ ਜਾ ਵਸੀਏ, ਮੁੜ ਕੇ ਹਿਠਾਹਾਂ ਨਾ ਉਤਰੀਏ।

ਪਤਾ ਨਹੀਂ ਕਿਸ ਵੇਲੇ ਅੰਮ੍ਰਿਤ-ਸੰਚਾਰ ਸਮਾਗਮ ਸਮਾਪਤ ਹੋਇਆ। ਚੜ੍ਹੀ ਖੁਮਾਰੀ ਦੇ ਲੋਰ ਵਿਚ ਦਾਸ ਦੇ ਨਾਲ ਪੰਜਾਂ ਪਿਆਰਿਆਂ ਵਿਚੋਂ ਦੋ ਪਿਆਰੇ ਹੋਰ ਅਦ੍ਰਿਸ਼ਟ ਹੀ ਨੰਗੇ ਪੈਰੀਂ ਓਥੋਂ ਨਿਕਲ ਕੇ ਬਾਹਰਵਾਰ ਢਾਬ ਵਲ ਨੂੰ ਤੁਰ ਪਏ। ਥੋੜੇ ਕਦਮਾਂ ਤੇ ਜਾ ਕੇ ਕੀ ਪਤਾ ਲਗਾ ਕਿ ਉਹ ਨਵੀਨ ਚੋਜਲ ਹੰਸਾਂ ਦੀ ਜੋੜੀ (ਵੀਰ ਗੁਰਬਖ਼ਸ਼ ਸਿੰਘ ਅਤੇ ਲਾਲ ਸਿੰਘ) ਸਾਡੇ ਪਿਛੇ ਦੌੜੀ ਚਲੀ ਆਉਂਦੀ ਹੈ। ਮਿੰਟਾਂ ਸਕਿੰਟਾਂ ਵਿਚ ਅਸੀਂ ਢਾਬ ਵਾਲੀ ਮੰਜ਼ਲ ਵਿਚ ਜਾਇ ਪੁਜੇ। ਇਹ ਢਾਬ ਨਾਰੰਗਵਾਲ ਤੇ ਗੁਜਰਵਾਲ ਦੇ ਵਿਚਕਾਰ ਨਿਰੀ ਉਦਿਆਨ ਤੇ ਇਕਾਂਤ ਵਿਚ ਵਾਕਿਆ ਹੈ। ਨਿਰਮਲ ਜਲ ਡਲ੍ਹ ਡਲ੍ਹ ਕਰਦਾ ਸੀ। ਉਸ ਦੇ ਕਿਨਾਰੇ ਨਵੀਨ ਹੰਸਲੇ ਵੀਰ ਗੁਰਬਖ਼ਸ਼ ਸਿੰਘ ਜੀ ਜਾਇ ਸਮਾਧ-ਸਥਿਤ ਹੋਏ। ਅਸੀਂ ਤਾਂ ਦੂਰੋਂ ਬੈਠੇ ਬਿਠਾਏ ਲੇਟੇ ਲਿਟਾਏ ਨਵਲ ਰਲਿਆਲੇ ਵੀਰ ਦੇ ਚੋਜ ਵੇਖ ਵੇਖ ਕੇ ਬਿਸਮ ਹੋ ਰਹੇ ਹਾਂ। ਵੇਖ ਵੇਖ ਕੇ ਅਸਾਡੀ ਬਿਰਤੀ ਦੂਣ ਸਵਾਈਆਂ ਦਹ ਦੂਣ ਉਡਾਰੀਆਂ ਮਾਰ ਰਹੀ ਹੈ। ਵਿਚਾਰਾ ਲਾਲ ਸਿੰਘ ਤਾਂ ਦੂਰ ਪਿਆ ਲੇਟ ਰਿਹਾ ਹੈ। ਹਾਲੋਂ ਬੇਹਾਲ ਹੋ ਰਿਹਾ ਹੈ। ਲੰਗਰ ਸਜਿਆ ਸਜਾਇਆ ਛਡ ਕੇ, ਬਿਨਾਂ ਖਾਣ ਪਾਣ ਕੀਤੇ ਦੇ ਹੀ ਉਸ ਉਦਿਆਨ ਦੇ ਬਸੇਰੇ ਵਿਚ ਉਤਰੇ ਹਨ। ਇਕ ਛਿਨ ਵਿਚ ਐਸਾ ਪ੍ਰਤੀਤ ਹੋਇਆ ਕਿ ਕਈ

WWW.AKJ.ORG

WWW.AKJ.ORG


ਘੜੀਆਂ ਬਤੀਤ ਹੋ ਗਈਆਂ ਹਨ ਤੇ ਐਸਾ ਜਾਪਿਆ ਕਿ ਪਿਛਲੇ ਮਰਜੀਵੜੇ ਲੰਗਰ ਛਕਾਉਣਹਾਰੇ ਸੇਵਕ ਬੜੀ ਬਿਹਬਲਤਾ ਸਹਿਤ ਸਾਡੀ ਉਡੀਕ ਕਰਦੇ ਹਨ ਅਤੇ ਉਡੀਕ ਕਰਦੇ ਕਰਦੇ ਸਰਬਲੋਹੀ ਬਿਬੇਕ ਦੇ ਛਾਂਦੇ ਲੈ ਕੇ ਢਾਬ ਵਲ ਨੂੰ ਤੁਰਨ ਲਗੇ ਹਨ। ਅਸਾਡੇ ਸਾਰਿਆਂ ਦੇ ਹਿਰਦੇ ਚੋਂ ਇਕ-ਦਮ ਇਹੀ ਅਵਾਜ਼ ਨਿਕਲੀ, 'ਚਲੋ ਇਸ ਥਾਂ ਤੋਂ ਚਲ ਤੁਰੀਏ, ਨਿਕਲ ਕੇ ਕਿਸੇ ਹੋਰ ਥਾਂ ਜਾਇ ਗੁਪਤ ਹੋਈਏ।'

ਪਤਾ ਨਹੀਂ, ਕਿਹੜੀ ਆਕਰਖਣ ਸ਼ਕਤੀ ਖਿਚੀ ਚਲੀ ਜਾਂਦੀ ਸੀ ਤੇ ਕਿਧਰ ਨੂੰ ਲਈ ਜਾਂਦੀ ਸੀ। ਗੱਲ ਕੀ, ਧੂੰਹਦੇ ਧੂੰਹਦੇ ਅਸੀਂ ਪਿੰਡ ਫਲੇਵਾਲ ਦੀ ਜੂਹ ਵਿਚ ਆ ਵੜੇ, ਜੋ ਨਾਰੰਗਵਾਲ ਤੋਂ ਦੋ ਕੋਹ ਦੇ ਫ਼ਾਸਲੇ ਤੇ ਹੈ। ਇਹ ਸੁਧ ਨਹੀਂ ਰਹੀ ਕਿ ਗੁਜਰਵਾਲ ਨੂੰ, ਜੋ ਦੋਹਾਂ ਪਿੰਡਾਂ ਦੇ ਵਿਚਕਾਰ ਆਉਂਦਾ ਹੈ, ਕਦੋਂ ਲੰਘ ਆਏ ਹਾਂ। ਫਲੇਵਾਲ ਪਹੁੰਚ ਕੇ ਅਸੀਂ ਭਾਈ ਸਰਵਣ ਸਿੰਘ ਦੀ ਕੁਟੀਆ ਵਿਚ ਜਾ ਵੜੇ, ਜੋ ਫਲੇਵਾਲ ਤੋਂ ਫਰਲਾਂਗ ਦੋ ਫਰਲਾਂਗ ਦੇ ਫ਼ਾਸਲੇ ਤੇ ਹੈ। ਬੜਾ ਨਿਵੇਕਲਾ ਸਥਾਨ ਸੀ। ਛੱਪਰ ਛਾਏ ਹੋਏ ਸਨ, ਛੱਪਰ ਤੋਂ ਬਾਹਰਵਾਰ ਬੈਠੇ ਹੀ ਕੂਪ ਦੇ ਕਿਨਾਰੇ ਤੇ ਸਜ ਕੇ ਵੀਰ ਗੁਰਬਖ਼ਸ਼ ਸਿੰਘ ਜੀ ਨੇ ਇਕ ਪ੍ਰੇਮ-ਬੇਧਨੀ ਕੀਰਤਨ ਧੁਨੀ ਦੀ ਐਸੀ ਕਿਲਕਾਰ ਲਾਈ ਕਿ ਸਾਰੇ ਜੰਗਲ-ਮੰਡਲ ਨੂੰ ਚੀਰ ਕੇ ਦੂਰ ਦੁਰਾਡੇ ਤਾਈਂ ਜਾਇ ਪਰਵੇਸ਼ ਹੋਈ। ਕੀਰਤਨ ਅਰੰਭ ਹੋ ਗਿਆ, ਅਸੀਂ ਭੀ ਸਾਰੇ ਨਾਲ ਹੀ ਜੁਟ ਗਏ। ਕੁਟੀਆ ਦੇ ਅੰਦਰੋਂ ਭਾਈ ਸਰਵਣ ਸਿੰਘ ਜੀ ਨੇ ਵਾਜਾ ਤੇ ਢੋਲਕੀ ਕੀਰਤਨੀ ਸਾਜ ਆਣ ਮੌਜੂਦ ਕੀਤੇ। ਫਿਰ ਤਾਂ ਅਪਾਰ ਤੇ ਅਗਾਧ ਕੀਰਤਨ-ਧੁਨੀਆਂ ਲਗ ਗਈਆਂ। ਪਤਾ ਨਹੀਂ ਕਿਤਨਾ ਸਮਾਂ ਇਨ੍ਹਾਂ ਕੀਰਤਨ-ਰੰਗਾਂ ਵਿਚ ਬਤੀਤਿਆ। ਅੱਖੀਆਂ ਝਮਕੀਆਂ ਤੋਂ ਪਤਾ ਲਗਾ ਕਿ ਫਲੇਵਾਲ ਦੀ ਬੇਅੰਤ ਸੰਗਤ ਸਨਮੁਖ ਆਇ ਜੁੜੀ ਹੈ। ਗੁਰਮੁਖ ਪਿਆਰੇ ਬਾਬਾ ਰਾਮ ਸਿੰਘ ਜੀ ਤੇ ਮਾਈ ਪ੍ਰੇਮ ਕੌਰ ਜੀ ਨੈਨ ਨੀਰ ਪੁਲਕ੍ਰਿਤ ਹੋਏ ਖਲੋਤੇ ਹਨ। ਪਰਸਪਰ ਰਮਜ਼ਾਂ ਮਿਲ ਗਈਆਂ, ਇਸ਼ਾਰੇ ਹੋਣ ਦੀ ਦੇਰ ਹੀ ਸੀ ਕਿ ਓਥੇ ਹੀ ਇਕਾਂਤ ਛਾਇ ਛੱਪਰ ਅੰਦਰ ਹੀ ਅਖੰਡ ਪਾਠ ਸਮਾਗਮ ਦੇ ਸਰੰਜਾਮ ਹੋ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਗਿਆ, ਚਾਂਦਨੀਆਂ ਤਾਂ ਅੰਦਰ ਪਹਿਲਾਂ ਹੀ ਲਗੀਆਂ ਲਗਾਈਆਂ ਸਨ ਤੇ ਵਿਛਾਈਆਂ ਭੀ ਹੋਈਆਂ ਹਵਾਈਆਂ ਸਨ। ਪ੍ਰੇਮ-ਮਟਕ ਵਿਚ ਲੜਖੜਾਂਦੇ ਹੋਏ ਤੇ ਕੀਰਤਨ ਅਲਾਪ ਅਲਾਂਦੇ ਹੋਏ ਹੀ ਤਿਆਰ ਹੋਏ ਅਖੰਡ ਪਾਠ ਮੰਡਲ ਦੇ ਅੰਦਰ ਸਾਰੇ ਦੇ ਸਾਰੇ ਜਾਇ ਪਰਵੇਸ਼ ਹੋਏ। ਬਿਸਮਾਦੀ ਕੀਰਤਨ ਅਰੰਭ ਹੋ ਗਿਆ। ਚਾਰ ਚੁਫੇਰਿਓਂ ਅਗੰਮੀ ਕੀਰਤਨੀਏ ਆ ਜੁੜੇ। ਐਸੇ ਜੁੜੇ ਕਿ ਇਕ ਬਜੇ ਤਕ ਜੁੜੇ ਹੀ ਰਹੇ। ਬਾਬਾ ਰਾਮ ਸਿੰਘ ਜੀ ਦੀ ਪ੍ਰੇਮ-ਰਮਜ਼ਨੀ ਦੇ ਪ੍ਰਾਇਣ ਹੋ ਕੇ ਸਭਨਾਂ ਨੇ ਸੌਚ ਇਸ਼ਨਾਨ ਕੀਤਾ, ਨਿਤਨੇਮ ਅਰੰਭ ਕੀਤੇ। ਅੰਮ੍ਰਿਤ ਵੇਲੇ ਚਾਰ ਵਜਦੇ ਨੂੰ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ



ਹੋ ਗਿਆ। ਇਹ ਪਹਿਲਾ ਆਸਾ ਜੀ ਦੀ ਵਾਰ ਦਾ ਕੀਰਤਨ ਹੈ ਜਿਸ ਵਿਚ ਅਜ਼ਗੈਬੀ ਰੂਹਾਂ ਦੇ ਖੇੜੇ ਖਿੜੇ। ਸੁਧਾ-ਪਾਇਨੀ-ਅੰਮ੍ਰਿਤ ਭਰੇ ਕੀਰਤਨ ਦੇ ਐਸੇ ਰੰਗ ਚੜ੍ਹੇ ਕਿ ਜੋ ਜੋ ਭੀ ਆਵੇ, ਸੋ ਸੋ ਵੀਰ ਗੁਰਬਖ਼ਸ਼ ਸਿੰਘ ਦੇ ਚੇਹਰੇ ਨੂੰ ਦੇਖ ਦੇਖ ਕੇ ਹੀ ਵੈਰਾਗੀ ਬਣਦਾ ਜਾਵੇ ਤੇ ਜਿਉਂ ਬੈਠੇ, ਮੁੜ ਕੇ ਉਠਣ ਜੋਗਾ ਨਾ ਰਹੇ।

ਗੱਲ ਕੀ, ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਪੈਣ ਸਾਰ ਹੀ ਸਾਢੇ ਗਿਆਰਾਂ ਬਜੇ ਦੇ ਕਰੀਬ ਸ੍ਰੀ ਅਖੰਡ ਪਾਠ ਦਾ ਅਰੰਭ ਹੋ ਗਿਆ। ਅਖੰਡ ਪਾਠੀ ਸੱਜਣ ਇਕ ਦੂੰ ਇਕ ਚੜ੍ਹਦੇ ਸਨ, ਪ੍ਰੇਮ ਵੈਰਾਗ ਦੇ ਪੁਤਲੇ ਸਨ। ਘੰਟਿਆਂ ਬੱਧੀ ਬੜੀਆਂ ਉੱਚੀਆਂ ਧੁਨਾਂ ਸਹਿਤ ਇਕ ਇਕ ਅਖੰਡ ਪਾਠੀ ਸੱਜਣ ਨੇ ਐਸਾ ਹਿਰਦੇ-ਵੇਧਕ ਪਾਠ ਕੀਤਾ ਕਿ ਸਾਰੀ ਸੁਣਨਹਾਰੀ ਸੰਗਤ ਆਪ-ਮੁਹਾਰੀ ਝੂਲੇ, ਅਤੇ ਝੂਲ ਝੂਲ ਅਨੰਦ ਰਸ ਦੇ ਗਟਾਕ ਪੀਏ। ਪਾਠ ਦੀ ਇਕ ਇਕ ਤੁਕ ਸਾਰੇ ਸਰੋਤੇ ਜਨਾਂ ਦੇ ਅੰਦਰ ਧਸਦੀ ਜਾਵੇ, ਵਸਦੀ ਜਾਵੇ, ਰਸਦੀ ਜਾਵੇ। ਪਹਿਲਾ ਅਖੰਡ ਪਾਠੀ ਬੈਠਾ ਤੇ ਬੈਠੇ ਨੂੰ ਤਿੰਨ ਘੰਟੇ ਤੋਂ ਭੀ ਉਪਰ ਹੋ ਗਏ। ਉਠਾਇਆ ਉਠੇ ਨਾ, ਉਠਾਉਣ ਵਾਲਾ ਅਖੰਡ ਪਾਠੀ ਭੀ ਪਹਿਲੇ ਅਖੰਡ ਪਾਠੀ ਦੇ ਕੋਲ ਸਮਾਧ-ਸਥਿਤ ਹੋ ਗਿਆ। ਉਸ ਦੀ ਬੈਠਣ ਦੀ ਸੁਧ ਬੁਧ ਨ ਰਹੀ। ਮੇਰੇ ਹਿਰਦੇ ਚੋਂ ਅਜ਼ਗੈਬੀ ਲੋਰ ਲਹਿਰ ਉੱਠੀ ਕਿ ਹੁਣ ਨਵਲ ਸੁਹਾਗਵੰਤੇ ਵੀਰ ਗੁਰਬਖ਼ਸ਼ ਸਿੰਘ ਜੀ ਅਖੰਡ ਪਾਠ ਕਰਨਗੇ। ਕਿਸੇ ਨੂੰ ਕੋਈ ਪਤਾ ਨਹੀਂ ਕਿ ਇਹ ਅਖੰਡ ਪਾਠੀ ਹੈਨ ਭੀ ਕਿ ਨਹੀਂ, ਨਾ ਹੀ ਮੈਨੂੰ ਪਤਾ ਸੀ ਤੇ ਨਾ ਹੀ ਉਨ੍ਹਾਂ ਨੂੰ ਅਖੰਡ ਪਾਠ ਵਿਚ ਕਦੇ ਲਾਇਆ ਸੀ। ੧੬ ਬਰਸਾਂ ਦੀ ਬਰੇਸ ਦੇ ਭੁਯੰਗੀ ਨੂੰ ਇਕ-ਦਮ ਅਖੰਡ ਪਾਠੀ ਬਣਾ ਦੇਣਾ ਇਹ ਸਤਿਗੁਰਾਂ ਦੀ ਅਗਾਧ ਕਲਾ ਸੀ। ਇਸ ਹਿਰਦੇ ਵਿਚੋਂ ਉਤਸ਼ਾਹਕ ਇਸ਼ਾਰਾ ਹੋਣ ਦੀ ਦੇਰ ਹੀ ਸੀ ਕਿ ਹੰਸਲੇ ਵੀਰ ਗੁਰਬਖ਼ਸ਼ ਸਿੰਘ ਜੀ ਹੋ ਰਹੇ ਅਖੰਡ ਪਾਠ ਦੀ ਤਾਬਿਆ ਬੈਠੇ ਦੋ ਹੰਸਲਿਆਂ ਦੇ ਸਿਰ ਤੇ ਜਾ ਖਲੋਤੇ ਤੇ ਖਲੇ ਖਲੋਤਿਆਂ ਨੇ ਹੀ ਬੜੀ ਤੇਜ਼ ਫ਼ਲੋ (ਰਫ਼ਤਾਰ) ਵਿਚ ਹੋ ਰਹੇ ਅਖੰਡ ਪਾਠ ਦੀ ਤੁਕ ਜਾ ਫੜੀ ਤੇ ਖਲੋਤਿਆਂ ਨੇ ਹੀ ਐਸੀ ਧੁਨੀ ਗੁੰਜਾਈ ਕਿ ਤਾਬਿਆ ਬੈਠੇ ਦੋਨੋਂ ਪਹਿਲੇਰੇ ਅਖੰਡ ਪਾਠੀ ਸਜਣ ਪ੍ਰੇਮ-ਲਟਕ ਵਿਚ ਲਾਂਭੇ ਹੋ ਗਏ। ਪਿਆਰਾ ਪ੍ਰੇਮ-ਲਹਿਰ ਵਿਚ ਵਲੂੰਦਰਿਆ ਹੋਇਆ ਵੀਰ ਗੁਰਬਖ਼ਸ਼ ਸਿੰਘ ਰਸ-ਗੀਧੇ ਹਿਰਦੇ ਵਿਚ ਸ਼ਬਦ ਧੁਨੀ ਨਾਲ ਭਰਪੂਰ ਲੀਨ ਹੋਇਆ ਹੋਇਆ ਚੌਂਕੜਾ ਮਾਰ ਕੇ ਤਾਬੇ ਜਾ ਸਜਿਆ ਅਤੇ ਅਸਚਰਜ ਕੌਤਕੀ ਵੇਗਾਂ ਵਿਚ ਅਖੰਡ ਪਾਠ ਅਰੰਭ ਕਰ ਦਿਤਾ। ਸੁਣਨਹਾਰੇ ਦੰਗ ਰਹਿ ਗਏ, ਸਭੇ ਮਸਤੰਗ ਹੋ ਗਏ। ਸਰੋਤਿਆਂ ਤੇ ਐਸੇ ਰੰਗ ਚੜ੍ਹੇ ਕਿ ਅਸਚਰਜ ਰਸ-ਲਟਕ ਵਿਚ ਝੂਮਣ ਤੇ ਝੂਲਣ ਲਗ ਪਏ। ਪਾਠ ਕਰੰਦੇ ਵੀਰ ਗੁਰਬਖ਼ਸ਼ ਸਿੰਘ ਦੇ ਮੁਖ ਦੀਆਂ ਲਾਲੀਆਂ, ਐਸੀਆਂ ਰੰਗ ਚਲੂਲ ਗੁਲਾਨੀਆਂ ਹੋਇ ਬਿਗਸੀਆਂ ਕਿ ਝਲੀਆਂ ਨਾ ਜਾਣ। ਇਕ ਕਟਕ ਕੌਤਕੀ ਨਜ਼ਾਰਾ ਬਝ ਗਿਆ।

WWW.AKJ.ORG

WWW.AKJ.ORG


ਇਸਤ੍ਰੀ ਮਰਦ ਦੂਰ ਤਾਈਂ ਬੈਠੇ ਬੈਠੇ ਉਠ ਕੇ ਖਲੋ ਗਏ ਤੇ ਦੋ ਕਰ ਜੋੜ ਬਿਨੈ ਅਲਾਪੀ, ਅੰਦਰੇ ਅੰਦਰ ਵਿਗਸਾਪੀ ਲਹਿਰ ਵਿਚ ਅਨੰਦ ਮਾਨਣ ਲਗੇ। ਪੰਜ ਘੰਟੇ ਤਾਈਂ ਇਹੀ ਅਨੰਦ-ਨਜ਼ਾਰਾ ਖਿੜਿਆ ਰਿਹਾ। ਉਠਣ ਵਾਲਾ ਕੋਈ ਉਠੇ ਨਾ, ਬੈਠਣ ਵਾਲਾ ਕੋਈ ਬੈਠੇ ਨਾ, ਖੜ੍ਹਨ ਵਾਲੇ ਖੜ੍ਹੇ ਹੀ ਰਹੇ। ਲਾਗੇ ਚਾਗੇ ਦੇ ਸਾਰੇ ਪਿੰਡਾਂ ਵਿਚ ਜਾ ਖ਼ਬਰ ਹੋਈ। ਹੁਮ-ਹੁਮਾ ਕੇ ਸੰਗਤਾਂ ਆ ਗਈਆਂ। ਜੰਗਲ ਵਿਚ ਮੰਗਲ ਬਣ ਗਿਆ। ਸਾਰਾ ਵਿਸਥਾਰ ਕੀ ਦਸਣਾ ਹੈ, ਸੰਖੇਪ ਮਾਤ੍ਰ ਹੀ ਬਹੁਤੇਰਾ ਹੈ ਕਿ ਉਹ ਸਾਰਾ ਅਖੰਡ ਪਾਠ ਏਸੇ ਵੇਗ ਵਿਚ ਸਮਾਪਤ ਹੋਇਆ।

ਭੋਗ ਪਏ, ਪੰਚਾ ਅੰਮ੍ਰਿਤੀ ਭੋਗ ਲਗੇ। ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਦੇ ਗਫੇ ਸਭ ਨੇ ਭੁੰਚੇ। ਭੁੰਚਣ ਸਾਰ ਹੀ ਉਹ ਪੰਜੇ ਹੰਸਲੇ ਉਥੋਂ ਫੇਰ ਉਡਾਰੀਆਂ ਮਾਰ ਤੁਰੇ। ਸਾਰੀ ਸੰਗਤ ਲੰਗਰ ਵਲ ਧਾ ਕੇ ਚਲੀ ਗਈ। ਲੰਗਰ ਵਿਚ ਲੰਗਰ ਦੇ ਵਰਤਾਉਣ ਦੇ ਅਰਦਾਸੇ ਹੋ ਗਏ। ਸਰਬ ਲੋਹੀ ਲੰਗਰ ਸਜਿਆ ਸਜਾਇਆ ਹੀ ਰਹਿ ਗਿਆ। ਸਾਨੂੰ ਪੰਜਾਂ ਨੂੰ ਖ਼ਬਰੇ ਕਿਹੜੀ ਧੂਹ ਸੀ, ਜਿਹੜੀ ਲੈ ਤੁਰੀ। ਵੈਸਾਖ ੧੯੧੦ ਦਾ ਮਹੀਨਾ ਹੈ, ਗਰਮੀ ਖ਼ਾਸੀ ਹੋ ਗਈ ਸੀ, ਨਗਨ ਪੈਰੀਂ ਹੀ ਪਧਾਰ ਨਿਕਲੇ, ਸੀਸਾਂ ਉਤੇ ਕੰਬਲ ਦੇ ਦੁਮਾਲੇ ਹਨ। ਗਾਤਰੇ ਸਜਾਏ ਹੋਏ ਹਨ। ਚਕਰ ਗਲ ਵਿਚ ਲਟਕਦੇ ਹਨ। ਇਕ ਇਕ ਆਸਨ ਓੜ੍ਹਿਆ ਹੋਇਆ ਹੈ। ਤੇੜ ਕਛਹਿਰੇ ਹੀ ਕਛਹਿਰੇ ਹਨ, ਪਜਾਮਾ ਕਿਸੇ ਦੇ ਨਹੀਂ। ਨਾ ਕੋਈ ਰਾਹ ਹੈ ਨਾ ਪੰਧ ਹੈ। ਕਿਸੇ ਅਜ਼ਗੈਬੀ ਧੂਹ ਦੇ ਧੂਹੇ ਜਾਂਦੇ ਹਾਂ, ਪਤਾ ਨਹੀਂ ਕਿਥੇ ਜਾਂਦੇ ਹਾਂ। ਜਾਂਦਿਆਂ ਜਾਂਦਿਆਂ ਜਿਥੇ ਵੀਰ ਗੁਰਬਖ਼ਸ਼ ਸਿੰਘ ਜੀ ਕਿਲਕਾਰਨੀ ਧੁਨੀ ਲਾਇ ਖੜੋਵਣ, ਉਥੇ ਸਾਰੇ ਖੜ ਜਾਵੀਏ। ਗੁਰਬਖ਼ਸ਼ ਸਿੰਘ ਜੀ ਦੀ ਅਤਿ ਆਤਮ ਅਰੂੜ ਦਸ਼ਾ ਨੂੰ ਵੇਖ ਕੇ ਹੋਰ ਤਾਂ ਸਭ ਵਿਗਸਣ ਵਿਗਸਾਉਣ, ਪਰ ਪਿਆਰਾ ਲਾਲ ਸਿੰਘ ਝੂਰੇ ਤੇ ਝੂਰ-ਵਿਸੂਰਿਆ ਵਿਚ ਅੱਗ ਵਾਂਗੂ ਤਪਦੇ ਟਿਬਿਆ ਤੇ ਲੇਟਦਾ ਜਾਵੇ। ਹਾਵਾ ਪਛਤਾਵਾ ਇਹ ਕਿ ਮੇਰੀ ਇਹੀ ਦਸ਼ਾ ਅੰਮ੍ਰਿਤ ਛਕਣ ਸਾਰ ਕਿਉਂ ਨਹੀਂ ਹੋ ਗਈ। ਮੂਧੇ ਮੂੰਹ ਪਏ ਲਾਲ ਸਿੰਘ ਨੂੰ ਬੜੀ ਮੁਸ਼ਕਲਾਂ ਨਾਲ ਉਠਾ ਕੇ ਅਗਾਹਾਂ ਤੋਰਿਆ ਜਾਵੇ। ਤੁਰੇ ਜਾਂਦਿਆਂ ਨੂੰ ਕਿਸੇ ਨੂੰ ਇਹ ਪਤਾ ਨਹੀਂ ਕਿਸ ਰਸਤੇ ਜਾ ਰਹੇ ਹਾਂ।

### ਟਿਕਟ ਲੈਣ ਦੀ ਅਚਰਜ ਖੇਡ -

ਓਦੋਂ ਹੀ ਪਤਾ ਲਗਾ ਕਿ ਕਿਲ੍ਹਾ ਰਾਇਪੁਰ ਰੇਲਵੇ ਸਟੇਸ਼ਨ ਤੇ ਆ ਪੁਜੇ ਓਥੋਂ ਦਾ ਸਟੇਸ਼ਨ-ਮਾਸਟਰ ਇਕ ਬੜਾ ਸਿਖ ਪ੍ਰੇਮੀ ਸਜਣ ਸੀ, ਜਿਸ ਨੇ ਸਾਨੂੰ ਬਾਹਰਵਾਰ ਪਲੇਟ-ਫ਼ਾਰਮ ਤੇ ਕੁਰਸੀਆਂ ਵਿਛਾ ਦਿਤੀਆਂ। ਦੋਹਾਂ ਪਾਸਿਆਂ ਤੋਂ ਗੱਡੀਆਂ ਦਾ ਕ੍ਰਾਸ ਓਥੇ ਹੀ ਹੋਣਾ ਸੀ। ਜਦੋਂ ਗੱਡੀਆਂ ਆਉਣ ਦਾ ਸਮਾਂ ਹੋਇਆ,



ਸਾਨੂੰ ਸਟੇਸ਼ਨ-ਮਾਸਟਰ ਨੇ ਆ ਹਲੂਨਿਆ ਤੇ ਬੜੇ ਅਦਬ ਨਾਲ ਪ੍ਰੇਮ ਨਾਲ ਪੁਛਣ ਲਗਾ, "ਭਾਈ ਸਾਹਿਬ, ਕਿਹੜੇ ਸਟੇਸ਼ਨ ਦਾ ਟਿਕਟ ਲੈਣਾ ਹੈ?" ਅਸਾਂ ਕਿਹਾ ਕਿ ਭਾਈ ਸਾਨੂੰ ਤਾਂ ਪਤਾ ਨਹੀਂ, ਅਸਾਂ ਕਿਹੜੇ ਸਟੇਸ਼ਨ ਦਾ ਟਿਕਟ ਲੈਣਾ ਹੈ ਤੇ ਕਿਥੇ ਜਾਣਾ ਹੈ। ਉਹ ਸਟੇਸ਼ਨ-ਮਾਸਟਰ ਪਹਿਲਾਂ ਹੀ ਇਸ ਪ੍ਰੇਮ-ਵੈਰਾਗੀ ਦੀ ਸ਼ਕਲ ਦਾ ਕੁਛ ਵਾਕਫ਼ਕਾਰ ਸੀ, ਨਿਮੋਝੂਣਾ ਹੋ ਕੇ ਪੁਛਣ ਲਗਾ, "ਹੁਕਮ ਕਰੋ, ਮੈਂ ਕਿਵੇਂ ਕਰਾਂ?" ਅਸਾਂ ਕਿਹਾ, "ਪਿਆਰਿਆ, ਸਾਨੂੰ ਤਾਂ ਪਤਾ ਨਹੀਂ ਕਿਥੇ ਜਾਣਾ ਹੈ ਤੇ ਕਿਸ ਸਟੇਸ਼ਨ ਤੇ ਜਾਣਾ ਹੈ, ਇਹ ਜ਼ਰੂਰ ਪ੍ਰਤੀਤ ਹੁੰਦਾ ਹੈ ਕਿ ਜਿਸ ਨੇ ਇਥੇ ਸਟੇਸ਼ਨ ਤੇ ਲਿਆਂਦਾ ਹੈ, ਜ਼ਰੂਰ ਕਿਸੇ ਪਾਸੇ ਟਿਕਟ ਲੈ ਕੇ ਜਾਣ ਲਈ ਹੀ ਲਿਆਂਦਾ ਹੈ। ਸਾਡੇ ਪਾਸ ਤਾਂ ਟਿਕਟ ਲੈਣ ਲਈ ਰੋਕੜ ਮਾਇਆ ਵੀ ਨਹੀਂ।" ਉਸ ਸਟੇਸ਼ਨ-ਮਾਸਟਰ ਨੇ ਬੜੀ ਅਧੀਨਗੀ ਨਾਲ ਆਖਿਆ, "ਮਾਇਆ ਦਾ ਫ਼ਿਕਰ ਨਾ ਕਰੋ, ਸਾਰੀ ਗੁਰੂ ਦੀ ਮਾਇਆ ਹੈ, ਹੁਕਮ ਕਰੋ ਕਿਥੋਂ ਦਾ ਟਿਕਟ ਲਿਆਵਾਂ?" ਅਸਾਂ ਕਿਹਾ, "ਸਾਨੂੰ ਪਤਾ ਨਹੀਂ ਕਿਥੋਂ ਦਾ ਟਿਕਟ ਲੈਣਾ ਹੈ, ਤੂੰ ਇਸ ਤਰ੍ਹਾਂ ਕਰ, ਟਿਕਟਾਂ ਵਾਲੇ ਅਲਮਾਰੇ ਅਗੇ ਖਲੋ ਕੇ ਅੱਖਾਂ ਮੀਟ ਕੇ ਮੂਲ ਮੰਤਰ ਸਤਿਨਾਮ ਦਾ ਪਉੜਾ ਪੜ੍ਹ ਕੇ ਜਿਸ ਖ਼ਾਨੇ ਵਿਚ ਹੱਥ ਪਾਵੇਂਗਾ, ਸਾਡੇ ਲਈ ਪੰਜ ਟਿਕਟਾਂ ਲੈ ਆਵੀਂ।" ਇਸ ਤਰ੍ਹਾਂ ਅੰਬਾਲੇ ਛਾਉਣੀ ਦੇ ਟਿਕਟ ਨਿਕਲੇ। ਭਾਈ ਸਰਵਣ ਸਿੰਘ ਜੀ ਫ਼ੌਰਨ ਤਾੜ ਗਏ ਕਿ ਛਾਉਣੀ ਅੰਦਰ ਬਾਬੂ ਮੱਲ ਸਿੰਘ ਤੇ ਭਾਈ ਪਿਆਰਾ ਸਿੰਘ ਦੀਆਂ ਰੂਹਾਂ ਖਿੱਚ ਰਹੀਆਂ ਹਨ, ਬਸ ਅਸਾਂ ਉਥੇ ਪੁੱਜਣਾ ਹੈ। ਇੰਨੇ ਵਿਚ ਭਾਈ ਵਰਿਆਮ ਸਿੰਘ ਸਾਡੇ ਨਾਲ ਦੇ ਸਤਿਸੰਗੀ ਦੀ ਜੇਬ ਵਿਚ ਇਕ ਬਟੂਟੇ ਵਿਚੋਂ ਮਾਇਆ ਨਿਕਲੀ, ਟਿਕਟਾਂ ਦੀ ਮਾਇਆ ਸਭ ਤਾਰ ਦਿਤੀ।

ਲੁਧਿਆਣੇ ਜਾਣ ਵਾਲੀ ਗੱਡੀ ਪਲੇਟ-ਫ਼ਾਰਮ ਤੇ ਆ ਖੜੋਤੀ। ਗੱਡੀ ਅਜੇ ਚਲਣ ਹੀ ਲਗੀ ਸੀ ਕਿ ਰਾਇਪੁਰ ਤੋਂ ਦੋ ਸੱਜਣ ਗੁਰਮੁਖ ਤਿਆਰ-ਬਰ-ਤਿਆਰ ਡਬੇ ਅਗੇ ਆਇ ਖਲੋਤੇ। ਸ਼ਰਬਤ ਜਲ ਦੇ ਬਾਟੇ ਭਰੇ ਹੋਏ ਸਾਡੇ ਪੇਸ਼ ਕੀਤੇ, ਤੇ ਐਸੇ ਪ੍ਰੇਮ-ਬੇਧਨਾ ਸਹਿਤ ਬੇਨਤੀ ਕੀਤੀ ਕਿ ਜ਼ਰੂਰ ਛਕਣੇ ਹੋਣਗੇ। ਸਾਨੂੰ ਕਈ ਡੰਗ ਹੋ ਗਏ ਸੀ ਕਿ ਕੁਛ ਖਾਨ ਪਾਨ ਨਹੀਂ ਕੀਤਾ ਸੀ। ਉਸ ਪ੍ਰੇਮ-ਬੇਨਤੀ ਨਾਲ ਐਸੇ ਬੇਧੇ ਗਏ ਕਿ ਅਸੀਂ ਇਕ ਇਕ ਬਾਟਾ ਜਲ ਦਾ ਚਾੜ੍ਹ ਗਏ। ਉਹ ਪ੍ਰੇਮ-ਸ਼ਰਬਤ ਦੇ ਬਾਟੇ ਅੰਦਰ ਚੜ੍ਹਨ ਦੀ ਦੇਰ ਸੀ ਕਿ ਪ੍ਰੇਮ-ਫਰਾਟੇ ਨਾਮ ਦੇ ਹੋਰ ਭੀ ਜ਼ੋਰੋ ਜ਼ੋਰ ਵਜਣ ਲਗੇ। ਵੀਰ ਗੁਰਬਖ਼ਸ਼ ਸਿੰਘ ਜੀ ਨੇ ਪ੍ਰੇਮ-ਲਟਕੋਰ ਵਿਚ ਆ ਕੇ "ਮੇਰੇ ਮਨਿ ਪ੍ਰੇਮੁ ਲਗੋ ਹਿਰ ਤੀਰ"* ਵਾਲਾ ਸ਼ਬਦ ਹਿਰਦੇ-ਬੇਧਨਾ ਅਲਾਪਣਾ ਅਰੰਭ ਕੀਤਾ।

---

* ਗੋਂਡ ਮ: ੪, ਪੰਨਾ ੮੬੧

WWW.AKJ.ORG

WWW.AKJ.ORG


ਅਲਾਪੀ ਜਾਣ ਤੇ ਆਤਮ-ਰੰਗ ਵਿਚ ਰੰਗਾਪੀ ਜਾਣ। ਨੈਣਾਂ ਵਿਚੋਂ ਨੀਰ ਝਰਨ ਝਰਨ ਜਾਰੀ ਹੈ। ਬੈਰਾਗ-ਬੇਧਨੀ-ਧੁਨੀ ਸਾਰੇ ਸਰੋਤੇ ਜਨਾਂ ਦੇ ਹਿਰਦੇ ਨੂੰ ਚੀਰ ਚੀਰ ਕੇ ਵਲੂੰਦਰੀ ਜਾਂਦੀ ਹੈ। ਬੱਸ, ਉਸੇ ਲੰਬੇ ਚੌੜੇ ਡਬੇ ਵਿਚ ਬੈਠੇ ਜਿਤਨੇ ਭੀ ਮੁਸਾਫ਼ਰ ਸਨ ਕੀ ਹਿੰਦੂ, ਕੀ ਮੁਸਲਮਾਨ, ਕੀ ਸਿਖ, ਸਾਰਿਆਂ ਦੇ ਨੇਤਰਾਂ ਵਿਚੋਂ ਨੀਰ ਵਹਿ ਤੁਰਿਆ।

## ਮੁਸਲਮਾਨ ਫ਼ਕੀਰ ਦੀ ਬਿਹਬਲਤਾ -

ਅਗਲੇ ਸਟੇਸ਼ਨ ਤੇ ਗੱਡੀ ਜਦ ਠਹਿਰੀ, ਇਕ ਮੁਸਲਮਾਨ ਫ਼ਕੀਰ ਦੁਹਾਈਆਂ ਦੇ ਕੇ ਇਸ ਬਿਧ ਪੁਕਾਰਨ ਲਗਾ, "ਹੇ ਰੱਬਾ, ਇਸ ਬਾਲੜੇ ਨੌਜਵਾਨ ਨੇ ਸਾਨੂੰ ਕੋਹ ਛਡਿਆ ਹੈ। ਪਤਾ ਨਹੀਂ ਇਸ ਨੂੰ ਕੀ ਜੀਵਨ-ਬੂਟੀ ਮਿਲੀ ਹੈ, ਸਾਨੂੰ ਭੀ ਇਹ ਜੀਵਨ-ਬੂਟੀ ਪ੍ਰਾਪਤ ਹੋਵੇ ਤਾਂ ਬਚਦੇ ਹਾਂ, ਨਹੀਂ ਤਾਂ ਜੀਵਨਾ ਧ੍ਰਿਗ ਹੈ।" ਕਈ ਅਨਭੋਲ ਸਾਨੂੰ ਪੁਛਣ, "ਇਸ ਬਚੜੇ ਦਾ ਕੋਈ ਸੰਬੰਧੀ ਗੁਜ਼ਰ ਗਿਆ ਹੈ, ਜਿਸ ਦੇ ਵਿਜੋਗ ਵਿਚ ਇਹ ਰੋਂਦਾ ਹੈ?" ਮੁਸਲਮਾਨ ਫ਼ਕੀਰ ਆਖੇ, "ਓ ਭੈੜਿਓ! ਇਸ ਦੇ ਚੇਹਰੇ ਵਲ ਤਾਂ ਵੇਖੋ, ਕੈਸਾ ਜਲਾਲ ਹੈ, ਸੰਸਾਰ ਤੋਂ ਮਰ-ਲਥਿਆਂ ਦੇ ਇਹ ਹਾਲ ਹੁੰਦੇ ਹਨ?" ਲੁਧਿਆਣੇ ਤਾਈਂ ਇਕ-ਤਾਰ ਇਹੀ ਦਸ਼ਾ ਬਣੀ ਰਹੀ। ਕਈਆਂ ਮੁਸਾਫ਼ਰਾਂ ਨੂੰ ਵਿਚਕਾਰਲੇ ਸਟੇਸ਼ਨਾਂ ਤੇ ਉਤਰਨਾ ਹੀ ਭੁਲ ਗਿਆ। ਲੁਧਿਆਣੇ ਆ ਗੱਡੀ ਬਦਲਣੀ ਸੀ, ਅਸੀਂ ਉਥੇ ਪਲੇਟ-ਫ਼ਾਰਮ ਤੇ ਉਤਰ ਖੜੋਏ। ਕਈ ਮੁਸਾਫ਼ਰ ਤਾਂ ਪਲੇਟ-ਫ਼ਾਰਮ ਤੇ ਲੰਬੇ ਪੈ ਗਏ ਕਿ ਸਾਨੂੰ ਭੀ ਨਾਲ ਲੈ ਚਲੋ। ਆਪਣੇ ਰੰਗ ਵਿਚ ਉਨ੍ਹਾਂ ਦੀ ਪ੍ਰਵਾਹ ਨ ਕਰਦੇ ਹੋਏ ਅੰਬਾਲੇ ਵਾਲੀ ਗੱਡੀ ਵਿਚ ਜਾ ਚੜ੍ਹੇ, ਬਸ ਸਾਰੇ ਰਾਹ ਉਸ ਡੱਬੇ ਵਿਚ ਭੀ ਕੀਰਤਨ ਹੁੰਦਾ ਗਿਆ। ਅਨੇਕਾਂ ਰੂਹਾਂ ਕੁਠੀਆਂ ਮੁਠੀਆਂ ਗਈਆਂ, ਵਿਰਲਾਪ ਹੀ ਵਿਰਲਾਪ ਉਨ੍ਹਾਂ ਦੇ ਪਲੇ ਰਹਿ ਗਿਆ। ਆਪੋ ਆਪਣੇ ਧੰਧ-ਬੰਧਾਂ ਦੇ ਗ੍ਰਸੇ ਹੋਇ ਪਿਛਾਂਹ ਦੇ ਪਿਛਾਂਹ ਹੀ ਰਹਿ ਗਏ। ਰਾਜਪੁਰੇ ਜਾ ਕੇ ਫੇਰ ਗੱਡੀ ਬਦਲਣੀ ਸੀ, ਜੋ ਬੜੀ ਪਛੜ ਕੇ ਆਈ, ਤੇ ਰਾਤ ਨੂੰ ਪਛੜ ਕੇ ਹੀ ਅਸੀਂ ਅੰਬਾਲੇ ਸਟੇਸ਼ਨ ਤੇ ਪੁਜੇ। ਅੰਬਾਲੇ ਛਾਉਣੀ ਸਹੀ ਸਲਾਮਤ ਆ ਪੁਜੇ। ਪਤਾ ਨਹੀਂ ਕੌਣ ਅਗਵਾਈ ਕਰਦਾ ਸੀ, ਕੌਣ ਮਾਰਗ ਦਸਦਾ ਸੀ। ਰਾਤ ਦੇ ੧੧ ਵਜੇ ਭਾਈ ਪਿਆਰਾ ਸਿੰਘ ਦਾ ਬੂਹਾ ਆ ਖੜਕਾਇਆ, ਜੋ ਅੱਜ ਕਲ੍ਹ ਕਰਨੈਲ ਪਿਆਰਾ ਸਿੰਘ ਜੈਪੁਰ ਵਾਲੇ ਹਨ।

## ਅੰਬਾਲਾ ਛਾਉਣੀ ਦੇ ਕੌਤਕ -

ਭਾਈ ਪਿਆਰਾ ਸਿੰਘ ਪਹਿਲਾਂ ਹੀ ਸਰਬਲੋਹ ਦੇ ਲੰਗਰ ਦਾ ਤਿਆਰਾ



ਕਰੀ ਬੈਠੇ ਸਨ, ਜਿਵੇਂ ਉਨ੍ਹਾਂ ਨੂੰ ਪਹਿਲਾਂ ਹੀ ਵਾਇਰਲੈੱਸ ਪਹੁੰਚ ਗਈ ਹੁੰਦੀ ਹੈ। ੧੮ ਨੰਬਰ ਦੇ ਕੁਆਟਰ ਵਿਚੋਂ ਇਕ-ਦਮ ਬਾਬੂ ਮੱਲ ਸਿੰਘ ਜੀ ਨੂੰ ਬੁਲਾ ਲਿਆਏ। ਉਹਨਾਂ ਆਉਂਦਿਆਂ ਹੀ ਕਿਹਾ, ਛਾਉਣੀ ਸਟੇਸ਼ਨ ਤੋਂ ਟੁਰ ਕੇ ਕੀਕੂੰ ਆਏ? ਸਾਨੂੰ ਹੁਕਮ ਕਰ ਭੇਜਣਾ ਸੀ, ਸਵਾਰੀ ਭੇਜਦੇ ਜਾਂ ਆਪ ਹਾਜ਼ਰ ਹੁੰਦੇ। ਰਮਜ਼-ਸ਼ਨਾਸੀ ਭਾਈ ਪਿਆਰਾ ਸਿੰਘ ਜੀ ਬੋਲੇ, ਕਿ ਇਨ੍ਹਾਂ ਨੂੰ ਕੋਈ ਸੁਧ ਬੁਧ ਰਹੀ ਹੈ? ਵਿਚੋਂ ਹੀ ਗੱਲ ਕੱਟ ਕੇ ਸਾਡੇ ਸਾਥੀਅੜੇ ਜੀਵਨ-ਮੁਕਤ ਭਾਈ ਸਰਵਣ ਸਿੰਘ ਜੀ ਪੁਕਾਰ ਉਠੇ ਅਤੇ ਮਰਜੀਵੜੇ ਵੀਰ ਭਾਈ ਗੁਰਬਖ਼ਸ਼ ਸਿੰਘ ਵਲ ਇਸ਼ਾਰਾ ਕਰ ਕੇ ਕਹਿਣ ਲਗੇ, "ਅਸੀਂ ਤਾਂ ਇਹ ਸਚੜੀ ਸੁਗਾਤ ਲੈ ਕੇ ਪੁਜੇ ਹਾਂ। ਪੁਚਾਉਣਹਾਰੇ ਨੇ ਹੀ ਸਾਨੂੰ ਇਥੇ ਪੁਚਾਇਆ ਹੈ।" ਇੰਨੀ ਗੱਲ ਕਹਿਣ ਦੀ ਦੇਰ ਹੀ ਸੀ, ਵੀਰ ਗੁਰਬਖ਼ਸ਼ ਸਿੰਘ ਦੇ ਅੰਦਰੋਂ ਬਿਰਹਾ-ਬੇਧਨੀ ਕੀਰਤਨ ਧੁਨੀ ਫੇਰ ਉਗਮ ਖਲੋਤੀ ਤੇ ਸਾਰੇ ਸੱਜਣ ਕੀਰਤਨ ਵਿੱਚ ਹੀ ਜੁਟ ਗਏ। ਜੁਟੇ ਜੁਟਾਇਆਂ ਨੂੰ ਹੀ ਤਿਆਰ ਹੋਏ ਗਫੇ ਲਾਉਣ ਲਈ ਪ੍ਰੇਰਿਆ ਗਿਆ। ਭਾਈ ਪਿਆਰਾ ਸਿੰਘ ਜੀ ਕਹਿਣ ਲਗੇ, ਹੁਣ ਤਾਂ ਕਈ ਦਿਵਸ ਰਾਤਾਂ ਬਤੀਤ ਹੋ ਗਏ, ਹੁਣ ਤਾਂ ਜ਼ਰੂਰ ਕੜਾਕਾ ਖੋਲ੍ਹਣਾ ਹੋਵੇਗਾ। ਹੁਕਮ ਨੂੰ ਕੌਣ ਮੋੜੇ। ਗਫੇ ਲੱਗਣ ਲਗ ਗਏ। ਲਾਂਦਿਆਂ ਦੀਆਂ ਸਮਾਧੀਆਂ ਜੁੜ ਗਈਆਂ। ਦਿਨ-ਚੜ੍ਹਦੇ ਨੂੰ ਰਸਾਲੇ ਦੇ ਵੀਰਾਂ ਨੇ ਤਾਂ ਆਪੋ ਆਪਣੀ ਫ਼ੌਜੀ ਡਿਊਟੀ ਤੇ ਜਾਣਾ ਸੀ, ਸੋ ਲਾਜ਼ਮੀ ਤੌਰ ਤੇ ਉਨ੍ਹਾਂ ਨੂੰ ਜਾਣਾ ਹੀ ਪਿਆ, ਸ਼ਾਇਦ ਪਛੜ ਕੇ ਹੀ ਗਏ ਹੋਣਗੇ। ਅਸੀਂ ਉਸ ਕੁਆਟਰ 'ਚੋਂ ਬਾਹਰ ਨਿਕਲ ਕੇ ਇਕ ਨਿਵੇਕਲੇ ਖੂਹ ਦੇ ਕਿਨਾਰੇ ਤੇ ਹੀ ਰੇਤ ਤੇ ਜਾ ਲੇਟੇ ਅਤੇ ਕਿੰਨਾ ਚਿਰ ਲੇਟੇ ਹੀ ਰਹੇ। ਧੁੱਪਾਂ ਤਕੜੀਆਂ ਚੜ੍ਹ ਗਈਆਂ, ਫ਼ੌਜੀ ਸੱਜਣਾਂ ਵਿਚੋਂ ਕੋਈ ਨਾ ਬਾਹੁੜਿਆ। ਅਸੀਂ ਆਪਣੀ ਮੌਜ ਵਿਚ ਹੀ ਅਜਿਹੇ ਪ੍ਰੇਰੇ ਗਏ ਕਿ ਪਿਛਾਂਹ ਨੂੰ ਪਰਤਣ ਦੀਆਂ ਦਲੀਲਾਂ ਬੱਝ ਗਈਆਂ। ਉਥੇ ਅਟਕਣ ਨੂੰ ਜੀਅ ਨਾ ਕਰੇ। ਮਨੋ ਮਨੀ ਸਭ ਦੀ ਸਲਾਹ ਪਿਛਾਂਹ ਨੂੰ ਮੁੜਨ ਦੀ ਹੋ ਗਈ ਸੀ। ਉਠ ਕੇ ਤੁਰਨ ਹੀ ਲਗੇ ਸੀ ਕਿ ਇਤਨੇ ਨੂੰ ਬਾਬੂ ਮੱਲ ਸਿੰਘ ਜੀ ਆ ਗਏ, ਲਜ ਤੇ ਡੋਲ ਹੱਥ ਵਿਚ ਫੜਿਆ ਹੋਇਆ। ਡੋਲ ਖੂਹ ਵਿਚ ਲਮਕਾਇਆ ਸੀ, ਲੱਜ ਉਨ੍ਹਾਂ ਦੇ ਹੱਥ ਵਿਚ ਫੜੀ ਸੀ, ਇਹ ਨਜ਼ਾਰਾ ਅਜ ਤਕ ਚੇਤੇ ਹੈ, ਕਦੇ ਨਹੀਂ ਭੁਲਿਆ। ਬਾਬੂ ਮੱਲ ਸਿੰਘ ਜੀ ਨੇ ਅੰਤਰਗਤੀ ਅਸਾਡੀ ਪਿਛਾਂਹ ਮੁੜਨ ਵਾਲੀ ਰੁਚੀ ਨੂੰ ਪਛਾਣ ਲਿਆ। ਖ਼ੂਬ ਜਾਂਚ ਕੇ ਜਾਣ ਲਿਆ। ਪਰਮ ਵੈਰਾਗ ਵਿਚ ਬੇਧੀ ਹੋਈ ਇਹ ਧੁਨੀ ਉਨ੍ਹਾਂ ਦੇ ਮੁੱਖ ਵਿਚੋਂ ਨਿਕਲੀ, "ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ"।* ਧੁਨੀ ਕੀ ਸੀ, ਕੋਈ ਕਟਕ ਸੀ। ਗਗਨ ਵਲ ਨੂੰ ਮੁਖਾਰ-ਬਿੰਦ, ਡੋਲ ਖੂਹੇ ਅੰਦਰ ਲਮਕਿਆ ਹੋਇਆ ਤੇ ਲਜ ਹੱਥ ਵਿਚ ਫੜੀ ਹੋਈ, ਅਨੂਪਮ ਲਟਕਾਂ ਵਿਚ ਸਾਰਾ ਸ਼ਬਦ ਅਲਾਪਨ ਕੀਤਾ।

*ਭਾਈ ਗੁਰਦਾਸ ਜੀ, ਵਾਰ ੯, ਪਉੜੀ ੧੮

WWW.AKJ.ORG

ਸਾਡੀਆਂ ਪਿਛਾਂਹ ਪਰਤਣ ਵਾਲੀਆਂ ਸਲਾਹਾਂ ਸਭ ਵਿਚੇ ਹੀ ਰਹਿ ਗਈਆਂ। ਆਪਣੀ ਖਲਹੁੰ ਮੌਜੜੇ ਬਣਾ ਕੇ ਹੰਢਾਉਣ ਵਾਲਿਆਂ ਦੇ ਨਿਜ ਚਰਨਾਂ ਵਿਚ ਹੀ ਬਿਰਤੀਆਂ ਜਾ ਟਿਕੀਆਂ। ਅਸੀਂ, ਹਾਂ ਉਸ ਵੀਰਨੇ ਬਾਬੂ ਮੱਲ ਸਿੰਘ ਜੀ ਦੇ ਮੁੱਲ-ਖ਼ਰੀਦੀ ਲਾਲੇ ਗੋਲੇ ਹੋ ਗਏ। ਇਧਰ ਸਾਰੀਆਂ ਸੰਗਤਾਂ ਆ ਜੁੜੀਆਂ, ਅਖੰਡ ਪਾਠ ਕਰਨ ਦੇ ਤਿਆਰੇ ਹੋ ਗਏ। ਪ੍ਰੇਮ-ਜੂੜ ਦੇ ਜਕੜੇ ਹੋਏ ਅਸੀਂ ਸੰਗਤਾਂ ਦੀ ਧੂੜ ਹੀ ਬਣ ਰਹੇ।

ਨਿਯਮਾਂ ਅਨੁਸਾਰ ਸ੍ਰੀ ਅਖੰਡ ਪਾਠ ਸਮਾਗਮ ਖੂਬ ਲਹਿਰਾਂ ਤੇ ਲਟਕਾਂ ਸਹਿਤ ਅਰੰਭ ਹੋ ਗਿਆ। ਛਾਉਣੀ ਨਿਵਾਸੀ ਰਸਾਲਿਆਂ ਅਤੇ ਪਲਟਨਾਂ ਦੀਆਂ ਸਤਿਸੰਗੀ ਸੰਗਤਾਂ ਹੁਮ ਹੁਮਾ ਕੇ ਆ ਜੁੜੀਆਂ। ਤੋਪਖ਼ਾਨੇ ਦੇ ਸਿਖ ਵੀਰੜੇ ਭੀ ਜੋਕ-ਦਰ-ਜੋਕ ਇਸੇ ਸਮਾਗਮ ਵਿਚ ਆਣ ਇਕੱਠੇ ਹੋਏ। ਇਸ ਸਮਾਗਮ ਵਿਖੇ ਇਹ ਪਹਿਲੀ ਹੀ ਗੁਰਮਤਿ ਅਲੌਕਿਕਤਾ ਵਾਲੀ ਅਰੰਭਣੀ ਸੀ ਕਿ ਅੰਮ੍ਰਿਤ ਵੇਲੇ ਚਾਰ ਵਜੇ ਦੇ ਲਗ ਪਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਹਿਲਾਂ ਸ੍ਰੀ ਆਸਾ ਜੀ ਦੀ ਵਾਰ ਦਾ ਲਟਕ-ਲਹਿਰ-ਕੀਰਤਨ ਅਰੰਭ ਹੋਇਆ। ਉਹ ਅਗੰਮੀ ਧੁਨੀਆਂ ਉਠੀਆਂ, ਦੂਰ ਦੂਰ ਤਾਈਂ ਜਾ ਧੁਮੀਆਂ। ਲਾਊਡ ਸਪੀਕਰ ਤਾਂ ਉਨ੍ਹੀਂ ਦਿਨੀਂ ਹੈ ਹੀ ਨਹੀਂ ਸਨ, ਜੇ ਹੁੰਦੇ ਤਾਂ ਵੀ ਉਨ੍ਹਾਂ ਦੇ ਲਾਵਣ ਦੀ ਲੋੜ ਨਹੀਂ ਸੀ। ਗਗਨੰਤ੍ਰੀ ਗੰਮਤਾ ਵਾਲੀਆਂ ਕੀਰਤਨ-ਗੂੰਜਾਂ ਕੀਰਤਨੀ ਜਨ ਕੇਵਲ ਨਿਜ ਅਨੰਦ ਪ੍ਰਾਇਣ ਹੋ ਕੇ ਹੀ ਗੂੰਜਾਂਵਦੇ ਸਨ। ਕਿਸੇ ਨੂੰ ਸੁਣਾਵਣ ਖ਼ਾਤਰ ਕੀਰਤਨ ਨਹੀਂ ਹੋਇਆ ਕਰਦਾ ਸੀ, ਇਕ ਤਿਲ ਮਾਤ੍ਰ ਤਮਾਏ ਭੀ ਨਹੀਂ ਹੁੰਦੀ ਸੀ, ਕਿ ਸੰਗਤਾਂ ਇਕੱਠੀਆਂ ਹੋਣ ਤਾਂ ਕੀਰਤਨ ਅਰੰਭੀਏ। ਕੀਰਤਨ-ਰਸ-ਰਤੰਨੜੇ ਭੌਰੇ, ਕੀਰਤਨੀ ਸਰੋਤੇ ਮੁਸ਼ਕ ਮੌਜੀ ਰੁੜ੍ਹਿਆਂ ਨੂੰ ਅਗੰਮੀ ਵਾਇਰਲੈੱਸ ਦੀ ਖਿਚ ਦੁਆਰਾ ਆਪੇ ਹੀ ਖਿੱਚ ਲੈਂਦੇ ਸਨ। ਏਥੇ ਤਾਂ ਛਾਉਣੀ ਦੀਆਂ ਸਾਰੀਆਂ ਸੰਗਤਾਂ ਵਿਚ ਪਹਿਲਾਂ ਹੀ ਧੁੰਮ ਮਚ ਗਈ ਸੀ, ਹਰੀ ਨਾਮੇ ਦੀ ਜੁੜਤਾ ਵਿਚ ਜੁੜਨਹਾਰੇ ਅੰਮ੍ਰਿਤ ਵੇਲੇ ਉਠਣ ਦੇ ਆਸ਼ਕ ਜਨ ਦੋ ਵਜੇ ਤੋਂ ਹੀ ਸੌਚ ਇਸ਼ਨਾਨ ਕਰ ਕੇ ਤੇ ਨਿਤਨੇਮ ਬਾਣੀ ਨਾਮ ਦੇ ਰੰਗ ਚਾੜ੍ਹ ਕੇ ਜਿਉਂ ਜਿਉਂ ਆ ਕੇ ਸਮਾਗਮ ਵਿਚ ਜੁੜਦੇ ਜਾਣ, ਤਿਉਂ ਤਿਉਂ ਕੀਰਤਨ-ਆਤਮ-ਰੰਗਾਂ ਦੀ ਖੇਡ ਦੂਣ ਸਵਾਈ ਖੇਡੀ ਜਾਵਣ ਲਗੀ। ਪਤਾ ਨਹੀਂ ਕਦੋਂ ਪਹੁ ਫੁਟੀ, ਕਦੋਂ ਦਿਨ ਚੜ੍ਹਿਆ ਅਤੇ ਕਿਡੇ ਦਿਨ ਚੜ੍ਹੇ ਕੀਰਤਨ ਦਾ ਭੋਗ ਪਿਆ। ਇਸ ਸਾਰੇ ਸਮੇਂ ਵਿਚ ਅੰਮ੍ਰਿਤ ਵੇਲਾ ਹੀ ਪ੍ਰਤੀਤ ਹੋਵੇ, ਨਾ ਧੁੱਪਾਂ ਚੜ੍ਹੀਆਂ ਦੀ ਸੂਝ, ਨਾ ਵਕਤ ਘੜੀਆਂ ਦੇਖਣ ਦੀ ਸੂਝ ਕਿਸੇ ਨੂੰ ਰਹੀ। ਗੱਲ ਕੀ, ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪੈਣ ਸਾਰ ਹੀ, ਅਰਦਾਸਾ ਹੁੰਦੇ ਸਾਰ ਸ੍ਰੀ ਅਖੰਡ ਪਾਠ ਦਾ ਅਰੰਭ ਹੋ ਗਿਆ। ਇਸੇ ਅਖੰਡ ਪਾਠ ਸਮਾਗਮ ਦਾ ਸਾਰਾ ਵਿਸਥਾਰ ਸਹਿਤ ਸਮਾਚਾਰ ਸ੍ਰੀ ਭਾਈ



ਹਰਿਬਚਨ ਸਿੰਘ ਵਾਲੇ ਬ੍ਰਿਤਾਂਤ ਵਿਚ ਅੰਕਿਤ ਹੋ ਚੁਕਾ ਹੈ, ਉਸੇ ਲੜੀ ਤੋਂ ਹੀ ਸਾਰਾ ਆਨੰਦ ਮਾਣਿਆ ਜਾ ਸਕਦਾ ਹੈ। ਏਥੇ ਤਾਂ ਇਤਨਾ ਜ਼ਿਕਰ ਕਰਨਾ ਹੀ ਬਹੁਤੇਰਾ ਹੈ ਕਿ ਸ੍ਰੀ ਅਖੰਡ ਪਾਠ ਦੇ ਭੋਗ ਪੈਣ ਸਾਰ ਹੀ (ਜੋ ਦੂਜੀ ਰਾਤ ਅੰਮ੍ਰਿਤ ਵੇਲੇ ਚਾਰ ਵਜੇ ਦੇ ਲਗ ਪਗ ਪਿਆ) ਫੇਰ ਅਖੰਡ ਪਾਠ ਆਰੰਭ ਹੋ ਗਿਆ। ਅਖੰਡ ਪਾਠ ਦੇ ਭੋਗ ਪਿਛੋਂ, ਜੋ ਪਤਾ ਨਹੀਂ ਕਿਸ ਵਕਤ ਪਿਆ, ਨਾਲ ਲਗਦੇ ਉਸੇ ਮੰਡਲ ਵਿਚ ਹੀ ਅੰਮ੍ਰਿਤ-ਸੰਚਾਰ ਆਰੰਭ ਹੋ ਗਿਆ। ਹੋਰ ਸਾਰੀਆਂ ਸੰਗਤਾਂ ਸਰੋਤੇ ਜਨ, ਭੋਗ ਪ੍ਰਸ਼ਾਦ ਲੈ ਲੈ ਕੇ ਮੰਡਲ ਤੋਂ ਬਾਹਰ ਵਿਚਰ ਗਏ, ਮੰਡਲ ਦੇ ਅੰਦਰਵਾਰ ਅੰਮ੍ਰਿਤ ਛਕਣ ਛਕਾਉਣਹਾਰੇ ਪ੍ਰੇਮੀ ਜਨ ਹੀ ਰਹਿ ਗਏ। ਅਰੂੜ੍ਹ ਰੰਗਾਂ ਵਿਚ ਅਰੂੜ੍ਹ ਹੋਏ ਪੰਜੇ ਅਖੰਡ ਪਾਠੀਆਂ ਨੂੰ ਹੀ ਪੰਜਾਂ ਪਿਆਰਿਆਂ ਵਿਚ ਲਿਆ ਗਿਆ, ਜਿਨ੍ਹਾਂ ਵਿਚ ਇਕ ਹੰਸਲੇ ਵੀਰ ਸ੍ਰੀ ਭਾਈ ਗੁਰਬਖ਼ਸ਼ ਸਿੰਘ ਜੀ ਵੀ ਸਨ। ਜੋ ਜੋ ਕਲਾ ਵਰਤੀ, ਜੋ ਜੋ ਕੌਤਕ ਹੋਏ, ਉਹ ਪਹਿਲਾਂ ਵਰਨਣ ਹੋ ਚੁਕੇ ਹਨ। (ਦੇਖੋ ਬ੍ਰਿਤਾਂਤ ਸ੍ਰੀ ਭਾਈ ਹਰਿਬਚਨ ਸਿੰਘ ਜੀ)।

### ਪਟਿਆਲੇ ਦਾ ਸਮਾਗਮ -

ਸਮਾਗਮ ਦੀ ਲਹਿਰ ਬਹਿਰ ਪਿਛੋਂ ਹੋਰ ਸਭ ਸਜਣ ਤਾਂ ਆਪੋ ਆਪਣੇ ਸੰਸਾਰ ਵਿਹਾਰੀ ਰੰਗਾਂ ਵਿਚ ਲਗ ਗਏ, ਪ੍ਰਮਾਰਥੀ ਰੰਗਾਂ ਵਿਚ ਜੁਟੇ ਹੋਏ ਇਧਰੇ ਹੀ ਜੁਟੇ ਰਹੇ। ਸਿਰੀ ਵੀਰ ਸਰਵਣ ਸਿੰਘ ਜੀ, ਵੀਰ ਵਰਿਆਮ ਸਿੰਘ ਜੀ, ਗੁਰਮੁਖ ਪਿਆਰੇ ਵੀਰ ਸਿਰੀ ਭਾਈ ਗੁਰਬਖ਼ਸ਼ ਸਿੰਘ ਜੀ ਅਤੇ ਭਾਈ ਲਾਲ ਸਿੰਘ ਜੀ, ਚਹੁੰਆਂ ਸੱਜਣਾਂ ਦਿਆਂ ਹਿਰਦਿਆਂ ਅੰਦਰ ਇਕ-ਲਖਤ ਹੀ ਇਕੋ ਵਾਰ ਇਹ ਲਹਿਰ ਉਠੀ, ਅੰਦਰੋ ਅੰਦਰ ਹੀ ਇਹ ਪ੍ਰੇਰਨਾ ਸਫੁਰਨ ਹੋਈ ਕਿ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਇਕ-ਦਮ ਪਧਾਰਿਆ ਜਾਵੇ। ਐਸੀ ਅਸਚਰਜ ਖੇਡ ਵਰਤੀ ਕਿ ਐਨ ਉਸੇ ਸਮੇਂ ਹੀ ਬਿਨਾਂ ਕਿਸੇ ਦੇ ਪੁਛੇ ਗਿਛੇ ਸਿਰੀ ਵੀਰ ਪਿਆਰਾ ਸਿੰਘ ਜੀ (ਅੱਜ ਕਲ੍ਹ ਦੇ ਕਰਨੈਲ ਪਿਆਰਾ ਸਿੰਘ ਜੀ) ਅਤੇ ਸਿਰੀ ਬਾਬੂ ਮੱਲ ਸਿੰਘ ਜੀ ਨੇ ਸਾਡੇ ਸਾਰਿਆਂ ਲਈ ਅੰਤਰਗਤੀ ਹੀ ਵਾਚਨਾ ਵਾਚ ਕੇ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਮਾਇਆ ਆਣ ਹਾਜ਼ਰ ਕੀਤੀ। ਐਨ ਉਸੇ ਸਮੇਂ ਹੀ ਅਸਾਨੂੰ ਪਟਿਆਲੇ ਵਲੋਂ ਇਹ ਆਤਮ-ਵਾਇਰਲੈੱਸ ਵਸੂਲ ਹੋਈ ਕਿ ਸਾਰਾ ਜੁੜਿਆ ਜੁੜਾਇਆ ਜਥਾ ਪਟਿਆਲੇ ਆਵੇ ਅਤੇ ਆ ਕੇ ਸ੍ਰੀ ਅਖੰਡ ਪਾਠ ਆਰੰਭ ਕਰੇ। ਮੋਗਾ ਨਿਵਾਸੀ ਸਿਰੀ ਭਾਈ ਆਤਮਾ ਸਿੰਘ ਜੀ (ਜਿਨ੍ਹਾਂ ਦਾ ਨਾਮ ਹਰਦਮ ਆਤਮ-ਰੰਗਾਂ ਵਿਚ ਮਸਤ-ਅਲਮਸਤ ਰਹਿਣ ਕਰਕੇ ਅਵਧੂਤ ਆਤਮਾ ਸਿੰਘ ਪੈ ਗਿਆ ਸੀ) ਪਹਿਲਾਂ ਹੀ ਪਟਿਆਲੇ ਤੋਂ ਇਸ ਨਮਿਤ ਆ ਹਾਜ਼ਰ ਹੋਏ ਸਨ, ਛਾਉਣੀ ਅੰਬਾਲਾ ਦੇ ਸਾਰੇ ਅਨੰਦੀ ਸਮਾਗਮ ਵਿਚ

WWW.AKJ.ORG


ਜੁੜੰਦੇ ਰਹੇ ਸਨ। ਚਾਹੇ ਸਾਰਿਆਂ ਦੀ ਖਿਚ ਪਟਿਆਲੇ ਸਮਾਗਮ ਜਾਣ ਖ਼ਾਤਰ ਪ੍ਰਗਟ ਹੋ ਚੁਕੀ ਸੀ, ਪਰ ਫੇਰ ਵੀ ਹੱਠ-ਧਰਮੀ ਸਿਰੀ ਭਾਈ ਸਰਵਣ ਸਿੰਘ ਜੀ ਦਾ ਇਹੀ ਹੱਠ ਕਾਇਮ ਰਿਹਾ ਕਿ ਸ੍ਰੀ ਹਜ਼ੂਰ ਸਾਹਿਬ ਜਾਣ ਦਾ ਸੰਕਲਪ ਹੋ ਚੁਕਾ ਹੈ, ਉਹ ਪੂਰਾ ਕਰਕੇ ਆਵਣਾ ਹੈ। ਉਨ੍ਹਾਂ ਦੇ ਨਾਲ ਹੀ ਹਾਂ ਦੇ ਵਿਚ ਹਾਂ ਮਿਲਾਵਣ ਵਾਲੇ ਭਾਈ ਵਰਿਆਮ ਸਿੰਘ ਜੀ ਵੀ ਸ੍ਰੀ ਹਜ਼ੂਰ ਸਾਹਿਬ ਜਾਣ ਵਾਲੇ ਗੁਰਮਤੇ ਵਿਚ ਸਹਿਮਤ ਹੋ ਗਏ। ਭਾਈ ਗੁਰਬਖ਼ਸ਼ ਸਿੰਘ ਤੇ ਲਾਲ ਸਿੰਘ ਵੀ ਨਾਲੇ ਤਿਆਰ ਹੋ ਪਏ। ਸਾਡੀਆਂ ਤਣਾਵਾਂ ਪਟਿਆਲੇ ਸਮਾਗਮ ਵਲ ਪ੍ਰਬਲ ਖਿਚੀਦੀਆਂ ਜਾ ਚੁਕੀਆਂ ਸਨ। ਅਸੀਂ ਪਟਿਆਲੇ ਵਲ ਨੂੰ ਤੁਰ ਪਏ ਅਤੇ ਬੜੀ ਖ਼ੁਸ਼ੀ ਨਾਲ ਸ੍ਰੀ ਹਜ਼ੂਰ ਸਾਹਿਬ ਯਾਤ੍ਰਾ ਦੀ ਖਿਚ ਵਾਲੇ ਚਹੁੰਆਂ ਗੁਰਮੁਖ ਜਨਾਂ ਨੂੰ ਇਜਾਜ਼ਤ ਦੇ ਦਿਤੀ ਕਿ ਤੁਸੀਂ ਆਪਣੀ ਧੁਨੀ ਪੂਰੀ ਕਰ ਆਵੋ। ਪਰ ਅਖੰਡ ਪਾਠ ਦੇ ਭੋਗ ਤੋਂ ਪਹਿਲਾਂ ਤੁਸੀਂ ਖ਼ੁਦ ਹੀ ਪਟਿਆਲੇ ਦੌੜ ਆਵੋਗੇ। ਭਾਈ ਗੁਰਬਖ਼ਸ਼ ਸਿੰਘ ਬਧੇ ਰੁਧੇ ਚਹੁੰਆਂ ਯਾਤਰੂਆਂ ਦੇ ਨਾਲ ਟੁਰ ਪਏ, ਪਰ ਉਨ੍ਹਾਂ ਦੀ ਅੰਤ੍ਰੀਵੀ ਰੁਚੀ ਏਧਰੇ ਅਸਾਡੇ ਨਾਲ ਹੀ ਸੀ।

ਅੰਬਾਲੇ ਛਾਉਣੀ ਤੋਂ ਅਸੀਂ ਵਿਦਾ ਹੋਏ। ਪਟਿਆਲੇ ਪਹੁੰਚਣ ਸਾਰ ਹੀ ਅਖੰਡ ਕੀਰਤਨ ਦੀਆਂ ਜਾ ਝੜੀਆਂ ਲਾਈਆਂ। ਸਿਰੀ ਭਾਈ ਜੋਗਿੰਦਰ ਸਿੰਘ ਜੀ, ਸਿਰੀ ਬੀਬੀ ਹਰਬੰਸ ਕੌਰ ਸਮੇਤ ਗਦ ਗਦ ਤੇ ਨਿਹਾਲ ਨਿਹਾਲ ਹੋ ਗਏ। ਪਟਿਆਲੇ ਨਿਵਾਸੀ ਅਗੰਮੀ ਖਿਚ ਪਾਣ ਵਾਲੀਆਂ ਹੋਰ ਵੀ ਨਿੱਕੀਆਂ ਵਡੀਆਂ ਅਰੁੜ੍ਹੀਆਂ ਜਿੰਦਾਂ ਤੁਰਤ ਫੁਰਤ ਆ ਜੁੜੀਆਂ। ਨਿਕੜੀਆਂ ਜਿੰਦੜੀਆਂ ਤੇ ਵਡਿਆਂ ਸਾਕਿਆਂ ਵਾਲੇ ਗੁਪਤ ਭੌਰੜੇ (ਜੋ ਇਸ ਸਮਾਗਮ ਦੇ ਰੂਹੇ-ਰੂਹਾਨ ਸਨ, ਜਿਨ੍ਹਾਂ ਦੀ ਖਿਚ ਨਾਲ ਇਹ ਪ੍ਰਬਲਤਾ ਵਰਤੀ ਸੀ) ਵੀ ਆ ਨਮੂਦਾਰ ਹੋਏ। ਆਤਮ-ਵਿਗਾਸੀ, ਅਨੰਦ-ਕੇਲ-ਕੀਰਤਨੀ ਖ਼ੂਬ ਮੌਜਾਂ ਬਝੀਆਂ। ਉਧਰਲੇ ਚਹੁੰਆਂ ਹਜ਼ੂਰ ਸਾਹਿਬ ਦੇ ਯਾਤਰੂਆਂ ਨਾਲ ਇਹ ਖੇਲ ਵਰਤੀ ਕਿ ਉਹ ਹਜ਼ੂਰ ਸਾਹਿਬ ਪੁਜ ਤਾਂ ਗਏ, ਪਰ ਪੁਜਣ ਸਾਰ ਹੀ ਉਨ੍ਹਾਂ ਨੇ ਪਿਛੇ ਮੋੜੇ ਘਤ ਲਏ। ਉਨ੍ਹਾਂ ਦਾ ਇਕ ਨਿਮਖ ਮਾਤਰ ਵੀ ਉਥੇ ਰਹਿਣ ਨੂੰ ਜੀਅ ਨਾ ਕੀਤਾ, ਗੁਰੂ ਕਰਤਾਰ ਜਾਣੇ ਇਹ ਖੇਡ ਕਿਵੇਂ ਵਰਤੀ। ਪਰ ਸਾਨੂੰ ਤਾਂ ਓਦੋਂ ਹੀ ਪਤਾ ਲਗਾ, ਪਤਾ ਲਗਣ ਸਾਰ ਅਸੀਂ ਦੰਗ ਰਹਿ ਗਏ, ਜਦੋਂ ਪਟਿਆਲੇ ਵਾਲੇ ਭੋਗ ਤੇ ਅਖੰਡ ਕੀਰਤਨ ਵਿਚਕਾਰ ਉਹ ਚਾਰੇ ਯਾਤਰੂ ਮਰਜੀਵੜੇ ਵੀ ਆ ਜੁੜੇ। ਭਾਈ ਗੁਰਬਖ਼ਸ਼ ਸਿੰਘ ਜੀ ਤਾਂ ਬੜੀ ਬਿਹਬਲਤਾ ਸਹਿਤ ਆਣ ਤੁਠੇ। ਜਦੋਂ ਦੇ ਅੰਬਾਲੇ ਤੋਂ ਵਿਛੜੇ ਸਨ, ਵੀਰ ਗੁਰਬਖ਼ਸ਼ ਸਿੰਘ ਜੀ ਨੇ ਬਿਰਹੋਂ-ਵਿਛੋੜੇ ਵਿਚ ਕੁੱਠੇ ਹੋਏ ਕੁਛ ਵੀ ਖਾਨ ਪਾਨ ਨਹੀਂ ਕੀਤਾ ਸੀ। ਵੀਰ ਗੁਰਬਖ਼ਸ਼ ਸਿੰਘ ਜੀ ਦੇ ਮੁਖਾਰਬਿੰਦ ਉਤੇ ਹੋਰ ਵੀ ਦਸ ਗੁਣੇ ਆਤਮ-ਚਲੂਲੇ-ਰੰਗ ਚੜ੍ਹੇ ਹੋਏ, ਜਿਨ੍ਹਾਂ ਨੂੰ ਦੇਖਣਹਾਰੇ, ਵੇਖਣ ਸਾਰ ਹੀ ਮੌਲ ਉਠਦੇ ਸਨ। ਇਸ ਕੀਰਤਨ ਸਮਾਗਮ ਵਿਚ ਆ ਕੇ ਮੌਜ-



ਮਸਤੀਜੜੇ ਸਿਰੀ ਭਾਈ ਗੁਰਬਖ਼ਸ਼ ਸਿੰਘ ਜੀ ਦੀ ਜੁੜਨ ਦੀ ਢਿਲ ਹੀ ਸੀ, ਕੀਰਤਨ-ਰੰਗ-ਵਲਵਲਾ ਅਕੱਥਨੀਯ ਮੌਜ-ਧੁਨੀਆਂ ਵਿਚ ਗੂੰਜ ਉਠਿਆ, ਸਰੋਤੇ ਜਨਾਂ ਦੀ ਸਾਰੀ ਸੰਗਤ ਗੜੂੰਦ ਹੋ ਗਈ। ਪਤਾ ਨਹੀਂ ਕਦੋਂ ਅਤੇ ਕਿਹੜੇ ਸਮੇਂ ਭੋਗ ਪਿਆ। ਇਤਨਾ ਯਾਦ ਹੈ ਕਿ ਲੁਧਿਆਣੇ ਤੋਂ ਆਏ ਆਤਮ-ਰੰਗੀ ਪਰਤੱਖ ਸੁਨੇਹੜੇ ਭਰੀ ਸੰਗਤ ਵਿਚ ਦਿਤੇ ਜਾਣੇ ਆਰੰਭ ਹੋਏ, ਜਿਸ ਦਾ ਸੰਖੇਪ ਮਾਤ੍ਰ ਇਉਂ ਵਰਨਣ ਹੈ:

ਲੁਧਿਆਣੇ ਮਾਲਵਾ ਖ਼ਾਲਸਾ ਹਾਈ ਸਕੂਲ ਦੇ ਸਾਰੇ ਵਾਯੂ-ਮੰਡਲ ਵਿਚ ਇਕ ਸੱਨਾਟਾ ਜਿਹਾ ਛਾਇਆ ਹੋਇਆ ਹੈ ਕਿ ਭਾਈ ਗੁਰਬਖ਼ਸ਼ ਸਿੰਘ, ਲਾਲ ਸਿੰਘ ਜੀ ਆਦਿਕ ਪੰਖੜੂ ਖ਼ਬਰ ਨਹੀਂ ਕਿਤ ਵਲ ਉਡਾਰੀ ਮਾਰ ਗਏ ਸਨ। ਭਾਈ ਗੁਰਬਖ਼ਸ਼ ਸਿੰਘ ਜੀ ਦੇ ਪਿਤਾ ਜੀ (ਬੜੇ ਹੀ ਗੁਰਮੁਖ ਜਨ ਸਨ ਅਤੇ ਜੋ ਬੰਨੂ ਨਿਵਾਸੀ ਇਕ ਸਰਹੱਦੀ ਸਿਖ ਫ਼ੌਜ ਵਿਚ ਉਘੇ ਗ੍ਰੰਥੀ ਪ੍ਰਸਿਧ ਸਨ) ਬੰਨੂ ਤੋਂ ਚਲ ਕੇ ਲੁਧਿਆਣਾ ਹਾਈ ਸਕੂਲ ਦੇ ਪ੍ਰਬੰਧਕਾਂ ਪਾਸ ਆਇ ਪਹੁੰਚੇ ਸਨ ਕਿ ਭੁਝੰਗੀ ਨੂੰ ਛੇਤੀ ਹੀ ਮਿਲਾ ਦਿਓ। ਪਤਾ ਨਹੀਂ ਉਨ੍ਹਾਂ ਨੂੰ ਕਿਵੇਂ ਖ਼ਬਰ ਮਿਲੀ, ਲੁਧਿਆਣਾ ਹਾਈ ਸਕੂਲ ਵਿਚੋਂ ਭਾਈ ਗੁਰਬਖ਼ਸ਼ ਸਿੰਘ ਜੀ ਦੇ ਗੁੰਮ ਹੋਣ ਦੀ। ਇਧਰ ਫਲੇਵਾਲ ਦੇ ਅਖੰਡ ਪਾਠ ਦੇ ਸਮਾਗਮ ਤੋਂ ਗੁਪਤੋ ਗੁਪਤੀ ਗੁੰਮ ਹੋ ਜਾਣ ਦੀ ਸਰੋਤ ਨੇ ਚਾਰ ਚੁਫੇਰੇ ਸਾਰੇ ਸਿਖ ਤਬਕੇ ਵਿਚ ਇਹ ਗੱਲ ਧੁਮਾ ਦਿਤੀ ਹੋਈ ਸੀ ਕਿ ਕਿਸੇ ਅਜ਼ਗ਼ੈਬੀ ਕੋਨੇ ਵਿਚ ਫਲੇਵਾਲ ਤੋਂ ਉਡ ਕੇ ਉਡਣਹਾਰੇ ਉਡਾਰੀ ਮਾਰ ਗਏ ਹਨ। ਇਹ ਸੁਧ ਬੁਧ ਕਿਸੇ ਨੂੰ ਭੀ ਨਹੀਂ ਮਿਲੀ ਕਿ ਕਿਧਰ ਨੂੰ ਗਏ ਹਨ। ਮਨੋ ਮਨੀ ਅਤੇ ਆਤਮੋ-ਆਤਮੀ ਜਥੇ ਦੇ ਇਕ ਦੋ ਮਹਿਰਮ-ਰਾਜ਼-ਅਰੂੜ੍ਹੇ ਇਹ ਗੱਲ ਜਾਂਚ ਗਏ ਸਨ ਕਿ ਹੋਵੇ ਨ ਹੋਵੇ, ਇਸ ਸਾਰੀ ਗੁਪਤ ਖੇਡ ਦਾ ਭੇਤ ਪਟਿਆਲੇ ਜਾ ਕੇ ਖੁਲ੍ਹੇਗਾ। ਇਸ ਕਰਕੇ ਸੰਦੇਸੜੇ ਪਟਿਆਲੇ ਅਖੰਡ ਪਾਠ ਸਮਾਗਮ ਤੇ ਆਣ ਪੁਜੇ ਸਨ। ਸਿਰੀ ਭਾਈ ਗੁਰਬਖ਼ਸ਼ ਸਿੰਘ ਜੀ ਦੀ ਅੰਤਰਗਤੀ ਰੁਚੀ ਮੁੜ ਸਕੂਲੇ ਜਾਣ ਦੀ ਨਹੀਂ ਸੀ, ਪਰੰਤੂ ਉਹ ਸੰਗਤ ਦੇ ਫ਼ੈਸਲੇ ਦੇ ਅਧੀਨ ਆਗਿਆ ਪਾਲਣ ਨੂੰ ਤਤਪਰ ਸਨ। ਸਾਰੀ ਸੰਗਤ ਵਿਚ ਬੜੀ ਗੰਭੀਰਤਾ ਤੇ ਗੌਰਵਤਾ ਸਹਿਤ ਵੀਚਾਰ ਹੋਈ ਕਿ ਇਨ੍ਹਾਂ ਭੁਝੰਗੀਆਂ ਦਾ ਮੁੜ ਸਕੂਲੇ ਜਾਣਾ ਠੀਕ ਹੈ ਜਾਂ ਕਿਵੇਂ ਹੋਰਵੇਂ ? ਓੜਕ ਸਰਬ ਸੰਮਤੀ ਨਾਲ ਇਹ ਫ਼ੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਮਰ ਵਾਕ ਇਸ ਪ੍ਰਥਾਇ ਲਿਆ ਜਾਵੇ। ਤਾਂ ਤੇ ਵਾਕ ਲਿਆ ਗਿਆ, ਉਸ ਵਾਕ ਦੀ ਇਹ ਤੁਕ ਮੈਨੂੰ ਯਾਦ ਹੈ ਜੋ ਹੁਣ ਤਕ ਰੜਕਦੀ ਰਹੀ – "ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ"।* ਇਸ ਗੁਰਵਾਕ ਦੀ ਰੌਸ਼ਨੀ ਅੰਦਰ ਸਾਰੀ ਸੰਗਤ ਦੀ ਸੰਮਤੀ ਇਹ ਹੋਈ

---

*ਭੈਰਉ ਮ: ੩, ਪੰਨਾ ੧੧੩੩

WWW.AKJ.ORG

WWW.AKJ.ORG


ਕਿ ਅਜੇ ਇਸ ਮਰਜੀਵੜੇ ਗੁਰਬਖ਼ਸ਼ ਸਿੰਘ ਜੀ ਦੀ ਸਤਿਸੰਗਤ ਸਪਰਸ਼ ਦੀ ਪਾਰਸ ਕਲਾ ਦੁਆਰਾ ਹੋਰ ਵੀ ਵਿਦਿਆਰਥੀ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹਨਗੇ। ਤਾਂ ਤੇ ਮੁਡ ਕੇ ਭੁਝੰਗੀ ਗੁਰਬਖ਼ਸ਼ ਸਿੰਘ ਜੀ ਹੋਰਾਂ ਨੂੰ ਲੁਧਿਆਣੇ ਖ਼ਾਲਸਾ ਹਾਈ ਸਕੂਲ ਵਿਚ ਲੈ ਜਾਣਾ ਹੀ ਪਰਮ ਸੁਖਦਾਈ ਅਤੇ ਲਾਭਦਾਇਕ ਹੈ। ਇਹ ਫ਼ੈਸਲਾ ਸੁਣ ਕੇ ਲੁਧਿਆਣੇ ਤੋਂ ਸੰਦੇਸ਼ਾ ਲਿਆਵਣ ਵਾਲੇ ਦੂਤਾਂ ਦੀ ਖ਼ੁਸ਼ੀ ਦੀ ਕੋਈ ਹਦ ਨਾ ਰਹੀ। ਉਹ ਤੁਰਤੋ ਫੁਰਤੀ ਹੀ ਓਥੋਂ ਮੁੜ ਗਏ, ਲੁਧਿਆਣਾ ਜਾਇ ਸ਼ੁਭ ਖ਼ਬਰ ਸੁਣਾਈ, ਕਿ ਭੁਝੰਗੀ ਗੁਰਬਖ਼ਸ਼ ਸਿੰਘ ਜੀ ਹੋਰੀ ਮੁੜ ਆ ਰਹੇ ਹਨ।

**ਲੁਧਿਆਣੇ ਦੇ ਕੌਤਕ -**

ਦੂਜੇ ਦਿਨ ਲੁਧਿਆਣੇ ਖਾਲਸਾ ਹਾਈ ਸਕੂਲ ਦੇ ਗੁਰਵਦਾਰੇ ਵਿਖੇ ਸਾਰੀ ਸੰਗਤ ਆਇ ਜੁੜੀ। ਨ ਕੇਵਲ ਖ਼ਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾ ਦੀ ਸੰਗਤ ਜੁੜੀ, ਬਲਕਿ ਲੁਧਿਆਣੇ ਦੇ ਹੋਰਨਾਂ ਆਸ਼੍ਰਮਾਂ ਦੇ ਸਿਖ ਵਿਦਿਆਰਥੀ ਅਤੇ ਅਧਿਆਪਕ ਵੀ ਆ ਜੁੜੇ। ਮਾਲਵਾ ਖ਼ਾਲਸਾ ਹਾਈ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਸਾਰੇ ਸਿਖ ਮੈਂਬਰ ਵੀ ਚਾਇ ਚਾਈਲੇ ਹੋ ਕੇ ਆਣ ਵੁਠੇ। ਏਧਰੋਂ ਅਸੀਂ ਪਟਿਆਲੇ ਤੋਂ ਮਰਜੀਵੜੇ ਸਜਣ ਗੁਰਬਖ਼ਸ਼ ਸਿੰਘ ਜੀ ਹੋਰਾਂ ਨੂੰ ਨਾਲ ਲੈ ਕੇ ਲੁਧਿਆਣੇ ਰੇਲਵੇ ਸਟੇਸ਼ਨ ਤੇ ਆ ਉਤਰੇ। ਉਤਰਨ ਸਾਰ ਸਾਨੂੰ ਪਤਾ ਲਗਾ, ਕਿ ਖ਼ਾਲਸਾ ਹਾਈ ਸਕੂਲ ਦੇ ਗੁਰਦਵਾਰੇ ਵਿਖੇ ਸਾਰੀ ਸੰਗਤ ਆਇ ਜੁੜੀ ਹੈ, ਜਿਹੜੀ ਸਾਡਾ ਰਾਹ ਤਕ ਰਹੀ ਹੈ। ਪ੍ਰੇਮ ਰੰਗੀ ਮੌਜ ਦੀਆਂ ਲਟਕਾਂ ਵਿਚ ਭਾਈ ਗੁਰਬਖ਼ਸ਼ ਸਿੰਘ ਜੀ ਨੂੰ ਨਾਲ ਲੈ ਕੇ ਅਸੀਂ ਸਟੇਸ਼ਨ ਤੋਂ ਜੁੜੀ ਸੰਗਤ ਦੇ ਮਜਮੇ ਵਾਲੀ ਸੰਗਤ ਵਲ ਧਾਈ ਕਰਕੇ ਜਾ ਰਹੇ ਹਾਂ ਕਿ ਅਧਵਾਟੇ ਵਿਚ ਜਾ ਕੇ, ਤੁਰੇ ਜਾਂਦਿਆਂ ਦੀ ਜਦੋਂ ਸਾਡੀ ਅੱਖ ਉਘੜੀ, ਤਾਂ ਕੀ ਦੇਖਦੇ ਹਾਂ ਕਿ ਵੀਰ ਗੁਰਬਖ਼ਸ਼ ਸਿੰਘ ਜੀ ਹੀ ਵਿਚ ਹੈ ਨਹੀਂ। ਹੈਰਾਨ ਸਾਂ ਕਿ ਕੀ ਸੁਗਾਤ ਜਾ ਕੇ ਹਾਜ਼ਰ ਕਰਾਂਗੇ। ਸਾਡੀ ਹੈਰਾਨੀ ਪਰੇਸ਼ਾਨੀ ਦੇਖ ਕੇ ਮੋਗਾ ਨਿਵਾਸੀ ਸਿਰੀ ਅਵਧੂਤ ਭਾਈ ਆਤਮਾ ਸਿੰਘ ਜੀ ਬੋਲ ਉਠੇ, "ਹੈਰਾਨ ਪਰੇਸ਼ਾਨ ਹੋਣ ਦੀ ਕੀ ਗੱਲ ਹੈ, ਹੁਣੇ ਹੀ ਗੁਪਤ ਉਡਾਰੀ ਮਾਰ ਗਏ ਗੁਰਮੁਖ ਪਿਆਰੇ ਗੁਰਬਖ਼ਸ਼ ਸਿੰਘ ਜੀ ਅਗੰਮ ਤੋਂ ਆ ਉਤਰਨਗੇ।" ਗੁਰਮੁਖ ਵੀਰ ਸਿਰੀ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ 'ਅਵਧੂਤ ਜੀ' ਉਨ੍ਹਾਂ ਦਿਨਾਂ ਵਿਚ ਬੜੀ ਹੀ ਆਤਮ-ਪ੍ਰਮਾਤਮੀ ਰੰਗਾਂ ਵਾਲੀ ਕਲਾ ਵਿਚ ਖੇਡ ਰਹੇ ਸਨ। ਉਨ੍ਹਾਂ ਦੇ ਨਾਮ-ਰੰਗਾਂ ਦੇ ਤੁਫ਼ੈਲ ਰਿਧੀ ਸਿਧੀ ਤਾਂ ਭਾਈ ਆਤਮਾ ਸਿੰਘ ਜੀ ਦੇ ਬਾਵੇਂ ਅੰਗ ਖੇਡ ਰਹੀ ਸੀ। ਅਸੀਂ ਬੜੀ ਬਿਹਬਲਤਾ ਸਹਿਤ ਸਿਰੀ ਭਾਈ ਆਤਮਾ ਸਿੰਘ ਜੀ ਦੇ ਚੇਹਰੇ ਵਲ ਝਾਕੇ ਤੇ ਅੰਤਰਗਤੀ ਬੇਨਤੀ ਕੀਤੀ ਕਿ ਝਾਤੀ ਮਾਰੋ, ਝਾਤੀ ਮਾਰ ਕੇ ਪਤਾ ਕਰੋ, ਕਿ ਭਾਈ



ਗੁਰਬਖ਼ਸ਼ ਸਿੰਘ ਜੀ ਕਿਥੇ ਚਲੇ ਗਏ ਹਨ। ਆਗਿਆ-ਪਾਲਕ ਅਵਧੂਤ ਜੀ ਨੇ ਬੜੀ ਗੁਰਮੁਖਤਾ ਸਹਿਤ ਇਕ ਦੋ ਮਿੰਟ ਲਈ ਖੜੇ ਖੜੋਤੇ ਹੀ ਸਮਾਧੀ-ਸਥਿਤ ਹੋ ਕੇ ਬੜੀ ਦ੍ਰਿੜ੍ਹਤਾ ਸਹਿਤ ਉੱਤਰ ਦਿੱਤਾ ਕਿ ਵੀਰ ਗੁਰਬਖ਼ਸ਼ ਸਿੰਘ ਜੀ ਇਕ ਦਰਿਆ ਦੇ ਕਿਨਾਰੇ ਇਕ ਸਰਕੜੇ ਦੇ ਬੂਝੇ ਪਾਸ ਤਾੜੀ ਲਾਈ ਬੈਠੇ ਹਨ, ਮੈਂ ਹੁਣੇ ਜਾ ਕੇ ਉਨ੍ਹਾਂ ਨੂੰ ਲੈ ਆਉਂਦਾ ਹਾਂ। ਉਹ ਤੁਰਤੋ ਫੁਰਤੀ ਚਲੇ ਗਏ, ਅਸੀਂ ਉਥੇ ਹੀ ਆਤਮ-ਰੰਗਾਂ ਵਿਚ ਗੜੂੰਦ ਹੋਏ ਖਲੋਤੇ ਰਹੇ। ਜਦੋਂ ਅੱਖ ਉਘੜੀ ਤਾਂ ਪਤਾ ਲਗਾ ਕਿ ਭਾਈ ਆਤਮਾ ਸਿੰਘ ਜੀ ਗੁਰਮੁਖ ਪਿਆਰੇ ਗੁਰਬਖ਼ਸ਼ ਸਿੰਘ ਜੀ ਨੂੰ ਨਾਲ ਲਈ ਆ ਰਹੇ ਹਨ। ਫੇਰ ਜਫੀਆਂ ਪਾ ਕੇ ਮਿਲੇ, ਏਵੇਂ ਜਿਵੇਂ ਚਿਰਾਂ ਦੇ ਵਿਛੜੇ ਮਿਲੇ ਹੁੰਦੇ ਹਨ। ਕੰਘੀਆਂ ਪਾ ਕੇ ਫੇਰ ਗੁਰਦਵਾਰੇ ਦੀ ਜੁੜੀ ਸੰਗਤ ਵਲ ਨੂੰ ਸਾਰੇ ਤੁਰ ਪਏ।

ਅਗੇ ਕੀ ਦੇਖਦੇ ਹਾਂ ਕਿ ਗੁਰਦਵਾਰੇ ਸਾਰੀ ਸੰਗਤ ਜੁੜੀ ਬੈਠੀ ਹੈ ਅਤੇ ਕੀਰਤਨ ਕਰ ਰਹੀ ਹੈ। ਅਸੀਂ ਵੀ ਏਧਰੋਂ ਕੀਰਤਨ ਕਰਦੇ ਗਏ, ਵੀਰ ਗੁਰਬਖ਼ਸ਼ ਸਿੰਘ ਜੀ ਸਭ ਤੋਂ ਮੂਹਰੇ ਸਨ, ਬੜੇ ਹੀ ਆਤਮ-ਤਰੰਗੀ ਮੌਜਾਂ ਵਿਚ ਕੀਰਤਨ-ਧੁਨੀਆਂ ਦੀਆਂ ਆਤਮ-ਧੁਨਾਂ ਗੁੰਜਾ ਰਹੇ ਸਨ, ਸੀਸ ਉਤੇ ਕਾਲਾ ਦੁਮਾਲਾ ਸਜਾਇਆ ਹੋਇਆ, ਆਸਨ ਦੀ ਬੁਕਲ ਮਾਰੀ ਹੋਈ, ਤੇੜ ਕਛਹਿਰਾ ਹੀ ਕਛਹਿਰਾ, ਪਜਾਮਾ ਕੋਈ ਨਹੀਂ। ਚੱਕਰ ਕ੍ਰਿਪਾਨਾਂ ਆਦਿਕ ਸ਼ਸਤਰਾਂ ਨਾਲ ਸਜੇ ਹੋਏ, ਉਸ ਸਿਧੇ ਸਾਦੇ, ਸਾਦ ਮੁਰਾਦੇ ਗੁਰਮੁਖ ਵੇਸ ਵਿਚ ਪਿਆਰੇ ਗੁਰਬਖ਼ਸ਼ ਸਿੰਘ ਸਾਰੀ ਸ੍ਰਿਸ਼ਟੀ ਦੇ ਚੱਕਰਵਰਤੀ ਰਾਜੇ ਪ੍ਰਤੀਤ ਹੁੰਦੇ ਸਨ। ਚਿਹਰੇ ਉਤੇ ਉਹ ਜੁਲ-ਜੁਲਾਲੀ ਜਮਾਲ ਆਇਆ ਹੋਇਆ ਕਿ ਦੇਖਣਹਾਰਿਆਂ ਤੋਂ ਝਲਿਆ ਨ ਜਾਵੇ। ਸਰੀਰ ਦੀ ਰੂਪ-ਕਰਾਂਤੀ ਦਗ ਦਗਾ ਰਹੀ ਸੀ, ਬਾਲੜੀ ਆਯੂ ਅਵਸਥਾ, ਅਜੇ ਦਾੜ੍ਹੇ ਦੀ ਲੂਈਂ ਵੀ ਨਹੀਂ ਫੁਟੀ ਸੀ, ਅੱਖਾਂ ਮੀਟੀਆਂ ਹੋਈਆਂ, ਅਗੰਮੀ ਨਾਮ ਦੇ ਨਸ਼ੇ ਚੜ੍ਹੇ ਹੋਏ, ਜੁੜੀ ਸੰਗਤ ਵਿਚ ਪ੍ਰਕਾਸ਼ਤ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਰਭਾਗ ਧੜੰਮ ਕਰਕੇ ਡੰਡਉਤ ਪਰਨੇ ਡਿਗ ਕੇ ਜਾ ਮੱਥਾ ਟੇਕਿਆ। ਸਾਵਧਾਨ ਹੋਣ ਸਾਰ ਗੁਰ-ਸ਼ਬਦ ਦੀ ਕੀਰਤਨ-ਧੁਨੀ ਐਸੀ ਦਿਲ-ਚੀਰਵੀਂ ਲੈਅ ਵਿਚ ਗੁੰਜਾਈ ਕਿ ਸਾਰੀ ਜੁੜੀ ਹੋਈ ਸੰਗਤ ਅਜ਼-ਬਸ ਹੋ ਕੇ ਝੂਮਣ ਤੇ ਝੂਲਣ ਲਗ ਪਈ। ਇਕ ਪਾਸੇ ਵੀਰ ਗੁਰਬਖ਼ਸ਼ ਸਿੰਘ ਨਾਲ ਜੁੜ ਕੇ ਅਸੀਂ ਸ਼ਬਦ ਪੜ੍ਹੀਏ, ਦੂਜੇ ਪਾਸੇ ਸਾਰੀ ਸੰਗਤ ਪੜ੍ਹੇ। ਇਹ ਜੋਟੀਆਂ ਦਾ ਸ਼ਬਦ ਸਮਾਪਤ ਹੋਣ ਦੀ ਦੇਰ ਹੀ ਸੀ ਕਿ ਸੰਗਤ ਵਿਚ ਜੁੜੇ ਹੋਏ ਅਨੇਕਾਂ ਵਿਦਿਆਰਥੀ ਅੰਮ੍ਰਿਤ ਛਕਣ ਦੇ ਅਭਿਲਾਖੀ ਹੋ ਕੇ ਜੋਦੜੀਆਂ ਕਰਦੇ ਉਠ ਖੜੇ ਹੋਏ ਅਤੇ ਉਠ ਕੇ ਜੋਦੜੀਆਂ ਕਰਨ ਲਗੇ। ਖਾਲਸਾ ਹਾਈ ਸਕੂਲ ਦੇ ਸੈਕੰਡ-ਮਾਸਟਰ ਸਿਰੀ ਭਾਈ ਹਰਿਭਗਤ ਸਿੰਘ ਜੀ ਨੇ ਐਨ ਉਸ ਸਮੇਂ ਸਾਰੀ ਸੰਗਤ ਵਿਚ ਉਠ ਕੇ ਐਲਾਨ ਕਰ ਦਿਤਾ, ਕਿ ਕੱਲ੍ਹ ਨੂੰ ਦੂਜੇ ਦਿਨ ਹੀ ਉਨ੍ਹਾਂ ਦੇ ਗ੍ਰਿਹਿ ਵਿਖੇ

WWW.AKJ.ORG

WWW.AKJ.ORG


ਅਖੰਡ ਪਾਠ ਦੀ ਸਮਾਪਤੀ ਪਰ ਉਥੇ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਜਾਵੇਗਾ, ਸਾਰੀ ਸੰਗਤ ਤੇ ਖ਼ਾਸ ਕਰ ਅੰਮ੍ਰਿਤ-ਅਭਿਲਾਖੀ ਆ ਹਾਜ਼ਰ ਹੋਵਣ।

ਅਖੰਡ ਪਾਠ ਅਰੰਭ ਹੋ ਗਿਆ, ਸੈਕੰਡ ਮਾਸਟਰ ਦੇ ਘਰ। ਆਸਾਵੰਤਿਆਂ ਦੀ ਇਹ ਆਸਾ ਭਾਵਨੀ ਸੀ ਕਿ ਇਸ ਸਾਰੇ ਸਮਾਗਮ ਵਿਚ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ, ਪਿਆਰੇ ਪਿਆਰਾ ਸਿੰਘ ਜੀ, ਸਿਰੀ ਭਾਈ ਹਰਿਬਚਨ ਸਿੰਘ 'ਦੂਲੇਸ਼ਰ' ਜ਼ਰੂਰ ਆ ਸ਼ਾਮਲ ਹੋਣ। ਸੋ ਅਜੇ ਸ੍ਰੀ ਅਖੰਡ ਪਾਠ ਨਮਿਤ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਹੀ ਹੋਇਆ ਸੀ, ਕਿ ਉਕਤ ਤਿੰਨੇ ਗੁਰਮੁਖ ਜਨ ਇਕ ਅਗੰਮੀ ਖਿੱਚ ਨਾਲ ਅੰਬਾਲੇ ਛਾਉਣੀ ਤੋਂ ਆ ਸ਼ਾਮਲ ਹੋਏ। ਸੰਤ ਹੀਰਾ ਸਿੰਘ ਜੀ ਦਾਊਦਪੁਰ ਵਾਲੇ ਭੀ ਕਿਧਰੋਂ ਅਗੰਮੋਂ ਹੀ ਆ ਜੁੜੇ। ਉਧਰੋਂ ਪਟਿਆਲੇ ਤੋਂ ਸਿਰੀ ਭਾਈ ਗੁਰਮੁਖ ਪਿਆਰੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਆਣ ਦੀਦਾਰ-ਪਜ਼ੀਰ ਹੋਏ। ਸੱਤੇਂ ਦਾ ਸਾਹਾ ਜੁੜ ਗਿਆ। ਖ਼ੂਬ ਅਖੰਡ ਕੀਰਤਨ ਹੋਏ। ਅਖੰਡ ਕੀਰਤਨ ਆਸਾ ਜੀ ਦੀ ਵਾਰ ਦੇ ਭੋਗ ਪਏ ਤੇ ਅਖੰਡ ਪਾਠ ਅਰੰਭ ਹੋਇਆ, ਪਹਿਲੇ ਅਖੰਡ ਪਾਠਾਂ ਦੀ ਮਾਹੀਅਤ ਵਿਚ ਹੀ ਅਰੰਭ ਹੋਇਆ। ਆਦਿ, ਮਧਿ, ਅੰਤ ਹਰ ਸਮੇਂ ਹੀ ਸਰੋਤੇ ਜਨਾਂ ਦੀ ਸੰਗਤ ਢਕੋ ਢਕ ਜੁੜੀ ਰਹੀ, ਖ਼ਾਸ ਕਰ ਜਦੋਂ ਸੁਥਰੀਸ਼ਰ ਭਾਈ ਗੁਰਬਖ਼ਸ਼ ਸਿੰਘ ਜੀ ਦੀ ਰੋਲ ਸ੍ਰੀ ਅਖੰਡ ਪਾਠ ਦੀ ਆਵੇ, ਉਦੋਂ ਤਾਂ ਪ੍ਰੇਮੀ ਸਰੋਤੇ ਜਨਾਂ ਦੇ ਸਮੂਹ ਸਮੁਦਾਇ ਦਾ ਇਕ ਝੂਲਦੀਆਂ ਲਹਿਰਾਂ ਵਾਲਾ ਸਮੁੰਦਰ ਠਾਠਾਂ ਮਾਰਨ ਲਗ ਪਵੇ। ਅੰਮ੍ਰਿਤ-ਅਭਿਲਾਖੀ ਜਨ ਤਾਂ ਐਸੇ ਉਮਾਹੇ ਉਮਡਾਏ ਹੋਏ ਸਨ, ਕਿ ਮੁਢ ਤੋਂ ਸਮਾਧ-ਸਥਿਤ ਜੁੜ ਕੇ ਡਟ ਗਏ ਅਤੇ ਫੇਰ ਉਠੇ ਹੀ ਨਹੀਂ। ਅਖੰਡ ਪਾਠ ਸਮਾਪਤ ਹੋਣ ਪਰ ਅਖੰਡ ਕੀਰਤਨ ਫੇਰ ਅਰੰਭ ਹੋ ਗਿਆ ਅਤੇ ਅਖੰਡ ਕੀਰਤਨ ਦੇ ਭੋਗ ਦੀ ਸਮਾਪਤੀ ਪਰ ਉਸ ਮੰਡਲ ਅੰਦਰ ਪੰਜੇ ਅਖੰਡ ਪਾਠੀ, ਪੰਜੇ ਪਿਆਰੇ ਅਤੇ ਅੰਮ੍ਰਿਤ-ਅਭਿਲਾਖੀ ਜਨ ਹੀ ਰਹਿ ਗਏ। ਹੋਰ ਸਾਰੀ ਸੰਗਤ ਬਾਹਰ ਪਧਾਰ ਗਈ।

ਅੰਮ੍ਰਿਤ-ਭਿੰਨੜੀ-ਲਸ਼ਕ-ਲਹਿਰ ਵਾਲੇ ਗੁਰਮੁਖ ਪਿਆਰੇ ਨਵ-ਬਾਲੜੇ, ਸਭਨਾਂ ਦੇ ਅਜ਼ੀਜ਼ ਅਤੇ ਸਭਨਾਂ ਦੀਆਂ ਅਖੀਆਂ ਦੇ ਤਾਰੇ ਭਾਈ ਗੁਰਬਖ਼ਸ਼ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਚੌਰ-ਬਰਦਾਰ ਹੋ ਕੇ ਲਿਸ਼ਕਾਰੇ ਮਾਰਨ ਲਗੇ। ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਗਰਭਾਗ ਪੰਜੇ ਪਿਆਰੇ ਅੰਮ੍ਰਿਤ-ਸੰਚਾਰ ਦੀ ਸਾਰੀ ਸਮੱਗਰੀ ਲਈ ਤਿਆਰ-ਬਰ-ਤਿਆਰ ਹੋਏ ਬੈਠੇ ਹਨ। ਦੂਜੇ ਕਮਰੇ ਵਿਚ ਕੋਈ ਡੇਢ ਸੌ ਦੇ ਕਰੀਬ ਅੰਮ੍ਰਿਤ-ਅਭਿਲਾਖੀ ਜਨ ਅੰਮ੍ਰਿਤ-ਬੂੰਦ ਦੇ ਪਿਆਸੇ ਹੋ ਕੇ ਉਡੀਕਵਾਨ ਹੋ ਕੇ ਖਲੋਤੇ ਹਨ। ਇਕ ਇਕ ਕਰਕੇ ਉਨ੍ਹਾਂ ਅੰਮ੍ਰਿਤ-ਅਭਿਲਾਖੀਆਂ ਵਿਚੋਂ ਪੰਜਾਂ ਪਿਆਰਿਆਂ ਦੇ ਪੇਸ਼ ਹੋਇਆ। ਜੋ ਆਵੇ, ਉਸ ਦੀ ਇਕ-ਟਕ ਨਜ਼ਰ ਗੁਰੂ ਸਾਹਿਬ ਦੇ ਤਾਬੇ ਬੈਠੇ ਰਾਜ ਦੁਲਾਰੇ ਵਲ ਜਾਵੇ। ਸੋਧ ਸੁਧਾਈ



ਅਰੰਭ ਹੋਈ, ਡੇਢ ਸੌ ਅਭਿਲਾਖੀਆਂ ਵਿਚੋਂ ਕੇਵਲ ੩੮ ਹੀ ਪਾਸ ਹੋਏ, ਬਾਕੀਆਂ ਵਾਸਤੇ ਫੇਰ ਸਮਾਂ ਨੀਯਤ ਹੋਇਆ। ਅਜੇ ਉਨ੍ਹਾਂ ਦੀ ਤੜਫ਼ ਹੋਰ ਵਧਣ ਦਿਤੀ ਜਾਵੇ, ੩੮ ਅੰਮ੍ਰਿਤ-ਅਭਿਲਾਖੀਆਂ ਦੇ ਨਿਤਰੇ ਪੂਰ ਵਿਚੋਂ ਕਈ-ਇਕ ਨਿਖਰਵੇਂ ਸਜਣਾਂ ਦੇ ਨਾਮ ਜੋ ਯਾਦ ਹਨ, ਸੋ ਲਿਖੇ ਜਾਂਦੇ ਹਨ:

੧) ਸਿਰੀ ਭਾਈ ਇਕਬਾਲ ਸਿੰਘ ਪਿੰਡ ਬੋਪਾਰਾਇ (ਲੁਧਿਆਣਾ), ੨) ਸਿਰੀ ਭਾ: ਪ੍ਰਧਾਨ ਸਿੰਘ ਪਿੰਡ ਜੰਡੀ (ਲੁਧਿਆਣਾ), ੩) ਸਿਰੀ ਭਾਈ ਕੇਹਰ ਸਿੰਘ, ੪) ਸਿਰੀ ਭਾਈ ਸੁੰਦਰ ਸਿੰਘ ਘੁਮਾਣ (ਲੁਧਿਆਣਾ), ੫) ਸਿਰੀ ਭਾਈ ਨਿਕੜੇ ਵੀਰ ਸੰਤਾ ਸਿੰਘ 'ਮੁਸਾਪੁਰੀਏ' (ਜ਼ਿਲਾ ਜਲੰਧਰ), ੬) ਸਿਰੀ ਭਾਈ ਨਿਰਭੈ ਸਿੰਘ ਜੀ ਲਲਤੋਂ ਵਾਲੇ, ਆਦਿ ਪ੍ਰੇਮੀ ਜਨਾਂ ਦਾ ਜੁੜਵਾਂ ਜੁਟ ਸੀ। ਇਨ੍ਹਾਂ ਦਵਾਰਾ ਫੇਰ ਹੋਰ ਪੂਰਾਂ ਦੇ ਪੂਰ ਤਿਆਰ ਹੋਏ।

ਖਾਲਸਾ ਹਾਈ ਸਕੂਲ ਲੁਧਿਆਣਾ ਵਿਖੇ ਇਸ ਬਿਧਿ ਅਮਰ ਜੀਵੜੇ ਭੁਝੰਗੀ ਜਨਾਂ ਦੇ ਪੂਰਾਂ ਦੇ ਪੂਰ ਤਿਆਰ ਹੋ ਗਏ। ਸਾਰੇ ਹੀ ਕੀਰਤਨੀ ਜਨ ਹਨ, ਸਾਰੇ ਨਿਤਨੇਮੀ ਪ੍ਰੇਮੀ ਹਨ, ਗੁਰਮੁਖ ਪਿਆਰਿਆਂ ਦੀ ਰਹਿਤ ਬਹਿਤ ਵਿਚ ਸਾਰੇ ਹੀ ਤਤਪਰ ਹਨ। ਕੰਮਾਂ ਤੇ ਸਕੂਲਾਂ ਦੀ ਪੜ੍ਹਾਈਆਂ ਤੋਂ ਸਰੇਸ਼ਟ ਤੇ ਮੁਖੀ ਕੰਮ ਸਮਝ ਕੇ ਸਾਰੇ ਹੀ ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਸੌਚ ਇਸ਼ਨਾਨ ਕਰਦੇ ਹਨ ਅਤੇ ਗੁਰਦੁਆਰੇ ਵਿਖੇ ਜੁੜ ਕੇ ਨਿਤਨੇਮ ਬਾਣੀਆਂ ਦੀਆਂ ਪ੍ਰੇਮ-ਧੁਨੀਆਂ ਧੁਨਾਵਣ ਪਸਚਾਤ ਨਿਤਾਪ੍ਰਤਿ ਸਿਰੀ ਆਸਾ ਜੀ ਦੀ ਵਾਰ ਦੇ ਅਖੰਡ ਕੀਰਤਨ ਕਰਦੇ ਹਨ। ਫੇਰ ਰਹਿੰਦਾ ਸਮਾਂ ਪੜ੍ਹਾਈਆਂ ਵਿਚ ਦਿੰਦੇ ਹਨ। ਸਕੂਲ ਦੀਆਂ ਜਮਾਤਾਂ ਵਿਚ ਜਾ ਕੇ ਬਰਾਏਨਾਮ ਬੈਠੇ ਰਹਿੰਦੇ ਹਨ। ਚਿਤ ਬਿਰਤੀ ਨਿਰੰਕਾਰ ਦੀ ਯਾਦ ਵਿਚ ਸਭ ਦੀ ਅਰੂੜ੍ਹ ਰਹਿੰਦੀ ਹੈ। ਉਪਰੋਂ ਉਪਰੋਂ ਸਕੂਲ-ਪੜ੍ਹਾਈਆਂ ਦਾ ਠਾਠਾ ਬਾਗਾ ਵੀ ਕਰਦੇ ਹਨ, ਗੁਰਮੁਖ ਜਨ ਸਕੂਲ-ਮਾਸਟਰ ਬੜੀਆਂ ਫ਼ਿਕਰ-ਚਿੰਤਾਵਾਂ ਵਿਚ ਪੈਂਦੇ ਹਨ ਕਿ ਇਨ੍ਹਾਂ ਬਾਲਕਾਂ ਦਾ ਜੀਵਨਾ ਪੜ੍ਹੀਵਨਾ ਕੈਸੇ ਤੋੜ ਨਿਭੇਗਾ! ਗੁਰੂ ਦੀ ਨੇਤ ਐਸੀ ਹੋਈ ਕਿ ਸਕੂਲ ਦੇ ਸਾਲਾਨਾ ਇਮਤਿਹਾਨਾਂ ਵਿਚ ਇਹ ਸਾਰੇ ਦੇ ਸਾਰੇ ਗੁਰਮੁਖ ਭੁਝੰਗੀ ਸਭ ਤੋਂ ਚੰਗੇ ਨੰਬਰਾਂ ਵਿਚ ਪਾਸ ਹੋਏ। ਪ੍ਰੰਤੂ ਨੁਕਤਾਚੀਨਾਂ ਦੀ ਦੰਦ-ਕਥਾ ਫੇਰ ਵੀ ਨਹੀਂ ਜਾਂਦੀ, ਕਿਉਂਕਿ ਇਹ ਸਾਰੇ ਅੰਮ੍ਰਿਤਧਾਰੀ ਭੁਝੰਗੀ ਗਾਤਰੇ ਦੀਆਂ ਕ੍ਰਿਪਾਨਾਂ ਲਾ ਕੇ ਸਕੂਲੇ ਜਾਂਦੇ ਸਨ। ਉਨ੍ਹੀਂ ਦਿਨੀਂ ਗਾਤਰੇ ਵਾਲੀ ਕ੍ਰਿਪਾਨ ਲਾ ਕੇ ਸਕੂਲੇ ਜਾਣਾ ਵੀ ਬੜਾ ਜੁਰਮ ਸਮਝਿਆ ਜਾਂਦਾ ਸੀ। ਇਨ੍ਹਾਂ ਭੁਝੰਗੀਆਂ ਨੂੰ ਤਾਂ ਸ਼ਸਤਰ ਬਸਤਰ ਸਜਾ ਕੇ ਸਕੂਲੇ ਜਾਣ ਦੀ ਐਸੀ ਚੇਪ ਪਈ ਹੋਈ ਸੀ ਕਿ ਕਿਸੇ ਦੀ ਭੀ ਉਨ੍ਹਾਂ ਨੂੰ ਹਟਾਵਣ ਦੀ ਜੁਰਅਤ ਨਹੀਂ ਹੁੰਦੀ ਸੀ। ਸਭੇ ਪ੍ਰਬੰਧਕ ਜਨ ਸਕੂਲ ਦੇ ਹਮਦਰਦ ਸਦਾਵਣ ਵਾਲੇ ਨੇਤਾ ਜਨ ਇਹੀ ਆਖਣ ਪਾਖਣ ਕਿ ਭਾਈ ਗੁਰਬਖ਼ਸ਼ ਸਿੰਘ ਮੁੜ ਕੇ ਸਕੂਲੇ

WWW.AKJ.ORG

WWW.AKJ.ORG


ਕਾਹਦਾ ਲਿਆਂਦਾ, ਇਨ੍ਹਾਂ ਨੇ ਤਾਂ ਪ੍ਰਮਾਰਥੀ ਚਾਟੜਿਆਂ ਦੀ ਚਟਸਾਲ ਹੀ ਸਕੂਲ ਨੂੰ ਬਣਾ ਦਿਤਾ। ਸਚਮੁਚ ਸਾਰੇ ਵਿਦਿਆਰਥੀ ਭੀ ਵਿਗਾੜ ਦਿਤੇ।

ਭਾਈ ਪੂਰਨ ਸਿੰਘ ਜੀ 'ਜਨੇਤਪੁਰ' ਵਾਲਿਆਂ ਨੇ ਵਖਰਾ ਲੰਗਰ ਸਰਬਲੋਹ ਬਿਬੇਕ ਦਾ ਆਰੰਭ ਕਰ ਦਿਤਾ, ਜਿਸ ਵਿਚ ਸਮੁਚੇ ਰਹਿਤ ਬਿਬੇਕ ਉਤਸ਼ਾਹੀ ਭੁਝੰਗੀ ਜਨ ਲੰਗਰ ਛਕਿਆ ਕਰਨ ਤੇ ਭਾਈ ਪੂਰਨ ਸਿੰਘ ਜੀ ਅਹਿਨਿਸੀ ਨਿਸ਼ਕਾਮ ਸੇਵਾ ਵਿਚ ਹੀ ਜੁਟੇ ਰਹਿਣ। ਉਨ੍ਹਾਂ ਨੂੰ ਤਾਂ ਸਕੂਲ ਜਾਣ ਦੀ ਵੀ ਸੁਧ ਬੁਧ ਭੁਲ ਗਈ। ਬੜੇ ਹੀ ਉਚੇ ਅਤੇ ਸਮੁਚੇ ਸਿਦਕ ਵਾਲਾ ਅੰਨ੍ਹਾ ਨਿਸਚਾ ਗੁਰਮਤਿ ਅਸੂਲਾਂ ਉਤੇ ਰਖਦੇ ਸਨ। ਅੰਨ੍ਹੇ ਨਿਸਚੇ ਦਾ ਇਹ ਭਾਵ ਨਹੀਂ ਕਿ ਅੰਧਾ ਧੁੰਧ ਹੀ ਨਿਸਚਾ ਕਰ ਬੈਠੇ ਸਨ। ਬਲਕਿ ਅੰਨ੍ਹੇ ਨਿਸਚੇ ਦਾ ਇਹ ਭਾਵ ਹੈ ਕਿ ਗੁਰਮਤਿ ਅਸੂਲਾਂ ਦੀ ਭਾਉ-ਭਾਵਨੀ ਉਤੇ ਤਤਪਰ ਹੋ ਕੇ ਲੋਹੇ ਦੀ ਲੱਠ ਵਾਂਗੂੰ ਤਿਨ੍ਹਾਂ ਅਸੂਲਾਂ ਉਤੇ ਤਿਆਰ-ਬਰ-ਤਿਆਰ ਰਹਿਣ ਵਾਲੇ ਇਹ ਭਾਈ ਪੂਰਨ ਸਿੰਘ ਜੀ ਸਨ। ਸਿਮਰਨ ਵਿਚ ਐਸੇ ਤਤਪਰ ਕਿ ਕਦੇ ਸੌਂਦੇ ਦਿਸਦੇ ਹੀ ਨਹੀਂ ਸਨ। ਭਾਈ ਗੁਰਬਖ਼ਸ਼ ਸਿੰਘ ਜੀ ਦੇ ਸਨਮੁਖ ਬੈਠ ਕੇ ਕੀਰਤਨ-ਅਭਿਆਸ ਦਾ ਹੁਲਾਸ ਪੂਰਾ ਕਰਦੇ ਸਨ। ਅਖੰਡ ਪਾਠ ਕਰਨ ਵਿਚ ਐਸੇ ਪ੍ਰਬੀਨ ਸਨ ਕਿ ਘੰਟਿਆਂ ਬੱਧੀ ਇਕੋ ਹੀ ਉਚੀ ਤਾਰ ਤੇ ਲੈਅ ਵਿਚ ਬੜਾ ਤੇਜ਼ ਤੇ ਪੰਚਮ ਸੁਰ ਵਾਲਾ ਅਖੰਡ ਪਾਠ ਉਹਨਾਂ ਦਾ ਸੀ। ਅਖੰਡ ਪਾਠ ਕਰਦਿਆਂ ਚੇਹਰੇ ਤੇ ਲਾਲੀ ਆ ਜਾਣੀ, ਅੱਖਰ ਅੱਖਰ ਸਰੋਤੇ ਜਨਾਂ ਦੀ ਸਮਝ ਵਿਚ ਪੈਣੇ। ਅਗੇ ਇਕ ਭਾਈ ਗੁਰਬਖ਼ਸ਼ ਸਿੰਘ ਜੀ ਸਨ, ਹੁਣ ਦੋ ਅਖੰਡ ਪਾਠੀ ਜੁੜ ਕੇ ਸੋਨੇ ਤੇ ਸੁਹਾਗਾ ਬਣ ਗਿਆ। ਅਖੰਡ ਪਾਠਾਂ ਦੀ ਤਾਲ ਬਝੀ ਹੀ ਰਹਿੰਦੀ ਸੀ ਤੇ ਜਿਥੇ ਇਹ ਦੋਏ ਅਖੰਡ ਪਾਠੀ (ਭਾਈ ਗੁਰਬਖ਼ਸ਼ ਸਿੰਘ ਤੇ ਭਾਈ ਪੂਰਨ ਸਿੰਘ ਜੀ) ਜੁੜ ਜਾਂਦੇ ਸਨ, ਉਥੇ ਤੀਜੇ ਦੀ ਵਾਰੀ ਹੀ ਨਹੀਂ ਆਉਂਦੀ ਸੀ। ਰੌਲਾਂ ਵੰਡਣ ਦੇ ਟੰਟੇ ਬਖੇੜੇ ਹੀ ਨਹੀਂ ਸਨ, ਅਜਿਹੇ ਇਕ ਤੋਂ ਇਕ ਚੜ੍ਹਦੇ ਦਗ-ਦਗੰਦੇ ਚੇਹਰਿਆਂ ਵਾਲੇ ਅਨੇਕਾਂ ਹੀ ਅਖੰਡ ਪਾਠੀ ਉਤਪੰਨ ਹੋ ਗਏ ਸਨ। ਸਕੂਲ ਬੋਰਡਿੰਗ ਹਾਊਸ ਦੇ ਗੁਰਦੁਆਰੇ ਵਿਖੇ ਹਰ ਦਮ ਇਹਨਾਂ ਲਟਬੌਰਿਆਂ ਦੀ ਪ੍ਰੇਮ-ਵਰ੍ਹਾਨੀ ਪੀਂਘ ਚੜ੍ਹੀ ਹੀ ਰਹਿੰਦੀ ਸੀ।

ਉਨ੍ਹੀਂ ਦਿਨੀਂ ਇਹ ਭੁਝੰਗੀ ਸਭਾ ਬੜੀ ਹੀ ਚੜ੍ਹਦੀਆਂ ਕਲਾਂ ਵਿਚ ਸੀ। ਸਾਰੇ ਹੀ ਸਕੂਲ ਦੇ ਸਿਖ ਵਿਦਿਆਰਥੀ ਭੁਝੰਗੀ ਇਸ ਸਭਾ ਦੇ ਮੈਂਬਰ ਸਨ। ਹਰ ਸਾਲ ਦੋ ਗੁਰਪੁਰਬ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਦੇ ਬੜੀ ਆਨ ਸ਼ਾਨ ਨਾਲ ਮਨਾਂਵਦੇ ਸਨ। ਸਾਰੇ ਲੁਧਿਆਣੇ ਸ਼ਹਿਰ ਵਿਚ ਕੋਈ ਹੋਰ ਸਿਖ ਸਭਾ ਸੁਸਾਇਟੀ ਮੌਜੂਦ ਨਹੀਂ ਸੀ, ਜੋ ਇਨ੍ਹਾਂ ਗੁਰਪੁਰਬਾਂ ਦੇ ਸਾਰੇ ਪ੍ਰਬੰਧ ਨੂੰ ਸਰੰਜਾਮ ਦੇ ਸਕੇ। ਇਹ ਕੇਵਲ ਇਨ੍ਹਾਂ ਤਿਆਰ-ਬਰ-ਤਿਆਰ ਭੁਝੰਗੀਆਂ



ਦਾ ਸਦਕਾ ਹੀ ਸੀ, ਜੋ ਇਸ ਵੀਰ ਗੁਰਬਖ਼ਸ਼ ਸਿੰਘ ਜੀ ਦੀ ਨਜ਼ੀਰ ਨਾਲ ਅਸਰ-ਪਜ਼ੀਰ ਹੋਈ। ਸਾਨੂੰ ਹੋਰ ਬਹੁਤੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ, ਕੇਵਲ ਭਾਈ ਗੁਰਬਖ਼ਸ਼ ਸਿੰਘ ਜੀ ਦੇ ਸੰਖੇਪ ਜੀਵਨ ਲਿਖਣ ਨਾਲ ਹੀ ਸਰੋਕਾਰ ਹੈ। ਸੋ ਅਸੀਂ ਸੰਖੇਪ ਕਰਕੇ ਹੁਣ ਇਸ ਨੂੰ ਮੁਕਾਂਵਦੇ ਹਾਂ।

ਸੰਖੇਪ ਗੱਲ ਇਹ ਹੈ ਕਿ ਭਾਈ ਗੁਰਬਖ਼ਸ਼ ਸਿੰਘ ਜੀ ਇਸ ਸਕੂਲ ਵਿਚੋਂ ਮੈਟਰਿਕ ਪਾਸ ਕਰਕੇ ਪਟਿਆਲੇ ਜਾ ਨੌਕਰ ਹੋਏ ਅਤੇ ਭਾਣੇ ਅੰਦਰ ਹੀ ਭਾਈ ਜੋਗਿੰਦਰ ਸਿੰਘ ਜੀ, ਭਾਈ ਆਤਮਾ ਸਿੰਘ ਜੀ, ਭਾਈ ਜਸਵੰਤ ਸਿੰਘ ਜੀ ਨਾਲ ਇਕਲਵੰਜੇ ਜਾ ਸਥਾਪਤ ਹੋਏ। ਏਧਰ ਸਮੇਂ ਦੇ ਗੇੜ ਵਿਚ ੧੯੧੪-੧੫ ਵਾਲੇ ਸਾਜ਼ਸ਼ ਕੇਸਾਂ ਵਿਚ ਸਾਰਾ ਜਥਾ ਉਲਝਾ ਲਿਆ ਗਿਆ, ਅਤੇ ਅਸੀਂ ੧੬ ਸਾਲਾਂ ਦੀ ਯਾਤਰਾ ਕਰਨ ਲਈ ਜੇਲ੍ਹ ਦੇ ਅੰਦਰ ਦੂਰ ਦੁਰਾਡੀ ਦਸ਼ਾ ਵਲ ਚਲੇ ਗਏ। ਪਿਛੋਂ ਭਾਣੇ ਦੇ ਗੇੜ ਵਿਚ *"ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥" ਗੁਰਵਾਕ ਦੇ ਭਾਵ ਅਨੁਸਾਰ ਭਾ: ਗੁਰਬਖ਼ਸ਼ ਸਿੰਘ ਬਗਦਾਦ ਆਦਿ ਦੇਸਾਂ ਪ੍ਰਦੇਸਾਂ ਵਿਚ ਕ੍ਰਿਤ ਕਮਾਈ ਕਰਨ ਲਈ ਚਲੇ ਗਏ। ਅਸਾਡੇ ਜੇਲ੍ਹੋਂ ਬਾਹਰ ਆਉਂਦਿਆਂ ਨੂੰ ਇਹ ਵੀਰ ਗੁਰਬਖ਼ਸ਼ ਸਿੰਘ ਜੀ ਵੀ ਬਾਹਰੋਂ ਪ੍ਰਦੇਸਾਂ ਵਿਚੋਂ ਘਰ ਆ ਚੁਕੇ ਸਨ। ਪ੍ਰਦੇਸਾਂ ਵਿਚ ਰਹਿਣ ਕਰਕੇ ਅਤੇ ਕੁਸੰਗਤ ਦਾ ਪ੍ਰਭਾਵ ਵਧ ਜਾਣ ਕਰਕੇ, ਭਾ: ਗੁਰਬਖ਼ਸ਼ ਸਿੰਘ ਜੀ ਦੀ ਉਹ ਟੀਸੀ ਵਾਲੀ ਆਤਮ-ਦਸ਼ਾ ਨਾ ਰਹੀ, ਕਈ ਪ੍ਰਕਾਰ ਦੀ ਰਹਿਤ ਰਹਿਣੀ ਤੋਂ ਖਿਸਕ ਗਏ, ਖਿਸਕ ਕੇ ਗੁਰਮਤਿ ਮੰਜ਼ਲ ਦੀ ਨੀਚਾਣ ਵਿਚ ਆ ਪਏ।

ਪ੍ਰਬਲ ਸਤਿਸੰਗ ਦੀ ਅੰਸ ਅਜੇ ਭਾਈ ਗੁਰਬਖ਼ਸ਼ ਸਿੰਘ ਜੀ ਦੇ ਰੋਮ ਰੋਮ ਵਿਚ ਠਾਠਾਂ ਮਾਰ ਰਹੀ ਸੀ, ਇਸ ਕਰਕੇ ਉਹ ਸੰਗਤ ਪੰਜਾਂ ਪਿਆਰਿਆਂ ਵਿਚ ਪੇਸ਼ ਹੋ ਕੇ ਫੇਰ ਸਾਵਧਾਨ ਹੋ ਗਏ। ਇਹਨਾਂ ਦੀ ਸਿੰਘਣੀ ਬੀਬੀ ਕਰਤਾਰ ਕੌਰ ਨੂੰ ਭੀ ਨਾਲ ਸਾਵਧਾਨ ਹੋਣਾ ਪਿਆ। ਇਹ ਬੜੀ ਹੀ ਸਿਧੀ ਸਾਦੀ ਲਟਬੌਰੀ ਦਸ਼ਾ ਵਾਲੀ ਬੀਬੀ ਨਿਕਲੀ, ਅੰਦਰ ਸਾਵਧਾਨਤਾ ਕਰਾਇਕੇ ਪੰਜਾਂ ਪਿਆਰਿਆਂ ਦੇ ਮੰਡਲ ਵਿਚ ਹੀ ਉਚੀ ਚਾਂਗਾਂ ਮਾਰਨ ਲਗ ਪਈ, ਭਾਈ ਗੁਰਬਖ਼ਸ਼ ਸਿੰਘ ਜੀ ਨੇ ਬੜੀ ਗੰਭੀਰਤਾ ਨਾਲ ਸਮਝਾ ਬੁਝਾਇਕੇ ਉਸ ਨੂੰ ਥਾਂਇ ਸਿਰ ਲਿਆਂਦਾ। ਉਸ ਦਿਨ ਤੋਂ ਪਿਛੋਂ ਇਹਨਾਂ ਨੇ ਆਪਣੇ ਨਗਰ 'ਕਮਾਲਪੁਰੇ' ਜਾ ਕੇ ਕਈ ਵਾਰੀ ਜਥੇ ਦੇ ਜੋੜ-ਮੇਲ ਕਰਾਏ। ਅਤੇ "ਹਰਿਜਨੁ ਪਰਵਾਰੁ ਸਧਾਰੁ ਹੈ"** ਗੁਰਵਾਕ ਅਨੁਸਾਰ ਸਾਰੇ ਪਰਵਾਰ

*ਸੋਰਠਿ ਵਾਰ, ਮ: ੨, ਪੰਨਾ ੬੫੩

**ਗਉੜੀ ਬੈਰਾਗਣਿ ਮ:੪, ਪੰਨਾ ੧੬੬

WWW.AKJ.ORG

WWW.AKJ.ORG



ਨੂੰ ਤਿਆਰ-ਬਰ-ਤਿਆਰ ਸਜਾ ਲਿਆ। ਸਾਰੇ ਹੀ ਨਗਰ-ਨਿਵਾਸੀ ਇਨ੍ਹਾਂ ਦੇ ਪੂਰਨ ਅਨੁਸਾਰੀ ਸਨ, ਇਨ੍ਹਾਂ ਦੇ ਤੁਫ਼ੈਲ ਹੀ ਕਮਾਲਪੁਰੇ ਨਗਰ ਵਿਚ ਖਾਲਸਾ ਹਾਈ ਸਕੂਲ ਕਾਇਮ ਹੋਇਆ, ਜਿਸ ਦੇ ਭਾਈ ਗੁਰਬਖ਼ਸ਼ ਸਿੰਘ ਜੀ ਧਾਰਮਕ ਅਧਿਆਪਕ ਥਾਪੇ ਗਏ। ਜਦੋਂ ਵੀ ਅਤੇ ਜਿਥੇ ਵੀ ਜਥੇ ਵਲੋਂ ਅਖੰਡ ਪਾਠ ਜਾਂ ਅਖੰਡ ਕੀਰਤਨ ਸਮਾਗਮ ਹੋਵੇ, ਉਥੇ ਹੀ ਭਾਈ ਗੁਰਬਖ਼ਸ਼ ਸਿੰਘ ਜੀ ਅਵੱਸ਼ ਆ ਹਾਜ਼ਰ ਹੁੰਦੇ ਸਨ। ਦਿੱਲੀ, ਐਬਟਾਬਾਦ, ਕਸ਼ਮੀਰ ਆਦਿਕ ਦੂਰ ਦੁਰੇਡੇ ਦੇ ਸਮਾਗਮਾਂ ਵਿਚ ਹਮਦਮ ਸ਼ਾਮਲ ਹੁੰਦੇ ਰਹੇ। ਅਨਿੰਨ ਗੁਰਸਿੱਖੀ ਦੇ ਅਤੇ ਗੁਰਮਤਿ ਦੇ ਅਹਿਲ ਥੰਮ ਸਨ।

ਅਜੇ ਥੋੜੀ ਹੀ ਉਮਰ ਸੀ ਕਿ ਇਨ੍ਹਾਂ ਦੇ ਅਕਾਲ ਚਲਾਣੇ ਦਾ ਸਮਾਂ ਨੇੜੇ ਆ ਢੁਕਿਆ। ਸਾਨੂੰ ਤਾਂ ਇਸ਼ਾਰੇ ਮਾਤਰ ਦਸ ਹੀ ਦਿਆ ਕਰਦੇ ਸਨ ਕਿ ਹੁਣ ਤਿਲ ਥੋੜਫ਼ੇ ਹੀ ਬਾਕੀ ਹਨ। ਸਿਹਤ ਇਨ੍ਹਾਂ ਦੀ ਬੜੀ ਹੀ ਚੰਗੀ ਰਿਸ਼ਟ ਪੁਸ਼ਟ ਸੀ, ਪਰ ਜਦੋਂ ਧੁਰ ਦੇ ਸਦੜੇ ਆਉਂਦੇ ਹਨ ਓਦੋਂ ਸੜੀਆਂ ਸਿਹਤਾਂ ਅਤੇ ਰਿਸ਼ਟਤਾਈਆਂ ਪੁਸ਼ਟਤਾਈਆਂ ਸਭ ਲਾਚਾਰ ਹੋ ਜਾਂਦੀਆਂ ਹਨ। ਅਸੀਂ ਇਕ ਦਿਨ ਆਪਣੀ ਲੈਅ ਅਨੰਦ ਵਿਚ ਹੀ ਨਾਰੰਗਵਾਲ ਆਪਣੇ ਬੁੰਗਿਆਂ ਤੇ ਮਸਤ ਬੈਠੇ ਸਾਂ, ਕਿ ਕਮਾਲਪੁਰੇ ਤੋਂ ਭਾਈ ਗੁਰਬਖ਼ਸ਼ ਸਿੰਘ ਜੀ ਦਾ ਬੜਾ ਸਪੁੱਤਰ 'ਕਾਕਾ ਹਰਿਬਚਨ ਸਿੰਘ ' ਬੜਾ ਘਬਰਾਇਆ ਹੋਇਆ ਆਇਆ ਤੇ ਕਹਿਣ ਲਗਾ- ਕਿ ਬਾਪੂ ਜੀ (ਭਾਈ ਗੁਰਬਖ਼ਸ਼ ਸਿੰਘ ਜੀ) ਬੜੇ ਬੇਚੈਨ ਹਨ ਤੇ ਆਪ ਜੀ ਨੂੰ ਯਾਦ ਕਰਦੇ ਹਨ, ਤੇ ਕਸ਼ਟ-ਨਵਿਰਤੀ ਲਈ ਅਰਦਾਸ ਕਰਨ ਲਈ ਯਾਚਨਾ ਕੀਤੀ ਹੈ। ਉਹ ਕਾਕਾ ਤਾਂ ਇਹ ਸੰਦੇਸਾ ਦੇ ਕੇ ਤੁਰਤ ਫੁਰਤ ਹੀ ਪਿਛੇ ਮੁੜ ਗਿਆ, ਪਿਛੋਂ ਅਸੀਂ ਸਤਿਗੁਰੂ ਦੇ ਹਜ਼ੂਰ ਅਰਦਾਸਾ ਸੋਧ ਕੇ ਉਨ੍ਹਾਂ ਦੀ ਨਮਿਤ ਯਾਚਨਾ ਕੀਤੀ, ਅਤੇ ਉਹੀ ਯਾਚਨਾ ਅਰਦਾਸ ਵਾਲਾ ਸਮਾਂ ਹੀ ਸੀ ਕਿ ਉਧਰ ਕਮਾਲਪੁਰੇ ਵਿਖੇ ਭਾਈ ਗੁਰਬਖ਼ਸ਼ ਸਿੰਘ ਜੀ ਚੜ੍ਹਾਈਆਂ ਕਰ ਗਏ, ਤੇ ਸਦੀਵੀ ਕਸ਼ਟ-ਨਵਿਰਤੀ ਦੀ ਥਾਪਨਾ ਲੈ ਗਏ। ਤਾਬੜ ਤੋੜ ਹੋਰ ਸਦੜਾ ਨਾਰੰਗਵਾਲ ਬੈਠਿਆਂ ਆ ਗਿਆ, ਕਿ ਵੀਰ ਗੁਰਬਖ਼ਸ਼ ਸਿੰਘ ਜੀ ਚੜ੍ਹਾਈਆਂ ਕਰ ਗਏ ਹਨ, ਉਨ੍ਹਾਂ ਦੇ ਹੁਕਮ ਅਨੁਸਾਰ ਉਨ੍ਹਾਂ ਦਾ ਸਸਕਾਰ ਆਪ ਦੇ ਗਿਆਂ ਹੀ ਕਰਨਾ ਹੈ। ਅਸੀਂ ਤੁਰਤੋ ਫੁਰਤ ਹੀ ਕਾਰ ਲੈ ਕੇ ਕਮਾਲਪੁਰੇ ਪੁਜੇ। ਜਾਂਦਿਆਂ ਨੂੰ ਸਾਰਾ ਪਰਵਾਰ ਭਾਈ ਗੁਰਬਖ਼ਸ਼ ਸਿੰਘ ਦੀ ਅਰਥੀ ਦੇ ਪਾਸ ਬੈਠਾ ਵਾਹਿਗੁਰੂ ਦਾ ਜਾਪ ਅਲਾਪ ਰਿਹਾ ਸੀ। ਹੋਰ ਸੰਗਤਾਂ ਵੀ ਦੂਰੋਂ ਨੇੜਿਓਂ ਆ ਚੁਕੀਆਂ ਸਨ। ਸਾਰੇ ਸਕੂਲ ਦੇ ਵਿਦਿਆਰਥੀ, ਸਾਰਾ ਸਕੂਲ-ਸਟਾਫ਼, ਬੈਂਡ ਬਾਜੇ ਲੈ ਕੇ ਸਾਰੇ ਨਗਰ-ਨਿਵਾਸੀਆਂ ਸਮੇਤ ਇਕ ਅਡੋਲ ਸ਼ਾਂਤ ਅਵਸਥਾ ਵਿਚ ਕਮਰਕਸੇ ਕਰੀ ਖਲੋਤਾ ਸੀ। ਉਸ ਸਮੇਂ ਦੀ ਵੈਰਾਗ-ਮਈ ਅਵਸਥਾ ਜੋ ਸਾਰੀ ਸੰਗਤ ਪਰ ਵਾਪਰੀ, ਅਤੀ ਹੀ ਅਕੱਥਨੀਯ ਹੈ। ਇਸ ਬਿਧ ਪਧਾਰ ਗਏ ਮੇਰੇ ਵੀਰ ਵਿਯੋਗੜੀਏ ਭਾਈ ਗੁਰਬਖ਼ਸ਼ ਸਿੰਘ ਜੀ



ਸਾਰੀਆਂ ਸੰਗਤਾਂ ਤੇ ਪਰਵਾਰ ਨੂੰ ਵਿਛੋੜੇ ਦਾ ਦਾਗ ਦੇ ਗਏ। ਜਥੇ ਦੇ ਰੰਗਲੇ ਸੱਜਣਾਂ ਵਿਚ ਭਾਈ ਗੁਰਬਖ਼ਸ਼ ਸਿੰਘ ਜੀ ਦਾ ਰੰਗੀਲਾ ਜੀਵਨ ਅਤੀ ਅਦਿਭੁਤ ਪ੍ਰਮਾਰਥੀ ਰੰਗਾਂ ਵਾਲਾ ਹੈ, ਜਿਸ ਨੂੰ ਅਸੀਂ ਹਿਰਦੇ ਅੰਦਰ ਹਰ ਦਮ ਨੱਪੀ ਰਖਦੇ ਹਾਂ।

WWW.AKJ.ORG

WWW.AKJ.ORG

੧੬

# ਹੰਸ ਅਵਤਾਰ ਸ੍ਰੀ ਮਾਨ
# ਭਾਈ ਹਰਬੰਸ ਸਿੰਘ ਜੀ 'ਮੁਨੀਸ਼ੂਰ'

ਇਹ ਖ਼ਿਤਾਬ ਇਨ੍ਹਾਂ ਨੂੰ ਜਥੇ ਵਲੋਂ ਹੀ ਮਿਲਿਆ ਸੀ, ਕਿਉਂਕਿ ਇਹ ਬਹੁਤਾ ਹੀ ਥੋੜਾ ਬੋਲਣ ਵਾਲੇ ਸੱਜਣ ਸਨ, ਗੁਪਤ ਸੁਰਤੀਆਂ ਬਿਰਤੀਆਂ ਲਾ ਕੇ ਹੀ ਹਰ ਦਮ ਲਿਵਲੀਨ ਰਹਿੰਦੇ ਸਨ। ਗੁਰਮਤਿ ਅਨੁਸਾਰ ਪੂਰਨ ਮੋਨਧਾਰੀ ਹੋਣ ਕਰਕੇ ਇਹ ਆਮ ਮੁਨੀਆਂ ਨਾਲੋਂ ਪ੍ਰਸਿੱਧ 'ਮੁਨੀਸ਼ੂਰ' (ਮੁਨੀਆਂ ਦੇ ਈਸ਼ਰ) ਸਨ। ਛੋਟੀ ਉਮਰ ਵਿਚ ਹੀ ਜੈਸਾ ਅਜਰ ਪਦ ਇਸ ਵੀਰ ਨੇ ਜਰਿਆ ਹੈ, ਕਿਸੇ ਵਿਰਲੇ ਗੁਰਮੁਖ ਜਨ ਨੇ ਹੀ ਜਰਿਆ ਹੈ। ਗੁਰਮਤ ਨਾਮ ਦਾ ਸੁਰਤੀ ਦਵਾਰਾ, ਸਵਾਸਾਂ ਦਵਾਰਾ ਹਰ ਦਮ ਖੰਡਾ ਖੜਕਦਾ ਹੀ ਰਹਿੰਦਾ ਸੀ, ਚੇਹਰਾ ਇਨ੍ਹਾਂ ਦਾ ਹਰ ਛਿਨ ਲਾਲ ਗੁਲਾਲਾ ਤੇ ਰਸ ਰਸਾਲਾ ਰਹਿੰਦਾ ਸੀ। ਇਸ ਛੋਟੀ ਉਮਰ ਵਿਚ ਗੁਰਮਤਿ ਦੀ ਜੋ ਲਾਗ ਇਸ ਵੀਰ ਨੂੰ ਲਗੀ ਹੈ, ਉਹ ਅਜ ਤਕ ਕਿਸੇ ਨੂੰ ਵੀ ਨਹੀਂ ਲਗੀ। ਨਿਸ਼ਕਾਮ ਸੇਵਾ ਦੇ ਪੁੰਜ ਸਨ ਅਤੇ ਪਰਉਪਕਾਰ ਦੇ ਨਿਰੇ ਪੁਤਲੇ ਸਨ, ਗੁਰਬਾਣੀ ਦੇ ਅਭਿਆਸੀ ਅਤੇ ਅਥੱਕ ਅਖੰਡ ਪਾਠੀ ਸਨ। ਜਿਸ ਕਿਸੇ ਗਰੀਬ ਸਿੰਘ ਦੇ ਘਰ ਕੋਈ ਪਾਠ ਕਰਨ ਵਾਲਾ ਨਾ ਹੋਵੇ, ਉਥੇ ਜਾ ਕੇ ਆਪ ਅਖੰਡ ਪਾਠ ਕਰ ਆਇਆ ਕਰਦੇ ਸਨ। ਪਾਠ-ਭੇਟ ਰੰਚਕ ਮਾਤਰ ਵੀ ਅੰਗੀਕਾਰ ਨਹੀਂ ਕਰਦੇ ਸਨ। ਇਥੋਂ ਤਾਈਂ ਪ੍ਰਸ਼ਾਦਾ ਆਦਿ ਭੀ ਉਥੇ ਨਹੀਂ ਛਕਦੇ ਸਨ, ਚਾਹੇ ਕੋਈ ਕਿਤਨਾ ਜ਼ੋਰ ਲਾਵੇ। ਇਹ ਵੀਰ ਉਤਮ ਬਿਬੇਕੀ ਅਤੇ ਸਰਬਲੋਹੀ ਸਨ, ਆਪਣੇ ਹੱਥੀਂ ਆਪ ਪ੍ਰਸ਼ਾਦਾ ਅਠ-ਪਹਿਰਾ ਤਿਆਰ ਕਰਕੇ ਛਕਦੇ ਸਨ। ਅਜਿਹੇ ਅਨੇਕਾਂ ਹੀ ਪਾਠ ਗਰੀਬ ਸਿੰਘਾਂ ਦੇ ਗ੍ਰਹਿ ਇਸ ਵੀਰ ਨੇ ਕੀਤੇ। ਕਿਸੇ ਗਰੀਬ ਘਰਾਣੇ ਵਿਚ ਕਿਸੇ ਨੇ ਅਖੰਡ ਪਾਠ ਕਰਵਾਣਾ ਹੋਵੇ, ਬਸ ਉਥੇ ਅਰਦਾਸਾ ਸੋਧ ਕੇ ਇਕੱਲੇ ਹੀ ਅਖੰਡ ਪਾਠ ਕਰਨ ਡਟ ਜਾਂਦੇ ਸਨ ਅਤੇ ਸਤ ਸਤ ਘੰਟੇ ਇਕੋ ਝੁਟ ਵਿਚ ਅਖੰਡ ਪਾਠ ਕਰਦੇ ਰਹਿਣਾ, ਪਿਛੋਂ ਮਗਰੋਂ ਹੀ ਅਖੰਡ ਪਾਠੀ ਤਿਆਰ-ਬਰ-ਤਿਆਰ ਆ ਪੁਜਣੇ।

ਨਾਰੰਗਵਾਲ ਦੇ ਪਾਸ ਇਕ ਮੀਲ ਤੇ ਪਿੰਡ ਮਹਿਮਾ ਸਿੰਘ ਵਾਲਾ ਹੈ, ਉਥੇ ਦੇ ਇਹ ਵਸਨੀਕ ਸਨ। ਸਾਡੇ ਪਾਸ ਨਾਰੰਗਵਾਲ ਰੋਜ਼ ਹੀ ਉਗਵਣ-ਆਥਣ ਆ ਜਾਇਆ ਕਰਦੇ ਸਨ। ਬਾਹਰ ਸਮਾਗਮਾਂ ਤੇ ਬੜੇ ਚਾਉ ਮਲ੍ਹਾਰਾਂ ਨਾਲ ਸਾਡੇ ਨਾਲ





ਹੀ ਸ਼ਾਮਲ ਰਹਿੰਦੇ ਸਨ। ਚਾਹੇ ਉਮਰ ਦੇ ਛੋਟੇ ਹੀ ਸਨ, ਪਰ ਇਨ੍ਹਾਂ ਦੀ ਉਜਲ ਕਰਣੀ ਕਮਾਈ ਦੇ ਕਾਰਨ ਜਥੇ ਦਾ ਵਡੀ ਤੋਂ ਵਡੀ ਉਮਰ ਵਾਲਾ ਸੱਜਣ ਭੀ ਇਨ੍ਹਾਂ ਦਾ ਹਿਰਦੇ ਤੋਂ ਸਤਿਕਾਰ ਕਰਦਾ ਸੀ। ਬਹੁਤ ਛੋਟੀ ਉਮਰ ਵਿਚ ਹੀ ਇਸ ਇਸ ਵੀਰ ਨੂੰ ਪ੍ਰਮਾਰਥ ਦੀ ਲਿਵ ਲਗ ਗਈ ਤੇ ਗੁਰਮਤਿ ਦੇ ਪੂਰਨ ਜਾਣੂ ਹ ਕੇ ਅੰਮ੍ਰਿਤਧਾਰੀ ਸਿੰਘ ਸਜ ਗਏ। ਛੋਟੀ ਉਮਰ ਵਿਚ ਹੀ ਇਸ ਵੀਰ ਨੂੰ ਛਡ ਕੇ ਇਨ੍ਹਾਂ ਦਾ ਪਿਤਾ ਭਾਈ ਧਰਮ ਸਿੰਘ ਅਮਰੀਕਾ ਚਲਿਆ ਗਿਆ, ਜਿਥੇ ਉਹ ਬੜੇ ਪ੍ਰਸਿਧ ਸੇਵਕ ਰਹੇ ਹਨ ਅਰ ਗੁਜ਼ਾਰਾ ਜ਼ਿਮੀਦਾਰਾ ਤਕੜਾ ਸੀ, ਇਨ੍ਹਾਂ ਦੇ ਵੱਡੇ ਭਾਈ ਖੇਤੀ ਕਰਦੇ ਸਨ। ਅਜੇ ੧੬ ਸਾਲ ਦੀ ਉਮਰ ਹੀ ਸੀ ਕਿ ਇਹ ਫ਼ੌਜ ਵਿਚ ਭਰਤੀ ਹੋ ਗਏ। ੧੫ ਨੰਬਰ ਸਿਖ ਪਲਟਨ ਦੇ ਗੁਰਮੁਖ ਹੈੱਡ ਗ੍ਰੰਥੀ ਭਾਈ ਕਾਹਨ ਸਿੰਘ ਨਾਲ ਫ਼ੌਜ ਵਿਚ ਸਤਿਸੰਗ-ਭਿੰਨਾ-ਸਹਿਚਾਰ ਹੋ ਗਿਆ। ਛੋਟੀ ਉਮਰ ਵਿਚ ਹੀ ਇਸ ਵੀਰ ਦੀ ਸ਼ਾਦੀ ਹੋ ਗਈ ਸੀ। ਬਿਰਤੀ ਹਰ ਦਮ ਉਪਰਾਮ ਰਹਿਣ ਕਰਕੇ ਇਹ ਵੀਰ ਮੁਨੀਸ਼ੂਰ ਜੀ ਗ੍ਰਹਿਸਤ ਵਿਚ ਫੇਰ ਪ੍ਰਵਿਰਤ ਹੀ ਨਹੀਂ ਹੋਏ। ਜੇ ਇਨ੍ਹਾਂ ਨੂੰ ਬਾਲ-ਜਤੀ ਕਿਹਾ ਜਾਵੇ ਤਾਂ ਕੋਈ ਮੁਬਾਲਗਾ ਨਹੀਂ ਹੋਵੇਗਾ। ਸੰਸਾਰਕ ਫੁਰਨੇ, ਨਾਮ ਬਾਣੀ ਤੋਂ ਬਿਨਾਂ ਹੋਰ ਫੁਰਦੇ ਹੀ ਨਹੀਂ ਸਨ। ਆਤਮ-ਕਲਾ ਐਸੀ ਅਰੂੜ੍ਹ ਸੀ ਕਿ ਹਰੇਕ ਦੇ ਹਿਰਦੇ ਦੀ ਗੱਲ ਆਪੋਂ ਹੀ ਬੁਝ ਲੈਂਦੇ ਸਨ। ਅਸਾਡੇ ਨਾਲ ਇਨ੍ਹਾਂ ਦਾ ਬੜਾ ਹੀ ਸੰਜੋਗ ਸਾਥ ਰਿਹਾ ਹੈ। ਅਨੇਕਾਂ ਵਾਰ ਅਜ਼ਮਾ ਕੇ ਦੇਖਿਆ ਗਿਆ ਹੈ ਕਿ ਜੋ ਗੱਲ ਅਸਾਡੇ ਹਿਰਦੇ ਵਿਚ ਹੀ ਅਜੇ ਰਹਿੰਦੀ ਸੀ, ਅਤੇ ਮੁਖੋਂ ਨਹੀਂ ਨਿਕਲਦੀ ਸੀ, ਉਸ ਨੂੰ ਤਾਬੜ ਤੋੜ ਹੀ ਤਾੜ ਕੇ ਇਹ ਵੀਰ ਜਨ ਤੁਰਤ ਹੀ ਤਕਮੀਲ ਵਿਚ ਲੈ ਆਂਵਦੇ ਸਨ। ਇਤਨੀ ਆਤਮ-ਕਲਾ ਦੇ ਮਾਲਕ ਹੁੰਦੇ ਹੋਏ ਭੀ ਲਖਾਂਵਦੇ ਕਿਸੇ ਨੂੰ ਨਹੀਂ ਸਨ। ਅੰਦਰ ਹੀ ਅੰਦਰ ਅ-ਜਰ ਨੂੰ ਜਰਿਆ ਹੋਇਆ ਸੀ। ਅਣਥੱਕ ਸੇਵਕ ਅਤੇ ਪੂਰਨ ਗੁਰਮਤਿ ਗੁਣਾਂ ਅਨੰਦੀ ਸੱਜਣ ਇਨ੍ਹਾਂ ਜਿਹਾ ਅੱਜ ਤਾਈਂ ਅਸੀਂ ਵਿਰਲਾ ਹੀ ਗੁਰੂ ਘਰ ਵਿਚ ਦੇਖਿਆ ਹੈ।

ਅਸਾਡੀ ਪਹਿਲੀ ਮੁਲਾਕਾਤ ਇਸ ਵੀਰ ਦੇ ਨਾਲ ਉਦੋਂ ਹੋਈ, ਜਦੋਂ ੧੯੧੫ ਵਿਚ ਅਸਾਨੂੰ ਸਾਜ਼ਸ਼ ਕੇਸ ਵਿਚ ਜਕੜ ਕੇ ਜਰਵਾਨੇ 'ਲੋਹਟ ਵੱਦੀ' ਤੋਂ ਲੁਧਿਆਣੇ ਲੈ ਜਾ ਰਹੇ ਸਨ। ਲੋਹਟ ਵੱਦੀ ਥਾਣਾ ਨਾਭੇ ਦੀ ਰਿਆਸਤ ਵਿਚ ਸੀ, ਜੋ ਨਾਰੰਗਵਾਲ ਤੋਂ ਸਤ ਅੱਠ ਕੋਸ ਤੇ ਹੈ। ਸਾਨੂੰ ਕੁਝ ਦਿਨ, ਸ਼ਾਇਦ ਡੇਢ ਮਹੀਨਾ, ਉਥੇ ਹੀ ਨਜ਼ਰਬੰਦ ਰਖਿਆ ਗਿਆ ਸੀ। ਉਥੋਂ ਲੁਧਿਆਣੇ ਚਲਾਨ ਹੋਣ ਦੀ ਜਦ ਖ਼ਬਰ ਸਾਨੂੰ ਮਿਲੀ, ਤਾਂ ਅਸੀਂ ਆਪਣੇ ਨਿਕਟੀ ਸਤਸੰਗੀ ਵੀਰ ਸੁਰਜਨ ਸਿੰਘ ਜੀ ਨੂੰ ਗੁਪਤੋ ਗੁਪਤੀ ਪਿੰਡ ਗੁਜਰਵਾਲ ਵਿਖੇ ਪਤਾ ਕਰ ਭੇਜਿਆ, ਕਿ ਸਾਨੂੰ ਫਲਾਣੀ ਰੇਲ ਗੱਡੀ ਵਿਚ ਕਿਲ੍ਹਾ ਰਾਇਪੁਰ ਸਟੇਸ਼ਨ ਤੇ ਆ ਮਿਲਣ। ਅਸੀਂ ਛਪਾਰ (ਅਹਿਮਦਗੜ੍ਹ) ਸਟੇਸ਼ਨ ਤੋਂ ਸਵਾਰ ਹੋ ਕੇ ਲੁਧਿਆਣੇ ਪਹੁੰਚਣਾ ਸੀ। ਸੋ ਇਹ ਸਜਣ ਸਿਰੀ ਵੀਰ

WWW.AKJ.ORG

WWW.AKJ.ORG


ਸੁਰਜਨ ਸਿੰਘ ਜੀ ਅਸਾਨੂੰ ਐਨ ਠੀਕ ਵਕਤ ਪਰ ਕਿਲ੍ਹਾ ਰਾਇਪੁਰ ਸਟੇਸ਼ਨ ਤੇ ਆ ਮਿਲੇ ਅਤੇ ਉਸੇ ਹੀ ਡੱਬੇ ਵਿਚ ਆ ਸਵਾਰ ਹੋਏ, ਜਿਸ ਵਿਚ ਅਸੀਂ ਜਾ ਰਹੇ ਸਾਂ। ਅਸਾਡੇ ਨਾਲ ਪੁਲਸ ਦਾ ਇਕ ਸਾਰਜੈਂਟ ਤੇ ਇਕ ਸਿਪਾਹੀ ਨਿਗਰਾਨੀ ਲਈ ਜਾ ਰਿਹਾ ਸੀ। ਉਹ ਪੁਲਸੀਏ ਸੱਜਣ ਬੜੇ ਹੀ ਸ਼ਰੀਫ਼ ਸਨ। ਉਨ੍ਹਾਂ ਨੇ ਕੋਈ ਇਤਰਾਜ਼ ਨਾ ਕੀਤਾ। ਸੋ ਭਾਈ ਸੁਰਜਨ ਸਿੰਘ ਜੀ ਸਾਡੇ ਪਾਸ ਹੀ ਬੈਠ ਗਏ। ਉਸ ਸਮੇਂ ਭਾਈ ਸੁਰਜਨ ਸਿੰਘ ਜੀ ਦੇ ਨਾਲ ਇਕ ਨਵ-ਯੁਵਕ ਸਿੰਘ ਭੁਝੰਗੀ ਭੀ ਨਾਲੇ ਆ ਚੜ੍ਹਿਆ। ਉਸ ਭੁਝੰਗੀ ਦੇ ਚੇਹਰੇ ਤੇ ਚਾਰ ਚੁਫੇਰੇ ਬਹੁਤ ਨਰਮ ਨਰਮ ਦਾੜ੍ਹੀ ਦੀ ਲੂਈਂ ਫੁਟ ਰਹੀ ਸੀ। ਚੇਹਰਾ ਲਾਲੋ ਲਾਲ, ਜੋਤਿ ਜਮਾਲ ਵਿਚ ਦਗ਼ ਰਿਹਾ ਸੀ। ਇਸ ਵੀਰ ਦੀਆਂ ਅੱਖੀਆਂ ਦਾ ਰੰਗ-ਜਲਾਲ ਝਲਿਆ ਨਾ ਜਾਵੇ। ਬੜੀ ਹੀ ਚੜ੍ਹਦੀ ਕਲਾ ਵਿਚ ਵੀਰ ਦਾ ਅੰਤਰ-ਆਤਮੇ ਸਤਿ ਨਾਮ ਦਾ ਖੰਡਾ ਖੜਕ ਰਿਹਾ ਸੀ। ਵੇਖਣ ਸਾਰ ਹੀ ਮੇਰੀ ਟਕ ਇਸ ਵੀਰ ਵਲ ਹੀ ਲਗ ਗਈ, ਅਤੇ ਇਸ ਜੀਵਨ-ਮੁਕਤ ਗੁਰਮੁਖ ਵੀਰ ਦਾ ਮੁਖ ਦੇਖਣ ਸਾਰ ਅੰਮ੍ਰਿਤ ਰਸਾਇਣੀ ਸਵਾਦ ਐਸਾ ਆਵਣ ਲਗਾ ਕਿ ਹੋਰ ਗੱਲਾਂ ਸਭ ਵਿਸਰ ਗਈਆਂ, ਜਿਨ੍ਹਾਂ ਦੀ ਖ਼ਾਤਰ ਮੈਂ ਸੁਰਜਨ ਸਿੰਘ ਨੂੰ ਬੁਲਾਇਆ ਸੀ। ਪਹਿਲਾ ਸਵਾਲ ਮੈਂ ਵੀਰ ਸੁਰਜਨ ਸਿੰਘ ਤੇ ਇਹੋ ਹੀ ਕੀਤਾ ਕਿ ਇਹ ਵੀਰ ਬਾਂਕੁਰਾ ਭੁਝੰਗੀ ਕੌਣ ਹੈ? ਤੇ ਕਿਥੋਂ ਹੈ? ਇਸ ਵੀਰ ਸੁਰਜਨ ਸਿੰਘ ਜੀ ਨੇ ਪੂਰੀ ਵਾਕਫ਼ੀ ਕਰਵਾਈ ਕਿ ਇਹੋ ਤਾਂ ਹਨ ਵੀਰ ਹਰਬੰਸ ਸਿੰਘ ਜੀ ਮਹਿਮਾ ਸਿੰਘ ਵਾਲੇ, ਜੋ ਹੁਣੇ ਹੀ ਨੌਕਰੀ ਛਡ ਕੇ ਅਤੇ ਜਥੇ ਵਿਚ ਸ਼ਾਮਲ ਹੋ ਕੇ ਮਰ ਮਿਟਣ ਲਈ ਆਏ ਹਨ। ਹਰੇਕ ਦੁਖ ਸੁਖ ਵਿਖੇ ਜਥੇ ਦੇ ਨਾਲ ਹੀ ਰਹਿ ਕੇ ਘਾਲ ਘਾਲਣਗੇ। ਅਵਸਰ ਮਿਲੇ ਤਾਂ ਸ਼ਹੀਦੀ ਵੀ ਪਾਣ ਨੂੰ ਤਿਆਰ ਹਨ। ਬਸ, ਇਤਨੀ ਹੀ ਦਰਸ-ਝਾਕੀ ਇਸ ਵੀਰ ਹਰਬੰਸ ਸਿੰਘ ਜੀ ਦੀ ਉਸ ਸਮੇਂ ਅਸਾਡੇ ਨਾਲ ਹੋਈ। ਪਰੰਤੂ ਅਸੀਂ ਵੀਰ ਸੁਰਜਨ ਸਿੰਘ ਰਾਹੀਂ ਬੜੇ ਹੀ ਨਿਮਰੀਭੂਤ ਹੋ ਕੇ, ਜਥੇ ਦੇ ਸਾਰੇ ਸਜਣਾਂ ਨੂੰ ਇਹ ਬੇਨਤੀ ਕਰ ਭੇਜੀ ਕਿ ਥਾਉਂ ਥਾਈਂ ਗੁਪਤ ਹੋ ਜਾਣ ਤੇ ਅਸਾਡੇ ਨਾਲ ਨਾ ਆਵਣ। ਸੋ ਇਹ ਬੇਨਤੀ ਪਾਸ ਬੈਠੇ ਭੁਝੰਗੀ ਹਰਬੰਸ ਸਿੰਘ ਨੂੰ ਭੀ ਕਰ ਦਿਤੀ।

ਉਸ ਤੋਂ ਬਾਅਦ ਫਿਰ ਸੋਲ੍ਹਾਂ ਸਾਲ ਪਿਛੋਂ ਹੀ ਇਸ ਭੁਝੰਗੀ ਹਰਬੰਸ ਸਿੰਘ ਜੀ ਦੇ ਦੀਦਾਰ ਹੋਏ, ਜਦੋਂ ਅਸੀਂ ਜੇਲ੍ਹ-ਯਾਤਰਾ ਤੋਂ ਵਾਪਸ ਆਏ, ਉਸ ਵੇਲੇ ਇਨ੍ਹਾਂ ਦੇ ਚੇਹਰੇ ਤੇ ਖ਼ਾਸਾ ਦਾੜ੍ਹਾ ਸਜੀਲਾ ਆ ਚੁਕਿਆ ਸੀ। ਫੇਰ ਤਾਂ ਇਹ ਆਪਣੀ ਰਹਿੰਦੀ ਆਯੂ ਤਾਈਂ ਹਰ-ਦਮ ਹੀ ਸਾਡੇ ਅੰਗ ਸੰਗ ਰਹਿੰਦੇ ਰਹੇ। ਅਖੰਡ ਕੀਰਤਨ ਸਮਾਗਮਾਂ ਵਿਖੇ ਇਸ ਵੀਰ ਦੀ ਅਖੰਡਾਕਾਰ ਆਤਮ-ਬਿਰਤੀ ਹਰ ਦਮ ਗੁਪਤ ਮੰਡਲ ਵਿਚ ਹੀ ਖੇਡਦੀ ਰਹਿੰਦੀ ਸੀ, ਕੀਰਤਨ ਬੜਾ ਗਜ਼ਬ ਦਾ ਅਤੇ ਚੜ੍ਹਦੀ ਕਲਾ ਦਾ ਕਰਦੇ ਸਨ। ਕੀਰਤਨ ਪਿਛੋਂ ਘੰਟਿਆਂ ਬੱਧੀ ਮੋਨ ਧਾਰੀ ਹੀ ਰਖਦੇ ਸਨ, ਕਿਸੇ



ਨਾਲ ਉੱਕੇ ਬੋਲਦੇ ਚਾਲਦੇ ਨਹੀਂ ਸਨ। ਸਾਰੀ ਉਮਰ ਹੀ ਗੁਰਮਤਿ-ਗੂੰਜਾਂ ਵਿਚ ਇਸ ਵੀਰ ਨੇ ਗੁਜ਼ਾਰੀ ਤੇ ਅਪਾਰ ਗੁਰੂ ਰਹਿਮਤ ਵਿਚ ਗੁਜ਼ਾਰੀ। ਜਦੋਂ ਦੇ ਅਸੀਂ ਕੁਮਾਰ ਹੱਟੀ ਪਹਾੜ ਦੀ ਚੋਟੀ ਤੇ ਨਾਮ ਅਭਿਆਸ ਲਈ ਆਵਣ ਲਗੇ ਹਾਂ, ਉਦੋਂ ਤੋਂ ਹੀ ਇਸ ਵੀਰ ਮੁਨੀਸ਼ੂਰ ਨੇ ਸਾਡਾ ਸਾਥ ਪੂਰਨ ਹਮਜੋਲੀ ਹੋ ਕੇ ਨਿਭਾਇਆ। ਸੇਵਾ-ਭਾਵਨਾ ਦੇ ਬੜੇ ਹੀ ਸੰਜੀਦਾ ਰਸਿਕ ਬੈਰਾਗੀ ਸਨ। ਉਚੀਆਂ ਉਚੀਆਂ ਪਹਾੜੀਆਂ ਦੀਆਂ ਚੋਟੀਆਂ ਉਪਰ ਜਾ ਕੇ ਅਸਾਡੇ ਨਾਲ ਨਾਮ-ਅਭਿਆਸ ਵਿਚ ਜੁੜ ਜਾਣਾ ਤੇ ਐਸਾ ਜੁੜਨਾ ਕਿ ਇਨ੍ਹਾਂ ਨੂੰ ਸਰੀਰ ਦੀ ਸੁਧ ਬੁਧ ਹੀ ਨਾ ਰਹਿਣੀ। ਕੁਮਾਰ-ਹੱਟੀ ਪਹਾੜ ਦੇ ਲਾਗੇ ਦਰੇ ਦੇ ਪਾਰ ਇਕ ਸਾਫ਼ ਸੁਥਰਾ ਪੱਥਰਾ ਹੈ, ਜੋ ਮੁਨੀਸ਼ੂਰ ਦੇ ਪੱਥਰ ਨਾਲ ਪ੍ਰਸਿੱਧ ਹੈ, ਜਿਸ ਦੇ ਉਪਰ ਬੈਠ ਕੇ ਉਹ ਅਕਸਰ ਅਭਿਆਸ ਕਰਿਆ ਕਰਦੇ ਸਨ। ਹਰੇਕ ਸੱਜਣ ਦੇ ਪਿਆਰੇ ਅਤੇ ਜਥੇ ਦੇ ਹਰੇਕ ਭੂਸ਼ਣ ਦੇ ਅੱਖੀਆਂ ਦੇ ਤਾਰੇ ਸਨ। ਸਾਰੀ ਸਾਰੀ ਰਾਤ ਇਕ ਟੰਗ ਭਾਰ ਖੜੇ ਹੋ ਕੇ ਨਾਮ ਦਾ ਅਭਿਆਸ ਕਰਨਾ ਤੇ ਆਲਸ ਨਿੰਦਰਾ ਨੂੰ ਨੇੜੇ ਨਾ ਆਵਣ ਦੇਣਾ। ਪ੍ਰਮਾਤਮ-ਮਿਲਾਪ ਦੇ ਬੜੇ ਹੀ ਕਾਹਲੇ ਆਸ਼ਕ ਸਨ। ਇਸ ਛੋਟੀ ਜਿਹੀ ਉਮਰ ਵਿਚ ਇਹ ਲਗਨ ਲਗਣੀ ਬੜੇ ਹੀ ਉਜਲ ਨਸੀਬਾਂ ਦਾ ਸਿੱਟਾ ਹੈ। ਇਸ ਵੀਰ ਦੇ ਪਿਛਲੇ ਜਨਮ ਦੀਆਂ ਕਮਾਈਆਂ ਬੜੀਆਂ ਹੀ ਅਥਾਹ ਸਨ। ਸੰਸਾਰਕ ਸੰਸਕਾਰਾਂ ਦੀ ਖਲਜਗਣ ਵਿਚ ਕਦੇ ਵੀ ਖਚਤ ਨਹੀਂ ਹੋਏ ਸਨ, ਵਿਕਾਰ ਇਸ ਵੀਰ ਦੇ ਨੇੜੇ ਨਹੀਂ ਢੁਕੇ ਸਨ। ਬੜੇ ਹੀ ਸਿਧੇ ਸਾਦੇ ਸੂਧੇ ਮਿਜ਼ਾਜ ਦੇ ਰਾਜ ਦੁਲਾਰੇ ਸਨ।

ਇਨ੍ਹਾਂ ਦੇ ਪੁਰਾਤਨ ਮੇਲੀ ਭਾਈ ਕਾਹਨ ਸਿੰਘ ਗ੍ਰੰਥੀ ਨੇ ਇਕ ਵਾਰ ਸੁਤੇ ਸੁਭਾਵ ਹੀ ਇੰਨਾ ਕਹਿ ਦਿਤਾ ਕਿ ਆਪ ਦੀ ਅੰਸ ਤੋਂ ਬੰਸ ਪੈਦਾ ਹੋਣੀ ਜ਼ਰੂਰੀ ਹੈ, ਤਾਂ ਤੇ ਆਪ ਜੇ ਸ਼ਾਦੀ ਕਰਵਾ ਲਵੋ, ਕੋਈ ਹਰਜ ਨਹੀਂ। ਭਾਈ ਕਾਹਨ ਸਿੰਘ ਜੀ ਦੇ ਇਸੇ ਕਹਿਣ ਅਨੁਸਾਰ ਇਨ੍ਹਾਂ ਦੇ ਅੰਦਰ ਸ਼ਾਦੀ ਕਰਾਣ ਦਾ ਫੁਰਨਾ ਤਾਂ ਫੁਰ ਗਿਆ, ਪਰੰਤੂ ਸੰਪੂਰਨ ਗੁਰਮਤਿ ਅਨੁਸਾਰ ਪੂਰਨ ਗੁਰਮਤਿ ਖ਼ਿਆਲਾਂ ਵਾਲੀ ਗੁਰਮੁਖ ਕੰਨਿਆ ਨਾਲ ਹੀ ਸੰਬੰਧ ਕਰਵਾਣ ਦੇ ਖ਼ਿਆਲ ਵਿਚ ਤਤਪਰ ਰਹੇ। ਅਸਾਡੇ ਪਾਸ ਜਦੋਂ ਵੀ ਆਉਂਦੇ ਸਨ ਤਾਂ ਇਨ੍ਹਾਂ ਦੇ ਇਹ ਖ਼ਿਆਲ ਮਲੀਆਮੇਟ ਹੋ ਜਾਂਦੇ ਸਨ ਅਤੇ ਸ਼ਾਦੀ ਕਰਾਉਣ ਦਾ ਕਦੇ ਨਾਉਂ ਤਕ ਨਹੀਂ ਲੈਂਦੇ ਸਨ। ਇਹ ਹਮੇਸ਼ਾ ਏਵੇਂ ਹੀ ਕਹਿੰਦੇ ਰਹਿੰਦੇ ਸਨ ਕਿ ਅਸੀਂ ਤਾਂ ਅਕਾਲ ਪੁਰਖ ਨਾਲ ਹੀ ਲੜ ਜੋੜਿਆ ਹੈ, ਹੋਰਥੇ ਲੜ ਜੋੜਨ ਦੀ ਲੋੜ ਨਹੀਂ। ਓੜਕ ਮਿਟਦਾ ਮਿਟਦਾ ਇਹ ਫੁਰਨਾ ਉੱਕਾ ਹੀ ਮਿਟ ਗਿਆ। ਸ਼ੁਕਰ ਹੈ ਕਿ ਸਭ ਸਫ਼ਾਈ ਹੋ ਗਈ, ਕਿਉਂਕਿ ਅੰਤ ਕਾਲ ਇਨ੍ਹਾਂ ਦਾ ਨੇੜੇ ਹੀ ਆ ਢੁਕਿਆ ਸੀ। ਕਿਸੇ ਨੂੰ ਖ਼ਾਬੋ ਖ਼ਿਆਲ ਹੀ ਨਹੀਂ ਸੀ, ਕਿ ਆਪ ਇਤਨੀ ਛੇਤੀ ਹੀ ਚੜ੍ਹਾਈਆਂ ਕਰ ਜਾਣਗੇ। ਚੜ੍ਹਾਈਆਂ ਕਰਨ ਤੋਂ ਪਹਿਲਾਂ ਇਨ੍ਹਾਂ ਦੇ ਸਰੀਰ

WWW.AKJ.ORG

WWW.AKJ.ORG


ਨੂੰ ਕਸ਼ਟ ਖੇਦ ਤਾਂ ਬਹੁਤ ਹੋਏ ਅਤੇ ਹਦ ਦਰਜੇ ਦੇ ਹੋਏ। ਪਰ ਉਨ੍ਹਾਂ ਕਸ਼ਟਾਂ ਖੇਦਾ ਨੂੰ ਬੜੀ ਹੀ ਗੌਰਵਤਾ ਸਹਿਤ ਸਹਾਰਿਆ।

ਅਸਾਨੂੰ ਕਈਆਂ ਸਜਣਾਂ ਨੇ ਆ ਕੇ ਇਉਂ ਕਿਹਾਃ- ਕਿ ਐਸੇ ਵੀਰ ਗੁਰਮੁਖ ਨੂੰ ਅੰਤੀ-ਔਸਰੇ ਕਸ਼ਟ ਕਿਉਂ ਹੋਏ ਹਨ ? ਇਨ੍ਹਾਂ ਦੀ ਨਵਿਰਤੀ ਵਾਸਤੇ ਅਰਦਾਸ ਹੋਣਾ ਅਤੀ ਜ਼ਰੂਰੀ ਹੈ। ਸਾਡੇ ਸਾਹਮਣੇ ਉਸ ਸਮੇਂ ਭਾਈ ਭਗਤੂ ਜੀ ਗੁਰੂ ਪੰਚਮ ਪਾਤਸ਼ਾਹੀ ਦੇ ਅਨਿੰਨ ਭਗਤ ਦੀ ਨਜ਼ੀਰ ਆ ਖੜੋਏ। ਅਫ਼ਜ਼ਲ ਗੁਰਮਤਿ ਕਰਣੀ ਵਾਲੇ ਭਾਈ ਭਗਤੂ ਜੀ ਨੂੰ ਅੰਤ-ਔਸਰ ਬੜਾ ਹੀ ਕਸ਼ਟ ਹੋਇਆ ਸੀ, ਅਤੀਸਾਰ ਵਿਚ (ਮਰੋੜਾਂ ਦੀ ਬੀਮਾਰੀ ਨਾਲ) ਬੜੇ ਹੀ ਮੁਬਤਲਾ ਰਹੇ ਸਨ। ਗੁਰਸਿਖ ਦੇ ਸਮੁਦਾਇਕ ਤੇ ਬਹੁਤ ਸਾਰੇ ਹੋਰ ਦੁਨਿਆਵੀ ਵਡੇਰਿਆਂ ਨੇ ਜਦੋਂ ਆ ਕੇ ਭਾਈ ਭਗਤੂ ਜੀ ਦੇ ਅਗੇ ਇਹ ਸੰਸਾ ਪ੍ਰਗਟ ਕਰਨਾ, ਤਾਂ ਉਨ੍ਹਾਂ (ਭਾਈ ਭਗਤੂ ਜੀ) ਨੇ ਉਤਰ ਦੇਣਾ ਕਿ ਪਿਛਲੇ ਜਨਮ ਦੇ ਸਾਰੇ ਕਸ਼ਟ ਇਥੇ ਹੀ ਨਿਵਾਰ ਜਾਣੇ ਹਨ, ਰਾਈ ਮਾਤਰ ਭੀ ਰਹਿਣ ਨਹੀਂ ਦੇਣੇ। ਜਦੋਂ ਦੂਜਾ ਸਵਾਲ ਉਨ੍ਹਾਂ ਅਗੇ ਇਹ ਕਰਨਾ, ਕਿ ਤੁਸੀਂ ਗੁਰੂ ਦੇ ਇਤਨੇ ਅਨਿੰਨ ਭਗਤ ਹੋ, ਜੇ ਤੁਸੀਂ ਗੁਰੂ ਸਾਹਿਬਾਨ ਅਗੇ ਬੇਨਤੀ ਕਰੋ ਤਾਂ ਕੀ ਇਹ ਕਸ਼ਟ ਨਿਵਾਰੇ ਨਾ ਜਾਣ ? ਤਿਸ ਪਰ ਭਾਈ ਸਾਹਿਬ ਭਾਈ ਭਗਤੂ ਜੀ ਨੇ ਇਹ ਉਤਰ ਦੇਣਾ, ਕਿ ਭਲਿਓ ਲੋਕੋ ! ਗੁਰੂ ਸਾਹਿਬਾਨ ਪਾਸੋਂ ਇਹ ਅਸਾਂ ਮੰਗ ਮੰਗਣੀ ਹੈ ? ਬੜੀ ਕੁਹਜੀ ਮੰਗ ਮੰਗਣੀ ਹੈ। ਸਰੀਰ ਤੇ ਕਸ਼ਟ ਸਹਿਣਾ ਗੁਰਸਿਖਾਂ ਦਾ ਅਤਿ ਫ਼ਰਜ਼ ਹੈ। ਇਹਨਾਂ ਕਸ਼ਟਾਂ ਨੂੰ ਗੁਰੂ ਅਗੇ ਜੋਦੜੀਆਂ ਕਰ ਕੇ ਜਤਲਾਉਣਾ ਮਹਾਂ ਕਮਜ਼ੋਰੀ ਹੈ। ਐਨ ਉਸ ਪ੍ਰਕਾਰ ਦੀ ਅੰਤੀ ਔਸਰੀ ਦਸ਼ਾ ਵੀਰ ਭਾਈ ਹਰਬੰਸ ਸਿੰਘ ਮੁਨੀਸ਼ੂਰ ਜੀ ਉਪਰ ਵਾਪਰੀ ਤੇ ਚਲਾਣਾ ਕਰ ਗਏ। ਪਰ ਜੋ ਗੁਰਵਾਕ ਉਨ੍ਹਾਂ ਦੇ ਚਲਾਣੇ ਪ੍ਰਥਾਇ ਆਇਆ ਹੈ, ਉਸ ਗੁਰਵਾਕ ਦੀਆਂ ਇਹ ਤੁਕਾਂ ਵਿਚਾਰ ਕੇ ਪਾਠਕ ਜਨ ਖ਼ੁਦ ਹੀ ਅੰਦਾਜ਼ਾ ਲਾ ਲੈਣ ਕਿ ਵੀਰ ਮੁਨੀਸ਼ੂਰ ਜੀ ਕਿਸ ਉਚ ਮੰਜ਼ਲ ਦੇ ਅਨਿੰਨ ਜਗਿਆਸੂ ਸਨਃ-

ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ।।
ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ॥
ਨਾਨਕ ਆਪਿ ਨਿਹਾਲੁ ਸਭਿ ਕੁਲ ਤਾਰਸੀ॥੧॥੪॥੬॥ (ਸੂਹੀ ਮਃ ੧, ਪੰਨਾ ੭੩੦)

ਇਨ੍ਹਾਂ ਦੇ ਅਕਾਲ ਚਲਾਣੇ ਨਮਿਤ ਜਥੇ ਵਲੋਂ ਜੋ ਅਖੰਡ ਪਾਠ ਹੋਏ ਅਤੇ ਜੋ ਕਲਾ ਵਰਤੀ, ਉਸ ਦੀ ਉਪਮਾ ਬੜੀ ਹੀ ਅਪਰ ਅਪਾਰ ਹੈ। ਇਹ ਵੀਰ ਸਾਨੂੰ ਕਦੇ ਨਹੀਂ ਭੁਲਿਆ, ਨਾ ਭੁਲਣਾ ਹੈ। ਇਸ ਜੈਸੇ ਅਨੇਕਾਂ ਗੁਰਮੁਖ ਵੀਰ ਜਨਾਂ ਨੂੰ ਜਦੋਂ ਅਸੀਂ ਦੇਖਦੇ ਹਾਂ, ਕਿ ਗੁਰਪੁਰੀ ਵਿਚ ਸਾਡੀ ਅਗਵਾਈ ਕਰਨ ਲਈ ਤਤਪਰ



ਖੜੋਤੇ ਹਨ, ਚਿਤ ਵਿਚ ਬੜਾ ਹੀ ਅਨੰਦ-ਮਈ ਹੁਲਾਸ ਪੈਦਾ ਹੁੰਦਾ ਹੈ। ਇਸ ਵੀਰ ਦੇ ਪਿਛੋਂ ਨਿਕਟੀ ਪਰਵਾਰ ਵਿਚੋਂ ਇਨ੍ਹਾਂ ਦੀ ਇਕੋ ਇਕ ਗੁਰਸਿਖ ਚਾਚੀ, ਭੈਣ ਗੁਰਦਿਆਲ ਕੌਰ, ਵੀਰ ਮੁਨੀਸ਼ੂਰ ਜੀ ਦੀ ਯਾਦਗਾਰੀ ਅਨਿੰਨ ਨਿਸ਼ਾਨੀ ਸੀ, ਸੋ ਵੀ ਚਲਾਣਾ ਕਰ ਗਈ। ਹੁਣ ਸੰਸਾਰ ਦੇ ਰਿਸ਼ਤਿਆਂ ਵਿਚੋਂ ਉਸ ਨੂੰ ਕਿਸ ਨੇ ਯਾਦ ਕਰਨਾ ਹੈ, ਜਥੇ ਦੇ ਗੁਰਮੁਖਾਂ ਦੇ ਮੰਡਲ ਵਿਚ ਇਸ ਵੀਰ ਦੀ ਯਾਦ ਹੇਮੇਸ਼ਾ ਹੀ ਤਾਜ਼ਾ ਰਹੇਗੀ। ਉਸ ਦੀ ਕਰਣੀ ਕਮਾਲ ਮਾਲਿਆਂ ਗੁਰਮੁਖ ਜਨਾਂ ਨੇ ਤਾ ਇਸ ਵੀਰ ਦੀ ਆਤਮ ਕ੍ਰਾਂਤ ਦੇ ਦਰਸ਼ਨ ਜਾ ਗੁਰਪੁਰੀ ਵਿਖੇ ਕਰਨੇ ਹਨ। ਸੋ ਨਿਰਾਸਤਾ ਕਾਹਦੀ, ਆਸਾਂ ਗੁਰੂ ਕਰਤਾਰ ਨੇ ਪੂਰੀਆਂ ਕਰਨੀਆਂ ਹਨ, ਉਹ ਪੂਰੀਆਂ ਹੁੰਦੀਆਂ ਹੀ ਰਹਿਣਗੀਆਂ। ਅਜਿਹੇ ਰੰਗਲੇ ਸਜਣਾਂ ਦੀ ਯਾਦਗਾਰੀ ਲਿਖਤਾਂ ਲਿਖਣ ਵਾਲੀ ਇਕ ਟੂਕ ਮਾਤਰ ਸੇਵਾ ਸਾਡੇ ਹਿਸੇ ਵਿਚ ਆਈ ਹੈ, ਐਨ ਗੁਰੂ ਦੀ ਪ੍ਰੇਰਨਾ ਅਨੁਸਾਰੀ ਆਈ ਹੈ। ਸਤਿਗੁਰ ਆਪਣੀਆਂ ਨਦਰਾਂ ਮੇਹਰਾਂ ਨਾਲ ਸਫਲੀ ਕਰੇ। ਅਗਲੀਆਂ ਆਵਣ ਵਾਲੀਆਂ ਸਿਖ ਪਨੀਰੀਆਂ ਅਰੂੜ੍ਹੀਆਂ ਰੂਹਾਂ ਇਸ ਲੇਖ ਤੋਂ ਲਾਭ ਉਠਾਵਣ।

WWW.AKJ.ORG

WWW.AKJ.ORG

੧੭

# ਗੁਰਮੁਖ ਪਿਆਰੇ, ਇਆਣੇ ਵੀਰ ਪ੍ਰੀਤਮ ਸਿੰਘ ਜੀ 'ਨਿਆਣਾ'

ਹਉ ਤਿਸੁ ਵਿਟਹੁ ਵਾਰਿਆ ਹੋਂਦੇ ਤਾਨਿ ਜੁ ਹੋਇ ਨਿਤਾਣਾ॥
ਹਉ ਤਿਸੁ ਵਿਟਹੁ ਵਾਰਿਆ ਹੋਂਦੇ ਮਾਨਿ ਜੁ ਰਹੈ ਨਿਮਾਣਾ॥
ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ॥
ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ॥
ਹਉ ਤਿਸੁ ਵਿਟਹੁ ਵਾਰਿਆ ਗੁਰਮੁਖਿ ਮਾਰਗੁ ਦੇਖਿ ਲੁਭਾਣਾ॥
ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ॥
ਦੀਨ ਦੁਨੀ ਦਰਗਹ ਪਰਵਾਣਾ॥੩॥ (੧੨)

ਭਾਈ ਗੁਰਦਾਸ ਜੀ ਦੀ ਇਸ ਪਉੜੀ ਦੀ ਇਕ ਇਕ ਸਤਰ ਦਾ ਭਾਵ ਸਾਰਾ ਹੀ ਭਾਈ ਪ੍ਰੀਤਮ ਸਿੰਘ ਜੀ 'ਇਆਣਾ' ਦੇ ਜੀਵਨ ਉਪਰ ਘਟਦਾ ਹੈ। ਭਾਈ ਪ੍ਰੀਤਮ ਸਿੰਘ ਜੀ 'ਇਆਣਾ' ਦੀ ਆਯੂ ਚਾਹੇ ੨੦-੨੨ ਸਾਲ ਦੀ ਹੀ ਸੀ, ਪਰ ਸਰੀਰ ਕਰਕੇ ਉਨ੍ਹਾਂ ਦਾ ਤਾਣ (ਤਾਕਤ) ਬੜੇ ਰਿਸ਼ਟ ਪੁਸ਼ਟ ਬਲੀ ਸਿੰਘਾਂ ਵਾਲਾ ਸੀ। ਇਤਨੀ ਤਾਣ-ਤਾਕਤ ਦੇ ਹੁੰਦਿਆਂ, ਉਹ ਇਸ ਤਾਣ ਨੂੰ ਕਦੇ ਨਹੀਂ ਜਣਾਵੰਦੇ ਸਨ, ਸਦਾ ਹੀ ਨਿਤਾਣੇ ਰਹਿੰਦੇ ਸਨ। ਆਤਮ-ਬਲ ਵਿਚ ਵੀ ਤਾਣ ਤਾਕਤ ਕਰਕੇ ਬੜੇ ਹੀ ਪ੍ਰਬੀਨ ਸਨ, ਪਰ ਆਪਣੇ ਆਤਮ-ਬਲ ਦਾ ਰੰਚਕ ਮਾਤਰ ਵੀ ਇਜ਼ਹਾਰ ਕਦੇ ਨਹੀਂ ਕਰਦੇ ਸਨ। ਉਨ੍ਹਾਂ ਦੀ ਮਾਣ-ਮਹੱਤਤਾ ਇਸ ਛੋਟੀ ਉਮਰ ਵਿਚ ਹੀ ਵਡ ਵਡੇਰੀ ਸੀ, ਵਡੇ ਵਡੇ ਸਿਖ ਸਰਦਾਰ, ਫ਼ੌਜੀ ਮਨਸਬਦਾਰ, ਵਡੇ ਤੋਂ ਵਡੇ ਅਹੁਦੇ ਵਾਲੇ ਰਿਆਸਤੀ ਅਹਿਲਕਾਰ, ਭਾਈ ਪ੍ਰੀਤਮ ਸਿੰਘ ਜੀ ਇਆਣੇ ਦਾ ਬੜਾ ਹੀ ਮਾਣ ਸਤਿਕਾਰ ਕਰਿਆ ਕਰਦੇ ਸਨ, ਪਰ ਇਆਣਾ ਜੀ ਸਦਾ ਹੀ ਇਤਨੇ ਮਾਣ ਦੇ ਹੁੰਦਿਆਂ ਵੀ ਨਿਮਾਣਾ ਰਹਿੰਦੇ ਸਨ। ਸੰਸਾਰੀ ਸਿਆਣਪ ਉਨ੍ਹਾਂ ਦੇ ਨੇੜੇ ਨਹੀਂ ਢੁਕਦੀ ਸੀ, ਪੁਹੰਦੀ ਹੀ ਨਹੀਂ ਸੀ। ਗੁਰਮਤਿ ਗੁਣਾਂ ਕਰਕੇ ਬੜੇ ਹੀ ਦਾਨੇ ਬੀਨੇ ਸਨ, ਮਾਨੋ ਅਕਲਾਂ ਦੇ ਕੋਟ ਹੀ ਸਨ, ਪਰ ਇਤਨੀਆਂ ਸਿਆਣਪਾਂ ਦੇ ਹੁੰਦੇ ਹੋਏ, ਸਦਾ ਆਪਣੇ ਆਪ ਨੂੰ ਇਆਣਾ ਕਰ ਜਣਾਉਂਦੇ ਸਨ। ਇਆਣਿਆਂ ਵਾਲਾ ਬੋਲ ਬੁਲਾਉ, ਇਆਣਿਆਂ ਵਾਲਾ ਕਦਰ ਕਦਰਾਉ, ਸਚ ਮੁਚ ਇਆਣਿਆਂ ਵਾਂਗੂੰ ਹੀ ਬੋਲਦੇ





ਸਨ। ਇਆਣਿਆਂ ਬੱਚਿਆਂ ਦੀ ਤਰ੍ਹਾਂ ਬੜਾ ਹੀ ਮਿਠ-ਬੋਲੜਾ ਅਤੇ ਅਲੋਲੜਾ ਬੋਲ ਬੋਲਦੇ ਸਨ। ਸਿਆਣਿਆਂ ਵਾਲੀ ਮੱਤ, ਪਰੰਤੂ ਨਿਆਣਿਆਂ ਵਾਲਾ ਵਤੀਰਾ, ਅਕਲੀਰਾ ਰਖਦੇ ਸਨ। ਉਨ੍ਹਾਂ ਦੀ ਖ਼ਸਲਤ, ਸੁਭਾਉ ਵਿਚ ਹੀ ਜਮਾਂਦਰੂ ਇਆਣਿਆਂ ਦੀ ਨਿਆਈਂ, ਸਿਆਣਾ-ਪਣ ਕੁਟ ਕੁਟ ਕੇ ਭਰਿਆ ਹੋਇਆ ਸੀ। ਅਸਾਡੀ ਵਲ ਆਮ ਬੋਲ ਵਿਚ ਇਆਣਾ ਪਦ ਨੂੰ ਨਿਆਣਾ ਕਰਕੇ ਭਾਖਦੇ ਹਨ। ਤਾਂ ਤੇ ਸਾਰੀ ਹੀ ਸੰਗਤ ਵਿਚ ਇਨ੍ਹਾਂ ਦਾ ਨਾਉਂ (ਤੁਖੱਲਸ) ਨਿਆਣਾ ਜੀ ਹੀ ਪ੍ਰਸਿਧ ਹੋ ਗਿਆ ਸੀ, ਕਿਉਂਕਿ ਇਹ ਨਿਆਣਿਆਂ (ਇਆਣਿਆਂ) ਬੱਚਿਆਂ ਵਾਂਗੂੰ ਹੀ ਬੋਲਿਆ ਕਰਦੇ ਸਨ, ਬੜੀ ਹੀ ਪਿਆਰੀ ਸਿਧਰੀ ਟੇਰ ਪੁਕਾਰ ਵਿਚ ਟੇਰਿਆ ਪੁਕਾਰਿਆ ਕਰਦੇ ਸਨ। ਪਉੜੀ ਦੀਆਂ ਅਗਲੀਆਂ ਸਤਰਾਂ ਦਾ ਭਾਵ ਅਗੇ ਚਲ ਕੇ ਉਨ੍ਹਾਂ ਦੀ ਜੀਵਨਾਵਲੀ ਉਪਰ ਇੰਨ ਬਿੰਨ ਘਟੇਗਾ।

ਇਨ੍ਹਾਂ ਦਾ ਨਾਮ ਅੰਮ੍ਰਿਤ ਛਕਣ ਤੋਂ ਪਹਿਲਾਂ ਭਾਈ ਸੁਰਜਨ ਸਿੰਘ ਸੀ, ਅੰਮ੍ਰਿਤ ਛਕ ਕੇ ਪ੍ਰੀਤਮ ਸਿੰਘ ਇਨ੍ਹਾਂ ਦਾ ਨਾਮ ਹੋ ਗਿਆ। ਪਰ ਫ਼ੌਜੀ ਲਾਣਾ ਆਮ ਤੌਰ ਤੇ ਇਸ ਵੀਰ ਨੂੰ ਸੁਰਜਨ ਸਿੰਘ 'ਨਿਆਣਾ' ਕਰਕੇ ਬੋਲਦਾ ਬੁਲਾਂਦਾ ਸੀ। ਪਟਿਆਲਾ ਸ਼ਹਿਰ ਦੇ ਲਾਗੇ ਹੀ ਡੇਢ ਕੁ ਮੀਲ ਦੇ ਫ਼ਾਸਲੇ ਤੇ ਇਕ ਬਡੂੰਗਰ ਨਗਰ ਹੈ। ਇਸ ਬਡੂੰਗਰ ਨਗਰ ਵਿਖੇ ਪ੍ਰਸਿੱਧ ਪਿਆਰੇ ਸਃ ਜੋਗਿੰਦਰ ਸਿੰਘ ਦੀ ਕੋਠੀ ਵਸ ਰਸ ਰਹੀ ਸੀ। ਇਸ ਕੋਠੀ ਦੇ ਇਕ ਪਾਸੇ ਐਨ ਲਾਗੇ ਹੀ ਪਟਿਆਲਾ ਛਾਉਣੀ ਦੇ ਰਸਾਲਿਆਂ ਦਾ ਘੋੜਿਆਂ ਦਾ ਹਸਪਤਾਲ ਸੀ। ਇਸ ਹਸਪਤਾਲ ਦਾ ਹਾਤਾ ਅਤੇ ਸਃ ਜੋਗਿੰਦਰ ਸਿੰਘ ਜੀ ਦੀ ਕੋਠੀ ਦਾ ਹਾਤਾ ਪਾਸੋ ਪਾਸ ਮਿਲਦਾ ਜੁਲਦਾ ਸੀ। ਇਸ ਹਸਪਤਾਲ ਵਿਚ ਨਿਆਣਾ ਜੀ ਡਿਸਪੈਂਸਰੀ ਦੀ ਡਿਊਟੀ ਵੀ ਅਦਾ ਕਰਦੇ ਸਨ ਤੇ ਸਾਰੇ ਹਾਤੇ ਦੀ ਖੇਤੀ-ਬਾੜੀ ਫਲ ਫੁਲਹਾਰੀ ਦੀ ਨਿਗਰਾਨੀ ਵੀ ਕਰਦੇ ਸਨ ਅਤੇ ਨਾਲੇ ਹੀ ਡਿਸਪੈਂਸਰੀ ਸੰਬੰਧੀ ਗੁਰਦੁਆਰੇ ਦੇ ਗ੍ਰੰਥੀ ਵੀ ਸਨ।

ਨਿਆਣਾ ਜੀ ਦੀ ਤਬੀਅਤ ਦਾ ਝੁਕਾਉ ਕੁਦਰਤੀ ਹੀ ਪਹਿਲੇ ਦਿਨ ਤੋਂ ਪ੍ਰਮਾਰਥ ਵਲ ਸੀ। ਸਃ ਜੋਗਿੰਦਰ ਸਿੰਘ ਜੀ ਦੀ ਕੋਠੀ ਵਿਚ ਅਕਸਰ ਸੰਗਤਾਂ ਤੋਂ ਕੀਰਤਨ ਸਮਾਗਮਾਂ ਦੀ ਗਹਿਮਾ ਗਹਿਮ ਰਿਹਾ ਕਰਦੀ ਸੀ, ਇਹ ਚੁਪ ਚੁਪੀਤੇ ਹੀ ਉਠ ਕੇ ਸਾਰੇ ਸਤਿਸੰਗ ਸਮਾਗਮ ਦਾ ਗੁਪਤੋ ਗੁਪਤੀ ਲਾਹਾ ਲੈ ਲਿਆ ਕਰਦੇ ਸਨ। ਸੰਗਤ ਦੇ ਵਿਦਾ ਹੋ ਜਾਣ ਪਿਛੋਂ ਜਦੋਂ ਭੀ ਨਿਆਣਾ ਜੀ ਨੂੰ ਫ਼ੁਰਸਤ ਮਿਲਦੀ ਤਾਂ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਪਾਸ ਆ ਬੈਠਦੇ ਸਨ, ਅਤੇ ਉਨ੍ਹਾਂ ਦੇ ਗੁਰਮਤਿ ਹੁਲਾਸੀ ਬਚਨਾਂ ਦੇ ਪੂਰਨ ਸਤਿਸੰਗੀ ਬਣ ਕੇ ਸੱਚਾ ਨਿਚੋੜ ਲਾਹਾ ਕਢਦੇ ਰਹਿੰਦੇ ਸਨ।

ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਨਾਲ ਨਿਆਣਾ ਜੀ ਦਾ

WWW.AKJ.ORG

WWW.AKJ.ORG



ਬੜਾ ਹੀ ਪਿਆਰ ਪੈ ਗਿਆ, ਅਤੇ ਇਨ੍ਹਾਂ ਦੀ ਪ੍ਰੇਰਨਾ ਨਾਲ ਹੀ ਨਿਆਣਾ ਜੀ ਜਥੇ ਪਾਸੋਂ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਜੇ ਗਏ। ਐਜੇ ਸਜੇ ਕਿ ਦਿਨ ਰਾਤ ਨਾਮ ਅਭਿਆਸ ਵਿਚ ਗੁਟ ਮਸਤੁਸ਼ਟ ਹੀ ਰਿਹਾ ਕਰਦੇ ਸਨ। ਹੱਥੀਂ ਕਾਰ ਕਰਨੀ, ਚਿਤ ਹਰ ਦਮ ਨਿਰੰਕਾਰ, ਸਾਈਂ ਵਾਹਿਗੁਰੂ ਦੇ ਨਾਮ ਵਿਚ ਹੀ ਪ੍ਰੋਤੇ ਰਖਣਾ, ਅੰਮ੍ਰਿਤ ਵੇਲੇ ਦੋ ਵਜੇ ਜਾਗ ਕੇ ਇਸ਼ਨਾਨ ਕਰਨਾ, ਅਤੇ ਚਾਰ ਵਜੇ ਤਾਈਂ ਬਾਣੀ ਦੇ ਪਾਠ ਦਾ ਨਿਤਨੇਮ ਨਿਭਾਉਣਾ। ਫੇਰ ਚਾਰ ਵਜੇ ਤੋਂ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਅਤੇ ਹੁਕਮ ਲੈ ਕੇ ਇਕੱਲੇ ਹੀ ਕੀਰਤਨ ਵਿਚ ਜੁਟ ਜਾਣਾ, ਇਨ੍ਹਾਂ ਦਾ ਨਿਤ ਨਮਿਤ ਕਰਮ ਸੀ। ਕੀਰਤਨ ਕਰਨ-ਸੁਣਨ ਵਿਚ ਬੜੀ ਹੀ ਪ੍ਰਬੀਨਤਾ ਰਖਦੇ ਸਨ। ਇਹ ਪ੍ਰਵਾਹ ਨਹੀਂ, ਸੰਗਤ ਜੁੜੇ ਨ ਜੁੜੇ, ਇਕੱਲਿਆਂ ਨੇ ਹੀ ਬੜੀ ਮਧੁਰ ਧੁਨੀ ਵਿਚ ਕੀਰਤਨ ਕਰਨ ਜੁਟ ਜਾਣਾ। ਹਾਰਮੋਨੀਅਮ ਵਾਜਾ ਬਜਾਣਾ ਨਿਆਣਾ ਜੀ ਨੂੰ ਨਿਆਣ-ਪੁਣੇ ਤੋਂ ਹੀ ਆਉਂਦਾ ਸੀ, ਢੋਲਕੀ ਜੋੜੀ ਭੀ ਬੜੀ ਸੋਹਣੀ ਵਜਾ ਲੈਂਦੇ ਸਨ। ਬਹੁਤ ਹੀ ਗੁਰਮਤਿ ਤੱਤਤਾ ਵਾਲੀ ਇਹ ਗੱਲ ਸੀ ਕਿ ਨਿਰਾ ਹੀ ਨਿਰਬਾਣ ਕੀਰਤਨ ਕਰਿਆ ਕਰਦੇ ਸਨ। ਬਾਹਰਲੀ ਕੱਚੀ ਬਾਣੀ ਦੀ ਤੁਕ ਖ਼ੁਦ ਪੜ੍ਹਨੀ ਸੁਣਨੀ ਤਾਂ ਕੀ ਸੀ, ਦੂਜੇ ਕਿਸੇ ਕੀਰਤਨੀਏ ਨੂੰ ਵੀ ਨਹੀਂ ਪੜ੍ਹਨ ਦਿੰਦੇ ਸਨ। ਉਨ੍ਹਾਂ ਦੀ ਇਸ ਸ਼ਰਧਾ ਭਾਵਨੀ ਦੀ ਅਨਿੰਨਤਾ ਵਾਲੀ ਗੱਲ ਸਾਰੀਆਂ ਹੀ ਫ਼ੌਜਾਂ, ਪਲਟਨਾਂ, ਰਸਾਲਿਆਂ, ਤੋਪਖ਼ਾਨਿਆਂ, ਸਿਖ ਸੰਗਤਾਂ ਵਿਚ ਉਘੀ ਹੋ ਗਈ ਸੀ, ਜਿਸ ਕਰਕੇ ਨਿਆਣਾ ਜੀ ਦਾ ਸਨਮਾਨ ਹੋਰ ਵੀ ਵਧੇਰਾ ਹੋ ਗਿਆ ਹੋਇਆ ਸੀ। ਸ਼ਬਦ ਕੀਰਤਨ ਦੀ ਅਮਰੀਅਤ ਅਲਾਹੀ ਖਿਚ ਦੇ ਤੁਫ਼ੈਲ ਨਿਆਣਾ ਜੀ ਦੇ ਨਾਲ ਫ਼ੌਜੀ ਕੀਰਤਨੀ ਜਥਾ ਵੀ ਖਾਸਾ ਜੁੜ ਗਿਆ ਸੀ। ਫੇਰ ਤਾਂ ਸਾਰੇ ਹੀ ਫ਼ੌਜਾਂ ਵਿਚ ਜਿਥੇ ਕਿਥੇ ਸਤਿਸੰਗ ਸਮਾਗਮ ਹੋਵੇ, ਇਸ ਕੀਰਤਨੀ ਜਥੇ ਨੂੰ ਜ਼ਰੂਰ ਬੁਲਾ ਲਿਆ ਕਰਦੇ ਸਨ। ਇਨ੍ਹਾਂ ਦੇ ਨਿਰਬਾਣ ਕੀਰਤਨ ਦੀ ਬਰਕਤ ਨਾਲ ਕਈ ਫ਼ੌਜੀ ਅਹੁਦੇਦਾਰ, ਜਮਾਂਦਾਰ, ਸੂਬੇਦਾਰ, ਰਸਾਲਦਾਰ ਆਦਿਕ ਚੋਟੀ ਦੇ ਨਿਰਬਾਣ ਕੀਰਤਨੀਏ ਬਣ ਗਏ।

ਇਨ੍ਹਾਂ ਦੀ ਦਸਾਂ ਨਹੁੰਆਂ ਦੀ ਕਮਾਈ ਬੜੀ ਹੀ ਉਚ ਕਲਾ ਦੀ ਸੀ, ਗੁਰਮਤਿ ਦੇ ਪੂਰਨ ਅੰਤਰੀਵੀ ਆਸ਼ੇ ਦੇ ਅਨੁਸਾਰ, ਪੂਰਨ ਈਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਂਦੇ ਸਨ। ਦਿਲ ਦੇ ਗ਼ਨੀ, ਤਬੀਅਤ ਦੇ ਬੇਪ੍ਰਵਾਹ, ਸਦਾ ਅਲਗ਼ਰਜ਼ ਅਰ ਮਸਤ ਮਤਵਾਰੇ ਹੀ ਰਹਿੰਦੇ ਸਨ। ਦਿਲ ਦੀ ਗ਼ਰੀਬੀ ਪਰਲੇ ਦਰਜੇ ਦੀ ਗੁਰਮਤਿ ਆਨ ਸ਼ਾਨ ਵਾਲੀ ਸੀ। ਜਿਸ ਬੇਪ੍ਰਵਾਹੀ ਅੰਦਰ ਨਿਆਣਾ ਜੀ ਖੇਡਦੇ ਹੁੰਦੇ ਸਨ, ਉਹ ਕਿਸੇ ਬੜੇ ਤੋਂ ਬੜੇ ਬਾਦਸ਼ਾਹ ਨੂੰ ਵੀ ਨਸੀਬ ਨਹੀਂ ਹੋਣੀ। ਇਨ੍ਹਾਂ ਦੇ ਘਰੋਂ ਇਨ੍ਹਾਂ ਦੀ ਸੁਪਤਨੀ ਭੀ ਬੜੀ ਹੀ ਸਿਧੀ ਸਾਦੀ ਤੇ ਸਾਦ-ਮੁਰਾਦੀ ਗੁਰਮੁਖ



ਲੜਕੀ ਸੀ। ਅੰਮ੍ਰਿਤ ਛਕ ਕੇ ਰਹਿਤ ਬਹਿਤ ਵਿਚ ਤਿਆਰ-ਬਰ-ਤਿਆਰ ਅਤੇ ਨਿਆਣਾ ਜੀ ਦੀ ਪੂਰਨ ਆਗਿਆਕਾਰ ਰਹਿੰਦੀ ਸੀ। ਰੁਖਾ, ਮਿਸਾ, ਲੂਣਾ, ਅਲੂਣਾ ਪ੍ਰਸ਼ਾਦ ਛਕ ਕੇ ਸਦਾ ਹੀ ਸਬਰ ਸੰਤੋਖ ਵਿਚ ਰਿਹਾ ਕਰਦੇ ਸਨ। ਸਬਰ ਸੰਤੋਖ ਇਸ ਜੋੜੀ ਦਾ ਡਾਢਾ ਹੀ ਗੁਰਮਤਿ ਕਲਾ ਵਾਲਾ ਸੀ। ਕੌੜਾ ਬੋਲ ਤਾਂ ਬੋਲਣ ਇਹ ਜਾਣਦੇ ਹੀ ਨਹੀਂ ਸਨ, ਸਭ ਦੇ ਨਾਲ ਅਧਿਕ ਅਧੀਨਤਾ ਸਹਿਤ ਮਿਠ-ਬੋਲੇ ਹੋ ਕੇ ਬੋਲਣਾ। ਮੁਖੋਂ ਨਿਕਲੇ ਬੋਲ ਨੂੰ ਪੂਰਨ ਗੁਰਮਤਿ ਦੀ ਤੱਕੜੀ (ਤਰਾਜ਼ੂ) ਵਿਚ ਤੋਲਣਾ ਇਨ੍ਹਾਂ ਦਾ ਬਾਏਂ ਹੱਥ ਦਾ ਕਸਬ ਸੀ। ਦੁਖ ਸੁਖ ਵਿਚ ਸਦਾ ਰਾਜ਼ੀ ਰਹਿਣਾ ਤੇ ਸੱਚੇ ਸਾਹਿਬ ਰੂਪੀ ਖਸਮ ਦਾ ਭਾਣਾ ਹਰ ਹਾਲਤ ਵਿਚ ਮਿੱਠਾ ਕਰ ਕੇ ਮੰਨਣਾ ਇਸ ਵੀਰੇ ਦੀ ਉੱਤਮ ਆਦਤ ਸੀ। ਐਸੇ ਤੱਤ ਗੁਰਮਤਿ ਵਾਲੇ ਗੁਰਮੁਖ ਸਨ ਕਿ ਅਨਮਤੀਆਂ, ਮਨਮਤੀਆਂ ਦੀ ਕੁਸੰਗਤ ਤੋਂ ਸਦਾ ਬਚੇ ਰਹਿੰਦੇ ਸਨ, ਗੁਰਮਤਿ ਮਾਰਗ ਨੂੰ ਦੇਖ ਕੇ ਹੀ ਲੁਭਾਉਂਦੇ ਸਨ। ਹੋਰ ਚਾਹੇ ਕਿਤਨਾ ਹੀ ਲਾਲਚ ਦੇਵੇ, ਕਦੇ ਵੀ ਆਨਮਤੀ ਮਾਰਗ ਤੇ ਚਲਣ ਦੀ ਰੀਸ ਰੀਝਾਵਣੀ ਨਹੀਂ ਕਰਦੇ ਸਨ। ਛੋਟੀ ਉਮਰ ਵਿਚ ਹੀ ਸੰਸਾਰ ਦੇ ਸੁਖਾਂ ਤੋਂ ਸੁਤੇ ਹੀ ਉਪਰਾਮਤਾ ਰਹਿੰਦੀ ਸੀ। ਇਸ ਅਸਾਰ ਸੰਸਾਰ ਨੂੰ ਮਨ, ਬਚਨ, ਕਰਮ ਕਰਕੇ ਚਾਰ ਦਿਹਾੜੇ ਦਾ ਧੂੰਏਂ ਦਾ ਪਸਾਰ ਹੀ ਜਾਣਦੇ ਸਨ। ਜਦੋਂ ਗੱਲ ਕਰਨੀ, ਇਵੇਂ ਹੀ ਆਖਣਾ ਕਿ ਚਾਰ ਦਿਨ ਦੇ ਮਹਿਮਾਨ (ਪ੍ਰਾਹੁਣੇ) ਹੀ ਹਾਂ, ਓੜਕ ਅਗੇ ਚਲ ਬਸਣਾ ਹੈ।

ਵੀਰ ਨਿਆਣਾ ਜੀ ਦੇ ਚੇਹਰੇ ਨੂੰ ਦੇਖਦੇ ਸਾਰ ਹੀ, ਦੇਖਣਹਾਰਿਆਂ ਨੂੰ ਐਸਾ ਠਰ੍ਹੰਮਾ ਉਪਜਦਾ ਸੀ ਕਿ ਉਹ ਸ਼ਾਂਤ ਬਿਰਤ ਹੋ ਜਾਂਦੇ ਸਨ। ਜਥੇ ਦੇ ਜਥੇ ਕਿਥੇ ਵੀ ਭਾਰੀ ਸਤਿਸੰਗ ਸਮਾਗਮ ਹੋਣੇ, ਉਥੇ ਉਥੇ ਜ਼ਰੂਰ ਅਪੜਦੇ ਹੁੰਦੇ ਸਨ, ਪਰ ਸਰਕਾਰੀ ਨੌਕਰੀ ਤੋਂ ਛੁੱਟੀ ਲੈ ਕੇ ਅੱਪੜਦੇ ਸਨ। ਅਖੰਡ ਪਾਠੀ ਅਤੇ ਅਖੰਡ ਕੀਰਤਨੀਏ ਬੜੀ ਹੀ ਨਿਰਾਲੀ ਚਾਲ ਵਾਲੇ ਸਨ। ਉਚੀ ਤੋਂ ਉਚੀ ਸੁਰ ਨਾਲ ਪਾਠ ਕੀਰਤਨ ਕਰਨਾ ਅਤੇ ਸਾਰਿਆਂ ਦੀ ਸਮਝ ਵਿਚ ਇਨ੍ਹਾਂ ਦਾ ਪਾਠ ਕਰੀਤਨ ਸੁਖੈਨ ਹੀ ਪੈ ਜਾਂਦਾ ਸੀ। ਗੁਰਪੁਰਬ ਪੋਹ ਸੁਦੀ ਸਤਮੀ ਦੇ ਸਾਲਾਨਾ ਜੋੜ ਮੇਲੇ ਵਿਚ ਅਕਸਰ ਜ਼ਰੂਰ ਆਇਆ ਕਰਦੇ ਸਨ। ਜਿਨ੍ਹਾਂ ਜਿਨ੍ਹਾਂ ਕੀਰਤਨ ਰਸੀਏ ਸਿਖ ਸਜਣਾਂ ਨੇ ਇਸ ਵੀਰ ਨਿਆਣਾ ਜੀ ਦੀ ਕੀਰਤਨ ਲੈਅ-ਧੁਨੀ ਸੁਣੀ ਹੈ, ਉਹ ਬਸ ਚਕ੍ਰਿਤ ਹੀ ਰਹਿ ਗਏ ਹਨ। ਸ੍ਰੀ ਆਸਾ ਜੀ ਦੀ ਵਾਰ ਦੀ ਪਉੜੀ ਐਸੇ ਥਰ ਥਰ੍ਹੰਮੇ ਲਹਿਜੇ ਨਾਲ ਅਲਾਪਿਆ ਕਰਦੇ ਸਨ ਕਿ ਸਾਰੇ ਸਰੋਤੇ ਜਨਾਂ ਦੇ ਰਗੋ ਰੇਸ਼ੇ ਵਿਚ ਇਸ ਪਉੜੀ ਦਾ ਗੁਝਾ ਅੰਤਰੀਵੀ ਭਾਵ ਰਸ ਧਸ ਜਾਂਦਾ ਸੀ। ਜਦ ਕਿਤੇ ਵੀਰ ਨਿਆਣਾ ਜੀ ਗੁਰਪੁਰਬ ਸਮਾਗਮਾਂ, ਕੀਰਤਨ ਸਤਿਸੰਗਾਂ ਵਿਚ ਆ ਜੁੜਨੋਂ ਖੁੰਜ ਜਾਂਦੇ ਸਨ, ਤਾਂ ਕਈਆਂ ਸਜਣਾਂ ਨੂੰ ਇਹ ਚੇਟਕ ਲਗ ਜਾਣੀ ਕਿ ਉਹ ਪਉੜੀ ਲੈਣ ਵਾਲਾ

WWW.AKJ.ORG

ਸਿੰਘ ਕਿਉਂ ਨਹੀਂ ਆਇਆ। ਜਿਤਨਾ ਚਿਰ ਵੀ ਗੁਰਮੁਖ ਪਿਆਰੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਇਸ ਜਗ ਉਤੇ ਜੀਉਂਦੇ ਰਹੇ, ਉਤਨਾ ਚਿਰ ਤਾਂ ਉਨ੍ਹਾਂ ਦੇ ਨਾਲ ਹੀ ਵੀਰ ਨਿਆਣਾ ਜੀ ਸਮਾਗਮ ਤੇ ਆਉਂਦੇ ਜਾਂਦੇ ਰਹੇ। ਜਦੋਂ ਸਃ ਜੋਗਿੰਦਰ ਸਿੰਘ ਜੀ ਚੜ੍ਹਾਈਆਂ ਕਰ ਗਏ, ਫੇਰ ਤਾਂ ਮਹੀਨਿਆਂ ਸਾਲਾਂ ਬੱਧੀ ਪਟਿਆਲੇ ਵਿਖੇ ਹੀ ਸਮਾਧ-ਸਥਿਤ ਹੋ ਕੇ ਵੈਰਾਗ ਅਨੁਰਾਗੀ ਸਮੁੰਦਰ ਵਿਚ ਤ੍ਰਿਬੁਡ ਹੀ ਰਹਿੰਦੇ ਸਨ, ਕਦੇ ਅੱਖ ਨਹੀਂ ਉਘੜਦੀ ਸੀ। ਜਦ ਕਿਸੇ ਨੇ ਬੁਲਾਣਾ ਤਾਂ ਅਗੋਂ ਗੁਰਵਾਕ ਦੀ ਇਹ ਤੁਕ ਨਿਆਣਾ ਜੀ ਨੇ ਪੜ੍ਹ ਸੁਣਾਵਣੀ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥*

ਨਾਲੇ ਇਹ ਤੁਕ ਉਚਾਰਨੀ, ਨਾਲੇ ਹੀ ਅੱਖੀਆਂ ਵਿਚੋਂ ਹੰਝੂ ਕੇਰ ਕੇ ਨੀਰੋ ਨੀਰ ਵਹਾਵਣੇ। ਐਸਾ ਡਾਢਾ ਜਿਗਰੀ ਪਿਆਰ ਨਿਆਣਾ ਜੀ ਦਾ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਨਾਲ ਪੀਡੀਆਂ ਗੰਢਾਂ ਵਾਲਾ ਪੈ ਗਿਆ ਸੀ।

ਗੁਰਮੁਖ ਪਿਆਰੇ ਵੀਰ ਜੋਗਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਪਿਛੋਂ ਅਸਾਡਾ ਵੀ ਪਟਿਆਲਾ ਆਵਣਾ ਜਾਵਣਾ ਅਤੇ ਫੇਰੀਆਂ ਪਾਉਣਾ, ਅਕਸਰ ਰਹਿ ਹੀ ਖਲੋਤਾ ਹੈ। ਜਦ ਕਦੇ ਵੀ ਗੁਰੂ ਨੇਤ ਅਨੁਸਾਰ ਪਟਿਆਲੇ ਜਾਣ ਦਾ ਅਵਸਰ ਬਣਨਾ, ਅਸੀਂ ਨਿਆਣਾ ਜੀ ਨੂੰ ਜ਼ਰੂਰ ਮਿਲ ਕੇ ਆਉਂਦੇ ਸੀ। ਚਾਹੇ ਨਿਆਣਾ ਜੀ ਨੂੰ ਆਪਣੇ ਪਾਸ ਬੁਲਾ ਲੈਣਾ, ਜਿਥੇ ਹੋਵੀਏ ਉਥੇ ਹੀ ਆ ਜਾਂਦੇ ਸਨ। ਚਾਹੇ ਨਿਆਣਾ ਜੀ ਦੇ ਪਾਸ ਜਾ ਕੇ ਉਨ੍ਹਾਂ ਨੂੰ ਮਿਲ ਆਉਣਾ, ਅਤੇ ਦਰਸ਼ਨ-ਝਾਤੀ ਪਾ ਆਉਣੀ, ਪਰ ਅਸਾਡਾ ਹੀਅੜਾ ਬਡੂੰਗਰ ਪਿੰਡ ਦੀ ਧਰਤੀ ਵਲ ਆਵਣੋਂ ਜਾਵਣੋਂ ਕਤਰਾਂਦਾ ਹੀ ਰਹਿੰਦਾ ਸੀ, ਕਿਉਂਕਿ ਉਧਰ ਵਲ ਜਾਣ ਕਰਕੇ ਵਿਛੁੰਨੇ ਵੀਰ ਜੋਗਿੰਦਰ ਸਿੰਘ ਜੀ ਦੀ ਯਾਦ ਵਿਲੂੰਧਰਦੀ ਰਹਿੰਦੀ ਸੀ। ਤਾਂ ਤੇ ਬਹੁਤ ਕਰਕੇ ਉਤ ਵਲ ਧਾਵਨੋਂ ਸੰਕੋਚ ਹੀ ਰਹਿੰਦੀ ਸੀ।ਅਸੀਂ ਬੜੀ ਹੀ ਪ੍ਰੀਤੀ-ਪ੍ਰੇਰਨਾ ਸਹਿਤ ਨਿਮਰੀਭੂਤ ਹੋਇ ਕੇ ਨਿਆਣਾ ਜੀ ਨੂੰ ਉਕਸਾਇਆ ਕਿ ਆਪਣੀ ਬਿਰਹੋਂ-ਸਮਾਧ ਖੋਲ੍ਹ ਕੇ ਸੰਗਤਾਂ ਦੇ ਬੁਲਾਵਿਆਂ ਸੱਦਿਆਂ ਉਤੇ, ਕੀਰਤਨ ਕਰਨ ਆਇਆ ਜਾਇਆ ਕਰੋ। ਨਿਆਣਾ ਜੀ ਬੜੇ ਮਿਰਦਲ ਤੇ ਸੀਤਲ ਸੁਭਾਅ ਦੇ ਸਨ। ਅਸਾਡੀ ਬਿਨੈ-ਜੋਦੜੀ ਨੂੰ ਮੰਨ ਕੇ ਉਹਨਾਂ ਫੇਰ ਪਟਿਆਲਾ ਛਾਉਣੀ ਅਤੇ ਪਟਿਆਲਾ ਸ਼ਹਿਰ ਦੇ ਨਿਕਟ ਸਤਿਸੰਗ-ਕੀਰਤਨ-ਸਮਾਗਮਾਂ ਉਤੇ ਸਦੇ ਬੁਲਾਏ ਚਲੇ ਜਾਣਾ ਅਰੰਭ ਕੀਤਾ। ਦੂਰ ਨੇੜੇ ਸਾਰੇ ਸਤਸੰਗ-ਮੰਡਲਾਂ ਵਿਚ ਇਸ ਵੀਰ ਨਿਆਣਾ ਜੀ ਦੀ ਅਨੂਠੀ ਸਤਿਸੰਗ-

---

*ਸਿਰੀ ਰਾਗ ਕੀ ਵਾਰ, ਮਃ ੨, ਪੰਨਾ ੮੩



ਬਿਰਤੀ ਦੀ ਧਾਕ ਪੈ ਗਈ। ਜਦੋਂ ਵੀ ਨਿਆਣਾ ਜੀ ਨੂੰ ਅੰਦਰੋਂ ਹਾਕ ਪੈਣੀ, ਤਾਂ ਹੁਬ ਹੁਬਾ ਕੇ ਅਸਾਡੇ ਪਾਸ ਨਾਰੰਗਵਾਲ ਚਲੇ ਆਉਣਾ ਤੇ ਘੰਟਿਆਂ ਬਧੀ ਸਤਿਸੰਗ ਬਿਲਾਸ, ਅਮਰ-ਹੁਲਾਸ ਕਰ ਕੇ ਵਾਪਸ ਮੁੜ ਜਾਵਣਾ, ਕਿਉਂਕਿ ਸਰਕਾਰੀ ਡਿਊਟੀ ਦੇ ਬੜੇ ਹੀ ਪਾਬੰਦ ਸਨ।

ਨਿਆਣਾ ਜੀ ਦੀ ਇਆਣੀ ਅਵਸਥਾ ਆਯੂ ਅਜੇ ਸਿਆਣੀ ਉਮਰਾਂ ਦੇ ਯੁਵਕਾਂ ਵਿਚ ਪ੍ਰਵੇਸ਼ ਨਹੀਂ ਹੋਈ ਸੀ ਕਿ ਭਾਣੇ ਅੰਦਰ ਨਿਆਣਾ ਜੀ ਦੇ ਅਕਾਲ ਚਲਾਣੇ ਦੇ ਦਿਨ ਨੇੜੇ ਆ ਢੁਕੇ। ਚਲਾਣਾ ਕਰਨ ਤੋਂ ਪਹਿਲਾਂ ਅਕਸਰ ਅਨੇਕਾਂ ਵਾਰ "ਚਲਣ ਜਾਨਿ ਜੁਗਤਿ ਮਿਹਮਾਣਾ" ਦੇ ਇਸ਼ਾਰੇ ਵਾਲੀਆਂ ਹੀ ਗੱਲਾਂ ਕਰਦੇ ਰਹਿੰਦੇ ਸਨ। ਚਲਣ ਜਾਣ ਦਾ ਬਹਾਨਾ ਲੈ ਕੇ ਮਿਆਦੀ ਬੁਖ਼ਾਰ ਉਨ੍ਹਾਂ ਨੂੰ ਆ ਚੰਮੜਿਆ। ਡਾਕਟਰ ਹਕੀਮ ਲੋਗ ਦਾਰੂ ਦਵਾਈ ਕਰਨ ਕਰਾਵਣ ਲਈ ਬੜਾ ਹੀ ਜ਼ੋਰ ਲਾ ਥਕੇ, ਪਰ ਨਿਆਣਾ ਜੀ ਨੇ ਇਕ ਨ ਮੰਨੀ ਕਿ ਹੁਣ ਉਠ ਚਲਣ ਦਾ ਹੁਕਮ ਹੈ। ਜਿਉਂ ਜਿਉਂ ਜ਼ੋਰਦਾਰ ਬੁਖ਼ਾਰ ਸੇਵਾ ਕਰੇ, ਤਿਉਂ ਤਿਉਂ ਹੋਰ ਜ਼ੋਰੋ ਜ਼ੋਰ ਇਨ੍ਹਾਂ ਦਾ ਨਾਮ ਅਭਿਆਸ ਖੰਡਾ ਖੜਕੇ। ਵੇਖਣ ਵਾਲੇ ਹੈਰਾਨ ਪ੍ਰੇਸ਼ਾਨ ਸਨ। ਓੜਕ ਨਾਮ ਦਾ ਖੰਡਾ ਖੜਕਾਉਂਦੇ ਹੋਏ ਹੀ ਸੁਖਾਲੇ ਸਵਾਸੀਂ ਪਰਲੋਕ ਨੂੰ ਪਧਾਰ ਗਏ। ਇਹ ਖ਼ਬਰ ਸੁਣ ਕੇ ਨਿਆਣਾ ਜੀ ਦੇ ਸਮੂਹ ਹਮਦਰਦੀ ਜਨ ਨਾਰੰਗਵਾਲ ਆ ਜੁੜੇ। ਸਭ ਨੇ ਜੁੜ ਮਿਲ ਕੇ ਨਿਆਣਾ ਜੀ ਦੇ ਨਮਿਤ ਖ਼ਾਸੁਲ ਖ਼ਾਸ ਅਖੰਡ ਪਾਠ ਤੇ ਅਖੰਡ ਕੀਰਤਨ ਕੀਤਾ ਤੇ ਸਭ ਨੇ ਰਸਾਇਣ ਅਮਿਉ ਰਸ ਪੀਤਾ। ਦਰਦ ਸਨੇਹ ਜਾਨੀ ਦੇ ਬਿਰਹੋਂ ਵੈਰਾਗ ਰੂਪ ਬਾਣੀ ਦੇ ਘੁਟ ਸਾਰੇ ਦਰਦੀ ਜਨਾਂ ਨੂੰ ਰਜ ਰਜ ਪਿਆਏ ਗਏ। ਜਦੋਂ ਦੇ ਉਹ ਚਲਾਣਾ ਕਰ ਗਏ ਹਨ, ਓਦੋਂ ਦੇ ਉਨ੍ਹਾਂ ਦੀ ਜਗ੍ਹਾ ਉਨ੍ਹਾਂ ਦੇ ਨਿਕਟ ੀ ਮਿੱਤਰ ਵੀਰ ਪ੍ਰਸੰਨ ਸਿੰਘ ਜੀ ਪਟਿਆਲੇ ਤੋਂ ਸਤਿਸੰਗ ਸਮਾਗਮਾਂ ਵਿਚ ਜੁੜਦੇ ਹਨ ਤੇ ਟਹਿਲ ਸੇਵਾ ਦੀ ਕਮਾਵਣੀ ਕਮਾਉਂਦੇ ਹਨ। ਮਾਸਟਰ ਜੋਗਿੰਦਰ ਸਿੰਘ ਜੀ 'ਬਡੂੰਦੀ' ਵਾਲੇ ਨਿਆਣਾ ਜੀ ਦੇ ਖ਼ਾਸੁਲ ਖ਼ਾਸ ਕਦਰਦਾਨਾਂ ਵਿਚੋਂ ਇਕ ਸਮੀਪੀ ਕਦਰਦਾਨ ਹਨ। ਹੋਰ ਅੰਤ੍ਰੀਵੀ ਵਿਥਿਆ ਨਿਆਣਾ ਜੀ ਦੀ ਮਾਸਟਰ ਜੋਗਿੰਦਰ ਸਿੰਘ ਜੀ ਦੇ ਹਿਰਦੇ ਅੰਦਰ ਹੋਣੀ ਹੈ, ਜੇ ਉਨ੍ਹਾਂ ਨੂੰ ਅਵਸਰ ਮਿਲਿਆ ਤਾਂ ਅੰਕਤ ਕਰ ਦੇਣਗੇ।

WWW.AKJ.ORG

੧੮

# ਭਾਈ ਪ੍ਰਭਾਕਰ ਸਿੰਘ ਜੀ

ਇਹ ਵੀਰ ਨਵਯੁਵਕ ਅਜੇ ਸਤਾਰ੍ਹਵੇਂ ਸਾਲ ਵਿਚ ਹੀ ਸਨ ਜਦੋਂ ਕਿ ਖੰਡੇ ਦਾ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹੇ, ਅੰਮ੍ਰਿਤ ਛਕਣ ਸਾਰ ਹੀ ਉਹ ਅਮੋਲਕ ਅਮਿਉਂ ਰਸ ਰਸਾਇਣੀ ਪਿਆਲਾ ਪੀਤਾ ਕਿ ਪੀਣ ਸਾਰ ਹੀ ਮਤਵਾਲੇ ਹੋ ਗਏ। ਵੀਰ ਪ੍ਰਭਾਕਰ ਸਿੰਘ ਜੀ ਦੀ ਸਾਰੀ ਉਮਰ (ਜੋ ਇਕ ਦੋ ਸਾਲ ਦੀ ਹੋਰ ਸੀ) ਮਨੋ-ਮਤਵਾਲੀ ਦਸ਼ਾ ਵਿਚ ਹੀ ਮਗਨ-ਅਨੰਦ ਰਹੇ। ਪੂਰਬਲੇ ਜਨਮ ਹੀ ਕਮਾਈ ਬੇਅੰਤ ਕੀਤੀ ਹੋਈ ਸੀ। ਅੰਮ੍ਰਿਤ ਛਕਣ ਸਾਰ ਹੀ ਪ੍ਰਮਾਰਥ ਦੀ ਜਾਗ ਉਹ ਲਗੀ, ਕਿ ਜਾਗ ਸੁਜਾਗੇ ਵਡਭਾਗੇ ਰੰਗ-ਰਸੰਨੇ ਅੰਮ੍ਰਿਤ ਛਕਦੇ ਹੀ ਨਾਉਂ ਪ੍ਰਭਾਕਰ ਸਿੰਘ ਹੋਇਆ, ਪਿਛਲੇ ਮਿਰਤਕ ਨਾਉਂ ਦਾ ਨਾਉਂ ਹੀ ਕੀ ਲੈਣਾ। ਸੰਸਾਰਕ ਜਨਮ ਤਾਂ ਲਲਤੋਂ ਜ਼ਿਲਾ ਲੁਧਿਆਣੇ ਦਾ ਸੀ, ਸਤਿਗੁਰ ਘਰ ਜਨਮ ਵਟਾ ਕੇ ਜਨਮ, ਪ੍ਰਮਾਰਥੀ ਜਨਮ ਇਕ-ਰਸ ਵਿਹਾਵਣ ਦਾ ਅਜਿਹੇ ਵਿਰਲੇ ਹੀ ਜਨਾਂ ਦੇ ਜੀਵਨ ਵਿਚ ਪੇਖਣਾ ਨਸੀਬ ਹੋਇਆ ਹੈ। ਲਲਤੋਂ ਜ਼ਿਲਾ ਲੁਧਿਆਣੇ ਦਾ ਸੰਸਾਰੀ ਦੁਨਿਆਵੀ ਚੋਲਾ ਸੀ, ਉਤਮ ਸਤਿਸੰਗ ਰੱਤਾ ਰੰਗ ਢੋਲੜਾ ਚੋਲੜਾ ਨਿਰਬਾਣ ਪਦ ਚਲੂਲ ਕਰਨ ਦਾ ਸੀ- "ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ"* ਵਾਲੇ ਗੁਰਮੁਖ ਜੀਵਨ ਵਿਚੋਂ ਇਕ ਅਲੌਕਿਕ ਨਵ-ਬਾਲੜਾ ਜੀਵਨ ਸੀ, ਜਿਸ ਨੂੰ ਛੋਟੀ ਉਮਰ ਵਿਚ ਹੀ ਗੁਰਮਤਿ ਪ੍ਰਮਾਰਥੀ ਪ੍ਰਮਾਤਮੀ ਜਾਗ ਉਹ ਲਗੀ ਜੋ ਬੜੇ ਬੜੇ ਰਿਖੀਸ਼ਰਾਂ, ਮੁਨੀਸ਼ਰਾਂ, ਤਪੀਸ਼ਰਾਂ, ਜੋਗੀਸ਼ਰਾਂ ਨੂੰ ਅਤੇ ਲੰਮੜੀ ਲੰਮ ਲੰਮੇਰੀ ਬਿਰਥਾ ਉਮਰ ਧਾਰ ਕੇ ਭੀ ਨਹੀਂ ਲਗਦੀ, ਕਈ ਜੁਗ ਜਾਗ ਕੇ ਵੀ ਨਹੀਂ ਲਗੀ ਹੋਣੀ। ਪ੍ਰੇਮ-ਪਿਆਲਾ ਚੁਪ ਚੁਪਾਤਾ ਪੀਣ ਵਾਲੇ ਗਟਾਕ-ਰਸੀਆਂ ਵਿਚ ਇਕ ਅਤਿ ਨਾਮ-ਰਸੀਏ ਮਤਵਾਲੇ ਪ੍ਰੇਮੀ ਇਹ ਵੀਰ ਪ੍ਰਭਾਕਰ ਸਿੰਘ ਜੀ ਸਨ। ਦੁਨੀਆਦਾਰੀ ਦਾ ਕੁਝ ਪਤਾ ਨਹੀਂ ਸੀ। ਸੰਸਾਰੀ ਕੁਟੰਬੀਆਂ ਦੀ ਮੋਹ ਮਮਤਾ ਦਾ ਲੇਸ ਨਹੀਂ ਸੀ। ਅੰਮ੍ਰਿਤ ਛਕਣ ਸਾਰ ਇਕ ਲਿਵਤਾਰ ਐਸੀ ਬਝੀ ਕਿ ਹੋਰ ਕੋਈ ਸੁਝ ਬੁਝ ਹੀ ਨਹੀਂ, ਸਾਧ ਸੰਗਤ ਗੁਰ-ਗੁਫਾ ਵਿਚ ਬਹਿ ਕੇ, ਇਕਾਂਤ ਵਿਚ ਰਹਿ ਕੇ ਭੀ ਇਕ-ਤਾਰ ਬਿਰਤੀ ਗੁਰ-ਚਰਨਾਰਬਿੰਦ ਵਿਚ ਹਰ ਦਮ ਬੇਧੀ ਰੱਖਣ, ਕਿਸੇ ਨਾਲ ਕੋਈ ਗੱਲ ਬਾਤ ਨਹੀਂ। ਗੁਰਮੁਖਾਂ ਦੀ ਸੰਗਾਂ

*ਰਾਮਕਲੀ ਮ: ੩, ਅਨੰਦੁ(ਪਉੜੀ ੩੮), ਪੰਨਾ ੯੨੨





ਵਿਚ ਵਿਚਰਨਾ ਤੇ ਵਿਚਰ ਵਿਚਰ ਗੁਟਕਣਾ ਤੇ ਗੁੰਗੇ ਗੁੜ ਖਾਣ ਵਤ ਹਰ ਦਮ ਮਸਤ ਹੋਏ ਹੀ ਦਿਸਣਾ। ਕੀਰਤਨ ਸੁਣਨ ਦੇ ਇਤਨੇ ਮੁਸ਼ਤਾਕ ਕਿ ਘੰਟਿਆਂ ਬੱਧੀ ਇਕੋ ਆਸਣ-ਸਮਾਧੀ ਵਿਚ ਹੀ ਗੁਪਤ ਬੈਠਿਆਂ ਵਿਹਾਵਣੀ, ਕਿਸੇ ਨੂੰ ਲਖਾਵਣਾ ਨਹੀਂ, ਕਿਸੇ ਨੂੰ ਜਣਾਵਣਾ ਨਹੀਂ। ਵਿਚੇ ਵਿਚ ਹੀ ਅਜਰ ਨੂੰ ਜਰੀ ਜਾਣਾ ਤੇ ਜਰ ਜਰ ਕੇ ਵਿਗਸਦੇ ਰਹਿਣਾ। ਵਿਗਸਾਉ ਭੀ ਅਜਿਹਾ ਕਿ ਕਦੇ ਉਤਰਾਉ ਵਿਚ ਆਉਣਾ ਹੀ ਨਹੀਂ। ਮੱਥਾ ਖਿੜਿਆ ਹੋਇਆ, ਮੱਥੇ ਪਰ ਕਦੇ ਤੀਊੜੀ ਨਹੀਂ ਆਉਣੀ। ਚੇਹਰਾ ਖਿੜਿਆ ਹੋਇਆ, ਚੇਹਰੇ ਤੇ ਕਦੇ ਉਦਾਸੀ ਕਿਸੇ ਨੇ ਨਹੀਂ ਦੇਖਣੀ ਪਾਈ। ਗੰਭੀਰਤਾ ਐਸੀ ਕਿ ਭਾਵੇਂ ਦੁਨਿਆਵੀ ਕੰਮਾਂ ਦੇ ਗਡੇ ਨਿਜ ਕੁਟੰਬੀਆਂ ਦੇ ਉਤੋਂ ਦੀ ਲੰਘ ਜਾਣ, ਪਰ ਕੀ ਮਜਾਲ ਕਿ ਇਸ ਮਰਜੀਵੜੇ ਨੂੰ ਕਦੇ ਲੇਸ ਭੀ ਲਗਾ ਹੋਵੇ। ਪਿਛਲੇ ਜਨਮ ਦੀ ਕੀਤੀ ਕਮਾਈ ਕਰਕੇ ਇਸ ਜਨਮ ਵਿਚ ਤਾਂ ਕਮਾਈ ਕੋਈ ਲੰਮੀ ਕਰਨੀ ਹੀ ਨਹੀਂ ਪਈ।

ਭਾਣੇ ਅੰਦਰ ਅਸੀਂ ਜੇਲ੍ਹ ਯਾਤਰਾ ਲਈ ਗਏ। ਪਿਆਰਾ ਵੀਰ ਪ੍ਰਭਾਕਰ ਸਿੰਘ ਵਿਛੜੇ ਵੀਰਾਂ ਦਾ ਵਿਛੋੜਾ ਨਹੀਂ ਸਹਿ ਸਕਿਆ, ਅਜੇ ਮੁਕੱਦਮਾ ਸਾਡਾ ਚਲਣਾ ਹੀ ਸੀ, ਉਮਰ ਕੈਦਾਂ ਦੀ ਸਜ਼ਾ ਨਹੀਂ ਹੋਈ ਸੀ ਕਿ ਲੁਧਿਆਣੇ ਜੇਲ੍ਹ ਦੀਆਂ ਕੋਠੜੀਆਂ ਵਿਚ ਬੇਠਿਆਂ ਨੂੰ ਹੀ ਵੀਰ ਪ੍ਰਭਾਕਰ ਸਿੰਘ ਦੀ ਰੂਹ, ਜਿਸਮ ਵਿਚੋਂ ਪਰਵਾਜ਼ ਕਰਦੀ ਹੋਈ ਸਾਡੀਆਂ ਅੱਖਾਂ ਅਗੇ ਉਪਰ ਨੂੰ ਉਡਦੀ ਹੋਈ ਦਿਖਾਈ ਦਿਤੀ। ਦੂਜੇ ਦਿਨ ਖ਼ਬਰ ਮਿਲ ਗਈ ਕਿ ਪ੍ਰਭਾਕਰ ਸਿੰਘ ਜੀ ਚੜ੍ਹਾਈ ਕਰ ਗਏ।

ਭਾਈ ਪ੍ਰਭਾਕਰ ਸਿੰਘ ਜੀ ਬੜੇ ਹੀ ਰੰਗੀਲੇ, ਚੁਪਕੀਲੇ, ਛੈਲ ਛਬੀਲੇ ਸਿੰਘ ਭੁਝੰਗੀ ਸਨ। ਛੋਟੀ ਉਮਰ ਵਿਚ ਹੀ ਇਸ ਭੁਝੰਗੀ ਨੇ ਨਾਮ ਅਭਿਆਸ ਦੀ ਅਤੁਟ ਕਮਾਈ ਕਰ ਕੇ ਅਜਰ ਜਰਿਆ ਹੋਇਆ ਸੀ। ਹਿਰਦੇ ਅੰਦਰ ਪ੍ਰਕਾਸ਼-ਜੋਤਿ-ਰਸ ਦੇ ਅਨੰਦ ਨੂੰ ਗੁਪਤੋ ਗੁਪਤੀ ਹੀ ਮਾਨਣ ਵਾਲੇ ਸਨ। ਕਿਸੇ ਨੂੰ ਲਖਾਉਂਦੇ ਨਹੀਂ ਸਨ, ਜਣਾਉਂਦੇ ਨਹੀਂ ਸਨ। ਕੀਰਤਨ ਦੇ ਅਖੰਡ ਤੇ ਅਥੱਕ ਸਰੋਤੇ ਸਨ, ਕੀਰਤਨ-ਮੰਡਲ ਵਿਚ ਸਾਰੀ ਸੰਗਤ ਦੇ ਪਿਛੇ ਕੋਨੇ ਵਿਚ ਬੈਠ ਕੇ ਥਾਂ ਮਲ ਲੈਂਦੇ ਸਨ ਅਤੇ ਅਗਾਧ ਮੋਨ-ਸਮਾਧੀ ਵਿਚ ਸਥਿਤ ਹੋ ਕੇ ਇਕੋ ਆਸਣ ਸਜੇ ਰਹਿੰਦੇ ਸਨ। ਮੋਨ-ਧਾਰੀ ਸਿੰਘ ਓਹਨਾਂ ਦਾ ਨਾਮ ਪੈ ਗਿਆ ਹੋਇਆ ਸੀ। ਅੰਮ੍ਰਿਤ ਛਕਣ ਸਾਰ ਹੀ ਅਤੀਤ ਵੈਰਾਗੀ ਹੋ ਗਏ। ਸਰੀਰ ਦੀ, ਖਾਨ ਪਾਨ ਦੀ ਸੁਧ ਬੁਧ ਸਭ ਵਿਸਾਰ ਦਿਤੀ। ਇਕੋ ਸ਼ਬਦ-ਅਧਾਰ ਵਿਚ ਅਹਿਨਿਸ ਲਗਾਤਾਰ ਲਿਵ ਲਾਈ ਰਖਣੀ। ਉਹਨਾਂ ਦੇ ਮੁਖੜੇ ਦਾ ਜਲਾਲ ਇਹ ਗੁਣ ਸਪੱਸ਼ਟ ਦਰਸਾਉਂਦਾ ਸੀ ਕਿ ਉਹਨਾਂ ਦੇ ਅੰਤਰ-ਆਤਮੇ ਰਸ-ਜੋਤਿ-ਪ੍ਰਕਾਸ਼ ਦਾ ਅਬੁਝ ਅਲਾਂਬਾ ਲਹਿਰਾਂ ਮਾਰਦਾ ਸੀ। ਬੜੀਆਂ ਹੀ ਅਗੰਮੀ ਸਿੱਕਾਂ ਨਾਲ ਅੰਮ੍ਰਿਤ ਛਕਣ ਆਏ, ਅਤੇ ਛਕਣ ਸਾਰ ਹੀ ਗੜੂੰਦ ਹੋ ਗਏ, ਅਮਿਓ ਰਸ ਦੀ

WWW.AKJ.ORG

WWW.AKJ.ORG


ਖੁਮਾਰੀ ਨਾਲ। ਪੂਰਬਲੇ ਜਨਮ ਦੀ ਅਪਾਰ ਕਮਾਈ ਇਹ ਰੰਗ ਲਿਆਈ, ਜੋ ਬੜੇ ਬੜੇ ਜੋਗੀਸ਼ਰਾਂ ਮੁਨੀਸ਼ਰਾਂ ਨੂੰ ਨਹੀਂ ਪ੍ਰਾਪਤ ਹੋਈ। ਸੱਚ ਹੈ, ਗੁਰਮਤਿ-ਹੀਣਾ ਜੋਗ ਸੰਨਿਆਸ ਮੋਨ-ਸਾਧਨੀ ਜਪ ਤਪ ਕਿਸੇ ਲੇਖੇ ਨਹੀਂ ਪੈਂਦਾ, ਚਾਹੇ ਬੜੀ ਲੰਬੀ ਆਰਬਲਾ ਭੋਗ ਕੇ ਭੀ ਕੀਤਾ ਜਾਵੇ।

ਭੁਝੰਗੀ ਬਿਬੇਕੀ ਭਾਈ ਪ੍ਰਭਾਕਰ ਸਿੰਘ ਜੀ ਦੀ ਆਤਮ-ਕਮਾਈ ਅੰਦਰ ਅਸੀਂ ਉਹ ਚਮਤਕਾਰ ਦੇਖੇ, ਜਿਨ੍ਹਾਂ ਨੂੰ ਦੇਖਣ ਸਾਰ ਹੀ ਗਦ ਗਦ ਹੋ ਜਾਈਦਾ ਸੀ ਅਤੇ ਗਰੀਬੀ ਵੇਸ, ਸਦ ਮਸਕੀਨਤਾ ਵਾਲੀ ਫ਼ਿਤਰਤ ਕਿਸੇ ਗੁਹਜ ਗੁਪਤਲੇ ਰੰਗ ਵਿਚ ਮਸਤੁਲ ਮਸਤ ਰਹਿਣ ਕਰਕੇ ਸੰਸਾਰਕ ਫੁਰਨਿਆਂ ਤੋਂ ਅਫੁਰ ਹੀ ਰਹਿੰਦੇ ਸਨ। ਓਹਨਾਂ ਦੇ ਅੰਦਰਖ਼ਾਨੇ ਗਰੀਬੀ ਘਰ ਕਰ ਗਈ ਹੋਈ ਸੀ, ਸਭ ਦੀ ਰੇਣਕਾ ਰਹਿਣ ਵਾਲੀ ਗੁਰਮਤਿ ਸਿਫ਼ਤ ਰੋਮ ਰੋਮ ਵਿਚ ਸਮਾਈ ਹੋਈ ਸੀ। ਕਦੇ ਕ੍ਰੋਧਾਤਰ ਨਹੀਂ ਹੋਏ, ਕ੍ਰੋਪੀ ਕਦੇ ਨੇੜੇ ਨਹੀਂ ਢੁਕੀ ਸੀ, ਮਸਤਕ ਖਿੜਿਆ ਹੋਇਆ, ਹਿਰਦਾ ਖਿੜਿਆ ਹੋਇਆ, ਮੁਖੋਂ ਹਰ ਦਮ ਨਿਮਰਤਾ ਦੇ ਰਸ ਭਰੇ ਬਚਨ ਹੀ ਨਿਕਲਦੇ ਸਨ।

ਜਮਾਂਦਰੂ ਜਿਤਿੰਦਰੇ ਸਨ, ਸੁਖ ਨਾਲ ਗੱਭਰੂ ਜਵਾਨ ਮੁਛ-ਭਿਉਂ-ਜਵਾਨੀ ਵਿਚ ਹੁੰਦੇ ਹੋਏ ਵੀ ਕਦੇ ਕਿਸੇ ਵਿਕਾਰ ਦਾ ਫੁਰਨਾ ਨਹੀਂ ਸੀ ਫੁਰਿਆ। ਘਰ ਦਿਆਂ ਨੇ ਉਹਨਾਂ ਦਾ ਰਿਸ਼ਤਾ ਕਰਨਾ ਚਾਹਿਆ, ਕੁਟੰਬੀਆਂ ਨੇ ਇਕੱਠੇ ਹੋ ਕੇ ਘੇਰ ਲਿਆ, ਇਹ ਮੰਨਦੇ ਨਹੀਂ ਸਨ। ਮਲੋ ਮਲੀ ਕੁੜਮਾਈ-ਸੰਸਕਾਰ ਕਰਨ ਲਗੇ। ਜਦੋਂ ਕੁੜਮਾਈ ਦਾ ਸ਼ਗਨ ਪੈਣ ਲਗਾ ਤਾਂ ਵਿਚਾਲਿਓਂ ਹੀ ਟੱਪ ਖੜੋਤੇ, 'ਇਹ ਗੁਰਮਤਿ ਅਨੁਸਾਰ ਨਹੀਂ' ਕਹਿੰਦੇ ਹੋਏ ਨੱਸ ਗਏ। ਸਾਕ ਨਾਤਾ ਜੁੜਿਆ ਜੁੜਾਇਆ ਹੀ ਰਹਿ ਗਿਆ, ਜਥੇ ਦੇ ਸਤਿਸੰਗ-ਮੰਡਲ ਵਿਚ ਆ ਵੜੇ, ਸਭ ਵਿਥਿਆ ਸੁਣਾਈ, ਸੁਣ ਕੇ ਸਭ ਦੰਗ ਰਹਿ ਗਏ। ਗੁਰਮਤਿ ਸੰਸਕਾਰ ਦੀ ਦ੍ਰਿੜ੍ਹਤਾ ਨੇ ਪੱਲਾ ਛੁੜਾਇਆ, ਨਹੀਂ ਤਾਂ ਫਸਾਉਣ ਵਾਲਿਆਂ ਨੇ ਫਸਾਉਣ ਵਿਚ ਕਸਰ ਨਹੀਂ ਸੀ ਛੱਡੀ। ਅੰਤਰਗਤੀ ਉਹਨਾਂ ਦੀ ਅਜੇ ਰੁਚੀ ਹੀ ਨਹੀਂ ਸਫੁਰਨ ਹੋਈ ਸੀ ਗ੍ਰਿਹਸਤ ਵਿਚ ਪੈਣ ਨੂੰ। ਉਹ ਅਸੂਲਨ ਬੁਰਾ ਨਹੀਂ ਸਨ ਸਮਝਦੇ, ਪਰ ਗੁਰਮਤਿ ਤੋਂ ਬਿਨਾਂ ਸੰਬੰਧ ਹੋਣ ਨੂੰ ਉਹ ਨਰਕ ਸਮਝਦੇ ਸਨ। ਛੋਟੀ ਉਮਰ ਵਿਚ ਹੀ ਐਸੀ ਦ੍ਰਿੜ੍ਹਤਾ ਹੋਣੀ ਬੇ-ਮਿਸਾਲ ਹੈ।

੧੯੧੫ ਵਿਚ ਜਥੇ ਦੇ ਬਹੁਤ ਸਾਰੇ ਸੱਜਣ ਜੇਲ੍ਹਾਂ ਅੰਦਰ ਹੋ ਗਏ, ਉਹ ਅੰਦਰ ਵਾਲੀ ਬਿਰਤਿ ਹੋ ਕੇ ਪੁਜ ਕੇ ਘਾਲਣ ਅਭਿਆਸ ਕਮਾਈ ਕਰਨ ਲਗ ਪਏ। ਮੇਰੇ ਨਾਲ ਬੜਾ ਹੀ ਡੂੰਘਾ ਪਿਆਰ ਸੀ ਅਤੇ ਮੇਰਾ ਸਤਿਕਾਰ ਭੀ ਓਹਨਾਂ ਪ੍ਰਤੀ ਅਤੁਲਵਾਂ ਸੀ। ਏਸ ਕਰਕੇ ਹੀ ਸਤਿਕਾਰ ਵਜੋਂ ਮੈਂ ਭਾਈ ਪ੍ਰਭਾਕਰ ਸਿੰਘ ਜੀ ਨੂੰ ਕਦੇ 'ਜੀ' ਆਖੇ ਬਿਨਾਂ ਨਹੀਂ ਸੀ ਬੁਲਾਇਆ। ਹੁਣ ਭੀ ਉਸੇ ਤਰ੍ਹਾਂ ਦਿਲ ਵਿਚ ਸਤਿਕਾਰਦਾ ਹਾਂ। ਇਉਂ ਸੁਤੇ ਹੀ ਉਨ੍ਹਾਂ ਦੀ ਸਿਮਰਣੀ ਸਿਮਰਦਾ ਹਾਂ।



ਏਸੇ ਅਥਾਹ ਪਿਆਰ ਦਾ ਸਦਕਾ ਅੰਤੀ ਸਮੇਂ ਸਿਰੀ ਭਾਈ ਪ੍ਰਭਾਕਰ ਸਿੰਘ ਜੀ ਦੀ ਨਵਲ ਨਵੇਲੀ ਰੂਹ ਪਵਿੱਤਰ ਜਿਸਮ ਵਿਚੋਂ ਉਡ ਕੇ ਜੇਲ੍ਹ ਵਿਚ ਬੈਠਿਆਂ ਨੂੰ ਹੀ ਮਿਲਣ ਲਈ ਆਈ। ਮਿਲ ਕੇ ਹੰਸੂ ਹੰਸੂ ਕਰਦੀ ਗਗਨ-ਮੰਡਲ ਨੂੰ ਉਚ ਉਡਾਰੀ ਮਾਰ ਗਈ, ਜਿਥੋਂ ਮੁੜ ਕੇ ਉਡੀਆਂ ਰੂਹਾਂ ਕਦੇ ਇਸ ਮਾਤ ਲੋਕ ਵਿਚ ਨਹੀਂ ਆਉਂਦੀਆਂ। ਇਹ ੧੯੧੫ ਦੇ ਅਖ਼ੀਰਲੇ ਮਹੀਨਿਆਂ ਦਾ ਹੀ ਵਾਕਿਆ ਹੈ। ਸਾਡੇ ਪਿੰਡੋਂ ਸਾਡੇ ਪਿੰਡ ਦੇ ਭਾਈ ਲਾਲ ਸਿੰਘ ਗ੍ਰਿਫ਼ਤਾਰ ਹੋ ਕੇ ਲੁਧਿਆਣੇ ਜੇਲ੍ਹ ਵਿਚ ਆਏ। ਉਹਨਾਂ ਨੇ ਆ ਕੇ ਦੂਜੇ ਤੀਜੇ ਦਿਨ ਹੀ ਪ੍ਰਭਾਕਰ ਸਿੰਘ ਜੀ ਦੀ ਗੁਰਪੁਰੀ ਪਿਆਨੇ-ਅਕਾਲ ਚਲਾਣੇ ਦਾ ਚਲਿੱਤਰ ਦੱਸਿਆ, ਆਪਣੀ ਜ਼ਬਾਨੀ ਜ਼ਿਕਰ ਕੀਤਾ, ਸਚ ਮੁਚ ਇਹ ਅਕਾਲ ਚਲਾਣਾ ਇਕ ਬਚਿਤਰ ਹੀ ਸੀ।

ਭਾਈ ਲਾਲ ਸਿੰਘ ਜੀ ਦੀ ਮਾਈ ਸਿਰੀ ਮਤੀ ਮਹਿਤਾਬ ਕੌਰ ਜੀ, ਭਾਈ ਪ੍ਰਭਾਕਰ ਸਿੰਘ ਜੀ ਦੇ ਅਕਾਲ ਚਲਾਣੇ ਸਮੇਂ ਪਿਆਰੇ ਪ੍ਰਭਾਕਰ ਸਿੰਘ ਜੀ ਦੇ ਪਾਸ ਹੀ ਸਨ। ਇਸ ਬੇਬੇ ਜੀ ਦਾ ਭਾਈ ਪ੍ਰਭਾਕਰ ਸਿੰਘ ਜੀ ਨਾਲ ਬੜਾ ਹੀ ਗੂੜ੍ਹਾ ਜਿਗਰੀ ਪਿਆਰ ਸਤਿਕਾਰ ਸੀ। ਭਾਈ ਪ੍ਰਭਾਕਰ ਸਿੰਘ ਜੀ ਜਦੋਂ ਭੀ ਸਤਿਸੰਗ-ਸਮਾਗਮ ਤੇ ਨਾਰੰਗਵਾਲ ਆਇਆ ਕਰਦੇ ਸਨ ਤਾਂ ਭਾਈ ਲਾਲ ਸਿੰਘ ਜੀ ਦੇ ਗ੍ਰਹਿ ਹੀ ਰਹਿਆ ਕਰਦੇ ਸਨ। ਉਹਨਾਂ ਦੀ ਮਾਈ ਸਿਰੀ ਭਾਈ ਪ੍ਰਭਾਕਰ ਸਿੰਘ ਜੀ ਦੇ ਨਾਲ ਭਾਈ ਲਾਲ ਸਿੰਘ ਜਿਹਾ ਹੀ ਪਿਆਰ ਕਰਦੀ ਹੁੰਦੀ। ਆਪਣਾ ਦੂਜਾ ਪੁੱਤਰ ਸਮਝਦੀ ਸੀ। ਅੰਤੀ ਸਮੇਂ ਤੋਂ ਦੋ ਚਾਰ ਦਿਨ ਪਹਿਲਾਂ ਭਾਈ ਪ੍ਰਭਾਕਰ ਸਿੰਘ ਜੀ ਨੇ ਮਾਈ ਮਹਿਤਾਬ ਕੌਰ ਜੀ ਨੂੰ ਯਾਦ ਕੀਤਾ। ਅੰਤ੍ਰੀਵੀ ਆਤਮ ਕਲਾ ਵਾਲੀ, ਵਾਇਰਲੈੱਸ ਭੇਜ ਕੇ ਸਿਰੀ ਮਾਈ ਜੀ ਨੂੰ ਲਲਤੋਂ ਆਪਣੇ ਪਾਸ ਹੀ ਬੁਲਾ ਲਿਆ। ਇਕ ਗੁਰਮੁਖ ਸਪੁੱਤਰ ਦੀ ਆਖ਼ਰੀ ਸਮੇਂ ਦੀ ਸੇਵਾ ਦਾ ਅਵਸਰ ਸਮਝ ਕੇ ਮਾਈ ਮਹਿਤਾਬ ਕੌਰ ਜੀ ਨੇ ਆਪਣੇ ਧੰਨ ਭਾਗ ਸਮਝੇ, ਦਿਨ ਰਾਤ ਸੇਵਾ ਵਿਚ ਹੀ ਜੁਟ ਗਈ। ਜੋ ਸੇਵਾ ਕਦੇ ਸਕੀਆਂ ਮਾਈਆਂ ਭੀ ਨਹੀਂ ਕਰ ਸਕਦੀਆਂ, ਉਹ ਸੇਵਾ ਮਾਈ ਮਹਿਤਾਬ ਕੌਰ ਜੀ ਨੇ ਨਿਬਾਹੀ। ਹਰ ਸਮੇਂ ਦਿਨ ਰਾਤ ਭਾਈ ਪ੍ਰਭਾਕਰ ਸਿੰਘ ਜੀ ਦੇ ਸਿਰਹਾਣੇ ਹੀ ਬੈਠੇ ਰਹਿਣਾ ਤੇ ਆਤਮੱਜ ਸਪੁੱਤਰ ਦੇ ਮੁਖ-ਕੰਵਲ ਖਿੜੇ ਹੋਏ ਚੇਹਰੇ ਵਲ ਹੀ ਤਕਦੇ ਰਹਿਣਾ। ਦੱਸਦੇ ਹਨ ਕਿ ਭੁਝੰਗੀ ਪ੍ਰਭਾਕਰ ਸਿੰਘ ਜੀ ਦੇ ਸੁਆਸ ਅਭਿਆਸੀ ਅਖੰਡਾਕਾਰ ਲਿਵਤਾਰ ਨੇ ਇਕ ਅਚੰਭੇ ਵਾਲਾ ਨਜ਼ਾਰਾ ਹੀ ਦਰਸਾਇਆ, ਨਾਮ ਅਭਿਆਸ ਬਿਨਾਂ ਦੂਜੀ ਗੱਲ ਹੀ ਨਹੀਂ, ਨਾ ਦੂਜਾ ਕੋਈ ਸੰਸਕਾਰ। ਜਿਸ ਕਿਸੇ ਨੇ ਭੀ ਪਾਸ ਆਉਣਾ, ਕਹਿਣਾ ਕਿ ਬਾਣੀ ਸੁਣਾਓ, ਨਹੀਂ ਆਰਾਮ ਕਰੋ, ਹੋਰ ਕੋਈ ਗੱਲ ਨਾ ਕਰੋ, ਪਾਸੋਂ ਪਰੇ ਚਲੇ ਜਾਓ। ਸਿਵਾਏ ਮਾਈ ਮਹਿਤਾਬ ਕੌਰ ਜੀ ਦੇ ਕਿਸੇ ਨੂੰ ਆਪਣੇ ਨਿਕਟ ਨਹੀਂ ਰਹਿਣ ਦਿਤਾ। ਅੰਤ ਸੁਖਾਲੇ ਸਵਾਸੀਂ ਪ੍ਰਾਣ ਸਰੀਰ ਕਾਲਬ

WWW.AKJ.ORG

ਵਿਚੋਂ ਨਿਕਲ ਗਏ। ਕੋਈ ਚੇਹਰੇ ਤੇ ਮਲਾਲ ਨਹੀਂ ਆਇਆ, ਕੋਈ ਸਰੀਰਕ ਪੀੜ ਨਹੀਂ ਹੋਈ। ਮੁਖੋਂ ਹਾਇ ਆਦਿਕ ਦੀ ਉਫ਼ ਵੀ ਨਹੀਂ ਨਿਕਲੀ, ਸਗੋਂ ਐਸਾ ਜਲਾਲ ਚੇਹਰੇ ਤੇ ਆਇਆ ਕਿ ਝਲਿਆ ਨਾ ਜਾਵੇ। ਝੱਲਣ ਵਾਲੀ ਮਾਈ ਮਹਿਤਾਬ ਕੌਰ ਝੱਲੇ ਤਾਂ ਝੱਲੇ, ਦੋਈ ਹੱਥ ਜੋੜ ਕੇ ਫ਼ਤਹ ਗਜਾ ਕੇ ਐਉਂ ਚਲਦੇ ਲੱਗੇ ਜਿਵੇਂ ਪ੍ਰਦੇਸੀਂ ਆਇਆ ਕੋਈ ਜੀਊੜਾ ਆਪਣੇ ਨਿਜ ਘਰ ਨੂੰ ਜਾਂਦਾ ਹੈ।

-0-

**ਨੋਟ**:- ਜੁਲਾਈ ੧੯੧੫ ਦੇ ਦਿਨ ਸਨ ਕਿ ਭਾਈ ਸਾਹਿਬ ਕੋਠੀ ਨੰ: ੨ ਵਿਚ ਤੇ ਮੈਂ ਕੋਠੀ ਨੰ: ੩ ਵਿਚ ਬੰਦ ਸੀ। ਤਾਰੀਖ਼ ਤਾਂ ਯਾਦ ਨਹੀਂ। ਇਕ ਦਿਨ ਸ਼ਾਮ ਨੂੰ ਪੰਜ ਵਜੇ ਕੋਠੀਆਂ ਖੁਲ੍ਹੀਆਂ, ਮੈਂ ਤੇ ਭਾਈ ਸਾਹਿਬ ਪ੍ਰਸਪਰ ਮਿਲੇ, ਤਦ ਭਾਈ ਸਾਹਿਬ ਨੇ ਇਹ ਲਫ਼ਜ਼ ਕਹੇ, "ਪ੍ਰਭਾਕਰ ਸਿੰਘ ਚੜ੍ਹਾਈ ਕਰ ਗਿਆ ਹੈ, ਉਸ ਦੀ ਰੂਹ ਸਾਨੂੰ ਮਿਲ ਕੇ ਗਈ ਹੈ। ਬੜੀ ਹੀ ਲਤੀਫ਼ ਰੂਹ ਸੀ।"

(**ਨਾਹਰ ਸਿੰਘ ਗਯਾਨੀ**)

੧੯

# ਭਾਈ ਸਰਵਣ ਸਿੰਘ ਜੀ ਫਲੇਵਾਲ

ਇਹ ਗੁਰਮੁਖ ਜਨ ਵੀ ਪਿੰਡ ਫਲੇਵਾਲ ਦੇ ਰਹਿਣ ਵਾਲੇ ਸਨ, ਕਰਣੀ ਕ੍ਰਿਤ ਕਮਾਈ ਦੇ ਪੂਰੇ ਭਾਂਡੇ ਹੁੰਦੇ ਹੋਏ ਆਪਣੇ ਆਪ ਨੂੰ ਬਹੁਤ ਛਿਪਾ ਕੇ ਰਖਦੇ ਸਨ। ਔਲੀ ਗੋਲੀ ਸਾਧਾਰਨ ਬਿਰਤੀ ਵਿਚ ਹੀ ਵਿਚਰਿਆ ਕਰਦੇ ਸਨ। ਸਾਨੂੰ ਇਨ੍ਹਾਂ ਦੀ ਦਸ਼ਾ ਦਾ ਕੁਝ ਪਤਾ ਨਹੀਂ ਸੀ। ਦਾਸ ਨੇ ਕਦੇ ਗੌਲਿਆ ਹੀ ਨਹੀਂ ਸੀ ਕਿ ਸਾਡੇ ਨਿਕਟ ਹੀ ਦੋ ਕੋਸ ਦੇ ਫ਼ਾਸਲੇ ਤੇ ਇਕ ਪੁਗ ਖਲੋਤੀ ਗੁਰਮੁਖ ਵਿਅਕਤੀ ਰਹਿੰਦੀ ਹੈ। ਸੰਜੋਗ ਮੇਲ ਦਾ ਅਵਸਰ ਜਦੋਂ ਜੁੜਨਾ ਹੁੰਦਾ ਹੈ, ਓਦੋਂ ਹੀ ਜੁੜਦਾ ਹੈ। ਤੇ ਇਹ ਕਿਵੇਂ ਜੁੜਿਆ, ਇਹ ਵੀ ਇਕ ਅਜੀਬ ਵਾਰਤਾ ਹੈ।

ਭਾਣੇ ਅੰਦਰ ਸਾਨੂੰ ਇਕ ਵਾਰ ਪੰਚਖੰਡ ਸਮਾਗਮ ਤੇ ਸਿਰੀ ਬਾਬੂ ਮੱਲ ਸਿੰਘ ਜੀ ਦੇ ਨਾਲ ਅਨਾਚੇਤ ਮੇਲ ਹੋਇਆ। ਉਹ ਮੈਨੂੰ ਨਹੀਂ ਜਾਣਦੇ ਸੀ, ਮੈਂ ਉਨ੍ਹਾਂ ਨੂੰ ਨਹੀਂ ਜਾਣਦਾ ਸੀ। ਰੈਣ ਸਮੇਂ ਇਕੋ ਕੋਠੇ ਅੰਦਰ ਭੂਮ-ਆਸਨ ਬਿਸਰਾਮ ਕਰਦੇ ਹੋਏ ਇਕ ਰਾਤ ਇਕੱਠੇ ਹੀ (ਮੈਂ ਤੇ ਬਾਬੂ ਮੱਲ ਸਿੰਘ ਜੀ) ਰਹੇ। ਸੁਤੇ ਹੀ ਉਨ੍ਹਾਂ ਨੇ ਗੱਲਾਂ ਛੇੜ ਦਿੱਤੀਆਂ। ਐਉਂ ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਨੇ (ਬਾਬੂ ਮੱਲ ਸਿੰਘ ਜੀ ਨੇ) ਮੇਰਾ ਨਾਮ ਪਹਿਲਾਂ ਹੀ ਸੁਣਿਆ ਹੋਇਆ ਸੀ। ਜਦੋਂ ਮੈਂ ਉਨ੍ਹਾਂ ਪਾਸੋਂ ਪੁਛਿਆ ਕਿ ਤੁਸੀਂ ਮੇਰੇ ਨਾਮ ਤੋਂ ਕਿਵੇਂ ਵਾਕਫ਼ ਹੋ ? ਤਾਂ ਉਨ੍ਹਾਂ ਨੇ ਆਖਿਆ- "ਤੁਹਾਡੇ ਪਿੰਡ ਦੇ ਨੇੜੇ ਹੀ ਫਲੇਵਾਲ ਪਿੰਡ ਵਿਚ ਇਕ ਜੀਵਨ-ਵਿਅਕਤੀ ਗੁਪਤ ਦਸ਼ਾ ਵਿਚ ਰਹਿੰਦੀ ਸੀ, ਉਨ੍ਹਾਂ ਦਾ ਨਾਮ ਭਾਈ ਸਰਵਣ ਸਿੰਘ ਹੈ। ਉਹ ਚਿਰੋਕਣੇ ਸਮੇਂ ਤੋਂ ਤੁਹਾਨੂੰ ਜਾਣਦੇ ਹਨ, ਪਰ ਤੁਸੀਂ ਉਨ੍ਹਾਂ ਨੂੰ ਨਹੀਂ ਜਾਣਦੇ, ਚਾਹੇ ਉਨ੍ਹਾਂ ਨੇ ਤੁਹਾਡੇ ਜਾਣਦੇ ਹਨ, ਪਰ ਤੁਸੀਂ ਉਨ੍ਹਾਂ ਨੂੰ ਨਹੀਂ ਜਾਣਦੇ, ਚਾਹੇ ਉਨ੍ਹਾਂ ਨੇ ਤੁਹਾਡੇ ਜਥੇ ਪਾਸੋਂ ਹੀ ਅੰਮ੍ਰਿਤ ਛਕਿਆ ਹੈ। ਅੰਮ੍ਰਿਤ-ਛਕਣ ਸਾਰ ਹੀ ਗੁਟ ਹੋ ਗਏ ਹਨ ਅਤੇ ਓਦੋਂ ਦੇ ਗੁਪਤ ਹੀ ਵਰਤਦੇ ਹਨ। ਵੀਰ ਭਾਈ ਸਰਵਣ ਸਿੰਘ ਦੀ ਜ਼ਬਾਨੀ ਸਾਨੂੰ ਤੁਹਾਡੇ ਨਾਮ ਦਾ ਪਤਾ ਲਗਾ। ਜਦੋਂ ਦਾ, ਅਤੇ ਜਿਸ ਪ੍ਰਕਾਰ ਉਨ੍ਹਾਂ ਨੇ ਤੁਹਾਡਾ ਜ਼ਿਕਰ ਸਾਡੇ ਪਾਸ ਕੀਤਾ, ਸਾਨੂੰ ਓਦੋਂ ਦੀ ਹੀ ਤੁਹਾਡੇ ਮਿਲਣ ਦੀ ਤਾਂਘ ਲੱਗੀ ਹੋਈ ਸੀ। ਸਿਰੀ ਬਾਬੂ ਮੱਲ ਸਿੰਘ ਜੀ ਦੀ ਉਸ ਅਚੇਤ-ਚੇਤਨੀ ਮੁਲਾਕਾਤ ਨੇ, ਜੋ ਕੁਛ ਭੀ ਉਨ੍ਹਾਂ ਨੇ ਦਾਸ ਨੂੰ ਵੀਰ ਸਰਵਣ ਸਿੰਘ ਬਾਰੇ ਦਸਿਆ, ਦਾਸ ਨੂੰ ਓਦੋਂ ਹੀ

ਚੇਟਕ ਲਗ ਗਈ, ਕਿ ਕਦੋਂ ਵਾਪਸ ਪਿੰਡ ਜਾਈਏ ਅਤੇ ਜੀਵਨ-ਮੁਕਤ ਭਾਈ ਸਰਵਣ ਸਿੰਘ ਦੀ ਝਾਤੀ ਪਾਈਏ।

ਨਾਰੰਗਵਾਲ ਆਉਣ ਸਾਰ ਹੀ ਦਾਸ ਨੇ ਫਲੇਵਾਲ ਜਾਣ ਦੇ ਤਿਆਰੇ ਵਜਾ ਦਿਤੇ। ਖਾਲਸਾਈ ਸ਼ਸਤਰ ਬਸਤਰ ਸਜਾ ਕੇ ਫੇਲਵਾਲ ਪੈਦਲ ਧਾਈਆਂ ਹੋ ਗਈਆਂ। ਕੱਲ-ਮ-ਕੱਲੇ ਹੀ ਤੁਰ ਪਏ। ਇਸ ਤੋਂ ਪਹਿਲਾਂ ਦਾਸ ਕਦੇ ਵੀ ਫਲੇਵਾਲ ਨਹੀਂ ਗਿਆ ਸੀ। ਚਾਹੇ ਫਲੇਵਾਲ ਦੀ ਬਹੁਤ ਸਾਰੀ ਸੰਗਤ ਮੈਨੂੰ ਜਾਣਦੀ ਸੀ, ਪਰ ਮੈਂ ਕਿਸੇ ਨੂੰ ਨਹੀਂ ਜਾਣਦਾ ਸੀ। ਅਸਾਡੇ ਪਿੰਡ ਦੇ ਇਕ ਜਥੇ ਦੇ ਸਿੰਘ ਮਾਸਟਰ ਨਿਰੰਜਨ ਸਿੰਘ ਜੀ ਫਲੇਵਾਲ ਖਾਲਸਾ ਪ੍ਰਾਇਮਰੀ ਸਕੂਲ ਵਿਚ ਮਾਸਟਰ ਲੱਗੇ ਹੋਏ ਸਨ। ਚਿਤ ਵਿਚ ਇਹ ਚਿਤਵਨੀ ਚਿਤਵ ਕੇ ਕਿ ਫਲੇਵਾਲ ਜਾ ਕੇ ਜੇ ਹੋਰ ਕਿਸੇ ਨੇ ਨਾ ਦਸਿਆ, ਤਾਂ ਮਾਸਟਰ ਨਿਰੰਜਨ ਸਿੰਘ ਤੋਂ ਹੀ ਭਾਈ ਸਰਵਣ ਸਿੰਘ ਦੀ ਸੂੰਹ ਕੱਢਾਂਗੇ। ਸਾਨੂੰ ਬਾਬੂ ਮੱਲ ਸਿੰਘ ਜੀ ਨੇ ਦਸਿਆ ਸੀ ਕਿ ਭਾਈ ਸਰਵਣ ਸਿੰਘ ਜੀ ਪਿੰਡ ਦੇ ਨੰਬਰਦਾਰ ਵੀ ਹਨ। ਗੁਜਰਵਾਲੋਂ ਟੱਪ ਕੇ ਜਦੋਂ ਫਲੇਵਾਲ ਦਾ ਪੈਂਡਾ ਨੇੜੇ ਹੀ ਰਹਿ ਗਿਆ ਤਾਂ ਦਾਸ ਦੇ ਚਿਤ ਵਿਚ ਇਹ ਭਾਵਨੀ ਸੁਫੁਰ ਹੋਈ ਕਿ ਜੇ ਉਹ (ਵੀਰ ਸਰਵਣ ਸਿੰਘ ਜੀ) ਸਚ ਮੁਚ ਉਸੇ ਬਿਰਤੀ ਦੇ ਮਾਲਕ ਹਨ ਜੈਸੀ ਕਿ ਬਾਬੂ ਮੱਲ ਸਿੰਘ ਜੀ ਦੀ ਜ਼ਬਾਨੀ ਪ੍ਰਗਟ ਹੋਈ ਹੈ, ਤਾਂ ਉਹ ਫਲੇਵਾਲ ਪਿੰਡ ਵੜਨ ਤੋਂ ਪਹਿਲਾਂ ਹੀ ਸਾਨੂੰ ਅਗਵਾਈ ਵਿਚ ਮਿਲਣ। ਪਿੰਡ ਨੇੜੇ ਆ ਗਿਆ, ਕਦਮ ਕਦਮ ਤੇ ਦਰਸ਼ਨ ਨਿਗਾਰ ਦੇ ਅਗੰਮੀ ਨਸ਼ੇ ਚੜ੍ਹਦੇ ਜਾਣ। ਸਾਨੂੰ (ਦਾਸ ਨੂੰ) ਚਿਤ-ਚਿਤਵਨੀ ਵੀ ਭੁਲ ਗਈ, ਜੋ ਆਉਂਦੇ ਆਉਂਦੇ ਚਿਤਾਰੀ ਸੀ। ਇਹ ਭੁਲ-ਭੁਲਾਉਣੀ ਵੀ ਭਾਣੇ ਅੰਦਰ ਵਰਤ ਗਈ। ਪਿੰਡ ਫਲੇਵਾਲ ਵੜਨ ਤੋਂ ਪਹਿਲਾਂ ਇਕ ਅਵਧੂਤ ਜਿਹੀ ਸ਼ਕਲ ਦਾ ਔਲਾ ਮੌਲਾ ਸਿੰਘ ਪਿੰਡੋਂ ਬਾਹਰ ਨੂੰ ਆਉਂਦਾ ਸੀ, ਤੇੜ ਕਛਹਿਰਾ, ਸੀਸ ਤੇ ਛੋਟੀ ਦਸਤਾਰ, ਪਿੰਡੇ ਤੋਂ ਨੰਗਾ, ਪਰ ਗਾਤਰੇ ਦੀ ਕ੍ਰਿਪਾਨ ਸਜਾਈ ਹੋਈ, ਮੇਰੇ ਕੋਲ ਦੀ ਫ਼ਤਹ ਗਜਾ ਕੇ ਲੰਘ ਗਿਆ ਭੈਂਸ ਨੂੰ ਹੱਕਦਾ ਹੱਕਦਾ, ਹੱਥ ਵਿਚ ਡੰਡਾ ਫੜਿਆ ਹੋਇਆ ਸੀ। ਦਾਸ ਨੇ ਗੁਮੇਂਹ ਨਾ ਕੀਤਾ ਕਿ ਇਹ ਕੌਣ ਹੈ।

ਪਿੰਡ ਦਾ ਦਰਵਾਜ਼ਾ ਵੜਨ ਸਾਰ ਪਹਿਲਾਂ ਸਾਹਮਣੇ ਇਕ ਧਰਮਸਾਲ ਆਈ, ਜਿਥੇ ਕੁਛ ਬ੍ਰਿਧ ਸਿੰਘ ਬੈਠੇ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਸੀ। ਮੈਂ ਉਥੇ ਜਾ ਕੇ ਮੱਥਾ ਟੇਕਿਆ ਅਤੇ ਫ਼ਤਹ ਗਜਾ ਕੇ ਬ੍ਰਿਧ ਸਿੰਘਾਂ ਦੇ ਪਾਸ ਹੀ ਬੈਠ ਗਿਆ। ਸਿੰਘ ਸਾਰੇ ਮੈਨੂੰ ਜਾਣਦੇ ਸਨ, ਦੇਖ ਕੇ ਹੈਰਾਨ ਰਹਿ ਗਏ ਅਤੇ ਪੁਛਣ ਲਗੇ, "ਅੱਜ ਤੁਸਾਡਾ ਆਉਣਾ ਇਥੇ ਕਿਵੇਂ ਹੋਇਆ ?" ਮੈਂ ਆਖਿਆ, "ਭਾਈ ਸਾਹਿਬਾਨ, ਮੈਂ ਤਾਂ ਇਕ ਸਿੰਘ ਦੀ ਸੋਇ ਸੁਣ ਕੇ ਖਿਚਿਆ ਆਇਆ ਹਾਂ, ਦਸੋ ਕੋਈ ਸਰਵਣ ਸਿੰਘ ਨਾਮੇ ਨੰਬਰਦਾਰ ਵੀ ਹੈ ?" ਉਹ ਕਹਿਣ ਲਗੇ -"ਜੀ ਹਾਂ, ਹੁਣੇ ਹੀ ਉਹ ਮੱਝ ਲੈ



ਕੇ ਬਾਹਰ ਨੂੰ ਗਿਆ ਹੈ, ਚਾਹੇ ਆਪ ਨੂੰ ਰਾਹ ਵਿਚ ਹੀ ਮਿਲਿਆ ਹੋਵੇ।" ਮੈਂ ਆਖਿਆ, "ਉਹੀ ਸੀ ਜੋ ਪਿੰਡੇ ਤੋਂ ਨੰਗਾ ਅਤੇ ਤੇੜ ਕਛਹਿਰਾ ?" ਕਹਿਣ ਲਗੇ, "ਹਾਂ ਜੀ, ਉਹ ਹੀ ਹੈ, ਬੜੀ ਅਵਧੂਤ ਬਿਰਤੀ ਵਿਚ ਰਹਿੰਦੇ ਹਨ।" ਇਹ ਗੱਲ ਕਰਦੇ ਹੀ ਸਾਂ ਕਿ ਓਹੀ ਔਲੇ ਮੌਲੇ ਸਿੰਘ ਭੈਂਸ ਨੂੰ ਬਾਹਰ ਛਡ ਕੇ ਆ ਕੇ ਮੇਰੇ ਪਾਸ ਆ ਬੈਠੇ। ਨੇੜ੍ਹ ਦੇ ਨੇੜ੍ਹ ਮਿਲਣ ਦੀ ਦੇਰ ਸੀ ਕਿ ਇਕ-ਮਿਕ ਹੋ ਗਏ। ਪਰ ਇਕ ਛਿਨ ਵਿਚ ਹੀ ਉਹ ਮੈਨੂੰ ਉਥੋਂ ਉਠਾ ਕੇ ਲੈ ਤੁਰੇ, ਇਹ ਆਖ ਕੇ ਕਿ ਚਲੋ ਮਾਸਟਰ ਨਿਰੰਜਨ ਸਿੰਘ ਜੀ ਦੇ ਪਾਸ ਸਕੂਲੇ ਚਲੀਏ। ਅਗੇ ਅਗੇ ਉਹ ਅਤੇ ਪਿਛੇ ਮੈਂ, ਗੁੰਗੁਸ਼ਟ ਦਸ਼ਾ ਵਿਚ ਹੀ ਤੁਰਦੇ ਤੁਰਦੇ ਪ੍ਰਾਇਮਰੀ ਸਕੂਲ ਦੇ ਹਾਤੇ ਵਿਚ ਜਾ ਵੜੇ। ਅਗੋਂ ਮੈਨੂੰ ਦੇਖ ਕੇ ਭਾਈ ਨਿਰੰਜਨ ਸਿੰਘ ਜੀ ਬੜੀ ਹੈਰਾਨਗੀ ਵਿਚ ਧਾ ਕੇ, ਆ ਕੇ, ਮੈਨੂੰ ਮਿਲੇ। ਹੈਰਾਨਗੀ ਵਿਚ ਪੁਛਦੇ ਹਨ, "ਤੁਹਾਡਾ ਇਥੇ ਕਿਵੇਂ ਆਉਣਾ ਹੋਇਆ ਹੈ ?" ਮੈਂ ਆਖਿਆ, "ਇਨ੍ਹਾਂ ਪਿਆਰਿਆਂ ਪਾਸੋਂ ਹੀ ਪੁਛੋ।" ਪਿਆਰੇ ਹੱਸ ਕੇ, ਵੀਰ ਨਿਰੰਜਨ ਸਿੰਘ ਜੀ ਦੇ ਸਨਮੁਖ ਬੋਲ ਕੇ ਆਖਣ ਲਗੇ, "ਚਲੋ ਸਕੂਲ ਨੂੰ ਛੁਟੀ ਦਿਓ, ਹੁਣ ਆਥਣ ਹੋ ਚਲਿਆ ਹੈ, ਚਲ ਕੇ ਕੁਟੀਆ ਵਿਚ ਕੀਰਤਨ ਕਰੀਏ।" ਇਸ਼ਾਰਾ ਹੋਣਾ ਹੀ ਸੀ ਕਿ ਭਾਈ ਨਿਰੰਜਨ ਸਿੰਘ ਨੇ ਮੁੰਡਿਆਂ ਕੁੜੀਆਂ ਨੂੰ ਛੁਟੀ ਦੇ ਕੇ ਸਕੂਲ ਬੰਦ ਕਰ ਦਿਤਾ (ਮੁੰਡੇ ਕੁੜੀਆਂ ਇਕੱਠੇ ਹੀ ਪੜ੍ਹਦੇ ਸੀ)।

ਅਸੀਂ ਤਿੰਨੇ ਜਣੇ, ਭਾਈ ਸਰਵਣ ਸਿੰਘ ਜੀ ਦੀ ਕੁਟੀਆ ਨੂੰ ਸਿਧੇ ਹੋ ਗਏ, ਜੋ ਪਿੰਡ ਤੋਂ ਬਾਹਰਵਾਰ ਇਕ ਇਕਾਂਤ ਬੜੇ ਖੇਤ ਵਿਚ ਛੱਪਰ ਪਾ ਕੇ ਸਜਾਈ ਹੋਈ ਸੀ। ਅਗੇ ਵਾਜਾ, ਢੋਲਕੀ ਅਤੇ ਛੈਣੇ ਉਥੇ ਪਏ ਹੋਏ ਸਨ। ਭਾਈ ਸਰਵਣ ਸਿੰਘ ਜੀ ਨੇ ਵਾਜਾ ਮੈਨੂੰ ਫੜਾ ਦਿਤਾ, ਆਪ ਢੋਲਕੀ ਲੈ ਲਈ, ਛੈਣੇ ਮਾਸਟਰ ਨਿਰੰਜਨ ਸਿੰਘ ਨੂੰ ਫੜਾ ਦਿਤੇ। ਅਗੰਮੀ ਤਰੰਗਾਂ ਉਠੀਆਂ ਅਤੇ ਕੀਰਤਨ ਆਰੰਭ ਹੋ ਗਿਆ। ਭਾਈ ਸਰਵਣ ਸਿੰਘ ਜੀ ਕੀਰਤਨ ਦੇ ਧਨੀ ਸਨ, ਢੋਲਕੀ ਵਾਜਾ ਵਜਾਉਣ ਵਿਚ ਵੀ ਖੂਬ ਪ੍ਰਬੀਨ ਸਨ। ਪਹਿਲੇ ਸ਼ਬਦ ਵਿਚ ਹੀ ਮਸਤੂਲ ਮਸਤ ਹੋ ਗਏ। ਕੀਰਤਨ ਕਰਦਿਆਂ ਆਪਣੇ ਆਪ ਦੀ ਸੁਧ ਬੁਧ ਹੀ ਨਾ ਰਹੀ। ਮੇਰੀਆਂ ਅੱਖਾਂ ਖੁਲ੍ਹੀਆਂ ਤਾਂ ਕੀ ਦੇਖਦਾ ਹਾਂ ਕਿ ਸਾਡੇ ਤਿੰਨਾਂ ਦੇ ਨਾਲ ਓਸੇ ਪਿੰਡ ਦੇ ਇਕ ਭਾਈ ਵਰਿਆਮ ਸਿੰਘ ਜੀ ਵੀ ਬੈਠੇ ਹਨ ਅਤੇ ਬੜੇ ਹਲੋਰਿਆਂ ਨਾਲ ਕੀਰਤਨ ਕਰ ਰਹੇ ਹਨ। ਚਹੁੰਆਂ ਦਾ ਕੀਰਤਨ ਉਸ ਇਕਾਂਤ-ਕੁਟੀਆ ਵਿਖੇ ਘੰਟਿਆਂ ਬੱਧੀ ਹੁੰਦਾ ਰਿਹਾ ਕਿ ਅਚਾਨਕ ਹੀ ਇਕ ਅਵਾਜ਼ ਆਈ, ਕਿ ਰਹਿਰਾਸ ਦਾ ਸਮਾਂ ਹੋ ਗਿਆ ਹੈ, ਰਹਿਰਾਸ ਸਾਹਿਬ ਦਾ ਪਾਠ ਕਰੋ, ਸੋਦਰ ਲਾਵੋ। ਸੋਦਰ ਕੀਰਤਨ ਹੋ ਕੇ ਰਹਿਰਾਸ ਸਾਹਿਬ ਦਾ ਪਾਠ ਹੋਇਆ। ਅਰਦਾਸ ਕਰ ਕੇ ਗੁਰੂ ਮਹਾਰਾਜ ਦਾ ਵਾਕ ਲਿਆ। ਵਾਕ ਦੇ ਛੰਦ ਦੀ ਪਿਛਲੀ ਤੁਕ ਮੈਨੂੰ ਯਾਦ ਹੈ-

WWW.AKJ.ORG



"ਸਾਜਨ ਆਇ ਵੁਠੇ ਘਰ ਮਾਹੀ॥"*

ਗੁਰੂ ਮਹਾਰਾਜ ਦਾ ਸੁਖਾਸਨ ਕਰਾ ਦਿਤਾ। ਫੇਰ ਅਸੀਂ ਵਾਜਾ ਵੀਰ ਸਰਵਣ ਸਿੰਘ ਅਗੇ ਰਖ ਦਿਤਾ ਕਿ ਕੀਰਤਨ ਕਰੋ। ਢੋਲਕੀ ਭਾਈ ਨਿਰੰਜਨ ਸਿੰਘ ਨੂੰ ਫੜਾ ਦਿਤੀ। ਛੈਣੇ ਭਾਈ ਵਰਿਆਮ ਸਿੰਘ ਜੀ ਨੂੰ ਫੜਾਏ ਅਤੇ ਕੀਰਤਨ ਫੇਰ ਆਰੰਭ ਹੋ ਗਿਆ। ਮੈਨੂੰ ਹੁਣ ਤਾਈਂ ਯਾਦ ਹੈ ਕਿ ਭਾਈ ਸਰਵਣ ਸਿੰਘ ਨੇ "ਸਾਜਨ ਆਇ ਵੁਠੇ ਘਰ ਮਾਹੀ" ਵਾਲਾ ਸ਼ਬਦ ਹੀ ਪਹਿਲੇ ਲਿਆ। ਖ਼ੂਬ ਕੀਰਤਨ-ਗੂੰਜਾਰ ਉਠੀ। ਦੋ ਘੰਟੇ ਲਗਾਤਾਰ ਅਖੰਡ ਕੀਰਤਨ ਹੁੰਦਾ ਰਿਹਾ। ਯਕਾ ਯਕ ਨਾਰੰਗਵਾਲ ਤੋਂ ਵਾਇਰਲੈੱਸ ਆਈ, ਜਿਸ ਨੇ ਐਸੀ ਖਿਚ ਪਾਈ ਕਿ ਅਸੀਂ ਤੁਰਤ ਹੀ ਤੁਰ ਪਏ। ਨਾਲ ਹੀ ਮੇਰੇ ਤਿੰਨੇ ਵੀਰ ਮੈਨੂੰ ਛਡਣ ਲਈ ਚਲੇ ਆਉਣ।

ਗੁਜਰਵਾਲ ਢਾਬ ਦਾ ਨਜ਼ਾਰਾ ਤੱਕ ਕੇ ਐਸੀ ਤਰੰਗ ਉਠੀ ਕਿ ਢਾਬ ਤੇ ਜਾ ਬੈਠੇ, ਜੋ ਨਾਰੰਗਵਾਲ ਤੇ ਗੁਜਰਵਾਲ ਦੇ ਵਿਚਕਾਰ ਉਦਿਆਨ-ਇਕਾਂਤ ਵਿਚ ਵਾਕਿਆ ਹੈ। ਇਸ ਚੋਜ-ਵਿਡਾਣੀ ਢਾਬ ਦੀ ਭੀ ਬੜੀ ਅਸਚਰਜ ਕਥਾ ਹੈ। ਇਥੇ ਕਿਸੇ ਸਮੇਂ ਨਦੀ ਵਹਿੰਦੀ ਹੁੰਦੀ ਸੀ। ਕਈ ਵਾਰ ਆਪਣੀ ਵਜਦ-ਸਮਾਧੀ ਤੋਂ ਸਾਵਧਾਨ ਹੋ ਕੇ ਵੀਰ ਸਰਵਣ ਸਿੰਘ ਜੀ ਦਸਿਆ ਕਰਦੇ ਸਨ ਕਿ ਇਥੋਂ ਦੀ ਢਾਬ-ਕਿਨਾਰੇ ਉਪਰ ਦੀ ਨੀਲੇ ਘੋੜੇ ਦੀਆਂ ਟਾਪਾਂ ਸੁਣੀਦੀਆਂ ਹੁੰਦੀਆਂ ਸਨ ਅਤੇ ਨੀਲੇ ਘੋੜੇ ਦੇ ਸ਼ਾਹ-ਸਵਾਰ ਦੀਆਂ ਅਗੰਮੀ ਫੇਰੀਆਂ ਅਕਸਰ ਇਸ ਰਸਤੇ ਪਈਆਂ ਹਨ। ਸਮੇਂ ਦੇ ਫੇਰ ਵਿਚ ਐਸਾ ਗੇੜ ਬੱਝਾ ਕਿ ਇਥੇ ਸੁੱਕੀ ਢਾਬ ਹੀ ਰਹਿ ਗਈ। ਇਸ ਢਾਬ ਦੇ ਸਮੀਪ ਹੀ ਇਕ ਪਿਪਲੀ ਹੋਇਆ ਕਰਦੀ ਸੀ, ਜੋ ਅਸੀਂ ਆਪਣੀ ਅਖੀਂ ਦੇਖੀ ਹੈ। ਸਾਡੇ ਦਾਦੇ ਪੜਦਾਦੇ ਦੇ ਵਕਤ ਇਥੇ ਨਾਰੰਗਵਾਲ ਤੇ ਗੁਜਰਵਾਲ ਦੋਹਾਂ ਪਿੰਡਾਂ ਦੀਆਂ ਹਦਬੰਦੀ ਦੇ ਝਗੜੇ ਕਾਰਨ ਲੜਾਈਆਂ ਭੀ ਹੋਈਆਂ। ਖਾਸਾ ਚਿਰ ਹੁੰਦੀਆਂ ਰਹੀਆਂ। ਦੋਹਾਂ ਧਿਰਾਂ ਦੇ ਗੱਭਰੂ ਜੋਧੇ ਮਾਰ ਮਾਰ ਕਰਦੇ ਸ਼ਹੀਦ ਭੀ ਹੋ ਗਏ। ਓੜਕ ਇਸ ਢਾਬ ਦੇ ਪਾਸ ਹੀ ਹਦ-ਬੰਨਾ ਦੋਹਾਂ ਪਿੰਡਾਂ ਦਾ ਬੱਝ ਗਿਆ। ਇਹ ਢਾਬ ਗੁਜਰਵਾਲ ਦੀ ਜੂਹ ਵਿਚ ਰਹਿ ਗਈ। ਇਹ ਢਾਬ ਅਤੇ ਪਿਪਲੀ ਦੇ ਨੇੜੇ ਨੇੜੇ ਖ਼ਾਸੀ ਦੂਰ ਤਾਈਂ, ਨਾ ਦਿਨੇ ਨਾ ਰਾਤ ਕੋਈ ਪਾਂਧੀ ਲੰਘਿਆ ਕਰਦਾ ਸੀ। ਅਕਸਰ ਲੋਕ ਇਸ ਜਗ੍ਹਾ 'ਹਾੜ' ਬੋਲਿਆ ਸੁਣਿਆ ਕਰਦੇ ਸਨ। ਏਵੇਂ ਅਵਾਜ਼ਾਂ ਆਵਣੀਆਂ ਕਿ ਮਾਰੋ ਮਾਰੋ, ਸੋਧੋ, ਫੜੋ ਫੜੋ, ਸਿਰ ਲਾਹ ਦਿਓ, ਆਦਿਕ। ਇਹੋ ਜਿਹੀਆਂ ਭਿਅੰਕਰ ਅਵਾਜ਼ਾਂ ਆਉਂਦੀਆਂ ਸਨ। ਇਸ ਜਗ੍ਹਾ ਤੋਂ ਡਰਦੇ ਹੋਏ ਲੋਕ ਏਥੋਂ ਨਹੀਂ ਲੰਘਿਆ ਕਰਦੇ ਸਨ।

---

*ਸੂਹੀ ਛੰਤ ਮ: ੩, ਪੰਨਾ ੭੬੮



ਅਸੀਂ ਆਪਣੀ ਅੱਖੀਂ ਪਿਪਲੀ ਦੇਖੀ ਹੈ ਤੇ ਆਪਣੇ ਕੰਨੀਂ ਹਾੜ ਬੋਲਦਾ ਸੁਣਿਆ ਹੈ। ਅੰਮ੍ਰਿਤ ਛਕਣ ਸਾਰ ਸਾਡੇ ਡਰ ਭੌ ਸਭ ਲਥ ਗਏ ਸਨ। ਪ੍ਰਮਾਰਥੀ ਪ੍ਰੇਮ ਦੇ ਪ੍ਰਬਲ ਹੋਣ ਕਾਰਨ ਨਾਮ ਅਭਿਆਸ ਲਈ ਇਕਾਂਤ ਜਗ੍ਹਾ ਢੂੰਡਦੇ ਢੂੰਡਦੇ ਸਾਨੂੰ ਇਹੋ ਹੀ ਜਗ੍ਹਾ ਪਸੰਦ ਆਈ। ਇਥੇ ਆ ਕੇ ਸਾਰੀ ਸਾਰੀ ਰਾਤ ਉਚੀ ਉਚੀ ਨਾਮ ਦਾ ਖੰਡਾ ਖੜਕਾਣਾ, ਲੋਕੀ ਸਮਝਣ ਕਿ ਹਾੜ ਬੋਲਦਾ ਹੈ, ਕਿਸੇ ਨੇ ਨੇੜੇ ਨਾ ਢੁਕਣਾ।

ਇਸ ਢਾਬ ਉਤੇ ਬੜੀਆਂ ਹੀ ਅਭਿਆਸ ਕਮਾਈਆਂ ਹੋਈਆਂ, ਕੀਰਤਨ ਬਿਹਬਲਤਾ ਦੀਆਂ ਰਾਮ ਦੁਹਾਈਆਂ ਹੋਈਆਂ। ਹਾੜ ਬੋਲਣਾ ਤਾਂ ਦੋ ਰਾਤਾਂ ਵਿਚ ਬੰਦ ਹੋ ਗਿਆ ਸੀ। ਫੇਰ ਤਾਂ ਨਾਮ ਦੀ ਖੰਡਾ-ਖੜਕਾਈ-ਛਿੰਜ ਹੀ ਪੈਂਦੀ ਰਹੀ। ਉਹ ਪਿਪਲੀ ਸੁਕ ਗਈ ਸੀ, ਢੇਰ ਚਿਰ ਤੋਂ ਲਕੜੀ ਦਾ ਨਿਸ਼ਾਨ ਭੀ ਨਹੀਂ ਰਿਹਾ ਸੀ। ਦਿਨੇ ਭੀ ਏਥੇ, ਰਾਤ ਨੂੰ ਭੀ ਏਥੇ ਨਾਮ ਅਭਿਆਸ ਦੀਆਂ ਨੌਬਤਾਂ ਵਜਦੀਆਂ ਰਹਿਣ। ਅਕਸਰ ਦਾਸ ਇਕੱਲਾ ਹੀ ਏਥੇ ਗਜਿਆ ਸਜਿਆ ਕਰਦਾ ਸੀ।

ਇਸ ਢਾਬ ਦੇ ਲਾਗੇ ਛਾਗੇ ਗੁਜਰਵਾਲ ਦੇ ਇਕ ਪੁਰਾਤਨ ਪ੍ਰੇਮੀ ਬਾਬਾ ਜੈਮਲ ਸਿੰਘ ਜੀ ਦੀ ਮਲਕੀਅਤ ਜ਼ਮੀਨ ਸੀ। ਇਹ ਬਾਬਾ ਦੂਰੋਂ ਨੇੜਿਓਂ ਮੈਨੂੰ ਏਥੇ ਬੈਠਿਆਂ ਨੂੰ ਦੇਖਦਾ ਸੀ। ਇਹ ਇਕ ਬੜੀ ਉਦਾਰ-ਚਿਤ ਧਰਮੀ ਮੂਰਤੀ ਸੀ। ਭਜਨ ਦਾ ਪਰਤਾਪ ਦੇਖ ਕੇ ਇਸ ਬਾਬੇ ਜੈਮਲ ਸਿੰਘ ਨੇ ਇਸ ਢਾਬ ਨੂੰ ਪੁਟਵਾ ਕੇ ਪਾਣੀ ਹਾਂਡੇ ਕਰ ਦਿਤਾ। ਹੇਠੋਂ ਕੁੰਗੂੰ ਵਰਗਾ ਪਾਣੀ ਨਿਕਲ ਆਇਆ। ਉਪਰੋਂ ਵਰਖਾ ਸਮੇਂ ਸਾਵਣ ਭਾਦਰੋਂ ਦੀਆਂ ਝੜੀਆਂ ਵਿਚ ਰੋਹੀ ਦੇ ਖੇਤਾਂ ਦਾ ਮੀਂਹ ਦਾ ਪਾਣੀ ਸਾਰਾ ਏਥੇ ਆ ਕੇ ਜਮ੍ਹਾ ਹੋ ਜਾਣਾ। ਸਰਦੀਆਂ ਵਿਚ ਇਸ ਪਾਣੀ ਨੇ ਕੁੰਗੂ ਵਰਗਾ ਸਾਫ਼ ਸੁਥਰਾ ਨਿਤਰ ਆਉਣਾ। ਇਕ ਵਿਘੇ ਦੇ ਵਿਸਥਾਰ ਵਿਚ ਇਥੇ ਡੱਲ ਡੱਲ ਕਰਦੀ ਨਿਖਰਵੇਂ ਅਤੇ ਨਿਤਰਵੇਂ ਪਾਣੀ ਦੀ ਚੌੜੀ ਜਿਹੀ ਝੀਲ ਬਣੀ ਰਹਿੰਦੀ ਸੀ। ਹੁਨਾਲੇ ਸਿਆਲੇ ਕਦੇ ਭੀ ਪਾਣੀ ਸੁਕਣਾ ਨਹੀਂ ਪੈਂਦਾ ਸੀ। ਇਸ ਬਾਬੇ ਨੇ ਮਹਿਜ਼ ਭਜਨ ਪਰਤਾਪੀ ਭਜਨੀਕ ਜਨਾਂ ਦੀ ਖ਼ਾਤਰ ਇਸ ਢਾਬ ਦੇ ਦੁਆਲੇ ਚਾਰ ਚੁਫੇਰੇ ਤ੍ਰਿਬੈਣੀਆਂ* ਲਾ ਦਿੱਤੀਆਂ ਸਨ, ਜਿਨ੍ਹਾਂ ਦੀ ਖ਼ਾਸੀ ਘਣੀ ਛਾਉਂ ਹੋ ਗਈ। ਪਰ ਜੇਲ੍ਹ-ਯਾਤਰਾ ਦੇ ਲੰਮੇ ਅਰਸੇ ਅੰਦਰ ਤ੍ਰਿਬੈਣੀਆਂ ਸੁਕ ਸਕ ਗਈਆਂ। ਉਹ ਉਪਕਾਰੀ ਬਾਬਾ ਵੀ ਚੜ੍ਹਾਈਆਂ ਕਰ ਚੁਕਾ ਸੀ। ਉਸ ਦੇ ਪਿਛੋਂ ਕੋਈ ਰਾਖਾ, ਬਾੜ ਕਰਨੇ ਵਾਲਾ ਅਤੇ ਪਾਣੀ ਦੀ ਆੜ ਲਾਉਣ ਵਾਲਾ ਨ ਰਿਹਾ। ਸੁੰਨੀ ਉਜਾੜ ਦੇਖ ਕੇ ਊਠਾਂ ਵਾਲਿਆਂ ਨੇ ਊਠਾਂ ਨੂੰ ਪਾ ਕੇ ਖਾ ਚਰਾ ਕੇ ਤ੍ਰਿਬੈਣੀਆਂ ਖ਼ਰਾਬ ਕਰ ਦਿਤੀਆਂ।

ਉਸ ਉਪਕਾਰੀ ਬਾਬੇ ਦੀਆਂ ਬੜੀਆਂ ਉੱਚੀਆਂ ਦਲੀਲਾਂ ਸਨ, ਜੋ ਮਨ

---

*ਪਿੱਪਲ, ਬਰੋਟੇ ਅਤੇ ਨਿੰਮ ਦੇ ਬ੍ਰਿਛਾਂ ਦੇ ਇਕੱਠੇ ਜਮਾਉ ਅਤੇ ਉਗਵਾਉ ਨੂੰ ਤ੍ਰਿਬੈਣੀ ਆਖਿਆ ਕਰਦੇ ਹਨ।

WWW.AKJ.ORG

WWW.AKJ.ORG


ਦੀਆਂ ਉਸ ਦੇ ਮਨ ਵਿਚ ਹੀ ਰਹਿ ਗਈਆਂ। ਖ਼ੈਰ! ਜਿਸ ਸਮੇਂ ਦਾ ਅਸੀਂ ਜ਼ਿਕਰ ਕਰਦੇ ਹਾਂ (ਜਿਸ ਜ਼ਿਕਰ ਅੰਦਰ ਇਸ ਢਾਬ-ਅਸਥਾਨ ਦਾ ਕੁਝ ਟੂਕ ਮਾਤਰ ਬਿਰਤਾਂਤ ਕਰਨਾ ਅਰੰਭ ਹੋ ਗਿਆ ਹੈ) ਓਦੋਂ ਵੀ ਇਥੇ ਖ਼ਾਸੀ ਰੌਣਕ ਸੀ।

**ਭਾਈ ਸਰਵਣ ਸਿੰਘ ਦੀ ਆਤਮ-ਬਿਰਤੀ -**

ਅਸੀਂ ਚਾਰੇ ਨਵਲ ਬੇਲੀ, ਨਾਮ ਕੀਰਤਨ ਦੇ ਬੇਲੀ ਜਨ, ਇਥੇ ਆ ਜੰਮੇ ਅਰ ਵੇਹਲੇ ਨਹੀਂ ਬੈਠੇ। ਆਉਂਦੇ ਹੀ ਫਿਰ ਕੀਰਤਨ ਅਰੰਭ ਦਿਤਾ (ਸਾਜ ਸਾਡੇ ਪਾਸ ਹੈ ਹੀ ਸਨ)। ਕੀਰਤਨ ਕਰਦੇ ਕਰਦੇ ਸਾਜ ਹੱਥਾਂ ਵਿਚ ਹੀ ਰਹਿ ਗਏ ਅਤੇ ਨਾਮ-ਸਮਾਧੀਆਂ ਵਿਚ ਜੁੜ ਗਏ। ਤਕੜੀ ਰਾਤ ਗਈ ਪਿਛੋਂ ਦਾਸ ਦੀ ਸੁਪਤਨੀ ਕਰਤਾਰ ਕੌਰ ਨੂੰ, ਆਸ-ਉਡੀਣੀ ਬੈਠੀ ਨੂੰ, ਆਤਮ-ਵਾਇਰਲੈੱਸ ਦਾ ਹਲੂਣਾ ਵਜਿਆ, ਉਹ ਤੁਰਤ ਹੀ ਪ੍ਰਸ਼ਾਦੇ ਸਜਾ ਕੇ ਢਾਬ ਤੇ ਲੈ ਆਈ। ਅੱਧੀ ਰਾਤੋਂ ਸਾਨੂੰ ਆ ਹਲੂਣਿਆ। ਜਲ ਪਰਸ਼ਾਦ ਦਾ ਸਰਬ ਲੋਹੀ ਗਡਵਾ ਭਰਿਆ ਹੋਇਆ ਉਨ੍ਹਾਂ ਦੇ ਪਾਸ ਸੀ। ਚਾਰ ਸਰਬਲੋਹੀ ਬਾਟੇ ਲੈ ਆਈ ਸੀ, ਹੱਥ ਧੁਆ ਕੇ ਸਾਡੇ ਅਗੇ ਪਰਸ਼ਾਦੇ ਪਰੋਸ ਦਿਤੇ। ਅਧਮੀਟੀਆਂ ਪ੍ਰੇਮ-ਕਸਾਈਆਂ ਅੱਖੀਆਂ ਨਾਲ ਪ੍ਰੇਮ ਮੂਰਤੀ ਵਲ ਤਕਦੇ ਹੋਏ, ਅਸੀਂ ਗਫੇ ਲਾਵਣ ਲਗ ਪਏ। ਭਾਈ ਸਰਵਣ ਸਿੰਘ ਜੀ ਦੀ ਤਾਂ ਉਨ੍ਹਾਂ ਨੂੰ ਤਕ ਕੇ ਪ੍ਰੇਮ-ਕਿਲਕਾਰਨੀ-ਡਾਡ ਨਿਕਲ ਗਈ। ਨਿਰਬਲ ਹੋ ਕੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਏ ਅਤੇ ਸਨਮੁਖ ਹੋ ਕੇ ਇਹ ਸ਼ਬਦ ਉਚਾਰਨ ਲਗੇ, "ਏਸ ਪੂਜਨੀਕ ਪ੍ਰੇਮ-ਨਿਧ ਬੇਬੇ ਜੀ ਦੇ ਇਸ ਸਮੇਂ ਅਨੂਪਮ ਦਰਸ਼ਨ ਦੇਣ ਦੇ ਕਾਰਨ ਮੇਰੀ ਸੂਖਸ਼ਮ ਹਉਮੈ ਦੇ ਕੜ ਟੁਟ ਗਏ ਹਨ। ਮੈਨੂੰ ਕਈ ਵਾਰ ਇਸ ਸੂਖਸ਼ਮ ਹਉਮੈ ਦੇ ਫੁਰਨੇ ਫੁਰਿਆ ਕਰਦੇ ਸਨ ਕਿ ਮੇਰੇ ਹੀ ਕਪਾਟ ਖੁਲ੍ਹੇ ਹੋਏ ਹਨ। ਮੈਨੂੰ ਇਹੋ ਜਿਹੀਆਂ ਸੋਝੀਆਂ ਸੁਤੇ ਸਿਧ ਹੀ ਪੈਂਦੀਆਂ ਰਹਿੰਦੀਆਂ ਹਨ, ਇਸ ਸੂਖਸ਼ਮਤਾ ਦਾ ਮੈਨੂੰ ਸੂਖਮ ਜਿਹਾ ਹੰਕਾਰ ਸੀ, ਜੋ ਮੇਰਾ ਅੱਜ ਪਾਸ਼ੋ ਪਾਸ਼ ਹੋ ਗਿਆ ਹੈ। ਮੈਂ ਹੈਰਾਨ ਹਾਂ, ਅਤਿ ਅਸਚਰਜ ਹਾਂ ਕਿ ਕਿਵੇਂ ਬੇਬੇ ਜੀ ਨੂੰ, ਸਾਡੇ ਏਥੇ ਬੈਠਿਆਂ ਦੀ ਸੂਝ ਬੂਝ, ਇਕ ਮੀਲ ਤੋਂ ਘਰ ਬੈਠੀ ਨੂੰ ਹੋ ਗਈ! ਫੇਰ ਦੂਰ ਬੈਠੀ ਨੇ ਇਹ ਗੱਲ ਜਾਂਚ ਲਈ ਕਿ ਅਸੀਂ ਪਰਸ਼ਾਦਾ ਛਕਣ ਵਾਲੇ ਚਾਰ ਪੁਰਸ਼ ਹਾਂ! ਚਾਰੇ ਬਾਟੇ ਲੈ ਆਈ ਅਤੇ ਚੌਵਾਂ ਦੇ ਰੱਜਣ ਜੋਗਦੇ ਗਫੇ ਲੈ ਆਈ!"

ਮੇਰੇ ਬਾਟੇ ਵਿਚ ਗਫਿਆਂ ਦਾ ਛਾਂਦਾ ਜੋ ਰਹਿ ਗਿਆ ਸੀ, ਉਹ ਉਨ੍ਹਾਂ ਨੇ (ਕਰਤਾਰ ਕੌਰ ਨੇ) ਛਕਿਆ ਭੁੰਚਿਆ। ਉਹ ਅਜੇ ਤਾਈਂ ਕੜਾਕੇ ਤੇ ਹੀ ਸਨ। ਸਾਨੂੰ ਛਕਾਏ ਤੋਂ ਬਿਨਾਂ ਪਹਿਲੇ ਨਹੀਂ ਛਕਦੇ ਸਨ।

ਅੱਧੀ ਰਾਤ ਟਪ ਚੁਕੀ ਸੀ, ਖਿਤੀਆਂ ਸਿਖਰ ਤੋਂ ਢਲ ਕੇ ਲਹਿੰਦੇ ਵਲ ਨੂੰ



ਆ ਚੁਕੀਆਂ ਸਨ। ਭਾਈ ਸਰਵਣ ਸਿੰਘ ਜੀ ਆਪਣੇ ਢਿਡ ਤੇ ਹੱਥ ਫੇਰ ਕੇ ਕਹਿਣ ਲਗੇ, "ਹੁਣ ਤਾਂ ਬੈਠਿਆ ਨਹੀਂ ਜਾਂਦਾ। ਅਸੀਂ ਵਾਪਸ ਫਲੇਵਾਲ ਮੁੜਦੇ ਹਾਂ, ਅਤੇ ਜਾ ਕੇ ਬਿਸਰਾਮ ਕਰਦੇ ਹਾਂ, ਤੁਸੀਂ ਭੀ ਬੇਬੇ ਜੀ ਨਾਲ ਨਾਰੰਗਵਾਲ ਜਾਉ।" ਓਦੋਂ ਤਾਂ ਅਸੀਂ ਮੁੜ ਗਏ, ਪਰੰਤੂ ਕਈ ਵਾਰ ਅਜਿਹੀਆਂ ਨੌਬਤਾਂ ਆਈਆਂ, ਕਿ ਮੈਂ ਤੇ ਭਾਈ ਸਰਵਣ ਸਿੰਘ ਜੀ ਨੇ ਸਾਰੀ ਰਾਤ ਦੋਹਾਂ ਪਿੰਡਾਂ ਦੇ ਵਿਚਕਾਰ ਹੀ ਘੁੰਮਦੇ ਰਹਿਣਾ। ਪ੍ਰੇਮ-ਬਾਹੁੜੀਆਂ ਉਵਲਾਇ ਕੇ, ਅਤੇ ਕੰਘੀਆਂ ਪਾ ਕੇ, ਨਾਮ-ਅਭਿਆਸਣੀ-ਲਟਕ ਵਿਚ ਉਦਿਆਨ ਫਿਰੇਂਦਿਆਂ ਘੁਮੇਂਦਿਆਂ ਹੀ ਸਾਰੀ ਸਾਰੀ ਰਾਤ ਬਿਤਾ ਦੇਣੀ।

ਵੀਰ ਭਾਈ ਸਰਵਣ ਸਿੰਘ ਜੀ ਬੜੇ ਅਥੱਕ ਕੀਰਤਨੀਏ ਸਨ, ਪੰਚਮ ਦੀ ਸੁਰ ਤੋਂ ਹੇਠਾਂ ਕਦੇ ਕੀਰਤਨ ਨਹੀਂ ਕਰਦੇ ਸਨ। ਪ੍ਰੇਮ ਦੀ ਗੁੰਜਾਰ ਵਿਚ ਕੀਰਤਨ ਦੀ ਧੁੰਨਕਾਰ ਕਦੇ ਮੁਕਣੀ ਹੀ ਨਹੀਂ ਪਾਉਂਦੀ ਸੀ, ਚੜ੍ਹਦੀ ਤੋਂ ਚੜ੍ਹਦੀ ਕਲਾ ਵਿਚ ਕੀਰਤਨ ਕਰਨਾ। ਢੋਲਕੀ ਵਜਾਉਣੀ, ਤਦ ਵੀ ਹੱਦ ਮੁਕਾ ਦੇਣੀ। ਇਨ੍ਹਾਂ ਦੀਆਂ ਬਾਹਵਾਂ ਕਦੇ ਨਹੀਂ ਥਕਦੀਆਂ ਸਨ, ਹੱਥ ਕਦੇ ਨਹੀਂ ਅੰਬਦੇ ਸਨ। ਕੀਰਤਨ ਕਰਦੇ ਕਰਦੇ, ਅਭਿਆਸ ਵਿਚ ਮਸਤ ਹੋ ਕੇ ਦਸਵੇਂ ਦੁਆਰ ਜਾ ਚੜ੍ਹਨਾ। ਦਸਵੇਂ ਦੁਆਰ ਜਾ ਚੜ੍ਹਨ ਦੀ ਕੜੱਕ ਕਰ ਕੇ ਅਵਾਜ਼ ਆਉਣੀ। ਫੇਰ ਤਾਂ ਉਨ੍ਹਾਂ ਦਾ ਸਰੀਰ ਘੰਟਿਆਂ ਬੱਧੀ ਬੇ-ਹਿਸੋ-ਹਰਕਤ ਹੀ ਰਹਿਣਾ। ਇਸ ਅਵਸਥਾ ਵਿਚ ਉਨ੍ਹਾਂ ਦਾ ਸਾਰਾ ਸਰੀਰ ਲੋਹੇ ਦੀ ਲਠ ਵਾਂਗੂ ਕਰੜਾ ਤੇ ਸਖ਼ਤ ਹੋ ਜਾਣਾ। ਹਿਲਣਾ ਜੁਲਣਾ ਤਾਂ ਕੀ ਸੀ, ਸਾਹ ਸਤ ਵੀ ਆਵਣਾ ਬੰਦ ਹੋ ਜਾਣਾ। ਕਈ ਵਾਰ ਅਜ਼ਮਾ ਕੇ ਦੇਖਿਆ ਗਿਆ ਕਿ ਇਸ ਦਸ਼ਾ ਵਿਚ ਉਨ੍ਹਾਂ ਦੀ ਲੋਹੇ-ਲਠ ਹੋਈ ਬਾਂਹ ਨੂੰ ਦਸ ਦਸ ਆਦਮੀ ਵੀ ਮੋੜ ਮਚੋੜ ਨਹੀਂ ਸਕਦੇ ਸਨ। ਬਾਹਵਾਂ ਨੇ ਸਿਧੀਆਂ ਸਤੋਰ ਹੀ ਰਹਿਣਾ। ਜਿਨ੍ਹਾਂ ਸ਼ਬਦ-ਮਾਰਗੀ ਗੁਰਮੁਖ ਜਨਾਂ ਨੇ ਉਨ੍ਹਾਂ ਦੀ ਇਸ ਦਸ਼ਾ ਦਾ ਭੇਤ ਪਾ ਲਿਆ ਸੀ, ਉਨ੍ਹਾਂ ਨੇ ਤਾਂ ਭਾਈ ਸਰਵਣ ਸਿੰਘ ਜੀ ਨੂੰ ਹਮੇਸ਼ਾ ਆਪਣੇ ਰੰਗਾਂ ਵਿਚ ਹੀ ਰਹਿਣ ਦੇਣਾ, ਕਦੇ ਹਿਲਾਵਣਾ ਚਲਾਉਣਾ ਬੁਲਾਉਣਾ ਨਹੀਂ। ਆਤਮ-ਤਰੰਗ ਮੁੜਵੀਂ ਵੇਗ ਵਿਚ ਜਦੋਂ ਉਨ੍ਹਾਂ ਦੇ ਸੁਆਸ ਦਸਮੇ ਦੁਆਰ ਤੋਂ ਉਤਰ ਆਉਣੇ, ਤਦੋਂ ਉਨ੍ਹਾਂ ਦਾ ਸਾਰਾ ਸਰੀਰ ਹਲਕਾ ਫੁਲਕਾ ਅਤੇ ਲਿਸ਼ਕਵਾਂ ਨਿਕਲ ਆਉਣਾ, ਇਹ ਸਾਡੀ ਅੱਖੀਂ ਦੇਖੀਂ ਸ਼ਹਾਦਤ ਹੈ।

ਇਸ ਬਿਸਮਾਦੀ ਖੇਡ ਤੋਂ ਅਸੂਝ ਅਤੇ ਅਮੂੜ ਪ੍ਰਾਣੀ ਤਾਂ ਅਕਸਰ ਇਹੋ ਬਕਬਾਸ ਕਰਿਆ ਕਰਦੇ ਸਨ ਕਿ ਇਨ੍ਹਾਂ ਨੂੰ ਮਿਰਗੀ ਦੀ ਬੀਮਾਰੀ ਹੈ। ਸੋਵਤ-ਜਾਗਤ, ਚਲਤ-ਫਿਰਤ, ਮਾਰਗੀਂ ਧਾਵਤ ਇਨ੍ਹਾਂ ਦਾ ਸੁਆਸ-ਅਭਿਆਸੀ-ਖੰਡਾ ਹਮੇਸ਼ਾ ਜ਼ੋਰੋ-ਜ਼ੋਰ ਖੜਕਦਾ ਰਹਿੰਦਾ ਸੀ। ਕਈ ਸਮੇਂ ਐਸੇ ਆਏ ਕਿ ਰਾਹੀਂ ਪਾਧੀਂ

WWW.AKJ.ORG

WWW.AKJ.ORG


ਤੁਰਿਆਂ ਜਾਂਦਿਆਂ ਭਾਈ ਸਰਵਣ ਸਿੰਘ ਜੀ ਨੇ ਬਿਸਮਾਦ ਮੂਰਛਤ ਹੋ ਕੇ ਡਿਗ ਪੈਣਾ ਤੇ ਘੰਟਿਆਂ ਬਧੀ ਇਕੱਲਿਆਂ ਨੇ ਡਿਗੇ ਹੀ ਪਏ ਰਹਿਣਾ। ਰਾਹੀਆਂ ਪਾਂਧੀਆਂ ਨੇ ਇਨ੍ਹਾਂ ਨੂੰ ਮੁਰਦਾ ਸਮਝ ਕੇ ਡਰ ਕੇ ਨਸ ਜਾਣਾ। ਕਈ ਵਾਰ ਲਾਗ ਦੀ ਵਸੋਂ ਵਿਚੋਂ ਆ ਕੇ ਦੁਹਾਈਆਂ ਪਾਣੀਆਂ ਕਿ ਫਲਾਣੀ ਜਗ੍ਹਾ ਤੇ ਇਕ ਸਿੰਘ ਮਰਿਆ ਪਿਆ ਹੈ, ਉਹਨੂੰ ਜਾ ਕੇ ਚੁਕ ਲਿਆਓ ? ਜਾਣ ਵਾਲਿਆਂ ਹਮਦਰਦੀਆਂ ਨੇ ਜਾਣਾ, ਜਾ ਕੇ ਕੀ ਵੇਖਣਾ, ਸਿੰਘ ਹੋਰੀਂ ਸਮਾਧ-ਸਥਿਤ ਹੋਏ ਬੈਠੇ ਖੰਡਾ ਖੜਕਾ ਰਹੇ ਹਨ।

ਬੈਰਾਗੀ ਤਿਆਗੀ ਐਸੇ ਸਨ ਕਿ 'ਨਾ ਘਰ ਘਾਮ ਦੀ ਨਾ ਧਨ ਧਾਮ ਦੀ' ਇਹਨਾਂ ਨੂੰ ਕਦੇ ਫ਼ਿਕਰ ਚਿੰਤਾ ਦੀ ਸੂਝ ਰਹਿਣੀ ਹੀ ਨਹੀਂ, ਗੁਰੂ ਆਸਰੇ ਨੰਬਰਦਾਰੀ ਦੀ ਕ੍ਰਿਤ ਕਮਾਉਣੀ, ਲਟਬਉਰੀ ਦਸ਼ਾ ਵਿਚ ਢਾਲ ਉਗਰਾਹੁਣੀ ਅਤੇ ਲਟਬਉਰੀ ਦਸ਼ਾ ਵਿਚ ਖਜ਼ਾਨੇ ਤਾਰਨ ਲਈ ਲੁਧਿਆਣੇ ਲੈ ਜਾਵਣੀ। ਇਕ ਦੋ ਐਸੇ ਸਮੇਂ ਭੀ ਹੋਏ ਕਿ ਇਸ ਬਿਧ ਇਕੱਠੀ ਹੋਈ ਢਾਲ ਦੇ ਪੰਜ ਪੰਜ ਸੌ ਦਮੜੇ ਉਚੱਕਿਆਂ ਨੇ ਚੱਕ ਕੇ ਇਨ੍ਹਾਂ ਦੇ ਪਾਸ ਤੋਂ ਲੈ ਜਾਵਣੇ ਅਤੇ ਹੰਸੂ ਹੰਸੂ ਕਰਦਿਆਂ ਇਨ੍ਹਾਂ ਨੇ ਮੁੜ ਆਉਣਾ। ਪਿੰਡ ਫਲੇਵਾਲ ਨਹੀਂ ਜਾਣਾ, ਕਿ ਲੋਕੀ ਢਾਲ ਦੇ ਰੁਪਏ ਦਾ ਤਕਾਜ਼ਾ ਕਰਨਗੇ। ਮੈਨੂੰ ਆ ਕੇ ਨਾਰੰਗਵਾਲ ਦਸਣਾ, "ਬਾਈ, ਢਾਲ ਤਾਂ ਅੱਜ ਕੋਈ ਚੁਕ ਕੇ ਲੈ ਗਿਆ ਹੈ।" ਅਸੀਂ ਆਖਣਾ, "ਹੱਛਾ ਭਾਈ, ਗੁਰੂ ਰਾਖਾ ਹੈ।" ਇਹ ਸੁਣ ਕੇ ਕੱਛਾਂ ਬਜਾਉਂਦਿਆਂ ਅਤੇ ਚਾਂਭੜਾਂ ਪਾਉਂਦਿਆਂ ਇਹ ਕਹਿੰਦਿਆਂ ਚਲੇ ਜਾਣਾ ਕਿ ਜੇ ਗੁਰੂ ਰਾਖਾ ਹੈ ਤਾਂ ਆਪੇ ਲਭ ਪਵੇਗੀ। ਐਸੀ ਨੇਤ ਹੋਣੀ ਕਿ ਮੁੜ ਕੇ ਫਲੇਵਾਲ ਵਲ ਜਾਂਦਿਆਂ ਨੂੰ ਢਾਲ ਦੇ ਦਮੜੇ ਲਭ ਪੈਣੇ। ਢਾਲ ਦੇ ਉਚੱਕਿਆਂ ਨੂੰ ਪੁਲਸ ਨੇ ਫੜ ਕੇ ਉਨ੍ਹਾਂ ਦੇ ਪਾਸ ਲੈ ਜਾਣਾ। ਭਾਈ ਸਰਵਣ ਸਿੰਘ ਜੀ ਨੂੰ ਆਖਣਾ, "ਦਸੋ ਭਾਈ ਸਾਹਿਬ ਜੀ, ਇਨ੍ਹਾਂ ਨੂੰ ਕੀ ਸਜ਼ਾ ਦਿਵਾਈਏ ?" ਭਾਈ ਸਰਵਣ ਸਿੰਘ ਨੇ ਉਲਟੇ ਪੁਲਸ ਦੇ ਪੈਰੀਂ ਪੈ ਕੇ ਉਨ੍ਹਾਂ ਚੋਰਾਂ ਉਚੱਕਿਆਂ ਨੂੰ ਛੁਡਾ ਦੇਣਾ, ਅਤੇ ਉਚੱਕਿਆਂ ਤੇ ਤਰਸ ਖਾ ਕੇ ਉਨ੍ਹਾਂ ਨੂੰ ਕਹਿਣਾ-"ਭਾਈ, ਤੁਹਾਨੂੰ ਲੋੜ ਹੈ ਤਾਂ ਲੈ ਜਾਓ, ਸਾਨੂੰ ਗੁਰੂ ਹੋਰ ਦੇਵੇਗਾ।" ਕਈ ਚੋਰ ਉਚੱਕੇ ਧਾੜਵੀ ਭਾਈ ਸਰਵਣ ਸਿੰਘ ਜੀ ਦੀ ਇਸ ਦਸ਼ਾ ਤੋਂ ਮੁਤਅੱਸਰ ਹੋ ਕੇ ਸਿਖ ਸਜ ਗਏ ਅਤੇ ਅਗੇ ਨੂੰ ਪਵਿੱਤਰ ਜੀਵਨ ਬਤੀਤ ਕਰਨ ਲਗੇ। ਭਾਈ ਸਰਵਣ ਸਿੰਘ ਜੀ ਨੂੰ ਕਦੇ ਗੁੱਸਾ ਆਉਂਦਾ ਹੀ ਨਹੀਂ ਸੀ।

**ਅੰਬਾਲੇ ਸਟੇਸ਼ਨ ਦਾ ਕੌਤਕ** -

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਜਥੇ ਸਮੇਤ ਸਣੇ ਭਾਈ ਸਰਵਣ ਸਿੰਘ ਜੀ ਦੇ ਅੰਬਾਲੇ ਛਾਉਣੀ ਨੂੰ ਸਿਰੀ ਬਾਬੂ ਮੱਲ ਸਿੰਘ ਅਤੇ ਪਿਆਰਾ ਸਿੰਘ ਜੀ ਦੇ ਪਿਆਰੇ ਪਿਆਰੇ ਦਰਸ਼ਨਾਂ ਨੂੰ ਜਾ ਰਹੇ ਸਾਂ। ਓਦੋਂ ਇਹ ਦੋਵੇਂ ਸਜਣ ਫ਼ੌਜ ਵਿਚ



ਮੁਲਾਜ਼ਮ ਹੋਇਆ ਕਰਦੇ ਸਨ। ਇਨ੍ਹਾਂ ਦੀਆਂ ਫ਼ੌਜਾਂ ਨੇ ਬਦਲ ਕੇ ਕਿਸੇ ਹੋਰ ਦੂਰ ਦੁਰੇਡੇ ਛਾਉਣੀ ਤੇ ਚਲੇ ਜਾਣਾ ਸੀ, ਇਸ ਲਈ ਅਸੀਂ ਉਨ੍ਹਾਂ ਦੇ ਚੱਲਣ ਤੋਂ ਪਹਿਲਾਂ ਮੁਲਾਕਾਤ ਕਰਨ ਲਈ ਅੰਬਾਲੇ ਛਾਉਣੀ ਆ ਰਹੇ ਸਾਂ। ਅੰਬਾਲੇ ਦੇ ਸਟੇਸ਼ਨ ਤੇ ਪੁਜੇ ਤਾਂ ਉਕੇ ਹੋਰ ਬਹੁਤ ਸਾਰੇ ਸੱਜਣ ਤਾਂ ਹੋਰ ਰੁਝਣੀ ਰੁਝ ਗਏ। ਭਾਈ ਸਰਵਣ ਸਿੰਘ ਜੀ ਇਕੱਲੇ ਸਮਾਧ-ਸਥਿਤ ਖਲੋਤੇ ਹੀ ਰਹਿ ਗਏ ਅਤੇ ਇਕ ਐਸੀ ਜਗ੍ਹਾ ਉਨ੍ਹਾਂ ਦੀ ਖਲੋਤਿਆਂ ਦੀ ਸਮਾਧੀ ਲਗ ਗਈ ਜਿਥੇ ਕਿ ਰੇਲ ਗੱਡੀ ਆਈ ਤੇ, ਟਿਕਟ ਬਟਿਆ ਕਰਦੇ ਸਨ। ਜਦੋਂ ਉਹ ਖਲੋਤੇ ਸੀ ਓਦੋਂ ਟਿਕਟ ਨਹੀਂ ਬਟਦੇ ਸੀ, ਉਥੇ ਕੋਈ ਆਦਮੀ ਵੀ ਨਹੀਂ ਸੀ, ਅਸੀਂ ਜ਼ਰਾ ਕੁ ਦੁਰੇਡੇ ਛਾਉਣੀ ਨੂੰ ਪੈਦਲ ਜਾਣ ਲਈ ਤਿਆਰੀ ਵਿਚ ਰੁਝੇ ਹੋਏ ਸੀ। ਇਤਨੇ ਨੂੰ ਗੱਡੀ ਕਿਸੇ ਪਾਸਿਓਂ ਆ ਗਈ, ਅਤੇ ਟਿਕਟ ਬਟਣ ਲਗ ਪਏ। ਟਿਕਟ ਬਟਣ ਵਾਲੀ ਤਾਕੀ ਦੇ ਪਾਸ ਖ਼ਾਸਾ ਇਕੱਠ ਹੋ ਗਿਆ ਟਿਕਟ ਖ਼ਰੀਦਣ ਵਾਲਿਆਂ ਦਾ। ਪੁਲਸ ਦਾ ਇਕ ਹੱਟਾ ਕੱਟਾ ਸਿਪਾਹੀ ਆਪਣੀ ਡਿਊਟੀ ਤੇ ਉਥੇ ਆ ਗਿਆ। ਪਰ ਭਾਈ ਸਰਵਣ ਸਿੰਘ ਜੀ ਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਹੈ, ਉਹ ਸਮਾਧ-ਸਥਿਤ ਹੀ ਇਕੋ ਜਗ੍ਹਾ ਟਿਕੇ ਖਲੋਤੇ ਰਹੇ। ਪੁਲਸ ਦੇ ਸਿਪਾਹੀ ਨੇ ਬੁੱਤ ਵਾਂਗੂੰ ਅਹਿਲ ਖੜੋਤੇ ਭਾਈ ਸਰਵਣ ਸਿੰਘ ਜੀ ਨੂੰ ਦੋ ਚਾਰ ਵਾਰ ਹਲੂਣਿਆ ਅਤੇ ਬੁਲਾਇਆ, ਪਰ ਉਹ ਬੋਲੇ ਕੁਸਕੇ ਨਹੀਂ। ਕ੍ਰੋਧ-ਆਤਰ ਹੋ ਕੇ ਸਿਪਾਹੀ ਨੇ ਬੜੇ ਜ਼ੋਰ ਨਾਲ ਵੱਟ ਕੇ ਚਪੇੜ ਮਾਰੀ ਭਾਈ ਜੀ ਦੇ ਮੁਖਾਰਬਿੰਦ ਤੇ। ਭਾਈ ਸਰਵਣ ਸਿੰਘ ਜੀ ਦੀ ਅੱਖ ਉੱਘੜੀ ਤਾਂ ਸਿਪਾਹੀ ਨੇ ਡਾਂਟ ਕੇ ਆਖਿਆ, "ਤੈਨੂੰ ਪਤਾ ਨਹੀਂ ਕਿ ਇਥੇ ਟਿਕਟ ਬਟਦੇ ਹਨ ? ਤੈਨੂੰ ਕਈ ਵਾਰ ਬੁਲਾਇਆ ਅਤੇ ਕਿਹਾ ਹੈ ਕਿ ਏਥੇ ਟਿਕਟ ਬਟਦੇ ਹਨ, ਇਸ ਜਗ੍ਹਾ ਖਲੋਣ ਦਾ ਹੁਕਮ ਨਹੀਂ। ਹੁਣ ਚਪੇੜ ਮਾਰੀ ਤੇ ਸੁਚੇਤ ਹੋਇਆ ਹੀ ਹੈਂ, ਜੇ ਪਹਿਲੇ ਹੀ ਹੋ ਜਾਂਦਾ ?" ਦੇਖੋ ਅਗੇ ਕੀ ਕੌਤਕ ਵਰਤਦਾ ਹੈ।

ਭਾਈ ਸਰਵਣ ਸਿੰਘ ਨੂੰ ਇਸ ਚਪੇੜ ਮਾਰੀ ਦਾ ਰੰਚਕ ਭੀ ਰੋਸ-ਗੁਸਾ ਨਹੀਂ ਆਇਆ, ਉਲਟੇ ਉਸ ਸਿਪਾਹੀ ਦੇ ਧੜੰਮ ਦੇ ਕੇ ਪੈਰਾਂ ਤੇ ਡਿਗ ਪਏ ਅਤੇ ਆਖਿਆ, "ਭਾਈ ! ਮੈਥੋਂ ਭੁਲ ਹੋ ਗਈ ਹੈ।" ਭਾਈ ਸਰਵਣ ਸਿੰਘ ਜੀ ਸਿਪਾਹੀ ਦੇ ਪੈਰਾਂ ਤੇ ਡਿਗੇ ਹੀ ਸਨ ਕਿ ਉਨ੍ਹਾਂ ਦੇ ਪੈਰੀਂ ਪੈਣ ਸਾਰ, ਸਿਪਾਹੀ ਤਾਂ ਛਪਾਲ ਪਿਛਲ ਪੈਰੀਂ ਖੜਾ ਹੀ ਧੜੰਮ ਦੇ ਕੇ ਜ਼ਮੀਨ ਤੇ ਜਾ ਡਿਗਿਆ। ਉਸ (ਸਿਪਾਹੀ) ਦੀਆਂ ਆਪ-ਮੁਹਾਰੀਆਂ ਕਿਲਕਾਰੀਆਂ ਨਿਕਲ ਗਈਆਂ ਤੇ ਦੁਹਾਈਆਂ ਦੇਣ ਲਗਾ, "ਬਹੁੜੀ ਓ ਲੋਕੋ ! ਮੈਨੂੰ ਇਸ ਸਿਖ ਤੋਂ ਬਖ਼ਸ਼ਾ ਲਵੋ।" ਸਿਪਾਹੀ ਦੀਆਂ ਦੁਹਾਈਆਂ ਕਿਲਕਾਰੀਆਂ ਸੁਣ ਕੇ ਉਸ ਜਗ੍ਹਾ ਤੇ ਤਕੜਾ ਇਕੱਠ ਹੋ ਗਿਆ, ਅਸੀਂ ਭੀ ਉਥੇ ਆ ਗਏ। ਜ਼ਮੀਨ ਤੇ ਬਿਹਬਲ ਹੋਏ ਲਿਟਦੇ ਸਿਪਾਹੀ ਤੋਂ ਪੁਛਿਆ, "ਤੈਨੂੰ ਕੀ

WWW.AKJ.ORG

WWW.AKJ.ORG


ਹੋਇਆ ਹੈ ?" ਸਿਪਾਹੀ ਕਹਿਣ ਲੱਗਾ, "ਮੈਨੂੰ ਇਸ ਸਿਖ ਨੇ ਮਾਰ ਛਡਿਆ ਹੈ।" ਅਸੀਂ ਕਿਹਾ, "ਤੈਨੂੰ ਇਸ ਨੇ ਕੀ ਮਾਰਿਆ ਹੈ ?" ਸਿਪਾਹੀ ਨੇ ਕਿਹਾ, "ਮਾਰਿਆ ਨਹੀਂ, ਮੇਰਾ ਕੁਛ ਛਡਿਆ ਹੀ ਨਹੀਂ। ਮੇਰੇ ਪੈਰਾਂ ਤੇ ਡਿਗ ਕੇ ਇਸ ਸਿਖ ਨੇ ਮੇਰੀ ਸਾਰੀ ਕਲਾ ਸੂਤ ਲਈ। ਖ਼ਬਰ ਨਹੀਂ ਮੈਨੂੰ ਇਸ ਨੇ ਕੀ ਕਰ ਦਿਤਾ ਹੈ। ਹੁਣ ਮੈਂ ਬਚਦਾ ਤਾਂ ਹਾਂ, ਜੇ ਇਸ ਤੋਂ ਬਖ਼ਸ਼ਾ ਦਿਓ।" ਸਾਰੀ ਗੱਲ ਜਦ ਉਸ ਸਿਪਾਹੀ ਨੇ ਦੱਸੀ ਕਿ ਮੈਂ ਇਸ ਸਿਖ ਦੇ ਚਪੇੜ ਵੱਟ ਕੇ ਮਾਰੀ ਸੀ ਅਤੇ ਇਹ ਪੈਰੀਂ ਪੈ ਗਿਆ, ਮੈਨੂੰ ਪਤਾ ਨਹੀਂ ਸੀ ਕਿ ਇਹ ਰੱਬੀ ਰੰਗਾਂ ਵਿਚ ਖੜੇ ਹਨ। ਉਥੇ ਇਕ ਈਸਾਈ ਖੜਾ ਸੀ, ਉਹ ਇਹ ਵਾਰਤਾ ਸੁਣ ਕੇ ਇਉਂ ਭਾਖ ਉਠਿਆ, "ਕਮਾਲ ਹੋ ਗਈ! ਸਾਡੇ ਹਜ਼ਰਤ ਈਸਾ ਮਸੀਹ ਨੇ ਤਾਂ ਸਾਨੂੰ ਇਉਂ ਉਪਦੇਸ਼ ਦਿਤਾ ਹੈ – 'ਹੇ ਈਸਾਈ, ਜੇ ਤੇਰੀ ਇਗ ਗਲ੍ਹ ਤੇ ਕੋਈ ਚਪੇੜ ਮਾਰੇ, ਤਾਂ ਤੂੰ ਦੂਜੀ ਗਲ੍ਹ ਵੀ ਅਗਾਂਹ ਕਰ ਦੇ, ਕਿ ਹੋਰ ਮਾਰ ਲੈ।' ਇਹ ਸਿਖ ਤਾਂ ਚੁਪੇੜ ਮਾਰਨ ਵਾਲੇ ਦੇ ਉਲਟਾ ਪੈਰੀਂ ਪੈ ਗਿਆ ਹੈ। ਇਸ ਤੋਂ ਵਧ ਹੋਰ ਕਮਾਲ ਕੀ ਹੋ ਸਕਦਾ ਹੈ!" ਦਾਸ ਨੇ ਉਸ ਈਸਾਈ ਸਜਣ ਦੇ ਸਾਹਵੇਂ ਮੁਖ਼ਾਤਬ ਹੋ ਕੇ ਉਸ ਨੂੰ ਇਹ ਦਸਿਆ, ਕਿ ਅਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਹੁਕਮ ਹੈ ਕਿ :

ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨ੍ਹਾਂ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾਂ ਦੇ ਚੁੰਮਿ॥੭॥*

ਤਿਸ ਪਰ ਪਾਸ ਖਲੋਤਾ ਇਕ ਆਰੀਆ ਮਹਾਸ਼ਾ ਇਉਂ ਝੁੰਜਲਾ ਉਠਿਆ, "ਇਸ ਸਿਖ ਡਰਦੇ ਮਾਰੇ ਨੇ ਸਿਪਾਹੀ ਦੇ ਪੈਰ ਫੜੇ ਹਨ। ਇਸ ਨੂੰ ਚਾਹੀਦਾ ਸੀ ਕਿ ਸਿਪਾਹੀ ਨੂੰ ਅਗੋਂ ਸੋਧਦਾ, ਪਰ ਇਹ ਕਮਜ਼ੋਰ ਸੀ, ਕਮਜ਼ੋਰੀ ਦੇ ਕਾਰਨ ਉਸ ਦੇ ਅਗੇ ਹੀਣਾ-ਝੀਣਾ ਹੋ ਗਿਆ।" ਅਸੀਂ ਆਖਿਆ, "ਏਵੇਂ ਹੀ ਸਹੀ, ਤੇਰੀ ਅਕਲ ਏਵੇਂ ਹੀ ਕੰਮ ਕਰਦੀ ਹੈ। ਅਸੀਂ ਤੇਰੇ ਨਾਲ ਝਗੜਨਾ ਥੋੜਾ ਹੈ।"

ਇਹ ਗੱਲ ਕਹਿ ਕੇ ਸਾਰਾ ਜਥਾ ਭਾਈ ਸਰਵਣ ਸਿੰਘ ਜੀ ਨੂੰ ਨਾਲ ਲੈ ਕੇ ਅੰਬਾਲਾ ਛਾਉਣੀ ਦੇ ਰਸਤੇ ਵਲ ਤੁਰ ਪਏ। ਗੁਰੂ ਦੀ ਨੇਤ ਐਸੀ ਹੋਈ ਕਿ ਉਸ ਮਹਾਸ਼ਾ ਜਨ ਨੇ ਭੀ ਸਦਰ ਬਾਜ਼ਾਰ ਛਾਉਣੀ ਜਾਣਾ ਸੀ, ਉਹ ਵੀ ਸਾਡੇ ਨਾਲ ਹੋ ਗਿਆ। ਰਸਤੇ ਵਿਚ ਜਾਂਦੇ ਜਾਂਦੇ ਅਧਵਾਟੇ ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ। ਪਾਸ ਹੀ ਕੂਆਂ ਸੀ। ਓਥੇ ਹੀ ਪੰਜ-ਇਸ਼ਨਾਨਾ ਕਰ ਕੇ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਗੇ ਜਾਣਾ ਮਿਥਿਆ। ਅਸੀਂ ਮੈਦਾਨ ਵੀ ਜਾਣਾ ਸੀ। ਪਾਸ ਹੀ ਇਕ ਗੂੜ੍ਹੇ ਬਿਰਛਾਂ ਦੀ ਝਿੜੀ ਸੀ, ਮੈਂ ਤੇ ਭਾਈ ਸਰਵਣ ਸਿੰਘ ਜੀ ਉਸ ਝਿੜੀ ਵਿਚ ਮੈਦਾਨ ਹੋਣ ਲਈ ਗਏ। ਭਾਈ ਜੀ ਤਾਂ ਧੁਸਦੇ ਧੁਸਦੇ ਅਗਾਂਹ ਦੁਰੇਡੇ ਚਲੇ ਗਏ, ਮੈਂ

*ਸਲੋਕ ਸ਼ੇਖ ਫਰੀਦ ਕੇ, ਪੰਨਾ ੧੩੭੮



ਉਰੇਡੇ ਹੀ ਰਹਿ ਗਿਆ ਅਤੇ ਮੈਦਾਨ ਹੋਣ ਬਹਿ ਗਿਆ। ਮੈਦਾਨ ਹੋ ਕੇ ਅਜੇ ਹੱਥ ਹੀ ਧੋਤੇ ਸਨ ਕਿ ਇਕ ਅਬਲਾ ਦੇ ਰੋਣ ਦੀ ਅਤੇ ਚੀਖ ਪੁਕਾਰ ਕਰਨ ਦੀ ਆਵਾਜ਼ ਕੰਨੀਂ ਪਈ।

ਭਾਈ ਜੀ ਉਸ ਅਵਾਜ਼-ਅਸਥਾਨ ਦੇ ਨੇੜੇ ਹੀ ਢੁਕ ਚੁਕੇ ਸਨ। ਉਕਤ ਚੀਖ-ਪੁਕਾਰਨੀ ਅਵਾਜ਼ ਸੁਣ ਕੇ ਉਹ ਝਟ ਹੀ ਓਥੇ ਪਹੁੰਚ ਗਏ, ਇਕੱਲੇ ਹੀ। ਅਤੇ ਕੀ ਦੇਖਦੇ ਹਨ ਕਿ ਚਾਰ ਮੁਸ਼ਟੰਡੇ ਸ਼ਰਾਬੀ ਗੋਰੇ ਸਿਪਾਹੀ ਇਕ ਲਕੜਹਾਰੀ (ਲਕੜਾਂ ਚੁਗਣ ਵਾਲੀ) ਲੜਕੀ ਨੂੰ, ਉਸ ਦੀ ਇੱਜ਼ਤ ਖ਼ਰਾਬ ਕਰਨ ਲਈ ਦਬਾਈ ਪਏ ਹਨ। ਭਾਈ ਸਰਵਣ ਸਿੰਘ ਜੀ ਨੇ ਹੀਲ ਹੁਜਤ ਕੀਤੇ ਬਿਨਾਂ ਹੀ ਉਨ੍ਹਾਂ ਚਹੁੰਆਂ ਸਿਪਾਹੀਆਂ ਪਾਸੋਂ 'ਬਲਮ' ਖੋਹ ਲਏ ਅਤੇ ਉਨ੍ਹਾਂ ਚਹੁੰਆਂ ਸਿਪਾਹੀਆਂ ਨੂੰ ਐਸਾ ਕੁਟਿਆ ਕਿ ਕੁਟ ਕੁਟ ਕੇ ਲੰਮੇ ਪਾ ਦਿਤੇ ਅਤੇ ਨਰੜ ਕੇ ਲਾਗੇ ਖੜੇ ਇਕੇ ਟਾਂਗੇ ਤੇ ਲਦ ਦਿਤੇ, ਜਿਸ ਟਾਂਗੇ ਤੇ ਉਹ ਆਏ ਸਨ। ਇਤਨੇ ਨੂੰ ਮੈਂ ਭੀ ਓਥੇ ਪਹੁੰਚ ਗਿਆ। ਇਹ ਨਜ਼ਾਰਾ ਦੇਖ ਕੇ ਮੈਂ ਪਿਛਲੇ ਸਾਰਿਆਂ ਸੱਜਣਾਂ ਨੂੰ ਆਵਾਜ਼ਾਂ ਦੇ ਕੇ ਨਾਲ ਬੁਲਾ ਲਿਆ। ਉਹ ਮਹਾਸ਼ਾ ਗਣ ਵੀ ਨਾਲ ਹੀ ਆਇਆ। ਅਸੀਂ ਮਹਾਸ਼ਾ ਗਣ ਨੂੰ ਇਹ ਨਜ਼ਾਰਾ ਦਿਖਾਇਆ, ਕਿ ਦੇਖੋ ਸਵਾ ਲਖ ਸੂਰਮੇ ਦਾ ਇਹ ਕਰਤੱਵ। ਜਿਥੇ ਇਸ ਨੂੰ ਆਪਣੇ ਮੂੰਹ ਤੇ ਇਕ ਚਪੇੜ ਲਗੀ ਸੀ ਸਿਪਾਹੀ ਵਲੋਂ, ਉਥੇ ਤਾਂ ਸਹਿਨਸ਼ੀਲਤਾ ਦਾ ਉਹ ਧੁਰਵਾ ਬੰਨ੍ਹਿਆ, ਜਿਸ ਨੂੰ ਦੇਖ ਕੇ ਇਕ ਈਸਾਈ ਅਸ਼ ਅਸ਼ ਕਰਦਾ ਸੀ। ਪਰ ਹੁਣ ਏਥੇ ਇਕ ਅਬਲਾ ਦੇ ਉਪਕਾਰ-ਬਚਾਉ ਦੀ ਔਖੀ ਘੜੀ ਦੇਖ ਕੇ ਇਸ ਸਿਖ ਦੇ ਅੰਦਰ ਉਹ ਬਲ-ਬੀਰਤਾ ਸੰਧੂਰਤ ਹੋਈ ਕਿ ਇਕੱਲੇ ਨੇ ਹੀ ਇਨ੍ਹਾਂ ਚੌਵਾਂ ਹਟੇ ਕਟੇ ਗੋਰੇ ਸਿਪਾਹੀਆਂ ਨੂੰ ਮਾਰ ਕੁਟ ਕੇ ਟਾਂਗੇ ਤੇ ਨੂੜ ਛਡਿਆ ਹੈ।

ਬਸ, ਇਤਨੀ ਗੱਲ ਉਸ ਮਹਾਸ਼ਾ ਨੂੰ ਕਹਿਣ ਦੀ ਦੇਰ ਸੀ ਕਿ ਉਹ ਮਹਾਸ਼ਾ ਜ਼ਾਰੋ ਜ਼ਾਰ ਰੋਣ ਲਗ ਪਿਆ ਅਤੇ ਪੁਕਾਰਨ ਲਗਾ, 'ਖ਼ਾਲਸਾ ਜੀ, ਮੈਨੂੰ ਬਖ਼ਸ਼ੋ। ਮੈਨੂੰ ਇਕ ਸਿਖ ਦੀ ਸਹਿਨ-ਸ਼ੀਲਤਾ ਅਤੇ ਸੂਰਬੀਰਤਾ ਦੇ ਵਖੋ ਵਖ ਜੁਸਿਆਂ ਦਾ ਉੱਕਾ ਹੀ ਪਤਾ ਨਹੀਂ ਸੀ। ਹੁਣ ਪਤਾ ਲਗ ਗਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਰਬ ਗੁਣਾਂ ਸੰਪੂਰਨ ਹੁੰਦੇ ਹਨ। ਸਹਿਨ-ਸ਼ੀਲਤਾ ਅਤੇ ਸ਼ਾਂਤੀ ਦੀ ਹਦ ਵੀ ਇਸ ਨੇ ਟਪਾ ਦਿਤੀ ਤੇ ਸੂਰਬੀਰਤਾ ਦੀ ਭੀ ਹਦ ਮੁਕ ਗਈ।"

ਅਸੀਂ ਉਸ ਮਹਾਸ਼ੇ ਨਾਲ ਇਧਰ ਇਹ ਗੱਲ ਕਰ ਰਹੇ ਸੀ, ਓਧਰ ਨਰੜੇ ਹੋਏ ਗੋਰੇ, ਟਾਂਗੇ ਤੇ ਪਏ ਹੋਏ ਇਉਂ ਚਿਲਾ ਰਹੇ ਸਨ, "ਸਾਹਿਬਾਨ, ਹਮ ਕੋ ਛੁਡਾਓ, ਹਮ ਐਸੀ ਹਰਕਤ ਆਗੇ ਸੇ ਨਹੀਂ ਕਰੇਂਗੇ। ਹਮ ਕੋ ਕਿਉਂ ਨਰੜ ਕਰ ਬਾਂਧਾ ਹੈ, ਔਰ ਕਹਾਂ ਲੇ ਜਾਓਗੇ ?" ਅਸੀਂ ਆਖਿਆ, "ਤੁਹਾਨੂੰ ਪਕੜ ਕੇ ਤੁਹਾਡੇ ਅਫ਼ਸਰਾਂ ਦੇ ਕੋਲ ਲੈ ਜਾ ਕੇ ਤੁਹਾਨੂੰ ਸਜ਼ਾ ਦਿਵਾਵਾਂਗੇ।" ਗੋਰੇ ਬੋਲੇ, "ਹਮ ਕੋ ਕਾਫ਼ੀ ਬਦਨੀ

WWW.AKJ.ORG

WWW.AKJ.ORG



ਸਜ਼ਾ ਮਿਲ ਚੁਕੀ ਹੈ। ਦੇਖੋ ਸਾਡੇ ਸਰੀਰ ਸੁੱਜੇ ਪਏ ਹਨ, ਸੱਟਾਂ ਦੇ ਨਾਲ ਹੱਡਾਂ ਤੇ ਨੀਲ ਪਏ ਹੋਏ ਹਨ। ਹੋਰ ਸਾਨੂੰ ਕੀ ਸਜ਼ਾ ਦੇਣੀ ਹੈ ? ਹੁਣ ਸਾਨੂੰ ਮਾਫ਼ ਕਰ ਦਿਓ ਅਤੇ ਪੰਜਾਹ ਦਮੜੇ ਸਾਡੇ ਪਾਸੋਂ ਲੈ ਲਵੋ।" ਅਸੀਂ ਕਿਹਾ ਕਿ ਮਾਫ਼ੀ ਇਸ ਗਰੀਬ ਤੋਂ ਮੰਗੋ, ਅਤੇ ਇਹ ਦਮੜੇ ਭੀ ਇਸ ਨੂੰ ਦਿਓ। ਅਗੇ ਲਈ ਤੌਬਾ ਕਰੋ ਕਿ ਐਸਾ ਅਨਰਥ ਨਹੀਂ ਕਰਾਂਗੇ। ਇਸ ਤਰ੍ਹਾਂ ਇਥੋਂ ਛੁਟਕਾਰਾ ਪਾ ਕੇ ਅਗੇ ਤੁਰੇ ਅਤੇ ਤੁਰੇ ਜਾਂਦਿਆਂ ਹੀ ਪਾਠ ਕੀਤਾ।

ਭਾਈ ਸਰਵਣ ਸਿੰਘ ਜੀ ਦੀ ਨਮੂਨੇ ਮਾਤਰ ਇਹ ਮਿਸਾਲ ਪੇਸ਼ ਕੀਤੀ ਗਈ ਹੈ। ਇਹ ਜਜ਼ਬਾ ਨਾਮ-ਅਭਿਆਸੀ ਜਨਾਂ ਵਿਚ ਕੁਟ ਕੁਟ ਕੇ ਭਰਿਆ ਹੋਇਆ ਹੁੰਦਾ ਹੈ।

ਭਾਈ ਸਰਵਣ ਸਿੰਘ ਜੀ ਦਾ ਜੀਵਨ ਇਕ ਅਲੌਕਿਕ ਸਿੱਖੀ ਜੀਵਨ ਹੋ ਗੁਜ਼ਰਿਆ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠੀ ਵੀ ਸਨ। ਲਗਾਤਾਰ ਸਤ ਸਤ ਘੰਟੇ ਪਾਠ ਕਰੀ ਜਾਣਾ ਅਤੇ ਪੰਚਮ ਸੁਰ ਦੀ ਉਚੀ ਧੁਨ ਵਿਚ ਪਾਠ ਕਰਨਾ। ਉਨ੍ਹਾਂ ਦਾ ਪਾਠ ਪਿੰਡ ਵਿਚ ਬੜੀ ਦੂਰ ਦੂਰ ਤਾਈਂ ਸੁਣਿਆ ਜਾਂਦਾ ਸੀ। ਲਊਡ ਸਪੀਕਰ ਇਸ ਧੁਨੀ ਦੇ ਨਜ਼ਦੀਕ ਕਿਆ ਚੀਜ਼ ਹਨ! ਓਦੋਂ ਲਊਡ ਸਪੀਕਰ ਹੈ ਭੀ ਨਹੀਂ ਸਨ। ਉਨ੍ਹਾਂ ਦੇ ਅਖੰਡ ਪਾਠ ਦੇ ਵੇਗ ਦੀ ਇਕ ਵਿਸਮਾਦ-ਜਨਕ ਅਲੌਕਿਕਤਾ ਇਹ ਸੀ ਕਿ ਮੁਖਾਰਬਿੰਦ ਤੋਂ ਸਾਰੇ ਜ਼ੋਰ ਨਾਲ ਬੈਖਰੀ ਬਾਣੀ ਦਵਾਰਾ ਰਸਨਾ ਰਾਹੀਂ ਅਖੰਡ ਪਾਠ ਉਚੀ ਧੁਨੀ ਵਿਚ ਕਰਨਾ ਅਤੇ ਨਾਲ ਦੇ ਨਾਲ ਹੀ ਸਵਾਸ-ਅਭਿਆਸੀ-ਸ਼ਬਦ-ਸੁਰਤਾਸੀ-ਨਾਮ ਦਾ ਖੰਡਾ ਭੀ ਖੜਕਾਈ ਚਲੇ ਜਾਣਾ।

ਇਸ ਅਲੌਕਿਕ ਕਲਾ ਦੇ ਪ੍ਰਤਾਪ ਕਰਕੇ ਨਾਭੀ ਵਿਚ ਸਵਾਸ ਦਬ ਕੇ ਇਕੋ ਸਾਹ ਦੋ ਦੋ ਪਤਰੇ ਪਾਠ ਕਰ ਜਾਣੇ। ਉਸ ਸਮੇਂ ਉਨ੍ਹਾਂ ਦੇ ਨੂਰਾਨੀ ਚੇਹਰੇ ਤੇ ਓਹ ਕਮਾਲ ਜਮਾਲੀ ਜਲਾਲ ਆਉਣਾ ਜਿਸ ਨੂੰ ਦੇਖਣ ਵਾਲੇ ਦੰਗ ਰਹਿ ਜਾਂਦੇ ਸਨ। ਉਨ੍ਹਾਂ ਦੀ ਜੁਲਾਲ ਮਸਤ ਰੰਗ ਚਲੂਲੀ ਆਤਮ-ਅਵਸਥਾ ਉਨ੍ਹਾਂ ਨੂੰ ਅਜਿਹਾ ਹਾਲੋਂ ਬੇਹਾਲ ਕਰ ਦਿੰਦੀ ਸੀ ਕਿ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁਧ ਬੁਧ ਭੁਲ ਜਾਣੀ।

ਏਸ ਕਮਲੀ ਰਮਲੀ ਦਸ਼ਾ ਵਿਚ ਦੇਖ ਕੇ ਉਨ੍ਹਾਂ ਦੇ ਨਿਕਟ ਕੁਟੰਬੀਆਂ ਨੂੰ ਇਕ ਵਾਰ ਇਹ ਵਹਿਮ ਹੋ ਗਿਆ ਕਿ ਭਾਈ ਸਰਵਣ ਸਿੰਘ ਜੀ ਪਾਗ਼ਲ ਹੋ ਗਏ ਹਨ। ਇਉਂ ਅਤੇ ਇਸ ਪ੍ਰਕਾਰ ਦੇ ਵਹਿਮਾਂ ਵਿਚ ਆ ਕੇ ਮੂਰਖ ਮਤ ਵਾਲਿਆਂ ਸੰਸਾਰੀ ਸੰਬੰਧੀਆਂ ਨੇ ਭਾਈ ਜੀ ਨੂੰ ਇਕ ਤਕੜੇ ਮੋਟੇ ਸੰਗਲ ਨਾਲ ਨਰੜ ਕੇ ਥੰਮ੍ਹ ਨਾਲ ਬੰਨ੍ਹ ਦਿਤਾ। ਅਠ ਪਹਿਰ ਬੰਨ੍ਹੀ ਰਖਿਆ। ਸਿੰਘ ਹਮੈਤੀ ਉਨ੍ਹਾਂ ਦੇ ਨੇੜੇ ਕੋਈ ਹੈ ਨਹੀਂ ਸੀ। ਸਿਆਲ ਦਾ ਮੌਸਮ ਸੀ। ਤਕੜਾ ਬੁਖ਼ਾਰ ਭੀ ਕੋਈ ੧੦੬ ਡਿਗਰੀ ਦਾ ਆ



ਕੇ ਸੇਵਾ ਕਰਨ ਲਗ ਪਿਆ। ਏਸ ਦਸ਼ਾ ਵਿਚ ਵੀ ਉਹ ਘਬਰਾਏ ਨਹੀਂ, ਆਪਣੇ ਇਸ਼ਕ-ਮਸਤੇਵੇਂ ਵਿਚ ਆ ਕੇ ਉਚੀ ਉਚੀ ਸ਼ਬਦ ਪੜ੍ਹਨ ਲਗੇ। ਅੰਮ੍ਰਿਤ ਵੇਲੇ ਦਾ ਵਕਤ ਹੈ, ਭਾਈ ਜੀ ਥੰਮ੍ਹ ਨਾਲ ਨਰੜੇ ਹੋਏ, ਸੰਗਲਾਂ ਵਿਚ ਜਕੜੇ ਹੋਏ ਉਚੀ ਧੁਨ ਵਿਚ ਸ੍ਰੀ ਦਸਮੇਸ਼ ਜੀ ਦਾ ਧਿਆਨ ਧਰ ਕੇ ਇਹ ਸ਼ਬਦ ਅਲਾਪ ਰਹੇ ਹਨ:

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖ ਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ਰਹਾਉ ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕ ਦੁਖੁ ਪਾਵੈ ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥

ਬਾਣੀ ਸਧਨੇ ਕੀ ਬਿਲਾਵਲੁ, ਪੰਨਾ ੮੫੮

"ਅਉਸਰ ਲਜਾ ਰਾਖਿ ਲੇਹੁ" ਦੀ ਤੁਕ ਬਾਰੰਬਾਰ ਪੜ੍ਹਦੇ ਪੜ੍ਹਦੇ ਮੂਰਛਤ ਹੋ ਗਏ। ਪਿੰਡ ਦੇ ਕੋਠਿਆਂ ਉਪਰ ਦੀ ਸਿਰ-ਪਟ ਦੌੜੇ ਆਉਂਦੇ ਘੋੜੇ ਦੀਆਂ ਕੜਕਾਟ ਟਾਪਾਂ ਪਿੰਡ ਵਾਲਿਆਂ ਨੇ ਸੁਣੀਆਂ। ਕਈਆਂ ਕੋਠਿਆਂ ਦੀਆਂ ਛੱਤਾਂ ਡਿਗ ਪਈਆਂ। ਓਧਰ ਭਾਈ ਸਰਵਣ ਸਿੰਘ ਦੇ ਸੰਗਲ ਟੁਟ ਗਏ। ਬੁਖ਼ਾਰ ਲਥ ਗਿਆ। ਸ੍ਰੀ ਦਸਮੇਸ਼ ਜੀ ਦੇ ਬਿਸਮਾਦੀ ਦਰਸ਼ਨਾਂ ਦੀਆਂ ਝਲਕਾਂ ਪਈਆਂ, ਸਾਰੇ ਦੁਖ ਵਿਸੂਰੇ ਲਾਹ ਗਈਆਂ।

ਇਹ ਪਰਤੱਖ ਬੀਤਿਆ ਬ੍ਰਿਤਾਂਤ ਦਾਸ ਨੂੰ ਉਨ੍ਹਾਂ ਦੇ ਪਿੰਡ ਫਲੇਵਾਲ ਦੇ ਮਾਸਟਰ ਧਰਮ ਸਿੰਘ ਜੀ ਨੇ (ਜੋ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਰੀਟਾਇਰਡ ਹੈਡਮਾਸਟਰ ਹਨ) ਆਪਣੀ ਜ਼ਬਾਨੀ ਸੁਣਾਇਆ ਹੈ। ਗੁਜਰਵਾਲ ਦੇ ਕਈ ਮਹਾਜਨਾਂ ਨੇ ਉਸ ਸਮੇਂ ਢਾਬ ਵਲੋਂ ਪਿੰਡ ਗੁਜਰਵਾਲ ਦੇ ਵਿਚ ਦੀ ਲੰਘਦੇ ਘੋੜੇ ਦੀਆਂ ਟਾਪਾਂ ਵੀ ਸੁਣੀਆਂ ਹਨ। ਇਕ ਵਡਭਾਗਾ ਮਹਾਜਨ ਹਰਨਾਮ ਦਾਸ ਨਾਮ ਦਾ ਬ੍ਰਾਹਮਣ ਇਹ ਵੀ ਦਸਿਆ ਕਰਦਾ ਸੀ ਕਿ ਨੀਲੇ ਘੋੜੇ ਦੇ ਸ਼ਾਹ-ਸਵਾਰ ਦੇ ਝਲਕਾਰੇ ਦਰਸ਼ਨ ਵੀ ਉਸ ਕੀਤੇ ਹਨ। ਗੁਰੂ ਜਾਣੇ ਇਹ ਬ੍ਰਿਤਾਂਤ ਉਸ ਬ੍ਰਾਹਮਣ ਦਾ ਕਿਥੋਂ ਤਕ ਠੀਕ ਹੈ, ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਸਤਿਗੁਰੂ ਸਾਹਿਬ ਜੀ ਨੇ ਉਸ ਅਵਸਰ ਤੇ ਇਹ ਕਉਤਕੀ ਚਮਤਕਾਰ ਪਰਗਟ ਪਾਹਾਰੇ ਆਸ਼ਕਾਰ ਕੀਤੇ।

WWW.AKJ.ORG

WWW.AKJ.ORG


ਭਾਈ ਧਰਮ ਸਿੰਘ ਜੀ, ਫਲੇਵਾਲ ਦੇ ਸਿੰਘਾਂ ਵਿਚੋਂ ਜਥੇ ਦੇ ਗੁਹਜ ਰਤਨ ਗੁਰਮਤਿ ਸ਼ਰਧਾ ਭਾਵਨੀ ਦੇ ਅਦੁਤੀ ਨਮੂਨੇ ਰਹੇ ਹਨ। ਇਹਨਾਂ ਦੀ ਭਾਈ ਸਰਵਣ ਸਿੰਘ ਜੀ ਪ੍ਰਤੀ ਬੜੀ ਹੀ ਸਤਿਕਾਰ ਭਰੀ ਅੰਤ੍ਰੀਵਨੀ ਸ਼ਰਧਾ ਰਹੀ ਹੈ। ਚਾਹੇ ਬਾਹਰੋਂ ਬੋਲਣ ਵਿਚ ਬੜੇ ਭੀਹਾਵਲੇ ਅਤੇ ਖਰ੍ਹਵੇ ਪ੍ਰਤੀਤ ਹੁੰਦੇ ਹਨ, ਪਰ ਅੰਤਰਗਤਿ "ਸਗਲ ਚਰਨ ਕੀ ਇਹੁ ਮਨੁ ਰਾਲਾ"* ਵਾਲੇ ਭਾਵ ਦੀ ਬਿਰਤੀ ਜੁਗਤੀ ਰਹੀ ਹੈ ਉਹਨਾਂ ਦੀ।

ਭਾਈ ਸਰਵਣ ਸਿੰਘ ਜੀ ਦੀ ਲਟਬਾਉਰੀ ਦਸ਼ਾ ਨੂੰ ਦੇਖ ਕੇ ਭਾਈ ਧਰਮ ਸਿੰਘ ਜੀ ਕਈ ਵਾਰੀ ਕ੍ਰੋਪ ਭੀ ਹੋ ਜਾਇਆ ਕਰਦੇ ਸਨ ਅਤੇ ਲਟਬਉਰੇ ਦੀ ਲਟਬਉਰਤਾ ਦੀਆਂ ਵਧੀਕੀਆਂ ਦੇਖ ਕੇ ਉਸਨੂੰ ਘੂਰ ਧਮਕਾ ਭੀ ਲਿਆ ਕਰਦੇ ਸਨ। ਪਰ ਰੀਝਦੇ ਭੀ ਐਸੇ ਸਨ ਕਿ ਭਾਈ ਸਰਵਣ ਸਿੰਘ ਜੀ ਦੇ ਸੁਥਰਾਪਨ ਤੇ ਪਰਦਾ ਭੀ ਪਾ ਦਿੰਦੇ ਸਨ, ਕਈ ਗਲਤੀਆਂ ਦੇਖ ਕੇ ਅਣਡਿਠ ਭੀ ਕਰ ਲਿਆ ਕਰਦੇ ਸਨ। ਪਰ ਭਰੋਸਾ ਐਸਾ ਸੀ ਕਿ ਭਾਈ ਸਰਵਣ ਸਿੰਘ ਜੀ ਦੇ ਸੁਤੇ ਸੁਭਾਵ ਹੀ ਮੂੰਹ ਤੋਂ ਨਿਕਲੇ ਬਚਨਾਂ ਉਪਰ ਪੱਕਾ ਪਹਿਰਾ ਦਿਤਾ ਕਰਦੇ ਸਨ। ਇਕ ਵਾਰ ਦਾ ਜ਼ਿਕਰ ਹੈ ਕਿ ਅਵਾਇਲ ਅਵਸਥਾ ਵਿਚ ਹੀ ਬੀ.ਏ. ਦੀ ਪੜ੍ਹਾਈ ਪੜ੍ਹਦਿਆਂ ਹੋਇਆਂ ਪੁਜ ਕੇ ਬਹੁਤੀ ਮਿਹਨਤ ਕਰਨ ਦੇ ਕਾਰਨ ਅਤੇ ਗਰੀਬੀ ਕਰਕੇ ਖ਼ੁਰਾਕ ਚੰਗੀ ਨਾ ਮਿਲਦੀ ਰਹਿਣ ਦੇ ਕਾਰਨ, ਅਚਣਚੇਤ ਭਾਈ ਧਰਮ ਸਿੰਘ ਜੀ ਸਰੀਰ ਕਰਕੇ ਤਕੜੇ ਢਿਲੇ ਹੋ ਗਏ। ਡਾਕਟਰਾਂ ਹਕੀਮਾਂ ਨੇ ਫ਼ਤਵਾ ਲਾ ਦਿਤਾ ਕਿ ਬੀਮਾਰੀ ਟੀ. ਬੀ. (ਤਪਦਿਕ) ਦੀ ਹੈ। ਭਾਈ ਧਰਮ ਸਿੰਘ ਜੀ ਨੇ ਸੁਤੇ ਸੁਭਾਵ ਹੀ ਭਾਈ ਸਰਵਣ ਸਿੰਘ ਦੇ ਪਾਸ ਜ਼ਿਕਰ ਕਰ ਦਿਤਾ ਕਿ ਡਾਕਟਰ ਹਕੀਮ ਟੀ. ਬੀ. ਦਾ ਫ਼ਤਵਾ ਲਾਉਂਦੇ ਹਨ। ਸਹਿਜ ਸੁਭਾਵ ਹੀ ਭਾਈ ਸਰਵਣ ਸਿੰਘ ਦੇ ਮੂੰਹੋਂ ਨਿਕਲ ਗਿਆ, ਤੈਨੂੰ ਟੀ. ਬੀ. ਟਾਬੀ ਕੋਈ ਨਹੀਂ, ਕਹਿਣ ਵਾਲਿਆਂ ਨੂੰ ਹੋਊਗੀ।" ਇਹ ਕਹਿ ਕੇ ਮੇਰੇ ਪਾਸ ਨਾਰੰਗਵਾਲ ਭਾਈ ਸਰਵਣ ਸਿੰਘ ਜੀ ਆਏ ਤੇ ਕਹਿਣ ਲਗੇ, "ਬਾਈ ! ਆਪਾਂ ਇਕ ਅਖੰਡ ਪਾਠ ਆਪਣੇ ਭਾਈ ਧਰਮ ਸਿੰਘ ਜੀ ਨਮਿਤ ਕਰ ਦੇਈਏ। ਸਹੁਰੇ ਡਾਕਟਰ ਹਕੀਮ ਤਪਦਿਕ ਹੋ ਜਾਣ ਦਾ ਸ਼ਕ ਭਾਈ ਧਰਮ ਸਿੰਘ ਨੂੰ ਪਾਉਂਦੇ ਹਨ।" ਅਸੀਂ ਸਾਰੇ (ਸਾਰੀ ਸੰਗਤ ਜਨ) ਹੀ ਸਹਿਮਤ ਹੋ ਗਏ। ਪਰ ਨਾਲ ਇਹ ਵੀ ਕਹਿਆ ਕਿ ਸਾਰਾ ਅਖੰਡ ਪਾਠ ਸੁਣਨ ਲਈ ਭਾਈ ਧਰਮ ਸਿੰਘ ਜੀ ਤਤਪਰ ਹੋ ਜਾਣ। ਗੱਲ ਕੀ, ਅਖੰਡ ਪਾਠ ਅਰੰਭ ਹੋ ਗਿਆ ਅਤੇ ਭਾਈ ਧਰਮ ਸਿੰਘ ਜੀ ਬੜੇ ਸਿਦਕ ਨਾਲ ਸਰਵਣ ਕਰਨ ਲਈ ਚਉਕੜਾ ਮਾਰ ਬੈਠੇ, ਜਿਥੋਂ ਤਾਈਂ ਹੋ

*ਆਸਾ ਮ:੫, ਪੰਨਾ ੩੮੪



ਸਕਿਆ, ਸਾਰਾ ਪਾਠ ਸੁਣਿਆ। ਰੰਗ ਕਰਤਾਰ ਦੇ ਐਸੇ ਹੋਏ ਕਿ ਉਹ ਨੌਂ-ਬਰ-ਨੌਂ ਹੋ ਗਏ। ਓਦੋਂ ਦੇ ਹੁਣ ਤਾਈਂ ਨੌਂ-ਬਰ-ਨੌਂ ਹਨ। ਸਾਰਾ ਫਲ ਸਿਦਕ ਭਰੋਸੇ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਤੇ ਅਗਾਧ ਭਰੋਸਾ ਰਖਣ ਵਾਲਿਆਂ ਦਾ ਕਦੇ ਵਾਲ ਵਿੰਗਾ ਨਹੀਂ ਹੋਇਆ। ਖ਼ਾਸ ਕਰ ਪੜ੍ਹਿਆਂ ਲਿਖਿਆਂ ਨੌਜਵਾਨਾਂ ਵਿਚੋਂ ਇਹ ਪਹਿਲੀ ਮਿਸਾਲ ਹੈ ਅਨਿੰਨ ਭਰੋਸੇ ਦੀ, ਬਹੁਤਾ ਇਸ ਕਰਕੇ ਕਿ ਉਹ (ਭਾਈ ਧਰਮ ਸਿੰਘ ਜੀ) ਜਥੇ ਅੰਦਰ ਅਜਿਹੀਆਂ ਖੇਡਾਂ ਵਰਤਦੀਆਂ ਦੇਖ ਚੁਕੇ ਸਨ ਅਤੇ ਉਨ੍ਹਾਂ ਨੂੰ ਭਾਈ ਸਰਵਣ ਸਿੰਘ ਜੀ ਦੇ ਆਉਲੇ-ਮਉਲੇ ਬਚਨਾਂ ਤੇ ਦ੍ਰਿੜ੍ਹ ਵਿਸ਼ਵਾਸ ਰਿਹਾ ਹੈ।

ਭਾਈ ਸਰਵਣ ਸਿੰਘ ਜੀ ਦੇ ਉੱਚ ਗੁਰਮੁਖੀ ਜੀਵਨ ਦੇ ਅਨੇਕ ਨਿਤ ਵਰਤਦੇ ਕਉਤਕ ਉਨ੍ਹਾਂ ਦੇ ਨਿਕਟ-ਵਾਸੀ ਅੱਖੀਂ ਦੇਖ ਚੁਕੇ ਸਨ। ਅਜਿਹੀ ਜੀਵਨ ਵਾਲੀ ਜੀਵਨੀ ਦੇ ਹੁੰਦਿਆਂ ਹੋਇਆਂ ਅੰਤੀ ਔਸਰ ਕਈ ਖ਼ਾਮੀਆਂ ਤਰੁਟੀਆ ਭੀ ਆ ਪਈਆਂ। ਖ਼ਾਸ ਕਰ ਛਿਪੀ ਛਿਪੀ ਹੀ ਸੂਖਮ ਹਉਮੈ ਦੀ ਵਾਉ ਵਗ ਗਈ। ਬਹੁਤੀ ਸ਼ਲਾਘਾ ਹੋਣ ਕਰਕੇ ਇਹ ਗੁਪਤ ਰੰਗ ਸਣੇ ਸਣੇ ਉਹਨਾਂ ਦੀ ਕਰਾਂਤੀ ਵਿਚ ਆ ਘੁਸੜਿਆ। ਭਾਈ ਸਰਵਣ ਸਿੰਘ ਦੇ ਅਨਿੰਨ ਸ਼ਰਧਾਲੂਆਂ ਨੂੰ ਦਾਸ ਨੇ ਕਈ ਵਾਰ ਵੰਗਾਰ ਵੰਗਾਰ ਕੇ ਆਖਿਆ ਕਿ ਤੁਸੀਂ ਏਹਨਾਂ ਦੇ ਸਨਮੁਖ (ਮੂੰਹ ਤੇ) 'ਜੀਵਨ ਮੁਕਤ' ਨਾ ਆਖਿਆ ਕਰੋ। ਗੁਰਮਤਿ ਅਨੁਸਾਰ ਸਨਮੁਖ ਉਸਤਤਿ ਅਤੇ ਪਿਛੇ ਨਿੰਦਾ ਕਰਨੀ ਬਹੁਤ ਹੀ ਬਿਬਰਜਤ ਹੈ। ਕਹਿੰਦਿਆਂ ਕਹਿੰਦਿਆਂ ਭੀ ਨ ਟਲਣ ਵਾਲੇ ਨਾ ਹੀ ਟਲੇ, ਜਿਸ ਦਾ ਸਿੱਟਾ ਇਹ ਹੋਇਆ ਕਿ ਸੂਖਮ ਹਉਮੈ ਭਾਈ ਸਰਵਣ ਸਿੰਘ ਜੀ ਦੇ ਅੰਦਰ ਆ ਵੜੀ ਤੇ ਇਹ ਬੀਮਾਰੀ ਓਹਨਾਂ ਦੀ ਇਕ ਦਿਨ ਹੰਭਲਾ ਮਾਰ ਕੇ ਨਸ਼ਰ ਆ ਹੋਈ।

ਅੰਬਾਲੇ ਛਾਉਣੀ ਦੇ ਗੁਰਦੁਆਰੇ ਵਿਖੇ ਸ੍ਰੀ ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ ਕਈ ਦਿਨ ਹੁੰਦਾ ਰਿਹਾ। ਇਕ ਦਿਨ ਕੀਰਤਨ ਵਿਚ ਭਾਈ ਸਰਵਣ ਸਿੰਘ ਜੀ ਨਾ ਆਏ। ਆਪਣੇ ਕੁਝ ਸਾਥੀਆਂ ਨਾਲ ਉਤਾਰੇ ਵਾਲੀ ਥਾਂ ਦੇ ਸਿਖਰ ਛਤੇ ਲੰਮੇ ਪਏ ਰਹੇ। ਪਿਆਰਿਆਂ ਅਨਿੰਨ ਕੀਰਤਨੀਆਂ ਬਿਨਾਂ ਸਾਨੂੰ ਕੁਝ ਤਰੁਟੀ ਜਿਹੀ ਪ੍ਰਤੀਤ ਹੋਵੇ, ਸਾਡਾ ਜੀਅ ਨਾ ਲਗੇ। ਓੜਕ ਅਸੀਂ ਉਨ੍ਹਾਂ ਦੇ ਅਨਿੰਨ ਪਿਆਰੇ ਬਾਬੂ ਮੱਲ ਸਿੰਘ ਜੀ ਨੂੰ ਝੂਮ ਉਠਾਇਆ ਕੀਰਤਨ-ਮੰਡਲ ਵਿਚੋਂ, ਕਿ ਜਾਓ ਜਾ ਕੇ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਆਓ। ਬਾਬੂ ਮੱਲ ਸਿੰਘ ਜੀ ਨੇ ਲੰਮੇ ਪਏ ਸਰਵਣ ਸਿੰਘ ਹੋਰੀਂ ਜਾ ਹਲੂਣੇ ਅਤੇ ਆਖਿਆ, "ਸਾਰੀ ਸੰਗਤ ਯਾਦ ਕਰਦੀ ਹੈ, ਬੇਹਬਲਤਾ ਸਹਿਤ। ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਹੋ ਰਹੇ ਹਨ। ਦੀਵਾਨ ਲਗਾ ਹੋਇਆ ਹੈ। ਦੀਵਾਨ ਵਿਚ ਤੁਹਾਨੂੰ ਹਾਜ਼ਰ ਨਾ ਦੇਖ ਕੇ ਬੜੀ ਹੈਰਾਨਗੀ ਭਰੀ ਬਿਹਬਲਤਾ ਹੋ ਰਹੀ ਹੈ।" ਅਗੋਂ ਆਖਣ ਲਗੇ ਭਾਈ ਸਰਵਣ ਸਿੰਘ ਜੀ, ਲੰਮੇ ਪਏ

WWW.AKJ.ORG

WWW.AKJ.ORG


ਪਏ ਹੀ (ਅੱਖੀਆਂ ਮੀਟੀਆਂ ਮਿਟਾਈਆਂ), "ਸਾਡੇ ਤਾਂ ਅੰਦਰ ਹੀ ਆਸਾ ਜੀ ਦੀ ਵਾਰ ਲਗ ਰਹੀ ਹੈ।" ਹੈਰਾਨ ਪ੍ਰੇਸ਼ਾਨ ਹੋ ਕੇ, ਬੜੇ ਭੁਝੱਕੇ ਜਿਹੇ ਵਿਚ ਹੈਰਾਨ ਹੋ ਕੇ ਬਾਬੂ ਮੱਲ ਸਿੰਘ ਜੀ ਵਾਪਸ ਮੁੜ ਆਏ। ਓਹੀ ਗੱਲ ਆਖ ਸੁਣਾਈ, ਜੋ ਭਾਈ ਸਰਵਣ ਸਿੰਘ ਜੀ ਦੇ ਮੂੰਹੋਂ ਨਿਕਲੀ ਸੀ। ਅਸੀਂ ਫੇਰ ਦੂਜੀ ਵਾਰ ਬਾਬੂ ਮੱਲ ਸਿੰਘ ਜੀ ਅਤੇ ਭਾਈ ਪਿਆਰਾ ਸਿੰਘ ਜੀ ਦੋਹਾਂ ਨੂੰ ਭੇਜਿਆ। (ਭਾਈ ਪਿਆਰਾ ਸਿੰਘ ਜੀ ਨਾਲ ਤਾਂ ਓਹਨਾਂ ਦਾ ਬੜਾ ਹੀ ਸਤਿਕਾਰ ਭਰਿਆ ਪਿਆਰ ਸੀ) ਓਹਨਾਂ ਦੋਹਾਂ ਪਿਆਰਿਆਂ ਨੂੰ ਭੀ ਏਵੇਂ ਹੀ ਆਖਿਆ, "ਸਾਡੇ ਤਾਂ ਅੰਦਰ ਹੀ ਵਾਰ ਲਗੀ ਹੋਈ ਹੈ, ਅੰਦਰੇ ਹੀ ਦੀਵਾਨ ਲਗਾ ਹੋਇਆ ਹੈ।" ਤਿਸ ਪਰ ਬਾਬੂ ਮੱਲ ਸਿੰਘ ਜੀ ਹੋਰਾਂ ਨੇ ਸਵਾਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਬਿਨਾਂ ਦੀਵਾਨ ਕਾਹਦਾ ? ਇਸ ਸਵਾਲ ਕਰਨ ਪਰ ਉਸਦੀ ਸੂਖਮ ਹਉਮੈ ਸਥੂਲ ਰੂਪ ਧਾਰਨ ਕਰਕੇ ਬਾਹਰ ਭੜਕ ਉਠੀ, ਜਿਸ ਦਾ ਮੁਜੱਸਮ ਸਰੂਪ ਹੋ ਕੇ ਹਉਮੈ-ਗ੍ਰਸਿਆ ਸਰਵਣ ਸਿੰਘ ਇਉਂ ਬਰੜਾ ਉਠਿਆ, ਪਰਤੱਖ ਬੋਲ ਉਠਿਆ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀ ਲੋੜ ਹੈ ?" ਦੋਹਾਂ ਵੀਰਾਂ ਨੇ ਮਿਲਵੀਂ ਬੋਲੀ ਵਿਚ ਆਖਿਆ ਕਿ ਤੁਸੀਂ ਫਲੇਵਾਲ ਆਪਣੀ ਕੁਟੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਹੋ ਅਤੇ ਆਖਿਆ ਕਰਦੇ ਹੋ ਕਿ ਸ੍ਰੀ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਕਰਕੇ ਇਹ ਕੁਟੀਆ, ਕੁਟੀਆ ਹੀ ਨਹੀਂ, ਬਲਕਿ ਗੁਰਦਵਾਰਾ ਹੈ। ਫੇਰ ਤਾਂ ਇਕ-ਦਮ ਵਾਹੀ ਤਬਾਹੀ ਬਕਬਾਸ ਕਰਨ ਲਗ ਪਿਆ। ਹਉਮੈ ਦਾ ਕਮਲਾ ਹੋਇਆ (ਕਮਲਾ ਕੀਤਾ ਹੋਇਆ) ਸਰਵਣ ਸਿੰਘ ਬੋਲ ਉਠਿਆ, "ਮੇਰੇ ਭਾ ਦਾ ਦੇਹੁਰਾ, ਮਸੀਤ ਤੇ ਗੁਰਦਵਾਰੇ ਇਕੋ ਜਿਹੇ ਹਨ। ਮੈਂ ਫਲੇਵਾਲ ਜਾ ਕੇ ਕੁਟੀਆ ਨੂੰ ਢਾਹ ਦੇਵਾਂਗਾ ਅਤੇ ਥੋਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਹਰ ਕਢ ਦਿਆਂਗਾ।"

ਅਜਿਹੇ ਊਲ ਜਲੂਲ ਹਉਮੈ ਜਨੂੰਨ ਭਰਿਆ ਬਕਵਾਸ ਸੁਣ ਕੇ ਬੜੀ ਨਫ਼ਰਤ ਖਾ ਕੇ ਦੋਈ ਸਜਣ ਵਾਪਸ ਦੀਵਾਨ ਵਿਚ ਆ ਗਏ। ਦੀਵਾਨ ਦੀ ਸਮਾਪਤੀ ਪਰ ਉਨ੍ਹਾਂ ਨੇ ਭਰੀ ਸੰਗਤ ਵਿਚ ਬਿਰਤਾਂਤ ਦਸਿਆ ਤਾਂ ਸਾਰੀ ਸੰਗਤ ਨੇ ਇਕ-ਜ਼ਬਾਨ ਹੋ ਕੇ ਉਚਰਿਆ ਕਿ ਜੋ ਕੁਛ ਉਸ ਨੇ ਬੋਲਿਆ ਹੈ, ਮਹਾਂ ਕੁਫ਼ਰ ਤੋਲਿਆ ਹੈ। ਸਰਵਣ ਸਿੰਘ ਤਾਂ ਹੁਣ ਫਿਟ ਨਿਕਲਿਆ ਹੈ। ਹਉਮੈ ਉਸ ਨੂੰ ਖਾ ਗਈ। ਉਸ ਨੂੰ ਬਚਾਉਣ ਦਾ ਇਕੋ ਇਕ ਇਲਾਜ ਇਹ ਹੈ ਕਿ ਉਸ ਨੂੰ ਜਥੇ ਵਲੋਂ ਛੇਕਿਆ ਜਾਵੇ। ਮੁਕੰਮਲ ਬਾਈਕਾਟ ਉਸ ਦਾ ਕੀਤਾ ਜਾਵੇ। ਜਥੇ ਦਾ ਕੋਈ ਸਿੰਘ ਉਸ ਨਾਲ ਤੁਅੱਲਕ ਨਾ ਰਖੇ। ਗੁਰਮਤਾ ਪਾਸ ਹੋ ਗਿਆ। ਟੀਸੀ-ਚੜ੍ਹੇ ਸਰਵਣ ਸਿੰਘ ਨੂੰ ਧੜੰਮ ਹੇਠਾਂ ਸੱਟਿਆ ਦੇਖਣਾ ਪਿਆ। ਸਭ ਸਜਣਾਂ ਨੇ ਉਸ ਦਾ ਮੁਕੰਮਲ ਬਾਈਕਾਟ ਕਰ ਦਿਤਾ। ਪਤਾ ਲਗਾ ਕਿ ਉਸ ਨਾਲ ਇਕ ਦੋ ਸੱਜਣ ਲੁਕਵਾਂ



ਛਿਪਵਾਂ ਤੁਅੱਲਕ ਰਖਦੇ ਹਨ, ਉਨ੍ਹਾਂ ਦੇ ਨਾਲ ਉਸ ਦਾ ਬਹੁਤਾ ਪਿਆਰ ਸੀ। ਉਹਨਾਂ ਦੋਹਾਂ ਸੱਜਣਾਂ ਨੂੰ ਸੰਗਤ ਵਿਚ ਬੁਲਾ ਕੇ ਤਾੜਨਾ ਕੀਤੀ ਗਈ ਕਿ ਜਾਂ ਤਾਂ ਸੰਗਤ ਦਾ ਹੁਕਮ ਮੰਨੋ, ਛੇਕੇ ਹੋਏ ਸਰਵਣ ਸਿੰਘ ਨਾਲੋਂ ਤੁਅੱਲਕ ਤੋੜੋ, ਨਹੀਂ ਤਾਂ ਤੁਹਾਨੂੰ ਦੋਹਾਂ ਨੂੰ ਛੇਕਿਆ ਜਾਵੇਗਾ। ਉਨ੍ਹਾਂ ਦੋਹਾਂ ਨੇ ਸੰਗਤਾਂ ਦੀ ਆਗਿਆ ਮੰਨ ਕੇ ਛੇਕੇ ਹੋਏ ਸਰਵਣ ਸਿੰਘ ਦਾ ਸਾਥ ਛੱਡ ਦਿਤਾ।

ਫੇਰ ਤਾਂ ਦਿਨਾਂ ਵਿਚ ਹੀ ਉਸ ਦੀ ਹਉਮੈ ਦਾ ਅੜਾਟ ਨਿਕਲ ਗਿਆ, ਕੱਲ-ਮ-ਕੱਲਾ ਰਹਿ ਗਿਆ। ਸਮਝ ਕੇ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਸੰਗਤ ਦੀ ਸ਼ਰਨੀ ਆ ਪਿਆ। ਹਰੇਕ ਸਮਾਗਮ ਵਿਚ ਆਵੇ ਤੇ ਜੋੜਿਆਂ ਵਿਚ ਲੇਟਿਆ ਰਹੇ, ਧੁੱਪ ਵਿਚ ਭੁਜਦਾ ਰਹੇ, ਮਹੀਨਾ ਭਰ ਤਲਮਲਾਉਂਦਾ ਰਿਹਾ, ਕਿਸੇ ਨੇ ਉਸ ਦਾ ਖ਼ਿਆਲ ਹੀ ਨਹੀਂ ਕੀਤਾ। ਓੜਕ ਡਡਿਆ ਉਠਿਆ, ਦੁਹਾਈ ਦਿਤੀ ਕਿ ਮੇਰੀ ਬਾਹੁੜੀ ਕਰੋ, ਜੋ ਤਨਖ਼ਾਹ ਲਾਉਣੀ ਹੈ, ਸੰਗਤ ਲਾ ਦੇਵੇ, ਪਰ ਮੈਨੂੰ ਬਖ਼ਸ਼ ਲਵੇ। ਸਾਰੀ ਸੰਗਤ ਨੇ ਸਰਬ ਸੰਮਤੀ ਨਾਲ ਹੁਕਮ ਦਿਤਾ ਕਿ ਸਰਵਣ ਸਿੰਘ ਮੂੰਹ ਕਾਲਾ ਕਰ ਕੇ, ਛਿਤਰਾਂ ਦੀ ਮਾਲਾ ਗਲ ਵਿਚ ਪਾ ਕੇ ਗਧੇ ਤੇ ਚੜ੍ਹੇ। ਪੰਜਾਂ ਪਿੰਡਾਂ ਵਿਚ ਏਵੇਂ ਫਿਰੇ ਤੇ ਪੁਕਾਰ ਪੁਕਾਰ ਕੇ ਦਸਦਾ ਫਿਰੇ ਕਿ ਆਹ ਅਵੱਗਿਆ ਮੇਰੇ ਪਾਸੋਂ ਹੋਈ, ਜਿਸ ਕਾਰਨ ਇਹ ਤਨਖ਼ਾਹ ਸੰਗਤ ਵਲੋਂ ਲਾਈ ਗਈ। ਤਦ ਬਖ਼ਸ਼ਿਆ ਜਾ ਸਕਦਾ ਹੈ, ਐਵੇਂ ਨਹੀਂ। ਉਸ ਨੇ ਇਹ ਤਨਖ਼ਾਹ ਖ਼ੁਸ਼ੀ ਖ਼ੁਸ਼ੀ ਕਬੂਲ ਕੀਤੀ। ਉਸ ਦੇ ਪੂਰਬਲੇ ਚੰਗੇ ਅੰਕੁਰ ਜਾਗ ਆਏ, ਉਸ ਨੇ ਸੰਗਤ ਦਾ ਹੁਕਮ ਮੰਨ ਕੇ ਤਨਖ਼ਾਹ ਪੂਰੀ ਇਸ ਤਰ੍ਹਾਂ ਕੀਤੀ:

ਫਲੇਵਾਲ ਜਾ ਕੇ ਘੁਮਾਰਾਂ ਤੋਂ ਗਧਾ ਲਿਆ ਤੇ ਤਵੇ ਦੀ ਕਾਲਖ ਨਾਲ ਤੇਲ ਰਲਾ ਕੇ ਮੂੰਹ ਕਾਲਾ ਕੀਤਾ, ਗਲ ਵਿਚ ਛਿਤਰਾਂ ਦੀ ਮਾਲਾ ਪਾਈ ਤੇ ਗਧੇ ਤੇ ਸਵਾਰ ਹੋ ਗਿਆ। ਇਸ ਤਰ੍ਹਾਂ ਉਹ ਫਲੇਵਾਲ, ਗੁਜਰਵਾਲ, ਨਾਰੰਗਵਾਲ, ਲੋਹਗੜ੍ਹ ਅਤੇ ਮਹਿਮਾ ਸਿੰਘ ਵਾਲਾ, ਪੰਜਾਂ ਪਿੰਡਾਂ ਵਿਚ ਗਧੇ ਤੇ ਚੜ੍ਹਿਆ ਚੜ੍ਹਾਇਆ ਫਿਰਿਆ। ਉਹ ਕੁਲ ਦੀ ਕਾਣ-ਕਣੌਡ ਛਡ ਕੇ ਆਪਣੀ ਅਵੱਗਿਆ ਆਪਣੇ ਮੂੰਹੋਂ ਥਾਂ ਥਾਂ ਖੜਾ ਹੋ ਕੇ ਦਸਦਾ ਰਿਹਾ। ਜਦ ਨਾਰੰਗਵਾਲ ਆਇਆ ਤਾਂ ਸਾਡੇ ਗ੍ਰਹਿ ਵਿਖੇ ਜਥੇ ਦਾ ਇਕੱਠ ਸੀ ਤੇ ਦੀਵਾਨ ਸਜਿਆ ਹੋਇਆ ਸੀ। ਸਾਡੀ ਮਾਤਾ ਨੇ ਹੰਝੂਆਂ ਨਾਲ ਪੁਲਕ੍ਰਿਤ ਹੋ ਕੇ ਤੇ ਗਲਵਕੜੀ ਪਾ ਕੇ ਉਸ ਨੂੰ ਗਧੇ ਤੋਂ ਉਤਾਰਿਆ ਤੇ ਭਰੇ ਦੀਵਾਨ ਵਿਚ ਸੰਗਤ ਦੇ ਆਣ ਪੇਸ਼ ਕੀਤਾ। ਸਾਰੀ ਸੰਗਤ ਦੇਖ ਕੇ ਦ੍ਰਵੀ-ਭੂਤ ਹੋ ਗਈ। ਦਾਸ ਨੂੰ ਹੁਕਮ ਹੋਇਆ ਕਿ ਇਸ ਦੀ ਕਾਲਖ ਲਾਹ ਕੇ ਮੁੜ ਸੰਗਤ ਵਿਚ ਬਿਠਾਵੋ। ਮਸਾਂ ਇਕ ਘੰਟੇ ਵਿਚ ਕਾਲਖ ਲੱਥੀ, ਪਰਮ ਨਿਰਮਲ ਚੇਹਰਾ ਹੋ ਗਿਆ। ਚੇਹਰੇ ਤੇ ਉਹ ਰੱਬੀ ਜਲਾਲ ਆਇਆ, ਜਿਸ ਦਾ ਜਮਾਲ ਕਿਸੇ ਤੋਂ ਝਲਿਆ

WWW.AKJ.ORG

ਨਾ ਜਾਵੇ। ਕਮਾਲ ਦੀ ਗਰੀਬੀ ਅਜ ਭਾਈ ਸਰਵਣ ਸਿੰਘ ਜੀ ਦੇ ਰਗੋ ਰੇਸ਼ੇ ਵਿਚ ਛਾ ਗਈ, ਸਿੱਖੀ ਸਿਦਕ ਦੇ ਜਾਹੋ ਜਲਾਲ ਵਾਲੇ ਕਮਾਲ ਵਿਚ ਸਾਵਧਾਨ ਹੋਇਆ।

ਬਿਬੇਕ ਸਰਬ ਲੋਹ ਦੀ ਰਹਿਤ ਰਹਿਣੀ ਵਿਚ ਸਾਵਧਾਨ ਹੁੰਦਾ ਹੋਇਆ, ਰਹਿੰਦੀ ਆਯੂ ਬਤੀਤ ਕਰਨ ਲਗਾ। ਅਗੇ ਨਾਲੋਂ ਭੀ ਦਸ ਗੁਣੀ ਕਾਰ ਸੁਕ੍ਰਿਤ ਕਰਣੀ ਗੁਰੂ ਘਰ ਦੀ ਕਮਾਵਣ ਲੱਗਾ। ਅਗੇ ਨਾਲੋਂ ਭੀ ਸੌ ਗੁਣਾਂ ਵਧੇਰੇ ਸਤਿਕਾਰ ਭਾਈ ਸਰਵਣ ਸਿੰਘ ਜੀ ਦਾ ਸੰਗਤ ਵਿਚ ਹੋਣ ਲਗਾ, ਪਰੰਤੂ ਅਤਿ ਦਰਜੇ ਦੀ ਨਿਮ੍ਰਤਾ ਵਿਚ ਲੀਨ ਹੋ ਕੇ ਅਜਰ ਨੂੰ ਜਰਨ ਵਾਲੀ ਅਤੇ ਉਚ ਆਤਮ-ਅਵਸਥਾ ਨੂੰ ਪ੍ਰਾਪਤ ਹੁੰਦੇ ਹੋਏ ਹਰਿ-ਰੰਗ-ਰੰਗੀ-ਜੀਵਨੀ ਬਤੀਤ ਕਰਨ ਲਗਾ। ਇਤਨੇ ਨੂੰ ਹੁਕਮ ਅੰਦਰ ਜੇਲ੍ਹ-ਯਾਤਰਾ ਭੁਗਤਣ ਲਈ ਅਸੀਂ ਉਮਰ-ਕੈਦ ਹੋ ਕੇ ਜੇਲ੍ਹਾਂ ਵਿਚ ਚਲੇ ਗਏ, ਸਾਡੇ ਪਿਛੋਂ ਹੀ ਸਾਡੇ ਪਰਮ ਪਿਆਰੇ ਵੀਰ ਭਾਈ ਸਰਵਣ ਸਿੰਘ ਗੁਰਪੁਰੀ ਪਧਾਰ ਗਏ। ਕੁਛ ਪਤਾ ਨਹੀਂ ਕਿਵੇਂ ਪਧਾਰੇ ਤੇ ਕਿਵੇਂ ਚੜ੍ਹਾਈਆਂ ਹੋਈਆਂ। ਵੰਨਗੀ ਮਾਤਰ ਪ੍ਰੇਮ-ਯਾਦ ਵਿਚ ਇਤਨੀ ਕੁ ਪ੍ਰੇਮ-ਵਾਰਤਾ ਭਾਈ ਸਰਵਣ ਸਿੰਘ ਜੀ ਦੀ ਅੰਕਤ ਕੀਤੀ ਗਈ ਹੈ।

੨੦

# ਬਿਸਮਾਦੀ ਵੀਰ ਸਿਰੀ ਭਾ: ਜੋਗਿੰਦਰ ਸਿੰਘ ਜੀ (ਰਾਇਪੁਰ ਨਿਵਾਸੀ)

ਸਦਾ ਇਕ-ਰਸ ਬਿਸਮਾਦ ਰੰਗਾਂ ਵਿਚ ਰਹਿਣ ਵਾਲੇ ਗੁਰਮਤਿ ਸੁਗੰਧੀ ਦੇ ਰਸ-ਰਸੀਅੜੇ ਭੌਰੇ, ਇਸ ਜਥੇ ਦੇ ਗੰਭੀਰ ਥੰਮ੍ਹ ਜੋ ਹੋਇ ਗੁਜ਼ਰੇ ਹਨ, ਤਾਂ ਇਹ ਭਾਈ ਜੋਗਿੰਦਰ ਸਿੰਘ ਜੀ ਹਨ, ਜਿਨ੍ਹਾਂ ਦਾ ਸਰੀਰਕ ਜਨਮ ਤਾਂ ਪਿੰਡ ਰਾਇਪੁਰ, ਨਾਰੰਗਵਾਲ ਦੇ ਨਿਕਟ ਹੋਇਆ, ਪਰ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ"* ਵਾਲਾ ਜਨਮ ਜਦ ਹੋਇਆ, ਤਾਂ ਬੜੇ ਚਲੂਲੇ ਰੰਗਾਂ ਵਿਚ ਹੋਇਆ। ਜਦੋਂ ਦੀ ਵੀ ਇਨ੍ਹਾਂ ਨੇ ਗੁਰਮਤਿ ਦੇ ਅਦੁਤੀ ਜੀਵਨ ਦੀ ਸੁਰਤ ਸੰਮਾਲੀ, ਓਦੋਂ ਦੇ ਹੀ ਇਹ ਗੁਰਮਤਿ-ਰਸਾਇਣੀ-ਨਾਮ ਵਿਖੇ ਹੀ ਲਿਵ-ਮਗਨ ਰਹੇ ਅਤੇ ਨਾਮ-ਰੰਗਾਂ ਦੇ ਤੁਫ਼ੈਲ ਗੁਰਮਤਿ ਗ੍ਰਿਹਸਤ ਜੀਵਨ ਦੇ ਵਿਚ ਐਸੇ ਮਹਿਵ ਹੋਏ, ਜਿਸ ਦੀ ਮਿਸਾਲ ਲੱਭਣੀ ਅਸੰਭਵ ਹੈ। ਧੁਰ ਲਿਖਤੀ ਸੰਜੋਗਾਂ ਅਨੁਸਾਰ ਭਾਈ ਜੋਗਿੰਦਰ ਸਿੰਘ ਜੀ ਪਟਿਆਲਾ ਰਿਆਸਤ ਦੇ ਅਹਿਲਕਾਰਾਂ ਵਿਚੋਂ ਇਕੋ ਇਕ ਗੁਰਮੁਖ ਜੀਵਨੀ ਵਾਲੇ ਸਰਦਾਰ ਸਨ।

ਸਾਨੂੰ ਇਨ੍ਹਾਂ ਦੇ ਪਹਿਲੇ ਦਰਸ਼ਨ ਪਟਿਆਲਾ ਵਿਖੇ ਡਾਕਟਰ ਸਰਦਾਰਾ ਸਿੰਘ ਜੀ ਦੇ ਪਾਸ ਹੀ ਹੋਏ, ਉਦੋਂ ਇਹ ਬੜੇ ਹੀ ਹੋਨਹਾਰ ਨਵ-ਯੁਵਕ ਸਨ। ਗੁਜਰਵਾਲ ਨਿਵਾਸੀ ਡਾਕਟਰ ਸਰਦਾਰਾ ਸਿੰਘ ਜੀ ਭੀ ਇਕ ਚੋਟੀ ਦੇ ਸਿਦਕੀ ਗੁਰਮਤਿ ਰਹਿਣੀ ਦੇ ਪੂਰੇ ਸੂਰੇ ਗੁਰਮੁਖ ਜਨ ਹੋ ਗੁਜ਼ਰੇ ਹਨ। ਇਨ੍ਹਾਂ (ਡਾਕਟਰ ਸਰਦਾਰਾ ਸਿੰਘ) ਦੀ ਖਿਚ ਨਾਲ ਹੀ ਖਿਚੇ ਹੋਏ ਅਸੀਂ ਅਕਸਰ ਪਟਿਆਲੇ ਜਾਇਆ ਕਰਦੇ ਸੀ। ਜਦੋਂ ਵੀ ਅਸੀਂ ਜਾਣਾ ਤਾਂ ਓਦੋਂ ਹੀ ਉਥੇ ਥੋੜੇ ਮਿੰਟ ਅਗੇ ਪਿਛੇ ਇਸ ਨਵ-ਯੁਵਕ ਵੀਰ ਭਾਈ ਜੋਗਿੰਦਰ ਸਿੰਘ ਜੀ ਨੇ ਆ ਜਾਣਾ ਅਤੇ ਨਿਰੀਆਂ ਗੁਰਮਤਿ ਦੀਆਂ ਗੋਸ਼ਟਾਂ ਵਿਚ ਹੀ ਲਗੇ ਰਹਿਣਾ। ਜਦੋਂ ਅਸੀਂ (ਦਾਸ ਅਤੇ ਡਾਕਟਰ ਸਰਦਾਰਾ ਸਿੰਘ ਜੀ ਨੇ) ਪਰਸਪਰ ਗੁਰਮਤਿ ਦੀਆਂ ਗੱਲਾਂ ਕਰਨੀਆਂ ਤਾਂ ਇਨ੍ਹਾਂ ਬੜੇ ਧਿਆਨ ਦੇ ਕੇ ਸੁਣਨੀਆਂ। ਅਸੀਂ ਡਾਕਟਰ ਸਾਹਿਬ ਪਾਸੋਂ ਇਸ ਵੀਰ ਦੀ ਗ਼ੈਰ-

---

*ਰਾਮਕਲੀ ਮ: ੧, ਸਿਧ ਗੋਸਟਿ, ਪੰਨਾ ੯੪੦

ਹਾਜ਼ਰੀ ਵਿਚ ਪੁਛਣਾ ਕਿ ਇਹ ਬੜਾ ਹੀ ਸ਼ਰਧਾਲੂ ਅਤੇ ਹੋਣਹਾਰ ਵੀਰ ਜਾਪਦਾ ਹੈ, ਇਸਨੂੰ ਅਸਾਡੇ ਤੁਸਾਡੇ ਪਾਸ ਆਉਣ ਦਾ ਮੁਸ਼ਕ ਕਿਵੇਂ ਆ ਜਾਂਦਾ ਹੈ ? ਤਾਂ ਉਹਨਾਂ (ਡਾਕਟਰ ਸਰਦਾਰਾ ਸਿੰਘ ) ਨੇ ਆਖਣਾ ਕਿ ਇਹ ਸਚਮੁਚ ਬੜਾ ਹੀ ਸ਼ਰਧਾਵਾਨ ਵੀਰ ਹੈ, ਹਮੇਸ਼ਾ ਗੁਰਮਤਿ ਸਤਿਸੰਗ ਦੀ ਭਾਲ ਵਿਚ ਰਹਿੰਦਾ ਹੈ, ਉਚ ਗੁਰਮਤਿ ਜੀਵਨ ਮੁਤਲਾਸ਼ੀ ਹੈ। ਸਿਵਾਏ ਸਤਿਸੰਗੀ ਗੁਰਸਿਖ ਜਨਾਂ ਦੇ ਸੰਗ ਤੋਂ ਹੋਰ ਐਰੀ ਗ਼ੈਰੀ ਸੰਗਤ ਵਿਚ ਨਹੀਂ ਕਦੇ ਜਾਂਦਾ। ਅੰਮ੍ਰਿਤ ਛਕਣ ਲਈ ਬੜਾ ਹੀ ਉਤਾਵਲਾ ਰਹਿੰਦਾ ਹੈ। ਗੁਰਮਤਿ ਅਸੂਲਾਂ ਨੂੰ ਇਸ ਨੇ ਪਹਿਲਾਂ ਹੀ ਘੋਖ ਘੋਖ ਕੇ ਅੰਤਰ-ਆਤਮੇ ਗ੍ਰਹਿਣ ਕਰ ਲੀਤਾ ਹੋਇਆ ਹੈ। ਹੁਣ ਉਸ ਉਤਮ ਸੰਜੋਗ ਸਮੇਂ ਦਾ ਉਡੀਕਵਾਨ ਹੈ ਜਦੋਂ ਕਿ "ਪੰਚ ਪਰਵਾਣ ਪੰਚ ਪਰਧਾਨੁ"* ਉਚ-ਜੀਵਨੀ-ਗੁਰਮੁਖ ਪੰਜਾਂ ਪਿਆਰਿਆਂ ਦਾ ਸੰਗਮ ਜੁੜੇ ਤਾਂ ਉਥੋਂ ਇਹ ਅੰਮ੍ਰਿਤ ਛਕ ਕੇ ਸੁਰਜੀਤ ਹੋਵੇ।

ਏਸੇ ਪ੍ਰਕਾਰ ਹੀ ਇਹ ਮੁਬਾਰਕ ਜੀਵਨ ਵਾਲਾ ਜੀਅੜਾ ਤਕੜਾ ਚਿਰ ਗੁਰਸਿੱਖੀ ਦਾ ਉਮੈਦਵਾਰ ਹੀ ਹੋ ਕੇ ਗੁਰ-ਸੰਗਤਾਂ ਵਿਚ ਵਿਚਰਦਾ ਰਿਹਾ। ਗੁਰਮਤਿ ਅਸੂਲਾਂ ਨੂੰ ਪਹਿਲਾਂ ਹੀ ਦ੍ਰਿੜ੍ਹ ਕਰ ਕੇ ਅਤੇ ਦ੍ਰਿੜ੍ਹਤਾ ਸਹਿਤ ਘੋਖ-ਵਿਚਾਰ ਕੇ ਇਸ ਨੇ ਆਪਣੀ ਅਰਧੰਗੀ ਵੀ ਆਪਣੇ ਨਾਲ ਜਹਾਜ਼ੇ ਚਾੜ੍ਹਨ ਲਈ ਤਿਆਰ ਕਰ ਲਈ ਸੀ। ਓੜਕ ਉਹ ਉਤਮ ਦਿਵਸ ਸੰਜੋਗੜਾ ਆ ਹੀ ਗਿਆ ਜਦੋਂ ਕਿ ਇਹ ਵਡਭਾਗੀ ਜੋੜਾ ਜਹਾਜ਼ੇ ਚੜ੍ਹ ਕੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਿਆ ਅਤੇ ਐਸਾ ਤਿਆਰ-ਬਰ-ਤਿਆਰ ਹੋਇਆ ਕਿ ਇਹ ਗੁਰਮੁਖ ਜੋੜੀ ਗੁਰਮਤਿ-ਗ੍ਰਿਹਸਤ-ਜੀਵਨ ਵਿਚ ਇਕ ਅਦੁੱਤੀ ਜੀਵਨ ਵਾਲੀ ਹੋਈ ਹੈ।

ਗੁਰਮੁਖ ਭੈਣ ਹਰਬੰਸ ਕੌਰ ਇਨ੍ਹਾਂ ਦੀ ਸੁਪਤਨੀ ਸੀ, ਜਿਨ੍ਹਾਂ ਦਾ ਸੰਖੇਪ ਜੀਵਨ ਪਹਿਲਾਂ ਆ ਚੁਕਾ ਹੈ। ਸਿਰੀ ਭਾਈ ਜੋਗਿੰਦਰ ਸਿੰਘ ਜੀ ਰਿਆਸਤੀਏ ਅਹਿਲਕਾਰ ਹੋਣ ਕਰਕੇ ਸਾਰੇ ਪਟਿਆਲੇ ਵਿਖੇ ਸਰਦਾਰ ਹੀ ਕਹਾਂਵਦੇ ਸਨ ਅਤੇ ਗੁਰਮਤਿ ਮੰਡਲਾਂ ਵਿਖੇ ਭਾਈ ਜੋਗਿੰਦਰ ਸਿੰਘ ਕਰਕੇ ਪ੍ਰਸਿਧ ਸਨ। ਅੰਮ੍ਰਿਤ ਛਕਣ ਸਾਰ ਇਨ੍ਹਾਂ ਦੀ ਗੁਰਮਤਿ ਸੰਬੰਧੀ ਵਿਚਾਰ ਹੋਰ ਵੀ ਦਸ-ਗੁਣੀ ਅਧਿਕ ਗੰਭੀਰ ਹੋ ਗਈ। ਜਿਸ ਨਾਲ ਵੀ ਇਹ ਵੀਚਾਰ ਕਰਨ ਬੈਠਦੇ ਸਨ, ਉਸ ਨੇ ਇਸ ਗੰਭੀਰ ਵੀਚਾਰ ਦਾ ਰਸ ਜੋ ਉਠਾਇਆ ਹੈ, ਸੋ ਹੀ ਜਾਣਦਾ ਹੈ। ਗੁਰਮਤਿ-ਖੋਜੀ-ਪ੍ਰਾਣੀਆਂ ਨੂੰ ਗੁਰਮਤਿ ਗੰਭੀਰਤਾ ਵਾਲੀ ਵੀਚਾਰ-ਕਸੌਟੀ ਅਤਿਅੰਤ ਹੀ ਗੁਣਕਾਰੀ ਹੁੰਦੀ ਸੀ। ਜਿਸ ਨਾਲ ਵੀ ਇਨ੍ਹਾਂ ਨੇ ਗੁਰਮਤਿ ਵੀਚਾਰਨੀ ਗੋਸ਼ਟੀ ਕੀਤੀ, ਉਹ ਤਤਕਾਲ ਹੀ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ। ਬੜੇ ਹੀ ਗਹਿਰੇ ਗੰਭੀਰੇ ਗੁਰਮਤਿ ਵਡੀਰੇ ਗੁਰਮੁਖ ਸੱਜਣ ਇਹ ਵੀਰ ਜੋਗਿੰਦਰ ਸਿੰਘ ਜੀ ਹੋਏ ਹਨ। ਗੁਰਸਿਖਾਂ ਦੀ ਗੁਰਮਤਿ-

*ਜਪਜੀ, ਪਉੜੀ ੧੬



ਮਾਲਾ ਦੀ ਲੜੀ ਵਿਚ ਪ੍ਰੋਤੇ ਹੋਏ ਇਹ ਇਕ ਅਦਭੁਤ ਮਾਣਕ ਮੋਤੀ ਸਦਾ ਦਮਕਦੇ ਚਮਕਦੇ ਉਚ ਗੁਰਪੁਰੀ ਖ਼ਿਆਲਾਂ ਦੀਆਂ ਹਰ-ਦਮ ਚੜ੍ਹਦੀਆਂ ਕਲਾਂ ਵਿਚ ਹੀ ਖੇਡਦੇ ਸਨ। ਵਡੇ ਸਿਕਦਾਰੀ ਰਿਆਸਤੀ ਸਰਦਾਰੀ ਅਹਿਲਕਾਰੀ ਵਿਚ ਇਹ ਲਿਪਾਏ-ਮਾਨ ਹੋਏ ਹੀ ਨਹੀਂ, ਦੁਨਿਆਵੀ ਵਡ-ਮਨਸਬਦਾਰੀ ਇਨ੍ਹਾਂ ਨੂੰ ਪੋਹੀ ਹੀ ਨਹੀਂ। ਸਭ ਤੋਂ ਉਤਮ ਗੱਲ ਇਹ ਹੈ ਕਿ ਇਨ੍ਹਾਂ ਦੀ ਸੰਸਾਰਕ ਪਾਏਦਾਰੀ ਦੀ ਉਚਤਾ ਨਾਲੋਂ ਗੁਰਮੁਖਤਾਈ ਵਾਲੀ ਸੁਚਤਾ ਸਦਾ ਨਿਰਾਲੀ ਤੇ ਵਿਲੱਖਣੀ ਹੀ ਰਹੀ। ਗੁਰਮਤਿ ਰਹਿਤ-ਰਹਿਣੀ ਵਿਚ ਸਦਾ ਨਿਪੁੰਨ ਹੀ ਰਹੇ, ਬਰਸਾਂ ਬੱਧੀ ਵਿਡਾਣੀ ਚਾਕਰੀ ਕੀਤੀ, ਪਰ ਨਿਰੰਕਾਰੀ ਰੰਗਾਂ ਵਿਚ ਕੀਤੀ, ਕਦੇ ਵੀ ਪ੍ਰਮਾਰਥੀ ਔਜ ਤੋਂ ਹੇਠਾਂ ਨਹੀਂ ਹੋਏ। ਉਸ ਵਕਤ ਦੇ ਮਹਾਰਾਜਾ ਪਟਿਆਲਾ ਨੇ ਇਨ੍ਹਾਂ ਨੂੰ ਅਨੇਕਾਂ ਵਾਰ ਟੁੰਬਿਆ ਕਿ ਜੇ ਦਾੜ੍ਹਾ ਚੜ੍ਹਾ ਲਿਆ ਕਰੋ ਤਾਂ ਤੁਸਾਨੂੰ ਉੱਚ ਪਦਵੀ ਤੇ ਚੜ੍ਹਾ ਦੇਈਏ, ਪਰ ਗੁਰੂ ਵਰਸਾਏ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਕਦੇ ਵੀ ਚਕਮੇ ਹੇਠ ਨਹੀਂ ਆਏ। ਅਨੇਕਾਂ ਬਰਸਾਂ ਹੀ ਅਹਿਲਕਾਰੀ ਕਰਦਿਆਂ ਗੁਜ਼ਰ ਗਏ, ਪਰ ਸਦ ਸਦੀਵ ਹੀ ਇਨ੍ਹਾਂ ਨੇ ਆਪਣਾ ਦਾੜ੍ਹਾ ਗੁਰਮੁਖੀ ਦਾੜ੍ਹਾ ਹੀ ਰਖਿਆ, ਜੈਸਾ ਕਿ ਇਨ੍ਹਾਂ ਦੀ ਨਿਜ ਸੁਪਤਨੀ ਨੇ ਸੀਸ ਦਸਤਾਰੇ ਦੀ ਰਹਿਤ ਕਦੇ ਨਹੀਂ ਤਿਆਗੀ ਸੀ, ਅਨੇਕਾਂ ਅਹਿਲਕਾਰਨੀਆਂ ਰਾਣੀਆਂ ਪਟਰਾਣੀਆਂ ਨੇ ਉਸ ਸੁਭਾਗ ਬੀਬੀ ਹਰਬੰਸ ਕੌਰ ਨੂੰ ਬਥੇਰੇ ਕੁਸੰਗ ਪ੍ਰੇਰੇ ਦਿੱਤੇ।

ਸਾਡੇ ਜੇਲ੍ਹ ਯਾਤਰਾ ਜਾਣ ਤੋਂ ਪਹਿਲਾਂ ਵੀਰ ਜੋਗਿੰਦਰ ਸਿੰਘ ਜੀ ਨਾਰੰਗਵਾਲ ਪ੍ਰੇਮ-ਫੇਰੀ ਪਾਉਂਦੇ ਹੀ ਰਹਿੰਦੇ ਸਨ। ਸਾਡੇ ਮਿਲਣ ਲਈ ਅਤੇ ਸਤਸੰਗ ਮੇਲੇ ਲਈ ਜਦੋਂ ਵੀ ਇਨ੍ਹਾਂ ਨੂੰ ਪਟਿਆਲੇ ਬੈਠਿਆਂ ਉਠਾਉ ਉਠਿਆ ਓਦੋਂ ਹੀ ਤੁਰੰਤ ਤੁਰ ਪੈਂਦੇ ਸੀ। ਦਿਨ ਨਹੀਂ ਦੇਖਿਆ ਕਦੇ ਰਾਤ ਨਹੀਂ ਦੇਖੀ, ਕਦੇ ਛੁਟੀ ਨਹੀਂ ਮੰਗੀ, ਕਦੇ ਕਿਸੇ ਨੂੰ ਦਰਖ਼ਾਸਤ ਨਹੀਂ ਦਿਤੀ, ਪਰ ਇਨ੍ਹਾਂ ਨੇ ਸਤਿਸੰਗ-ਸਮਾਗਮ ਕੋਈ ਨਹੀਂ ਛੱਡਿਆ ਸੀ। ਗੁਰੂ ਦੀ ਐਸੀ ਕ੍ਰਿਪਾਲਤਾ ਇਨ੍ਹਾਂ ਤੇ ਸੀ, ਕਿਸੇ ਇਨ੍ਹਾਂ ਦੇ ਅਫ਼ਸਰ ਨੇ ਇਨ੍ਹਾਂ ਨੂੰ ਕਦੇ ਕੁਝ ਨਹੀਂ ਕਿਹਾ ਜਾਂ ਪੁਛਿਆ ਸੀ। ਸਰੀਰ ਕਰਕੇ ਭਾਵੇਂ ਕਮਜ਼ੋਰ ਸਿਹਤ ਵਾਲੇ ਸਨ, ਪ੍ਰੰਤੂ ਇਨ੍ਹਾਂ ਨੇ ਅਨੇਕਾਂ ਅਖੰਡ ਪਾਠ ਸਮਾਗਮ ਅਤੇ ਅਖੰਡ ਕੀਰਤਨ ਸਮਾਗਮ ਸਾਰੇ ਦੇ ਸਾਰੇ ਇਕ-ਆਸਣੀ ਸਮਾਧੀ ਵਿਚ ਬੈਠ ਕੇ ਸੁਣੇ। ਇਨ੍ਹਾਂ ਸਮਾਗਮਾਂ ਵਿਚ ਇਨ੍ਹਾਂ ਨੇ ਕਦੇ ਕੁਛ ਖਾਣ ਪੀਣ ਦੀ ਪਰਵਾਹ ਨਹੀਂ ਕੀਤੀ, ਬੈਠੇ ਬਿਠਾਇਆਂ ਹੀ ਅਚਿੰਤ ਅਹਾਰ ਛਕਣ ਨੂੰ ਮਿਲੇ ਤਾਂ ਛਕ ਲੈਂਦੇ ਸਨ, ਕਦੇ ਆਪਣੀ ਰੁਚੀ ਤੋਂ ਖਾਣ ਪੀਣ ਦੀ ਮੰਗ ਨਹੀਂ ਕੀਤੀ। ਹਕੀਕਤ ਇਹ ਹੈ ਕਿ ਪਰਲੇ ਦਰਜੇ ਦੇ ਨਾਮ-ਅਹਾਰੀ ਹੋਣ ਕਰਕੇ ਸਿਮਰਨ ਵਿਚ ਹੀ ਮਸਤ ਰਹਿੰਦੇ ਸਨ, ਸਿਮਰਨ ਦਾ ਅਗਾਧ ਸੁਆਦ ਇਨ੍ਹਾਂ ਨੂੰ ਆ ਚੁਕਿਆ ਸੀ, ਜਿਸ ਦੇ ਮੁਕਾਬਲੇ ਵਿਚ

WWW.AKJ.ORG



ਆਨ-ਭੋਜਨੀ-ਅਹਾਰ ਇਨ੍ਹਾਂ ਨੂੰ ਹੇਚ ਪ੍ਰਤੀਤ ਹੁੰਦੇ ਸਨ। ਵਾਧੇ ਦੀ ਗੱਲ ਜਿਹੜੀ ਅਸੀਂ ਇਨ੍ਹਾਂ ਵਿਚ ਵੇਖੀ ਉਹ ਇਹ ਸੀ, ਦਫ਼ਤਰ ਦਾ ਕੰਮ ਕਰਦਿਆਂ ਹੋਇਆਂ ਇਨ੍ਹਾਂ ਦੀ ਸਿਮਰਨ-ਕਲਾ ਕਦੇ ਨਹੀਂ ਖੁੰਝੀ ਸੀ ਅਤੇ ਸਿਮਰਨ-ਰੰਗਾਂ ਵਿਚ ਤਿਰਬੁਡ ਹੋਏ ਭੀ ਆਪਣਾ ਸੰਸਾਰੀ ਮਨਸਬੀ ਕਾਰਜ ਪੂਰਾ ਪੂਰਾ ਨਿਭਾਈ ਜਾਂਦੇ ਸਨ, ਉਸ ਵਿਚ ਕਦੇ ਗ਼ਲਤੀ ਨਹੀਂ ਹੋਈ। ਊਠਤ ਬੈਠਤ ਸੋਵਤ ਜਾਗਤ ਇਨ੍ਹਾਂ ਦਾ ਸਿਮਰਨ ਸਦਾ ਹੀ ਸਹਿਜ ਅਵਸਥਾ ਵਿਚ ਚਲਦਾ ਰਹਿੰਦਾ ਸੀ, ਅਜਰ ਨੂੰ ਜਰਨ ਵਿਚ ਇਨ੍ਹਾਂ ਦੀ ਖ਼ਾਸ ਨਿਪੁੰਨਤਾ ਸੀ ਅਤੇ ਪਹਿਲੇ ਪਹਿਲ ਨਾਮ ਕਮਾਈ ਕਰਨ ਵਿਚ ਬੜੀ ਦ੍ਰਿੜ੍ਹਤਾ ਸਹਿਤ ਜੁਟੇ ਰਹਿੰਦੇ ਸਨ। ਪਹਿਲੀ ਅਵਸਥਾ ਦੀ ਕਮਾਈ ਇਨ੍ਹਾਂ ਨੇ ਪੁਗ ਚੁਕੇ ਆਤਮ-ਅਭਿਆਸੀਆਂ ਦੇ ਸਨਮੁਖ ਅਤੇ ਸੰਗ ਸਾਥ ਬੈਠ ਕੇ ਕੀਤੀ ਅਤੇ ਜੋ ਇਨ੍ਹਾਂ ਦੇ ਹੱਡ ਬੀਤੀ, ਸੋ ਬਿਨਾਂ ਲੁਕ ਲਪੇਟ ਦੇ ਸਪੱਸ਼ਟ ਜ਼ਾਹਰ ਕਰ ਦਿਤੀ।

### ਆਤਮ-ਚਮਤਕਾਰਾਂ ਦੇ ਅਜਬ ਨਜ਼ਾਰੇ -

ਇਕ ਵਾਰ ਦਾ ਜ਼ਿਕਰ ਹੈ ਕਿ ਸਿਰੀ ਭਾਈ ਜੋਗਿੰਦਰ ਸਿੰਘ ਜੀ ਬੜੇ ਚਾਉ ਉਮਾਉ ਦੇ ਨਾਲ ਪਟਿਆਲੇ ਤੋਂ ਚਲ ਕੇ ਸਾਡੇ ਪਾਸ ਨਾਰੰਗਵਾਲ ਆ ਗਏ, ਅਤੇ ਇਹ ਧਾਰਨਾ ਧਾਰ ਕੇ ਆਏ ਕਿ ਐਤਕੀਂ ਅਤੁਟ ਕਮਾਈਆਂ ਕਰ ਕੇ ਆਤਮ-ਰੰਗਾਂ ਦੇ ਅਤਿ ਉੱਚੜੇ ਔਜ ਦੀਆਂ ਮੌਜਾਂ ਮਾਣ ਕੇ ਛਡਣੀਆਂ ਹਨ। ਅਸੀਂ ਇਨ੍ਹਾਂ ਦੀ ਦ੍ਰਿੜ੍ਹਤਾ ਦੇਖ ਕੇ ਇਨ੍ਹਾਂ ਨੂੰ ਬੇਨਤੀ ਕੀਤੀ ਕਿ ਆਪ ਦੀ ਦ੍ਰਿੜ੍ਹਤਾ ਬੜੀ ਮੁਬਾਰਕ ਹੈ, ਪ੍ਰੰਤੂ ਪ੍ਰਮਾਰਥ ਦੇ ਮਾਰਗ ਵਿਚ ਬਹੁਤੇ ਹਠ ਕੀਤੇ ਨਹੀਂ ਪੁਗਦੇ, ਗੁਰੂ ਕਰਤਾਰ ਦੀ ਨਦਰ ਮਿਹਰ ਦੇ ਪ੍ਰਾਇਣ ਹੋ ਕੇ ਅਭਿਆਸ ਕਮਾਈ ਕਰੀ ਜਾਣਾ ਨਾਮ ਅਭਿਆਸੀ ਗੁਰਸਿਖ ਜਗਿਆਸੂ ਦਾ ਆਮ ਫ਼ਰਜ਼ ਹੈ, ਸਤਿਗੁਰ ਦੇ ਦ੍ਰਿੜਾਏ, ਧੀਰਜ ਧਰਾਏ, ਧੁਰ ਧੁਰੇ ਉਤੇ ਲਗੇ (ਜੁਟੇ) ਤੁਰੇ ਜਾਣਾ ਚਾਹੀਦਾ ਹੈ ਅਤੇ ਵਾਹਿਗੁਰੂ ਦੇ ਦਰ ਉਤੇ ਪ੍ਰਵਾਣ ਪੈਣ ਅਤੇ ਪੁਜਣ ਪੁਗਣ ਦੀ ਆਸ ਗੁਰੂ ਤੇ, ਕਿਰਪਾ-ਪ੍ਰਾਇਣ ਹੋ ਕੇ, ਛਡ ਰਖਣੀ ਚਾਹੀਦੀ ਹੈ, ਜੈਸ ਕਿ ਗੁਰਵਾਕ ਹੈ: -

ਸਤਿਗੁਰ ਕੀ ਧਰ ਲਾਗਾ ਜਾਵਾ
ਗੁਰ ਕਿਰਪਾ ਤੇ ਹਰਿ ਦਰੁ ਲਹੀਆ ॥*

ਇਹ ਗੁਰਵਾਕ ਸੁਣ ਕੇ ਤਾਂ ਉਹ ਤਾਬੜ ਤੋੜ ਇਸ ਹੁਕਮ ਦੀ ਕਮਾਈ ਕਰਨ ਪਰ ਤਤਪਰ ਹੋ ਗਏ, ਕਿਉਂਕਿ ਉਹ ਗੁਰੂ-ਹੁਕਮਾਂ ਦੇ ਅਨਿੰਨ ਆਗਿਆਕਾਰ ਤੇ ਅਨੁਸਾਰੀ ਸਨ। ਅਜਿਹੀ ਅਨਿੰਨਤਾ ਵਾਲੀ ਸ਼ਰਧਾ ਦੇ ਸ਼ਰਧਾਲੂ ਅਸੀਂ ਵਿਰਲੇ

---

* ਬਿਲਾਵਲੁ ਮ: ੪, ਪੰਨਾ ੮੩੪



ਹੀ ਇਨ੍ਹਾਂ ਜੈਸੇ ਗੁਰਸਿਖ ਦੇਖੇ ਹਨ। ਉਸ ਰਾਤ ਨਾਰੰਗਵਾਲ ਹੀ ਪ੍ਰੇਮ-ਕੁਟੀਆ ਵਿਚ ਭੂਮ-ਆਸਨੀ ਸਫ਼ਾਂ ਵਿਛਾ ਕੇ ਨਾਮ ਅਭਿਆਸ ਦੇ ਆਤਮ-ਤਰੰਗੀ-ਰੰਗ-ਜਨ ਜੋ ਕਮਾਈਆਂ ਕਰਨ ਵਿਚ ਜੁਟੇ ਹੋਏ ਸਨ, ਉਨ੍ਹਾਂ ਦੇ ਨਾਲ ਲਗਵੇਂ ਹੀ ਭਾਈ ਜੋਗਿੰਦਰ ਸਿੰਘ ਵੀ ਆ ਜੁਟੇ। ਅਜ ਰਾਤ ਭਾਈ ਜੋਗਿੰਦਰ ਸਿੰਘ ਜੀ ਨੇ ਪਹਿਲਾ ਚਮਤਕਾਰ ਇਹ ਵੇਖਿਆ ਕਿ ਅਤੁਟ ਆਤਮ-ਅਭਿਆਸ ਕਮਾਈ ਕਰਦੇ ਕਰਦੇ ਇਹ ਇਕ-ਦਮ ਗੜੂੰਦ ਹੋ ਗਏ। ਪਹਿਲਾ ਹੀ ਵਿਸਮਾਦ-ਝਲਕਾ ਇਹਨਾਂ ਨੇ ਦੇਖਿਆ ਸੀ ਅਤੇ ਅਜਰ ਨੂੰ ਨਹੀਂ ਜਰਿਆ ਸੀ ਕਿ ਬੇਤਹਾਸ਼ਾ ਹੋ ਕੇ ਪੁਕਾਰ ਉਠੇ ਕਿ ਭਾਈ ਸਾਹਿਬ, ਇਹ ਕੀ ਹੋਇਆ, ਸਾਰੇ ਪਿੰਡ ਦੇ ਕੁੱਤੇ ਮੇਰੇ ਅੰਦਰ ਹੀ ਭੌਂਕ ਰਹੇ ਹਨ ਅਤੇ ਕਈ ਚੱਕੀਆਂ ਵੀ ਮੇਰੇ ਅੰਦਰ ਚਲ ਰਹੀਆਂ ਹਨ। ਅਸੀਂ ਕਿਹਾ, "ਭਾਈ ਵੀਰ ਜੀ, ਘਬਰਾਉਣ ਦੀ ਕੋਈ ਗੱਲ ਨਹੀਂ, ਅਜੇ ਤਾਂ ਸਾਰੇ ਬ੍ਰਹਿਮੰਡ ਦੇ ਚੱਕਰ ਤੁਹਾਡੇ ਅੰਦਰ ਚਲਦੇ ਤੁਸਾਂ ਨੂੰ ਪ੍ਰਤੀਤ ਹੋਣੇ ਹਨ, ਤੁਸੀਂ ਇਨ੍ਹਾਂ ਸੰਸਾਰਕ-ਚੱਕਰ-ਚੱਕੀਆਂ ਤੋਂ ਅਪਰੰਪਰ ਹੋ ਕੇ ਕੇਵਲ ਨਾਮ-ਰੰਗਾਂ ਦੀ ਬਿਸਮਾਦ-ਖੇਡ ਵਿਚ ਹੀ ਆਪਣੀ ਸੁਰਤੀ ਬਿਰਤੀ ਰੱਖਣੀ ਹੈ, ਹੋਰ ਕਿਸੇ ਪਾਸੇ ਨਹੀਂ ਅਟਕਣ ਦੇਣੀ।" ਸਤ ਬਚਨ ਕਹਿ ਕੇ ਉਥੇ ਹੀ ਜੁਟ ਪਏ, ਨਾਮ ਜਪਣ ਵਿਚ। ਜਪਦੇ ਜਪਦੇ ਕੋਈ ਅੱਧੇ ਘੰਟੇ ਪਿਛੋਂ ਇਕ-ਦਮ ਉਠ ਕੇ ਦੋ ਹੱਥ ਜੋੜ ਕੇ ਖੜੇ ਹੋ ਗਏ। ਉਹਨਾਂ ਦੇ ਮੁਖ ਤੇ ਤਰੇਲੀਆਂ ਆਈਆਂ ਵੇਖ ਕੇ ਅਸੀਂ ਉਨ੍ਹਾਂ ਨੂੰ ਮਲਕੜੇ ਜਿਹੇ ਫੇਰ ਬੁਸ਼ਾਰਤ ਦਿਤੀ ਕਿ ਘਾਬਰਨਾ ਨਹੀਂ। ਪਰ ਭਾਈ ਜੋਗਿੰਦਰ ਸਿੰਘ ਜੀ ਦੋ ਚਾਰ ਮਿੰਟ ਗੁਪਤ ਬਿਨੈ ਜੋਦੜੀਆਂ ਕਰ ਕੇ ਬੈਠ ਗਏ ਅਤੇ ਕਹਿਣ ਲਗੇ ਕਿ "ਅੱਜ ਅਸਾਥੋਂ ਏਦੂੰ ਅਗੇ ਨਹੀਂ ਚਲਿਆ ਜਾਂਦਾ, ਡਾਢੀ ਅਟਕਾਰ ਇਹ ਪਈ ਹੈ ਕਿ ਅਸਾਡਾ ਸਾਰਾ ਸੂਖਮ ਸਰੀਰ ਜਿੰਦੜੀ ਸਹਿਤ ਇਕ ਨਿੱਕੀ ਸੂਈ ਦੇ ਨੱਕੇ ਜਿੰਨੀ ਸੁਰਾਖ਼ਨੀ ਵਿਚ ਦੀ ਮੱਲੋ ਮੱਲੀ ਲੰਘਿਆ ਜਾ ਰਿਹਾ ਹੈ, ਜਿਸ ਨੂੰ ਦੇਖ ਕੇ ਸਾਨੂੰ ਭੈ-ਭਰਾਂਤੀ ਉਪਜ ਰਹੀ ਹੈ, ਮਤੇ ਬਿਨਾਸਕਾਰੀ ਨਾ ਹੋ ਜਾਵੇ।" ਅਸੀਂ ਸੁਣ ਕੇ ਹੱਸ ਪਏ ਅਤੇ ਉਹਨਾਂ ਦੇ ਨਮਿਤ ਅਜਰ ਨੂੰ ਜਰਨ ਦੀ ਅਰਦਾਸ ਕੀਤੀ, ਜਿਸ ਤੋਂ ਉਹ ਸਹਿਜ ਰੰਗਾਂ ਵਿਚ ਆਏ ਅਤੇ ਮੁੜ ਕਦੇ ਨਹੀਂ ਘਬਰਾਏ।

ਇਕ ਬੜੀ ਅਨੂਪਮ ਖੇਡ ਹੈ ਕਿ ਉਹਨਾਂ ਦੀ ਸਾਰੀ ਸੰਤਾਨ, ਆਯੂ ਦੇ ਪਹਿਲੇ ਪਹਿਲ ਛੋਟੀ ਅਵਸਥਾ ਦੇ ਦਿਨਾਂ ਵਿਚ ਬੜੇ ਹੀ ਉੱਚ ਆਤਮ-ਰੰਗਾਂ ਵਿਚ ਖੇਡਣ ਵਾਲੀ ਹੋਈ ਹੈ। ਪਿਛੋਂ ਜਾ ਕੇ ਐਸੇ ਬਾਕੇ ਵਗੇ ਕਿ ਸਾਰਿਆਂ ਦੇ ਅੰਦਰ ਹੀ ਸੁੰਨਤਾ ਵਰਤ ਗਈ। ਅਨਿੰਨ ਗੁਰਸਿੱਖੀ ਦੀ ਦ੍ਰਿੜ੍ਹਤਾ ਹੋਣ ਕਰਿ ਦੰਪਤੀ ਦੇ ਗੁਰਮਤਿ ਖ਼ਿਆਲਾਂ ਦੀ ਇਹ ਦੈਵੀ ਰਵਸ਼ ਸੀ ਕਿ ਬੱਚਿਆਂ ਦੇ ਜਨਮਣ ਅਨੁਸਾਰ ਹੀ ਉਨ੍ਹਾਂ ਨੂੰ ਜਨਮ-ਗੁੜ੍ਹਤੀ ਨਾਮ-ਅੰਮ੍ਰਿਤ ਦੀ ਹੀ ਦਿਤੀ ਜਾਂਦੀ ਸੀ, ਅਤੇ ਪੂਰਨ ਗੁਰਮਤਿ

WWW.AKJ.ORG

WWW.AKJ.ORG


ਸੰਸਕਾਰ ਦ੍ਰਿੜ੍ਹਾਏ ਜਾਂਦੇ ਸਨ। ਜਿਸ ਦਾ ਤਤਸਾਰ ਸਿੱਟਾ ਇਹ ਪ੍ਰਗਟ-ਪਹਾਰੇ ਨਿਕਲਿਆ ਕਰਦਾ ਸੀ ਕਿ ਅਨਿੰਨ ਗੁਰਸਿਖ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਅੰਸ ਤੋਂ ਅਤੇ ਅਤਿ ਗੁਰਮੁਖ ਪਿਆਰੀ ਭੈਣ ਹਰਬੰਸ ਕੌਰ ਜੀ ਦੀ ਕੁਖ ਤੋਂ ਜਾਈ ਉਲਾਦ ਜੰਮਦੇ ਔਲੀਆ ਵਾਲੀ ਹੀ ਪ੍ਰਸਿਧ ਹੋਈ। ਚਾਹੇ ਇਹ ਪ੍ਰਸਿਧ ਚਮਤਕਾਰ ਥੋੜੇ ਦਿਨ ਹੀ ਰਹਿੰਦੇ ਸਨ, ਅਵਾਇਲ ਉਮਰ ਵਿਚ ਬਹੁਤੇ ਅਸਰ ਪਜ਼ੀਰ ਸਨ। ਪਰ ਇਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ ਉਕਤ ਚਮਤਕਾਰ ਸੰਸਾਰਕ ਦੇਖਣ ਪਰਖਣ-ਹਾਰਿਆਂ ਲਈ ਬੜੇ ਹੀ ਦੰਗ ਕਰਨਹਾਰੇ ਸਨ।

ਉਨ੍ਹਾਂ ਦਾ ਸਭ ਤੋਂ ਪਹਿਲਾਂ ਜਨਮਿਆ ਭੁਝੰਗੀ ਅਨੰਦ ਸਿੰਘ ਤੇ ਸਭ ਤੋਂ ਪਹਿਲੀ ਪ੍ਰਗਟ ਹੋਈ ਤੇ ਸਭ ਸੰਤਾਨ ਤੋਂ ਛੋਟੀ ਬੀਬੀ ਚਰਨ ਕੌਰ ਦੇ ਮੁਢ-ਕਦੀਮੀ ਹਾਲਾਤ ਗੁਰਮਤਿ-ਰੰਗਾਂ ਵਾਲੇ ਅਸੀਂ ਆਪਣੇ ਅੱਖੀਂ ਡਿਠੇ ਹਨ। ਭੁਝੰਗੀ ਅਨੰਦ ਸਿੰਘ ਤਾਂ ਅਸਾਡੇ ਜੇਲ੍ਹ ਯਾਤਰਾ ਜਾਣ ਤੋਂ ਪਹਿਲਾਂ ਹੀ ਪ੍ਰਗਟ ਹੋ ਚੁਕਾ ਸੀ। ਉਹ ਇਕ ਬੜੀ ਹੀ ਚਮਤਕਾਰੀ ਜ਼ਿੰਦਗੀ ਵਾਲਾ ਭੁਝੰਗੀ ਹੋਇਆ ਹੈ। ਅਜੇ ਉਹਦੀ ਬੜੀ ਛੋਟੀ ਉਮਰ ਸੀ, ਮਸਾਂ ਹੀ ਬੋਲਣ ਚਾਲਣ ਲਗਿਆ ਸੀ, ਜਦ ਕਿ ਉਸ ਦੀ ਬੋਲ ਚਾਲ ਬੜੇ ਹੀ ਚੜ੍ਹਦੀਆਂ ਕਲਾਂ ਵਾਲੇ ਸਿੰਘ ਭੁਝੰਗੀਆਂ ਵਾਲੀ ਸੀ, ਅਤੇ ਡੂੰਘੇ ਫ਼ਕੀਰੀ ਰੰਗਾਂ ਦੇ ਆਤਮ-ਇਜ਼ਹਾਰ ਉਸ ਦੀ ਰਸਨਾ ਤੋਂ ਹੋਇਆ ਕਰਦੇ ਸਨ। ਰਿਆਸਤ ਦੇ ਬੜੇ ਬੜੇ ਅਮੀਰ ਕਬੀਰ ਉਸ ਦੇ ਦਰਸ਼ਨ ਕਰਨ ਭਾਈ ਜੋਗਿੰਦਰ ਸਿੰਘ ਦੇ ਘਰ ਆਇਆ ਕਰਦੇ ਸਨ। ਨਾਮਧਾਰੀ ਸ਼ਰੇਣੀ ਦੇ ਉੱਚ ਅਵਸਥਾ ਵਾਲੇ ਨਾਮਧਾਰੀ ਸਿੰਘਾਂ ਨੇ ਇਸ ਭੁਝੰਗੇ ਦੇ ਦਰਸ਼ਨ-ਦੌਰੇ ਕਰਦੇ ਹੀ ਰਹਿਣਾ, ਕਦੇ ਕੋਈ ਆ ਗਿਆ, ਕਦੇ ਕੋਈ ਆ ਗਿਆ। ਉਨ੍ਹਾਂ ਨਾਮਧਾਰੀ ਸਿੰਘਾਂ ਦਾ ਇਹ ਦਾਅਵਾ ਸੀ, ਕਿ ਇਹ ਭੁਝੰਗੀ ਅਨੰਦ ਸਿੰਘ ਉਸ ਨਾਮਧਾਰੀ ਭੁਝੰਗੀ ਦਾ ਅਵਤਾਰ ਹੈ, ਜੋ ਬਾਬਾ ਰਾਮ ਸਿੰਘ ਦੇ ਸਮੇਂ ਨਾਮਧਾਰੀ ਤਹਿਰੀਕ ਵਿਚ ਹੋਰ ਨਾਮਧਾਰੀ ਸਿੰਘਾਂ ਦੇ ਸੰਗ ਸਾਥ ਤੋਪ ਅਗੇ ਉੜਾਇਆ ਗਿਆ ਸੀ। ਅਸੀਂ ਤਾਂ ਇਸ ਗੱਲ ਦੇ ਕਾਇਲ ਨਹੀਂ ਸਾਂ, ਕਿਉਂਕਿ ਅਸਾਡੀ ਯਕੀਨੀ ਸ਼ਰਧਾ ਇਹ ਹੈ, ਨਿਸ਼ਕਾਮ ਸ਼ਹੀਦ ਰੂਹ ਮੁੜ ਕੇ ਜਨਮ ਮਰਨ ਦੇ ਗੇੜ ਵਿਚ ਨਹੀਂ ਪੈ ਸਕਦੀ। ਪਰ ਇਸ ਵਿਚ ਵੀ ਸ਼ਕ ਨਹੀਂ ਕਿ ਉਸ ਭੁਝੰਗੀ ਅਨੰਦ ਸਿੰਘ ਦੀਆਂ ਗੱਲਾਂ ਬੜੀਆਂ ਹੀ ਅਸਚਰਜ ਸਨ। ਆਮ ਸਿੱਖਾਂ ਦੀਆਂ ਅੰਦਰਲੀਆਂ ਗੱਲਾਂ ਬੁਝ ਲੈਣ ਵਿਚ ਭੁਝੰਗੀ ਅਨੰਦ ਸਿੰਘ ਨੂੰ ਬੜਾ ਕਮਾਲ ਹਾਸਲ ਸੀ। ਜਦ ਕਦੀ ਪਟਿਆਲੇ ਸਿਰੀ ਭਾਈ ਜੋਗਿੰਦਰ ਸਿੰਘ ਦੇ ਗ੍ਰਿਹਿ ਵਿਖੇ ਅੰਮ੍ਰਿਤ ਸਮਾਗਮ ਹੋਇਆ ਕਰਦਾ ਸੀ, ਤਾਂ ਅਕਸਰ ਅੰਮ੍ਰਿਤ-ਅਭਿਲਾਖੀਆਂ ਦੀ ਪੜਚੋਲ ਲਈ ਪੰਜਾਂ ਪਿਆਰਿਆਂ ਤੋਂ ਪਹਿਲਾਂ ਇਸ ਭੁਝੰਗੇ ਦੇ ਦ੍ਰਿਸ਼ਟੀ ਗੋਚਰ ਕਰਾ ਲਿਆ ਕਰਦੇ ਸਾਂ।

ਇਕ ਵਾਰ ਮੇਰੇ ਸਾਮ੍ਹਣੇ ਦਾ ਜ਼ਿਕਰ ਹੈ ਕਿ ਇਕ ਉਘਾ ਰਿਆਸਤੀ



ਪ੍ਰਚਾਰਕ ਅੰਮ੍ਰਿਤ ਛਕਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜੀ ਹੋਈ ਸੰਗਤ ਦੇ ਸਾਹਮਣੇ ਆ ਹਾਜ਼ਰ ਹੋਇਆ। ਇਸ ਸਮਾਗਮ ਵਿਚ ਭੁਝੰਗੀ ਅਨੰਦ ਸਿੰਘ ਵੀ ਬੈਠਾ ਸੀ, ਤਦੋਂ ਇਸ ਭੁਝੰਗੇ ਨੇ ਪੁਕਾਰ ਕੇ ਸਾਨੂੰ ਆਖਿਆ ਕਿ ਇਸ ਅੰਮ੍ਰਿਤ ਅਭਿਲਾਖੀ ਉਪਦੇਸ਼ਕ ਦੇ ਬੜੇ ਹੀ ਗੁਝੇ ਪਾਪ-ਕਰਮ ਹਨ, ਜਿਨ੍ਹਾਂ ਨੂੰ ਜਦ ਤਾਈਂ ਇਹ ਸਾਫ਼ ਤੌਰ ਤੇ ਪੰਜਾਂ ਪਿਆਰਿਆਂ ਅੱਗੇ ਪ੍ਰਗਟ ਨਾ ਕਰ ਦੇਵੇ, ਓਦੋਂ ਤਾਈਂ ਸਮਝੋ ਕਿ ਇਸ ਦੇ ਅੰਦਰ ਮੈਲ ਹੈ, ਪੂਰਨ ਪਾਹ ਚੜ੍ਹੇ ਬਿਨਾਂ ਇਸ ਤੇ ਰੰਗ ਨਹੀਂ ਚੜ੍ਹੇਗਾ।

ਉਹ ਅਭਿਲਾਖੀ ਜਨ ਇਹ ਸੁਣ ਕੇ ਛਪਾਲ ਹੋ ਕੇ ਤੇ ਧੜੰਮ ਕਰ ਕੇ ਡੰਡਉਤ ਪਰਨੇ ਭਰੀ ਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਜੀ ਅਗੇ ਡਿਗ ਪਿਆ। ਉਸ ਨੂੰ ਇਹ ਹੋਸ਼ ਹਵਾਸ ਨਹੀਂ ਰਹੀ ਕਿ ਫ਼ਰਸ਼ ਤੇ ਡਿਗਣ ਕਰਕੇ ਉਸ ਦੇ ਮੱਥੇ ਪੁਰ ਜ਼ਖ਼ਮ ਆ ਗਿਆ ਸੀ। ਉਸ ਦੇ ਅੰਦਰੋਂ ਇਹੋ ਹੀ ਦੁਹਾਈ ਵਾਹੋਦਾਹੀ ਨਿਕਲ ਰਹੀ ਹੈ ਕਿ ਮੈਨੂੰ ਜ਼ਰੂਰ ਬਖਸ਼ਵਾ ਦਿਓ, ਮੈਂ ਬੜਾ ਪਾਪ-ਕਰਮੀ ਉਗਰ ਪਾਪੀ ਹਾਂ। ਅਸਲ ਗੱਲ ਇਹ ਹੈ ਕਿ ਇਹ ਇਸ ਭੁਝੰਗੀ ਅਨੰਦ ਸਿੰਘ ਦੇ ਛੋਟੀ ਉਮਰ ਵਿਚ ਹੀ ਆਤਮ-ਚਮਤਕਾਰੀ ਕੌਤਕ ਦੇਖ ਕੇ ਇਸ ਉਗਰ ਪਾਪੀ ਅੰਮ੍ਰਿਤ-ਅਭਿਲਾਖੀ ਉਪਦੇਸ਼ਕ ਜਨ ਨੂੰ ਜਥੇ ਪਾਸੋਂ ਅੰਮ੍ਰਿਤ ਛਕਣ ਦੀ ਤੀਬਰ ਅਭਿਲਾਖਾ ਹੋ ਚੁਕੀ ਸੀ। ਹੁਣ ਜਦੋਂ ਇਸ ਭੁਝੰਗੇ ਨੇ ਉਸ ਦੇ ਇਸ ਗੁਝੇ ਪਾਪ ਅੰਦਰਲੇ ਫੋਲਦੇ ਹੋਏ ਰੇਖ ਵਿਚ ਮੇਖ ਮਾਰੀ ਤਾਂ ਇਸ ਦੀ ਯਕੀਨੀ ਸ਼ਰਧਾ ਹੋਰ ਵੀ ਵਧ ਗਈ। ਇਸ ਨੂੰ ਇਹ ਸਰਧਾਉਣ ਵਾਲੀ ਇਹ ਅਨੋਖੀ ਗੱਲ ਸਪੱਸ਼ਟ ਪ੍ਰਤੀਤ ਹੋ ਗਈ ਸੀ ਕਿ ਜਿਸ ਜਥੇ ਦੇ ਭੁਝੰਗੀ ਅਨੰਦ ਸਿੰਘ ਸਾਰਖੇ ਕੇਵਲ ਸਤਾਂ ਸਾਲਾਂ ਦੀ ਛੋਟੀ ਉਮਰ ਵਾਲੇ ਭੁਝੰਗੀਆਂ ਦੀ ਇਹ ਅਤਿ ਵਿਲੱਖਣੀ ਉਤਮ ਦਸ਼ਾ ਹੈ, ਉਸ ਜਥੇ ਦੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਲਾਜ਼ਮੀ ਤੌਰ ਤੇ ਅੰਮ੍ਰਿਤ ਛਕਣ-ਹਾਰਿਆਂ ਦੀ ਕਾਇਆਂ ਪਲਟ ਜਾਣੀ ਅਤੇ ਅਮਰ-ਜ਼ੀਸਤੀ ਜ਼ਿੰਦਗੀ ਹੋ ਜਾਣੀ ਪਰਮ ਜ਼ਰੂਰੀ ਹੈ। ਤਾਂ ਤੇ ਇਸ ਪ੍ਰਾਸਚਿਤਕੀ ਗੁਨਾਹਾਂ ਦੀ ਉਘੜ ਉਠੀ ਵਲਵੀਂ ਹਾਲਤ ਵਿਚ ਹੀ ਇਸ ਨੂੰ ਪੰਜਾਂ ਪਿਆਰਿਆਂ ਦੇ ਪੇਸ਼ ਕੀਤਾ ਗਿਆ। ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋ ਕੇ ਜੋ ਜੋ ਅੰਦਰਲੇ ਪਾਪ ਏਸ ਦੇ ਉਘੜੇ, ਇੰਨ ਬਿੰਨ ਇਹੀ ਪਾਪ ਇਹ ਭੁਝੰਗੀ ਸਾਨੂੰ ਐਨ ਅੰਤਰਿੰਗ ਵਿਚ ਬਾਹਰ ਦਸ ਚੁਕਿਆ ਸੀ, ਅਸੀਂ ਪਰਖ ਪੇਖ ਕੇ ਹੈਰਾਨ ਪ੍ਰੇਸ਼ਾਨ ਰਹਿ ਗਏ।

ਏਸੇ ਪ੍ਰਕਾਰ ਦੀਆਂ ਅਨੇਕਾਂ ਅਦਭੁਤ ਗੱਲਾਂ ਅਸੀਂ ਏਸ ਭੁਝੰਗੀ ਅਨੰਦ ਸਿੰਘ ਦੀਆਂ ਪਰਖੀਆਂ ਪੇਖੀਆਂ। ਪਿਛੋਂ ਅਸੀਂ ਛੇਤੀ ਹੀ ਜੇਲ੍ਹ ਅੰਦਰ ਪਧਾਰ ਗਏ ਤੇ ਅਸਾਡੇ ਪਿਛੋਂ ਸਮਾਂ ਪਾ ਕੇ ਇਹ ਭੁਝੰਗੀ ਭੀ ਪ੍ਰਲੋਕ ਨੂੰ ਪਧਾਰ ਗਿਆ। ਇਹ ਪਤਾ

WWW.AKJ.ORG

WWW.AKJ.ORG


ਨਹੀਂ ਕਿ ਕਿਸ ਉਮਰ ਦਾ ਹੋ ਕੇ ਪਧਾਰਿਆ। ਕਿਉਂਕਿ ਸਾਡੀ ਬੜੀ ਲੰਮੀ ਉਮਰ-ਕੈਦ ਸੀ, ਪਰ ਪਿਛੋਂ ਆ ਕੇ ਜੇਲ੍ਹੋਂ ਬਾਹਰ ਆਉਣ ਪਰ ਸਾਨੂੰ ਜਦੋਂ ਇਹ ਪਤਾ ਲਗਿਆ ਕਿ ਭੁਝੰਗੀ ਅਨੰਦ ਸਿੰਘ ਦੀ ਪਿਛਲੀ ਉਮਰ ਉਸੇ ਅਲੌਕਿਕ ਆਤਮ ਅਵਸਥਾ ਵਾਲੀ ਨਹੀਂ ਰਹੀ, ਬਿਲਕੁਲ ਗਿਰ ਚੁਕੀ ਸੀ, ਸਾਨੂੰ ਬੜੀ ਹੈਰਾਨੀ ਉਪਜੀ।

ਬਾਕੀ ਦੇ ਭੁਝੰਗੀ ਭੁਝੰਗਣਾਂ ਤਾਂ ਸਾਡੇ ਜੇਲ੍ਹ ਤੋਂ ਪਿਛੋਂ ਹੀ ਪੈਦਾ ਹੋਏ ਸਨ, ਤਾਂ ਤੇ ਸਾਨੂੰ ਉਨ੍ਹਾਂ ਦੀ ਅਵਾਇਲ ਉਮਰ ਵਿਚ ਦੀ ਅਵਸਥਾ ਤੋਂ ਉੱਕੀ ਹੀ ਬੇ-ਖ਼ਬਰੀ ਹੈ। ਹਾਂ, ਸਭ ਤੋਂ ਛੋਟੀ ਭੁਝੰਗਣ ਬੀਬੀ ਚਰਨ ਕੌਰ ਸਾਡੇ ਜੇਲ੍ਹ ਤੋਂ ਰਿਹਾ ਹੋ ਕੇ ਆਉਣ ਪਰ ਕੇਵਲ ੩-੪ ਸਾਲ ਦੀ ਹੀ ਸੀ, ਉਸ ਦੀ ਆਤਮ ਅਵਸਥਾ ਦੇ ਉਸੇ ਤਿੰਨ ਚਾਰ ਸਾਲਾ ਉਮਰ ਵਿਚਲੇ ਆਤਮ-ਕੌਤਕ ਜੋ ਅਸੀਂ ਆਪਣੀ ਅੱਖੀਂ ਦੇਖੇ ਹਨ, ਬੜੇ ਹੀ ਅਨੂਪਮ ਹਨ। ਇਸ ਭੁਝੰਗਣ ਨੂੰ ਭਾਈ ਜੋਗਿੰਦਰ ਸਿੰਘ ਜੀ ਨੇ ਆਪਣੀ ਗੋਦ ਵਿਚ ਲੈ ਕੇ ਅਖੰਡ ਪਾਠ ਅਤੇ ਅਖੰਡ ਕੀਰਤਨੀ ਸਮਾਗਮਾਂ ਦਾ ਅਨੰਦ ਲੈਣਾ। ਕਈ ਵੇਰ ਪਰਤੱਖ ਵੇਖਣ ਵਿਚ ਆਇਆ ਕਿ ਇਸ ਨਿੱਕੀ ਜਿਹੀ ਬਾਲੜੀ ਨੇ ਆਪਣੀ ਪਵਿੱਤਰ-ਆਤਮਾ-ਪਿਤਾ ਜੀ ਦੀ ਗੋਦ ਵਿਚ ਪਏ ਪਏ ਹੀ ਉਹ ਨਾਮ ਦਾ ਖੰਡਾ ਖੜਕਾਉਣਾ ਅਤੇ ਗਗਨੀ ਜਾ ਚੜ੍ਹਨਾ, ਜਿਸ ਦੇ ਅਝੱਲ ਤੇ ਪ੍ਰਤਾਪੀ ਚੇਹਰੇ ਤੇ ਆਏ ਅਕਸ ਨੂੰ ਝਲ ਨਹੀਂ ਸਕੀਦਾ ਸੀ। ਜਦ ਇਸ ਬੱਚੀ ਦੇ ਸੁਆਸ ਦਸਵੇਂ ਦੁਆਰ ਤੋਂ ਉਤਰਨੇ, ਤਾਂ ਇਸ ਨੇ ਆਪਣੀ ਤੋਤਲੀ ਜ਼ਬਾਨ ਨਾਲ ਆਗਮ ਨਿਗਮ ਦੀਆਂ ਉਹ ਅਲੌਕਿਕ ਤੇ ਅਗੰਮੀ ਗੱਲਾਂ ਦਸਣੀਆਂ ਕਿ ਸੁਣਨ-ਹਾਰਿਆਂ ਨੇ ਭੀ ਵਿਸਮਾਦ ਰੰਗਾਂ ਵਿਚ ਹੀ ਲੀਨ ਹੋ ਜਾਣਾ। ਸੱਤ ਅੱਠ ਸਾਲ ਦੀ ਉਮਰ ਵਿਚ ਇਸ ਨਿੱਕੀ ਜਿੰਦੜੀ ਨੇ ਵਡੇ ਤੋਂ ਵਡੇ ਸਾਕੇ ਕਰ ਦਿਖਾਏ। ਪਟਿਆਲੇ ਭਾਈ ਜੋਗਿੰਦਰ ਸਿੰਘ ਜੀ ਦੇ ਗ੍ਰਿਹਿ ਵਿਖੇ ਅਕਸਰ ਸੰਗਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਸਨ ਤੇ ਬੜਾ ਅਤੁੱਟ ਲੰਗਰ ਚਲਦਾ ਰਹਿੰਦਾ ਸੀ। ਸਾਰੀਆਂ ਸੰਗਤਾਂ ਨੂੰ ਲੰਗਰ ਛਕਾਉਣ ਦੀ ਅਤੇ ਬਿਸਤਰੇ ਆਦਿ ਸੰਗਤ ਲਈ ਵਿਛਾਉਣ ਦੀ ਅਣਥਕ ਸੇਵਾ ਇਸ ਨਿਕੀ ਜਿਹੀ ਭੁਝੰਗਣ ਨੇ ਆਪਣੀ ਹੱਥੀਂ ਕਰਨੀ ਅਤੇ ਕਰਦੀ ਨੇ ਕਦੇ ਨਾ ਰੱਜਣਾ, ਨਾ ਥੱਕਣਾ, ਫਿਰਦੀ ਤੁਰਦੀ ਸੇਵਾ ਕਰਦੀ ਦਾ ਅਖੰਡਕਾਰ ਅਭਿਆਸ ਲਗਾਤਾਰ ਚਲਦਾ ਰਹਿਣਾ। ਪਰ ਪਤਾ ਨਹੀਂ ਪੂਰਬ ਜਨਮ ਦੇ ਕਰਮਾਂ ਤੇ ਪਿਛਲੇ ਕਰਮਾਂ ਅਨੁਸਾਰ ਅਜਿਹਾ ਗੇੜ ਆਇਆ ਕਿ ਨਿਘਰਦੀ ਕਲਾ ਇਕ-ਦਮ ਵਰਤ ਗਈ, ਵਡੀ ਹੋਈ ਤੇ ਹੋਰ ਹੀ ਕੁਰੰਗ ਹੋ ਗਏ।

ਹੁਣ ਇਹਨਾਂ ਦੀ ਸਭ ਤੋਂ ਵੱਡੀ ਬੀਬੀ ਸ਼ਰਨ ਕੌਰ ਦਾ ਗੁਰਮਤਿ-ਅਨੰਦ ਕਾਰਜ-ਕ੍ਰਿਸ਼ਮਾ ਵਰਨਣ ਕੀਤਾ ਜਾਣਾ ਇਸ ਮੌਕੇ ਤੇ ਪੂਰਾ ਢੁਕਦਾ ਹੈ। ਇਸ



ਗੁਰਮਤਿ ਕਾਰਜ ਸੰਬੰਧੀ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਿਦਕ-ਪੁੰਜ-ਗੁਰਮਤਿ-ਰਹਿਤ-ਰਹਿਣੀ ਵਾਲਾ ਅਤਿ ਉੱਚਾ ਭਰੋਸਾ ਭੀ ਖ਼ੂਬ ਪਰਗਟ ਹੋਵੇਗਾ ਅਤੇ ਰਹਿੰਦੀ ਦੁਨੀਆ ਤਾਈਂ ਕਾਇਮ ਰਹੇਗਾ।

ਮੇਰੀ ਆਪਣੀ ਬੱਚੀ ਬੀਬੀ ਦਲੇਰ ਕੌਰ ਦਾ ਅਨੰਦ ਕਾਰਜ ਨਾਰੰਵਾਲ ਸਾਡੇ ਗ੍ਰਿਹਿ ਵਿਖੇ ਰਚਿਆ ਗਿਆ। ਹੋਰ ਗੁਰਮੁਖ ਸੱਜਣਾਂ ਦੀ ਸ਼ਰੇਣੀ ਵਿਚ ਇਸ ਅਨੰਦ ਕਾਰਜ ਉਤੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਨਾਰੰਗਵਾਲ ਆਏ ਹੋਏ ਹਨ ਅਤੇ ਉਹਨਾਂ ਦੀ ਸਭ ਤੋਂ ਵੱਡੀ ਬੱਚੀ ਬੀਬੀ ਸ਼ਰਨ ਕੌਰ ਵੀ ਉਨ੍ਹਾਂ ਦੇ ਨਾਲ ਆਈ ਹੈ। ਬੀਬ ਦਲੇਰ ਕੌਰ ਦੇ ਕਾਰਜ ਨਮਿਤ ਅਖੰਡਪਾਠ ਹੋ ਰਿਹਾ ਹੈ, ਸਰੋਤੇ ਜਨ ਅਖੰਡ ਪਾਠ ਸੁਣ ਰਹੇ ਹਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਮੇਰੇ ਪਾਸ ਬੈਠੇ ਅਖੰਡ ਪਾਠ ਸੁਣਨ ਦਾ ਅਨੰਦ ਲੈ ਰਹੇ ਹਨ। ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਅਖੰਡ ਪਾਠ ਕਰ ਰਹੇ ਸਨ। ਉਹਨਾਂ ਦਾ ਅਖੰਡ ਪਾਠ ਕੀ, ਅਰਸ਼ੋਂ ਕੁਰਸੋਂ ਫੁੱਲਾਂ ਦੀ ਵਰਖਾ ਹੋ ਰਹੀ ਹੈ। ਅਤੀ ਅਦਭੁਤ ਅਖੰਡ ਪਾਠ ਬੜੇ ਹੀ ਆਤਮ-ਤਰੰਗਾਂ ਵਿਚ ਮਾਸਟਰ ਜੋਗਿੰਦਰ ਸਿੰਘ ਜੀ ਕਰ ਰਹੇ ਹਨ। ਚਿਹਰੇ ਤੇ ਰੰਗ ਚਲੂਲੇ ਚੜ੍ਹੇ ਹੋਏ ਹਨ, ਥੋੜਾ ਥੋੜਾ ਦਾੜ੍ਹਾ ਚਾਰ ਚੁਫੇਰੇ ਮੁਖਾਰਬਿੰਦ ਤੇ ਆਇਆ ਹੋਇਆ ਹੈ।

ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਆਤਮ-ਬਿਰਤੀ ਉਤੇ ਇਸ ਅਖੰਡ ਪਾਠ ਕਰ ਰਹੇ ਪਾਠੀ ਮਾਸਟਰ ਜੋਗਿੰਦਰ ਸਿੰਘ ਜੀ ਦਾ ਬੜਾ ਹੀ ਸੁੰਦਰ ਤੇ ਡੂੰਘਾ ਅਸਰ ਪਿਆ। ਪਾਠ ਸੁਣਦੇ ਸੁਣਦੇ ਮੈਨੂੰ ਟੁੰਬ ਕੇ, ਪਰ ਧੀਰੇ ਧੀਰੇ ਉਹਨਾਂ ਨੇ ਇਹ ਕਹਿਣਾ ਅਰੰਭ ਕੀਤਾ, "ਅਸਾਡੀ ਬੱਚੀ ਸ਼ਰਨ ਕੌਰ ਵਾਸਤੇ ਇਹੋ ਜਿਹਾ ਹੀ ਵਰ ਚਾਹੀਦਾ ਹੈ।" ਮੇਰੇ ਮੂੰਹੋਂ ਨਿਕਲਿਆ ਇਹੋ ਜਿਹਾ ਇਹੋ ਹੀ ਹੈ। ਮੈਥੋਂ ਇਹ ਗੱਲ ਸੁਣਨ ਸਾਰ ਹੀ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਪੂਰਨ ਦ੍ਰਿੜ੍ਹਤਾ ਸਹਿਤ ਇਹ ਗੱਲ ਕਹਿ ਦਿਤੀ ਕਿ ਬਸ ਏਸੇ ਭੁਝੰਗੀ ਨਾਲ ਹੀ ਬੀਬੀ ਸ਼ਰਨ ਕੌਰ ਦਾ ਅਨੰਦ ਕਾਰਜ ਕਰ ਦਿਓ ਅਤੇ ਇਥੇ ਹੀ ਕਰ ਦਿਓ। ਬੀਬੀ ਦਲੇਰ ਕੌਰ ਦੇ ਅਨੰਦ ਦੇ ਪਿਛੋਂ ਹੀ ਨਾਲ ਦੇ ਨਾਲ ਕਰ ਦਿਓ। ਵਰ ਦਾ ਘਰ ਘਾਮ ਨਹੀਂ ਦੇਖਿਆ, ਧਨ ਧਾਮ ਨਹੀਂ ਪੁਛਿਆ, ਜਾਤ ਗੋਤ ਤਾਂ ਕੀ ਪੁਛਣੀ ਸੀ, ਬਸ ਅਨੰਦ ਕਾਰਜ ਕਰਨ ਲਈ ਤਤਪਰ ਹੋ ਗਏ। ਮੇਰੇ ਮੂੰਹੋਂ ਇਹ ਗੱਲ ਨਿਕਲੀ ਕਿ ਠੀਕ ਹੈ, ਐਸਾ ਹੀ ਹੋਵੇਗਾ ਜੈਸਾ ਆਪ ਨੇ ਚਿਤਵਿਆ ਹੈ, ਪਰੰਤੂ ਇਕ ਗੱਲ ਮੈਂ ਅਰਜ਼ ਕਰਦਾ ਹਾਂ, ਇਸ ਦਾ ਸਵੀਕਾਰ ਕਰਨਾ ਪਰਮ ਜ਼ਰੂਰੀ ਹੈ। ਉਹ ਇਹ ਹੈ ਕਿ ਬੱਚੀ ਸ਼ਰਨ ਕੌਰ ਨੂੰ ਇਹ ਵਰ ਭੁਝੰਗੀ ਅੱਖੀਂ ਵਿਖਾਇਆ ਜਾਵੇ। ਸਿਰੀ ਭਾਈ ਜੋਗਿੰਦਰ ਸਿੰਘ ਨੇ ਸਿਰ ਮੱਥੇ ਤੇ ਇਹ ਗੱਲ ਸਵੀਕਾਰ ਕੀਤੀ, ਮੈਨੂੰ ਆਖਿਆ: "ਹੁਣੇ ਹੀ ਬੇਬੇ ਕਰਤਾਰ ਕੌਰ ਜੀ (ਬੀਬੀ ਦਲੇਰ ਕੌਰ ਦੀ ਮਾਤਾ) ਨੂੰ ਸੱਦ ਕੇ ਕਹਿ ਦੇਵੋ ਕਿ ਬੀਬੀ ਸ਼ਰਨ ਕੌਰ ਨੂੰ ਹੇਠਾਂ ਜਾ ਕੇ ਇਹ

WWW.AKJ.ORG

WWW.AKJ.ORG


ਸਾਰੀ ਹੀ ਵਾਰਤਾ ਸਮਝਾ ਦੇਵੇ।

ਚੁਨਾਂਚਿ ਬੀਬੀ ਦਲੇਰ ਕੌਰ ਦੀ ਮਾਤਾ ਕਰਤਾਰ ਕੌਰ (ਸਾਡੀ ਸੁਪਤਨੀ) ਨੇ ਹੇਠਾਂ ਜਾ ਕੇ ਬੀਬੀ ਸ਼ਰਨ ਕੌਰ ਪਾਸ ਜਾ ਕੇ ਇਹ ਜ਼ਿਕਰ ਕੀਤਾ, "ਮਕਾਨ ਦੀ ਉਪਰਲੀ ਮੰਜ਼ਲ ਤੇ ਅਖੰਡ ਪਾਠ ਹੋ ਰਿਹਾ ਸੀ ਕਿ ਬੀਬੀ ਸ਼ਰਨ ਕੌਰ ਜੀ, ਤੇਰੇ ਪਿਤਾ ਭਾਈ ਜੋਗਿੰਦਰ ਸਿੰਘ ਜੀ ਤੇ ਤੇਰੇ ਤਾਇਆ ਜੀ (ਦਾਸ ਵਲ ਇਸ਼ਾਰਾ ਕਰ ਕੇ) ਨੇ ਤੇਰੇ ਅਨੰਦ ਕਾਰਜ ਦੇ ਸੰਬੰਧ ਲਈ ਇਕ ਵਰ ਟੋਲਿਆ ਹੈ, ਜਿਸ ਬਾਰੇ ਉਹਨਾਂ ਤੇਰੀ ਸੰਮਤੀ ਲੈਣ ਲਈ ਮੈਨੂੰ ਪ੍ਰੇਰਿਆ ਹੈ।"

ਇਸ ਦੇ ਉੱਤਰ ਵਿਚ ਅਸਾਡੀ ਹੰਸਲੀ ਭੈਣ ਬੀਬੀ ਹਰਬੰਸ ਕੌਰ ਦੇ ਕੁਖੋਂ ਜਾਈ ਅਤੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਅੰਸ ਤੋਂ ਉਤਪੰਨ ਹੋਈ ਬੱਚੀ, ਬੀਬੀ ਸ਼ਰਨ ਕੌਰ ਨੇ ਕਿਹਾ ਸੋਹਣਾ ਉੱਤਰ ਦਿੱਤਾ, ਕਰਤਾਰ ਕੌਰ ਨੂੰ ਕਹਿਣ ਲਗੀ: "ਤਾਈ ਜੀ, ਮੇਰੇ ਪੁਛਣ ਦੀ ਕੀ ਲੋੜ ਹੈ? ਜਿਥੇ ਸਿਰੀ ਭਾਈ ਸਾਹਿਬ ਤਾਇਆ ਜੀ ਅਤੇ ਮੇਰੇ ਪਿਤਾ ਜੀ ਮੇਰਾ ਸਾਕ ਕਰਦੇ ਹਨ, ਉਨ੍ਹਾਂ ਤੋਂ ਸਰੇਸ਼ਟ ਤੇ ਉਤਮ ਚਿਤਵਨੀ ਕੌਣ ਚਿਤਵ ਸਕਦਾ ਹੈ। ਜੋ ਕੁਛ ਉਹ ਕਰ ਰਹੇ ਹਨ, ਮੇਰੇ ਭਲੇ ਲਈ ਕਰ ਰਹੇ ਹਨ, ਮੈਨੂੰ ਹਰਗਿਜ਼ ਕੋਈ ਇਤਰਾਜ਼ ਨਹੀਂ।"

ਇਤਨੇ ਨੂੰ ਐਨ ਏਸੇ ਸਮੇਂ ਹੀ ਗੁਰੂ ਨੇਤ ਅਨੁਸਾਰ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਉਪਰੋਂ ਅਖੰਡ ਪਾਠ ਕਰਦੇ ਕਰਦੇ ਹੇਠਾਂ ਪੌੜੀਆਂ ਥਾਣੀਂ ਉਤਰ ਆਏ, ਕਿਉਂਕਿ ਪਾਠੀ ਦੀ ਬਦਲੀ ਹੋ ਚੁਕੀ ਸੀ। ਮਾਸਟਰ ਜੋਗਿੰਦਰ ਸਿੰਘ ਜੀ ਦੇ ਦੋਨੋਂ ਪੈਰ ਜਮਾਂਦਰੂ ਹੀ ਵਿੰਗ-ਤੜਿੰਗੇ ਅਤੇ ਲੁੰਜੇ ਮੁੰਜੇ ਜਿਹੇ ਸਨ। ਜਦੋਂ ਉਪਰੋਂ ਆਉਂਦੇ ਮਾਸਟਰ ਜੋਗਿੰਦਰ ਸਿੰਘ ਜੀ ਦੋਹਾਂ ਮਾਵਾਂ ਧੀਆਂ ਗੱਲਾਂ ਕਰਦੀਆਂ ਦੇ ਪਾਸ ਦੀ ਲੰਘੇ ਤਾਂ ਕਰਤਾਰ ਕੌਰ ਨੇ ਬੀਬੀ ਸ਼ਰਨ ਕੌਰ ਜੀ ਨੂੰ ਇਸ਼ਾਰਾ ਕਰ ਕੇ ਕਿਹਾ: "ਇਹ ਭੁਜੰਗੀ ਹੈ ਜਿਸ ਦਾ ਰਿਸ਼ਤਾ ਤੇਰੇ ਨਾਲ ਕਰਨਾ ਚਾਹੁੰਦੇ ਹਾਂ, ਤੂੰ ਸਿਆਣੀ ਬੀਬੀ ਹੈਂ, ਦੇਖ ਲੈ! ਇਸ ਭੁਜੰਗੀ ਦੇ ਪੈਰ ਇਹੋ ਜਿਹੇ ਹੀ ਜਮਾਂਦਰੂ ਹਨ, ਤੇਰੇ ਤਾਇਆ ਜੀ ਨੇ ਤੇ ਤੇਰੇ ਪਿਤਾ ਜੀ ਨੇ ਇਸੇ ਕਰਕੇ ਇਹ ਭੁਜੰਗੀ ਦਿਖਾਣ ਲਈ ਮੈਨੂੰ ਪ੍ਰੇਰਿਆ ਹੈ ਕਿ ਮਤੇ ਬੀਬੀ ਦਾ ਕੋਈ ਪਿਛੋਂ ਇਤਰਾਜ਼ ਹੋਵੇ।"

ਇਹ ਗੱਲ ਸੁਣ ਕੇ ਬੀਬੀ ਸ਼ਰਨ ਕੌਰ ਜੀ ਨੇ ਜੋ ਉਤਰ ਆਪਣੀ ਤਾਈ ਜੀ ਨੂੰ ਦਿਤਾ, ਉਹ ਬੜਾ ਹੀ ਦੰਗ ਕਰਨ ਵਾਲਾ ਹੈ। ਇਸ ਕਲਜੁਗ ਦੇ ਸਮੇਂ ਵਿਚ ਇਹੋ ਜਿਹੀਆਂ ਸਤੋਗੁਣੀ ਬੀਬੀਆਂ ਬਹੁਤ ਹੀ ਵਿਰਲੀਆਂ ਹਨ, ਜੋ ਇਸ ਪ੍ਰਕਾਰ ਦਾ ਉਤਰ ਦੇਣ। ਬੜੀ ਸ਼ਰਧਾ ਦੇ ਰੰਗ ਵਿਚ ਰੰਗੀਜ ਕੇ ਬੀਬੀ ਬੋਲੀ: "ਤਾਈ ਜੀ! ਉਸ ਬੀਂ ਦੁਖਭੰਜਨੀ ਵਾਲੀ ਦੇ ਵਰ ਨਾਲੋਂ ਭੀ ਇਹ ਵਰ ਅਧਿਕ ਅਣ-ਉਕਤ ਹੈ, ਜਿਸ ਨੂੰ ਉਸ ਦੇ ਪਿਤਾ ਨੇ ਇਕ ਪਿੰਗਲੇ ਨਾਲ ਹੀ ਵਿਆਹਤ ਕਰ ਦਿਤਾ ਸੀ? ਅਤੇ ਇਹ



ਆਪ ਨੂੰ ਪਤਾ ਹੀ ਹੈ ਕਿ ਉਸ ਪਿੰਗਲੇ ਨਾਲ ਵਿਆਹਤ ਬੀਬੀ ਦੀ ਸ਼ਰਧਾ ਨੂੰ ਕੀ ਫਲ ਲਗੇ, ਇਹ ਪ੍ਰਸੰਗ ਪ੍ਰਸਿਧ ਹੈ, ਏਥੇ ਦਸਣ ਦੀ ਲੋੜ ਨਹੀਂ। ਮੈਨੂੰ ਹਰ ਹਾਲਤ ਵਿਚ ਇਹ ਵਰ ਸਿਰ ਮੱਥੇ ਤੇ ਪਰਵਾਨ ਹੈ।"

ਇਹ ਉਤਰ ਸੁਣ ਕੇ ਕਰਤਾਰ ਕੌਰ ਜੀ ਦੰਗ ਰਹਿ ਗਏ, ਅਤੇ ਉਸ ਦੇ ਰਾਹੀਂ ਅਸੀਂ ਸੁਣ ਕੇ ਵੀ ਅਤਿਅੰਤ ਪ੍ਰਸੰਨ ਹੋਏ। ਸਾਡਾ ਦੋਹਾਂ ਦਾ ਜੀਅ ਕਰੇ ਕਿ ਬੱਚੀ ਬੀਬੀ ਦੇ ਚਰਨਾਂ ਨੂੰ ਪੂਜੀਏ। ਜਿਸ ਕਿਸੇ ਨੇ ਵੀ ਇਹ ਗੱਲ ਸੁਣੀ, ਸਭ ਦੰਗ ਰਹਿ ਗਏ ਅਤੇ ਬੜੇ ਪ੍ਰਸੰਨ-ਚਿਤ ਹੋਏ।

ਗੱਲ ਕੀ, ਬੀਬੀ ਦਲੇਰ ਕੌਰ ਦੇ ਅਨੰਦ ਦੇ ਪਿਛੋਂ ਹੀ ਨਾਲ ਲਗਦਾ ਹੀ ਇਸ ਜੋੜੀ ਦਾ ਅਨੰਦ ਕੀਤਾ ਗਿਆ, ਅਰਥਾਤ, ਸਿਰੀ ਮਾਸਟਰ ਜੋਗਿਦਰ ਸਿੰਘ ਜੀ ਦਾ ਅਨੰਦ ਸਿਰੀ ਭਾਈ ਜੋਗਿੰਦਰ ਸਿੰਘ ਦੀ ਸੁਪੁੱਤਰੀ ਬੀਬੀ ਸ਼ਰਨ ਕੌਰ ਦੇ ਨਾਲ ਉਥੇ ਹੀ ਹੋ ਗਿਆ, ਨਾ ਕੋਈ ਜੰਞ ਆਈ, ਨਾ ਕੋਈ ਦਾਜ ਦਹੇਜ ਦਿਤਾ ਗਿਆ, ਨਾ ਕੋਈ ਸਾਕ ਅੰਗ ਕਬੀਲਾ ਸਦਿਆ ਗਿਆ। ਅਨੰਦ ਕਾਰਜ ਦੀ ਤਿਆਰੀ ਕਰ ਕੇ ਤਾਂ ਭਾਈ ਜੋਗਿੰਦਰ ਸਿੰਘ ਜੀ ਵੀ ਨਹੀਂ ਆਏ ਸਨ। ਉਹ ਤਾਂ ਬੀਬੀ ਦਲੇਰ ਕੌਰ ਜੀ ਦੇ ਅਨੰਦ ਕਾਰਜ ਦੇਖਣ ਲਈ ਆਪਣੀ ਸਪੁੱਤਰੀ ਸਮੇਤ ਸਾਡੇ ਸੱਦੇ ਹੋਏ ਮੇਲੀ ਬਣ ਕੇ ਆਏ ਸਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਪੁੱਤਰੀ ਸਿਰੀ ਬੀਬੀ ਸ਼ਰਨ ਕੌਰ ਦੇ ਸਿਦਕ-ਭਰੋਸੇ ਦੀ ਅਨਿੰਨਤਾ ਵਾਲੀ ਨਜ਼ੀਰ, ਜੋ ਸਦਾ ਕਾਇਮ ਦਾਇਮ ਰਹੇਗੀ, ਆਪ ਦੇਖ ਹੀ ਚੁਕੇ ਹੋ। ਏਧਰ ਜੋ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਆਪਣੀ ਸਪੁੱਤਰੀ ਦੇ ਪੂਰਨ ਗੁਰਮਤਿ ਅਨੁਸਾਰ ਅਨੰਦ ਕਰਨ ਦੇ ਪੂਰਨੇ ਪਾਏ, ਉਹ ਵੀ ਅੱਜ ਤਕ ਨਾ ਕਿਸੇ ਨੇ ਪਾਏ ਹਨ, ਨਾ ਕਿਸੇ ਨੇ ਸੌਖੇ ਹੀ ਪਾਵਣੇ ਹਨ। ਆਨਨ ਫ਼ਾਨਨ ਅਨੰਦ ਕਾਰਜ ਹੋ ਗਿਆ। ਓਦੋਂ ਹੀ ਪਤਾ ਲਗਾ ਜਦੋਂ ਪਰਕਰਮਾ ਲਈਆਂ ਗਈਆਂ। ਸਾਰਾ ਪਿੰਡ ਨਾਰੰਗਵਾਲ ਦਾ ਢਕੋ ਢਕੀ ਇਹ ਅਦੁੱਤੀ ਅਨੰਦ ਕਾਰਜ ਦੇਖ ਰਿਹਾ ਹੈ, ਸਾਰੇ ਪਿੰਡ ਨਿਵਾਸੀ ਨਾਰੰਗਵਾਲ ਵਾਲਿਆਂ ਨੂੰ ਇਹ ਵੀ ਪਤਾ ਹੈ ਕਿ ਸਿਰੀ ਭਾਈ ਜੋਗਿੰਦਰ ਸਿੰਘ ਜੀ ਰਾਇਪੁਰ ਦੇ ਹੀ ਰਹਿਣ ਵਾਲੇ ਹਨ। ਇਨ੍ਹਾਂ ਚਹੁੰਆਂ ਪੰਜਾਂ ਸਾਊ ਅਖਵਾਉਣ ਵਾਲਿਆਂ ਪਿੰਡਾਂ ਦੇ ਲੋਕਾਂ ਨੂੰ ਸਾਊ ਹੋਣ ਦਾ ਬੜਾ ਹੀ ਗ਼ਰੂਰ ਗਰਬ ਗੁਮਾਨ ਹੈ। ਗੁਰਮਤਿ ਤੋਂ ਵਾਂਜੇ ਹੋਏ ਇਨ੍ਹਾਂ ਪਿੰਡਾਂ ਦੇ ਸਾਰੇ ਅਨਮਤੀ ਲੋਕ ਇਸ ਗੱਲ ਦਾ ਬੜਾ ਹੀ ਗਰਬ ਗੁਮਾਨ ਰਖਦੇ ਹਨ। ਗਰੇਵਾਲ ਗੋਤ ਨੂੰ ਇਹ ਬੜੀ ਉਚ ਕੁਲਤਾ ਵਾਲੀ ਪਦਵੀ ਦਿੰਦੇ ਹਨ। ਇਨ੍ਹਾਂ ਪਿੰਡਾਂ ਦੀਆਂ ਲੜਕੀਆਂ ਬੜੂੰਦੀ ਆਦਿ ਪਿੰਡਾਂ ਵਿਚ ਕਦੇ ਨਹੀਂ ਵਿਆਹੀਆਂ ਵਰੀਆਂ ਗਈਆਂ, ਬਲਕਿ ਬੜੂੰਦੀ ਸਾਰਖੇ ਪਿੰਡਾਂ ਦੀਆਂ ਅਣ-ਗਿਣਤ ਲੜਕੀਆਂ ਨਾਰੰਗਵਾਲ ਆਦਿਕ ਗਰੇਵਾਲ ਪਿੰਡਾਂ ਵਿਚ ਵਿਆਹੀਆਂ ਵਰੀਆਂ ਜਾਂਦੀਆਂ ਰਹੀਆਂ ਹਨ।

WWW.AKJ.ORG

WWW.AKJ.ORG


ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਇਸ ਕਾਟ-ਕਨੌਂਡ ਨੂੰ ਭੀ ਪੈਰਾਂ ਤਲੇ ਮਸਲ ਦਿਤਾ, ਕੋਈ ਪਰਵਾਹ ਨਹੀਂ ਕੀਤੀ, ਕੇਵਲ ਗੁਰਮਤਿ ਦੀ ਹੀ ਪਰਵਾਹ ਰਖੀ।

ਪਿਛੋਂ ਖੁੰਢ-ਕੌਂਸਲ ਵਿਚ ਇਸ ਭਾਵ ਦੀ ਚਰਚਾ ਹੋਣ ਲੱਗੀ ਕਿ ਇਸ ਜੋਗਿੰਦਰ ਸਿੰਘ ਨੇ, ਜੋ ਪਟਿਆਲੇ ਦਾ ਬੜਾ ਅਹਿਲਕਾਰ ਬਣਿਆ ਫਿਰਦਾ ਹੈ, ਆਪਣੀ ਸੁਚੱਜੀ ਅਤੇ ਸੁਲੱਖਣੀ ਲੜਕੀ ਨੂੰ ਇਕ ਲੁੰਜੇ ਜਿਹੇ ਲੜਕੇ ਨਾਲ ਵਿਆਹ ਦਿੱਤਾ ਤੇ ਉਸ ਦਾ ਰਿਸ਼ਤਾ ਬੜ੍ਹੂੰਦੀ ਕਰ ਦਿਤਾ। ਇਹ ਚਰਚਾ ਕਈ ਦਿਨ ਖੁੰਢ-ਕੌਂਸਲ-ਮਜਲਸਾਂ ਵਿਚ ਚਲਦੀ ਰਹੀ, ਪਰ ਸਾਡੇ ਸਾਹਮਣੇ ਆ ਕੇ ਨਾ ਕੋਈ ਬੋਲੇ, ਨਾ ਕੋਈ ਕੂਏ। ਸਾਨੂੰ ਇਨ੍ਹਾਂ ਦੀ ਚੁੰਚ-ਚਰਚਾ ਦੀ ਕੀ ਪ੍ਰਵਾਹ ਸੀ? ਸਿਰੀ ਭਾਈ ਜੋਗਿੰਦਰ ਸਿੰਘ ਤਾਂ ਬੜੇ ਹੀ ਬੇਪ੍ਰਵਾਹੀ ਰੰਗਾਂ ਵਿਚ ਖੇਡਦੇ ਸਨ। ਸਾਰੇ ਸਿਖ-ਮੰਡਲਾਂ ਵਿਚ ਇਸ ਅਦੁਤੀ ਅਨੰਦ ਕਾਰਜ ਦੀ ਬੜੀ ਹੀ ਖ਼ੁਸ਼ਧਾਮੀ ਧਾਂਕ ਪੈ ਗਈ ਸੀ।

ਇਨ੍ਹਾਂ ਦੋਹਾਂ ਅਨੰਦ ਕਾਰਜਾਂ ਨੂੰ ਕਰ ਕੇ ਗੁਰਮੁਖਾਂ ਦੀ ਸਾਰੀ ਸੰਗਤ, ਮਾਸਟਰ ਪਾਰਟੀ ਸਮੇਤ, ਭੁਝੰਗੀ ਬਲਬੀਰ ਸਿੰਘ ਜੀ ਦੇ ਅਨੰਦ ਕਾਰਜ ਲਈ ਪਿਆਨੇ ਕਰ ਗਈ। ਐਸੀ ਚਰਚਾ ਚਾਰ ਦਿਨ ਦੀ ਹੀ ਹੁੰਦੀ ਹੈ। ਓਧਰ ਬਲਬੀਰ ਸਿੰਘ ਦੇ ਗੁਰਮਤਿ ਅਨੰਦ ਕਾਰਜ ਦੀ ਵੀ ਐਸੀ ਹੀ ਸ਼ਲਾਘਾ ਹੋਣ ਲੱਗੀ, ਜਿਸ ਨੇ ਆਮ ਲੋਕ-ਲਾਜੀ ਚਰਚਾਵਾਂ ਸਾਰੀਆਂ ਨੂੰ ਮੱਠੀਆਂ ਪਾ ਦਿਤਾ। ਸਿਰੀ ਭਾਈ ਜੋਗਿੰਦਰ ਸਿੰਘ ਜੀ ਤਿੰਨੇ ਅਨੰਦ ਕਾਰਜਾਂ ਦਾ ਅਨੰਦ ਭੁੰਚ ਕੇ ਆਪਣੀ ਸਪੁਤਰੀ ਬੀਬੀ ਸ਼ਰਨ ਕੌਰ ਸਮੇਤ ਵਾਪਸ ਪਟਿਆਲੇ ਚਲੇ ਗਏ। ਮਾਸਟਰ ਜੋਗਿੰਦਰ ਸਿੰਘ ਜੀ ਵੀ ਪਟਿਆਲੇ ਜਾ ਕੇ ਬੀਬੀ ਸ਼ਰਨ ਕੌਰ ਨੂੰ ਬੜ੍ਹੂੰਦੀ ਲੈ ਆਏ, ਜੋ ਹੁਣ ਤਾਈਂ ਬੜੀ ਹੀ ਸੁਖੀ ਵਸਦੀ ਰਸਦੀ ਹੈ। ਜੈਸਾ ਇਸ ਜੋੜੀ ਦਾ ਪਵਿੱਤਰ ਪਾਵਨ ਰਿਸ਼ਤਾ ਹੋਇਆ ਹੈ, ਕਿਸੇ ਵਿਰਲੀ ਜੋੜੀ ਦਾ ਹੋਣਾ ਹੈ ਅਤੇ ਜੈਸੀ ਇਹ ਜੋੜੀ ਸੁਖੀ ਵਸ ਰਹੀ ਹੈ, ਐਸੀ ਕੋਈ ਵਿਰਲੀ ਜੋੜੀ ਹੀ ਸੁਖੀ ਵਸਦੀ ਹੈ। ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਦੀਆਂ ਖ਼ੁਸ਼ੀਆਂ ਦੀ ਤਾਂ ਹੱਦ ਕੋਈ ਨਹੀਂ।

ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਰਾਇਪੁਰ ਨਿਵਾਸੀ ਸਾਡੇ ਜੇਲ੍ਹ ਜਾਣ ਤੋਂ ਪਿਛੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਡੇ ਇਲਾਕੇ ਦੇ ਪ੍ਰਤੀਨਿਧ ਮੈਂਬਰ ਵੀ ਚੁਣੇ ਜਾ ਚੁਕੇ ਸਨ। ਜਦੋਂ ਇਸ ਸਾਰੀ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੂੰ ਗੋਰਾ ਗੌਰਮਿੰਟ ਨੇ ਬਾਗ਼ੀ ਗਰਦਾਨ ਕੇ ਜੇਲ੍ਹਾਂ ਅੰਦਰ ਨਜ਼ਰਬੰਦ ਕਰ ਦਿਤਾ ਸੀ, ਉਨ੍ਹਾਂ ਵਿਚ ਹੀ ਦੂਜੇ ਜਥੇ ਵਿਚ ਸਾਡੇ ਵੀਰ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਦੋ ਸਾਲ ਲਈ ਕੈਦ ਕਰ ਦਿਤੇ ਗਏ। ਚਾਹੇ ਉਨ੍ਹਾਂ ਦੀ ਸਿਹਤ ਉਸ ਸਮੇਂ ਬੜੀ ਹੀ ਕਮਜ਼ੋਰ ਸੀ, ਪਰ ਉਹ ਸਾਰੇ ਮੈਂਬਰਾਂ ਦੇ ਨਾਲ ਕੈਦ ਹੋਣ ਲਈ ਸਭ ਤੋਂ ਮੂਹਰਲੇ ਮੋਰਚੇ ਵਿਚ ਸਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਦਲੀਲ ਅਤੇ ਗੁਰਮਤਿ ਗੌਰਵਤਾ ਦੇ ਸਮੂਹ ਹਿਤੋਂ



ਚਿਤੋਂ ਕਾਇਲ ਸਨ। ਐਸੀ ਅਦੁਤੀ ਗੁਰਮਤਿ ਗੰਭੀਰਤਾ ਦੇ ਦਿਮਾਗ ਵਾਲੇ ਵਿਰਲੇ ਗੁਰਮੁਖ ਸੱਜਣ ਹੀ ਖ਼ਾਲਸਾ ਪੰਥ ਵਿਚ ਪੈਦਾ ਹੋਏ ਹਨ ਅਤੇ ਅਗੇ ਨੂੰ ਹੋਣਗੇ।

ਸਾਡੇ ਜੇਲ੍ਹ ਜਾਣ ਤੋਂ ਪਹਿਲਾਂ ਭਾਈ ਜੋਗਿੰਦਰ ਸਿੰਘ ਸਮੇਤ ਭਾਈ ਆਤਮਾ ਸਿੰਘ ਮੋਗਾ ਨਿਵਾਸੀ ਅਤੇ ਇਕ ਦੋ ਹੋਰ ਸੱਜਣਾਂਦੇ, ਕਿਸੇ ਮੱਤ-ਭੇਦ ਦੇ ਕਾਰਨ ਸਾਥੋਂ ਰੁਠ ਗਏ ਸਨ। ਪਰ ਜਦੋਂ ਸਾਡਾ ਪੁਲੀਟੀਕਲ ਮੁਕੱਦਮਾ ਲਾਹੌਰ ਸਾਜਸ਼ ਕੇਸ ਦਾ ਅਰੰਭ ਹੋਇਆ ਤਾਂ ਭਾਈ ਜੋਗਿੰਦਰ ਸਿੰਘ ਜੀ ਅਤੇ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਨੇ ਆਪਣੇ ਆਪ ਹੀ ਸਾਡੀ ਡੀਫੈਂਸ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਬਿਰਹਾ ਭਰੇ ਦਰਦਾਂ ਵਿਚ ਉਹ ਸਾਲ ਉਨ੍ਹਾਂ ਨੇ ਗੁਜ਼ਾਰੇ। ਜਿੰਨਾ ਚਿਰ ਅਸੀਂ ਜੇਲ੍ਹਾਂ ਦੇ ਅੰਦਰ ਰਹੇ, ਉਹ ਵੈਰਾਗ ਭਰੀ ਬਿਰਹਾ ਵਿਚ ਹੀ ਦਰਦ-ਰੰਜਾਣੇ ਹੋ ਕੇ ਬਾਹਰ ਵਿਚਰਦੇ ਰਹੇ। ਸਾਡੇ ਬਾਹਰ ਆਉਣ ਦੀ ਸੋਇ ਸੁਣਨ ਸਾਰ ਸਾਨੂੰ ਮਿਲਣ ਲਈ ਬੜੀ ਉਚੇਚੀ ਹੁਬ ਨਾਲ ਖ਼ੁਦ ਨਾਰੰਗਵਾਲ ਆਏ। ਫੇਰ ਕੀ ਸੀ, ਐਸਾ ਸੰਜੋਗ-ਮਿਲਾਵਾ ਹੋਇਆ, ਕਿ ਸਾਰੀ ਉਮਰ ਮਿਲੇ ਹੀ ਰਹੇ, ਕਦੇ ਵਿਛੜੇ ਹੀ ਨਹੀਂ, ਅਸਾਡੇ ੧੬ ਸਾਲ ਪਿਛੋਂ ਜੇਲ੍ਹ ਤੋਂ ਵਾਪਸ ਰਿਹਾ ਹੋਣ ਪਰ ਸੰਗਤਾਂ ਦੇ ਵਹੀਰ ਇਸ ਦਾਸਰੇ ਨੂੰ ਮਿਲਣ ਲਈ ਨਾਰੰਗਵਾਲ ਆਉਂਦੇ ਹੀ ਰਹੇ। ਅਖੰਡ ਕੀਰਤਨ ਦੀਆਂ ਧੁਨੀਆਂ ਗੂੰਜਦੀਆਂ ਰਹੀਆਂ।

ਅਖੰਡ ਪਾਠਾਂ ਤੇ ਅਖੰਡ ਕੀਰਤਨਾਂ ਦੇ ਸਮਾਗਮਾਂ ਦੀ ਤੇ ਆਉਣ ਵਾਲੀਆਂ ਸੰਗਤਾਂ ਦੀ ਬਹੁਲਤਾ ਦੇਖ ਕੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਆਦਿਕ ਸਾਡੇ ਸੁਹਿਰਦ ਸਜਣਾਂ ਦੇ ਨਾਲ ਇਹ ਗੁਰਮਤਾ ਕੀਤਾ ਕਿ ਅਖੰਡ ਕੀਰਤਨਾਂ ਅਤੇ ਅਖੰਡ ਪਾਠਾਂ ਦੇ ਸਮਾਗਮਾਂ ਲਈ ਹੇਠਾਂ ਥੋੜੀ ਜਗ੍ਹਾ ਤੇ ਗੁੰਜਾਇਸ਼ ਘਟ ਹੋਣ ਕਰਕੇ, ਉਪਰ ਦੁਹਾਸਮਾਂ ਕਮਰਾ ਖੁਲ੍ਹਾ ਬਰਾਂਡੇ ਸਮੇਤ ਤਾਮੀਰ ਕੀਤਾ ਜਾਵੇ। ਸੋ ਇਹ ਉਪਰਲਾ ਨਵੀਨ ਸਜਿਆ ਚੁਬਾਰਾ, ਜਿਥੇ ਹਰ ਗੁਰਪੁਰਬ ਸਪਤਮੀ ਦੇ ਸਮਾਗਮ ਤੇ ਹਰ ਸਾਲ ਦੇ ਸਾਲ ਨਾਰੰਗਵਾਲ ਵਿਖੇ ਬਿਅੰਤ ਗੁਰਮੁਖ ਸੰਗਤਾਂ ਆ ਜੁੜਦੀਆਂ ਹਨ, ਉਕਤ ਸਤਿਸੰਗ ਸਮਾਗਮੀ ਅਸਥਾਨ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਖ਼ਾਸ ਯਾਦਗਾਰ ਹੈ।

ਜਿੰਨੀਆਂ ਭੀ ਗੁਰਮਤਿ ਸੰਬੰਧੀ ਧਰਮ-ਪੁਸਤਕਾਂ ਅਸੀਂ ਲਿਖੀਆਂ ਹਨ ਤੇ ਸਤਿਗੁਰੂ ਨੇ ਸਾਥੋਂ ਲਿਖਾਈਆਂ ਹਨ, ਇਹ ਬਹੁਤਾ ਭਾਈ ਜੋਗਿੰਦਰ ਸਿੰਘ ਜੀ ਦੀ ਪ੍ਰੇਰਨਾ ਦਾ ਹੀ ਸਦਕਾ ਹੈ। ਉਹ ਵੀਰ ਸਿਰੀ ਭਾਈ ਜੋਗਿੰਦਰ ਸਿੰਘ ਜੀ ਗੁਰਮਤਿ ਅਸੂਲਾਂ ਦੀ ਮਹੱਤਤਾ ਨੂੰ ਗੁਰਬਾਣੀ ਦੀ ਸ਼ਬਦਾਵਲੀ ਵਿਚ ਹੀ ਗੁੰਫਤ ਕਰਨ ਦੇ ਅਤਿ ਦਰਜੇ ਦੇ ਮੁਸ਼ਤਾਕ ਸਨ। ਸਭ ਤੋਂ ਪਹਿਲੀ ਪੁਸਤਕ "ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ-ਪ੍ਰਸਤੀ ਹੈ?" ਸਿਰੀ ਭਾਇ ਜੋਗਿੰਦਰ ਸਿੰਘ ਜੀ ਨੇ ਹੀ ਪ੍ਰੇਰ

WWW.AKJ.ORG

WWW.AKJ.ORG


ਕੇ ਸਾਥੋਂ ਲਿਖਵਾਈ ਸੀ। ਅਜੇ ਅਸੀਂ ਜੇਲ੍ਹ ਨਹੀਂ ਗਏ ਸਾਂ, ਕਿ ਅਸਾਡੇ ਬਾਹਰ ਹੁੰਦਿਆਂ ਹੀ ਇਹ ਪੁਸਤਕ ਪਹਿਲੀ ਐਡੀਸ਼ਨ ਛਪ ਚੁਕੀ ਸੀ, ਪਰ ਅਸੀਂ ਆਪਣਾ ਨਾਉਂ ਇਸ ਪੁਸਤਕ ਦੇ ਕਰਤਾ ਦੀ ਹੈਸੀਅਤ ਵਿਚ ਨਹੀਂ ਛਪਾਇਆ ਸੀ। ਸਾਡੇ ਜਾਣ ਪਿਛੋਂ ਅਕਾਲੀ ਲਹਿਰ ਦੇ ਦਿਨਾਂ ਵਿਚ ਕਿਸੇ ਸੱਜਣ ਨੇ ਟਾਈਟਲ-ਪੇਜ ਬਦਲ ਕੇਸਾਡਾ ਨਾਮ ਵੀ ਛਾਪ ਦਿਤਾ।

ਭਾਈ ਜੋਗਿੰਦਰ ਸਿੰਘ ਜੀ ਦਾ ਸਰੀਰ ਚਾਹੇ ਇਤਨਾ ਰਿਸ਼ਟ ਪੁਸ਼ਟ ਨਹੀਂ ਸੀ, ਪਰ ਆਪਣੇ ਹੱਥੀਂ ਆਪਣੀ ਜ਼ਮੀਨ ਦੀ ਵਾਹੀ ਕਰ ਲਿਆ ਕਰਦੇ ਸਨ। ਪਟਿਆਲੇ ਛਾਉਣੀ ਦੇ ਨਿਕਟ ਹੀ ਬਡੂੰਗਰ ਨਗਰ ਦੀ ਜ਼ਮੀਨ ਵਿਚ ਇਨ੍ਹਾਂ ਨੇ ਆਪਣੀ ਕੋਠੀ ਪਾਈ ਹੋਈ ਸੀ, ਆਪਣੀ ਰਿਹਾਇਸ਼ ਲਈ। ਕੋਠੀ ਦੇ ਨਾਲ ਹੀ ਸੰਬਧਤ ਚਾਰ ਚੁਫੇਰੇ ਕਈ ਵਿਘਿਆਂ ਵਿਚ ਤਕੜੀ ਜ਼ਮੀਨ ਕਾਸ਼ਤ ਲਈ ਰੱਖੀ ਹੋਈ ਸੀ, ਆਪਣੇ ਹੱਥੀਂ ਆਪ ਕਾਸ਼ਤ ਕਰਿਆ ਕਰਦੇ ਸਨ। ਐਡੇ ਵਡੇ ਸਿਕਦਾਰ ਤੇ ਅਹਿਲਕਾਰ ਹੋਣ ਕਰਕੇ ਆਪਣੇ ਹੱਥੀਂ ਹਲ਼ ਵਾਹੁਣ ਦੀ ਰੰਚਕ ਕਾਣ ਨਹੀਂ ਕਰਦੇ ਸਨ।

ਅਸਾਡੀਆਂ ਸਿਰੀ ਭਾਈ ਜੋਗਿੰਦਰ ਸਿੰਘ ਜੀ ਨਾਲ ਸਚੀ ਪ੍ਰਮਾਰਥੀ ਪ੍ਰੀਤ ਦੀਆ ਐਸੀਆਂ ਪੀਡੀਆਂ ਗੰਢਾਂ ਪੈ ਗਈਆਂ ਸਨ ਕਿ ਅਸਾਨੂੰ, ਜਦੋਂ ਉਨ੍ਹਾਂ ਦਾ ਜੀਅ ਚਾਹੇ, ਸਚੀ ਆਤਮ-ਵਾਇਰਲੈੱਸ ਦੀ ਖਿਚ ਨਾਲ ਪਟਿਆਲੇ ਖਿਚ ਲੈਂਦੇ ਸਨ ਅਤੇ ਹਫ਼ਤਿਆਂ ਬਧੀ ਉਥੇ ਰਖ ਕੇ ਭੀ ਸੰਤੁਸ਼ਟ ਨਹੀਂ ਹੁੰਦੇ ਸਨ। ਫੇਰ ਖੇਡ ਐਸੀ ਵਾਪਰੀ ਕਿ ਉਨ੍ਹਾਂ ਦੀ ਸਿਹਤ ਬਹੁਤ ਕਮਜ਼ੋਰ ਹੋ ਗਈ, ਸਰੀਰ ਦਿਨੋ ਦਿਨ ਨਿਰਬਲ ਹੁੰਦਾ ਜਾਂਦਾ ਸੀ, ਗੁਰੂ ਵਰੋਸਾਈ ਦਿਬ-ਦ੍ਰਿਸ਼ਟੀ ਦੀ ਕਲਾ ਵਿਚ ਨਿਪੁੰਨ ਹੋਣ ਕਰਿ, ਉਨ੍ਹਾਂ ਨੇ ਇਕ ਦਿਨ ਸਪੱਸ਼ਟ ਆਖ ਹੀ ਦਿਤਾ ਕਿ ਸਰੀਰ ਕਰਕੇ ਸਾਡੇ ਸਰੀਰ ਦੇ ਅਲੋਪ ਹੋ ਜਾਣ ਦਾ ਸਮਾਂ ਨੇੜੇ ਹੀ ਪ੍ਰਤੀਤ ਹੁੰਦਾ ਹੈ, ਜਿਗਰੀ ਇਛਾ ਅਭਿਲਾਖਾ ਇਹ ਹੀ ਹੈ, ਜੋ ਉਨ੍ਹਾਂ ਨੇ ਨੈਨ ਪੁਲਕ੍ਰਿਤ ਹੋ ਕੇ ਦਾਸ ਅਗੇ ਹਾਜ਼ਰ ਕੀਤੀ, ਕਿ ਅੰਤ ਸਮੇਂ ਤੁਸੀਂ ਸਾਡੇ ਸਨਮੁਖ ਬੈਠੇ ਹੋਵੋ, ਸਰੀਰ ਦਾ ਹੁਣ ਵਿਸਾਹ ਕੁਝ ਨਹੀਂ ਹੈ, ਤੁਸੀਂ ਹੁਣ ਸਾਡੇ ਪਾਸੋਂ ਜਾਵੋ ਨਾ, ਏਥੇ ਹੀ ਰਵੋ। ਦਾਸ ਨੂੰ ਉਨ੍ਹਾਂ ਦੇ ਪ੍ਰੇਮ ਪਰਾਇਣ ਹੋ ਕੇ ਉਨ੍ਹਾਂ ਦੀ ਸਾਰੀ ਗੱਲ ਮੰਨਣੀ ਪਈ ਅਤੇ ਦਾਸ ਦੀ ਇੱਛਾ ਭੀ ਇਹ ਸੀ, ਕਿ ਜਿਤਨੀ ਉਨ੍ਹਾਂ ਦੀ ਸੇਵਾ ਕਰ ਲਈਏ, ਥੋੜੀ ਹੈ। ਜਿਉਂ ਜਿਉਂ ਉਨ੍ਹਾਂ ਦਾ ਸਰੀਰ ਲਿੱਸਾ ਹੁੰਦਾ ਗਿਆ, ਤਿਉਂ ਤਿਉਂ ਉਨ੍ਹਾਂ ਦਾ ਅਖੰਡਾਕਾਰ ਅਭਿਆਸ ਦਿਨੋ ਦਿਨ ਤੇ ਖਿਨੋ ਖਿਨ ਅਤਿ ਚੜ੍ਹਦੀ ਕਲਾ ਵਿਚ ਵਧਦਾ ਗਿਆ। ਉਨ੍ਹਾਂ ਨੇ ਆਪਣੇ ਚਲਾਣੇ ਤੋਂ ਪਹਿਲਾਂ ਮਾਸਟਰ ਜੋਗਿੰਦਰ ਸਿੰਘ ਜੀ ਬਡੂੰਦੀ ਵਾਲੇ ਨੂੰ ਵੀ ਆਪਣੇ ਪਾਸ ਬੁਲਾ ਲਿਆ ਸੀ। ਚੇਹਰੇ ਤੇ ਰੰਚਕ ਮਲਾਲ ਨਹੀਂ ਆਇਆ, ਜਲਾਲ ਹੀ



ਜਲਾਲ ਪਸਰਦਾ ਗਿਆ।

"ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ"* ਵਾਲਾ ਪਰਤੱਖ ਦ੍ਰਿਸ਼ ਬੱਝ ਗਿਆ। ਚਲਾਣੇ ਦਾ ਸਮਾਂ ਨਿਕਟ ਆਉਣ ਤੋਂ ਪਹਿਲਾਂ ਉਨ੍ਹਾਂ (ਸਿਰੀ ਭਾਈ ਜੋਗਿੰਦਰ ਸਿੰਘ ਜੀ ) ਨੇ ਆਪਣੀ ਤੀਬਰ ਅੰਤਰੀਵੀ ਇਛਾ ਇਹ ਪਰਗਟ ਕੀਤੀ ਕਿ ਸੰਸਾਰਕ ਫੁਰਨੇ-ਕੁਫੁਰਨੇ ਅਤੇ ਬਿਵਹਾਰਕ ਸੰਕਲਪ ਵਿਕਲਪ ਦਾ ਹੁਣ ਉੱਕਾ ਹੀ ਅਭਾਵ ਹੋ ਜਾਣਾ ਚਾਹੀਦਾ ਹੈ। ਇਸ ਨਮਿਤ ਗੁਰਬਾਣੀ ਦੇ ਲਗਾਤਾਰ ਅਖੰਡ-ਪਾਠ ਦੀ ਧੁਨੀ ਹੀ ਸੁਣਾਈ ਦੇਵੇ ਤਾਂ ਬੜੀ ਕਿਰਪਾਲਤਾ ਹੋਵੇਗੀ। ਇਸ਼ਾਰਾ ਪਾਉਣ ਸਾਰ ਹੀ ਮਾਸਟਰ ਜੋਗਿੰਦਰ ਸਿੰਘ ਜੀ ਨੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਨੇ ਅਰੰਭ ਦਿਤੇ। ਫੇਰ ਇਹ ਤਜਵੀਜ਼ ਕੀਤੀ ਗਈ ਕਿ ਉਨ੍ਹਾਂ ਦੇ ਪਾਸ ਹੀ ਇਕ ਉਚਾ ਪਲੰਘ ਡਹਾ ਵਿਛਾ ਕੇ ਰੇਹਲ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸ਼ੇਂਚੀਆਂ ਦਾ ਪਾਠ ਸੈਂਚੀ-ਵਾਰ ਅਰੰਭ ਕੀਤਾ ਜਾਵੇ, ਤੇ ਦਿਨ ਰਾਤ ਜਾਰੀ ਰਹੇ।

ਇਸ ਕਾਰਜ ਵਿਚ ਅਸਾਨੂੰ ਮਿਲਟਰੀ ਕੈਪਟਨ ਸਰਦਾਰ ਤ੍ਰਿਲੋਚਨ ਲਾਭ ਸਿੰਘ ਜੀ ਨੇ ਬੜੀ ਸਹਾਇਤਾ ਦਿਤੀ। ਉਹਨਾਂ ਨੇ ਆਪਣੀ ਫ਼ੌਜ ਦੇ ਚੋਣਵੇਂ ਅਖੰਡ ਪਾਠੀ ਗੁਰਮੁਖ ਜਨ ਅਖੰਡ ਪਾਠ ਦੀ ਸੇਵਾ ਲਈ ਸਮਰਪਣ ਕੀਤੇ। ਇਨ੍ਹਾਂ ਅਖੰਡਪਾਠੀਆਂ ਵਿਚ ਪੰਜੋਖਰਾ ਸਾਹਿਬ ਦੇ ਗੁਰਮੁਖ ਵੀਰ ਸਿਰੀ ਭਾਈ ਆਤਮਾ ਸਿੰਘ ਜੀ ਵੀ ਸਨ, ਜੋ ਉਸ ਸਮੇਂ ਅਜੇ ਨਵ-ਯੁਵਕ ਅਨਦਾੜ੍ਹੀਏ ਨੌਨਿਹਾਲ ਹੀ ਸਨ। ਇਹ ਅਸਾਡੀ ਪੰਜੋਖਰਾ ਸਾਹਿਬ ਵਾਲੇ ਵੀਰ ਭਾਈ ਆਤਮਾ ਸਿੰਘ ਜੀ ਨਾਲ ਪਹਿਲੀ ਪ੍ਰੇਮ ਜਾਣ ਪਛਾਣ ਵਾਲੀ ਗੰਢ ਪਈ, ਅਤੇ ਐਸੀ ਪਈ ਕਿ ਅਜ ਤਕ ਪਈ ਹੀ ਰਹੀ। ਇਸ ਵੀਰ ਦੇ ਘਟ ਅੰਦਰ ਪਹਿਲਾਂ ਹੀ ਸਾਡੇ ਸੰਬੰਧੀ ਅਥਾਹ ਪ੍ਰਮਾਰਥੀ ਪ੍ਰੀਤ ਸੁਲਗ ਰਹੀ ਸੀ। ਸਿਰੀ ਭਾਈ ਜੋਗਿੰਦਰ ਸਿੰਘ ਜੀ ਦੇ ਚਲਾਣੇ ਦੇ ਨਜ਼ਾਰੇ ਦਾ ਭਾਈ ਆਤਮਾ ਸਿੰਘ ਜੀ ਦੀ ਬਿਰਤੀ ਤੇ ਹੋਰ ਵੀ ਵਧੇਰਾ ਅਸਰ ਪਿਆ। ਜਿਉਂ ਜਿਉਂ ਅਖੰਡ ਪਾਠ ਹੋਵੇ, ਤਿਉਂ ਤਿਉਂ ਸਿਰੀ ਭਾਈ ਜੋਗਿੰਦਰ ਸਿੰਘ ਜੀ ਦਾ ਨਾਮ ਅਭਿਆਸੀ ਖੰਡਾ ਹੋਰ ਵੀ ਜ਼ੋਰ ਜ਼ੋਰ ਦਾ ਖੜਕੇ।ਅੰਤ ਅਵਸਰੀ ਪ੍ਰੇਮ-ਪੰਘੂੜੇ ਤੇ ਇਕ ਦਿਬਯ ਮੂਰਤੀ ਦੇਵਤੇ ਦੀ ਨਿਆਈਂ ਸਿਰੀ ਭਾਈ ਜੋਗਿੰਦਰ ਸਿੰਘ ਜੀ, ਗੁਰੂ ਘਰ ਦੇ ਬੇਮਿਸਾਲ ਗੁਰਮੁਖ ਦੇਵਤਾ ਬਿਰਾਜੇ ਪਏ ਹਨ।ਰਸਨਾ ਤੇ ਸੁਆਸ ਨਾਮ ਦੇ ਅਖੰਡਾਕਾਰ ਅਭਿਆਸ ਵਿਚ ਜੁੜੇ ਹੋਏ ਹਨ। ਦੋਈ ਕਰ-ਕੰਵਲ ਜੁੜੇ ਹੋਏ ਹਨ। ਐਸਾ ਸਪੱਸ਼ਟ ਜਾਪਦਾ ਹੈ ਕਿ ਗੁਰੂ ਅਕਾਲ ਪੁਰਖ ਦੇ ਪਰਤੱਖ ਦੀਦਾਰੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਹੋ ਰਹੇ ਹਨ, ਜਿਸ ਦੀਦਾਰੇ ਨੂੰ ਪੇਖ ਪੇਖ ਕੇ ਵਿਗਸ ਰਹੇ ਹਨ ਅਤੇ ਮੰਦ ਮੰਦ ਮੁਸਕਰਾ ਰਹੇ ਹਨ। ਮਸਤਕ ਚਿਹਰੇ ਉਤੇ ਅਜ਼ਗੈਬੀ ਨੂਰ ਆਇਆ ਹੈ। ਅਸੀਂ ਸਨਮੁਖ ਬੈਠੇ

*ਰਾਮਕਲੀ ਮ: ੧, ਸਿਧ ਗੋਸਟਿ (ਪਉੜੀ ੨੭), ਪੰਨਾ ੯੪੧

WWW.AKJ.ORG

WWW.AKJ.ORG


ਇਸ ਅਦੁੱਤੀ ਦ੍ਰਿਸ਼ ਦਾ ਅਨੰਦ ਮਾਣ ਰਹੇ ਹਾਂ। ਬਾਣੀ ਦਾ ਅਖੰਡ ਪਾਠ ਵੀ ਖ਼ੂਬ ਰੰਗਾਂ ਵਿਚ ਹੋ ਰਿਹਾ ਹੈ। ਅਤੇ ਦਿਬ ਦੀਦਾਰਿਆਂ ਦੇ ਅਨੰਦ ਭੀ ਖ਼ੂਬ ਬਝ ਰਹੇ ਹਨ। ਭਾਈ ਜੋਗਿੰਦਰ ਸਿੰਘ ਜੀ ਦੇ ਨੈਣ ਮੁੰਦੇ ਹੋਏ ਨਹੀਂ, ਖੁਲ੍ਹੇ ਖਿੜੇ ਹੋਏ ਹਨ। ਅਗੰਮੀ ਝਾਕੀ ਝਾਕਦੇ ਮੇਰੇ ਵਲ ਵੀ ਰਸ-ਵਿਗਾਸਨੀ-ਦ੍ਰਿਸ਼ਟੀ ਪਾ ਜਾਂਦੇ ਹਨ। ਪਰਮ ਪ੍ਰਸੰਨਤਾ ਪੂਰਬਕ ਗੁਰਪੁਰੀ ਨੂੰ ਪਧਾਰਨ ਦੇ ਤਿਆਰੇ ਨਿਕਟ ਹੀ ਜਾਪਦੇ ਹਨ। ਉਹਨਾਂ ਦੇ ਜ਼ੋਰੋ ਜ਼ੋਰ ਨਾਮ ਅਭਿਆਸੀ ਰਸਨਾ ਦੀ ਗੁਰਰਾਹਟ ਨੇ ਸਾਰਿਆਂ ਦੀਆਂ ਸਮਾਧੀਆਂ ਲਾ ਦਿਤੀਆਂ। ਇਹ ਸਾਵਧਾਨਤਾ ਸਹਿਤ ਲਗੀਆਂ ਸਦ-ਸੁਜਾਗ ਸਮਾਧੀਆਂ ਹਨ। ਸਮਾਂ ਅਤਿ ਨੇੜੇ ਹੀ ਆ ਜਾਣ ਕਰਿ, ਦਾਸ ਦੀ ਨਿਗਾਹ ਖ਼ਾਸ ਤੌਰ ਪਰ ਸਿਰੀ ਵੀਰ ਜੋਗਿੰਦਰ ਸਿੰਘ ਜੀ ਦੇ ਮੁਖਾਰਬਿੰਦ ਵਲ ਹੀ ਟਿਕ ਗਈ, ਜੀਭ ਤੇ ਬੁਲ੍ਹਾਂ ਦੀ ਕ੍ਰਾਂਤ ਅਤਿਅੰਤ ਹੀ ਅਦਿਭੁਤ ਦੇਖੀ ਗਈ ਹੈ। ਓੜਕ 'ਗੁਰੂ' 'ਗੁਰੂ' ਦੀ ਹੀ ਧੁਨੀ ਦੀ ਧੁੰਨਕਾਰ ਹੋਈ ਅਤੇ ਉਹਨਾਂ ਦੇ ਸੁਆਸ ਸਰੀਰ ਵਿਚੋਂ ਇਸ ਧੁਨੀ ਦੇ ਨਾਲ ਹੀ ਨਿਕਲ ਗਏ।

ਸਾਨੂੰ ਪੱਕਾ ਯਕੀਨ ਹੈ ਕਿ ਸਿਰੀ ਭਾਈ ਜੋਗਿੰਦਰ ਸਿੰਘ ਜੀ ਸਿੱਧੇ ਗੁਰਪੁਰੀ ਵਿਚ ਹੀ ਜੋਤੀ ਜੋਤਿ ਸਮਾਏ। ਅਖੰਡ ਕੀਰਤਨ ਧੁਨੀਆਂ ਦੀ ਅਨਹਦ ਝੁਨਕਾਰ ਉਠੀ ਅਤੇ ਖੇਡ ਖ਼ਤਮ ਹੋ ਗਈ।

-0-

*ਨੋਟ**: – ਆਪ ਦੀ ਸਿਆਣਪ, ਅਸੂਲ-ਪ੍ਰਸਤੀ ਤੇ ਉੱਚ ਆਚਰਨ ਆਦਿ ਗੁਣ ਮੰਨੇ ਪ੍ਰਮੰਨੇ ਸਨ, ਜਦ ਕਦੇ ਬਚਨ ਬਿਲਾਸ ਕਰਦੇ ਹੋਏ ਗੁਰਬਾਣੀ ਦੀ ਵਿਆਖਿਆ ਕਰਦੇ ਤਾਂ ਰੰਗ ਬੰਨ੍ਹ ਦਿਆ ਕਰਦੇ ਸਨ। ਆਪ ਜੈਸੇ ਦ੍ਰਿੜ੍ਹ-ਵਿਸ਼ਵਾਸੀ ਤੇ ਸਿਦਕ ਭਰੋਸਾ ਤੇ ਸੱਚਾ ਪੰਥਕ ਦਰਦ ਰਖਣ ਵਾਲੇ ਵਿਰਲੇ ਹੀ ਸੱਜਣ ਹੋਣਗੇ। ਅਕਸਰ ਸੇਵਾ ਕਰਨ ਵਾਲਿਆਂ ਨੂੰ ਕਰੈਡਿਟ ਲੈਣ ਯਾ ਵਾਹਵਾ ਹਾਸਲ ਕਰਨ ਦੀ ਬੜੀ ਲਾਲਸਾ ਹੁੰਦੀ ਹੈ, ਪਰ ਆਪ ਇਕ ਨਿਸ਼ਕਾਮ ਸੇਵਕ ਸਨ। ਦੁਨਿਆਵੀ ਤੌਰ ਪਰ ਭਾਵੇਂ ਆਪ ਨੂੰ ਕਈ ਔਕੜਾਂ ਤੇ ਤਕਲੀਫ਼ਾਂ ਭੀ ਪੇਸ਼ ਆਈਆਂ, ਪਰ ਆਪ ਨੇ ਆਪਣੇ ਅਸੂਲ ਨੂੰ ਕਦੇ ਨ ਛਡਿਆ। ਆਪ ਦਾ ਪਿੰਡ ਰਾਇਪੁਰ ਜ਼ਿਲਾ ਲੁਧਿਆਣਾ ਸੀ, ਪਰੰਤੂ ਮੁਢ ਅਵਸਥਾ ਤੋਂ ਹੀ ਪਟਿਆਲੇ ਹੀ ਰਿਹਾ ਕਰਦੇ ਸਨ, ਜਿਥੇ ਪਹਿਲਾਂ ਆਪ ਗੋਲਕ-ਅਫਸਰ ਸਨ। ਖ਼ਲੀਫ਼ਿਆਂ ਦੇ ਵੇਲੇ ਆਪ ਨੂੰ ਵਡੇ ਵਜ਼ੀਰ ਨੇ, ਇਨ੍ਹਾਂ ਦੇ ਉਸਤਾਦ ਰਾਹੀਂ ਸੁਨੇਹਾ ਭੇਜਿਆ, ਜਿਸ ਦਾ ਮਤਲਬ ਇਹ ਸੀ ਕਿ ਸਰਦਾਰ ਸਾਹਿਬ ਉਹਨਾਂ ਦੇ ਇਸ਼ਾਰੇ ਤੇ ਚਲਣ ਤੇ ਉਨ੍ਹਾਂ ਦੇ ਹਥ-ਠੋਕੇ ਬਣ ਕੇ ਕੰਮ ਕਰਨ ਤੇ ਸਿਖ ਮੁਫ਼ਾਦ ਦਾ ਖ਼ਿਆਲ ਨ ਕਰਨ। ਉਸ ਵੇਲੇ ਸਰਦਾਰ ਹੋਰਾਂ ਸਾਫ਼ ਉੱਤਰ ਦਿਤਾ ਸੀ ਕਿ 'ਮੈਂ ਸਿਖ ਰਿਆਸਤ ਤੇ ਸਿਖ ਮਹਾਰਾਜੇ ਦੇ ਖ਼ਿਲਾਫ਼ ਕੰਮ ਨਹੀਂ ਕਰ ਸਕਦਾ।'

---

*ਇਹ ਨੋਟ ਗਯਾਨੀ ਨਾਹਰ ਸਿੰਘ ਜੀ ਲਿਖਿਤ ਹੈ।



ਆਪ ਨੇ ਪੰਥ ਦੇ ਹਿਤ ਤੇ ਸਿੱਖ ਪੰਥ ਦੇ ਸਮੁੱਚੇ ਭਲੇ ਨੂੰ ਸਦਾ ਮੁਖ ਰਖਿਆ। ਜਿਥੋਂ ਤਕ ਹੋ ਸਕਿਆ, ਇਸ ਲਈ ਪੂਰਾ ਪੂਰਾ ਯਤਨ ਕੀਤਾ ਹੈ। ਚੁਨਾਂਚਿ ੧੯੨੯ ਵਿਚ ਪਟਿਆਲਾ ਐਜੀਟੇਸ਼ਨ ਦੇ ਦਿਨਾਂ ਵਿਚ ਪੰਥ ਤੇ ਪਟਿਆਲੇ ਦਾ ਝਗੜਾ ਹੋਇਆ ਕਿ ਬਾਬਾ ਖੜਕ ਸਿੰਘ ਜੀ ਤੇ ਮਾਸਟਰ ਤਾਰਾ ਸਿੰਘ ਜੀ ਆਦਿ ਨਾਲ ਵਿਚਾਰ ਕਰ ਕੇ ਇਕ ਐਲਾਨ ਤਿਆਰ ਕੀਤਾ ਗਿਆ। ਇਹ ਐਲਾਨ ਓਹੋ ਸੀ, ਜੋ ੨੪ ਫ਼ਰਵਰੀ ੧੯੨੯ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪਰ ਬਬਾ ਖੜਕ ਸਿੰਘ ਜੀ ਵਲੋਂ ਪਟਿਆਲਾ ਮੋਰਚੇ ਨੂੰ ਬੰਦ ਕਰਨ ਤੇ ਚੰਗੇ ਹਾਲਾਤ ਪੈਦਾ ਕਰਨ ਲਈ ਪੜ੍ਹ ਕੇ ਸੁਣਾਇਆ ਗਿਆ ਸੀ। ਜੇ ਵੁਸ ਸਮੇਂ ਰਿਆਸਤ ਦੇ ਅਹਿਲਕਾਰ ਮੌਕਾ ਸੰਭਾਲਦੇ ਤੇ ਸ: ਸੇਵਾ ਸਿੰਘ ਨੂੰ ਜਦੇ ਰਿਹਾ ਕਰ ਦਿਤਾ ਜਾਂਦਾ (ਜਿਨ੍ਹਾਂ ਨੂੰ ਕਿ ਫੇਰ ਅਗਸਤ ੧੯੨੯ ਵਿਚ ਰਿਹਾ ਕੀਤਾ ਗਿਆ) ਤਾਂ ਹੀ ਪੰਥ ਤੇ ਪਟਿਆਲੇ ਦੇ ਹਾਲਾਤ ਠੀਕ ਹੋ ਜਾਂਦੇ।

ਗੁਰਦੁਆਰਾ ਸੁਧਾਰ ਲਹਿਰ ਸਮੇਂ ਭਾਵੇਂ ਆਪ ਦਾ ਸਰੀਰ ਕਮਜ਼ੋਰ ਸੀ, ਫਿਰ ਵੀ ਆਪ ਸ਼੍ਰੋਮਣੀ ਕਮੇਟੀ ਦੇ ਦੂਜੇ ਜਥੇ ਵਿਚ ਜੇਲ੍ਹ-ਯਾਤਰਾ ਨੂੰ ਗਏ। ਦੋ ਸਾਲ ਜੇਲ੍ਹ ਯਾਤਰਾ ਕੀਤੀ। ਜੇਲ੍ਹ ਵਿਚ ਆਪ ਸਖ਼ਤ ਬੀਮਾਰ ਰਹੇ, ਐਥੋਂ ਤਕ ਕਿ ਜੇਲ੍ਹ ਤੋਂ ਆ ਕੇ ਮੁੜ ਆਪ ਦੀ ਸਿਹਤ ਪੂਰੀ ਤਰ੍ਹਾਂ ਠੀਕ ਨਾ ਹੋਈ। ਉਪਰੰਤ ੧੯੨੬ ਤੋਂ ੧੯੨੯ ਤਕ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ। ਇਸ ਤੋਂ ਪਹਿਲਾਂ ਸਿੰਘ ਸਭਾ ਲਹਿਰ ਸਮੇਂ ਆਪ ਪੰਥਕ ਦੀਵਾਨਾਂ ਤੇ ਗੁਰਮਤਿ ਪ੍ਰਚਾਰ ਦੇ ਕੰਮਾਂ ਵਿਚ ਹਿੱਸਾ ਲੈਂਦੇ ਰਹੇ, ਸਿੰਘ ਸਭਾ ਪਟਿਆਲਾ ਦੇ ਸੈਕਟਰੀ ਰਹੇ। ਪਟਿਆਲਾ ਬੈਂਕ ਆਪ ਦੀ ਤਜਵੀਜ਼ ਤੇ ਸਕੀਮ ਦਾ ਸਿੱਟਾ ਹੈ। ਗੱਲ ਕੀ, ਆਪ ਆਯੂ ਪਰਯੰਤ ਗੁਰਮਤਿ ਦੀ ਰਹਿਣੀ, ਗੁਰਸਿਖੀ ਦੇ ਪਰਚਾਰ ਤੇ ਪੰਥਕ ਸੇਵਾ ਵਿਚ ਜੁਟੇ ਰਹੇ। ਆਪ ਦੀਆਂ ਕੌਮੀ ਸੇਵਾ ਦੀਆਂ ਕਈ ਵਿਥਿਆ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਆਪ ਨੂੰ ਕਿੰਨੀਆਂ ਅਜ਼ਮਾਇਸ਼ਾਂ ਵਿਚ ਦੀ ਲੰਘਣਾ ਪਿਆ। ਸ: ਕਰਮ ਸਿੰਘ ਜੀ ਹਿਸਟੋਰੀਅਨ ਨੂੰ ਪਟਿਆਲੇ ਲੈ ਜਾ ਕੇ ਤਵਾਰੀਖ਼ ਦੀ ਖੋਜ ਦੇ ਕੰਮ ਪਰ ਪਾਉਣ ਵਾਲੇ ਆਪ ਹੀ ਸਨ।

੧੯੩੨ ਵਿਚ ਆਪ ਨੇ ਗੱਲਬਾਤ ਕਰਦਿਆਂ ਕਿਹਾ ਕਿ ਅੰਗਰੇਜ਼ ਨੂੰ ਜਿਤਨਾ ਰਿਆਸਤੀ ਲੋਕ ਸਮਝਦੇ ਹਨ, ਉਤਨਾ ਕਾਂਗਰਸੀ ਲੀਡਰ ਨਹੀਂ ਸਮਝ ਸਕਦੇ। ਅੰਗਰੇਜ਼ ਸੌਦਾਬਾਜ਼ ਹੈ, ਮਹਾਤਮਾ ਗਾਂਧੀ ਤੇ ਹੋਰ ਕਾਂਗਰਸੀ ਲੀਡਰ ਮੁਸਲਿਮ ਲੀਗ ਨੂੰ ਜਿਤਨਾ ਖ਼ੁਸ਼ ਕਰਨ ਦਾ ਯਤਨ ਕਰ ਰਹੇ ਹਨ, ਉਤਨਾ ਹੀ ਅੰਗਰੇਜ਼ ਸੌਦਾ ਮਹਿੰਗਾ ਕਰ ਰਿਹਾ ਹੈ। ਓੜਕ ਕਾਂਗਰਸੀਆਂ ਨੂੰ ਨੁਕਸਾਨ ਉਠਾਉਣਾ ਤੇ ਪਛਤਾਉਣਾ ਪਵੇਗਾ। ਚੰਗਾ ਇਹ ਹੈ ਕਿ ਕਾਂਗਰਸ-ਮੁਸਲੀਮ ਲੀਗ ਨੂੰ ਖ਼ੁਸ਼ ਕਰਨ ਦੀ ਪਾਲਿਸੀ ਛਡ ਦੇਵੇ ਤੇ ਐਲਾਨ ਕਰ ਦੇਵੇ ਕਿ ਅਸੀਂ ਇਸ ਪਿਛਾ-ਖਿਚੂ ਜਮਾਤ ਨਾਲ ਗੱਲ ਕਰਨਾ ਨਹੀਂ ਚਾਹੁੰਦੇ, ਨਤੀਜਾ ਇਹ ਹੋਵੇਗਾ ਕਿ ਅੰਗਰੇਜ਼ ਵੀ ਮੁਸਲਿਮ-ਲੀਗ ਨੂੰ ਛਡ ਦੇਵੇਗਾ।

ਆਪ ਦੀ ਇਹ ਗੱਲ ਸੱਚ ਹੋ ਗਈ ਕਿ ਮੁਸਲਿਮ-ਲੀਗ ਨੇ ਜ਼ੋਰ ਫੜ ਕੇ ਅੰਗਰੇਜ਼ ਦੀ ਸ਼ਹਿ ਨਾਲ ਮੁਲਕ ਦੀ ਵੰਡ ਕਰਾ ਦਿਤੀ ਤੇ ਕਾਂਗਰਸ ਨੂੰ ਮਜਬੂਰ ਹੋ ਕੇ ਇਹ ਵੰਡ ਮੰਨਣੀ ਪਈ ਤੇ ਪਛਤਾਵਾ ਕਾਂਗਰਸ ਦੇ ਪੱਲੇ ਰਿਹਾ। ਆਪ ੨੧ ਅਪ੍ਰੈਲ ੧੯੩੬ ਸ਼ਾਮ ਸਾਢੇ ਅੱਠ ਬਜੇ ਇਸ ਅਸਾਰ ਸੰਸਾਰ ਤੋਂ ਚਲਾਣਾ ਕਰ ਕੇ ਗੁਰਪੁਰੀ ਜਾ ਬਿਰਾਜੇ।

**(ਨਾਹਰ ਸਿੰਘ ਗਯਾਨੀ)**

WWW.AKJ.ORG

WWW.AKJ.ORG

੨੧

# ਸਿਰੀ ਬੀਬੀ ਜੋਗਿੰਦਰ ਕੌਰ ਜੀ

ਨਿਕੜੀ ਜਿੰਦ ਅਤੇ ਵੱਡੇ ਸਾਕੇ ਵਾਲੀ ਕਹਾਉਤ ਇੰਨ ਬਿੰਨ ਏਸੇ ਬੀਬੀ ਦੇ ਜੀਵਨ ਤੇ ਘਟਦੀ ਹੈ। ਇਹ ਬੀਬੀ ਅਸਾਡੇ ਸਾਥੀ ਮਿੱਤਰ ਸਿਰੀ ਭਾਈ ਸੁਰਜਨ ਸਿੰਘ ਜੀ (ਗੁਜਰਵਾਲ ਨਿਵਾਸੀ) ਦੀ ਸੁਪਤਨੀ ਸੀ । ਦੁਆਬੇ ਦੇ ਪਿੰਡ ਮੁਠਡੇ ਵਿਚ ਇਸ ਬੀਬੀ ਦਾ ਜਨਮ ਹੋਇਆ ਸੀ, ਨਾਮਧਾਰੀਆਂ ਦੇ ਉਘੇ ਘਰਾਣੇ ਵਿਚ। ਏਧਰ ਇਨ੍ਹਾਂ ਦੇ ਪਤੀ ਭਾਈ ਸੁਰਜਨ ਸਿੰਘ ਜੀ ਪ੍ਰਸਿਧ ਨਾਮਧਾਰੀ ਘਰਾਣੇ ਵਿਚੋਂ ਸਨ। ਗੁਰੂ ਦੀ ਨੇਤ ਅਨੁਸਾਰ ਭਾਈ ਸੁਰਜਨ ਸਿੰਘ ਜੀ ਜਥੇ ਪਾਸੋਂ ਅੰਮ੍ਰਿਤ ਛਕਣ ਨੂੰ ਤਿਆਰ ਹੋ ਗਏ ਤਾਂ ਜਥੇ ਦੇ ਅਸੂਲਾਂ ਅਨੁਸਾਰ ਇਨ੍ਹਾਂ ਦੀ ਸੁਪਤਨੀ ਬੀਬੀ ਜੋਗਿੰਦਰ ਕੌਰ ਨੂੰ ਭੀ ਅੰਮ੍ਰਿਤ ਛਕਣ ਲਈ ਤਿਆਰ-ਬਰ-ਤਿਆਰ ਹੋਣਾ ਪਿਆ। ਸਿਰੀ ਬੀਬੀ ਜੋਗਿੰਦਰ ਕੌਰ ਜੀ ਨੂੰ ਇਨ੍ਹਾਂ ਦੇ ਪੇਕਿਆਂ ਵਲੋਂ ਪ੍ਰਬਲ ਪ੍ਰੇਰਨਾ ਹੋਈ ਕਿ ਅੰਮ੍ਰਿਤ ਨਾ ਛਕਣ, ਬਲਕਿ ਭਾਈ ਸੁਰਜਨ ਸਿੰਘ ਜੀ ਨੂੰ ਤਿਆਗ ਦੇਣ। ਬੀਬੀ ਜੀ ਨੇ ਬੜੇ ਦਲੇਰਾਨਾ ਤੌਰ ਤੇ ਜਵਾਬ ਦਿਤਾ ਕਿ "ਜਿਨ੍ਹਾਂ ਨੂੰ ਤੁਸੀਂ ਮੇਰੇ ਸਿਰ ਦੇ ਸਾਈਂ ਥਾਪ ਚੁਕੇ ਹੋ, ਹੁਣ ਕਿਹੜੀ ਜ਼ਬਾਨ ਨਾਲ ਉਨ੍ਹਾਂ ਨੂੰ ਤਲਾਕ ਦੇਣ ਲਈ ਪ੍ਰੇਰਦੇ ਹੋ। ਮੇਰਾ ਧਰਮ ਤਾਂ ਹੁਣ ਇਨ੍ਹਾਂ ਦੇ ਨਾਲ ਹੀ ਹੈ। ਜਿਸ ਪ੍ਰਕਾਰ ਆਪਣੇ ਪਤੀ ਜੀ ਨੂੰ ਖ਼ਾਸ ਵਿਲੱਖਣਤਾ ਜਥੇ ਤੋਂ ਅੰਮ੍ਰਿਤ ਛਕਣ ਦੀ ਪ੍ਰਤੀਤ ਹੋਈ, ਉਸ ਤੋਂ ਵਧ ਕੇ ਮੇਰੇ ਹਿਰਦੇ ਵਿਚ, ਪ੍ਰਤੀਤ-ਪ੍ਰਤਿਸ਼ਟਾ ਸੁਲਘ ਰਹੀ ਹੈ। ਉਹ ਵੀ ਕੋਈ ਪਾਪ ਨਹੀਂ ਕਰ ਰਹੇ, ਮੈਂ ਭੀ ਕੋਈ ਪਾਪ ਨਹੀਂ ਕਰ ਰਹੀ।" ਬੀਬੀ ਜੀ ਨੂੰ ਪੇਕਿਆਂ ਵਲੋਂ ਧਕੇ ਜਾਣ ਦੀ ਧਮਕੀ ਭੀ ਦਿਤੀ ਗਈ। ਬੀਬੀ ਜੀ ਰਤਾ ਭਰ ਵੀ ਨਹੀਂ ਡੋਲੇ।

ਏਧਰ ਬੀਬੀ ਜੀ ਦਾ ਸਹੁਰਾ ਵੀ ਕੱਟੜ ਵਿਰੋਧੀ ਸੀ, ਉਸ ਨੇ ਬੜੇ ਬੜੇ ਲਾਲਚ ਬੀਬੀ ਨੂੰ ਦਿਖਾਏ ਕਿ ਮੈਂ ਸਾਰੀ ਜਾਇਦਾਦ ਤੇਰੇ ਨਾਮ ਲਾ ਦਿਆਂਗਾ ਜੇ ਅੰਮ੍ਰਿਤ ਨ ਛਕੇਂ। ਦਲੇਰ ਬੀਬੀ ਜੋਗਿੰਦਰ ਕੌਰ ਨੇ ਕਿਹਾ ਕਿ ਆਪਣੇ ਪਤੀ ਨਾਲ ਭੀਖ ਮੰਗ ਕੇ ਖਾ ਲਵਾਂਗੀ। ਜੇ ਤੁਸੀਂ ਸਿਧੀਆਂ ਨੀਅਤਾਂ ਰਖੋਗੇ ਤਾਂ ਉਨ੍ਹਾਂ ਦੀ ਧਰਮਗ ਪਤਨੀ ਬਣ ਕੇ ਰਹਾਂਗੀ। ਗੱਲ ਕੀ, ਸਾਰੇ ਮਰਹਲੇ ਤੈਅ ਕਰ ਕੇ ਬੀਬੀ ਜੀ ਜਹਾਜ਼ੇ ਚੜ੍ਹ ਗਏ। ਪਤੀ ਜੀ ਦੇ ਨਾਲ ਜਥੇ ਪਾਸੋਂ ਅੰਮ੍ਰਿਤ ਛਕ ਕੇ ਪਹਿਲੀ ਟਣਕੌਰ ਵਿਚ ਹੀ ਖੜਗਧਾਰੀ ਉਚ ਅਰੂੜ੍ਹੀ ਪਦਵੀ ਉਤੇ ਪਹੁੰਚਣ ਲਈ ਹਾਲੋਂ ਬੇਹਾਲ





ਮਸਤੁਲ-ਮਸਤ ਹੋ ਗਏ। ਰਜ ਰਜ ਕੇ ਗਟਾਕ ਰਸ ਪੀਤੇ ਅਤੇ ਰਜ ਰਜ ਕੇ ਅਜਰ ਨੂੰ ਜਰਿਆ। ਸੀਸ ਦੁਮਾਲੜੇ ਸਜ ਗਏ। ਰਹਿਣੀ ਬਹਿਣੀ ਦੇ ਪੂਰੇ ਸਿਰੀ ਬੀਬੀ ਜੋਗਿੰਦਰ ਕੌਰ ਜੀ ਅਤ ਸੂਰੇ ਸਦ ਰਹਿਣੀ ਜੀਉਣੀ ਵਾਲੇ ਹੋਏ ਹਨ।

ਇਨ੍ਹਾਂ ਦੇ ਦਰਸ਼ਨ ਕੀਤਿਆਂ ਹੀ ਭੁਖ ਲਹਿ ਜਾਂਦੀ ਸੀ। ਦੇਹੀ ਦੀ ਨਿੱਕੀ ਜਿਹੀ ਕਰਾਂਤ ਸੁਹਣੀ ਸੁਚੱਜੀ ਨਕਸ਼ਾਵਲੀ ਪਹਿਲਾਂ ਹੀ ਅਮਰੋਂ ਪ੍ਰਾਪਤ ਸੀ, ਅੰਮ੍ਰਿਤ ਛਕਣ ਸਾਰ ਨਵਜੋਬਨ ਵਾਲੀ ਬੱਚੀ ਜੋਗਿੰਦਰ ਕੌਰ ਲਾਲੋ ਲਾਲ ਹੋ ਕੇ ਦਗ ਦਗ ਚਮਕ ਉਠੀ। ਉਨ੍ਹਾਂ ਦੇ ਨੂਰਾਨੀ ਚੇਹਰੇ ਦੀ ਝਾਲ ਨ ਝਲੀ ਜਾਏ। ਬੜੀਆਂ ਕਵੀ ਹੈਕਲ ਪੁਰਾਤਨ ਸਿੰਘਣੀਆਂ ਵਾਲਾ ਜਬ੍ਹਾ ਉਨ੍ਹਾਂ ਦਾ ਸੀ। ਸਰੀਰ ਕਰਕੇ ਹੀ ਬੜੇ ਸੂਖਮ ਸਨ, ਪਰ ਅੰਤਰ-ਆਤਮੇ ਸੂਰਬੀਰਤਾ ਹਦ ਦਰਜੇ ਦੀ ਸੀ। ਇਸ ਗੱਲ ਦੀ ਪੁਸ਼ਟੀ ਲਈ ਇਕੋ ਉਦਾਹਰਨ ਕਾਫ਼ੀ ਹੈ।

### ਚਮਕੌਰ ਸਾਹਿਬ ਦਾ ਮੋਰਚਾ-

ਸਾਰਾ ਜਥਾ ਸਿੰਘ ਸਿੰਘਣੀਆਂ ਸਮੇਤ ਹਰ ਸਾਲ ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦੀ ਦੀਵਾਨ ਸਮੇਂ ਯਾਤਰਾ ਲਈ ਜਾਇਆ ਕਰਦਾ ਸੀ। ਦੁਰਾਹੇ ਤਾਈਂ ਪੈਦਲ ਜਾਣਾ, ਅਗੇ ਸਵਾਰੀ ਕਉਂਟੇ ਕਿਸ਼ਤੀ ਦੀ ਹੁੰਦੀ ਸੀ ਤੇ ਨਹਿਰ ਦੇ ਰਸਤੇ ਜਾਈਦਾ ਸੀ। ਚਮਕੌਰ ਸਾਹਿਬ ਦੇ ਸਮਾਗਮ ਵਿਚ ਬੇਅੰਤ ਅਨੰਦ-ਮਈ ਕੌਤਕ ਵਰਤਦੇ ਰਹੇ, ਪਰ ਇਕ ਗੱਲ ਦਾ ਬੜਾ ਘਾਟਾ ਸੀ ਕਿ ਜਦ ਗੁਰਦੁਆਰੇ ਸਾਹਿਬ ਦੀ ਯਾਤਰਾ ਲਈ ਹੋਲਾ ਮਹੱਲਾ ਚੜ੍ਹਨਾ ਤਾਂ ਗੁਰਦੁਆਰਾ ਕਤਲਗੜ੍ਹ ਬੜੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਦੇ ਅੰਦਰ ਉਸ ਸਮੇਂ ਪੁਜਾਰੀਆਂ ਨਿਹੰਗ ਸਿੰਘਾਂ ਨੇ ਨਾ ਜਾਣ ਦੇਣਾ। ਬਹਰਲੀ ਪ੍ਰਕਰਮਾ ਕਰ ਕੇ ਹੀ ਮੁੜ ਆਉਣਾ। ਚਾਹੇ ਜਥੇ ਨੂੰ ਰੋਕਣ ਵਾਲਾ ਕੋਈ ਨਹੀਂ ਸੀ, ਬੜੇ ਜੋਸ਼ ਉਠਦੇ ਸਨ, ਪ੍ਰੰਤੂ ਭਾਈ (ਬਾਬੂ) ਵੀਰ ਸਿੰਘ ਜੀ ਚਮਕੌਰ ਸਾਹਿਬ ਦੇ ਸਮਾਗਮਾਂ ਦੇ ਕਨਵੀਨਰ ਤੇ ਭਾਈ ਹੀਰਾ ਸਿੰਘ ਜੀ ਰਾਗੀ ਨੇ ਨਿਮਰੀਭੂਤ ਹੋ ਕੇ ਜਥੇ ਨੂੰ ਵਰਜੀ ਰਖਣਾ। ਹਰ ਸਾਲ ਅਸੀਂ ਵਰਜੀਦੇ ਰਹੇ, ਹਰ ਸਾਲ ਰੋਕਦੇ ਰਹੇ।

੧੯੧੪ ਦੀ ਚਮਕੌਰ ਸਾਹਿਬ ਦੀ ਯਾਤਰਾ ਦਾ ਰੰਗ ਹੋਰ ਹੀ ਬਦਲ ਗਿਆ। ਸਾਰਾ ਜਥਾ ਜਦ ਨਹਿਰ ਦੇ ਪੁਲ ਉਤੇ ਕਉਂਟੇ ਤੋਂ ਉਤਰਿਆ, ਉਤਰਦਿਆਂ ਨੂੰ ਸਵਾਗਤ ਲਈ ਚਮਕੌਰ ਸਾਹਿਬ ਦੇ ਸਾਰੇ ਸੱਜਣ ਤੇ ਸੰਗਤਾਂ ਆਈਆਂ ਹੋਈਆਂ ਸਨ। ਭਾਈ ਹੀਰਾ ਸਿੰਘ ਜੀ ਤੇ ਭਾਈ (ਬਾਬੂ) ਵੀਰ ਸਿੰਘ ਜੀ ਵੀ ਸਾਥ ਸਨ। ਉਤਰਦਿਆਂ ਨੂੰ ਹੀ ਜੋਸ਼ੀਲੇ ਸੱਜਣਾਂ ਨੇ ਵਿਚੋਂ ਹੀ ਜਥੇ ਨੂੰ ਸੰਦੇਸ਼ਾ ਸੁਣਾ ਦਿਤਾ ਕਿ

---

*ਬਚਿਤ੍ਰ ਨਾਟਕ, ਅਧਿ: ੮, ਅੰਕ ੩੧

WWW.AKJ.ORG

ਐਤਕੀਂ ਪੁਜਾਰੀਆਂ ਨੇ ਸੈਂਕੜੇ ਹੀ ਨਿਹੰਗ ਸਿੰਘਾਂ ਨੂੰ ਬੁਲਾਇਆ ਹੋਇਆ ਹੈ ਤੇ ਫ਼ਸਾਦ ਕਰਨ ਤੇ ਤਿਆਰ ਹਨ। ਬੀਬੀਆਂ ਦੇ ਇਕ ਜਥੇ ਨੂੰ ਧੱਕੇ ਮਾਰ ਕੇ ਬੜੀ ਬੇ-ਇਜ਼ਤੀ ਨਾਲ ਬਾਹਰ ਕੱਢ ਦਿਤਾ ਸੀ। "ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ" ਦੇ ਗੁਰਵਾਕ ਦੇ ਭਾਵ ਅਨੁਸਾਰ ਸਾਰੇ ਜਥੇ ਦੇ ਸਿੰਘ ਸਿੰਘਣੀਆਂ ਨੂੰ ਬੀਰ ਰਸ ਭਰੇ ਜੋਸ਼ ਉਮਡ ਉਠੇ। ਬੀਰ ਰਸ ਨਾਲ ਸੰਧੂਰੇ ਹੋਏ ਹਿਰਦੇ ਉਥੇ ਹੀ ਕੀਰਤਨ ਕਰਨ ਵਿਚ ਜੁਟ ਗਏ ਅਤੇ ਚੱਲਣ ਤੋਂ ਪਹਿਲਾਂ ਵੰਗਾਰ ਕੇ ਸੁਣਾ ਦਿਤਾ ਸੀ ਕਿ ਅੰਦਰਲੀ ਪ੍ਰਕਰਮਾ ਦੀ ਯਾਤਰਾ ਕਰਨੋਂ ਕੋਈ ਤਾਕਤ ਨਹੀਂ ਰੋਕ ਸਕੇਗੀ। ਇਹ ਵੰਗਾਰ ਸੁਣ ਕੇ ਬਲਦੀ ਤੇ ਪਾਣੀ ਛਿੜਕਣ ਵਾਲੇ ਸਰੇਸ਼ਟ ਜਨ ਭੀ ਠਠੰਬਰ ਗਏ। ਕਿਸੇ ਦੀ ਹਿੰਮਤ ਨਾ ਪਈ ਰੋਕਣ ਦੀ, ਬਲਕਿ ਭਾਈ ਹੀਰਾ ਸਿੰਘ ਜੀ ਭੀ ਆਖਣ ਲਗੇ, ਕਿ ਹੁਣ ਇਨ੍ਹਾਂ ਨੂੰ ਕੋਈ ਨਹੀਂ ਰੋਕ ਸਕਦਾ। ਸਾਰਾ ਜਥਾ ਕੀਰਤਨ ਕਰਦਾ ਸਿੱਧਾ ਹੀ ਕਤਲਗੜ੍ਹ ਸਾਹਿਬ ਦੀ ਯਾਤਰਾ ਲਈ ਤੁਰ ਪਿਆ, ਹਜ਼ਾਰਾਂ ਹੀ ਸਿਖ ਸੰਗਤਾਂ ਮਗਰ ਲਗੀਆਂ ਹੋਈਆਂ। ਸਾਡੀ ਸ਼ੇਰ-ਦਿਲ ਬੱਚੀ ਬੀਬੀ ਜੋਗਿੰਦਰ ਕੌਰ ਹੱਥ ਵਿਚ ਤੀਰ ਲੈ ਕੇ ਸਭ ਜਥੇ ਦੀ ਅਗਵਾਈ ਕਰਦੀ ਸੀ। ਐਵੇਂ ਚਮਕਾਰੇ ਮਾਤਰ, ਜੋ ਉਨ੍ਹਾਂ ਦੇ ਝਲਕਾਰੇ ਦਾ ਨਜ਼ਾਰਾ ਦੇਖਿਆ, ਉਹ ਝਲਿਆ ਨਾ ਗਿਆ। ਗੱਲ ਕੀ, ਇਕ ਉਮਡੇ ਹੋਏ ਦਰਿਆ ਦੀ ਨਿਆਈਂ ਸਾਰੀਆਂ ਫ਼ੌਜਾਂ ਕੀਰਤਨ ਕਰਦੀਆਂ ਗੁਰਦੁਆਰੇ ਦੇ ਨਿਕਟ ਪਹੁੰਚੀਆਂ। ਏਥੇ ਹੋਰ ਭੀ ਹਜ਼ਾਰਾਂ ਸੰਗਤਾਂ ਨਾਲ ਰਲ ਗਈਆਂ। ਅਗੇ ਨਿਹੰਗ ਸਿੰਘਾਂ ਦੇ ਪਹਿਰੇ ਲਗੇ ਹੋਏ। ਲੰਮੇ ਲੰਮੇ ਤੀਰ ਤੇ ਨੰਗੀਆਂ ਸਿਰੀ ਸਾਹਿਬਾਂ ਉਨ੍ਹਾਂ ਦੇ ਹੱਥੀਂ ਫੜੀਆਂ ਹੋਈਆਂ, ਪਾਪੀਆਂ ਦੇ ਹਿਰਦੇ ਵਿਚ ਪਾਪ ਸਮਾ ਚੁਕੇ ਸਨ। ਫੋਕੀਆਂ ਟਾਹਰਾਂ ਹੀ ਮਾਰਦੇ ਸਨ ਕਿ ਅਸੀਂ ਅੰਦਰ ਯਾਤਰਾ ਕਰਨ ਨਹੀਂ ਜਾਣ ਦੇਣਾ। ਪਰ ਪ੍ਰੇਮ ਉਤਸ਼ਾਹ ਦੇ ਹੜ੍ਹਾਂ ਆਇਆਂ ਨੂੰ ਕੌਣ ਰੋਕੇ। ਵਾਜੇ ਨਾਲ ਕੀਰਤਨ ਹੋ ਰਿਹਾ ਸੀ। ਆਵਾਜ਼ ਆਈ ਕੀਰਤਨ ਕਰਦੇ ਅੰਦਰ ਚਲੋ। ਇਕ ਮਨਚਲੇ ਬੜੀ ਡੀਲਡੋਲ ਵਾਲੇ ਨਿਹੰਗ ਸਿੰਘ ਨੇ ਦਾਸ ਦੀ ਗਰਦਨ ਵਲ ਤੀਰ ਚਲਾਇਆ। ਗੁਰੂ ਦੀ ਨੇਤ ਐਸੀ ਹੋਈ ਕਿ ਉਹ ਤੀਰ ਨਹੀਂ ਲਗਿਆ, ਮੇਰੇ ਨਾਲ ਹੀ ਭਾਈ ਸੁਰਜਨ ਸਿੰਘ ਨੇ ਹੱਥ ਨਾਲ ਬੋਚ ਲਿਆ। ਤੀਰ ਦੀ ਮੁਖੀ ਉਨ੍ਹਾਂ ਦੇ ਹੱਥ ਵਿਚ ਲਗ ਕੇ ਲਹੂ ਲੁਹਾਨ ਕਰ ਗਈ। ਆਮ ਦੇਖਣ ਵਾਲਿਆਂ ਨੂੰ ਇਹੋ ਪ੍ਰਤੀਤ ਹੋਵੇ ਕਿ ਖ਼ੂਨ ਹੋ ਗਿਆ ਹੈ। ਨਿਹੰਗ ਸਿੰਘ ਭੀ ਤਹਿਕ ਗਏ ਕਿ ਸਾਥੋਂ ਖ਼ੂਨ ਹੋ ਗਿਆ ਹੈ। ਖ਼ੂਨ ਹੋਇਆ ਨਹੀਂ ਸੀ, ਖ਼ੂਨ ਵਗਿਆ ਸੀ।

ਇਸ ਨੌਬਤ ਨੂੰ ਦੇਖ ਕੇ ਬੀਬੀ ਜੋਗਿੰਦਰ ਕੌਰ ਸ਼ੇਰਨੀ ਵਾਂਗ ਕੁਦ ਕੇ ਅਗੇ ਗਈ ਅਤੇ ਉਸ ਰਿਸ਼ਟ ਪੁਸ਼ਟ ਨਿਹੰਗ ਤੋਂ ਤੀਰ ਖੋਹ ਲਿਆ। ਵੰਗਾਰ ਕੇ ਆਖਿਆ, "ਦੁਸ਼ਟਾ! ਤੈਨੂੰ ਗੁਰਦੁਆਰਾ ਸਾਹਿਬ ਦਾ ਭੈ ਨਹੀਂ, ਸੰਗਤ ਦਾ ਭੈ ਨਹੀਂ, ਜੁ ਵੀਰਾਂ



ਤੇ ਤੀਰ ਚਲਾ ਰਹੇ ਹੋ।" ਇਸ ਦਲੇਰ ਬੱਚੀ ਦੀ ਦਲੇਰਾਨਾ ਨਜ਼ੀਰ ਦੇਖ ਕੇ ਸਾਰੇ ਸਿੰਘ ਪੁਜਾਰੀਆਂ ਉਤੇ ਜਾ ਪਏ ਅਤੇ ਧੱਕੇ ਮਾਰ ਕੇ ਬਾਹਰ ਕੱਢ ਦਿਤਾ। ਅਸੀਂ ਕੀਰਤਨ ਕਰਦੇ ਕਰਦੇ ਅੰਦਰ ਪਹੁੰਚ ਗਏ। ਨਿਹੰਗ ਸਿੰਘ ਸਭ ਭਜ ਗਏ। ਉਨ੍ਹਾਂ ਦੇ ਸ਼ਸਤਰ ਬਸਤਰ ਜੱਥੇ ਦੇ ਕਾਬੂ ਵਿਚ ਰਹੇ। ਅਸੀਂ ਕੀਰਤਨ ਕਰਦਿਆਂ ਪ੍ਰਕਰਮਾ ਕੀਤੀ, ਅੰਦਰਲੀ ਦੀ ਤੇ ਬਾਹਰਲੀ ਵੀ। ਸੋਦਰ ਦਾ ਸਮਾਂ ਹੋ ਗਿਆ ਸੀ। ਸਨਮੁਖ ਖਲੋ ਕੇ ਕੀਰਤਨ ਕਰਨ ਲਈ ਜਥਾ ਜੁਟ ਗਿਆ। ਬੀਬੀ ਜੋਗਿੰਦਰ ਕੌਰ ਜੀ ਨੇ ਪ੍ਰੇਮ ਪ੍ਰਾਇਣ ਹੋ ਕੇ ਅਰ ਬੜੀ ਸੂਰਬੀਰਤਾ ਨਾਲ ਬੇਨਤੀ ਕੀਤੀ ਕਿ ਅਜ ਸਾਰੀ ਚੌਪਈ ਦਾ ਕੀਰਤਨ ਕੀਤਾ ਜਾਵੇ। ਸਾਰੀ ਚੌਪਈ ਦਾ ਕੀਰਤਨ ਹੀ ਹੋਇਆ, ਬੜੇ ਅਗਾਧ ਬੋਧ ਅਨੰਦ ਦੇ ਛਾਂਦੇ ਛਕੇ। ਮਗਨ-ਅਨੰਦ ਹੋ ਕੇ ਸਾਰੇ ਜਥੇ ਨੇ ਉਥੇ ਹੀ ਕੀਰਤਨ ਕੀਤਾ।

ਓਧਰ ਪੁਜਾਰੀਆਂ ਤੇ ਨਿਹੰਗ ਸਿੰਘਾਂ ਭਾਜੜ ਖਾ ਕੇ ਰੋਪੜ ਅੰਬਾਲੇ ਆਦਿ ਵਡੇ ਅਫ਼ਸਰਾਂ ਨੂੰ ਤਾਰਾਂ ਦੇ ਦਿਤੀਆਂ ਕਿ ਏਥੇ ਡਾਕੂ ਆ ਪਏ, ਸਾਡੀ ਸੰਭਾਲ ਕਰੋ। ਇਹ ਸੁਣ ਕੇ ਅਸੀਂ ਤਾਰਾਂ ਦੀ ਕੋਈ ਪ੍ਰਵਾਹ ਨਾ ਕੀਤੀ। ਬੜੀ ਪ੍ਰਸੰਨਤਾ ਨਾਲ ਪਹਿਲੀ ਯਾਤਰਾ ਅੰਦਰਲੀ ਪ੍ਰਕਰਮਾ ਦੀ ਖ਼ੂਬ ਰੰਗਾਂ ਵਿਚ ਹੋਈ। ਪ੍ਰਬੰਧਕ ਜਨ ਬੜੇ ਕੰਪਾਇਮਾਨ ਹੋਏ। ਕਤਲ ਗੜ੍ਹ ਸਾਹਿਬ ਗੁਰਦੁਆਰੇ ਦੀ ਚਰਨ-ਰਜ ਵਿਚ ਸ੍ਰੀ ਆਸਾ ਦੀ ਵਾਰ ਦਾ ਸਮਾਗਮ ਸਜ ਗਿਆ, ਅੰਮ੍ਰਿਤ ਵੇਲੇ। ਜਿਸ ਵੇਲ਼ੇ ਕੀਰਤਨ ਦਾ ਭੋਗ ਅਜੇ ਪਿਆ ਨਹੀਂ ਸੀ, ਗਿਆਰਾਂ ਵਜੇ ਦੇ ਕਰੀਬ ਸੰਗੀਨਾਂ ਬੰਦੂਕਾਂ ਵਾਲੀਆਂ ਪੁਲਿਸ ਦੀਆਂ ਗਾਰਦਾਂ ਰੋਪੜ ਤੋਂ ਆ ਚੜ੍ਹੀਆਂ। ਉਨ੍ਹਾਂ ਦਾ ਇੰਚਾਰਜ ਗੋਰਾ ਕੈਪਟਨ, ਇਕ ਇੰਸਪੈਕਟਰ ਮੁਸਲਮਾਨ, ਇਕ ਸਮਾਜੀ ਮੈਜਿਸਟਰੇਟ ਨਾਲ, ਸਮਾਗਮ ਦੇ ਲਾਗੇ ਸਕੂਲ ਵਿਚ ਜਾ ਉਤਰੇ। ਉਥੋਂ ਸੰਦੇਸ਼ਾ ਆਇਆ ਕਿ ਸਾਹਿਬ, ਭਾਈ ਰਣਧੀਰ ਸਿੰਘ ਨੂੰ ਬੁਲਾਉਂਦੇ ਹਨ। ਸਾਡੇ ਮੁਖੋਂ ਨਿਕਲਿਆ, "ਕੋਈ ਸੜਾ ਸਾਹਿਬ ਹੈ ਨਹੀਂ ਸਿਵਾਇ ਗੁਰੂ ਗੋਬਿੰਦ ਸਿੰਘ ਜੀ ਦੇ।" ਉਸ ਵੇਲੇ ਬੀਬੀ ਜੋਗਿੰਦਰ ਕੌਰ ਬੋਲੀ - "ਇਨ੍ਹਾਂ ਕੱਚੇ ਪਿੱਲੇ ਸੜੇ ਸਾਹਿਬਾਂ ਪਾਸ ਸਿੰਘ ਨੂੰ ਜਾਣ ਦੀ ਕੋਈ ਲੋੜ ਨਹੀਂ।" ਆਸਾ ਜੀ ਦੀ ਵਾਰ ਦਾ ਭੋਗ ਪਿਆ। ਏਸੇ ਸਮੇਂ ਚਮਕੌਰ ਸਾਹਿਬ ਦੇ ਕਮਜ਼ੋਰ-ਦਿਲ ਰਈਸ ਤੇ ਚੌਧਰੀ ਸਕੂਲੇ ਜਾ ਹਾਜ਼ਰ ਹੋਏ। ਉਥੇ ਸਫ਼ਾਈ ਦਾ ਮੇਜਰਨਾਮਾ ਬਨਾਣ ਲਗੇ। ਉਨ੍ਹਾਂ ਮੇਜਰਨਾਮਾ ਬਣਾ ਲਿਆ ਸੀ, ਦਸਖ਼ਤ ਕਰਵਾਉਣ ਲਗੇ ਸਨ ਕਿ ਇਸ ਪਾਸਿਓਂ ਕੁਛ ਪ੍ਰਤਿਸ਼ਟਤ ਸੱਜਣ ਚਮਕੌਰ ਸਾਹਿਬ ਦੇ ਨਿਵਾਸੀ ਤੇ ਬਹਿਲੋਲਪੁਰ ਵਾਲੇ ਸਰਦਾਰ ਜਦ ਦਸਖ਼ਤ ਕਰਨ ਲਗੇ ਤਾਂ ਇਕ ਦਿਲ-ਚਲੇ ਸਿੱਖ ਵਕੀਲ ਨੇ ਵੰਗਾਰ ਕੇ ਸਰਕਾਰੀ ਅਫ਼ਸਰਾਂ ਨੂੰ ਆਖਿਆ, "ਇਨ੍ਹਾਂ ਦੇ ਦਸਖ਼ਤਾਂ ਨੂੰ ਕਿਸ ਨੇ ਪੁਛਣਾ ਹੈ, ਝਗੜਾ ਤਾਂ ਬਾਹਰੋਂ ਆਈਆਂ ਸੰਗਤਾਂ ਦਾ ਹੈ, ਉਨ੍ਹਾਂ ਨੂੰ ਸਹਿਮਤ ਕੀਤੇ

ਬਗ਼ੈਰ ਤੁਹਾਡਾ ਕੋਈ ਫ਼ੈਸਲਾ ਨਹੀਂ ਹੋ ਸਕਦਾ।" ਦੀਵਾਨ ਦਾ ਭੋਗ ਪੈ ਚੁਕਾ ਸੀ। ਜਥੇ ਦੇ ਸਿੰਘਾਂ ਨੂੰ ਪਤਾ ਗਿਆ। ਇਹ ਸਮਝ ਕੇ ਕਿ ਕੋਈ ਕੱਚਾ ਪਿੱਲਾ ਫ਼ੈਸਲਾ ਨਾ ਕਰਾ ਦੇਣ, ਅਸੀਂ ਆਤਮਕ ਰੰਗਾਂ ਵਿਚ ਹੀ ਹਲੂਣੇ ਲੈਂਦੇ ਸਕੂਲ ਦੇ ਹਾਤੇ ਵਿਚ ਜਾ ਵੜੇ। ਜਾਂਦਿਆਂ ਹੀ ਜੈਕਾਰਾ ਗਜਾਇਆ ਤਾਂ ਗੋਰਾ ਤੇ ਸਣੇ ਅਫ਼ਸਰਾਂ ਦੇ ਸਭ ਖੜੇ ਹੋ ਗਏ। ਸਾਨੂੰ ਬੈਠਣ ਲਈ ਕੁਰਸੀਆਂ ਪੇਸ਼ ਕੀਤੀਆਂ ਗਈਆਂ। ਓਧਰ ਨਜ਼ਰ ਮਾਰ ਕੇ ਅਸੀਂ ਦੇਖਿਆ, ਸਾਰੇ ਨਿਹੰਗ ਸਿੰਘਾਂ ਦਾ ਜਥਾ ਬਨਿਆ ਤਨਿਆ ਭੁੰਜੇ ਬੈਠਾ ਰੁਲੇ। ਸਾਥੋਂ ਇਹ ਬੇਅਦਬੀ ਨਾ ਸਹਾਰੀ ਗਈ। ਅਸੀਂ ਆਖਿਆ, "ਬੜੇ ਸ਼ਰਮ ਦੀ ਗੱਲ ਹੈ ਗੁਰੂ ਘਰ ਦੀਆਂ ਲਾਡਲੀਆਂ ਫ਼ੌਜਾਂ ਤਾਂ ਭੁੰਜੇ ਰੁਲਣ, ਅਸੀਂ ਕਿਸ ਮੂੰਹ ਨਾਲ ਕੁਰਸੀਆਂ ਤੇ ਬੈਠੀਏ।" ਅਸੀਂ ਨਿਹੰਗ ਸਿੰਘਾਂ ਨੂੰ ਆਖਿਆ, "ਤੁਸੀਂ ਆਪਣੀ ਇਸ ਜ਼ਿੱਲਤ ਨੂੰ ਮਹਿਸੂਸ ਨਹੀਂ ਕਰਦੇ?" ਸਾਡੇ ਇਸ ਤਰ੍ਹਾਂ ਕਹਿਣ ਤੇ ਸਭਨਾਂ ਨੂੰ ਬੈਂਚਾਂ ਤੇ ਬਿਠਾ ਦਿਤਾ। ਗੋਰੇ ਕਪਤਾਨ ਨੇ ਬੜੀ ਹਲੇਮੀ ਨਾਲ ਦਾਸ ਨੂੰ ਆਖਿਆ, "ਇਹ ਸਮਝੌਤੇ ਦਾ ਮੇਜਰਨਾਮਾ ਹੈ, ਇਸ ਉਤੇ ਦਸਖ਼ਤ ਕਰ ਦਿਓ।" ਅਸੀਂ ਆਖਿਆ, "ਪਹਿਲਾਂ ਪੜ੍ਹ ਕੇ ਸੁਣਾਓ।" ਪੜ੍ਹ ਕੇ ਸੁਣਾਇਆ ਤਾਂ ਉਹਦੇ ਵਿਚ ਇਹ ਲਿਖਿਆ ਹੋਇਆ ਸੀ, "ਇਲਾਕੇ ਦੀਆਂ ਤੇ ਬਾਹਰਲੀਆਂ ਸੰਗਤਾਂ ਸਭ ਹੋਲਾ ਮਹੱਲਾ ਕਢਣਗੀਆਂ ਤੇ ਯਾਤਰਾ ਕਰਨਗੀਆਂ, ਪਰ ਗੁਰਦੁਆਰੇ ਕਤਲ ਗੜ੍ਹ ਦੀ ਬਾਹਰਲੀ ਯਾਤਰਾ ਹੀ ਖੁਲ੍ਹੀ ਹੋ ਸਕੇਗੀ, ਅੰਦਰਲੀ ਪ੍ਰਕਰਮਾ ਕਰਨ ਲਈ ਇਕ ਇਕ ਸਿੰਘ ਜਾਵੇਗਾ। ਪਰੰਤੂ ਜਿਸ ਸਿੰਘ ਤੇ ਇਹ ਸ਼ੱਕ ਕੀਤਾ ਜਾਏਗਾ ਕਿ ਇਹ ਚੂੜ੍ਹਾ ਹੈ, ਉਸ ਨੂੰ ਅੰਦਰ ਨਹੀਂ ਜਾਣ ਦਿਤਾ ਜਾਏਗਾ।" ਇਹ ਗੱਲ ਸੁਣਨਸਾਰ ਹੀ ਉਹ ਮੇਜਰਨਾਮਾ ਉਸ ਦੇ ਹਥੋਂ ਖੋਹ ਕੇ ਮੈਂ ਪਾੜ ਸੁਟਿਆ ਤੇ ਪੈਰਾਂ ਹੇਠ ਮਲ ਦਿਤਾ। ਗੋਰਾ ਕਪਤਾਨ ਘਬਰਾ ਕੇ ਕਹਿਣ ਲਗਾ, "ਯੇਹ ਕਿਆ?" ਮੈਂ ਉਤਰ ਦਿਤਾ, "ਤੁਸੀਂ ਫ਼ਸਾਦ ਕਰਾਉਣ ਆਏ ਹੋ ਕਿ ਮਿਟਾਉਣ ਆਏ ਹੋ?" ਉਸ ਨੇ ਆਖਿਆ ਕਿ ਅਸੀਂ ਤਾਂ ਮਿਟਾਉਣ ਲਈ ਆਏ ਹਾਂ।

ਅਸਾਂ ਉਸ ਨੂੰ ਯਕੀਨ ਦਿਵਾ ਦਿਤਾ ਕਿ ਪਿਛਲਾ ਫ਼ਿਕਰਾ ਤਾਂ ਫ਼ਸਾਦ ਦਾ ਘਰ ਹੈ, ਕਿਉਂਕਿ ਸ਼ਰਾਰਤੀ ਬੇਅਣਖੇ ਐਵੇਂ ਕਿਸੇ ਵਲ ਇਸ਼ਾਰਾ ਕਰਾ ਦੇਣਗੇ ਕਿ ਇਹ ਚੂੜ੍ਹਾ ਹੈ ਤਾਂ ਕੌਣ ਇਸ ਗੱਲ ਨੂੰ ਬਰਦਾਸ਼ਤ ਕਰੇਗਾ? ਅਸਲ ਅੰਤਰੀਵੀ ਸ਼ਰਾਰਤ ਤਾਂ ਤੁਹਾਨੂੰ ਪਤਾ ਹੀ ਨਹੀਂ। ਉਸ ਦੇ ਪੁਛਣ ਤੇ ਅਸੀਂ ਆਖਿਆ –"ਅਬ ਤਾ ਲਗ ਜਾਤਾ ਹੈ।" ਮੈਂ ਉਸੇ ਗੋਰੇ ਕਪਤਾਨ ਨੂੰ ਆਖਿਆ, "ਮਲੂਮ ਹੁੰਦਾ ਹੈ ਕਿ ਤੂੰ ਬਿਲਕੁਲ ਨਵਾਂ ਅਫ਼ਸਰ ਹੈਂ, ਤੈਨੂੰ ਏਥੇ ਦੇ ਹਾਲਾਤ ਦਾ ਪਤਾ ਨਹੀਂ, ਤੇਰੇ ਮਾਤਹਿਤ ਅਫ਼ਸਰ ਹੀ ਫ਼ਸਾਦ ਕਰਵਾ ਕੇ ਤੇਰੇ ਸਿਰ ਮੜ੍ਹ ਦੇਣਗੇ।" ਉਹ ਗੋਰਾ ਜੋਸ਼ ਵਿਚ ਕੁਝ ਬੋਲਣ ਲਗਾ ਸੀ, ਪਰ ਮੈਂ ਆਖਿਆ, "ਠਹਿਰੀਏ।"



ਸਮਾਜੀ ਮੈਜਿਸਟਰੇਟ ਨੂੰ ਮੈਂ ਪੁਛਿਆ, "ਆਪ ਦਾ ਮਜ਼ਹਬ ਕੀ ਹੈ?" ਉਸ ਨੇ ਆਖਿਆ, ਮੈਂ ਆਰੀਆ ਸਮਾਜੀ ਹਾਂ।" ਮੈਂ ਕਿਹਾ, "ਆਰੀਆ ਸਮਾਜੀ ਜੋ ਸ਼ੁਧੀ ਕਰਦੇ ਹਨ, ਉਸ ਤੋਂ ਸ਼ੁਧ ਕੀਤੇ ਚੂੜ੍ਹੇ ਚਮਾਰ ਆਦਿਕ ਤੁਹਾਡੇ ਮੰਦਰਾਂ ਵਿਚ ਖੁਲ੍ਹੇ ਆ ਜਾ ਸਕਦੇ ਹਨ ਕਿ ਨਹੀਂ?"

ਮੈਜਿਸਟਰੇਟ– ਹਾਂ ਜੀ, ਖੁਲ੍ਹੇ ਆ ਜਾ ਸਕਦੇ ਹਨ।

ਫੇਰ ਮੁਸਲਮਨ ਅਫ਼ਸਰ ਨੂੰ ਪੁਛਿਆ, "ਤੁਹਾਡਾ ਮਜ਼ਹਬ ਕੀ ਹੈ?"

ਇੰਨਸਪੈਕਟਰ –ਮੁਸਲਮਾਨ।

ਗੋਰੇ ਨੂੰ ਪੁਛਿਆ, "ਤੁਹਾਡਾ ਮਜ਼ਹਬ ਕੀ ਹੈ?"

ਗੋਰਾ–ਈਸਾਈ।

ਮੈਂ –ਜਦ ਤੁਸੀਂ ਬੈਪਟਾਈਜ਼ ਕਰਦੇ ਹੋ, ਅਰਥਾਤ, ਬਿਪਤਸਮਾ ਦਿੰਦੇ ਹੋ, ਕੀ ਤੁਸੀਂ ਜ਼ਾਤ ਪਾਤ ਦਾ ਖ਼ਿਆਲ ਕਰਦੇ ਹੋ?

ਗੋਰਾ–ਨਹੀਂ।

"ਏਸੇ ਤਰ੍ਹਾਂ ਸਾਡਾ ਅੰਮ੍ਰਿਤ ਹਜ਼ਾਰ-ਗੁਣਾ ਪਵਿੱਤਰ ਕਰਨ ਦੀ ਸ਼ਕਤੀ ਰਖਦਾ ਹੈ।" ਗੋਰੇ ਕਪਤਾਨ ਦੀਆਂ ਅੱਖਾਂ ਖੁਲ੍ਹ ਗਈਆਂ।

ਸਮਾਜੀ ਅਫ਼ਸਰ ਨੇ ਕਪਤਾਨ ਨੂੰ ਇਹ ਪੱਟੀ ਪੜ੍ਹਾਈ ਕਿ ਇਹ ਪੁਜਾਰੀਆਂ ਦੀ ਜਾਇਦਾਦ ਹੈ, ਇਸ ਵਿਚ ਕੋਈ ਦਖ਼ਲ ਨਹੀਂ ਦੇ ਸਕਦਾ। ਇਸ ਉਤੇ ਫੇਰ ਬਹਿਸ ਹੋਈ। ਮੈਂ ਫੇਰ ਪ੍ਰੋਟੈਸਟ ਕੀਤਾ। ਅਸੀਂ ਜਵਾਬ ਦਿਤਾ ਕਿ ਮਹੱਲਾ ਨਿਕਲੇਗਾ ਤੇ ਜਿਹੜਾ ਫ਼ਸਾਦ ਕਰੇਗਾ, ਉਸ ਨੂੰ ਪਕੜੋ।

ਜਦੋਂ ਸੰਗਤਾਂ ਨੂੰ ਸਾਰੀ ਗੱਲ ਦਸੀ ਤਾਂ ਕਮਜ਼ੋਰ ਪ੍ਰਬੰਧਕ ਤਾਂ ਕੰਬਣ ਲਗੇ, ਪਰ ਸੰਗਤਾਂ ਵਿਚ ਬੜਾ ਜੋਸ਼ ਆਇਆ। ਓੜਕ ਮਾਸਟਰ ਚੰਦਾ ਸਿੰਘ ਦੇ ਫ਼ੈਸਲੇ ਅਨੁਸਾਰ ਗਿਆਰਾਂ ਸੱਜਣਾਂ ਦੀ ਚੋਣ ਹੋਈ, ਉਨ੍ਹਾਂ ਦਾ ਫ਼ੈਸਲਾ ਅਟੱਲ ਮੰਨਿਆ ਜਾਵੇ। ਇਹ ਗੜ੍ਹੀ ਸਾਹਿਬ ਜਾ ਕੇ ਗੁਰਮਤਾ ਕਰਨ ਲਗੇ, ਉਹਨਾਂ ਨੇ ਪ੍ਰਬੰਧਕਾਂ ਨਾਲ ਫ਼ੈਸਲਾ ਕੀਤਾ ਕਿ ਐਤਕੀਂ ਸਾਲ ਜਾਣ ਦਿਓ, ਅਗਲੇ ਸਾਲ ਪਰਬੰਧ ਕਰਾਂਗੇ। ਇਸ ਸਮੇਂ ਬਾਬੂ ਵੀਰ ਸਿੰਘ ਹੁਰਾਂ ਦਾ ਭਰਾਤਾ ਹੇਠੋਂ ਆਇਆ ਅਤੇ ਕਹਿਣ ਲਗਾ, "ਤੁਸੀਂ ਨਿਘਰਦੀ ਕਲਾ ਵਿਚ ਕਿਉਂ ਜਾਂਦੇ ਹੋ! ਮੈਂ ਹੁਣੇ ਹੀ ਸਕੂਲੋਂ ਆਇਆ ਹਾਂ, ਅਫ਼ਸਰ ਬਹੁਤ ਘਾਬਰੇ ਹੋਏ ਸਨ, ਉਹਨਾਂ ਨੇ ਗੁਰਦੁਆਰੇ ਦੇ ਮੁਹਤਮਿਮ ਸਰਦਾਰ ਨੂੰ ਬੁਲਾ ਭੇਜਿਆ ਹੈ। ਅਸੀਂ ਪਲੀਡਰ ਸਾਹਿਬ ਨੂੰ ਆਖਿਆ ਕਿ ਉਸ ਸਰਦਾਰ ਨੂੰ ਪਹਿਲਾਂ ਸਾਡੇ ਪਾਸ ਲਿਆਓ। ਉਨ੍ਹਾਂ ਨੇ ਸਰਦਾਰ ਨੂੰ ਸਹੀ ਬਿਆਨ ਦੇਣ ਲਈ ਪ੍ਰੇਰਨਾ ਕੀਤੀ। ਉਹ ਸਰਦਾਰ ਸਾਹਿਬ ਪਾਸ ਗਿਆ ਤਾਂ ਸਾਹਿਬ ਨੇ ਪੁਛਿਆ ਕਿ "ਗੁਰਦੁਆਰਾ ਕਿਸ ਕਾ?"

WWW.AKJ.ORG


ਸਰਦਾਰ-ਪੰਥ ਕਾ।

ਸਾਹਿਬ - ਆਪ ਕੌਨ ਹੋ ?

ਸਰਦਾਰ-ਮੈਂ ਪੰਥ ਕਾ ਸੇਵਾਦਾਰ ਹੂੰ।

ਗੋਰਾ - ਯੇ ਪੁਜਾਰੀ ਕੌਨ ਹੈ ?

ਸਰਦਾਰ- ਇਹ ਮੇਰੇ ਨੌਕਰ ਹਨ।

ਫ਼ੈਸਲਾ ਸੰਗਤ ਦੇ ਹੱਕ ਵਿਚ ਹੋ ਗਿਆ। ਗੋਰਾ ਭੀ ਹੋਲੇ ਮਹੱਲੇ ਵਿਚ ਸ਼ਾਮਲ ਹੋਇਆ। ਬੜੀ ਸਜ ਧਜ ਨਾਲ ਮਹੱਲਾ ਨਿਕਲਿਆ।

ਇਹ ਗੁਰਦੁਆਰਿਆਂ ਉਤੇ ਪੰਥਕ ਕਬਜ਼ੇ ਦੀ ਪਹਿਲੀ ਫ਼ਤਹ ਸੀ ਤੇ ਗੁਰਦੁਆਰਾ-ਸੁਧਾਰ-ਲਹਿਰ ਦੀ ਪਹਿਲੀ ਘਟਨਾ ਸੀ। ਸਿਰੀ ਬੀਬੀ ਜੋਗਿੰਦਰ ਕੌਰ ਗੁਰੂ ਘਰ ਦਿਆਂ ਉਹਨਾਂ ਸਿੰਘਾਂ ਅਤੇ ਭੁਝੰਗਣਾਂ ਦੀ ਜੀਉਂਦੀ ਜਾਗਦੀ ਮਿਸਾਲ ਸੀ, ਜੋ ਪੁਰਾਤਨ ਸਮੇਂ ਵਿਚ ਸਿੰਘਾਂ ਵੀਰਾਂ ਦੇ ਨਾਲ ਚੜ੍ਹਦੀ ਕਲਾ ਵਿਚ ਮੋਢੇ ਨਾਲ ਮੋਢਾ ਡਾਹ ਕੇ ਯੁਧ ਕਰ ਕੇ ਨਿਹਾਲ ਹੁੰਦੀਆਂ ਸਨ। ਸਿਰੀ ਬੀਬੀ ਜੋਗਿੰਦਰ ਕੌਰ ਜੀ ਦਾ ਜੁੱਸਾ ਤੇ ਜਬ੍ਹਾ ਬੜੇ ਰੁਹਬ ਦਾਬ ਵਾਲਾ ਸੀ।

ਜਦੋਂ ੧੯੧੫ ਵਿਚ ਜਥੇ ਦੇ ਉਘੇ ਉਘੇ ਮੁਰਹਿਲੀ ਸਿੰਘ ਲਾਹੌਰ-ਸਾਜਸ਼-ਕੇਸ ਵਿਚ ਗ੍ਰਿਫ਼ਤਾਰ ਕੀਤੇ ਗਏ ਅਤੇ ਇਸ ਬੀਬੀ ਜੀ ਦੇ ਪਤੀ ਭਾਈ ਸੁਰਜਨ ਸਿੰਘ ਜੀ ਦੇ ਗ੍ਰਿਫ਼ਤਾਰੀ ਵਾਰੰਟ ਵੀ ਨਿਕਲ ਗਏ, ਤਾਂ ਪੁਲਸ ਕਰਮਚਾਰੀ ਚੜ੍ਹ ਕੇ ਪਿੰਡ ਗੁਜਰਵਾਲ ਵਿਖੇ ਭਾਈ ਸੁਰਜਨ ਸਿੰਘ ਦੀ ਤਲਾਸ਼ੀ ਲੈਣ ਆਏ। ਭਾਈ ਸੁਰਜਨ ਸਿੰਘ ਜੀ ਉਸ ਵਕਤ ਘਰ ਨਹੀਂ ਸਨ। ਬੀਬੀ ਜੋਗਿੰਦਰ ਕੌਰ ਆਪਣੇ ਘਰ, ਬਾਹਰ ਦੇ ਬੂਹੇ ਨੂੰ ਜੰਦਾ ਲਾ ਕੇ, ਪੁਲਸ ਆਉਂਦੀ ਨੂੰ ਸ਼ੇਰਨੀ ਵਾਂਗੂੰ ਡਟ ਕੇ ਬੂਹੇ ਅਗੇ ਖਲੋ ਗਈ ਅਤੇ ਪੁਲਸ ਕਰਮਚਾਰੀਆਂ ਨੂੰ ਵੰਗਾਰ ਕੇ ਕਿਹਾ - "ਤੁਸੀਂ ਮੇਰੇ ਪਤੀ ਦੇ ਘਰ ਆਏ ਬਿਨਾਂ ਤਲਾਸ਼ੀ ਨਹੀਂ ਲੈ ਸਕਦੇ। ਖ਼ਬਰਦਾਰ! ਦੂਰ ਖੜੇ ਹੋ ਜਾਓ! ਨੇੜੇ ਨਹੀਂ ਆਉਣਾ, ਨਹੀਂ ਤਾਂ ਕੋਈ ਸਾਕਾ ਵਰਤ ਜਾਏਗਾ।"

ਸੀਸ ਤੇ ਸਜੀ ਨੀਲੀ ਦਸਤਾਰ ਨਾਲ ਕਿਰਪਾਨ ਹੱਥ ਵਿਚ ਲੈ ਕੇ ਬੀਬੀ ਹੋਰੀਂ ਬੜੇ ਜਲਾਲ ਵਿਚ ਖੜੇ ਝੂਮ ਰਹੇ ਸਨ। ਦੇਖ ਕੇ ਪੁਲਸ ਵਾਲਿਆਂ ਦਾ ਹੀਆ ਨਹੀਂ ਪਿਆ ਕਿ ਅਗੇ ਵਧ ਸਕਣ, ਕਾਨੂੰਨਨ ਭੀ ਉਹ ਘਰ ਦੇ ਮਰਦ ਦੀ ਗ਼ੈਰਹਾਜ਼ਰੀ ਵਿਚ ਤਲਾਸ਼ੀ ਨਹੀਂ ਲੈ ਸਕਦੇ ਸਨ। ਪਰ ਕਾਨੂੰਨ ਨੂੰ ਓਦੋਂ ਕੌਣ ਪੁਛਦਾ ਸੀ ? ਹੁਣ ਭੀ ਪੁਲਸ ਵਾਲੇ ਕਾਨੂੰਨ ਦੀ ਪਰਵਾਹ ਨਹੀਂ ਕਰਦੇ। ਸਿਰਫ਼ ਬੀਬੀ ਜੋਗਿੰਦਰ ਕੌਰ ਦਾ ਦਲੇਰਾਨਾ ਚੈਲੰਜ ਸੀ, ਜਿਸ ਨੇ ਪੁਲਸ ਵਾਲਿਆਂ ਦੇ ਛੱਕੇ ਛੁੜਾ ਦਿਤੇ। ਨਹੀਂ ਤਾਂ ਹੋਰਨੀਂ ਥਾਵੀਂ ਪੁਲਸ ਵਾਲੇ ਕਈਆਂ ਘਰਾਂ ਦੀ ਤਲਾਸ਼ੀ ਲੈ ਚੁਕੇ ਸਨ ਅਤੇ ਘਰ ਦੇ ਮਾਲਕ ਦੀ ਆਦਮ-ਮੌਜੂਦਗੀ ਵਿਚ ਉਨ੍ਹਾਂ ਦੇ ਘਰ ਦੀਆਂ ਤਲਾਸ਼ੀਆਂ ਲਈਆਂ।



ਇਹ ਸਿਰਫ਼ ਬੀਬੀ ਜੋਗਿੰਦਰ ਕੌਰ ਜੀ ਸਾਰਖੀਆਂ ਸਿੰਘਣੀਆਂ ਦੇ ਸੀਸ ਤੇ ਸਿਹਰਾ ਰਿਹਾ ਕਿ ਦੂ-ਬ-ਦੂ ਹੋ ਕੇ ਪੁਲਸੀ ਜਰਵਾਣਿਆਂ ਦੇ ਪੇਸ਼ ਆਈਆਂ, ਪੁਲਸ ਦੇ ਮੂੰਹ ਮੋੜ ਦਿਤੇ।

ਸਿਰੀ ਬੀਬੀ ਜੋਗਿੰਦਰ ਕੌਰ ਪ੍ਰਮਾਰਥੀ ਡਲ੍ਹਕਦੇ ਅਤੇ ਛਲਕਦੇ ਪ੍ਰੇਮ ਪਿਆਰ ਦਾ ਇਕ ਨਮੂਨਾ ਸਨ ਅਤੇ ਪ੍ਰੇਮ ਬੈਰਾਗ ਦੀ ਅਵਧੀ ਸਨ, ਕਿਉਂਕਿ ਨਾਮ ਦੀਆਂ ਚੜ੍ਹਦੀਆਂ ਕਲਾਂ ਵਿਚ ਚੜ੍ਹਨ ਵਾਲੀ ਇਕ ਅਲੌਕਿਕ ਰੂੜ੍ਹੀ ਰੂਹ ਸੀ। ਜਦੋਂ ਸਿਰੀ ਬੀਬੀ ਜੀ ਨੂੰ ਪਤਾ ਲਗਿਆ ਕਿ ਜਥੇ ਦੇ ਸਿੰਘ ਗ੍ਰਿਫ਼ਤਾਰ ਹੋਈ ਜਾਂਦੇ ਹਨ ਤਾਂ ਇਹਨਾਂ ਬੀਬੀ ਜੀ ਦੇ ਚਿਤ ਵਿਚ ਉਤਸ਼ਾਹ ਵਲਵਲਾ ਉਠਿਆ ਕਿ ਮੈਂ ਵੀ ਸਿੰਘ ਵੀਰਾਂ ਦੇ ਨਾਲ ਜਾ ਕੇ ਗ੍ਰਿਫ਼ਤਾਰ ਹੋ ਜਾਵਾਂ। ਭਾਈ ਸੁਰਜਨ ਸਿੰਘ ਜੀ (ਇਸ ਬੀਬੀ ਦੇ ਪਤੀ) ਚਾਹੇ ਗ੍ਰਿਫ਼ਤਾਰ ਨਹੀਂ ਹੋਏ ਸਨ, ਪਰ ਬਾਹਰ ਕਿਤੇ ਰਫ਼ੂ ਚੱਕਰ ਸਨ। ਉਹਨਾਂ ਦੇ ਘਰ ਆਇਆਂ ਬਿਨਾਂ ਉਹ ਆਪਣੇ ਇਸ ਵਲਵਲੇ ਵਾਲੇ ਉਤਸ਼ਾਹ ਨੂੰ ਸਿਰੇ ਚਾੜ੍ਹਨ ਲਈ ਅਸਮਰੱਥ ਸਨ। ਗੋਰਾ-ਸ਼ਾਹੀ ਜ਼ੁਲਮੀ ਕਰਤੂਤਾਂ ਨੂੰ ਸੁਣ ਸੁਣ ਕੇ (ਜੋ ਸਿੰਘਾਂ ਨਾਲ ਵਰਤੇ ਗਏ) ਸਿਰੀ ਬੀਬੀ ਜੀ ਦੇ ਚਿਤ ਦੀਆਂ ਲਹਿਰਾਂ ਦੂਣ ਸਵਾਈਆਂ ਹੋ ਰਹੀਆਂ ਸਨ, ਇਕ ਲਹਿਰ ਉਤਰਦੀ ਸੀ ਦੂਜੀ ਚੜ੍ਹਦੀ ਸੀ।

ਅਸੀਂ ਸਾਰੇ ਜੇਲ੍ਹਾਂ ਵਿਚ ਜਾ ਚੁਕੇ ਸੀ, ਸਿਰੀ ਭਾਈ ਸੁਰਜਨ ਸਿੰਘ ਜੀ ਅਜੇ ਬਾਹਰ ਹੀ ਵਿਚਰ ਰਹੇ ਸਨ। ਵਿਚਰਦੇ ਵਿਚਰਦੇ ਇਕ ਦਿਨ ਜਦੋਂ ਘਰ ਆਏ, ਆਉਂਦਿਆਂ ਨੂੰ ਹੀ ਸ਼ੇਰ-ਦਿਲ ਸੁਪਤਨੀ ਨੇ ਆਪਣੇ ਪਤੀ ਜੀ ਨੂੰ ਆਖਿਆ, "ਚਲੋ ਆਪਾਂ ਵੀ ਵੀਰਾਂ ਦੇ ਨਾਲ ਜੇਲ੍ਹ ਵਿਚ ਚਲੀਏ, ਅਸੀਂ ਬਾਹਰ ਰਹਿ ਕੇ ਕੀ ਲੈਣਾ ਹੈ ?" ਵੀਰ ਸੁਰਜਨ ਸਿੰਘ ਨੇ ਬੜਾ ਹੀ ਜ਼ੋਰ ਤਾਣ ਲਾ ਕੇ ਮਸੇ ਮਸੇ ਆਪਣੀ ਸੁਪਤਨੀ ਬੀਬੀ ਜੋਗਿੰਦਰ ਕੌਰ ਜੀ ਨੂੰ ਵਰਜਿਆ। ਪਰੰਤੂ ਆਪ ਖ਼ੁਦ ਹੀ ਜੇਲ੍ਹ ਨਮਿਤ ਆ ਹਾਜ਼ਰ ਹੋਏ। ਇਹ ਸਭ ਬੀਬੀ ਜੀ ਦੀ ਹਲਾਸ਼ੇਰੀ ਦਾ ਹੀ ਸਦਕਾ ਸੀ। ਸਾਡਾ ਮੁਕੱਦਮਾ ਓਦੋਂ ਲਾਹੌਰ ਜੇਲ੍ਹ ਵਿਚ ਹੀ ਚਲ ਰਿਹਾ ਸੀ। ਜੇਲ੍ਹ ਵਿਚ ਹੀ ਖ਼ਾਸ ਅਦਾਲਤ ਬਣਾਈ ਗਈ ਸੀ ਅਤੇ ਤਿੰਨ ਜੱਜ ਮੁਕੱਦਮੇ ਦਾ ਫ਼ੈਸਲਾ ਕਰਨ ਲਈ ਮੁਕੱਰਰ ਸਨ, ਜਿਨ੍ਹਾਂ ਵਿਚੋਂ ਦੋ ਕਟੜ ਤੇ ਮੁਤੱਸਬੀ ਗੋਰੇ ਸਨ। ਇਕ ਝੋਲੀ-ਚੁਕ ਦੇਸੀ ਜੱਜ ਸੀ। ਅੰਦਰ ਜੇਲ੍ਹ ਦੇ ਅਦਾਲਤ ਲਗ ਰਹੀ ਸੀ ਅਤੇ ਬਾਹਰ ਜੇਲ੍ਹ ਦੇ ਚਾਰ ਚੁਫੇਰੇ ਪਹਿਰੇ ਲਗੇ ਹੋਏ ਸੀ ਕਿ ਅਚਾਨਕ ਹੀ ਜੇਲ੍ਹ ਦੇ ਦਰੋਗੇ ਅਗੇ ਆਪਣਾ ਆਪ ਆ ਪੇਸ਼ ਕੀਤਾ ਕਿ ਮੈਨੂੰ ਵੀ ਅੰਦਰ ਲੈ ਚਲੋ। ਸਬੱਬ ਨਾਲ ਉਸ ਸਮੇਂ ਜੇਲ੍ਹ ਦਾ ਸੁਪ੍ਰੰਟੰਡੰਟ ਭੀ ਜੇਲ੍ਹ ਦੇ ਬੂਹੇ ਅਗੇ ਆ ਵਿਚਰਿਆ। ਉਸ ਨੇ ਬੜੀ ਹੈਰਾਨਗੀ ਨਾਲ ਭਾਈ ਸੁਰਜਨ ਸਿੰਘ ਨੂੰ ਪੁਛਿਆ - "ਤੂੰ ਕੌਣ ਏਂ ਤੇ ਕਿਉਂ ਆਇਆ ਏਂ ?" ਉਸ ਨੇ ਆਖਿਆ, "ਮੇਰੇ ਨਾਲ ਦੇ ਵੀਰਾਂ ਤੇ ਅੰਦਰ ਮੁਕੱਦਮਾ ਚਲ ਰਿਹਾ ਹੈ, ਮੇਰੇ ਵਰੰਟ ਵੀ

WWW.AKJ.ORG

ਨਿਕਲੇ ਹੋਏ ਹਨ। ਸੋ ਮੈਨੂੰ ਵੀ ਅੰਦਰ ਲੈਚਲੋ। ਪਹਿਲਾਂ ਮੈਨੂੰ ਪਤਾ ਨਹੀਂ ਸੀ, ਜਦੋਂ ਪਤਾ ਹੋਇਆ, ਮੈਂ ਇਧਰ ਨੂੰ ਤੁਰ ਪਿਆ।" ਸੁਪ੍ਰੰਟੰਡੰਟ ਨੇ ਸਵਾਲ ਕੀਤਾ, "ਪਹਿਲੋਂ ਤੈਨੂੰ ਕਿਸੇ ਘਰ ਵਾਲੇ ਨੇ ਵਰਜਿਆ ਨਾ ਕਿ ਤੂੰ ਕਿਥੇ ਜਾਣਾ ਏਂ ?"

ਭਾਈ ਸੁਰਜਨ ਸਿੰਘ – ਮੇਰੇ ਘਰ ਹੋਰ ਕੋਈ ਨਹੀਂ, ਸਿਵਾਏ ਇਕ ਸਿੰਘਣੀ ਤੋਂ।

ਸੁਪ੍ਰੰਟੰਡੰਟ – ਕੀ ਤੈਨੂੰ ਉਸ ਸਿੰਘਣੀ ਨੇ ਨਾ ਹੋੜਿਆ ?

ਭਾਈ ਸੁਰਜਨ ਸਿੰਘ –ਸਗੋਂ ਉਸ ਨੇ ਹੀ ਮੈਨੂੰ ਜ਼ੋਰ ਦੇ ਕੇ ਆਪਣੀ ਹੱਥੀਂ ਤੋਰਿਆ।

ਜੇਲ੍ਹ ਅਫ਼ਸਰ ਸਾਰੇ ਸੁਣ ਕੇ ਹੈਰਾਨ ਹੋ ਗਏ। ਓਧਰ ਭਾਈ ਸੁਰਜਨ ਸਿੰਘ ਜੀ ਨੂੰ ਜੇਲ੍ਹ ਦੇ ਅੰਦਰ ਸਾਡੇ ਪਾਸ ਲਿਆ ਕੇ ਹਾਜ਼ਰ ਕਰ ਦਿਤਾ। ਸਾਜ਼ਸ਼ ਦੇ ਮੁਕੱਦਮੇ ਭੁਗਤਣਵਾਲਾ ਬੜਾ ਅਫ਼ਸਰ ਮਿਸਟਰ ਸਕਾਟ ਚਾਹੁੰਦਾ ਸੀ ਕਿ ਹੱਥਕੜੀ ਲਗਾ ਕੇ ਮੁਲਜ਼ਮ ਨੂੰ ਅੰਦਰ ਲਿਜਾਇਆ ਜਾਵੇ, ਪਰ ਜੇਲ੍ਹ ਦੇ ਸੁਪ੍ਰੰਟੰਡੰਟ ਈ. ਐਲ. ਵਾਰਡ ਸਾਹਿਬ ਨੇ ਆਖਿਆ– "ਤੁਹਾਨੂੰ ਖ਼ਿਆਲ ਨਹੀਂ ਆਉਂਦਾ, ਜੋ ਮੁਲਜ਼ਮ ਆਪਣੇ ਆਪ ਹਾਜ਼ਰ ਹੋਇਆ, ਉਸ ਨੂੰ ਹੱਥਕੜੀ ਲਾ ਕੇ ਸਿਰਫ਼ ਆਪਣੀ ਕਮਜ਼ੋਰੀ ਜ਼ਾਹਿਰ ਕਰ ਰਹੇ ਹੋ ?" ਖ਼ੈਰ ! ਜੋ ਭਾਣੇ ਵਰਤਣੇ ਸੀ, ਵਰਤ ਗਏ। ਸਾਰਿਆਂ ਜਥੇ ਦੇ ਸਿੰਘਾਂ ਨੂੰ ਉਮਰ–ਕੈਦਾਂ ਸੁਣਾਈਆਂ ਗਈਆਂ ਤੇ ਅਸੀਂ ਕੁਝ ਸਿੰਘ ਮੁਲਤਾਨ ਸੈਂਟਰਲ ਜੇਲ੍ਹ ਵਿਚ ਭੇਜੇ ਗਏ। (ਵਿਸਥਾਰ ਪੂਰਬਕ ਹਾਲ ਦੇਖੋ ਜੇਲ੍ਹ ਚਿੱਠੀਆਂ ਵਿਚ)।

ਮੁਲਤਾਨ ਦੀ ਘਟਨਾ–

ਭਾਈ ਸੁਰਜਨ ਸਿੰਘ ਜੀ ਵੀ ਸਾਡੇ ਨਾਲ ਮੁਲਤਾਨ ਜੇਲ੍ਹ ਵਿਚ ਕੈਦ ਕੀਤੇ ਹੋਏ ਸਨ, ਜੋ ਸਾਰੇ ਵਖਰੀਆਂ ਵਖਰੀਆਂ ਕਾਲ–ਕੋਠੜੀਆਂ ਵਿਚ ਸਨ। ਸਿਰੀ ਬੀਬੀ ਜੋਗਿੰਦਰ ਕੌਰ ਜੀ ਮੁਲਤਾਨ ਸੈਂਟਰਲ ਜੇਲ੍ਹ ਵਿਚ ਮੁਲਾਕਾਤ ਕਰਨ ਆਏ। ਮੁਲਾਕਾਤ ਦੀ ਦਰਖ਼ਾਸਤ ਵਿਚ ਇਹ ਲਿਖਿਆ – ਕਿ ਮੈਂ ਪਹਿਲਾਂ ਭਾਈ ਰਣਧੀਰ ਸਿੰਘ ਜੀ ਨੂੰ ਮਿਲਣਾ ਹੈ, ਪਿਛੋਂ ਆਪਣੇ ਪਤੀ ਭਾਈ ਸੁਰਜਨ ਸਿੰਘ ਦੀ ਮੁਲਾਕਾਤ ਕਰਨੀ ਹੈ।

ਪਹਿਲੀ ਦਰਖ਼ਾਸਤ ਨਾ–ਮਨਜ਼ੂਰ ਹੋਈ, ਦੂਜੀ ਭਾਈ ਸੁਰਜਨ ਸਿੰਘ ਜੀ ਦੀ ਮੁਲਾਕਾਤ ਵਾਲੀ ਮਨਜ਼ੂਰ ਹੋ ਗਈ। ਉਨ੍ਹਾਂ ਦੋਹਾਂ ਦੀ ਇਸ ਮੁਲਾਕਾਤ ਵੇਲੇ ਜੇਲ੍ਹ ਦੇ ਅਫ਼ਸਰ ਕਰਮਚਾਰੀਆਂ ਵਿਚੋਂ ਇਕ ਡਾਕਟਰ ਰਾਮ ਲਾਲ ਜੀ ਭੀ ਉਥੇ ਜਾ ਢੁਕੇ ਸਨ। ਜੋ ਮੁਲਾਕਾਤ ਦੀਆਂ ਗੱਲਾਂ ਬੀਬੀ ਜੋਗਿੰਦਰ ਕੌਰ ਵਲੋਂ ਹੋਈਆਂ, ਉਹਨਾਂ ਨੂੰ ਸੁਣ ਕੇ ਸਾਰੇ ਜੇਲ੍ਹ ਕਰਮਚਾਰੀ ਅਫ਼ਸਰ ਦੰਗ ਰਹਿ ਗਏ ਸਨ। ਡਾਕਟਰ ਰਾਮ ਲਾਲ ਜੀ ਨੇ ਮੇਰੇ ਪਾਸ ਆ ਕੇ ਜ਼ਬਾਨੀ ਮੁਲਾਕਾਤ ਦੇ ਸਮਾਚਾਰ ਦਸੇ ਅਤੇ ਇਸ ਪ੍ਰਕਾਰ ਦਸਣੇ ਅਰੰਭ ਕੀਤੇ:



"ਮੈਂ ਬਿਜੈ ਸਿੰਘ, ਸੁੰਦਰੀ ਆਦਿਕ ਟ੍ਰੈਕਟ ਪੜ੍ਹੇ ਅਤੇ ਅਨੇਕਾਂ ਵਾਰ ਪੜ੍ਹੇ, ਪਰ ਮੈਂ ਇਨ੍ਹਾਂ ਟ੍ਰੈਕਟਾਂ ਨੂੰ ਅਫ਼ਸਾਨੇ ਸਮਝਦਾ ਸਾਂ ਕਿ ਐਸੀਆਂ ਬਹਾਦਰ ਸਿੰਘਣੀਆਂ ਵੀ ਕਦੇ ਹੋ ਸਕਦੀਆਂ ਹਨ ? ਪਰ ਅੱਜ ਮੈਂ ਮੁਲਾਕਾਤ ਨੂੰ ਆਈ ਇਕ ਸਿੰਘਣੀ ਬੀਬੀ ਦਾ ਦਰਸ਼ਨ ਬਚਨ ਬਿਲਾਸ ਸੁਣ ਕੇ ਨਾ–ਸਿਰਫ਼ ਹੈਰਾਨ ਪ੍ਰੇਸ਼ਾਨ ਹੀ ਹੋਇਆ ਹਾਂ, ਬਲਕਿ ਪਰਮ ਪ੍ਰਸੰਨ ਵੀ ਹੋਇਆ ਹਾਂ। ਪਰਮ ਪ੍ਰਸੰਨਤਾ ਵਾਲੀ ਗੱਲ ਇਹ ਹੈ ਕਿ ਸਿੰਘਣੀਆਂ ਦੇ ਕਾਰਨਾਮੇ ਟ੍ਰੈਕਟਾਂ ਤੋਂ ਪੜ੍ਹ ਕੇ ਮੈਂ ਐਵੇਂ ਅਨੁਮਾਲਕ ਗੱਲਾਂ ਹੀ ਸਮਝਦਾ ਸਾਂ। ਅਜ ਮੇਰੇ ਸਾਰੇ ਵਿਸਵਿਸੇ ਦੂਰ ਹੋ ਗਏ ਹਨ, ਅਤੇ ਮੈਨੂੰ ਅਜ ਪੱਕਾ ਯਕੀਨ ਹੋ ਗਿਆ ਹੈ ਕਿ ਸਿੰਘਾਂ ਦੇ ਪੰਥ ਅੰਦਰ ਸਚ ਮੁਚ ਵਧ ਤੋਂ ਵਧ ਖ਼ਾਲਸਈ ਸਪਿਰਿਟ ਵਾਲੀਆਂ ਰੂਹਾਂ ਮੌਜੂਦ ਹਨ। ਬਿਜੈ ਸਿੰਘ ਆਦਿ ਟ੍ਰੈਕਟਾਂ ਵਿਚ ਸਿੰਘਣੀਆਂ ਦੀਆਂ ਬਹਾਦਰੀਆਂ ਤੇ ਸੂਰਮਤਾਈਆਂ ਜੋ ਮੈਂ ਪੜ੍ਹੀਆਂ ਸੁਣੀਆਂ ਸਨ, ਉਸ ਤੋਂ ਕਈ ਗੁਣਾ ਵਧ ਚੜ੍ਹ ਕੇ ਅਜ ਮੈਂ ਜੀਉਂਦੀ ਜਾਗਦੀ ਮਿਸਾਲ ਬਹਾਦਰ ਸਿੰਘਣੀ ਦੀ ਆਪਣੇ ਅੱਖੀਂ ਦੇਖ ਆਇਆ ਹਾਂ। ਜੋ ਜੋ ਸਮਾਚਾਰ ਮੈਂ ਨੇ ਅਖੀਂ ਦੇਖੇ ਤੇ ਕੰਨੀਂ ਸੁਣੇ, ਉਸ ਤੋਂ ਵਧ ਕੇ ਹੋਰ ਕਿਸੇ ਪ੍ਰੌੜ੍ਹਤਾ ਦੀ ਲੋੜ ਨਹੀਂ ਰਹੀ।"

ਵਿਸਥਾਰ ਪੂਰਬਕ ਉਹਨੇ ਸਾਰੀਆਂ ਗੱਲਾਂ ਦੱਸੀਆਂ ਕਿ ਕੀ ਉਸ ਨੇ ਕਿਹਾ। ਤੇ ਏਥੇ ਵੰਨਗੀ ਮਾਤਰ ਇਕ ਦੋ ਗੱਲਾਂ ਹੀ ਦਸੀਆਂ ਜਾ ਸਕਦੀਆਂ ਹਨ, ਕਿਉਂਕਿ ਲਿਖਤ–ਵਿਸਥਾਰ ਵਧ ਜਾਣ ਦਾ ਡਰ ਹੈ : "ਬੀਬੀ ਨੇ ਭਾਈ ਸੁਰਜਨ ਸਿੰਘ ਜੀ ਦੇ ਸਨਮੁਖ ਹੋ ਕੇ ਕਿਹਾ–ਤੁਸੀਂ ਵਡਭਾਗੇ ਹੋ, ਗੋਰਾ–ਸ਼ਾਹੀ ਦੀ ਮੁਖ਼ਾਲਫ਼ਤ ਵਿਚ ਡਟੇ ਹੋ, ਕਾਸ਼ ਕਿ ਮੈਨੂੰ ਭੀ ਇਹ ਸੁਭਾਗ ਪ੍ਰਾਪਤ ਹੁੰਦਾ। ਤੁਸੀਂ ਉਸ ਗੁਰੂ ਸਾਹਿਬ ਦੇ ਸਿਖ ਹੋ ਜਿਨ੍ਹਾਂ ਨੇ ਚਾਰ ਸਾਹਿਬਜ਼ਾਦੇ ਅਤੇ ਸਾਰਾ ਪ੍ਰਵਾਰ ਦੇਸ਼ ਪੰਥ ਪਰ ਵਾਰ ਦਿਤਾ, ਹੁਣ ਤੁਸੀਂ ਕਿਸੇ ਪ੍ਰਕਾਰ ਲਰਜ਼ਾ ਨਹੀਂ ਖਾਣਾ, ਗੁਰਸਿੱਖੀ ਦੀ ਸੂਰਬੀਰਤਾ ਵਾਲੀ ਸਪਿਰਿਟ ਨੂੰ ਲਾਜ ਨਹੀਂ ਲਾਣੀ, ਅਸਾਡਾ ਫ਼ਿਕਰ ਨਹੀਂ ਕਰਨਾ, ਉਹ ਅਕਾਲ ਪੁਰਖ ਸਾਡੇ ਅੰਗ ਸੰਗ ਹੈ। ਅਸਾਡੇ ਤੁਸਾਡੇ ਵਿਚ ਆਤਮਕ ਮੇਲ ਦੀ ਵਿਥ ਕੋਈ ਨਹੀਂ ਪਾ ਸਕਦਾ। ਸਤਿਗੁਰੂ ਨੇ ਜੋ ਨਿਰਭਉ ਨਾਮ ਸਾਨੂੰ ਬਖ਼ਸ਼ਿਆ ਹੈ, ਉਹ ਤੁਸਾਡੇ ਅੰਦਰ ਵੀ ਪ੍ਰਵੇਸ਼ ਹੈ, ਤੁਸੀਂ ਏਸੇ ਨੂੰ ਆਪਣਾ ਜੀਵਨ–ਅਧਾਰ ਬਣਾਉਣਾ ਅਤੇ ਕਦੇ ਕੋਈ ਲਰਜ਼ਾ ਨਹੀਂ ਖਾਣਾ। ਇਹ ਸਰੀਰ ਛਿਨ–ਭੰਗਰ ਹੀ ਹੈ, ਠੀਕਰਾ ਓੜਕ ਫੁਟਣਾ ਹੀ ਹੈ, ਧਰਮ ਦੇ ਅਰਥ ਫੁਟੇ; ਇਸ ਤੋਂ ਵਧ ਹੋਰ ਕੀ ਸੁਭਾਗ ਹੋ ਸਕਦਾ ਹੈ ! ਏਥੇ ਓਥੇ ਲੋਕ ਪਰਲੋਕ ਵਿਚ ਨਾਮ–ਪ੍ਰੀਤੀਆਂ ਰੂਹਾਂ ਨੂੰ ਹਰਗਿਜ਼ ਵਿਛੋੜਾ ਨਹੀਂ। ਤੁਹਾਡੀ ਕੁਰਬਾਨੀ ਰੰਗ ਲਿਆਵੇਗੀ। ਏਨ੍ਹਾਂ ਕੁਰਬਾਨੀਆਂ ਦੇ ਤੁਫ਼ੈਲ ਇਕ ਦਿਨ ਸਾਰਾ ਮੁਲਕ ਆਜ਼ਾਦ ਹੋ ਜਾਏਗਾ। ਹੁਣ ਨਾਮ ਦੇ ਆਸਰੇ ਜੀਉਣਾ ਹੈ, ਤੁਸੀਂ ਨਾਮ ਦੇ ਆਸਰੇ ਜੀਉ। ਭੀੜੀ ਅਵਧਾ ਕਾਲ ਦੇ ਸਮੇਂ ਹੀ ਧਰਮ ਦੀ ਪ੍ਰੀਖਿਆ ਹੁੰਦੀ ਹੈ।

WWW.AKJ.ORG


ਭਾਈ ਰਣਧੀਰ ਸਿੰਘ ਜੀ ਜੋ ਪੂਰਨੇ ਪਾ ਰਹੇ ਹਨ, ਉਹਨਾਂ ਦੇ ਨਕਸ਼ੇ ਕਦਮ ਉਪਰ ਹੀ ਚਲੋਗੇ ਤਾਂ ਲੋਕ ਪਰਲੋਕ ਵਿਖੇ ਮੁਖ ਉਜਲਾ ਹੋਵੇਗਾ। ਇਸ ਕਥਨ ਪਰ ਭਾਈ ਸੁਰਜਨ ਸਿੰਘ ਜੀ ਦੇ ਮੁਖੋਂ ਸੁਤੇ ਹੀ ਇਹ ਗੱਲ ਨਿਕਲ ਗਈ ਕਿ ਅਜ ੨੧ ਦਿਨ ਹੋ ਗਏ ਹਨ, ਭਾਈ ਰਣਧੀਰ ਸਿੰਘ ਨੇ ਕੋਈ ਅਨਜਲ ਪਾਨ ਨਹੀਂ ਕੀਤਾ। ਇਹ ਗੱਲ ਸੁਣਨ ਸਾਰ ਹੀ ਮੁਲਾਕਾਤ ਬੰਦ ਕਰ ਦਿਤੀ ਗਈ ਅਤੇ ਮੁਲਾਕਾਤੀਆਂ ਨੂੰ ਚਲੇ ਜਾਣ ਦਾ ਜਬਰੀ ਹੁਕਮ ਦੇ ਦਿਤਾ ਗਿਆ। ਭਾਈ ਸੁਰਜਨ ਸਿੰਘ ਜੀ ਕੁਛ ਉਜ਼ਰ ਮਾਜਰਤ ਕਰਨ ਲਗੇ ਸਨ ਕਿ ਕਿਉਂ ਮੁਲਾਕਾਤ ਬੰਦ ਕੀਤੀ ਜਾਂਦੀ ਹੈ ?

"ਬੀਬੀ ਜੀ ਨੇ ਵੀ ਭਾਈ ਸੁਰਜਨ ਸਿੰਘ ਜੀ ਨੂੰ ਆਖਿਆ ਕਿ ਤੁਸੀਂ ਕਿਉਂ 'ਏਂ ਏਂ' ਕਰਦੇ ਹੋ ਇਹਨਾਂ ਜ਼ਾਲਮਾਂ ਅਗੇ। ਅਸੀਂ ਨਿਤ ਨਿਤਾਪ੍ਰਤ ਮੁਲਾਕਾਤ ਕਰਾਂਗੇ, ਇਹ ਰੋਕਣ ਵਾਲੇ ਕੌਣ ਹਨ। ਅਸਾਡਾ ਆਤਮ-ਮਿਲਾਵਾ ਕੋਈ ਨਹੀਂ ਰੋਕ ਸਕਦਾ। ਜੇਲ੍ਹ ਕਰਮਚਾਰੀਆਂ ਨੇ ਬੀਬੀ ਜੀ ਨੂੰ ਧਮਕੀ ਦਿਤੀ ਕਿ ਤੁਸੀਂ ਚਲੇ ਜਾਓ, ਨਹੀਂ ਤਾਂ ਧੱਕੇ ਦੇ ਕੇ ਬਾਹਰ ਕੀਤਾ ਜਾਵੇਗਾ। ਇਹ ਸੁਣ ਕੇ ਬੀਬੀ ਜੋਗਿੰਦਰ ਕੌਰ ਜੀ ਦਾ ਚੇਹਰਾ ਨੂਰਾਨੀ ਜਲਾਲ ਨਾਲ ਲਾਲੋ ਲਾਲ ਹੋ ਗਿਆ ਅਤੇ ਉਥੇ ਹੀ ਡਟ ਖਲੋਤੀ ਕਿ ਆਓ ਧੱਕੇ ਦੇ ਕੇ ਦੇਖੋ ਤਾਂ ਸਹੀ, ਚੀਰ ਕੇ ਲੀਰੋ ਲੀਰ ਨਾ ਕਰ ਦਿਆਂ। ਬੀਬੀ ਜੋਗਿੰਦਰ ਕੌਰ ਜੀ ਦੇ ਇਸ ਜਲਾਲ ਭਰੇ ਰੁਹਬ ਦੀ ਤਾਬ ਕੋਈ ਨਾ ਲਿਆ ਸਕਿਆ। ਜੇਲ੍ਹਰ ਨੇ ਬੀਬੀ ਜੀ ਅਗੇ ਹੱਥ ਜੋੜੇ ਅਤੇ ਬੜੀ ਨਿਮਰਤਾਈ ਨਾਲ ਮਿੰਨਤ ਕਰ ਕੇ ਵਾਪਸ ਤੋਰਿਆ।"

ਡਾਕਟਰ ਰਾਮ ਲਾਲ ਦਸਦਾ ਹੈ, "ਕਿ ਅਸੀਂ ਸਾਰੇ ਜੇਲ੍ਹ-ਕਰਮਚਾਰੀ ਹੀ ਸਿਰ ਤੋਂ ਪੈਰਾਂ ਤਾਈਂ ਕੰਬ ਰਹੇ ਸਾਂ, ਇਸ ਸ਼ੇਰਨੀ ਦਾ ਜਲਾਲ ਝਲਿਆ ਨਹੀਂ ਜਾਂਦਾ ਸੀ। ਅਜ ਸਾਰੇ ਜੇਲ੍ਹ ਅੰਦਰ ਉਸ ਦੀ ਸੂਰਬੀਰਤਾ ਦੀਆਂ ਹੀ ਗੱਲਾਂ ਹੋ ਰਹੀਆਂ ਸਨ ਅਤੇ ਮੇਰੇ ਵਰਗੇ ਕਾਇਰਾਂ ਨੂੰ ਵਾਕਿਆ ਦੀ ਯਾਦ ਕਰਕੇ ਹੁਣ ਵੀ ਕੰਬਣੀ ਛਿੜ ਰਹੀ ਹੈ।"

ਡਾਕਟਰ ਰਾਮ ਲਾਲ ਜੀ ਨੇ ਪ੍ਰਤਗਿਆ ਕੀਤੀ ਕਿ ਮੈਂ ਸਣੇ ਪਰਵਾਰ ਦੇ ਸਿੰਘ ਸਜਾਂਗਾ, ਆਪ ਅਸੀਸਾਂ ਦੇਵੋ ਕਿ ਸਤਿਗੁਰੂ ਸਾਨੂੰ ਭੀ ਸਿੱਖੀ ਸਿਦਕ ਪ੍ਰਦਾਨ ਕਰੇ। ਬਸ ਏਨਾ ਕੁਝ ਵੰਨਗੀ ਮਾਤਰ ਜ਼ਿਕਰ ਹੀ ਕਾਫ਼ੀ ਹੈ।

ਉਸ ਦਿਨ ਤੋਂ ਪਿਛੋਂ ਜਿਤਨਾ ਅਰਸਾ ਵੀ ਅਸੀਂ ਜੇਲ੍ਹ ਵਿਚ ਰਹੇ, ਸਾਨੂੰ ਪਰਤੱਖ ਦਰਸ਼ਨ ਉਸ ਜਲਾਲ ਭਰੀ ਜਿੰਦੜੀ ਬੀਬੀ ਜੋਗਿੰਦਰ ਕੌਰ ਦੇ ਹੁੰਦੇ ਰਹੇ। ਓੜਕ ਉਹ ਦਿਨ ਆਇਆ ਕਿ ਅਸੀਂ ਹਜ਼ਾਰੀ ਬਾਗ਼ ਜੇਲ੍ਹ ਵਿਚ ਸਿਰੀ ਬੀਬੀ ਜੀ ਦੇ ਅਕਾਲ ਚਲਾਣੇ ਦਾ ਪਰਤੱਖ ਨਜ਼ਾਰਾ (vision) ਦੇਖਿਆ। ਉਸ ਦਿਨ ਨੂੰ ਅਸੀਂ ਨੋਟ ਕਰ ਲਿਆ। ਕਈ ਹਫ਼ਤੇ ਪਿਛੋਂ ਖ਼ਬਰ ਮਿਲੀ ਕਿ ਸਚ ਮੁਚ ਸਿਰੀ ਬੀਬੀ



ਜੋਗਿੰਦਰ ਕੌਰ ਜੀ ਦੇ ਜੀਵਨ ਸੰਬੰਧੀ ਕੀ ਕੀ ਕ੍ਰਿਸ਼ਮੇ ਦਸੀਏ, ਸਦਾ ਅਲੌਕਿਕ ਹਨ। ਸੇਵਾ ਦੇ ਪੁੰਜ, ਹਰ ਪ੍ਰਕਾਰ ਦੀ ਕੁਰਬਾਨੀ ਦੇ ਪੁਤਲੇ, ਸਦਾ ਚੜ੍ਹਦੀਆਂ ਆਤਮ ਮੌਜਾਂ ਵਿਚ ਖੇਲਣਾ, ਇਸ ਉਮਰ ਵਿਚ ਵਿਰਲੇ ਹੀ ਹੋਏ ਹਨ। ਸਾਡੀ ਆਉਣ ਵਾਲੀਆਂ ਬੀਬੀਆਂ ਭੁਝੰਗਣਾਂ ਦੀ ਨਸਲ ਲਈ ਇਸ ਬੀਬੀ ਜੋਗਿੰਦਰ ਕੌਰ ਜੀ ਦਾ ਜੀਵਨ ਚਾਨਣ-ਮੁਨਾਰਾ ਹੀ ਰਹੇਗਾ।

ਬੀਬੀ ਜੀ ਦਾ ਇਕਲੌਤਾ ਭੁਝੰਗੀ ਸੀ। ਅਕਤੂਬਰ ੧੯੧੮ ਦੇ ਮਹੀਨੇ ਵਿਚ ਇਨਫ਼ਲੂਐਂਜੇ ਦੀ ਬੀਮਾਰੀ ਪਈ। ਭਾਈ ਸੁਰਜਨ ਸਿੰਘ ਮੁਲਤਾਨ ਜੇਲ੍ਹ ਵਿਚ ਸਨ। ਬੀਬੀ ਜੀ ਤੇ ਭੁਝੰਗੀ ਦੋਵੇਂ ਬੀਮਾਰ ਹੋ ਗਏ। ਇਕ ਦਿਨ ਪਹਿਲਾਂ ਭੁਝੰਗੀ ਚਲਾਣਾ ਕਰ ਗਿਆ। ਬੀਬੀ ਜੀ ਨੇ ਭਾਣਾ ਮਿੱਠਾ ਕਰਕੇ ਮੰਨਿਆ ਤੇ ਦੂਜੇ ਦਿਨ ਆਪ ਭੀ ਗੁਰਪੁਰੀ ਨੂੰ ਪਧਾਰ ਗਏ ਤੇ ਸਬਰ ਸ਼ੁਕਰ ਦਾ ਪੂਰਨਾ ਪਾ ਗਏ।

WWW.AKJ.ORG

WWW.AKJ.ORG

੨੨

# ਜੋਤਿ-ਦੀਪਕੀ ਪਤੰਗੇ ਡਾ: ਗੁਰਦੀਪ ਸਿੰਘ ਜੀ

ਇਹਨਾਂ ਦਾ ਪਹਿਲਾ ਨਾਮ ਨੰਦ ਸਿੰਘ ਸੀ। ਜੰਮੇ ਪਲੇ ਨਾਰੰਗਵਾਲ ਵਿਚ ਹੀ। ਨਾਰੰਗਵਾਲ ਵਿਚ ਛੋਟੀ ਉਮਰੇ ਵਰ੍ਹੇ, ਵਿਆਹੇ ਗਏ। ਇਹਨਾਂ ਦੇ ਪਿਤਾ ਦਾ ਨਾਮ ਡਾਕਟਰ ਚਰਨ ਸਿੰਘ 'ਸਲੋਤਰੀ' ਸੀ। ਅੰਮ੍ਰਿਤ ਛਕ ਕੇ ਚਾਹੇ ਇਨ੍ਹਾਂ ਦਾ ਨਾਮ ਆਸਾ ਸਿੰਘ ਹੋ ਗਿਆ, ਪਰ ਇਹ ਚਰਨ ਸਿੰਘ ਦੇ ਨਾਮ ਨਾਲ ਹੀ ਸਾਰੀ ਉਮਰ ਪ੍ਰਸਿੱਧ ਰਹੇ। ਮ੍ਰਿਤਕ ਨਾਮ ਦੀ ਚਮੇੜ ਸਾਰੀ ਉਮਰ ਚਮੇੜੀ ਹੀ ਰਖੀ। ਸਾਡੇ ਨਾਲ ਹੀ ਛੋਟੀ ਉਮਰੇ ਇਨ੍ਹਾਂ ਇਕੋ ਬਾਟੇ ਵਿਚ ਹੀ ਅੰਮ੍ਰਿਤ ਛਕਿਆ ਸੀ, ਇਸ ਕਰਕੇ ਇਹ ਸਾਡੇ ਸੁਨਹਿਰੀਏ ਵੀਰ ਕਹਾਂਵਦੇ ਸਨ। ਬਹੁਤ ਛੋਟੀ ਉਮਰ ਸੀ, ਅੰਮ੍ਰਿਤ ਦਾ ਪਾਹ ਬੜਾ ਹੀ ਗਹਿਰਾਏ ਰੰਗਾਂ ਵਿਚ ਚੜ੍ਹਿਆ ਤੇ ਕਿੰਚਤ ਕਾਲ ਹੀ ਚੜ੍ਹਿਆ ਰਿਹਾ। ਸੁਭਾਉ ਦੇ ਬੜੇ ਸੁਸ਼ੀਲ ਸਨ। ਸਰੀਰਕ ਡੀਲ-ਡੋਲ ਵਿਚ ਬੜੇ ਹੀ ਹੁੰਦੜ ਹੇਲ ਵੀਰ ਬਾਂਕੇ ਸਨ। ਅਸੀਂ ਤਾਂ ਇਹਨਾਂ ਨੂੰ ਹਮੇਸ਼ਾ ਹੀ ਗੁਰਮਤਿ ਨਾਮ ਆਸਾ ਸਿੰਘ ਦੇ ਨਾਲ ਹੀ ਅਲਾਉਂਦੇ ਬੁਲਾਂਵਦੇ ਰਹੇ, ਪਰ ਆਮ ਲੋਕਾਂ ਵਿਚ ਇਹ ਚਰਨ ਸਿੰਘ ਕਰਕੇ ਹੀ ਪ੍ਰਸਿੱਧ ਰਹੇ। ੧੯੧੪ ਵਿਚ ਇਨ੍ਹਾਂ ਨੇ ਵੀ ਸਾਡੇ ਨਾਲ ਹੀ ਪਕੜਿਆ ਜਾਣਾ ਸੀ ਤੇ ਲਾਹੌਰ ਸਾਜ਼ਸ਼ ਕੇਸ ਵਿਚ ਜਕੜਿਆ ਜਾਣਾ ਸੀ, ਪਰੰਤੂ ਇਹ ਪਹਿਲਾਂ ਹੀ ਕਲਕੱਤੇ ਨੂੰ ਖਿਸਕ ਗਏ ਅਤੇ ਕਲਕੱਤੇ ਤੋਂ ਬਰਮਾ ਜਾ ਵੜੇ। ਉਥੇ ਜਾ ਕੇ 'ਸਲੋਤਰੀ' ਬਣ ਗਏ ਅਤੇ ਨੌਕਰੀ ਕਰ ਲਈ। ਬਰਮਾ ਵਿਚ ਆਪਣੇ ਇਕਲੌਤੇ ਸਪੁੱਤਰ ਨੰਦ ਸਿੰਘ ਨੂੰ ਵੀ ਬੁਲਾ ਲਿਆ। ਉਥੇ ਹੀ ਇਨ੍ਹਾਂ ਦੀ ਇਕੋ ਇਕ ਸਪੁਤਰੀ, ਨੰਦ ਸਿੰਘ ਦੀ ਵੱਡੀ ਭੈਣ, ਬੀਬੀ ਨੰਦ ਕੌਰ ਵੀ ਬੁਲਾ ਲਈ ਗਈ। ਉਥੇ ਹੀ ਇਨ੍ਹਾਂ ਦੋਹਾਂ ਵੀਰ ਭੈਣਾਂ ਦੀ ਮਾਤਾ ਨੇ ਵੀ ਪਤੀ ਪਾਸ ਜਾ ਨਿਵਾਸ ਕੀਤਾ।

ਨੰਦ ਸਿੰਘ ਹੋਰਾਂ ਦੀ ਬਰਮਾ-ਨਿਵਾਸ ਦੀ ਅਵਾਇਲ ਉਮਰ ਦਾ ਸਾਨੂੰ ਪੂਰਾ ਪਤਾ ਨਹੀਂ ਸੀ, ਇਸ ਪ੍ਰਥਾਇ ਉਹਨਾਂ ਦੇ ਪਰਮ ਜਿਗਰੀ ਮਿੱਤਰ ਡਾਕਟਰ ਤ੍ਰਿਲੋਚਨ ਸਿੰਘ ਜੀ ਹੀ ਰੌਸ਼ਨੀ ਪਾਣਗੇ ਅਤੇ ਵਿਸਥਾਰ ਸਹਿਤ ਲਿਖਣਗੇ। ਸਾਨੂੰ ਜੋ ਸੁੰਧਕ ਮਿਲੀ ਹੈ, ਉਹ ਇਹ ਹੈ ਕਿ ਪਿਆਰਾ ਨੰਦ ਸਿੰਘ ਬਰਮਾ ਵਿਚ ਜਾ ਕੇ ਹੀ ਪੜ੍ਹਾਈਆਂ ਪੜ੍ਹਿਆ ਅਤੇ ਉਥੇ ਹੀ ਉਸ ਨੇ ਡਾਕਟਰੀ ਪਾਸ ਕੀਤੀ ਅਤੇ ਉਥੇ ਹੀ ਡਾਕਟਰ ਬਣਿਆ। ਇਸ ਨੇ ਡਾਕਟਰੀ ਦੀ ਮੁਲਾਜ਼ਮਤ ਹਿਤੋਂ ਚਿਤੋਂ ਚਾਹ ਕੇ ਕੁਝ





ਨਹੀਂ ਕੀਤੀ। ਮੁਢ ਤੋਂ ਹੀ ਇਸ ਦੀ ਤਬੀਅਤ ਚੇਟਕੀ ਫ਼ਕੀਰਾਂ ਦੀ ਚੇਟਕੀ ਵਾਲੀ ਸੀ। ਇਸ ਦੀ ਤੀਨਤ ਵਿਚ ਪ੍ਰਮਾਰਥੀ ਖੋਜ ਦਾ ਮਾਦਾ ਕੁਟ ਕੁਟ ਕੇ ਭਰਿਆ ਪਿਆ ਸੀ, ਜੋ ਪਿਛਲੇ ਜਨਮ ਦਾ ਹੀ ਭਰਪੁਰ ਲੀਣਾ ਅੰਕੁਰ ਸੀ। ਪਰ ਸਾਦਗੀ ਅਤੇ ਸੁੱਚਤਾ ਇਸ ਦੀ ਤਬੀਅਤ ਵਿਚ ਇਤਨੀ ਸੀ ਕਿ ਸੁਖੈਨ ਹੀ ਜਣੇ ਖਣੇ ਭੇਖੀ ਸਾਧ ਪਾਸੋਂ ਧੋਖਾ ਖਾ ਜਾਂਦਾ ਸੀ। ਨਾਲ ਹੀ ਇਤਨੀ ਪਛਾਣ ਦਾ ਕੁਦਰਤੀ ਮਾਦਾ ਇਸ ਦੇ ਅੰਦਰ ਮੌਜੂਦ ਸੀ, ਹੰਸਾਂ ਵਤ ਦੁੱਧੋਂ ਪਾਣੀ ਛਾਣ ਲੈਂਦਾ ਸੀ ਅਤੇ ਭੇਖੀ ਪਾਖੰਡੀ ਦੀ ਪਹਿਚਾਣ ਕਰ ਹੀ ਲੈਂਦਾ ਸੀ, ਚਾਹੇ ਓੜਕ ਦੇਖ ਕੇ ਹੀ ਕਰਦਾ ਸੀ ਅਰ ਕਰਨ ਸਾਰ ਹੀ ਛਡ ਦਿੰਦਾ। ਕਿਉਂਕਿ ਹਿਰਦੇ ਦੀ ਪ੍ਰਮਾਰਥੀ ਪਿਆਸ ਨਹੀਂ ਬੁਝਦੀ ਸੀ, ਸੱਚੇ ਸਤਿਸੰਗ ਦੀ ਸਿਕ ਬਣੀ ਰਹਿੰਦੀ ਸੀ। ਬਰਮਾ ਵਿਚ ਜਿਥੇ ਵੀ ਕੋਈ ਉੱਘਾ ਸਾਧੂ ਸੁਣਿਆ, ਉਸ ਦੇ ਹੀ ਪਿਛੇ ਜਾ ਲਗਾ, ਅਤੇ ਐਸਾ ਲਗਾ ਕਿ ਤੋੜ ਤਾਈਂ ਉਸ ਦਾ ਖਹਿੜਾ ਨਹੀਂ ਛੱਡਿਆ। ਜਿੰਨਾ ਚਿਰ ਲੱਗਿਆ ਰਿਹਾ, ਅੰਨ੍ਹੇ ਨਿਸਚੇ ਨਲ ਲੱਗਿਆ ਰਿਹਾ। ਆਪਣੇ ਪੂਜਯ ਸਾਧੂ ਨੂੰ ਪਰਮੇਸ਼ਵਰ ਦਾ ਰੂਪ ਸਮਝ ਕੇ ਹੀ ਪੂਜਦਾ ਰਿਹਾ। ਇਸ ਸਾਧੂ-ਪੂਜਯ ਵਿਥਿਆ ਨੂੰ ਵਿਸਥਾਰ ਸਹਿਤ ਡਾਕਟਰ ਤ੍ਰਿਲੋਚਨ ਸਿੰਘ ਹੀ ਵਰਨਣ ਕਰਨਗੇ, ਕਿਉਂਕਿ ਉਹ ਵੀ ਇਸ ਦੇ ਸੰਗ ਸਾਥ ਹੀ ਇਸੇ ਪੰਧ ਦੇ ਪਾਂਧੀ ਕੁਝ ਚਿਰ ਰਹਿ ਚੁਕੇ ਸਨ।

ਸਾਨੂੰ ਇਸ ਵੀਰ ਦੇ ਪਹਿਲੇ ਜੀਵਨ ਨੰਦ ਸਿੰਘੀ ਜੀਵਨ ਨਾਲ ਕੋਈ ਸਰੋਕਾਰ ਨਹੀਂ। ਸਾਡੇ ਨਾਲ ਤਾ ਵਾਸਤਾ ਉਦੋਂ ਹੀ ਪਿਆ ਹੈ ਜੋਂ ਕਿ ਇਹ ਬੇਹਬਲ ਬੈਰਾਗੀੜਆ ਅਤੀਤ ਬੈਰਾਗੀ ਹੋ ਕੇ ਸਾਰਿਆਂ ਤੋਂ ਨਿਰਾਸ ਹੋ ਕੇ ਅਤੇ ਸਾਰੇ ਭੇਖਾਂ ਦੇ ਸਾਧਾਂ ਤੋਂ ਉਦਾਸ ਉਪਰਾਮ ਹੋ ਕੇ, ਅਤਿਅੰਤ ਹੀ ਵਿਆਕੁਲਤਾ ਵਿਚ ਨਿਮਰੀ-ਭੂਤ ਹੋ ਕੇ ਖੋਜਦੇ ਨਾਰੰਗਵਾਲ ਆਣ ਪੁਜੇ। ਉਥੇ ਸੁਤੇ-ਸੁਭਾਵ ਹੀ ਇਸ ਦੇ ਆਉਂਦਿਆਂ ਨੂੰ ਸਤਿਸੰਗੀ ਮੰਡਲ ਤੇ ਕੀਰਤਨੀ ਪ੍ਰਵਾਹ ਚਲੇ ਰਹੇ ਸਨ। ਸਾਨੂੰ ਇਹ ਗੱਲ ਉੱਕੀ ਹੀ ਯਾਦ ਨਹੀਂ ਕਿ ਇਸ ਵੈਰਾਗੀਅੜੇ ਨੰਦ ਸਿੰਘ ਨੂੰ ਇਸ ਸਤਿਸੰਗ-ਮੰਡਲੀ ਦੀ ਕਿਵੇਂ ਸੂੰਹ ਲੱਗੀ।

ਸਿਦਕ-ਖੋਜੀ ਖੋਜ ਕੱਢ ਹੀ ਲੈਂਦੇ ਹਨ। ਸੱਚੀ ਖੋਜ ਦੇ ਮੁਤਲਾਸ਼ੀ ਸਚੜੀ ਆਤਮ-ਔਜ ਦਾ ਆਸ਼ੀਆਨਾ (ਆਲ੍ਹਣਾ) ਤੇ ਟਿਕਾਣਾ ਭਾਲ ਹੀ ਲੈਂਦੇ ਹਨ। ਪਹਿਲੜੇ ਸਰੀਰ ਦਰਸ਼ਨ ਇਸ ਪਹਿਲ-ਪਲੋਠੀਏ ਨਵਜੋਬਨੀ ਬਾਲੜੇ ਦੇ, ਇਸ ਸੱਚੜੀ ਇਸ਼ਕ ਮੁਹੱਬਤ ਦੇ ਆਸ਼ਕੜੇ ਦੇ ਸਾਨੂੰ ਉਸ ਉਮਰੇ ਨਾਰੰਗਵਾਲ ਆਉਣ ਪਰ ਹੀ ਹੋਏ ਸਨ, ਦੋਨੋਂ ਹੀ ਭੈਣ ਭਾਈ ਪੁਜ ਕੇ ਪ੍ਰਮਾਰਥ ਦੇ ਪਾਤਰ ਸਨ। ਕੁਦਰਤੀ ਹੀ ਅੰਮ੍ਰਿਤ-ਸੰਚਾਰ ਦਾ ਸਮਾਗਮ ਨਾਰੰਗਵਾਲ ਵਿਖੇ ਜੁੜਿਆ ਹੋਇਆ ਸੀ, ਪਰ ਯਾਦ ਨਹੀਂ ਕਿ ਕਿਹੜੇ ਮੌਕੇ ਜੁੜਿਆ ਸੀ। ਸਤਿਸੰਗੀ ਜਨ ਇਹਨਾਂ ਦੋਹਾਂ ਨੂੰ ਦੇਖਦੇ

WWW.AKJ.ORG

WWW.AKJ.ORG


ਸਾਰ ਹੀ ਤਾੜ ਗਏ ਕਿ ਏਹ ਪਿਛਲੇ ਜਨਮ ਦੀਆਂ ਵਿਛੜੀਆਂ ਹੋਈਆਂ ਰੂਹਾਂ ਹਨ। ਪਿਆਰੇ ਨੰਦ ਸਿੰਘ ਜੀ ਦੀ ਪ੍ਰਮਾਰਥੀ ਪਾਤਰਤਾ ਬੜੀ ਉਚੇਰੀ ਟੀਸੀ ਤਾਈਂ ਅਪੜ ਚੁਕੀ ਸੀ।

ਬੀਬੀ ਨੰਦ ਕੌਰ ਭੀ ਘਟ ਨਹੀਂ ਸੀ, ਇਸ ਨੂੰ ਭੀ ਆਪਣੇ ਵੀਰ ਦੇ ਨਾਲ ਹੀ ਜਹਾਜ਼ੇ ਚੜ੍ਹਨ ਦੀ ਤਕੜੀ ਲਿਵ ਲਗੀ ਹੋਈ ਸੀ। ਪਰ ਉਸ ਦੇ ਭਾਗਾਂ ਵਿਚ ਵੀਰ ਦੇ ਨਾਲ ਜਹਾਜ਼ੇ ਚੜ੍ਹਨਾ ਨਹੀਂ ਸੀ ਲਿਖਿਆ ਹੋਇਆ, ਕਿਉਂਕਿ ਜਥੇ ਦੇ ਅਸੂਲਾਂ ਅਨੁਸਾਰ ਆਪਣੇ ਸੰਸਾਰਕ ਸੰਜੋਗੀ ਪਤੀ ਬਿਹੂਣ ਉਹ ਬੀਬੀ ਅੰਮ੍ਰਿਤ ਨਹੀਂ ਸੀ ਛਕ ਸਕਦੀ। ਪਤੀ ਉਸ ਦਾ ਅਜੇ ਪ੍ਰਮਾਰਥ ਦਾ ਪਾਂਧੀ ਭੀ ਨਹੀਂ ਸੀ ਬਣਿਆ। ਗੁਰਮਤਿ ਸਤਿਸੰਗ ਦੇ ਅਜੇ ਉਹ ਅਭਾਗਾ ਪੁਰਸ਼ ਨੇੜੇ ਭੀ ਨਹੀਂ ਸੀ ਆਇਆ, ਪਰ ਬੀਬੀ ਨੰਦ ਕੌਰ ਜੀ ਦੀ ਬੜੀ ਹੀ ਆਸ਼ਾ ਤੇ ਪੱਕਾ ਵਿਸ਼ਵਾਸ ਸੀ ਤੇ ਧਰਵਾਸ ਸੀ ਕਿ ਇਸ ਦੀ ਨਿਜ ਸਨਿਮਰੀ ਪ੍ਰੇਰਨਾ ਦੇ ਪਰਾਇਣ ਹੋ ਕੇ ਉਸ ਦਾ ਪਤੀ ਇਕ ਦਿਨ ਜ਼ਰੂਰ ਹੀ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਜਾਏਗਾ। ਚਾਹੇ ਆਪਣੇ ਵੀਰ ਦੇ ਨਾਲ ਹੀ ਇਕੋ ਬਾਟੇ ਵਿਚ ਅੰਮ੍ਰਿਤ ਛਕਣ ਦਾ ਇਸ ਬੀਬੀ ਦਾ ਹਦ ਦਰਜੇ ਦਾ ਉਤਸ਼ਾਹ-ਉਮਾਹਾ ਸੀ, ਪਰ ਗੁਰਮਤਿ ਅਸੂਲਾਂ ਦੀ ਪਾਬੰਦੀ ਅਤੇ ਆਪਣੇ ਪਤੀ ਨੂੰ ਭੀ ਆਪਣੇ ਨਾਲ ਹੀ ਨਿਸਤਾਰਨ ਦੀ ਖ਼ਾਹਸ਼ਮੰਦੀ ਭੀ ਇਸ ਬੀਬੀ ਦੀ ਅਨੂਪਮ ਸੀ। ਇਹ ਬੀਬੀ ਨੰਦ ਕੌਰ ਦੀ ਬੜੀ ਹੀ ਉੱਚੀ ਕੁਰਬਾਨੀ ਹੈ ਕਿ ਇਸ ਨੇ ਆਪਣੇ ਅਤਿ ਉੱਚ ਪ੍ਰਮਾਰਥੀ ਵੇਗ ਨੂੰ ਰੋਕ ਕੇ ਤੱਤ ਅਸੂਲਾਂ ਦੀ ਅਨੁਸਾਰਤਾ ਵਾਲੀ ਤੇ ਕੁਛ ਹੋਰ ਸਮਾਂ ਉਡੀਕਣ ਦੀ ਵਿਸ਼ਾਲਤਾ ਵਿਖਾਲੀ।

ਮੈਨੂੰ ਯਾਦ ਹੈ ਕਿ ਵੀਰ ਨੰਦ ਸਿੰਘ ਜੀ ਤਾਂ ਅੰਮ੍ਰਿਤ ਛਕਣ-ਹਾਰਿਆਂ ਦੇ ਮੰਡਲ ਵਿਚ ਅੰਦਰ ਬੈਠੇ ਕਾਗੋਂ ਹੰਸ ਬਣਨ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਹੰਸ-ਅਵਤੰਸੀ ਉਡਾਰੀਆਂ ਲੈ ਰਹੇ ਹਨ ਅਤੇ ਉਸ ਦੀ ਸਰਬ ਗੁਣਾਂ, ਗੁਰਮਤਿ ਗੁਣਾਂ ਸੁਪਾਤਰ ਭੈਣ ਬਾਹਰਵਾਰ ਬਰਾਂਡੇ ਵਿਚ ਬੈਠੀ ਹੋਈ ਝੂਮ ਰਹੀ ਹਸੀ। ਉਸ ਨੂੰ ਬਾਹਰ ਬੈਠੀ ਨੂੰ ਹੀ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਸ ਨੇ ਆਪਣੇ ਹੰਸ-ਵੀਰ ਦੇ ਨਾਲ ਉਡਣਾ ਹੈ ਤੇ ਉੱਚ ਅਮਰ-ਅਟਾਰੀਆਂ ਦੀਆਂ ਉਡਾਰੀਆਂ ਮਾਰਨੀਆਂ ਹਨ।

ਆਹ! ਉਹ ਵੇਲਾ ਆ ਗਿਆ। ਉਹ ਭਲਾ ਸੰਜੋਗੜਾ ਆਪਣੀ ਢੁਕਣੀ ਨੇੜੇ ਹੀ ਢੁਕ ਗਿਆ ਕਿ ਵੀਰ ਨੰਦ ਸਿੰਘ ਅਜ ਪਿਆਰਾ ਗੁਰਦੀਪ ਸਿੰਘ ਬਣਨ ਲਗਾ ਹੈ।ਅੰਮ੍ਰਿਤ-ਅਧਿਕਾਰੀਆਂ ਦੀ ਪਹਿਲੀ ਕਤਾਰ ਵਿਚ ਬੈਠਾ ਹੋਇਆ ਅੰਦਰਵਾਰ ਪੰਜਾਂ ਪਿਆਰਿਆਂ ਅਗੇ ਦੁਇ ਕਰ ਜੋੜ ਅੰਮ੍ਰਿਤ-ਅਭਿਲਾਖਾ ਵਿਚ ਸੰਧੂਰਤ ਹੋਇਆ ਵਿਆ ਸੀ। ਪੰਜਾਂ ਪਿਆਰਿਆਂ ਦੀ ਪ੍ਰੀਖਿਆ ਵਿਚ ਸਭ ਤੋਂ ਵਧ ਕੇ ਪ੍ਰਵਾਨ-



ਪਾਤਰੀ-ਜੀਉੜਾ ਪਪੀਹੇ ਵਤ ਪਿਆਸਾ ਇਹ ਡਾਕਟਰ ਨੰਦ ਸਿੰਘ ਸੀ। ਇਸ ਸੁਭਾਗੇ ਸੁਖੀ-ਲਧੜੇ ਵੀਰ ਦੇ ਪੁਗ ਖਲੋਣ ਦਾ ਸ਼ੁਭ ਸਮਾਂ ਆ ਹੀ ਗਿਆ।

ਅੰਮ੍ਰਿਤ ਛਕਣ ਸਾਰ ਪੰਜਾਂ ਪਿਆਰਿਆਂ ਦੁਆਰਾ ਦੀਖਿਆ ਗੁਰਮੰਤ੍ਰ ਮਿਲਣ ਦੀ ਦੇਰ ਸੀ ਕਿ ਇਸ ਦੀਆਂ ਅੱਖਾਂ ਟਟਾਰੇ ਜਾ ਲਗੀਆਂ, ਸੁਰਤੀ ਇਕ-ਦਮ ਗਗਨਾਂ ਵਿਚ ਜਾ ਖੇਲੀ। ਨਾਮ ਦਾ ਖੰਡਾ ਅਜਿਹਾ ਖੜਕਿਆ ਕਿ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ"* ਵਾਲਾ ਦ੍ਰਿਸ਼ ਸਾਂਗੋ ਪਾਂਗ ਬਝ ਗਿਆ।

ਕਰੁਣਾ-ਰਸ ਪ੍ਰਾਇਣੀ ਨੀਰ ਨਿਪੁੰਨੀ ਫੁਹਾਰ ਅਮਰ ਬਹਾਰੀ ਹੋ ਕੇ ਨੈਨਾਂ ਵਿਚੋਂ ਪੈ ਰਹੀ ਹੈ, ਨੂਰ-ਮਜਨੀ-ਜੋਤਿ-ਲਿਸ਼ਕ ਨਾਲ ਚੇਹਰਾ ਤੇ ਮਸਤਕ ਨੂਰ-ਅਫ਼ਸ਼ਾਨੀ ਦਮਕ ਨਾਲ ਦਮਕ ਰਿਹਾ ਹੈ। ਇਕ ਤਾਂ ਸਰੀਰਕ ਸੁੰਦਰਤਾ ਪਹਿਲਾਂ ਹੀ ਸੁੰਦਰ-ਮੁੰਦਰੀ ਕ੍ਰਾਂਤ ਵਾਲੀ ਸੀ, ਦੂਜੇ ਉਪਰੋਂ ਜੋਤਿ ਜਗਮਗੀ ਨੂਰ-ਠਰੂਰੀ-ਝਲਕੇ ਝਲਕਣ ਲਗ ਪਏ। ਕੌਣ ਜਾਣੇ, ਕੌਣ ਪਛਾਣੇ, ਕਿ ਅੱਜ ਉਹ ਉਹੀ ਨੰਦ ਸਿੰਘ ਹੈ। ਚੰਦ ਚਕੋਰੀ ਦ੍ਰਿਸ਼ਟੀ "ਲਾਏ ਤਾਰ ਨਿਹਾਲੇ" ਵਾਲਾ ਪਰਤੱਖ ਪੂਰਨਾ ਪਾ ਰਹੀ ਹੈ, ਪੂਰਬਲੇ ਜਨਮ ਦੀ ਪ੍ਰਮਾਰਥ ਸੰਬੰਧੀ ਅਧਿਕਾਰਤਾ ਵਾਲੀ ਕਮਾਈ ਬੇਅੰਤ ਹੋਈ ਵੀ ਸੀ, ਇਸ ਜਨਮ ਦੇ ਨੰਦ ਸਿੰਘ ਚੋਲੇ ਵਾਲੇ ਪਹਿਰੇ ਵਿਚ ਭੀ ਅਣਗਿਣਤ ਪ੍ਰਮਾਰਥੀ ਸਿਕ ਵਾਲੀਆਂ ਪੰਧਾਂ ਝਾਗੀਆਂ ਹੋਈਆਂ ਸਨ। ਸੁਰਤੀਆਂ ਬਿਰਤੀਆਂ ਅੰਮ੍ਰਿਤ ਬੂੰਦ ਦੇ ਸਮ੍ਹਾਲਣ ਲਈ ਪੂਰਨ ਸਾਵਧਾਨਤਾ ਸਹਿਤ ਜਾਗੀਆਂ ਹੋਈਆਂ ਸਨ। ਅੰਮ੍ਰਿਤ-ਬੂੰਦ-ਮਈ ਸਵਾਂਤ-ਕਣੀ ਇਸ ਪਪੀਹੜੇ ਦੇ ਮੁਖਾਰਬਿੰਦ ਅੰਦਰ ਪੈਣ ਦੀ ਦੇਰ ਸੀ ਕਿ ਅੰਤਰ-ਆਤਮੇ ਅੰਮ੍ਰਿਤ ਦੀ ਸਰਸ਼ਾਰ ਧਾਰਾ ਪੂਰੇ ਵੇਗ ਵਿਚ ਵਗਣ ਲਗ ਪਈ। ਨਾਮ-ਗੁਰਮੰਤ੍ਰ-ਦੀਖਿਆ ਦਾ ਪੰਜਾਂ ਪਿਆਰਿਆਂ ਦੁਆਰਾ ਕੰਨਾਂ ਵਿਚ ਪ੍ਰਵੇਸ਼ ਹੋਣ ਦੀ ਦੇਰ ਸੀ ਕਿ ਜੋਤਿ-ਰੰਗੀ-ਨਾਮ ਦਾ ਖੰਡਾ ਆਪ-ਮੁਹਾਰਾ ਖੜਕਣ ਲਗ ਪਿਆ, ਰੋਮ ਰੋਮ ਅੰਦਰ ਖੜਕਿਆ। ਐਸੀ ਚਾਬੀ ਲਗੀ ਕਿ ਇਕੋ ਵਾਰ ਹੀ ਇਹ ਖੰਡਾ-ਮਈ ਪੈਂਡੂਲਮ ਐਸਾ ਤੁਰਿਆ ਕਿ ਬਰਸਾਂ ਵਧੀ ਤੁਰਿਆ ਹੀ ਰਿਹਾ। ਨਾਮ-ਅੰਮ੍ਰਿਤ ਦੀ ਐਸੀ ਝਲਕਾਰ ਅੰਤਰਗਤਿ ਬਝੀ ਕਿ ਜੋਤੀਸ਼-ਝਾਲੂ-ਕੰਤੜਾ ਘਟ ਅੰਤਰ ਹੀ ਝਲਕਾਂ ਮਾਰ ਕੇ ਦੀਦਾਰ ਪਜ਼ੀਰ ਆਣ ਹੋਇਆ।

ਰਸ-ਜੀਭੇ ਗੁਰਦੀਪ ਸਿੰਘ ਨੂੰ ਕੀ ਪਤਾ ਸੀ ਕਿ ਜਿਸ ਦੀਦਾਰ ਲਈ ਉਹ ਹੁਣ ਤਾਈਂ ਸਾਰੀ ਉਮਰ ਬਾਹਯ-ਮੁਖੀ ਢੂੰਢਣੀਆਂ ਢੂੰਢਦਾ ਰਿਹਾ, ਉਸ ਅਨੂਪਮ ਦੀਦਾਰ ਦੇ ਝਲਕਾਰੇ ਉਸ ਦੇ ਘਟ ਅੰਦਰ ਹੀ ਆਇ ਪਰਗਟ-ਪਹਾਰੇ ਦਿਸਣ ਲਗ ਪੈਣਗੇ। ਜੋਤੀਸ਼ ਜੋਤਿ ਅੰਦਰੋਂ ਪਰਜੁਲਤ ਹੋ ਕੇ ਬਾਹਰਲੇ ਗਗਨ ਮੰਡਲੀ ਪੁਲਾੜ

*ਰਾਮਕਲੀ ਮ:੧, ਸਿਧ ਗੋਸਟਿ, ਪੰਨਾ ੯੪੧

WWW.AKJ.ORG

WWW.AKJ.ORG


ਵਿਚ ਸਾਰੇ ਪਸਰ ਗਈ। ਅੰਦਰ ਵੀ ਅਤੇ ਬਾਹਰ ਵੀ ਇਕੋ ਜੋਤੀਸ਼ ਕਰਤਾਰ ਦੇ ਜੋਤਿ-ਝਾਲ਼ੂ-ਦੀਦਾਰੜੇ ਸਾਮਰਤਖ ਹੋਣ। ਲੋਇਣਾਂ ਦੀ ਤਾਰ ਇਕ-ਟਕ ਇਹਨਾਂ ਪਰਤੱਖ ਦੀਦਾਰਿਆਂ ਵਲ ਹੀ ਲਗ ਰਹੀ ਸੀ। ਪ੍ਰੇਮ-ਕਸਾਈਆਂ ਅਖੜੀਆਂ ਹਰਿ ਹਰਿ ਨਾਮ ਪੇਖਣ ਵਿਚ ਰੁਝੀਆਂ ਹੋਈਆਂ ਸਨ। ਵਾਹਿਗੁਰੂ ਨਾਮ ਦੇ ਜੋਤਿ-ਜਗੰਨੇ-ਦੀਦਾਰੇ, ਨਾਮੀ ਵਾਹਿਗੁਰੂ ਦੇ ਪਰਤੱਖ ਦਰਸ਼ਨ ਝਲਕਾਰੇ ਸਨ। ਇਸ ਜੋਤਿ ਦੀਦਾਰੜੇ ਰਸੀਅੜੇ ਦਿਬ ਰੰਗਾਂ ਦੇ, ਅਜਬ ਅਜਬਾਲੜੇ ਬਿਸਮਾਦ ਅਹਿਲਾਦੀ ਸੁਆਸ ਸਨ। ਇਹੀ ਕਾਰਨ ਸੀ ਕਿ ਕਿ ਬਿਸਮਾਦ ਰੰਗਾਂ ਵਿਚ ਗੜੂੰਦ ਹੋਏ ਗੁਰਦੀਪ ਸਿੰਘ ਦੇ ਰਸਨਾ ਲੋਇਣ, ਅਗੰਮੀ ਦ੍ਰਿਸ਼ ਵਿਖੇ ਓਤ ਪੋਤ ਲਪਟਾਏ ਰਹੇ ਸਨ। ਅਜ ਗੁਰੂ ਵਰੋਸਾਏ ਗੁਰਦੀਪ ਸਿੰਘ ਦੀਆਂ ਚਰੋਕਣੀਆਂ ਚਿਰ-ਜੀਵਨੀਆਂ ਆਸਾਂ ਪੂਰੀਆਂ ਹੋ ਗਈਆਂ। ਰੋਮ ਰੋਮ ਰੱਬੀ ਸ਼ੁਕਰਾਨੇ ਵਿਚ ਭਿਜਿਆ ਕਰਤਾਰ ਕਰਤਾਰ ਹੀ ਪੁਕਾਰ ਰਿਹਾ ਹੈ। ਜਿਉਂ ਜਿਉਂ ਇਹ ਟੇਰ ਪੁਕਾਰ ਵਧਦੀ ਜਾਂਦੀ ਹੈ, ਤਿਉਂ ਤਿਉਂ ਹੋਰ ਤੋਂ ਹੋਰ ਵਧੇਰੇ ਚੋਜ-ਬਿਨੋਦੀ ਰੰਗੀਸ਼ਰੀ ਜਲਵੇ ਇਕ ਅਤਿਅੰਤ ਅਕਹਿ ਰੱਬੀ ਜਮਾਲ ਅਤੇ ਜਲਾਲ ਵਿਚ ਚੇਹਰੇ ਤੇ ਚੜ੍ਹ ਰਹੇ ਹਨ।

ਉਹ ਨਜ਼ਾਰਾ ਵੇਖਣ ਯੋਗ ਹੀ ਸੀ! ਜਿਸ ਜਿਸ ਨੇ ਭੀ ਨਵ-ਜੋਬਨੇ ਗੁਰਦੀਪ ਸਿੰਘ ਨੂੰ ਇਨ੍ਹਾਂ ਰੰਗਾਂ ਵਿਚ ਦੇਖਿਆ, ਉਸ ਦੇ ਉਪਰ ਦੇਖਣ ਸਾਰ ਹੀ ਅਦਭੁਤ ਵਿਸਮਾਦ ਰੰਗ ਤਾਰੀ ਹੋ ਗਿਆ। ਅਤਿਅੰਤ ਚੋਜ ਵਿਲੱਖਣੀ ਵਾਰਤਾ ਉਸ ਸਮੇਂ ਇਹ ਹੋਈ ਜੋ ਦੇਖਣ ਵਿਚ ਨਹੀਂ ਆਈ, ਕਿ ਵੀਰ ਗੁਰਦੀਪ ਸਿੰਘ ਜੀ ਦੀ ਭੈਣ ਨੰਦ ਕੌਰ ਦੇ ਬਾਹਰ ਬਰਾਂਡੇ ਵਿਚ ਬੈਠੀ ਦੇ ਹੀ ਨੈਣ ਜੁੜ ਗਏ ਅਤੇ ਆਪਣੇ ਆਪ ਹੀ ਨਾਮ ਦਾ ਖੰਡਾ ਖੜਕਣ ਲਗ ਪਿਆ ਅਤੇ ਪੁਜ ਕੇ ਪੂਜਯ-ਪਿਆਰ ਦੇ ਕੇਂਦਰ ਵੀਰ ਗੁਰਦੀਪ ਸਿੰਘ ਦੀਆਂ ਅੰਦਰ ਅੰਮ੍ਰਿਤ-ਮੰਡਲ ਵਿਚ ਹੀ ਬੈਠਿਆਂ ਹੀ ਵਾਇਰਲੈੱਸ ਤਾਰਾਂ ਵੀ ਨੰਦ ਕੌਰ ਦੇ ਨਿਮਾਨੜੀ ਜਿੰਦੜੀ ਅੰਦਰ ਫਿਰ ਗਈਆਂ।

ਅੰਮ੍ਰਿਤ-ਮੰਡਲੀ-ਖੰਡ ਅੰਦਰਲਾ ਸਾਰਾ ਸੰਚਾਰ ਸਮਾਗਮ ਗੁਪਤੋ-ਗੁਪਤ ਅੰਤ੍ਰਿੰਗ ਵਿਚ ਹੀ ਚਲੇ ਆਉਣ ਦੀ ਮਰਯਾਦਾ ਵਾਲਾ ਧੁਰਵਾ ਮੁਢੋਂ ਹੀ ਬਝਿਆ ਆਇਆ ਹੈ। ਕੇਵਲ ਅੰਮ੍ਰਿਤ-ਅਧਿਕਾਰੀ ਸਜਣ ਹੀ ਉਸ ਮੰਡਲ ਅੰਦਰ ਜਾ ਸਕਦੇ ਹਨ। ਅੰਮ੍ਰਿਤ-ਸੰਚਾਰੀ ਪੰਜਾਂ ਪਿਆਰਿਆਂ ਦੇ ਅੰਦਰ ਇਕ-ਦਮ ਇਸ ਇਕੋ ਉਮਾਹੇ ਦੀ ਤਾਰ ਫਿਰ ਗਈ ਕਿ ਇਸ ਨਵ-ਜਨਮੇ ਵੀਰ ਗੁਰਦੀਪ ਸਿੰਘ ਦਾ ਨੌਬਹਾਰੀ ਦਰਸ਼ਨ ਬਾਹਰੋਂ ਹੀ ਬਾਰੀਆਂ ਦੇ ਸ਼ੀਸ਼ੇ ਵਿਚ ਦੀ ਉਸ ਦੀ ਨੀਮ ਮਤਵਾਲੀ ਭੈਣ ਨੰਦ ਕੌਰ ਨੂੰ ਦਿਖਾਇਆ ਜਾਵੇ। ਬਸ ਦਿਖਾਵਣ ਦੀ ਦੇਰ ਹੀ ਸੀ ਕਿ ਦੇਖਣ ਸਾਰ ਬਿਸਮਲ ਬਿਸਮਾਦੀ ਅਰਸ਼ ਕੁਰਸਾਂ ਵਾਲੇ ਦਿਬ-ਦੀਦਾਰਿਆਂ ਨੂੰ ਨਾ ਸਹਾਰਦੀ ਹੋਈ ਗ਼ਸ਼ ਖਾ ਕੇ ਡਿਗ ਪਈ। ਬੀਬੀ ਨੰਦ ਕੌਰ ਧੜੰਮ ਕਰਕੇ ਧਰਤੀ ਤੇ ਜਾ ਡਿਗੀ ਤੇ



ਡਿਗਣ ਸਾਰ ਬੇਹੋਸ਼ ਹੋ ਗਈ, ਘੰਟਿਆਂ ਬੱਧੀ ਉਸ ਨੂੰ ਹੋਸ਼ ਨ ਰਹੀ। ਆਖ਼ਰ ਉਸ ਨੂੰ ਤਾਂ ਹੋਸ਼ ਆ ਗਈ, ਪਰ ਅੰਦਰ ਬੈਠੇ ਵੀਰ ਗੁਰਦੀਪ ਸਿੰਘ ਦੀ ਸਮਾਧੀ ਓਵੇਂ ਜਿਵੇਂ ਹੀ ਜੁੜੀ ਰਹੀ। ਅੰਮ੍ਰਿਤ-ਸੰਚਾਰ-ਸਮਾਗਮ ਵੀ ਚਿਰੋਕਣਾ ਸਮਾਪਤ ਹੋ ਚੁਕਾ ਸੀ। ਨਵੀਨ ਅੰਮ੍ਰਿਤ-ਧਾਰੀ ਸਾਰੀਆਂ ਰੂਹੜੀਆਂ, ਜਿਨ੍ਹਾਂ ਦੇ ਨਾਲ ਹੀ ਇਸ ਵੀਰੜੇ ਗੁਰਦੀਪ ਸਿੰਘ ਨੇ ਅੰਮ੍ਰਿਤ ਛਕਿਆ ਸੀ, ਸਾਵਧਾਨ ਹੋ ਕੇ ਉਸ ਮੰਡਲ ਵਿਚੋਂ ਉਠ ਪਧਾਰੀਆਂ। ਅੰਮ੍ਰਿਤ ਛਕਾਉਣ ਵਾਲੇ ਪੰਜਾਂ ਪਿਆਰਿਆਂ ਨੇ ਵੀ ਇਹੋ ਵੀਚਾਰਿਆ ਕਿ ਉਸ ਰੰਗ-ਰੰਗੀਲੜੇ ਪਿਆਰੜੇ ਨੂੰ ਏਹਨਾਂ ਰੰਗਾਂ ਵਿਚ ਹੀ ਇਕਾਂਤ ਬੈਠੇ ਰਹਿਣ ਦਿਤਾ ਜਾਵੇ ਅਤੇ ਖੁਲ੍ਹੇ ਆਤਮ-ਔਜੀ ਰੰਗ ਮਾਨਣ ਦਿਤੇ ਜਾਵਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਸਨਮੁਖ ਹੀ ਇਹ ਸਮਾਧੀ ਲਗੀ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜਿਆ ਹੋਇਆ ਗ੍ਰੰਥੀ ਅਦਲਾ ਬਦਲੀ ਕਰਦਾ ਰਿਹਾ। ਕਦੇ ਕੋਈ ਗ੍ਰੰਥੀ ਸਿੰਘ ਤਾਬਿਆ ਆ ਬੈਠੇ, ਕਦੇ ਹੋਰ ਦੂਜਾ ਗੁਰਮੁਖ ਸਿੰਘ ਆਇ ਬਦਲੀ ਕਰੇ। ਪਰੰਤੂ ਇਕੇ ਬੈਠਣੀ ਬੈਠੇ ਹੋਏ ਵੀਰ ਗੁਰਦੀਪ ਸਿੰਘ ਜੀ ਦੀ ਲਾ ਹੀ ਸਮਾਧੀ ਖੁਲ੍ਹੀ, ਨਾ ਹੀ ਅੰਗ ਹਿਲੇ, ਨਾ ਹੀ ਅੱਖੀਆਂ ਫਰਕੀਆਂ, ਨਾ ਹੀ ਝਮਣੀਆਂ ਝਮਕੀਆਂ। ਵਾਹ! ਵਾਹ! ਖ਼ੂਬ ਗਟਾਕ ਰਸ ਭੁੰਚਣੇ ਭੁੰਚੇ।

ਚਿਰਾਂ ਦੇ ਪਿਆਸੇ ਵੀਰ ਗੁਰਦੀਪ ਸਿੰਘ ਜੀ ਦੇ, ਬਾਹਰਲੀਆਂ ਸੰਗਤਾਂ ਇਹ ਦੀਦਾਰੇ ਦੇਖਣ ਲਈ ਬੇਹਬਲ ਹੋ ਰਹੀਆਂ ਸਨ, ਤਾਂ ਇਸ ਦਾਸਰੇ ਨੂੰ ਸੰਗਤਾਂ ਵਲੋਂ ਹੁਕਮ ਹੋਇਆ, ਕਿਵੇਂ ਨਾ ਕਿਵੇਂ ਇਸ ਰਸ-ਸਥਿਤ-ਸਮਾਧੀ ਤੋਂ ਸਾਵਧਾਨ ਕਰਾ ਕੇ, ਵੀਰ ਗੁਰਦੀਪ ਸਿੰਘ ਨੂੰ ਬਾਹਰ ਲਿਆ ਕੇ ਸੰਗਤਾਂ ਨੂੰ ਦੀਦਾਰੇ ਕਰਾਏ ਜਾਣ। ਦਾਸ ਹੁਕਮ ਮੰਨ ਕੇ ਅੰਦਰ ਗਿਆ, ਕਲੇਜੇ ਨੂੰ ਸੰਭਾਲ ਕੇ ਅਜਰ ਜੀਰਾਨੀ ਜੀਰਾਂਦ ਨੂੰ ਜਰ ਕੇ ਆਤਮ ਕੇਲਾਂ ਜਾ ਖੇਲੀਆਂ। ਵੀਰ ਗੁਰਦੀਪ ਸਿੰਘ ਜੀ ਦੀ ਸਮਾਧ-ਸਥਿਤ-ਮੂਰਤੀ ਨੂੰ ਪ੍ਰੇਮ-ਹਲੋਰਿਆ ਸੇਤੀ ਜਾਇ ਹਲੂਣਿਆ। ਗੱਲ ਕੀ, ਉਸੇ ਤਰ੍ਹਾਂ ਚੜ੍ਹੀ ਹੋਈ ਪ੍ਰੇਮ-ਖੁਮਾਰੀ ਵਿਚ ਲਟਕੋਰ ਲੈਂਦੇ ਵੀਰ ਗੁਰਦੀਪ ਸਿੰਘ ਜੀ ਨੂੰ ਮਸੀਂ ਮਸੀਂ ਮੋਢੇ ਲਾ ਕੇ ਦਾਸ ਬਾਹਰ ਸੰਗਤਾਂ ਵਿਚ ਲੈ ਆਇਆ। ਸੰਗਤਾਂ ਨੇ ਚਰਨ ਸ਼ਰਨੀ ਘੁਮ-ਘੋਲਨੀ ਵਾਰਨੜੇ ਬਲਿਹਾਰਨੇ ਪ੍ਰਕਰਮੜੇ ਵੀਰ ਪ੍ਰੇਮੀ ਦੇ ਬਾਰੰਬਾਰ ਕੀਤੇ। ਮਗਨ ਮਗਨਸ਼ਟ, ਪ੍ਰੇਮ ਮਗਨਸ਼ਟ ਬਿਰਤੀਆਂ ਖੁਲ੍ਹੀਆਂ, ਸੁਰਤੀਆਂ ਸਾਵਧਾਨ ਹੋਈਆਂ। ਬੁਲ੍ਹੀਆਂ ਖੁਲ੍ਹੀਆਂ, ਇਲਾਹੀ ਨਾਦ ਦੀਆਂ ਕੀਰਤਨ ਗੂੰਜਾਂ ਗੂੰਜਣ ਲਗ ਪਈਆਂ। ਪਤਾ ਨਹੀਂ ਕਿਤਨਾ ਚਿਰ ਕੀਰਤਨ-ਅਖਾੜੇ ਜੁੜੇ ਰਹੇ। ਇਹ ਵੀ ਪਤਾ ਨਹੀਂ ਕਿਤਨੇ ਚਿਰਾਕੇ ਦਿਨਾਂ ਪਿਛੋਂ ਆਪਣੇ ਸੰਸਾਰਕ ਪਰਵਾਰ ਵਿਚ ਵੀਰ ਗੁਰਦੀਪ ਸਿੰਘ ਦਾ ਮੁੜ ਜੁੜਨਾ ਹੋਇਆ। ਵੀਰ ਗੁਰਦੀਪ ਸਿੰਘ ਜੀ ਦੀ ਪਤਨੀ ਨੇ ਉਨ੍ਹਾਂ ਦੇ ਨਾਲ ਹੀ ਅੰਮ੍ਰਿਤ ਛਕਿਆ।

WWW.AKJ.ORG

WWW.AKJ.ORG


ਇਹ ਜੋੜੀ ਤਿਆਰ-ਬਰ-ਤਿਆਰ ਹੋ ਕੇ ਫਿਰ ਬਰਮਾ ਨੂੰ ਪਧਾਰੀ। ਵੀਰ ਗੁਰਦੀਪ ਸਿੰਘ ਜੀ ਬਰਮਾ ਨੂੰ ਹੀ ਪਧਾਰੇ, ਬਰਮਾ ਜਾਹਿ ਪਧਾਰਨ ਸਾਰ ਹੀ ਜਗਮਗੀ ਜੋਤਾਂ ਦੀ ਘਣ ਪਹਿਲੇ ਰੰਗੂਨ, ਫੇਰ ਹੋਰ ਸ਼ਹਿਰਾਂ ਦੀ ਸੰਗਤ ਵਿਚ ਜਾ ਚੜ੍ਹੀ। ਏਸ ਵੀਰ ਦੇ ਸਤਿਸੰਗ ਪ੍ਰਭਾਵ ਨਾਲ ਬਰਮਾ ਅੰਦਰ ਕੀਰਤਨੀ ਸਤਿਸੰਗ ਮੰਡਲ ਦਾ ਜਥਾ ਚੜ੍ਹਦੀ ਕਲਾ ਵਿਚ ਸੁਰਜੀਤ ਹੋ ਗਿਆ। ਵੀਰ ਗੁਰਦੀਪ ਸਿੰਘ ਜੀ ਦੀ ਇਸ ਚਲੂਲੇ ਰੰਗਾਂ ਵਾਲੀ ਦਸ਼ਾ ਨੂੰ ਦੇਖ ਕੇ ਅਨੇਕਾਂ ਰੂਹੜੀਆਂ ਅੰਦਰ ਇਹ ਚਾਉ ਉਪਜਿਆ, ਕਿ ਏਹਨਾਂ ਰੰਗਾਂ ਵਿਚ ਜਾ ਖੇਡੀਏ। ਕਈ ਚਾਏ ਚਈਏ ਜੀਅੜੇ ਜੋਤਿ ਰੰਗੀ ਛੁਹਾਏ ਪਾ ਕੇ, ਉਨ੍ਹਾਂ ਹੀ ਰੰਗਾਂ ਵਿਚ ਜਾਗ ਉਠੇ।

ਜਿਨ੍ਹਾਂ ਜਿਨ੍ਹਾਂ ਬਰਮਾ-ਨਿਵਾਸੀ ਵੀਰਾਂ ਨੇ ਵੀਰ ਗੁਰਦੀਪ ਸਿੰਘ ਜੀ ਦਾ ਨੰਦ ਸਿੰਘੀ ਹੀ ਰੰਗ ਢੰਗ ਦੇਖਿਆ ਸੀ, ਉਹ ਤਾਂ ਇਸ ਜ਼ਿੰਦਗੀ ਦੇ ਨਵੇਂ ਪਲਟੇ ਨੂੰ ਦੇਖਣ ਸਾਰ ਹੀ ਦੰਗ ਰਹਿ ਗਏ। ਬਰਮਾ ਦੀ ਸਿੱਖੀ ਸਿਦਕ ਵਾਲੀ ਸਿਖ ਪਨੀਰੀ ਅੰਦਰ ਤਾਂ ਉਹ ਜੋਤਿ ਜਾ ਜਗਾਈ, ਖ਼ਾਸ ਕਰ ਪੈਬੋਈ ਦੀ ਸੰਗਤ ਅੰਦਰ ਉਹ ਸਤਿਸੰਗ-ਰੰਗੀ-ਆਤਮ-ਕਲਾ ਵਰਤੀ ਕਿ ਪੈਬੋਈ ਦਾ ਖ਼ਿਤਾ ਇਕ ਬੈਕੁੰਠ-ਧਾਮੀ-ਸਤਿਸੰਗ-ਅਖਾੜਾ ਬਣ ਗਿਆ।

ਕਈ ਸਾਲਾਂ ਪਿਛੋਂ ਬਰਮਾ ਤੋਂ ਕਿਸੇ ਕਾਰਨ ਵਾਪਸ ਪੰਜਾਬ ਆਏ। ਗੁਜਰਵਾਲ ਦੇ ਡਾਕਟਰ ਰਣਧੀਰ ਸਿੰਘ ਦਾ ਆਪਣੀ ਜ਼ਬਾਨੀ ਇਹ ਕਥਨ ਹੈ ਕਿ "ਬਰਮਾ ਅੰਦਰ ਤਾਂ ਸਚਮੁਚ ਇਕ ਬੈਕੁੰਠ-ਧਾਮੀ-ਅਖਾੜਾ ਬਝਿਆ ਹੋਇਆ ਹੈ, ਉਹ ਹੈ ਪੈਬੋਈ ਦਾ ਖ਼ਿਤਾ। ਉਸ ਦਾ ਰੰਚਕ ਚਮਤਕਾਰ ਅਸਾਡੇ ਰੰਗੂਨ ਵਿਚ ਵੀ ਆਇ ਪਿਆ ਹੈ। ਚਾਹੇ ਮੈਂ (ਉਸ ਡਾਕਟਰ ਰਣਧੀਰ ਸਿੰਘ ਨੇ ਆਖਿਆ) ਉੱਕਾ ਹੀ ਮਾਇਆ-ਮਨੂਰ ਹੋਇਆ ਵਿਆ ਪ੍ਰਮਾਰਥ ਦੇ ਪਾਸੇ ਵਲੋਂ ਇਕ ਕੋਰੜੂ ਮੋਠ ਹੀ ਹਾਂ, ਪਰ ਮੇਰੇ ਵਿਚ ਇਤਨਾ ਅਹਿਸਾਸ ਬਾਕੀ ਹੈ ਕਿ ਗੁਰਮਤਿ ਦੇ ਤੱਤ ਪ੍ਰਮਾਰਥ ਨੂੰ ਜਾਂਚ ਸਕਾਂ।" ਫਿਰ ਮੇਰੇ ਸਨਮੁਖ ਹੋ ਕੇ ਆਖਣ ਲਗੇ - "ਮੈਂ ਆਪ ਦਾ ਹੀ ਸਮ-ਨਾਮੀ ਹਾਂ, ਮੇਰਾ ਨਾਮ ਭੀ ਰਣਧੀਰ ਸਿੰਘ ਹੈ ਅਤੇ ਆਪ ਦਾ ਵੀ ਇਹੋ ਨਾਮ ਹੈ; ਪਰ ਜਿਵੇਂ ਪ੍ਰਮਾਰਥ ਦੇ ਰੂਹਾਨੀ ਪਾਸੇ ਵਲ ਆਪ ਜੀ ਨੇ ਤਰੱਕੀ ਕੀਤੀ ਹੈ, ਉਵੇਂ ਜਿਵੇਂ ਹੀ, ਬਲਕਿ ਓਦੂੰ ਵਧ ਪੰਥਕ ਉਪਕਾਰ ਦੇ ਪਾਸੇ ਵਲ ਜੋ ਮੈਂ ਤਰੱਕੀ ਕੀਤੀ ਹੈ ਉਹ ਵੀ ਹੱਦ ਨੂੰ ਪਹੁੰਚ ਗਈ ਹੈ। ਇਨ੍ਹਾਂ ਹੱਦਾਂ ਦੀ ਸਮਸਰਤਾ ਹੁੰਦਿਆਂ ਹੋਇਆਂ ਭੀ ਮੈਂ ਰੂਹਾਨੀ ਪਾਸੇ ਵਲੋਂ ਉੱਕਾ ਹੀ ਸੁੰਞਾ ਹਾਂ। ਇਹ ਗੁਰੂ ਦੀ ਕਿਰਪਾ ਹੈ ਕਿ ਮੇਰੇ ਅੰਦਰ ਪੰਥ ਦੇ ਨਕਦੋ ਨਕਦੀ ਸਚੇ ਹੀਰੇ ਪਛਾਨਣ ਦੀ ਕਾਬਲੀਅਤ ਬਾਕੀ ਹੈ। ਸਾਡੇ ਰੰਗੂਨ ਅੰਦਰ ਆਪ ਦੀ ਸ਼ਰੇਣੀ ਦੇ ਹੀਰੇ ਵੀਰ ਵਿਸਾਖਾ ਸਿੰਘ ਅਤੇ ਵੀਰ ਅਮਰ ਸਿੰਘ (ਪੂਰਨ ਸਿੰਘ) ਐਸੇ ਦਮਕ ਰਹੇ ਹਨ ਕਿ ਜਿਨ੍ਹਾਂ ਦੇ ਅਗੇ ਅੱਖੀਆਂ ਨੀਵੀਆਂ ਹੋ



ਜਾਂਦੀਆਂ ਹਨ। ਸੰਸਾਰ ਕਰਕੇ ਚਾਹੇ ਉਹ ਗਰੀਬ ਤਬਕੇ ਵਿਚੋਂ ਹੀ ਹਨ, ਪਰ ਉਨ੍ਹਾਂ ਦੀ ਅੰਦਰੂਨੀ ਜ਼ਿੰਦਗੀ ਦੀ ਕਦਰੋ-ਕੀਮਤ ਪਛਾਨਣ ਵਾਲਾ ਮੇਰੇ ਸਾਰਖਾ ਜੌਹਰੀ ਵੀਰ ਅਜ ਆਪ ਦੇ ਪਾਸ ਮੌਜੂਦ ਹੈ। ਮੈਂ ਆਪ ਨੂੰ ਫਿਰ ਦੁਬਾਰਾ ਕਹਾਂਗਾ ਕਿ ਇਹ ਸਾਰਾ ਪ੍ਰਤਾਪ ਇਥੋਂ ਹੀ ਆਤਮ-ਰੰਗਾਂ ਵਿਚ ਰੰਗੇ ਹੋਏ ਡਾਕਟਰ ਗੁਰਦੀਪ ਸਿੰਘ ਜੀ ਦੇ ਬਰਮਾ ਵਿਚ ਜਾਣ ਦਾ ਹੈ।"

ਡਾਕਟਰ ਗੁਰਦੀਪ ਸਿੰਘ ਜੀ ਦੇ ਡਾਕਟਰੀ ਉਪਕਾਰ ਵੀ ਬੜੇ ਅਲੌਕਿਕ ਹਨ। ਡਾਕਟਰ ਗੁਰਦੀਪ ਸਿੰਘ ਜੀ ਦੇ ਸੁਭਾਉ ਦੀ ਮੁਲਾਇਮਤ ਐਸੀ ਸੀ ਕਿ ਜਿਸ ਭੀ ਮਰੀਜ਼ ਨਾਲ ਉਨ੍ਹਾਂ ਨੇ ਬਚਨ ਬਿਲਾਸ ਕੀਤੇ, ਉਸ ਦਾ ਅੱਧਾ ਮਰਜ਼ ਤਾਂ ਬਚਨ ਬਿਲਾਸ ਦੀ ਮੌਜ ਨਾਲ ਹੀ ਦੂਰ ਹੋ ਗਿਆ। ਅਤਿ ਗ਼ਰੀਬਾਂ ਦੇ, ਨੀਚੀ ਜਾਤ ਤੇ ਅਛੂਤ ਸ਼ਰੇਣੀਆਂ ਦੇ ਅੰਦਰ ਜੋ ਜੋ ਮਰੀਜ਼ ਇਸ ਪਿਆਰੇ ਡਾਕਟਰ ਗੁਰਦੀਪ ਸਿੰਘ ਜੀ ਨੇ ਪੇਖੇ ਸੁਣੇ, ਉਹਨਾਂ ਦੀ ਘਰ ਘਰ ਜਾ ਕੇ ਰਾਤੇ ਬਰਾਤੇ ਦਵਾਈ ਕੀਤੀ, ਪਲਿਓਂ ਖ਼ਰਚ ਕੀਤਾ ਤੇ ਸਭ ਦੀ ਢਾਰਸ ਬੰਨ੍ਹਾਈ। ਸਭਨਾਂ ਦੇ ਅੰਦਰ ਨਵੀਂ ਜ਼ਿੰਦਗੀ ਲਿਆਂਦੀ। ਕੋਈ ਮਰੀਜ਼ ਕਿਸੇ ਸ਼ਰੇਣੀ ਦਾ ਚਾਹੇ ਅੱਧੀ ਰਾਤੀਂ ਜਾ ਕੇ ਸੁਨੇਹਾ ਪਹੁੰਚਾਏ ਤੇ ਡਾਕਟਰ ਗੁਰਦੀਪ ਸਿੰਘ ਜੀ ਨੂੰ ਖ਼ਬਰ ਕਰ ਦੇਵੇ, ਉਨ੍ਹਾਂ ਨੇ ਉਸੇ ਵੇਲੇ ਚਲ ਕੇ ਉਸ ਗ਼ਰੀਬ ਦੇ ਘਰ ਆਉਣਾ। ਕੋਈ ਫ਼ੀਸ ਨਹੀਂ ਲੈਣੀ, ਹੋਰ ਡਾਕਟਰਾਂ ਦੀ ਰੀਸ ਦੀ ਘੜੀਸ ਨਹੀਂ ਕਰਨੀ। ਮਰੀਜ਼ਾਂ ਪਾਸ ਆਇ ਕੇ ਪਰਲੇ ਦਰਜੇ ਦੇ ਮਿਠ-ਬੋਲੜੇ ਹੋ ਕੇ ਪੇਸ਼ ਆਉਣਾ, ਫੇਰ ਕਈ ਕਈ ਫੇਰੇ ਪਾਉਣੇ। ਜਦ ਤਾਈਂ ਬੀਮਾਰ ਰਾਜ਼ੀ ਨ ਹੋ ਜਾਵੇ, ਤਦ ਤਾਈਂ ਫੇਰੇ ਪਾਉਂਦੇ ਹੀ ਰਹਿਣਾ।

ਡਾ: ਗੁਰਦੀਪ ਸਿੰਘ ਜੀ ਦਾ ਮਰੀਜ਼ਾਂ ਦੇ ਨਾਲ ਜਿਗਰੀ ਹਮਦਰਦੀ ਪੂਰਤ ਵਰਤਾਉ ਦਾ ਸਿੱਕਾ ਆਮ ਤੌਰ ਤੇ ਮੰਨਿਆ ਪ੍ਰਮੰਨਿਆ ਹੋਇਆ ਸੀ ਕਿ ਜਿਸ ਮਰੀਜ਼ ਨੂੰ ਡਾਕਟਰ ਗੁਰਦੀਪ ਸਿੰਘ ਜੀ ਹੱਥ ਪਾਉਂਦੇ ਹਨ, ਉਸ ਦੀ ਸ਼ਫ਼ਾ ਸ਼ਰਤੀਆ ਹੁੰਦੀ ਹੈ। ਬਰਮਾ ਤੋਂ ਡਾਕਟਰੀ ਦੀ ਜ਼ਿੰਮੇਵਾਰੀ ਪੋਸਟ ਛਡ ਕੇ ਅਤੇ ਸਰਕਾਰੀ ਮੁਲਾਜ਼ਮ ਹੋਣ ਨੂੰ ਮਹਿਜ਼ ਗ਼ੁਲਾਮੀ ਗਰਦਾਨ ਕੇ, ਨਾਰੰਗਵਾਲ, ਗੁਜਰਵਾਲ ਟਿਕ ਕੇ ਉਦਾਲੇ ਪੁਦਾਲੇ ਦੇ ਪਿੰਡਾਂ ਦੇ ਸਾਰਿਆਂ ਮਰੀਜ਼ਾਂ ਦੀ ਸੇਵਾ ਸਿਰ ਤੇ ਚੁਕ ਲਈ, ਨਿਸ਼ਕਾਮ ਸੇਵਾ ਅਰੰਭੀ। ਗ਼ਰੀਬਾਂ ਤੋਂ ਦਵਾਈ ਦੀ ਭੀ ਕੀਮਤ ਨਹੀਂ ਲੈਂਦੇ ਸਨ, ਸਗੋਂ ਪਲਿਓਂ ਦੇਕੇ ਦਵਾ ਦਾਰੂ ਕਰਦੇ ਸਨ। ਅਮੀਰ ਤਬਕੇ ਪਾਸੋਂ ਭੀ ਕਦੇ ਫ਼ੀਸ ਨਹੀਂ ਮੰਗੀ। ਬੜੇ ਹਸਮੁਖ ਹੋ ਕੇ ਉਹਨਾਂ ਦੇ ਸੱਦੇ ਬੁਲਾਏ ਹੋਏ ਘਰ ਤੇ ਜਾਣਾ। ਰਾਤ ਹੋਵੇ ਚਾਹੇ ਦਿਨ ਹੋਵੇ, ਚਾਹੇ ਬਾਰਿਸ਼ ਮੂਸਲਾਧਾਰ ਪੈਂਦੀ ਹੋਵੇ, ਭਾਵੇਂ ਅੰਧੇਰੀ ਵਗਦੀ ਹੋਵੇ, ਜਾਣੋਂ ਕਦੇ ਨਹੀਂ ਟਲਣਾ। ਜਿਸ ਨਿਸ਼ਕਾਮ ਸ਼ਫ਼ਾਤ ਦਾ ਸਿੱਟਾ ਇਹ ਹੁੰਦਾ ਸੀ ਕਿ ਇਨ੍ਹਾਂ ਦਾ ਇਲਾਜ ਹਮੇਸ਼ਾ ਹੀ ਕਾਮਯਾਬ ਰਹਿੰਦਾ ਸੀ। ਗ਼ਰੀਬ ਨੂੰ ਤਾਂ ਆਪਣੇ

WWW.AKJ.ORG

ਪਲਿਓਂ ਦਵਾਈ ਦੇਂਦੇ ਸਨ, ਅਮੀਰਾਂ ਪਾਸੋਂ ਦਵਾਈ ਦੇਣ ਦਾ ਮੁੱਲ ਜਾਇਜ਼ ਵਸੂਲ ਕਰਦੇ ਸੀ।

ਪਰ ਇਨ੍ਹਾਂ ਪਿੰਡਾਂ ਦੇ ਸਰਦੇ ਪੁਜਦੇ ਘਰਾਣੇ ਵੀ ਕਦੇ ਦਵਾਈ ਦਾ ਮੁੱਲ ਨਹੀਂ ਦੇਂਦੇ ਸਨ, ਉਧਾਰ ਰਕਮ ਲਿਖਾ ਆਉਂਦੇ ਸਨ। ਉਧਾਰ ਭੀ ਕਦੇ ਕਿਸੇ ਨੇ ਨਹੀਂ ਦਿੱਤਾ। ਏਹਨਾਂ ਪਿੰਡਾਂ ਦੇ ਪ੍ਰਾਈਵੇਟ ਪ੍ਰੈਕਟਿਸ ਕਰਨ ਵਾਲੇ ਅਨੇਕਾਂ ਡਾਕਟਰਾਂ, ਵੈਦਾਂ ਦਾ ਕੁਛ ਨਹੀਂ ਵਟੀਂਦਾ ਸੀ। ਪਰ ਇਸ ਇਕੋ ਇਕ ਯਕਤਾ ਡਾਕਟਰ ਗੁਰਦੀਪ ਸਿੰਘ ਦੇ ਇਸ ਉਪਕਾਰ ਭਰੇ ਵਰਤਾਉ ਦਾ ਇਹ ਫਲ ਨਿਕਲਿਆ, ਕਿ ਕਿਸੇ ਨੇ ਕਦਰ ਨਾ ਪਾਈ। ਕੋਲ ਹੁੰਦੀ ਪੂੰਜੀ ਸਭ ਸਮੇਟੀ ਗਈ, ਖ਼ਰੀਦਣ ਜੋਗੀ ਨਗਦੀ ਵੀ ਪਾਸ ਨਾ ਰਹੀ।

ਇਹ ਦੇਖ ਕੇ ਅਤੇ ਵਿਚਾਰ ਕੇ ਇਨ੍ਹਾਂ ਦੇ ਪਿਤਾ ਸਲੋਤਰੀ ਆਸਾ ਸਿੰਘ (ਚਰਨ ਸਿੰਘ) ਨੇ ਮੁੜ ਡਾਃ ਗੁਰਦੀਪ ਸਿੰਘ ਜੀ ਨੂੰ ਬਰਮਾ ਵਿਚ ਹੀ ਬੁਲਾ ਲਿਆ। ਇਨ੍ਹਾਂ ਦੇ ਪਿਤਾ ਦਾ ਬਰਮਾ ਗੌਰਮਿੰਟ ਦੇ ਅਫ਼ਸਰਾਂ ਨਾਲ ਬੜਾ ਜ਼ਾਤੀ ਰਸੂਖ਼ ਸੀ। ਇਨ੍ਹਾਂ ਨੂੰ (ਗੁਰਦੀਪ ਸਿੰਘ ਨੂੰ) ਫੇਰ ਜ਼ਿੰਮੇਵਾਰੀ ਦੀ ਨੌਕਰੀ (ਡਾਕਟਰੀ ਦੀ) ਬਰਮਾ ਵਿਚ ਹੀ ਮਿਲ ਗਈ। ਡਾਕਟਰ ਗੁਰਦੀਪ ਸਿੰਘ ਦੇ ਨਾਲ ਇਨ੍ਹਾਂ ਦੇ ਪਿਤਾ ਸਲੋਤਰੀ ਡਾਕਟਰ ਸਾਹਿਬ ਦਾ ਸਲੂਕ ਬੜਾ ਕਸ਼ੀਦਾ ਸੀ ਅਤੇ ਸਾਰੀ ਉਮਰ ਕਸ਼ੀਦਾ ਹੀ ਰਿਹਾ, ਜਿਸ ਦੇ ਵਿਸਥਾਰ ਦੀ ਸਾਨੂੰ ਲੋੜ ਨਹੀਂ। ਮੁਖ ਕਾਰਨ ਕਸ਼ੀਦਗੀ ਦਾ ਇਹੀ ਸੀ ਕਿ ਡਾਕਟਰ ਗੁਰਦੀਪ ਸਿੰਘ ਨਿਰੋਲ ਇਕ ਪ੍ਰਮਾਰਥੀ ਜੀਵੜਾ ਹੀ ਸੀ ਅਤੇ ਇਨ੍ਹਾਂ ਦਾ ਪਿਤਾ ਨਿਰਾ ਸੰਸਾਰੀ ਬਿਉਹਾਰਕਾਰੀ ਇਕ ਟੇਢੇ-ਵਿੰਗੇ ਢੰਗ ਦਾ ਦੁਨੀਆਦਾਰ ਸੀ। ਬਸ ਇਸ ਤੋਂ ਵਧ ਇਸ ਬਾਰੇ ਹੋਰ ਕੀ ਲਿਖਣਾ ਹੈ। ਸਾਨੂੰ ਤਾਂ ਡਾਃ ਗੁਰਦੀਪ ਸਿੰਘ ਜੀ ਦੇ ਜੀਵਨ ਬਿਰਤਾਂਤ ਲਿਖਣ ਪ੍ਰਥਾਇ ਹੀ ਸਰੋਕਾਰ ਹੈ, ਇਨ੍ਹਾਂ ਦੇ ਪਰਸਪਰ ਘਰੋਗੀ ਤਲਕਾਤ ਦੇ ਨਾਲ ਸਾਡਾ ਕੋਈ ਵਾਸਤਾ ਨਹੀਂ।

ਡਾਃ ਗੁਰਦੀਪ ਸਿੰਘ ਜੀ ਜਿਥੇ ਵੀ ਰਹੇ, ਓਥੇ ਹੀ ਏਨ੍ਹਾਂ ਨੇ ਗੁਰਸਿੱਖੀ ਸ਼ਾਨ ਵਾਲੀ ਫੁਲਵਾੜੀ ਦੀਆਂ ਮਹਿਕਾਂ ਮਹਿਕਾਈਆਂ, ਸਤਿਸੰਗ ਮੰਡਲ, ਕੀਰਤਨ ਮੰਡਲ ਕਾਇਮ ਕੀਤੇ। ਖ਼ੁਦ ਬੜੀ ਚੜ੍ਹਦੀ ਕਲਾ ਵਿਚ ਰਹੇ। ਆਪ ਬੜੀ ਦ੍ਰਿੜ੍ਹਤਾ ਸਹਿਤ ਗੁਰਮਤਿ ਮਾਰਗ ਪੁਰ ਚਲੇ ਤੇ ਅਨੇਕਾਂ ਜਗਿਆਸੂਆਂ ਪਾਂਧੂਆਂ ਨੂੰ ਇਸੇ ਸੱਚੇ ਮਾਰਗ ਪੁਰ ਚਲਾਇਆ। ਗ੍ਰਿਹਸਤ ਮਾਰਗ ਇਨ੍ਹਾਂ ਦਾ ਨਿਰਬਾਹ ਪੂਰਬਕ ਹੀ ਠਾਠਾਂ ਬਾਗ਼ਾ ਰਿਹਾ। ਪਿਤਾ ਪਿਤਾਮਾ ਸਾਰੇ ਖ਼ਾਨਦਾਨ ਦੇ ਪੂਰੇ ਆਗਿਆਕਾਰੀ ਬਣ ਕੇ ਲਾਸਾਨੀ ਗੁਰਮਤਿ ਜੀਵਨ ਬਤੀਤ ਕੀਤਾ। ਪਰ ਕਈਆਂ ਕਾਰਨਾਂ ਕਰਕੇ ਡਾਕਟਰ ਗੁਰਦੀਪ ਸਿੰਘ ਜੀ ਨੂੰ ਪਰਲੋਕ ਪਧਾਰਨ ਦੀ ਬੜੀ ਹੀ ਛੇਤੀ ਪੈ ਗਈ। ਖ਼ੁਦ ਅਰਦਾਸਾ ਸੋਧ ਕੇ ਗੁਰਪੁਰ ਪਿਆਨੇ ਦੇ


ਗੁਪਤੀ ਕਮਰਕਸੇ ਹੀ ਕਰ ਲਏ। ਬੇਦਾਗ ਅਤੇ ਬੇਲਾਗ ਜਲ ਕਮਲ ਵਤ ਅਲਿਪਤ ਜੀਵਨ ਗੁਰਮਤਿ ਗ੍ਰਿਹਸਤ ਅੰਦਰ ਹੀ ਰਹਿ ਕੇ ਬਤੀਤ ਕਰਦੇ ਹੋਏ ਛੋਟੀ ਉਮਰ ਵਿਚ ਹੀ ਬਰਮਾ ਦੇ ਇਕ ਇਕਲਵੰਜੇ ਕੋਨੇ ਵਿਚ ਹੀ ਅਜ਼ਗੈਬੀ ਅਜ਼ਲ ਨੂੰ ਸੱਦਾ ਦੇ ਕੇ ਸਾਨੂੰ ਪਿਛੇ ਰਹਿ ਗਇਆਂ ਨੂੰ ਅਜ਼ਲੀ ਅਤੇ ਸਦੀਵੀ ਵਿਛੋੜਾ* ਦੇ ਗਏ।

*ਡਾਕਟਰ ਗੁਰਦੀਪ ਸਿੰਘ ਜੀ, ਜਦੋਂ ਜਾਪਾਨ ਨੇ ੧੯੪੨ ਵਿਚ ਬਰਮਾ ਪਰ ਹਮਲਾ ਕੀਤਾ, ਉਸੇ ਹਮਲੇ ਵਿਚ ਬੰਬ ਲਗਣ ਨਾਲ ਚੜ੍ਹਾਈ ਕਰ ਗਏ। ਉਸ ਸਮੇਂ ਆਪ ਸਮਾਧੀ ਲਾਈ ਬੈਠੇ ਸਨ ਕਿ ਅਚਾਨਕ ਭਾਣਾ ਵਰਤ ਗਿਆ।

੨੩

# ਕਾਕਾ ਪ੍ਰੇਮ ਸਿੰਘ ਬਿਹਬਲ

ਸਚਮੁਚ ਬਿਹਬਲ ਦਸ਼ਾ ਵਿਚ ਹੀ ਰਿਹਾ, ਜਿਤਨਾ ਚਿਰ ਵੀ ਛੋਟੀ ਜਿਹੀ ਆਯੂ ਇਸ ਨੇ ਭੋਗੀ। ਪਰਲੋਕ ਪਿਆਨੇ ਕਰਨ ਸਮੇਂ ਸਾਨੂੰ ਵੀ ਬਿਹਬਲ ਕਰ ਗਿਆ। ਇਸ ਦੀ ਸੁਤੇ ਅਮਰ ਮੁਲਾਕਾਤ ਦੀ ਕਹਾਣੀ ਇਸ ਪਰਕਾਰ ਦੀ ਹੈ:

ਕਿ ਅਸੀਂ ਸਾਰਾ ਜਥਾ, ਸਮੇਤ ਬਾਬੂ ਮੱਲ ਸਿੰਘ ਜੀ ਦੇ, ਪਿੰਡ ਬੋਪਾਰਾਏ ਵਿਖੇ ਸਿਰੀ ਭਾਈ ਇਕਬਾਲ ਸਿੰਘ ਦੇ ਗ੍ਰਿਹਿ ਅਖੰਡ ਪਾਠ ਸਤਿਸੰਗ ਸਮਾਗਮ ਤੇ ਗਿਆ ਹੋਇਆ ਸੀ। ਉਥੇ ਗੁਰੂ ਦੀ ਨੇਤ ਐਸੀ ਹੋਈ ਕਿ ਮੈਣ ਦੁਆਬ ਤੋਂ ਵਡਾਲੀ ਨਗਰ (ਆਲਾ ਸਿੰਘ ਵਾਲੀ) ਦਾ ਸਾਰਾ ਪਰਵਾਰ ਦਾ ਪਰਵਾਰ ਹੀ ਅੰਮ੍ਰਿਤ ਛਕਣ ਲਈ ਉਥੇ ਆ ਢੁਕਿਆ। ਨਾਲ ਲਿਆਵਣ ਵਾਲੇ ਬਸੀਠ ਜਥੇਦਾਰ ਗੰਗਾ ਸਿੰਘ ਜੀ ਸਨ। ਬੜੀ ਬਿਹਬਲ ਦਸ਼ਾ ਵਿਚ ਹੋਰ ਅੰਮ੍ਰਿਤ-ਅਧਿਕਾਰੀਆਂ ਸਮੇਤ ਇਹ ਸਮੁਚਾ ਪਰਵਾਰ ਵੀ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹਿਆ। ਅੰਮ੍ਰਿਤ ਛਕਣ ਸਾਰ ਹੀ ਸਭ ਦੀ ਕਾਇਆਂ ਪਲਟ ਗਈ। ਖ਼ਾਸ ਕਰ ਬਿਹਬਲ ਭੁਝੰਗੀ ਪ੍ਰੇਮ ਸਿੰਘ ਨੇ ਤਾਂ ਬੜਾ ਹੀ ਅਦਭੁਤ ਪਲਟਾ ਖਾਧਾ, ਰੰਗ ਚਲੂਲੇ ਚੜ੍ਹ ਗਏ। ਅੰਮ੍ਰਿਤ ਨਾਮ ਦੇ ਅਭਿਆਸ ਵਿਚ ਸਾਰੇ ਦੇ ਸਾਰੇ ਹੀ ਜੁਟ ਕੇ ਹਾਲੋਂ ਬੇਹਾਲ ਹੋ ਗਏ।

ਇਸ ਭੁਝੰਗੀ ਨੂੰ ਇਸ ਰੂਹਾਨੀ ਜਲਵੇ ਦੀ ਸ਼ਾਨ ਵਿਚ ਦੇਖਣ ਸਾਰ ਹੀ ਮੇਰੇ ਅਤੇ ਗੁਰਮੁਖ ਪਿਆਰੇ ਭਾਈ ਮੱਲ ਸਿੰਘ ਜੀ ਦੇ ਹਿਰਦੇ ਗੁਪਤੋ ਗੁਪਤ ਅਤੇ ਵਖੋ ਵਖੀ ਇਹ ਹੀ ਫੁਰਨਾ ਫੁਰਿਆ ਕਿ ਇਸ ਭੁਝੰਗੀ ਦਾ ਸੰਯੋਗ ਸੰਬੰਧ ਪ੍ਰਾਣ ਪਿਆਰੀ ਬੱਚੀ ਕੁਲਵੰਤ ਕੌਰ ਨਾਲ ਹੋਣਾ ਅਤਿਅੰਤ ਉਚਿਤ ਹੈ। ਮੇਰੇ ਅਤੇ ਸਿਰੀ ਬਾਬੂ ਜੀ ਦੇ ਹਿਰਦੇ ਦੀ ਰਮਜ਼ ਮਿਲ ਗਹੀ ਅਤੇ ਮਿਲ ਕੇ ਦ੍ਰਿੜ੍ਹ ਗੰਢ ਬਝ ਗਈ। ਸਿਰੀ ਬਾਬੂ ਜੀ ਨੇ ਓਦੋਂ ਹੀ ਜਥੇਦਾਰ ਗੰਗਾ ਸਿੰਘ ਜੀ ਨੂੰ ਤੇ ਵਡਾਲੀ ਦੇ ਸਾਰੇ ਪਰਵਾਰ ਨੂੰ ਇਹ ਤਾਕੀਦੀ ਦ੍ਰਿੜ੍ਹ ਗੰਢ ਬਝਾ ਦਿਤੀ ਕਿ ਇਹ ਭੁਝੰਗੀ ਸਾਡਾ ਹੀ ਹੋ ਚੁਕਿਆ ਹੈ। ਕੁਦਰਤਨ ਐਸੀ ਗੁਰ-ਨੇਤ ਹੋਈ ਕਿ ਇਹ ਭੁਝੰਗੀ ਅਜੇ ਕਵਾਰਾ ਹੀ ਨਿਕਲਿਆ, ਇਸ ਦਾ ਅਜੇ ਕਿਤੇ ਸੰਬੰਧ ਨਹੀਂ ਹੋਇਆ ਸੀ। ਇਹ ਅਜੇ ਵਿੱਦਿਆ ਪੜ੍ਹਦਾ ਹੀ ਸੀ ਵਡਾਲੀ ਨਗਰ ਦੇ ਕਿਸੇ ਨੇੜੇ ਤੇੜੇ ਦੇ ਸਕੂਲ ਵਿਖੇ। ਪਰ ਉਸੇ ਵਕਤ ਹੀ ਸਿਰੀ ਭਾਈ ਇਕਬਾਲ ਸਿੰਘ ਦੇ ਗ੍ਰਿਹਿ ਵਿਚ ਬੈਠੇ ਬਿਠਾਇਆਂ ਸਿਰੀ ਬਾਬੂ ਜੀ ਨੇ ਇਹ





ਤਜਵੀਜ਼ ਕੀਤੀ, ਕਿ ਇਸ ਭੁਝੰਗੀ ਨੂੰ ਸ੍ਰੀ ਮੁਕਤਸਰ ਖ਼ਾਲਸਾ ਹਾਈ ਸਕੂਲ ਵਿਚ ਦਾਖ਼ਲ ਕਰਾਇਆ ਜਾਵੇ, ਜਿਥੇ ਕਿ ਸਿਰੀ ਮਾਨ ਭਾਈ ਇਕਬਾਲ ਸਿੰਘ ਹੈੱਡ ਮਾਸਟਰ ਸਨ। ਉਹਨਾਂ ਦੀ ਨਿਗਰਾਨੀ ਵਿਚ ਰਹੇ ਅਤੇ ਸ੍ਰੀ ਮੁਕਤਸਰ ਦਰਬਾਰ ਸਾਹਿਬ ਦੀ ਸੇਵਾ ਦਾ ਲਾਭ ਉਠਾਏ। ਸਿਰੀ ਭਾਈ ਇਕਬਾਲ ਸਿੰਘ ਜੀ ਨੇ ਬ-ਸਰੋ ਚਸ਼ਮ ਇਸ ਗੱਲ ਨੂੰ ਮਨਜ਼ੂਰ ਕੀਤਾ। ਸ੍ਰੀ ਮੁਕਤਸਰ ਜੀ ਦੇ ਏਸੇ ਆਸ਼ਰਮ ਦੀ ਸ਼ਰਨ ਰਹਿ ਕੇ ਕਾਕਾ ਪ੍ਰੇਮ ਸਿੰਘ ਜੀ ਨੇ ਮੈਟਰਿਕ ਪਾਸ ਕੀਤੀ। ਫੇਰ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦਾਖ਼ਲ ਹੋ ਕੇ ਐਫ਼. ਏ. ਦੀ ਤਾਲੀਮ ਪਾਈ।

ਏਧਰ ਕਾਹਲੀਆਂ ਤਿਆਰੀਆਂ ਆਨੰਦ ਸੰਜੋਗ ਦੇ ਢੋਏ ਢੋਣ ਦੀਆਂ ਹੋ ਗਈਆਂ। ਦਿਨਾਂ ਵਿਚ ਹੀ ਤਿਆਰੇ ਹੋ ਗਏ। ਗੱਲ ਕੀ, ਸੰਤ ਜਨਾਂ, ਗੁਰਮੁਖਾਂ ਪਿਆਰਿਆਂ ਦੀ ਜੰਞ ਨਾਰੰਗਵਾਲ ਕੀਰਤਨ ਕਰਦੀ ਆ ਗਈ। ਸੰਤ ਭਾਈ ਜਵਾਲਾ ਸਿੰਘ ਜੀ ਦੇ ਪਹਿਲੀ ਵੇਰੀ ਉਥੇ ਆਵਣੇ ਹੋਏ। ਅਖੰਡ ਕੀਰਤਨ ਅਖਾੜੇ ਖ਼ੂਬ ਬੱਝੇ। ਹੁਨਾਲ ਦੇ ਦਿਨਾਂ ਵਿਚ ਜੁੜੀਆਂ ਹੋਈਆਂ ਰੂਹਾਂ ਖ਼ੂਬ ਜੁੜੀਆਂ। ਗੁਰਮੁਖ ਪਿਆਰੇ ਲਾੜੇ ਪ੍ਰੇਮ ਸਿੰਘ ਜੀ ਨੂੰ ਤਾਂ ਸਰੀਰ ਦੀ ਸੁਧ ਬੁਧ ਹੀ ਨ ਰਹੀ। ਵਡੇ ਤੜਕਿਓਂ ਆਸਾ ਦੀ ਵਾਰ ਅਰੰਭ ਹੋ ਗਈ। ਪੂਰਨਮਾਸ਼ੀ ਪੂਰਨ ਚੰਦ੍ਰਮਾ ਦੀ ਰਾਤ ਸੀ। ਦੂਰ ਦੂਰ ਤਾਈਂ ਕੀਰਤਨ ਦੀਆਂ ਧੁਨੀਆਂ ਪੁਜੀਆਂ। ਗੁਰਮੁਖ ਪਿਆਰੇ ਭਾਈ ਮੱਲ ਸਿੰਘ ਜੀ ਦੀ ਅਰਦਾਸ ਨੇ ਹੋਰ ਵੀ ਸਾਰੀਆਂ ਰੂਹਾਂ ਅੰਦਰ ਵਿਗਾਸ-ਖੇੜੇ ਖੇੜ ਦਿਤੇ। ਅਨਿੰਨ ਅਕਾਲੀ ਭਾਈ ਲਛਮਣ ਸਿੰਘ ਜੀ 'ਗੰਧਰਬ' ਨੇ ਪੂਰੇ ਪ੍ਰੇਮ ਤਾਣ ਨਾਲ ਕੀਰਤਨ ਅਰੰਭ ਕੀਤਾ। ਸ਼ਬਦ ਕੀਰਤਨ ਵਿਚ ਹਾਰਮੋਨੀਅਮ ਬਾਜਿਆਂ ਦੀ ਸੁਰ ਨਾਲ ਨਫ਼ੀਰੀਆਂ ਦੀਆਂ ਧੁਨੀਆਂ ਵੀ ਗੂੰਜ ਉਠੀਆਂ। ਇਹ ਨਫ਼ੀਰੀਆਂ ਵਾਲੇ ਦੋ ਸਜਣ ਭਾਈ ਲਛਮਣ ਸਿੰਘ ਜੀ ਗੰਧਰਬ ਨੇ ਆਪਣੇ ਨਾਲ ਲਿਆਂਦੇ ਸਨ। ਇਧਰ ਸਾਰੇ ਜਥੇ ਦੇ ਪ੍ਰਸਿਧ ਕੀਰਤਨੀ ਜਨ ਵੀ ਆ ਜੁੜੇ ਸਨ। ਇਹ ਅਤੀ ਅਦਭੁਤ ਰੰਗਾਂ ਵਿਚ ਹੀ ਆਨੰਦ ਵਿਆਹ ਹੋਇਆ।

ਗੁਰਮੁਖ ਬੱਚੀ ਸਿਰੀ ਬੀਬੀ ਕੁਲਵੰਤ ਕੌਰ ਜੀ ਨੂੰ ਗੁਰਮੁਖ ਭੁਝੰਗੀ ਪ੍ਰੇਮ ਸਿੰਘ ਵਿਆਹੁਣ ਲਈ ਆਇਆ ਸੀ, ਸੋ ਵਿਆਹ ਕੇ ਲੈ ਗਿਆ। ਜੋੜੀ ਖ਼ੂਬ ਜੁੜੀ, ਰੂਪ ਰੰਗ, ਚਿਹਨ ਚਕਰ ਵੀ ਦੋਹਾਂ ਦੇ ਅਤੀ ਸ਼ੋਭਨੀਕ ਸਨ। ਖ਼ਾਸ ਕਰ ਪਿਆਰੇ ਨਵ-ਯੁਵਕ ਭੁਝੰਗੀ ਪ੍ਰੇਮ ਸਿੰਘ ਜੀ ਦਾ ਆਤਮ-ਰੰਗਾਂ ਨਾਲ ਰੰਗਿਆ ਹੋਇਆ ਹੁਸਨ ਇਕ ਅਨੂਪਮ ਸੁੰਦਰਤਾ ਦਾ ਜਲਵਾ ਝਲਕਾਰਾ ਮਾਰ ਰਿਹਾ ਸੀ, ਜਿਸ ਨੂੰ ਦੇਖ ਦੇਖ ਕੇ ਦੇਖਣਹਾਰੇ ਅਨਮਤੀ ਤ੍ਰੀਮਤ ਪੁਰਸ਼ ਭੀ ਆਪ-ਮੁਹਾਰੇ ਵਾਹ ਵਾਹ ਮੁਖੋਂ ਉਚਾਰਦੇ ਸਨ। ਅਸਾਡੀਆਂ ਤਾਂ ਪੀਡੀਆਂ ਪ੍ਰੇਮ-ਗੰਢਾਂ ਪਹਿਲਾਂ ਹੀ ਪਈਆਂ ਹੋਈਆਂ ਸਨ। ਇਸ ਜੋਗ-ਸੰਜੋਗੀ ਪ੍ਰੇਮ-ਜੋੜੀ ਦੇ ਜੁੜਤ ਹੋਣ ਸਾਰ ਹੋਰ ਭੀ ਨਿਕਟੀ ਪ੍ਰੇਮ-ਪੈਖੜ ਪੈ

WWW.AKJ.ORG


ਗਏ। ਆਪਣੇ ਘਰ ਵਸਣ ਰਸਣ ਲਗੇ ਅਤੇ ਖ਼ੂਬ ਵਸੇ ਰਸੇ।

ਕੁਮਾਰ ਹੱਟੀ ਪਹਾੜ ਤੇ ਆਉਣਾ ਜਾਣਾ ਅਰੰਭ ਕਰਨ ਤੋਂ ਪਹਿਲਾਂ ਅਸਾਨੂੰ ਸੋਲਨ ਪਹਾੜ ਦੀ ਇਕਾਂਤ ਚੋਟੀ ਤੇ ਸਰਦਾਰ ਬਸ਼ੇਸ਼ਰ ਸਿੰਘ ਜੀ ਨਾਜ਼ਮ ਪਟਿਆਲਾ ਆਪਣੀ ਕੋਠੀ ਵਿਚ ਸਾਰੇ ਜਥੇ ਨੂੰ ਲੈ ਗਏ। ਉਹ ਸਾਰਾ ਚੁਮਾਸਾ ਉਥੇ ਹੀ ਗੁਜ਼ਾਰਿਆ। ਜਥੇ ਦੀ ਰਿਹਾਇਸ਼ ਆਸਾਇਸ਼ ਲਈ ਵਖਰੇ ਵਖਰੇ ਬੰਗੇ ਦਿਤੇ ਗਏ। ਜਥੇ ਦੇ ਸਾਰੇ ਲੰਗਰ ਦਾ ਖ਼ਰਚ ਵੀ ਸਰਦਾਰ ਬਸ਼ੇਸ਼ਰ ਸਿੰਘ ਜੀ ਨੇ ਆਪਣੇ ਉਪਰ ਲਿਆ। ਉਦੋਂ ਉਸ ਸਮੇਂ ਇਸ ਜਥੇ ਦੇ ਨਾਲ ਹੀ ਸਿਰੀ ਪ੍ਰੇਮ ਸਿੰਘ ਜੀ ਤੇ ਪ੍ਰਾਣ ਪਿਆਰੀ ਬੱਚੀ ਕੁਲਵੰਤ ਕੌਰ ਦੀ ਸ਼ੁਭ ਸੰਜੋਗਨੀ ਜੋੜੀ ਵੀ ਆਈ ਹੋਈ ਸੀ। ਸਰਦਾਰ ਬਸ਼ੇਸ਼ਰ ਸਿੰਘ ਜੀ ਦੇ ਮਨ ਅੰਦਰ ਇਹ ਭੁਝੰਗੀ ਪ੍ਰੇਮ ਸਿੰਘ ਐਸਾ ਪੁੜਿਆ, ਕਿ ਇਸ ਭੁਝੰਗੀ ਦੇ ਮਿਲਣ ਸਾਰ ਹੀ, ਆਚਾਰ ਨੂੰ ਦੇਖਣ ਸਾਰ ਹੀ ਸਰਦਾਰ ਬਸ਼ੇਸ਼ਰ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਸਾਗਰ ਜੀ ਦੰਪਤੀ ਜੋੜੀ ਹੀ ਇਸ ਭੁਝੰਗੀ ਪ੍ਰੇਮ ਸਿੰਘ ਜੀ ਦੇ ਉਪਰ ਮਫ਼ਤੂਨ ਹੋ ਗਈ।

ਸ: ਬਸ਼ੇਸ਼ਰ ਸਿੰਘ ਜੀ ਨੇ ਇਸ ਭੁਝੰਗੀ ਪ੍ਰੇਮ ਸਿੰਘ ਜੀ ਨੂੰ ਪਟਿਆਲੇ ਰਿਆਸਤ ਵਿਚ ਇਕ ਖ਼ਾਸ ਮਕਬੂਲ ਪੋਸਟ ਤੇ ਨੌਕਰ ਵੀ ਕਰ ਲਿਆ। ਸ: ਬਸ਼ੇਸ਼ਰ ਸਿੰਘ ਜੀ ਉਸ ਵਕਤ ਪਟਿਆਲੇ ਦੇ ਅਹਿਲਕਾਰਾਂ ਵਿਚੋਂ ਪ੍ਰਸਿਧ ਖ਼ਾਨਦਾਨੀ ਅਹਿਲਕਾਰ ਸਨ। ਇਨ੍ਹਾਂ ਨੇ ਤਾਂ ਭੁਝੰਗੀ ਪ੍ਰੇਮ ਸਿੰਘ ਜੀ ਨੂੰ ਅਪਣਾ ਹੀ ਲਿਆ। ਸਰਕਾਰੀ ਮੁਲਾਜ਼ਮ ਤਾਂ ਕਰਾਇਆ, ਪਰ ਬਰਸਾਂ ਬੱਧੀ ਆਪਣੇ ਨਿਕਟ ਹੀ ਵੁਸ ਨੂੰ ਰਖਿਆ, ਬੜੀ ਹੁਸ਼ਿਆਰੀ ਮਗ਼ਜ਼ ਬੇਦਾਰੀ ਦੇ ਨਾਲ ਸਾਰੀ ਸੇਵਾ ਸਰੰਜਾਮ ਦੇਂਦੇ ਰਹੇ। ਕਾਕਾ ਪ੍ਰੇਮ ਸਿੰਘ ਜੀ ਦਾ ਹੇਠਲੇ ਉਪਰਲੇ ਅਫ਼ਸਰਾਂ ਨਾਲ ਬੜਾ ਹੀ ਮਿਲਣ-ਸਾਰੀ ਸਲੀਕੇ ਵਾਲਾ ਵਰਤਾਉ ਸੀ।

ਹਰੇਕ ਦੇ ਹਿਰਦੇ ਅੰਦਰ ਇਹ ਸੁਖੀ ਲਧਾ ਭੁਝੰਗੀ ਪ੍ਰੇਮ ਸਿੰਘ ਐਸਾ ਉਕਰਿਆ ਹੋਇਆ ਸੀ ਕਿ ਹਰ ਕੋਈ ਇਸ ਨੂੰ ਆਪਣਾ ਸਮਝਦਾ ਸੀ ਤੇ ਬੜੇ ਡਾਢੇ ਜਿਗਰੀ ਪਿਆਰ ਨਾਲ ਵਰਤੋਂ ਕਰਦਾ ਸੀ। ਆਗਿਆਕਾਰ ਤੇ ਸੇਵਾ-ਬਰਦਾਰ ਐਸਾ ਸੀ ਕਿ ਚਾਹੇ ਅੱਧੀ ਰਾਤ ਹੀ ਇਸ ਨੂੰ ਕਿਸੇ ਡਿਊਟੀ ਤੇ ਤੋਰ ਦਿਓ, ਓਧਰੇ ਹੀ ਤੁਰ ਪੈਂਦਾ ਸੀ, ਕਦੇ ਉਫ਼ ਨਹੀਂ ਕੀਤੀ, ਕਦੇ ਚੂੰ-ਚਰਾਂ ਨਹੀਂ ਕੀਤੀ। ਅਸਾਡਾ ਚਾਹੇ ਜੁਆਈ-ਜਵਾਤਰਾ ਹੀ ਲਗਦਾ ਸੀ, ਪਰ ਅਸਾਡੇ ਮੂਹਰੇ ਗਰੀਬ ਤੋਂ ਗਰੀਬ ਭਿਰਤ ਨੌਕਰਾਂ ਚਾਕਰਾਂ ਵਾਂਗੂੰ ਸੇਵਾ ਬਜਾ ਲਿਆਉਂਦਾ ਸੀ। ਕੋਈ ਆਕੜ ਨਹੀਂ ਸੀ, ਕੋਈ ਮਗ਼ਰੂਰੀ ਨਹੀਂ ਸੀ। ਬੜੇ ਬੜੇ ਸਤਿਸੰਗ-ਸਮਾਗਮਾਂ ਦੀਆਂ ਲਹਿਰਾਂ ਲੁਟੀਆਂ। ਸਮੂਹ ਸਤਿਸੰਗੀ ਜਨਾਂ ਨੂੰ ਕਦੇ ਇਹ ਪ੍ਰਤੀਤ ਨਹੀਂ ਹੋਇਆ ਕਿ ਇਹ ਸਾਡਾ ਨਿਜ ਸਹੇੜਿਆ ਅਤੇ ਅਪਣਾਇਆ ਜਵਾਤਰਾ ਹੈ। ਇਸ ਦੇ ਅੰਦਰ ਜਵਾਈਆਂ ਵਾਲੀ ਬੂ



ਨਹੀਂ ਸੀ, ਨੀਵੇਂ ਤੋਂ ਨੀਵੇਂ ਹੋ ਕੇ ਰਹਿਣਾ, ਜਿਸ ਨਾਲ ਵੀ ਉਚਾਰਨੇ, ਮਿਠੇ ਤੋਂ ਮਿਠੇ ਬਚਨ ਉਚਾਰਨੇ। ਇਹ ਮਿਠਾਸ ਅੰਦਰੋਂ ਉਪਜਦੀ ਹੈ, ਕੋਈ ਓਪਰੀ ਮਿਠਾਸ ਨਹੀਂ ਸੀ। ਗੁਰੂ ਘਰ ਦੀਆਂ ਸੰਗਤਾਂ ਵਿਚ ਏਸੇ ਅੰਤਰੀਵੀ ਮਿਠਾਸ ਦੀ ਕਣੀ ਹੀ ਥਾਂਇ ਪੈਂਦੀ ਹੈ। ਇਸ ਕਣੀ ਤੋਂ ਸੁੰਞਿਆਂ ਦੀ ਕੋਈ ਕਦਰ ਕੀਮਤ ਨਹੀਂ। ਅਸਲ ਵਿਚ ਨਾਮ ਅਭਿਆਸ ਦੀ ਬਰਕਤ ਨਾਲ ਹੀ ਇਹ ਮਿਠਾਸ ਅੰਦਰ-ਖ਼ਾਨਿਉਂ ਉੱਗ ਉੱਗ ਕੇ ਪੁੰਗਰਦੀ ਹੈ। ਗੁਰੂ ਦੀ ਕਿਰਪਾ ਦਵਾਰਾ ਪ੍ਰੇਮ ਸਿੰਘ ਦੇ ਪ੍ਰਮਾਰਥ ਤੇ ਸਵਾਰਥ ਦੋਏ ਹੀ ਸਿੱਧ ਸਨ।

ਇਨ੍ਹਾਂ ਦੇ ਸਾਰੇ ਪਿੰਡ ਵਡਾਲੀ ਵਿਖੇ ਇਸ ਖ਼ਾਨਦਾਨੀ ਪਰਵਾਰ ਦੀ ਉਚਤਾ ਗਿਣੀ ਮਿਥੀ ਸੀ। ਗੁਰੂ ਕਰਤਾਰ ਦੀ ਐਸੀ ਨੇਤ ਹੋਈ ਕਿ ਪੂਰਬਲੇ ਕਰਮਾਂ ਦੇ ਉਗਵੇ ਅੰਕੂਰ ਅਨੁਸਾਰ ਇਸ ਪਰਵਾਰ ਵਿਚ ਜੁੜੇ ਹੋਏ, ਸੰਜੋਗੀ ਜਨ, ਕੀ ਵਡੇਰੂ ਕੀ ਛੋਟੇਰੂ ਇਕ ਸਾਲ ਅੰਦਰ ਹੀ ਕਾਲ-ਵਸ ਹੋ ਕੇ ਖੇਰੂੰ ਖੇਰੂੰ ਹੋ ਗਏ। ਉਹ ਭਰਿਆ ਭਕੁੰਨਿਆ ਘਰ ਭਾਂ ਭਾਂ ਕਰਨ ਲਗਾ। ਪਹਿਲਾਂ ਇਸ ਦੀ ਮਾਤਾ ਕਾਲ-ਵਸ ਹੋਈ, ਆਪਣਾ ਪ੍ਰਤਾਪ ਆਪਣੇ ਨਾਲ ਹੀ ਲੈ ਗਈ। ਇਸ ਦੀ ਛੋਟੀ ਭੈਣ ਤੇ ਵੱਡਾ ਭਰਾ ਭੀ ਅਸਾਰ ਸੰਸਾਰ ਤੋਂ ਕੂਚ ਕਰ ਗਏ। ਭਾਈ ਪ੍ਰੇਮ ਸਿੰਘ ਦਾ ਇਕੋ ਇਕਲੌਤਾ ਪੁੱਤਰ ਭੀ ਢਾਈ ਤਿੰਨ ਸਾਲ ਦਾ ਹੋ ਕੇ ਚਲ ਬਸਿਆ। ਦੋ ਬੱਚੀਆਂ ਪਿਛੇ ਬੀਬੀ ਕੁਲਵੰਤ ਕੌਰ ਦੇ ਕੁਛੜ ਰਹਿ ਗਈਆਂ। ਕਾਕਾ ਪ੍ਰੇਮ ਸਿੰਘ ਦਾ ਪਿਤਾ ਭੀ ਚਲਾਣਾ ਕਰ ਗਿਆ। ਰਹੀ ਸਹੀ ਆਸ ਕਾਕਾ ਪ੍ਰੇਮ ਸਿੰਘ ਦੀ ਆਪਣੀ ਕਾਇਆਂ ਤੇ ਸੀ, ਸੋ ਭੀ ਕਾਇਮ ਨ ਰਹਿ ਸਕਿਆ। ਕਿਸੇ ਨੂੰ ਉੱਕੀ ਉਮੈਦ ਨਹੀਂ ਸੀ ਕਿ ਇਤਨੀ ਛੋਟੀ ਉਮਰ ਵਿਚ ਇਤਨੀ ਛੇਤੀ ਇਸ ਨੂੰ ਧੁਰ ਦਰਗਾਹੋਂ ਸੱਦੜੇ ਆ ਪੈਣਗੇ।

ਅਸੀਂ ਕੁਮਾਰ ਹੱਟੀ ਬੈਠੇ ਆਤਮ-ਰੰਗ-ਰਲੀਆਂ ਮਾਣ ਰਹੇ ਸਾਂ। ਬੀਬੀ ਕੁਲਵੰਤ ਕੌਰ ਵੀ ਸਾਡੇ ਪਾਸ ਆਈ ਹੋਈ ਸੀ, ਆਨਨ ਫ਼ਾਨਨ ਹੇਠੋਂ ਤਾਰ ਗਈ ਕਿ ਹਰ-ਦਿਲ ਅਜ਼ੀਜ਼ ਪ੍ਰੇਮ ਸਿੰਘ ਸਾਈਕਲ ਤੇ ਆਉਂਦਾ ਆਉਂਦਾ, ਰਾਹ ਤੁਰਿਆ ਜਾਂਦਾ ਹੀ ਸਰਹੰਦ ਬਸੀ ਦੇ ਵਿਚਕਾਰ ਇਕ ਸਾਮ੍ਹਣੇ ਆਉਂਦੇ ਟਾਂਗੇ ਦੀ ਫੇਟ ਨਾਲ ਸਖ਼ਤ ਚੋਟ ਖਾ ਕੇ ਛਿਨ ਵਿਚ ਹੀ ਸਰੀਰ ਤਿਆਗ ਗਿਆ। ਸਾਰੇ ਸੰਸਾਰਕ ਸੰਬੰਧੀਆਂ ਤੇ ਪ੍ਰਮਾਰਥ ਹਿਤਕਾਰੀਆਂ ਵਿਚ, ਦੂਰ ਨੇੜੇ ਦੇ ਸਾਰੇ ਸੁਣਨਹਾਰੇ ਹਮਦਰਦੀਆਂ ਦੇ ਅੰਦਰ ਇਹ ਖ਼ਬਰ ਸੁਣ ਕੇ ਹਾਹਾਕਾਰ ਮਚ ਗਈ। ਕੁਮਾਰ ਹੱਟੀ ਤੋਂ ਉਤਰ ਕੇ ਹੇਠਾਂ ਨਾਰੰਗਵਾਲ ਨੂੰ ਤੁਰ ਪਏ ਤੇ ਪਿਆਰੇ ਪ੍ਰੇਮ ਸਿੰਘ ਨਮਿਤ ਰਖੇ ਅਖੰਡ ਪਾਠ ਵਿਖੇ ਜਥੇ ਦੇ ਸਾਰੇ ਪ੍ਰੇਮੀ ਵੈਰਾਗੀ ਜਨ ਆ ਜੁੜੇ।

ਇਸ ਖ਼ਾਨਦਾਨ ਦੀ ਅੰਸ ਵਿਚੋਂ ਤੇ ਗਹਿਮਾ ਗਹਿਮ ਕਰਦੇ ਘਰਾਣੇ ਵਿਚੋਂ ਅਜ ਅਸਾਡੀ ਬੱਚੀ ਕੇਵਲ ਬੀਬੀ ਕੁਲਵੰਤ ਕੌਰ ਹੀ ਜੀਉਂਦੀ ਹੈ। ਪ੍ਰੇਮ ਸਿੰਘ ਦੇ

WWW.AKJ.ORG

ਚਲਾਣੇ ਪਿਛੋਂ ਕੁਛ ਮਹੀਨੇ ਬਾਦ ਇਸ ਵਿਚਾਰੀ ਦੀ ਕੁਖ ਵਿਚੋਂ ਫਿਰ ਤੀਜੀ ਲੜਕੀ ਹੀ ਪੈਦਾ ਹੋਈ। ਨਾਮ ਬਾਣੀ ਦੀ ਬਰਕਤ ਨਾਲ ਅਤੇ ਸਤਿਸੰਗੀ ਜਨਾਂ ਦੇ ਆਸਰੇ ਤੁਫ਼ੈਲ ਭਾਣੇ ਨੂੰ ਮਿਠਾ ਕਰ ਕੇ ਮੰਨਦੀ ਹੋਈ ਬੜੇ ਸੋਹਣੇ ਦਿਨ ਆਪਣੇ ਪੇਕੇ ਘਰ ਹੀ ਬੈਠੀ ਹੋਈ ਗੁਜ਼ਾਰ ਰਹੀ ਹੈ। ਕਾਕਾ ਪ੍ਰੇਮ ਸਿੰਘ ਦਾ ਬੜਾ ਹੀ ਗੂੜ੍ਹਾ ਪ੍ਰੇਮ ਪਿਆਰ ਇਸ ਦੇ ਨਾਲ ਸੀ।

ਅਸਾਡੀ ਕਸ਼ਮੀਰ ਦੀ ਪਹਿਲੀ ਯਾਤਰਾ ਸਮੇਂ ਇਹ ਦੰਪਤ-ਜੋੜੀ ਸਾਡੇ ਨਾਲ ਹੀ ਅੰਗ ਸੰਗ ਰਹੀ ਸੀ। ਸੰਗਤਾਂ ਦੇ ਅਖੰਡ ਕੀਰਤਨੀ ਰੰਗ ਡਾਢੇ ਮਾਣਦੇ ਰਹੇ। ਪ੍ਰੇਮ ਸਿੰਘ ਦਾ ਸੁਤੇ ਹੀ 'ਬਿਹਬਲ' ਦੇ ਨਾਮ ਦਾ ਤਖ਼ੱਲਸ ਸੀ। ਸਾਨੂੰ ਇਸ ਤਖ਼ੱਲਸੀ ਨਾਮ ਦਾ ਕੁਝ ਪਤਾ ਨਹੀਂ ਸੀ। ਅੰਮ੍ਰਿਤਸਰ ਦੇ ਸਮਾਗਮ ਦੇ ਚੜ੍ਹਦੇ ਆਤਮ-ਰੰਗਾਂ ਵਿਚ ਜਦ ਅਸੀਂ ਇਸ ਨੂੰ ਹਾਲੋਂ ਬੇਹਾਲ ਹੋਇਆ ਦੇਖਿਆ ਤੇ ਇਸ ਦੀ ਆਕਲ ਬਿਕਲੀ ਦਸ਼ਾ ਦਾ ਅਦੁਤੀ ਨਜ਼ਾਰਾ ਦੇਖਿਆ, ਅਸਾਡੇ ਮੁਖੋਂ ਸੁਤੇ ਸੁਭਾਵ ਹੀ ਇਹ ਗੱਲ ਨਿਕਲੀ ਕਿ ਭੁਝੰਗੀ ਤਾਂ ਬੜਾ ਹੀ ਬਿਹਬਲ ਹੋ ਰਿਹਾ ਹੈ। ਉਸ ਸਮੇਂ ਕਿਸੇ ਜਾਣੂ ਸੱਜਣ ਨੇ ਦਸਿਆ ਕਿ ਇਸ ਨੇ ਆਪਣਾ 'ਤਖ਼ੱਲਸੀ ਨਾਮ' ਹੀ 'ਬਿਹਬਲ' ਰਖਿਆ ਹੋਇਆ ਹੈ। ਪਰ ਸੰਗਤਾਂ ਵਿਚ ਇਸ ਨੂੰ 'ਬਿਹਬਲ' ਤਖ਼ੱਲਸੀ ਨਾਮ ਦੀ ਅੱਲ ਨਾਲ ਕਦੇ ਕਿਸੇ ਨੇ ਨਹੀਂ ਪੁਕਾਰਿਆ।

ਜ਼ਮਾਨੇ ਢਲ ਜਾਣਗੇ, ਜਵਾਨੀਆਂ ਢਲ ਜਾਣਗੀਆਂ, ਪਰ ਪਿਆਰਿਆਂ ਦੀਆਂ ਪ੍ਰੇਮ-ਯਾਦਾਂ ਕਦੇ ਨਹੀਂ ਢਲਣਗੀਆਂ, ਸਦਾ ਹਿਰਦੇ ਤੇ ਉਕਰੀਆਂ ਰਹਿਣਗੀਆਂ। ਪਰਲੋਕੀਂ ਜਾ ਵਸੇ ਰੰਗਲੇ ਵੀਰਾਂ ਦੀਆਂ ਦਿਬਯ ਰੂਹਾਂ ਪ੍ਰਸਪਰ ਰੰਗ ਰਲੀਆਂ ਮਾਣ ਰਹੀਆਂ ਹੋਣਗੀਆਂ, ਪਰ ਇਧਰਲੀ ਪਿਛਲੀ ਝਾਤੀ ਕਿਸ ਨੇ ਮਾਣਨੀ ਹੈ। ਆਪਣੇ ਰੰਗਾਂ ਵਿਚ ਰੰਗੀਜੇ ਗਏ, ਅਗਾਂਹ ਕੂ ਤਾਂਘਣ ਵਾਲੇ ਪਿਛਾਂਹ ਨੂੰ ਮੋਢਾ ਫੇਰ ਕੇ ਕਦੋਂ ਤਕਦੇ ਹਨ। ਬਿਰਹੋਂ-ਵਿਛੋੜੇ ਦੀਆਂ ਸੱਟਾਂ ਦੇ ਸੱਲ ਤਾਜ਼ਾ ਰਹਿਣਗੇ। ਇਥੇ ਬਾਲਕ ਬਿਰਧ ਅਥਵਾ ਜਵਾਨ ਅਵਸਥਾ ਦੀ ਕੋਈ ਸ਼ਰਤ ਨਹੀਂ, ਜਦ ਕਿਸੇ ਦੀ ਵਾਰੀ ਆਉਂਦੀ ਹੈ ਤੇ ਜਦੋਂ ਵੀ ਆਉਂਦੀ ਹੈ ਓਦੋਂ ਹੀ ਉਹ ਤੁਰਦਾ ਲਗਦਾ ਹੈ। ਸੋਹਣੇ ਤੁਰ ਗਏ, ਜੋ ਸੋਹਣੇ ਆਤਮ-ਰੰਗਾਂ ਵਿਚ ਠਾਠਾਂ ਮਾਰਦੇ ਹੀ ਗਏ ਅਤੇ ਜਿਨ੍ਹਾਂ ਨੂੰ ਮਾਇਆ-ਮਮਤਾ ਦੀ ਲਬੇੜ ਵਿਚ ਬਹੁਤ ਖਚਤ ਹੋਦ ਦੀ ਅਵਧੀ ਨਹੀਂ ਆਈ। ਉਹ ਤਾਂ ਸਾਰਿਆਂ ਤੋਂ ਚੰਗੇ ਚਲ ਬਸੇ। ਸਾਡੇ ਭਾਗਾਂ ਵਿਚ ਇਹ ਉਤਪਤਾ ਬੜੀ ਸੋਹਣੀ ਤਕਦੀਰ ਹੈ ਕਿ ਇਨ੍ਹਾਂ ਪਿਆਰੀਆਂ ਰੰਗਲੀਆਂ ਰੂਹਾਂ ਦੇ ਫ਼ਿਰਾਕ ਕਦੇ ਮੋਹ ਮਾਇਆ ਵਿਚ ਖਚਤ ਨਹੀਂ ਹੋਣ ਦਿੰਦੇ, ਨਗਾਰਾ ਸਿਰ ਤੇ ਗੂੰਜਦਾ ਹੀ ਪ੍ਰਤੀਤ ਹੁੰਦਾ ਰਹਿੰਦਾ ਹੈ। ਇਹ ਬਸ ਇਨ੍ਹਾਂ ਚਲ ਬਸੇ ਰੰਗਲੇ ਸੱਜਣਾਂ ਦੀ ਫ਼ਿਰਾਕਤ ਦਾ ਸਦਕਾ ਹੈ। ਆਦੇਸ਼ -- ਉਨ੍ਹਾਂ ਸਭਨਾਂ ਗੁਰੂ ਘਰ ਦੀਆਂ ਵਰੋਸਾਈਆਂ ਅੱਗੜ



ਪਿੱਛੜ ਚਲ ਬਸੀਆਂ ਗੁਰਮੁਖ ਆਤਮਾਵਾਂ ਨੂੰ!

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾਂ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ॥
ਲੀਆ ਤ ਦੀਆ ਮਾਨੁ ਜਿਨ੍ਹ ਸਿਉ ਸੇ ਸਜਨ ਕਿਉ ਵੀਸਰਹਿ॥
ਜਿਨ੍ਹ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ॥
ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ॥
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥੨॥

ਸੂਹੀ ਛੰਤ ਮਃ ੧, ਪੰਨਾ ੭੬੫

**-*ਸਮਾਪਤ*-**